
PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
16th - 23rd October 2025 • Issue No. 3102
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389

# ਸਤਿਗੁਰੁ ਬੰਦੀ ਛੋੜੁ ਹੈ ਜੀਵਣੁ ਮੁਕਤਿ ਕਰੈ ਓਡੀਣਾ ।




ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਵਿੱਚ ਬਣਿਆ ਇਤਿਹਾਸਕ ਸਥਾਨ ਗੁਰਦੁਆਰਾ 6ਵੀਂ ਪਾਤਿਸ਼ਾਹੀ, ਗਵਾਲੀਅਰ

## ਦਲ ਖਾਲਸਾ ਦੇ ਨੌਜਵਾਨ ਆਗੂ ਪਰਮਜੀਤ ਸਿੰਘ ਮੰਡ ਦਾ ਸਿੱਖ ਅਜਾਇਬਘਰ ਡਰਬੀ ਵਿਖੇ ਯੂ ਕੇ ਦੀਆਂ ਪੰਥਕ ਜਥੇਬੰਦੀਆਂ ਵੱਲੋਂ ਮਾਣ ਸਨਮਾਨ





ਬੀਤੇ ਸ਼ਨਿੱਚਰਵਾਰ ਨੂੰ ਦਲ ਖਾਲਸਾ ਦੇ ਨੌਜਵਾਨ ਆਗੂ ਸ: ਪ੍ਰਮਜੀਤ ਸਿੰਘ ਮੰਡ ਯੂ ਕੇ ਦੌਰੇ ਦੌਰਾਨ ਨੈਸ਼ਨਲ ਸਿੱਖ ਅਜਾਇਬ ਘਰ ਦੇਖਣ ਲਈ ਵਿਸ਼ੇਸ਼ ਤੌਰ ‘ਤੇ ਡਰਬੀ ਆਏ। ਇਸ ਮੌਕੇ ਉਹਨਾਂ ਨਾਲ ਪੰਥਕ ਮੁੱਦਿਆਂ ਬਾਰੇ ਖਾਲਸਾ ਹਲੇਮੀ ਰਾਜ ਲਈ ਸਰਗਰਮ ਯੂ ਕੇ ਦੀਆਂ ਜਥੇਬੰਦੀਆਂ ਦੇ ਆਗੂਆਂ ਵੱਲੋਂ ਗੱਲਬਾਤ ਵੀ ਕੀਤੀ ਗਈ। ਵਿਚਾਰ ਵਟਾਂਦਰੇ ਤੋਂ ਬਾਅਦ ਸ: ਮੰਡ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਅਤੇ ਪੰਥਕ ਆਗੂਆਂ ਵੱਲੋਂ ਸਿਰੋਪਾਓ ਅਤੇ ਪੰਜਾਬ ਟਾਈਮਜ਼ ਵੱਲੋਂ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ ਗਿਆ।

## ਭੰਗ ਮਨਚੰਦੇ ਦੇ

rajinder.pardesi7@gmail.com

ਤੇਜਿੰਦਰ ਮਨਚੰਦਾ ਪ੍ਰਦੇਸੀ





ਸਾਡੇ ਸਾਰੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਵਧਾਈਆਂ
Largest Glass Procesers, Merchants and Toughened Glass Manufacturer in Midlands
B.G.L
Happy Diwali
ਦੋ ਦਹਾਕੇ ਤੋਂ ਵੱਡੀ ਪੱਧਰ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਬਣਾਉਣ ਦੀ ਵਿਸ਼ਾਲ ਫੈਕਟਰੀ
ਬੀ.ਜੀ.ਐਲ
ਡਬਲ ਗਲੇਜ਼ਿੰਗ ਵਾਲਿਆਂ ਤੇ
ਸ਼ਾਪਫਰੰਟਸ ਬਣਾਉਣ ਵਾਲਿਆਂ ਲਈ
ਟਫਨਡ ਗਲਾਸ, ਲੈਮੀਨੇਟ ਗਲਾਸ,
ਸੀ ਐਨ ਸੀ, ਫਾਇਰ ਗਲਾਸ,
ਸੋਫਟ ਕੋਟਡ ਗਲਾਸ
ਬਹੁਤ ਹੀ ਉੱਤਮ ਕੀਮਤਾਂ 'ਤੇ ਉਪਲਬੱਧ ਹੈ।
bg
We Offer
Glass Processing - Float Glass - Tempered Glass -
CNC - Laminate - Mirror Cut To Size
Safety Back Mirror 4mm, 6mm - Balustrade -
Fire Glass - Obs Range - Soft Coated Glass
Drill Holes - Polished - Operating From
60,000 Square Feet Factory
ਸਾਡਾ ਆਪਣਾ ਫਲੀਟ ਤੁਹਾਡੇ ਦਰਾਂ 'ਤੇ ਹਰ ਤਰ੍ਹਾਂ ਦਾ ਸ਼ੀਸ਼ਾ ਅਪੜਦਾ ਕਰੇਗਾ।
ਵਧੀਆ ਕੁਆਲਿਟੀ ਦਾ ਟਫਨਡ ਤੇ ਹਰ ਤਰ੍ਹਾਂ ਦਾ ਗਲਾਸ ਹਾਸਲ ਕਰਨ ਲਈ ਬੀ.ਜੀ.ਐਲ ਦੀਆਂ ਵਿਸ਼ੇਸ਼ ਕੀਮਤਾਂ ਦਾ ਫਾਇਦਾ ਉਠਾਓ
ਵਧੀਆ ਕੁਆਲਟੀ – ਵਾਜਬ ਕੀਮਤਾਂ
IVECO
BSI Registered Firm
EN 12150
Bloomsbury Glass Ltd
Kelvin Way, West Bromwich
West Midlands, B70 7LH
Tel : 0121 725 3000
Fax : 0121 725 3001
E-mail : info@bloomsburyglass.co.uk
www.bloomsburyglass.co.uk

# ਆਈਪੀਐਸ ਅਧਿਕਾਰੀ ਦੀ ਖ਼ੁਦਕੁਸ਼ੀ: ਜਾਤੀਗਤ ਵਿਤਕਰੇ ਦਾ ਕਾਲਾ ਸੱਚ ਸਾਹਮਣੇ

**✪ ਹਰਿਆਣਾ ਪੁਲਿਸ 'ਤੇ ਸਵਾਲ: ਡੀਜੀਪੀ ਤੇ ਸੀਨੀਅਰ ਅਧਿਕਾਰੀਆਂ 'ਤੇ ਗੰਭੀਰ ਇਲਜ਼ਾਮ ✪ ਸੰਦੀਪ ਲਾਠਰ ਦੀ ਮੌਤ: ਪੂਰਨ ਕੁਮਾਰ 'ਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਨੇ ਮੋੜਿਆ ਮਾਮਲਾ ✪ ਸਰਕਾਰ ਦੀ ਚੁੱਪੀ, ਪੁਲਿਸ ਦੀ ਪਾਰਦਰਸ਼ਤਾ 'ਤੇ ਸਵਾਲ ਖੜੇ ਹੋਏ**

## ਖਾਸ ਰਿਪੋਰਟ

ਹਰਿਆਣਾ ਪੁਲਿਸ ਦੇ ਇੰਸਪੈਕਟਰ ਜਨਰਲ (ਆਈਜੀ) ਵਾਈ ਪੂਰਨ ਕੁਮਾਰ ਦੀ ਕਥਿਤ ਖੁਦਕੁਸ਼ੀ ਨੇ ਨਾ ਸਿਰਫ ਹਰਿਆਣਾ ਸਰਕਾਰ ਅਤੇ ਪੁਲਿਸ ਵਿਭਾਗ ਨੂੰ ਹਿਲਾ ਕੇ ਰੱਖ ਦਿੱਤਾ ਹੈ, ਸਗੋਂ ਪੂਰੇ ਦੇਸ਼ ਵਿੱਚ ਜਾਤੀਗਤ ਵਿਤਕਰੇ, ਪੁਲਿਸ ਵਿਭਾਗ ਦੀ ਅੰਦਰੂਨੀ ਸਿਆਸਤ ਅਤੇ ਅਧਿਕਾਰੀਆਂ ਦੀ ਮਾਨਸਿਕ ਸਿਹਤ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਮਾਮਲੇ ਨੇ ਸਮਾਜਿਕ, ਸਿਆਸੀ ਅਤੇ ਪ੍ਰਸ਼ਾਸਕੀ ਪੱਧਰ 'ਤੇ ਤੂਫਾਨ ਖੜ੍ਹਾ ਕਰ ਦਿੱਤਾ ਹੈ। ਵਾਈ ਪੂਰਨ ਕੁਮਾਰ, ਜੋ 2001 ਬੈਚ ਦੇ ਆਈਪੀਐਸ ਅਧਿਕਾਰੀ ਸਨ ਅਤੇ ਦਲਿਤ ਸਮਾਜ ਨਾਲ ਸਬੰਧਤ ਸਨ, ਦੀ ਮੌਤ ਨੇ ਸਰਕਾਰੀ ਸਿਸਟਮ ਦੀਆਂ ਖਾਮੀਆਂ ਨੂੰ ਸਾਹਮਣੇ ਲਿਆਂਦਾ ਹੈ। ਇਸ ਮਾਮਲੇ ਨੂੰ ਹੋਰ ਜਟਿਲ ਬਣਾਉਂਦਿਆਂ, ਰੋਹਤਕ ਵਿੱਚ ਇੱਕ ਸਹਾਇਕ ਉਪ-ਨਿਰੀਖਕ (ਏਐਸਆਈ) ਸੰਦੀਪ ਲਾਠਰ ਦੀ ਖੁਦਕੁਸ਼ੀ ਨੇ ਨਵਾਂ ਮੋੜ ਲਿਆਂਦਾ ਹੈ, ਜਿਸ ਨੇ ਪੂਰਨ ਕੁਮਾਰ 'ਤੇ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਾਏ ਅਤੇ ਹਰਿਆਣਾ ਪੁਲਿਸ ਦੇ ਡੀਜੀਪੀ ਸ਼ਤਰੂਜੀਤ ਕਪੂਰ ਅਤੇ ਸਾਬਕਾ ਐਸਪੀ ਨਰਿੰਦਰ ਬਿਜਾਰਨੀਆ ਦੀ ਤਾਰੀਫ ਕੀਤੀ। ਇਹ ਘਟਨਾਵਾਂ ਸਿਸਟਮ ਦੀ ਸੱਚਾਈ ਅਤੇ ਸੰਵੇਦਨਾ ਦੀ ਜੰਗ ਦਾ ਪ੍ਰਤੀਕ ਬਣ ਗਈਆਂ ਹਨ।



### ਮਾਮਲੇ ਦੀ ਸ਼ੁਰੂਆਤ ਅਤੇ ਪੂਰਨ ਕੁਮਾਰ ਦੀ ਮੌਤ

7 ਅਕਤੂਬਰ 2025 ਨੂੰ ਚੰਡੀਗੜ੍ਹ ਦੇ ਸੈਕਟਰ 11 ਵਿਖੇ ਵਾਈ ਪੂਰਨ ਕੁਮਾਰ ਦੀ ਸਰਕਾਰੀ ਰਿਹਾਇਸ਼ 'ਤੇ ਉਨ੍ਹਾਂ ਦੀ ਲਾਸ਼ ਮਿਲੀ। ਪੁਲਿਸ ਮੁਤਾਬਕ, ਇਹ ਖੁਦਕੁਸ਼ੀ ਦਾ ਮਾਮਲਾ ਸੀ। ਪੂਰਨ ਕੁਮਾਰ ਨੇ ਆਪਣੇ ਪਿੱਛੇ 8 ਤੋਂ 9 ਪੰਨਿਆਂ ਦਾ ਖੁਦਕੁਸ਼ੀ ਨੋਟ ਅਤੇ ਇੱਕ ਵੀਲ ਛੱਡੀ, ਜੋ ਉਨ੍ਹਾਂ ਨੇ ਆਪਣੀ ਪਤਨੀ ਅਮਨੀਤ ਪੀ ਕੁਮਾਰ, ਜੋ ਖੁਦ ਇੱਕ



ਸੰਦੀਪ ਲਾਠਰ

ਆਈਏਐਸ ਅਧਿਕਾਰੀ ਹਨ, ਨੂੰ ਭੇਜੀ ਸੀ। ਇਸ ਨੋਟ ਵਿੱਚ ਪੂਰਨ ਕੁਮਾਰ ਨੇ ਹਰਿਆਣਾ ਪੁਲਿਸ ਵਿਭਾਗ ਵਿੱਚ ਜਾਤੀਗਤ ਵਿਤਕਰੇ, ਮਾਨਸਿਕ ਤਸ਼ੱਦਦ, ਪੇਸ਼ੇਵਰ ਤੰਗੀ ਅਤੇ ਪ੍ਰਸ਼ਾਸਕੀ ਅਨਿਆਂ ਦੇ ਗੰਭੀਰ ਇਲਜ਼ਾਮ ਲਾਏ। ਨੋਟ ਵਿੱਚ ਹਰਿਆਣਾ ਪੁਲਿਸ ਦੇ ਡੀਜੀਪੀ ਸ਼ਤਰੂਜੀਤ ਕਪੂਰ, ਰੋਹਤਕ ਦੇ ਸਾਬਕਾ ਐਸਪੀ ਨਰਿੰਦਰ ਬਿਜਾਰਨੀਆ, ਆਈਪੀਐਸ ਅਧਿਕਾਰੀ ਅਮਿਤਾਭ ਅਤੇ ਸੰਜੇ ਕੁਮਾਰ ਸਮੇਤ 30 ਤੋਂ 35 ਅਧਿਕਾਰੀਆਂ ਦੇ ਨਾਂ ਦਾ ਜ਼ਿਕਰ ਸੀ। ਇਨ੍ਹਾਂ ਵਿੱਚ ਨੌਂ ਸਰਵਿਸਿੰਗ ਆਈਪੀਐਸ ਅਧਿਕਾਰੀ, ਇੱਕ ਰਿਟਾਇਰਡ ਆਈਪੀਐਸ ਅਤੇ ਤਿੰਨ ਰਿਟਾਇਰਡ ਆਈਏਐਸ ਅਧਿਕਾਰੀ ਵੀ ਸ਼ਾਮਲ ਸਨ।

ਪੂਰਨ ਕੁਮਾਰ ਦੀ ਪਤਨੀ ਅਮਨੀਤ ਨੇ ਚੰਡੀਗੜ੍ਹ ਪੁਲਿਸ ਨੂੰ ਸੌਂਪੀ ਸ਼ਿਕਾਇਤ ਵਿੱਚ ਮੰਗ ਕੀਤੀ ਕਿ ਨੋਟ ਵਿੱਚ ਜ਼ਿਕਰ ਅਧਿਕਾਰੀਆਂ ਦੇ ਨਾਂ ਸਪੱਸ਼ਟ ਤੌਰ 'ਤੇ ਐਫਆਈਆਰ ਵਿੱਚ ਦਰਜ ਕੀਤੇ ਜਾਣ। ਉਨ੍ਹਾਂ ਨੇ ਇਹ ਵੀ ਦੋਸ਼ ਲਾਇਆ ਕਿ ਪੁਲਿਸ ਨੇ ਖੁਦਕੁਸ਼ੀ ਨੋਟ ਦੀ ਕਾਪੀ ਉਨ੍ਹਾਂ ਨੂੰ ਨਹੀਂ ਸੌਂਪੀ, ਜੋ ਜਾਂਚ ਦੀ ਪਾਰਦਰਸ਼ਤਾ 'ਤੇ ਸਵਾਲ ਖੜ੍ਹੇ ਕਰਦਾ ਹੈ। ਅਮਨੀਤ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਮੁਲਜ਼ਮ ਅਧਿਕਾਰੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਹ ਆਪਣੇ ਪਤੀ ਦੀ ਲਾਸ਼ ਦਾ ਪੋਸਟਮਾਰਟਮ ਨਹੀਂ ਕਰਵਾਉਣਗੇ।

### ਸੰਦੀਪ ਲਾਠਰ ਦੀ ਖੁਦਕੁਸ਼ੀ: ਮਾਮਲੇ ਵਿੱਚ ਨਵਾਂ ਮੋੜ

14 ਅਕਤੂਬਰ 2025 ਨੂੰ ਰੋਹਤਕ ਦੇ ਲਾਢੌਤ-ਧਾਮਰ ਰੋਡ 'ਤੇ ਏਐਸਆਈ ਸੰਦੀਪ ਲਾਠਰ ਦੀ ਲਾਸ਼ ਮਿਲੀ। ਪੁਲਿਸ ਮੁਤਾਬਕ, ਸੰਦੀਪ ਨੇ ਰਿਵਾਲਵਰ ਨਾਲ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕੀਤੀ। ਸੰਦੀਪ ਰੋਹਤਕ ਦੀ ਸਾਈਬਰ ਸੈੱਲ ਵਿੱਚ ਤਾਇਨਾਤ ਸੀ ਅਤੇ ਵਾਈ ਪੂਰਨ ਕੁਮਾਰ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਕਰ ਰਿਹਾ ਸੀ। ਉਸ ਦੀ ਮੌਤ ਤੋਂ ਪਹਿਲਾਂ ਰਿਕਾਰਡ ਕੀਤੇ ਇੱਕ ਵੀਡੀਓ ਅਤੇ ਖੁਦਕੁਸ਼ੀ ਨੋਟ ਵਿੱਚ ਸੰਦੀਪ ਨੇ ਪੂਰਨ ਕੁਮਾਰ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਇਲਜ਼ਾਮ ਲਾਏ। ਉਸ ਨੇ ਕਿਹਾ ਕਿ ਪੂਰਨ ਕੁਮਾਰ ਨੇ "ਕਾਲੇ ਕਾਰਨਾਮੇ" ਕੀਤੇ ਅਤੇ ਉਸ ਨੂੰ ਉਨ੍ਹਾਂ ਦੇ ਸਾਹਮਣੇ ਆਉਣ ਦਾ ਡਰ ਸੀ। ਸੰਦੀਪ ਨੇ ਡੀਜੀਪੀ ਸ਼ਤਰੂਜੀਤ ਕਪੂਰ ਅਤੇ ਸਾਬਕਾ ਐਸਪੀ ਨਰਿੰਦਰ ਬਿਜਾਰਨੀਆ ਨੂੰ ਇਮਾਨਦਾਰ ਅਧਿਕਾਰੀ ਦੱਸਿਆ।

ਇਸ ਦੇ ਨਾਲ ਹੀ, ਸੰਦੀਪ ਨੇ ਰੋਹਤਕ ਸਥਿਤ ਆਈਜੀ ਦਫਤਰ ਵਿੱਚ ਤਾਇਨਾਤ ਕੁਝ ਅਧਿਕਾਰੀਆਂ 'ਤੇ ਭ੍ਰਿਸ਼ਟਾਚਾਰ, ਜਾਤੀਗਤ ਵਿਤਕਰੇ ਤੇ ਈਮਾਨਦਾਰ ਅਧਿਕਾਰੀਆਂ ਨੂੰ ਪ੍ਰੇਸ਼ਾਨ ਕਰਨ ਦੇ ਇਲਜ਼ਾਮ ਲਾਏ। ਉਸ ਨੇ ਆਪਣੇ ਵੀਡੀਓ ਵਿੱਚ ਕਿਹਾ ਕਿ ਉਹ ਭਗਤ ਸਿੰਘ ਤੋਂ ਪ੍ਰੇਰਿਤ ਸੀ ਅਤੇ ਆਪਣਾ "ਬਲੀਦਾਨ" ਸੱਚ ਨੂੰ ਸਾਹਮਣੇ ਲਿਆਉਣ ਲਈ ਦੇ ਰਿਹਾ ਹੈ। ਇਸ ਘਟਨਾ ਨੇ ਮਾਮਲੇ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ, ਕਿਉਂਕਿ ਹੁਣ ਪੂਰਨ ਕੁਮਾਰ 'ਤੇ ਵੀ ਸਵਾਲ ਉੱਠ ਰਹੇ ਹਨ।

### ਜਾਂਚ ਅਤੇ ਸਰਕਾਰੀ ਕਾਰਵਾਈ

ਚੰਡੀਗੜ੍ਹ ਪੁਲਿਸ ਨੇ ਪੂਰਨ ਕੁਮਾਰ ਦੀ ਮੌਤ ਦੀ ਜਾਂਚ ਲਈ 6 ਮੈਂਬਰੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸਆਈਟੀ) ਦਾ ਗਠਨ ਕੀਤਾ ਹੈ। ਸੈਂਟਰਲ ਫਾਰੈਂਸਿਕ ਸਾਇੰਸ ਲੈਬਾਰਟਰੀ ਦੀ ਟੀਮ ਨੇ ਖੁਦਕੁਸ਼ੀ ਨੋਟ ਅਤੇ ਕੁਝ ਇਲੈਕਟ੍ਰਾਨਿਕ ਉਪਕਰਣ ਜ਼ਬਤ ਕੀਤੇ ਹਨ। ਨੈਸ਼ਨਲ ਐਸਸੀ ਕਮਿਸ਼ਨ ਦੇ ਚੇਅਰਮੈਨ ਕਿਸ਼ੋਰ ਮਕਵਾਨਾ ਨੇ ਪੂਰਨ ਕੁਮਾਰ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਇਨਸਾਫ ਦਾ ਭਰੋਸਾ ਦਿੱਤਾ। ਐਫਆਈਆਰ ਵਿੱਚ ਖੁਦਕੁਸ਼ੀ ਲਈ ਉਕਸਾਉਣ ਅਤੇ ਐਸਸੀ/ਐਸਟੀ (ਅੱਤਿਆਚਾਰ ਰੋਕਥਾਮ) ਐਕਟ ਦੀਆਂ ਧਾਰਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਪਰ ਪੁਲਿਸ ਨੇ ਹਾਲੇ ਕਿਸੇ ਅਧਿਕਾਰੀ ਨੂੰ ਸਿੱਧੇ ਨਾਮਜ਼ਦ ਨਹੀਂ ਕੀਤਾ।

ਸੰਦੀਪ ਲਾਠਰ ਦੀ ਮੌਤ ਦੀ ਜਾਂਚ ਲਈ ਵੀ ਫਾਰੈਂਸਿਕ ਟੀਮ ਨੂੰ ਬੁਲਾਇਆ ਗਿਆ ਹੈ।

### ਸਿਆਸੀ ਪ੍ਰਤੀਕਿਰਿਆਵਾਂ

ਇਸ ਮਾਮਲੇ ਨੇ ਸਿਆਸੀ ਮਾਹੌਲ ਨੂੰ ਗਰਮਾ ਦਿੱਤਾ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਭਾਜਪਾ ਸਰਕਾਰ 'ਤੇ ਹਮਲਾ ਬੋਲਦਿਆਂ ਕਿਹਾ ਕਿ 2013 ਤੋਂ 2023 ਦਰਮਿਆਨ ਦਲਿਤਾਂ ਅਤੇ ਕਬਾਇਲੀਆਂ ਖਿਲਾਫ ਅਪਰਾਧਾਂ ਵਿੱਚ ਕ੍ਰਮਵਾਰ 46% ਅਤੇ 91% ਵਾਧਾ ਹੋਇਆ ਹੈ। ਰਾਹੁਲ ਗਾਂਧੀ ਨੇ 14 ਅਕਤੂਬਰ ਨੂੰ ਪੂਰਨ ਕੁਮਾਰ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਸਰਕਾਰ ਨੂੰ ਘੇਰਿਆ ਅਤੇ ਕਿਹਾ, "ਜੇ ਇੱਕ ਆਈਪੀਐਸ ਅਧਿਕਾਰੀ ਨੂੰ ਜਾਤੀ ਦੇ ਨਾਂ 'ਤੇ ਜ਼ੁਲਮ ਸਹਿਣੇ ਪੈਂਦੇ ਹਨ, ਤਾਂ ਆਮ ਦਲਿਤ ਦੀ ਕੀ ਹਾਲਤ ਹੋਵੇਗੀ?" ਮਾਇਆਵਤੀ, ਚੰਦਰਸ਼ੇਖਰ ਆਜ਼ਾਦ ਅਤੇ ਰਾਮਦਾਸ ਅਠਾਵਲੇ ਵਰਗੇ ਦਲਿਤ ਨੇਤਾਵਾਂ ਨੇ ਵੀ ਪਰਿਵਾਰ ਨਾਲ ਹਮਦਰਦੀ ਜਤਾਈ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ 'ਆਪ' ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਭਾਜਪਾ ਸਰਕਾਰ ਦੀ ਨਾਕਾਮੀ 'ਤੇ ਸਵਾਲ ਉਠਾਏ। ਦੂਜੇ ਪਾਸੇ, ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਪਰਿਵਾਰ ਨਾਲ ਮੁਲਾਕਾਤ ਕੀਤੀ, ਪਰ ਮੀਡੀਆ ਨਾਲ ਗੱਲਬਾਤ ਤੋਂ ਬਚਦੇ ਨਜ਼ਰ ਆਏ।

## ਸਰਕਾਰ ਅਤੇ ਪੁਲਿਸ 'ਤੇ ਸਵਾਲ ਖੜੇ ਹੋਏ

ਇਸ ਮਾਮਲੇ ਨੇ ਹਰਿਆਣਾ ਸਰਕਾਰ ਅਤੇ ਪੁਲਿਸ ਦੀ ਚੁੱਪੀ 'ਤੇ ਸਵਾਲ ਖੜ੍ਹੇ ਕੀਤੇ ਹਨ। ਸੂਬਾ ਸਰਕਾਰ ਨੇ ਵੱਡਾ ਕਦਮ ਚੁੱਕਦਿਆਂ ਡੀਜੀਪੀ ਸ਼ਤਰੂਜੀਤ ਕਪੂਰ ਨੂੰ ਛੁੱਟੀ 'ਤੇ ਭੇਜ ਦਿੱਤਾ ਅਤੇ ਨਰਿੰਦਰ ਬਿਜਾਰਨੀਆ ਨੂੰ ਪਹਿਲਾਂ ਹੀ ਅਹੁਦੇ ਤੋਂ ਹਟਾਇਆ ਜਾ ਚੁੱਕਾ ਹੈ। ਆਈਪੀਐਸ ਓਮ ਪ੍ਰਕਾਸ਼ ਸਿੰਘ ਨੂੰ ਡੀਜੀਪੀ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਪਰ ਸਰਕਾਰ ਅਤੇ ਪੁਲਿਸ ਦੀ ਪਾਰਦਰਸ਼ਤਾ 'ਤੇ ਸਵਾਲ ਉੱਠ ਰਹੇ ਹਨ, ਕਿਉਂਕਿ ਨਾ ਤਾਂ ਖੁਦਕੁਸ਼ੀ ਨੋਟ ਦੇ ਪੂਰੇ ਵੇਰਵੇ ਸਾਹਮਣੇ ਆਏ ਹਨ ਅਤੇ ਨਾ ਹੀ ਪੂਰਨ ਕੁਮਾਰ ਜਾਂ ਅਮਨੀਤ ਪੀ ਕੁਮਾਰ 'ਤੇ ਸੰਦੀਪ ਦੇ ਲਾਏ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ 'ਤੇ ਕੋਈ ਅਧਿਕਾਰਤ ਜਾਂਚ ਦੀ ਜਾਣਕਾਰੀ ਸਾਹਮਣੇ ਆਈ ਹੈ।

### ਸਮਾਜਿਕ ਅਤੇ ਸਿਆਸੀ ਪ੍ਰਭਾਵ

ਇਸ ਘਟਨਾ ਨੇ ਹਰਿਆਣਾ ਵਿੱਚ ਜਾਤੀਗਤ ਵਿਤਕਰੇ ਦੇ ਮੁੱਦੇ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਦਲਿਤ ਸੰਗਠਨ ਅਤੇ ਸਮਾਜਿਕ ਕਾਰਕੁਨ ਮੰਗ ਕਰ ਰਹੇ ਹਨ ਕਿ ਸਰਕਾਰ ਜਾਤੀਗਤ ਭੇਦਭਾਵ ਨੂੰ ਰੋਕਣ ਲਈ ਸਖਤ ਕਦਮ ਚੁੱਕੇ। ਰੋਹਤਕ ਵਿੱਚ ਦੋ ਦਿਨ ਪਹਿਲਾਂ ਹੋਈ ਖਾਪ ਪੰਚਾਇਤ ਨੇ ਵੀ ਨਿਰਪੱਖ ਜਾਂਚ ਦੀ ਮੰਗ ਕੀਤੀ ਅਤੇ ਸਪੱਸ਼ਟ ਕਿਹਾ ਕਿ ਕਿਸੇ ਨਾਲ ਜਾਤੀ ਦੇ ਆਧਾਰ 'ਤੇ ਅਨਿਆਂ ਨਹੀਂ ਹੋਣਾ ਚਾਹੀਦਾ।

# ਜੰਮੂ ਦੇ ਕੌਲਪੁਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

## ✪ ਸੰਗਤ ਨੇ ਮੁਲਜ਼ਮ ਦਾ ਘਰ ਢਾਹਿਆ, ਜਥੇਦਾਰ ਗੜਗੱਜ ਨੇ ਸਖਤ ਕਾਰਵਾਈ ਦੀ ਮੰਗ ਕੀਤੀ
## ✪ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ ਨੇ ਜਾਂਚ ਸ਼ੁਰੂ ਕੀਤੀ, ਪੰਜ ਸਿੰਘ ਸਾਹਿਬਾਨ ਦੀ ਬੈਠਕ ਜਲਦ

ਜੰਮੂ-ਜੰਮੂ ਦੇ ਸਾਂਬਾ ਜ਼ਿਲ੍ਹੇ ਦੀ ਵਿਜੇਪੁਰ ਤਹਿਸੀਲ ਦੇ ਪਿੰਡ ਕੌਲਪੁਰ ਵਿੱਚ ਸਥਿਤ ਗੁਰਦੁਆਰਾ ਸਿੰਘ ਸਭਾ ਵਿੱਚ ਬੀਤੇ ਦਿਨੀਂ ਇੱਕ ਘਟਨਾ ਨੇ ਸਿੱਖ ਸੰਗਤ ਦੇ ਹਿਰਦੇ ਵਲੂੰਧਰ ਦਿੱਤੇ, ਜਦੋਂ ਇੱਕ ਵਿਅਕਤੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜ ਪਾਵਨ ਸਰੂਪਾਂ ਨੂੰ ਮਿੱਟੀ ਦਾ ਤੇਲ ਪਾ ਕੇ ਅਗਨ ਭੇਟ ਕਰ ਦਿੱਤਾ। ਇਸ ਘਟਨਾ ਨੇ ਸਿੱਖ ਕੌਮ ਵਿੱਚ ਭਾਰੀ ਰੋਹ ਪੈਦਾ ਕੀਤਾ, ਜਿਸ ਦੇ ਚੱਲਦਿਆਂ ਸੰਗਤ ਨੇ ਮੁਲਜ਼ਮ ਦੇ ਘਰ ਨੂੰ ਅੱਗ ਲਗਾਈ ਅਤੇ ਜੇਸੀਬੀ ਮਸ਼ੀਨ ਨਾਲ ਉਸ ਨੂੰ ਢਾਹ ਦਿੱਤਾ। ਪੁਲਿਸ ਨੇ ਮੁਲਜ਼ਮ ਮਨਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਜੋ ਘਟਨਾ ਨੂੰ ਅੰਜਾਮ ਦੇਣ ਮਗਰੋਂ ਫਰਾਰ ਹੋ ਗਿਆ ਸੀ।

ਇਸ ਘਟਨਾ ਦਾ ਸਖਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਸ ਤੋਂ ਬਾਅਦ ਖੁਦ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਵੀ ਇੱਕ ਵਿਸ਼ੇਸ਼ ਜਾਂਚ ਟੀਮ ਮੌਕੇ 'ਤੇ ਭੇਜੀ, ਜਿਸ ਵਿੱਚ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਅਤੇ ਸਕੱਤਰ ਪ੍ਰਤਾਪ ਸਿੰਘ ਸ਼ਾਮਲ ਸਨ। ਅਕਾਲ ਤਖਤ ਦੇ ਸਕੱਤਰੇਤ ਅਨੁਸਾਰ, ਚਾਰ ਪਾਵਨ ਸਰੂਪ ਪੂਰੀ ਤਰ੍ਹਾਂ ਅਗਨ ਭੇਟ ਹੋ ਗਏ, ਜਦਕਿ ਇੱਕ ਸਰੂਪ ਨੂੰ ਕਾਫੀ ਨੁਕਸਾਨ ਪਹੁੰਚਿਆ।

ਜਥੇਦਾਰ ਗੜਗੱਜ ਨੇ ਮੌਕੇ 'ਤੇ ਸਖਤ ਕਾਰਵਾਈ ਦਾ ਐਲਾਨ ਕਰਦਿਆਂ ਗੁਰਦੁਆਰਾ ਸਿੰਘ ਸਭਾ ਕੌਲਪੁਰ ਦੀ ਮੌਜੂਦਾ ਪ੍ਰਬੰਧਕ ਕਮੇਟੀ, ਇਸ ਦੇ ਅਹੁਦੇਦਾਰਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ 'ਤੇ ਤਾਉਮਰ ਗੁਰੂ ਘਰ ਦੇ ਪ੍ਰਬੰਧਕ ਬਣਨ 'ਤੇ ਪਾਬੰਦੀ ਲਗਾ ਦਿੱਤੀ। ਉਨ੍ਹਾਂ ਨੇ ਦੇਸ਼-ਵਿਦੇਸ਼ ਦੀਆਂ ਸਾਰੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਪੱਸ਼ਟ ਹਦਾਇਤ ਜਾਰੀ ਕੀਤੀ ਕਿ ਉਹ ਅਹੁਦੇਦਾਰੀ ਦੀ ਲਾਲਸਾ ਛੱਡ ਕੇ ਸੱਚੇ ਸੇਵਾਦਾਰ ਬਣਨ ਅਤੇ 24 ਘੰਟੇ ਗੁਰਦੁਆਰਿਆਂ ਦੀ ਪਹਿਰੇਦਾਰੀ ਯਕੀਨੀ ਬਣਾਉਣ। ਜਥੇਦਾਰ ਨੇ ਚਿਤਾਵਨੀ ਦਿੱਤੀ ਕਿ ਪਹਿਰੇਦਾਰੀ ਵਿੱਚ ਕਿਸੇ ਵੀ ਕਿਸਮ ਦੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਅਜਿਹੀ ਲਾਪਰਵਾਹੀ ਲਈ ਸਖਤ ਕਾਰਵਾਈ ਹੋਵੇਗੀ।

ਘਟਨਾ ਸਥਾਨ 'ਤੇ ਸੰਗਤ ਦੇ ਵਿਸ਼ਾਲ ਇਕੱਠ ਦੌਰਾਨ ਸਾਂਬਾ ਜ਼ਿਲ੍ਹੇ ਦੀ ਡਿਪਟੀ ਕਮਿਸ਼ਨਰ ਆਯੁਸ਼ੀ ਸੂਦਨ, ਜੰਮੂ-ਸਾਂਬਾ-ਕਠੂਆ ਰੇਂਜ ਦੇ ਡੀਆਈਜੀ ਸ਼ਿਵ ਕੁਮਾਰ ਸ਼ਰਮਾ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਸਨ। ਜਥੇਦਾਰ ਗੜਗੱਜ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਸਿੱਖ ਕੌਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੀ। ਉਨ੍ਹਾਂ ਨੇ ਮੁਲਜ਼ਮ ਮਨਜੀਤ ਸਿੰਘ ਦੇ ਕੀਤੇ ਗੁਨਾਹ ਨੂੰ ਅਫਸੋਸਨਾਕ ਅਤੇ ਨਾ ਬਖਸ਼ਣਯੋਗ ਦੱਸਦਿਆਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇ ਸੰਗਤ ਵੱਲੋਂ ਮੁਲਜ਼ਮ ਦਾ ਘਰ ਢਾਹੁਣ ਦੇ ਮਾਮਲੇ ਵਿੱਚ ਕਿਸੇ ਸਿੱਖ ਵਿਰੁੱਧ ਕਾਰਵਾਈ ਹੋਈ, ਤਾਂ ਖਾਲਸਾ ਪੰਥ ਸਖਤ ਵਿਰੋਧ ਕਰੇਗਾ ਅਤੇ ਲੋੜ ਪੈਣ 'ਤੇ ਮੋਰਚਾ ਵੀ ਲਗਾਇਆ ਜਾਵੇਗਾ।

ਜਥੇਦਾਰ ਨੇ ਇਹ ਵੀ ਖੁਲਾਸਾ ਕੀਤਾ ਕਿ ਮੁਲਜ਼ਮ ਮਨਜੀਤ ਸਿੰਘ ਪਹਿਲਾਂ ਵੀ ਸਿੱਖ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਸੀ ਅਤੇ ਸਥਾਨਕ ਪ੍ਰਸ਼ਾਸਨ ਨੂੰ ਇਸ ਦੀ ਸੂਚਨਾ ਦਿੱਤੀ ਗਈ ਸੀ। ਉਨ੍ਹਾਂ ਨੇ ਪ੍ਰਸ਼ਾਸਨ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਜੇ ਸਮੇਂ ਸਿਰ ਕਾਰਵਾਈ ਹੋਈ ਹੁੰਦੀ, ਤਾਂ ਇਹ ਮੰਦਭਾਗੀ ਘਟਨਾ ਨਾ ਵਾਪਰਦੀ। ਉਨ੍ਹਾਂ ਨੇ ਮੰਗ ਕੀਤੀ ਕਿ ਮੁਲਜ਼ਮ ਦੇ ਦੋ ਸਾਥੀਆਂ ਨੂੰ, ਜੋ ਘਟਨਾ ਵਿੱਚ ਸ਼ਾਮਲ ਸਨ, ਤੁਰੰਤ ਗ੍ਰਿਫਤਾਰ ਕੀਤਾ ਜਾਵੇ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਬੇਅਦਬੀ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਜਦੋਂ ਸਿੱਖ ਪੰਥ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਮਨਾ ਰਿਹਾ ਹੈ, ਤਾਂ ਅਜਿਹੀਆਂ ਘਟਨਾਵਾਂ ਕਿਸੇ ਗਹਿਰੀ ਸਾਜ਼ਿਸ਼ ਦਾ ਹਿੱਸਾ ਜਾਪਦੀਆਂ ਹਨ। ਉਨ੍ਹਾਂ ਨੇ ਸਰਕਾਰ ਨੂੰ ਇਸ ਸਾਜ਼ਿਸ਼ ਦੀ ਜੜ੍ਹ ਤੱਕ ਪਹੁੰਚਣ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣ ਦੀ ਮੰਗ ਕੀਤੀ।



ਉਨ੍ਹਾਂ ਨੇ ਭਾਰਤ ਸਰਕਾਰ ਨੂੰ ਕਾਨੂੰਨ ਵਿੱਚ ਸੋਧ ਕਰਕੇ ਬੇਅਦਬੀ ਦੀਆਂ ਘਟਨਾਵਾਂ ਲਈ ਸਖਤ ਸਜ਼ਾਵਾਂ ਦਾ ਪ੍ਰਬੰਧ ਕਰਨ ਦੀ ਅਪੀਲ ਵੀ ਕੀਤੀ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਅਗਨ ਭੇਟ ਹੋਏ ਪਾਵਨ ਸਰੂਪਾਂ ਨੂੰ ਮਰਿਆਦਾ ਅਨੁਸਾਰ ਸ੍ਰੀ ਗੋਇੰਦਵਾਲ ਸਾਹਿਬ ਲਈ ਰਵਾਨਾ ਕਰ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਜੰਮੂ ਮਿਸ਼ਨ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ ਨੇ ਸੰਗਤ ਦੇ ਸਹਿਯੋਗ ਨਾਲ ਪਾਵਨ ਸਰੂਪਾਂ ਦੀ ਸੇਵਾ-ਸੰਭਾਲ ਕੀਤੀ। ਇਸ ਘਟਨਾ ਦੀ ਨਿੰਦਾ ਸਿੱਖ ਮਿਸ਼ਨਰੀ ਕਾਲਜਾਂ ਨੇ ਵੀ ਸਖਤ ਸ਼ਬਦਾਂ ਵਿੱਚ ਕੀਤੀ। ਨੰਗਲ ਵਿੱਚ ਹੋਈ ਇੱਕ ਮੀਟਿੰਗ ਵਿੱਚ ਕਾਲਜ ਪ੍ਰਬੰਧਕਾਂ ਅਤੇ ਸਟਾਫ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਭਾਵਨਾਵਾਂ ਨਾਲ ਖਿਲਵਾੜ ਹਨ ਅਤੇ ਇਸ ਪਿੱਛੇ ਰਾਜਨੀਤਿਕ ਸ਼ਹਿ ਅਤੇ ਫਿਰਕੂ ਤਾਕਤਾਂ ਦਾ ਹੱਥ ਹੋ ਸਕਦਾ ਹੈ। ਉਨ੍ਹਾਂ ਨੇ ਪ੍ਰਸ਼ਾਸਨ ਨੂੰ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਪੁਖਤਾ ਪ੍ਰਬੰਧ ਕਰਨ ਅਤੇ ਸਾਰੇ ਦੋਸ਼ੀਆਂ ਨੂੰ ਜਲਦੀ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

ਜਥੇਦਾਰ ਗੜਗੱਜ ਨੇ ਐਲਾਨ ਕੀਤਾ ਕਿ ਜਲਦ ਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਬੁਲਾਈ ਜਾਵੇਗੀ, ਜਿਸ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਖਤ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਪ੍ਰਬੰਧਕ ਕਮੇਟੀਆਂ ਨੂੰ 31 ਮੈਂਬਰੀ ਕਰਕੇ ਹਰ ਰੋਜ਼ ਇੱਕ ਮੈਂਬਰ ਨੂੰ 24 ਘੰਟੇ ਪਹਿਰੇਦਾਰੀ ਦੀ ਜ਼ਿੰਮੇਵਾਰੀ ਸੌਂਪੀ ਜਾਵੇ। ਇਸ ਦੇ ਨਾਲ ਹੀ, ਉਨ੍ਹਾਂ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਸੁਚੇਤ ਰਹਿਣ ਅਤੇ ਗੁਰੂ ਘਰ ਦੀ ਸੁਰੱਖਿਆ ਲਈ ਏਕਤਾ ਨਾਲ ਕੰਮ ਕਰਨ।

ਇਹ ਘਟਨਾ ਸਿੱਖ ਕੌਮ ਲਈ ਇੱਕ ਵੱਡਾ ਝਟਕਾ ਹੈ ਅਤੇ ਸੰਗਤ ਵਿੱਚ ਇਸ ਦਾ ਗਹਿਰਾ ਅਸਰ ਦੇਖਣ ਨੂੰ ਮਿਲ ਰਿਹਾ ਹੈ। ਪੰਥਕ ਸੰਸਥਾਵਾਂ ਅਤੇ ਸੰਗਤ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਸਖਤ ਕਾਰਵਾਈ ਦੀ ਮੰਗ ਕਰਦਿਆਂ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

## ਭਾਰਤ ਦੇ ਸਿਆਸੀ ਆਗੂਆਂ ਤੋਂ ਸਾਵਧਾਨ ਰਹੋ !!

ਭਾਰਤ ਦੇ ਸਿਆਸੀ ਆਗੂਆਂ ਤੋਂ ਸਦਾ ਸਾਵਧਾਨ ਰਹੋ, ਉਹਨਾਂ ਦੀਆਂ ਗੱਲਾਂ ਜਾਂ ਵਾਅਦਿਆਂ ਉਤੇ ਕਦੇ ਵਿਸ਼ਵਾਸ ਨਾ ਕਰੋ ਕਿਉਂਕਿ ਉਹ ਕਦੇ ਕੁੱਝ ਕਹਿਣਗੇ ਤੇ ਕਦੇ ਕੁੱਝ, ਉਹ ਲੋਕਾਂ ਨੂੰ ਬੇਵਕੂਫ ਬਨਾਉਣ ਦੀ ਕੋਸ਼ਿਸ਼ ਕਰਦੇ ਹਨ । ਉਹ ਹਮੇਸ਼ਾਂ ਆਪਣਾ ਮੁਫਾਦ/ਫਾਇਦਾ ਦੇਖ ਕੇ ਦਲ ਬਦਲ ਜਾਂਦੇ ਹਨ ਤੇ ਫਿਰ ਉਹਨਾਂ ਦੇ ਵਿਚਾਰ ਵੀ ਬਦਲ ਜਾਂਦੇ ਹਨ । ਇਸ ਲਈ ਉਹਨਾਂ ਦੀਆਂ ਗੱਲਾਂ ਵਿੱਚ ਨਾ ਆਓ । ਉਹਨਾਂ ਦੇ ਬਿਆਨ ਬੇਸ਼ੱਕ ਕਿਸੇ ਅਖ਼ਬਾਰ, ਪਰਚੇ, ਮੈਗਜ਼ੀਨ ਜਾਂ ਸੋਸ਼ਲ ਮੀਡੀਆ ਰਾਹੀਂ ਦਿੱਤੇ ਹੋਣ, ਉਹਨਾਂ ਤੇ ਕਦੇ ਯਕੀਨ ਨਾ ਕਰੋ । 90 ਫੀਸਦੀ ਆਗੂਆਂ ਦੇ ਬਿਆਨ ਝੂਠੇ ਤੇ ਬੇ-ਬੁਨਿਆਦ ਹੁੰਦੇ ਹਨ । ਕੇਵਲ 10 ਕੁ ਫੀਸਦੀ ਆਗੂ, ਸੀਨੀਅਰ ਪੱਤਰਕਾਰ ਅਤੇ ਕੁੱਝ ਸਿਆਣੇ ਲੇਖਕ ਹੀ ਸਹੀ ਰਾਏ ਦਿੰਦੇ ਹਨ, ਜੋ ਵਿਸ਼ਵਾਸ ਯੋਗ ਹੁੰਦੀ ਹੈ ।

## ਆਰ.ਪੀ. ਸਿੰਘ ਦੀ ਅਪੀਲ: ਪ੍ਰੋਫੈਸਰ ਭੁੱਲਰ ਦੀ ਰਿਹਾਈ ਦੀ ਮੰਗ

### ✪ ਮਨੁੱਖਤਾ ਦੇ ਆਧਾਰ 'ਤੇ ਸਿਹਤ ਦੇ ਹਵਾਲੇ ਨਾਲ ਦਇਆ ਦੀ ਗੁਹਾਰ



ਦਿੱਲੀ-ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਨੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਭਾਈ ਦਵਿੰਦਰਪਾਲ ਸਿੰਘ ਭੁੱਲਰ ਦੀ ਹਮਦਰਦੀ ਭਰੀ ਰਿਹਾਈ ਲਈ ਅਪੀਲ ਕੀਤੀ ਹੈ। ਆਰ.ਪੀ. ਸਿੰਘ ਨੇ ਟਵੀਟ ਰਾਹੀਂ ਦੱਸਿਆ ਕਿ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਮੁਲਾਕਾਤ ਦੌਰਾਨ ਇਹ ਮੰਗ ਮਾਨਵਤਾਵਾਦੀ ਆਧਾਰ 'ਤੇ ਰੱਖੀ। ਭੁੱਲਰ ਪਿਛਲੇ 28 ਸਾਲਾਂ ਤੋਂ ਜੇਲ੍ਹ ਵਿੱਚ ਹਨ ਅਤੇ 14 ਸਾਲਾਂ ਤੋਂ ਵੱਧ ਸਮੇਂ ਤੋਂ ਸ਼ਾਈਜ਼ੋਫ੍ਰੀਨੀਆ ਦੀ ਬਿਮਾਰੀ ਦਾ ਇਲਾਜ ਕਰਵਾ ਰਹੇ ਹਨ। ਸੁਪਰੀਮ ਕੋਰਟ ਨੇ 2014 ਵਿੱਚ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ, ਪਰ ਦਿੱਲੀ ਸਜ਼ਾ ਸਮੀਖਿਆ ਬੋਰਡ ਵਾਰ-ਵਾਰ ਰਿਹਾਈ ਦੀ ਮੰਗ ਠੁਕਰਾਉਂਦਾ ਰਿਹਾ ਹੈ। ਕੇਂਦਰ ਸਰਕਾਰ ਨੇ 2019 ਵਿੱਚ ਭੁੱਲਰ ਦੀ ਰਿਹਾਈ ਨੂੰ ਮਨਜ਼ੂਰੀ ਦਿੱਤੀ ਸੀ, ਪਰ ਉਹ ਅਜੇ ਵੀ ਕੈਦ ਵਿੱਚ ਹਨ। ਆਰ.ਪੀ. ਸਿੰਘ ਨੇ ਕਿਹਾ ਕਿ ਇਹ ਮਾਮਲਾ ਅਪਰਾਧ ਨਹੀਂ, ਸਗੋਂ ਇੱਕ ਮਾਨਸਿਕ ਬਿਮਾਰ ਵਿਅਕਤੀ ਨੂੰ ਦਇਆ ਦੇਣ ਦਾ ਹੈ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਇਸ ਲੰਬੇ ਮਾਮਲੇ ਨੂੰ ਮਾਨਵਤਾਵਾਦੀ ਤਰੀਕੇ ਨਾਲ ਹੱਲ ਕਰਨ ਦੀ ਗੁਹਾਰ ਲਗਾਈ। ਇਹ ਕਦਮ ਭੁੱਲਰ ਦੀ ਨਾਜ਼ੁਕ ਸਿਹਤ ਨੂੰ ਰਾਹਤ ਦੇ ਸਕਦਾ ਹੈ।

# ਗਾਜ਼ਾ ਜੰਗ ਦਾ ਅੰਤ: ਟਰੰਪ ਦੀ ਵਿਚੋਲਗੀ ਨਾਲ ਹਮਾਸ-ਇਜ਼ਰਾਈਲ ਦਾ ਸਮਝੌਤਾ ਸਿਰੇ ਚੜ੍ਹਿਆ

## ✪ ਬੰਧਕਾਂ ਅਤੇ ਕੈਦੀਆਂ ਦੀ ਅਦਲਾ-ਬਦਲੀ: 20 ਬੰਧਕਾਂ ਦੇ ਬਦਲੇ 1,968 ਫਲਸਤੀਨੀ ਰਿਹਾਅ

## ✪ ਟਰੰਪ ਦੀ 20-ਨੁਕਾਤੀ ਯੋਜਨਾ: ਗਾਜ਼ਾ ਦਾ ਪੁਨਰਨਿਰਮਾਣ ਅਤੇ ਸ਼ਾਂਤੀ ਬੋਰਡ ਦੀ ਸਥਾਪਨਾ

### ਖਾਸ ਰਿਪੋਟ

**ਬਘੇਲ ਸਿੰਘ ਧਾਲੀਵਾਲ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਇੱਕ ਇਤਿਹਾਸਕ ਐਲਾਨ ਕਰਦਿਆਂ ਕਿਹਾ ਕਿ ਇਜ਼ਰਾਈਲ ਅਤੇ ਹਮਾਸ ਵਿਚਕਾਰ ਜੰਗਬੰਦੀ ਸਮਝੌਤੇ ਨਾਲ ਗਾਜ਼ਾ ਦੀ ਜੰਗ ਸਮਾਪਤ ਹੋ ਗਈ ਹੈ। ਇਹ ਸਮਝੌਤਾ ਪੱਛਮੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਦਾ ਮਾਰਗ ਪੱਧਰਾ ਕਰਨ ਵਾਲਾ ਮੰਨਿਆ ਜਾ ਰਿਹਾ ਹੈ। ਅਮਰੀਕਾ ਦੀ ਵਿਚੋਲਗੀ ਨਾਲ ਸੰਭਵ ਹੋਇਆ ਇਹ ਸਮਝੌਤਾ, ਜਿਸ ਵਿੱਚ 20 ਬੰਦੀਆਂ ਦੀ ਰਿਹਾਈ ਅਤੇ 1,968 ਫਲਸਤੀਨੀ ਕੈਦੀਆਂ ਦੀ ਰਿਹਾਈ ਸ਼ਾਮਲ ਹੈ, ਨੇ ਦੁਨੀਆ ਦਾ ਧਿਆਨ ਖਿੱਚਿਆ ਹੈ। ਪਰ, ਅੰਤਰਰਾਸ਼ਟਰੀ ਅਖ਼ਬਾਰਾਂ ਅਤੇ ਮਾਹਿਰਾਂ ਦੀਆਂ ਰਿਪੋਰਟਾਂ ਦੇ ਅਨੁਸਾਰ, ਇਸ ਸਮਝੌਤੇ ਦੀ ਸਫਲਤਾ ਨੂੰ ਲੈ ਕੇ ਅਜੇ ਵੀ ਕਈ ਸਵਾਲ ਅਤੇ ਚੁਣੌਤੀਆਂ ਬਰਕਰਾਰ ਹਨ।

ਜੰਗਬੰਦੀ ਸਮਝੌਤੇ ਦੀਆਂ ਮੁੱਖ ਗੱਲਾਂ-ਫਬੀਤੇ ਸੋਮਵਾਰ ਨੂੰ ਹੋਏ ਇਸ ਸਮਝੌਤੇ ਅਧੀਨ, ਹਮਾਸ ਨੇ ਆਪਣੇ ਕੋਲ ਬਚੇ ਸਾਰੇ 20 ਜੀਵਤ ਬੰਦੀਆਂ ਨੂੰ ਰਿਹਾਅ ਕਰ ਦਿੱਤਾ, ਜਿਨ੍ਹਾਂ ਵਿੱਚ ਈਟਨ ਮੋਰ, ਗਾਲੀ ਬਰਮਨ, ਜ਼ਿਵ ਬਰਮਨ, ਓਮਰੀ ਮੀਰਾਨ, ਐਲੋਨ ਓਹਲ, ਗਾਈ ਗਿਲਬੋਆ-ਦਲਾਲ, ਮਾਟਨ ਐਂਗ੍ਰੇਸਟ, ਬਾਰ ਕੂਪਰਸਟਾਈਨ, ਈਵਯਾਤਰ ਡੇਵਿਡ, ਯੋਸੇਫ ਹੈਮ ਓਹਾਨਾ, ਸੇਗੇਵ ਖ਼ਲਫੋਨ, ਅਵੀਤਾ ਓਰ, ਐਲਕਾਨਾਹ ਬੋਹਬੋਟ, ਮੈਕਸਿਮ ਹਰਕਿਨ, ਨਿਮਰੋਦ ਕੋਹੇਨ, ਮਾਟਨ ਜ਼ੰਗੌਕਰ, ਡੇਵਿਡ ਕੁਨੀਓ, ਈਟਨ ਹੌਰਨ, ਰੋਮ ਬ੍ਰਾਸਲਾਬਸਕੀ ਅਤੇ ਏਰੀਅਲ ਕੁਨੀਓ ਸ਼ਾਮਲ ਸਨ। ਇਸ ਦੇ ਬਦਲੇ, ਇਜ਼ਰਾਈਲ ਨੇ 1,968 ਫਲਸਤੀਨੀ ਕੈਦੀਆਂ ਅਤੇ ਨਜ਼ਰਬੰਦਾਂ ਨੂੰ ਰਿਹਾਅ ਕੀਤਾ, ਜਿਨ੍ਹਾਂ ਵਿੱਚ 250 ਉਮਰ ਕੈਦ ਦੀ ਸਜ਼ਾ ਕੱਟ ਰਹੇ ਕੈਦੀ ਅਤੇ 15 ਨਾਬਾਲ.ਗ ਸ਼ਾਮਲ ਸਨ। ਇਜ਼ਰਾਈਲੀ ਮੀਡੀਆ ਮੁਤਾਬਕ, ਸਮਝੌਤੇ ਵਿੱਚ ਮ੍ਰਿਤਕ ਬੰਧਕਾਂ ਦੀਆਂ ਲਾਸ਼ਾਂ ਵੀ ਸੌਂਪਣ ਦੀ ਸ਼ਰਤ ਸੀ, ਪਰ ਹਮਾਸ ਨੇ ਸਵੀਕਾਰ ਕੀਤਾ ਕਿ ਸਾਰੀਆਂ ਲਾਸ਼ਾਂ ਦਾ ਪਤਾ ਨਹੀਂ ਲੱਗ ਸਕਿਆ। ਇਸ ਲਈ, ਇੱਕ ਅੰਤਰਰਾਸ਼ਟਰੀ ਟਾਸਕ ਫੋਰਸ ਬਣਾਈ ਜਾਵੇਗੀ, ਜੋ ਬਾਕੀ ਲਾਸ਼ਾਂ ਦੀ ਖੋਜ ਕਰੇਗੀ। ਇਸ ਦੇ ਨਾਲ ਹੀ, ਇਜ਼ਰਾਈਲ ਨੇ ਗਾਜ਼ਾ ਵਿੱਚ ਭੋਜਨ ਅਤੇ ਸਹਾਇਤਾ ਸਮੱਗਰੀ ਦੀ ਸਪਲਾਈ ਵਧਾਉਣ



ਦੀ ਵੀ ਆਗਿਆ ਦਿੱਤੀ ਹੈ।

ਜੰਗਬੰਦੀ ਵਿਚ ਟਰੰਪ ਦੀ ਭੂਮਿਕਾ-ਡੋਨਾਲਡ ਟਰੰਪ ਨੇ ਇਸ ਸਮਝੌਤੇ ਨੂੰ ਆਪਣੀ ਵਿਦੇਸ਼ ਨੀਤੀ ਦੀ ਵੱਡੀ ਸਫਲਤਾ ਦੱਸਿਆ ਹੈ। ਸੋਮਵਾਰ ਨੂੰ ਇਜ਼ਰਾਈਲ ਦੌਰੇ ਦੌਰਾਨ, ਟਰੰਪ ਨੇ ਬੰਧਕਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਜੰਗਬੰਦੀ ਸਮਝੌਤੇ ਦਾ ਜਸ਼ਨ ਮਨਾਇਆ। ਅਮਰੀਕੀ ਅਧਿਕਾਰੀਆਂ ਮੁਤਾਬਕ, ਇਸ ਸਮਝੌਤੇ ਦੀ ਨਿਗਰਾਨੀ ਲਈ 200 ਸੈਨਿਕਾਂ ਦੀ ਇੱਕ ਬਹੁ-ਰਾਸ਼ਟਰੀ ਫੋਰਸ ਤਾਇਨਾਤ ਕੀਤੀ ਜਾਵੇਗੀ, ਜਿਸ ਵਿੱਚ ਮਿਸਰ, ਕਤਰ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਦੇ ਸੈਨਿਕ ਸ਼ਾਮਲ ਹੋਣਗੇ। ਅਮਰੀਕੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਗਾਜ਼ਾ ਦੇ ਅੰਦਰ ਕੋਈ ਅਮਰੀਕੀ ਸੈਨਿਕ ਨਹੀਂ ਤਾਇਨਾਤ ਕੀਤਾ ਜਾਵੇਗਾ।

ਟਰੰਪ ਦੀ 20-ਨੁਕਾਤੀ ਯੋਜਨਾ ਵਿੱਚ ਗਾਜ਼ਾ ਨੂੰ ਗੈਰ-ਫੌਜੀ ਬਣਾਉਣ, ਅੱਤਵਾਦੀ ਬੁਨਿਆਦੀ ਢਾਂਚੇ ਨੂੰ ਖਤਮ ਕਰਨ ਅਤੇ ਗਾਜ਼ਾ ਦਾ ਸ਼ਾਸਨ ਸ਼ੁਰੂ ਵਿੱਚ ਫਲਸਤੀਨੀ ਟੈਕਨੋਕ੍ਰੇਟਸ ਦੀ ਅਸਥਾਈ ਕਮੇਟੀ ਨੂੰ ਸੌਂਪਣ ਦੀ ਗੱਲ ਕਹੀ ਗਈ ਹੈ। ਇਸ ਦੀ ਨਿਗਰਾਨੀ ਇੱਕ "ਪੀਸ ਬੋਰਡ" ਕਰੇਗਾ, ਜਿਸ ਦੀ ਅਗਵਾਈ ਟਰੰਪ ਖੁਦ ਕਰਨਗੇ, ਅਤੇ ਇਸ ਵਿੱਚ ਸਾਬਕਾ ਬ੍ਰਿਟਿਸ਼ ਪ੍ਰਧਾਨ ਮੰਤਰੀ ਟੋਨੀ ਬਲੇਅਰ ਵੀ ਸ਼ਾਮਲ ਹੋਣਗੇ। ਅੰਤ ਵਿੱਚ, ਗਾਜ਼ਾ ਦਾ ਸ਼ਾਸਨ ਫਲਸਤੀਨੀ ਅਥਾਰਟੀ (ਪੀਏ) ਨੂੰ ਸੌਂਪਿਆ ਜਾਵੇਗਾ, ਜੋ ਪਹਿਲਾਂ ਹੀ ਵੈਸਟ ਬੈਂਕ ਦਾ ਪ੍ਰਬੰਧ ਕਰਦੀ ਹੈ।

ਅੰਤਰਰਾਸ਼ਟਰੀ ਮੀਡੀਆ ਦੀ ਪ੍ਰਤੀਕਿਰਿਆ-ਅੰਤਰਰਾਸ਼ਟਰੀ ਮੀਡੀਆ ਨੇ ਇਸ ਸਮਝੌਤੇ ਨੂੰ ਇੱਕ ਵੱਡੀ ਡਿਪਲੋਮੈਟਿਕ ਸਫਲਤਾ ਮੰਨਿਆ ਹੈ, ਪਰ ਇਸ ਦੀ ਲੰਬੇ ਸਮੇਂ ਦੀ ਸਥਿਰਤਾ ਬਾਰੇ ਸ਼ੰਕੇ ਵੀ ਜਤਾਏ ਹਨ। ਦਿ ਨਿਊਯਾਰਕ ਟਾਈਮਜ਼ ਨੇ ਲਿਖਿਆ ਕਿ ਟਰੰਪ ਦੀ ਵਿਚੋਲਗੀ ਨੇ ਇੱਕ ਅਸੰਭਵ ਜਿਹੀ ਜੰਗਬੰਦੀ ਨੂੰ ਸੰਭਵ ਕੀਤਾ, ਪਰ ਸਮਝੌਤੇ ਦੀ ਅਸਪਸ਼ਟ ਸ਼ਬਦਾਵਲੀ ਅਤੇ ਇਜ਼ਰਾਈਲੀ ਫੌਜ ਦੀ ਪੂਰੀ ਵਾਪਸੀ ਦੀ ਅਣਹੋਂਦ ਸਮਝੌਤੇ ਨੂੰ ਨਾਜ਼ੁਕ ਬਣਾਉਂਦੀ ਹੈ। ਬੀਬੀਸੀ ਨੇ ਰਿਪੋਰਟ ਕੀਤੀ ਕਿ ਹਮਾਸ ਦੇ ਬੁਲਾਰੇ ਹਾਜ਼ਮ ਕਾਸਿਮ ਨੇ ਟਰੰਪ ਦੇ ਬਿਆਨ ਦਾ ਸਵਾਗਤ ਕੀਤਾ, ਪਰ ਇਜ਼ਰਾਈਲ ਵੱਲੋਂ ਜੰਗ ਦੁਬਾਰਾ ਸ਼ੁਰੂ ਨਾ ਕਰਨ ਦੀ ਗਾਰੰਟੀ ਮੰਗੀ ਹੈ। ਅਲ ਜਜ਼ੀਰਾ ਨੇ ਜ਼ੋਰ ਦੇ ਕੇ ਕਿਹਾ ਕਿ ਫਲਸਤੀਨੀ ਕੈਦੀਆਂ ਦੀ ਰਿਹਾਈ ਅਤੇ ਗਾਜ਼ਾ ਵਿੱਚ ਸਹਾਇਤਾ ਸਪਲਾਈ ਵਧਾਉਣ ਦੀ ਸ਼ਰਤ ਨੇ ਫਲਸਤੀਨੀਆਂ ਵਿੱਚ ਥੋੜ੍ਹੀ ਜਿਹੀ ਆਸ ਜਗਾਈ ਹੈ, ਪਰ ਗਾਜ਼ਾ ਵਿੱਚ 67,800 ਤੋਂ ਵੱਧ ਮੌਤਾਂ ਅਤੇ ਵਿਆਪਕ ਤਬਾਹੀ ਨੇ ਲੋਕਾਂ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ।

ਚੁਣੌਤੀਆਂ ਅਤੇ ਅਗਲੇ ਪੜਾਅ-ਮਾਹਿਰਾਂ ਅਤੇ ਅੰਤਰਰਾਸ਼ਟਰੀ ਅਖ਼ਬਾਰਾਂ ਮੁਤਾਬਕ, ਸਮਝੌਤੇ ਦੇ ਅਗਲੇ ਪੜਾਅ ਵਿੱਚ ਕਈ ਰੁਕਾਵਟਾਂ ਹਨ। ਪਹਿਲਾਂ, ਹਮਾਸ ਨੇ ਸਪੱਸ਼ਟ ਕੀਤਾ ਹੈ ਕਿ ਉਹ ਹਥਿਆਰ ਤਾਂ ਹੀ ਸੁੱਟੇਗਾ ਜੇ ਸੁਤੰਤਰ ਫਲਸਤੀਨੀ ਰਾਜ ਦੀ ਸਥਾਪਨਾ ਹੋਵੇ। ਦੂਜਾ, ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਗਾਜ਼ਾ ਵਿੱਚ ਫਲਸਤੀਨੀ ਅਥਾਰਟੀ ਦੀ ਸ਼ਮੂਲੀਅਤ ਦਾ ਵਿਰੋਧ ਕੀਤਾ ਹੈ। ਤੀਜਾ, ਇਜ਼ਰਾਈਲੀ ਫੌਜ ਦੀ ਪੂਰੀ ਵਾਪਸੀ ਦੀ ਸਮਾਂ-ਸੀਮਾ ਅਸਪਸ਼ਟ ਹੈ, ਜਿਸ ਨੂੰ ਹਮਾਸ ਸਪੱਸ਼ਟ ਕਰਨ ਦੀ ਮੰਗ ਕਰ ਰਿਹਾ ਹੈ। ਹਾਰੇਟਜ਼ ਅਖ਼ਬਾਰ ਨੇ ਲਿਖਿਆ ਕਿ ਇਜ਼ਰਾਈਲ ਦੀ 53% ਗਾਜ਼ਾ 'ਤੇ ਮੌਜੂਦਗੀ ਅਤੇ "ਅੱਤਵਾਦੀ ਖਤਰੇ" ਦੀ ਅਸਪਸ਼ਟ ਪਰਿਭਾਸ਼ਾ ਸਮਝੌਤੇ ਨੂੰ ਨਾਜ਼ੁਕ ਬਣਾਉਂਦੀ ਹੈ। ਟਾਈਮਜ਼ ਆਫ ਇਜ਼ਰਾਈਲ ਨੇ ਸੰਕੇਤ ਦਿੱਤਾ ਕਿ ਮਾਰਵਾਨ ਬਰ.ਗੂਤੀ ਵਰਗੇ ਪ੍ਰਮੁੱਖ ਫਲਸਤੀਨੀ ਕੈਦੀਆਂ ਦੀ ਰਿਹਾਈ ਨਾ ਹੋਣ ਨਾਲ ਹਮਾਸ ਵਿੱਚ ਨਾਰਾਜ਼ਗੀ ਪੈਦਾ ਹੋ ਸਕਦੀ ਹੈ।

ਕੀ ਸਮਝੌਤਾ ਸਿਰੇ ਚੜ੍ਹੇਗਾ?-ਅੰਤਰਰਾਸ਼ਟਰੀ ਮੀਡੀਆ ਅਤੇ ਮਾਹਿਰ ਸਮਝੌਤੇ ਦੀ ਸ਼ੁਰੂਆਤੀ ਸਫਲਤਾ ਨੂੰ ਸਕਾਰਾਤਮਕ ਮੰਨਦੇ ਹਨ, ਪਰ ਇਸ ਦੀ ਲੰਬੇ ਸਮੇਂ ਦੀ ਸਥਿਰਤਾ 'ਤੇ ਸਵਾਲ ਉਠਾਉਂਦੇ ਹਨ। ਸੀਐਨਐਨ ਦੀ ਰਿਪੋਰਟ ਮੁਤਾਬਕ, ਟਰੰਪ ਦੀ ਯੋਜਨਾ ਦੇ ਅਗਲੇ ਪੜਾਅ, ਜਿਵੇਂ ਗਾਜ਼ਾ ਦਾ ਪੁਨਰਨਿਰਮਾਣ ਅਤੇ ਸ਼ਾਂਤੀ ਬੋਰਡ ਦੀ ਸਥਾਪਨਾ, ਗੁੰਝਲਦਾਰ ਮੁੱਦਿਆਂ 'ਤੇ ਨਿਰਭਰ ਕਰਦੇ ਹਨ। ਜੇਕਰ ਦੋਵੇਂ ਧਿਰਾਂ ਜੰਗਬੰਦੀ ਦੀਆਂ ਸ਼ਰਤਾਂ ਦੀ ਪਾਲਣਾ ਕਰਦੀਆਂ ਹਨ, ਤਾਂ ਇਹ ਸਮਝੌਤਾ ਸਥਾਈ ਸ਼ਾਂਤੀ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੋ ਸਕਦਾ ਹੈ। ਪਰ, ਹਮਾਸ ਦੀ ਹਥਿਆਰ ਨਾ ਸੁੱਟਣ ਦੀ ਜ਼ਿੱਦ ਅਤੇ ਇਜ਼ਰਾਈਲ ਦੀ ਫੌਜੀ ਮੌਜੂਦਗੀ ਸਮਝੌਤੇ ਨੂੰ ਖਤਰੇ ਵਿੱਚ ਪਾ ਸਕਦੀ ਹੈ।

ਸਿੱਟਾ-ਟਰੰਪ ਦੀ ਅਗਵਾਈ ਵਿੱਚ ਹੋਇਆ ਇਹ ਸਮਝੌਤਾ ਗਾਜ਼ਾ ਜੰਗ ਨੂੰ ਰੋਕਣ ਵਿੱਚ ਸਫਲ ਰਿਹਾ ਹੈ, ਪਰ ਇਸ ਦੀ ਪੂਰੀ ਸਫਲਤਾ ਅਗਲੇ ਪੜਾਅ ਦੀ ਗੱਲਬਾਤ 'ਤੇ ਨਿਰਭਰ ਕਰਦੀ ਹੈ। ਗਾਜ਼ਾ ਦੀ ਤਬਾਹੀ ਅਤੇ ਮਨੁੱਖੀ ਸੰਕਟ ਨੂੰ ਦੇਖਦਿਆਂ, ਸਹਾਇਤਾ ਅਤੇ ਪੁਨਰਨਿਰਮਾਣ ਦੀਆਂ ਕੋਸ਼ਿਸ਼ਾਂ ਨੂੰ ਤੇਜ਼ ਕਰਨ ਦੀ ਲੋੜ ਹੈ। ਜੇਕਰ ਇਹ ਸਮਝੌਤਾ ਸਥਾਈ ਸ਼ਾਂਤੀ ਵੱਲ ਲੈ ਜਾਂਦਾ ਹੈ, ਤਾਂ ਇਹ ਟਰੰਪ ਦੀ ਵਿਦੇਸ਼ ਨੀਤੀ ਦੀ ਸਭ ਤੋਂ ਵੱਡੀ ਪ੍ਰਾਪਤੀ ਹੋ ਸਕਦੀ ਹੈ।ਅਮਰੀਕੀ ਯੋਜਨਾ ਤਹਿਤ ਇਕ ਅੰਤਰਰਾਸ਼ਟਰੀ ਸੰਸਥਾ ਇਸ ਖੇਤਰ 'ਤੇ ਪ੍ਰਸ਼ਾਸਨ ਚਲਾਏਗੀ, ਜਦੋਂ ਕਿ ਹਮਾਸ ਨੇ ਕਿਹਾ ਹੈ ਕਿ ਗਾਜ਼ਾ ਦੀ ਸਰਕਾਰ ਫ਼ਿਲਸਤੀਨੀਆਂ ਨਾਲ ਮਿਲ ਕੇ ਬਣਾਈ ਜਾਣੀ ਚਾਹੀਦੀ ਹੈ। ਇਸ ਮਸਲੇ ਦੇ ਹੱਲ ਲਈ ਅੰਤਰਰਾਸ਼ਟਰੀ ਯਤਨ ਜਾਰੀ ਹਨ। ਇਸ ਦੇ ਨਾਲ ਹੀ ਇਹ ਸਵਾਲ ਵੀ ਸਾਹਮਣੇ ਖੜ੍ਹਾ ਹੈ ਕਿ ਵੱਡੀ ਹੱਦ ਤੱਕ ਤਬਾਹ ਹੋਈ ਗਾਜ਼ਾ ਪੱਟੀ ਦੇ ਪੁਨਰ ਨਿਰਮਾਣ ਦੇ ਖ਼ਰਚ ਦੀ ਜ਼ਿੰਮੇਵਾਰੀ ਕੌਣ ਉਠਾਏਗਾ? ਚਾਹੇ ਸੰਯੁਕਤ ਰਾਸ਼ਟਰ ਵਲੋਂ ਆਉਂਦੇ ਮਹੀਨਿਆਂ ਵਿਚ ਮੁਢਲੀਆਂ ਸਿਹਤ ਸਹੂਲਤਾਂ ਮੁਹੱਈਆ ਕਰਨ ਦੇ ਨਾਲ-ਨਾਲ ਵੱਡੀ ਮਾਤਰਾ ਵਿਚ ਇੱਥੇ ਖ਼ੁਰਾਕ ਭੇਜਣ ਅਤੇ ਮਲਬੇ ਨੂੰ ਹਟਾਉਣ ਲਈ ਯਤਨ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਸਾਰੀ ਕਵਾਇਦ 'ਚੋਂ ਇਕ ਗੱਲ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਫ਼ਿਲਸਤੀਨੀਆਂ ਲਈ ਇਕ ਵੱਖਰਾ ਆਜ਼ਾਦ ਮੁਲਕ ਬਣਨਾ ਚਾਹੀਦਾ ਹੈ, ਤਾਂ ਜੋ ਦਹਾਕਿਆਂ ਤੋਂ ਪੈਦਾ ਹੋਈ ਇਸ ਸਮੱਸਿਆ ਦਾ ਕੋਈ ਸਥਾਈ ਹੱਲ ਨਿਕਲ ਸਕੇ।

## ਇਜਰਾਈਲ ਜੇਤੂ, ਹੁਣ ਮੱਧ ਪੂਰਬ ਵਿਚ ਸ਼ਾਂਤੀ ਤੇ ਖ਼ੁਸ਼ਹਾਲੀ ਲਈ ਭੂਮਿਕਾ ਨਿਭਾਵੇ ਇਜ਼ਰਾਈਲ-ਟਰੰਪ

ਯੇਰੂਸ਼ਲਮ-ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਜ਼ਰਾਈਲੀ ਸੰਸਦ ਮੈਂਬਰਾਂ ਨੂੰ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਕੋਲ ਜੰਗ ਦੇ ਮੈਦਾਨ 'ਚ ਹੋਰ ਕੁਝ ਪ੍ਰਾਪਤ ਕਰਨ ਲਈ ਨਹੀਂ ਹੈ। ਹਮਾਸ ਵਿਰੁੱਧ ਦੋ ਸਾਲਾਂ ਦੀ ਜੰਗ ਤੇ ਹਿਜ਼ਬੁੱਲਾ ਤੇ ਈਰਾਨ ਨਾਲ ਝੜਪਾਂ ਤੋਂ ਬਾਅਦ ਮੱਧ ਪੂਰਬ 'ਚ ਸ਼ਾਂਤੀ ਲਈ ਕੰਮ ਕਰਨਾ ਚਾਹੀਦਾ ਹੈ। ਟਰੰਪ ਨੇ ਕਿਹਾ ਕਿ ਇਜ਼ਰਾਈਲ ਸਾਡੀ ਮਦਦ ਤੇ ਹਥਿਆਰਾਂ ਦੇ ਜ਼ੋਰ ਨਾਲ ਸਭ ਕੁਝ ਜਿੱਤ ਚੁੱਕਾ ਹੈ। ਹੁਣ ਸਮਾਂ ਆ ਗਿਆ ਹੈ ਕਿ ਜੰਗ ਦੇ ਮੈਦਾਨ ਵਿਚ ਅੱਤਵਾਦੀਆਂ ਵਿਰੁੱਧ ਇਨ੍ਹਾਂ ਜਿੱਤਾਂ ਨੂੰ ਪੂਰੇ ਮੱਧ ਪੂਰਬ ਲਈ ਸ਼ਾਂਤੀ ਤੇ ਖੁਸ਼ਹਾਲੀ ਲਈ ਵਰਤਿਆ ਜਾਵੇ। ਟਰੰਪ ਨੇ ਗਾਜ਼ਾ ਨੂੰ ਦੁਬਾਰਾ ਬਣਾਉਣ 'ਚ ਮਦਦ ਕਰਨ ਦਾ ਵਾਅਦਾ ਕੀਤਾ, ਜੋ ਕਿ ਸੰਘਰਸ਼ ਦੌਰਾਨ ਤਬਾਹ ਹੋ ਗਿਆ ਹੈ ਤੇ ਫਿਲਸਤੀਨੀਆਂ ਨੂੰ ਅੱਤਵਾਦ ਤੇ ਹਿੰਸਾ ਦੇ ਰਸਤੇ ਤੋਂ ਹਮੇਸ਼ਾ ਲਈ ਮੁੜਨ ਦੀ ਅਪੀਲ ਕੀਤੀ।

## ਟਰੰਪ ਇਜ਼ਰਾਈਲ ਦੇ ਸੱਚੇ ਮਿੱਤਰ-ਨੇਤਨਯਾਹੂ

ਇਜ਼ਰਾਈਲੀ ਸੰਸਦ ਨੇ ਡੋਨਾਲਡ ਟਰੰਪ ਨੂੰ ਸ਼ਾਂਤੀ ਦਾ ਰਾਸ਼ਟਰਪਤੀ ਐਲਾਨਿਆ ਹੈ। ਸੰਸਦ ਨੇ ਅਗਲੇ ਸਾਲ ਦੇ ਨੋਬਲ ਸ਼ਾਂਤੀ ਪੁਰਸਕਾਰ ਲਈ ਉਨ੍ਹਾਂ ਦੀ ਨਾਮਜ਼ਦਗੀ ਲਈ ਵਿਸ਼ਵਵਿਆਪੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਜ਼ਰਾਈਲੀ ਸੰਸਦ ਦੇ ਸਪੀਕਰ ਅਮੀਰ ਓਹਾਨਾ ਨੇ ਜੰਗਬੰਦੀ ਤੇ ਬੰਧਕਾਂ ਦੀ ਰਿਹਾਈ 'ਚ ਟਰੰਪ ਦੇ ਯੋਗਦਾਨ ਦਾ ਹਵਾਲਾ ਦਿੱਤਾ। ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਐਲਾਨ ਕੀਤਾ ਕਿ ਟਰੰਪ ਨੂੰ ਮੱਧ ਪੂਰਬ ਸ਼ਾਂਤੀ ਪਹਿਲਕਦਮੀ 'ਚ ਉਨ੍ਹਾਂ ਦੀ ਭੂਮਿਕਾ ਲਈ ਇਜ਼ਰਾਈਲ ਦਾ ਸਭ ਤੋਂ ਉੱਚਾ ਸਨਮਾਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਤੁਹਾਡੇ (ਟਰੰਪ) ਵਲੋਂ ਸਾਡੇ ਲਈ ਕੀਤੇ ਗਏ ਹਰ ਕੰਮ ਲਈ ਧੰਨਵਾਦ। ਸੰਸਦ ਵਿਚ ਬੋਲਦੇ ਹੋਏ ਨੇਤਨਯਾਹੂ ਨੇ ਟਰੰਪ ਦੀ ਵਿਸ਼ਵਵਿਆਪੀ ਤੇ ਫੈਸਲਾਕੁੰਨ ਅਗਵਾਈ ਦੀ ਪ੍ਰਸੰਸਾ ਕੀਤੀ ਤੇ ਉਨ੍ਹਾਂ ਨੂੰ ਇਜ਼ਰਾਈਲ ਦਾ ਸੱਚਾ ਦੋਸਤ ਦੱਸਿਆ। ਉਨ੍ਹਾਂ ਇਹ ਵੀ ਕਿਹਾ ਕਿ ਟਰੰਪ ਦੀ ਅਗਵਾਈ ਨੇ ਵਿਸ਼ਵ ਰਾਜਨੀਤੀ ਤੇ ਖੇਤਰੀ ਸਥਿਰਤਾ 'ਚ ਬੇਮਿਸਾਲ ਯੋਗਦਾਨ ਪਾਇਆ ਹੈ। ਇਜ਼ਰਾਈਲੀ ਸੰਸਦ ਦੇ ਸਪੀਕਰ ਅਮੀਰ ਓਹਾਨਾ ਨੇ ਟਰੰਪ ਦੀ ਭੂਮਿਕਾ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਦੁਨੀਆ 'ਚ ਸ਼ਾਂਤੀ ਉਤਸ਼ਾਹਿਤ ਕਰਨ ਲਈ ਤੁਹਾਡੇ ਤੋਂ ਵੱਧ ਕੋਈ ਨਹੀਂ। ਤੁਸੀਂ ਅਣਗਿਣਤ ਜਾਨਾਂ ਬਚਾਈਆਂ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਸੰਸਦ ਨੂੰ ਦਿੱਤੇ ਭਾਸ਼ਨ 'ਚ ਵਾਅਦਾ ਕੀਤਾ ਕਿ ਉਹ ਇਸ ਸ਼ਾਂਤੀ ਲਈ ਵਚਨਬੱਧ ਹਨ।

# ਗੁਰਪੁਰਬ ਮਨਾਉਣ ਅਤੇ ਗੁਰ ਅਸਥਾਨਾਂ ਦੇ ਦਰਸ਼ਨਾਂ ਨੂੰ ਜਾਣ ਲਈ ਸਿੱਖਾਂ ਉਤੇ ਭਾਰਤ ਸਰਕਾਰ ਪਾਬੰਦੀਆਂ ਲਾਉਣ ਤੋਂ ਗੁਰੇਜ਼ ਕਰੇ

## ਭਾਰਤ ਸਰਕਾਰ ਨੇ ਸਿੱਖਾਂ 'ਤੇ ਪਾਬੰਦੀਆਂ ਨਾ ਹਟਾਈਆਂ ਤਾਂ ਇਹ ਇਤਿਹਾਸ ਕਾਲੇ ਅੱਖਰਾਂ ਚ ਲਿਖਿਆ ਜਾਵੇਗਾ

ਡਰਬੀ (ਪੰਜਾਬ ਟਾਈਮਜ਼) – ਭਾਰਤ ਸਰਕਾਰ ਵੱਲੋਂ ਪਿਛਲੇ ਛੇ ਮਹੀਨਿਆਂ ਤੋਂ ਦੁਨੀਆ ਭਰ ਦੇ ਸਿੱਖਾਂ ਨੂੰ ਪਾਕਿਸਤਾਨ ਆਪਣੇ ਗੁਰਧਾਮਾਂ ਸ੍ਰੀ ਨਨਕਾਣਾ ਸਾਹਿਬ, ਕਰਤਾਰਪੁਰ ਅਤੇ ਹੋਰ ਅਨੇਕਾਂ ਇਤਿਹਾਸਕ ਗੁਰ ਅਸਥਾਨਾਂ ਦੇ ਦਰਸ਼ਨ ਕਰਨ ਤੇ ਪਾਬੰਦੀ ਲਾ ਦਿੱਤੀ ਸੀ । ਕਸ਼ਮੀਰ ਵਿੱਚ ਹੋਏ ਅੱਤਵਾਦੀ ਸੰਸਥਾਵਾਂ ਵੱਲੋਂ ਅਨੇਕਾਂ ਸੈਲਾਨੀਆਂ ਨੂੰ ਮਾਰ ਦਿੱਤਾ ਗਿਆ ਸੀ । ਬਾਅਦ ਵਿੱਚ ਭਾਰਤ ਤੇ ਪਾਕਿਸਤਾਨ ਵਿੱਚ ਥੋੜਾ ਸਮਾਂ ਲੜਾਈ ਵੀ ਹੋਈ । ਉਸ ਵੇਲੇ ਤਾਂ ਪਾਬੰਦੀਆਂ ਲਾਉਣੀਆਂ ਠੀਕ ਸੀ, ਪਰ ਹੁਣ ਪਿਛਲੇ 5 – 6 ਮਹੀਨਿਆਂ ਤੋਂ ਦੋਨੋ ਦੇਸ਼ਾਂ ਦੇ ਸਬੰਧ ਠੀਕ ਠਾਕ ਹਨ । ਪਰ ਭਾਰਤ ਸਰਕਾਰ ਵੱਲੋਂ ਸਿੱਖਾਂ ਉਤੇ ਪਾਕਿਸਤਾਨ ਜਾਣ ਤੇ ਪਾਬੰਦੀ ਅਜੇ ਵੀ ਲਾਈ ਹੋਈ ਹੈ । ਹੁਣ ਦੇਰ ਨਾਲ ਪੰਜਾਬ ਚੋਂ ਕੁੱਝ ਜਥਿਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦਿੱਤੀ ਗਈ ਹੈ । ਭਾਰਤ ਸਰਕਾਰ ਦਾ ਇਹ ਫ਼ੈਸਲਾ ਤਾਂ ਠੀਕ ਹੈ । ਪਰ ਬਾਹਰ ਬੈਠੇ ਲੱਖਾਂ ਸਿੱਖਾਂ ਨੂੰ ਇਜਾਜ਼ਤ ਨਹੀਂ ਦਿੱਤੀ ਗਈ । ਕੈਨੇਡਾ, ਅਮਰੀਕਾ, ਯੂ ਕੇ ਤੇ ਯੂਰਪ ਅਤੇ ਹੋਰ ਕਈ ਦੇਸ਼ਾਂ ਤੋਂ ਸਿੱਖ ਪਹਿਲਾਂ ਭਾਰਤ ਜਾਂਦੇ ਸਨ, ਫਿਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹੋਰ ਇਤਿਹਾਸਕ ਗੁਰੂ ਘਰਾਂ ਦੇ ਦਰਸ਼ਨ ਵੀ ਕਰ ਆਉਂਦੇ ਸਨ । ਅਤੇ ਆਪਣੇ ਮਾਤਾ ਪਿਤਾ ਅਤੇ ਰਿਸ਼ਤੇਦਾਰਾਂ ਨੂੰ ਵੀ ਮਿਲ ਲੈਂਦੇ ਸਨ । ਹੁਣ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਬਾਹਰਲੇ ਦੇਸ਼ਾਂ ਦੇ ਸਿੱਖਾਂ ਨੂੰ ਭਾਰਤ ਤੋਂ ਹੋ ਕੇ ਪਾਕਿਸਤਾਨ ਦੇ ਗੁਰੂ ਘਰਾਂ ਦੇ ਦਰਸ਼ਨ ਕਰਨ ਲਈ ਜਾਣ ਤੇ ਅਜੇ ਵੀ ਪਾਬੰਦੀ ਹੈ ।



ਜਥੇਦਾਰ ਬਲਬੀਰ ਸਿੰਘ, ਰਘਬੀਰ ਸਿੰਘ, ਰਾਜਿੰਦਰ ਸਿੰਘ ਪੁਰੇਵਾਲ, ਪ੍ਰੋ: ਦਲਜੀਤ ਸਿੰਘ ਵਿਰਕ

ਭਾਰਤ ਸਰਕਾਰ ਦੇ ਇਹਨਾਂ ਫ਼ੈਸਲਿਆਂ ਸਬੰਧੀ ਸ੍ਰੀ ਗੁਰੂ ਸਿੰਘ ਸਭਾ ਡਰਬੀ ਤੇ ਸਿੱਖ ਅਜਾਇਬ ਘਰ ਦੇ ਸੇਵਾਦਾਰਾਂ ਸ: ਰਘਬੀਰ ਸਿੰਘ ਅਤੇ ਸ: ਰਾਜਿੰਦਰ ਸਿੰਘ ਪੁਰੇਵਾਲ, ਸ੍ਰੀ ਗੁਰੂ ਸਿੰਘ ਸਭਾ ਗਰੇਟ ਬਾਰ ਬ੍ਰਮਿੰਘਮ ਦੇ ਸੇਵਾਦਾਰ ਬਲਬੀਰ ਸਿੰਘ ਅਤੇ ਅਖੰਡ ਕੀਰਤਨੀ ਜਥਾ ਯੂ ਕੇ ਦੇ ਸੇਵਾਦਾਰ ਪ੍ਰੋ: ਦਲਜੀਤ ਸਿੰਘ ਵਿਰਕ ਨੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਦੇ ਇਹ ਫ਼ੈਸਲੇ ਸਿੱਖਾਂ ਨਾਲ ਸਿੱਧਾ ਵਿਤਕਰਾ ਹੈ । ਉਹਨਾਂ ਕਿਹਾ ਇਹ ਪਾਬੰਦੀ ਲਾ ਕੇ ਤੁਸੀਂ ਸਿੱਖਾਂ ਦੇ ਮਨਾਂ ਵਿੱਚ ਆਪਣਾ ਸਤਿਕਾਰ ਖਤਮ ਕਰ ਰਹੇ ਹੋ । ਇੱਕ ਪਾਸੇ ਪ੍ਰਧਾਨ ਮੰਤਰੀ ਤੇ ਸਰਕਾਰ ਦੇ ਕਈ ਹੋਰ ਮੰਤਰੀ ਮੰਦਰਾਂ, ਗੁਰਦੁਆਰਿਆਂ ਵਿੱਚ ਜਾ ਕੇ ਆਪਣੇ ਆਪ ਨੂੰ ਧਾਰਮਿਕ ਵਿਅਕਤੀ ਜ਼ਾਹਿਰ ਕਰਨ ਦੀ ਕੋਸ਼ਿਸ਼ ਕਰਦੇ ਹੋ, ਪਰ ਅਸਲ ਵਿੱਚ ਤੁਸੀਂ ਧਾਰਮਿਕ ਨਹੀਂ ਹੋ । ਧਾਰਮਿਕ ਵਿਅਕਤੀ ਜਾਂ ਸਰਕਾਰਾਂ, ਹਰ ਇੱਕ ਦੀ ਆਸਥਾ, ਦੂਜਿਆਂ ਦੇ ਧਾਰਮਿਕ ਵਿਚਾਰਾਂ ਤੇ ਮਾਨਤਾਵਾਂ ਦਾ ਵੀ ਸਤਿਕਾਰ ਕਰਦੇ ਹਨ। ਪਰ ਤੁਸੀਂ ਇਸ ਉਤੇ ਪਹਿਰਾ ਨਹੀਂ ਦੇ ਰਹੇ। ਤੁਸੀਂ ਆਪਣੇ ਗਲਤ ਫ਼ੈਸਲੇ ਬਦਲੋ । ਹਰੇਕ ਵਿਅਕਤੀ ਨੂੰ ਆਪਣੇ ਧਾਰਮਿਕ ਅਸਥਾਨਾਂ ਤੇ ਜਾਣ ਤੇ ਲਾਈਆਂ ਰੋਕਾਂ ਹਟਾਓ । ਨਹੀਂ ਤਾਂ ਸਿੱਖਾਂ ਸਮੇਤ ਦੁਨੀਆ ਭਰ ਦੇ ਲੋਕ ਤੁਹਾਨੂੰ ਨਿੰਦਣਗੇ । ਬਦ–ਅਸੀਸਾਂ ਦੇਣਗੇ ਤੇ ਤੁਹਾਨੂੰ ਨਫ਼ਰਤ ਕਰਨਗੇ । ਉਕਤ ਆਗੂਆਂ ਨੇ ਕਿਹਾ ਕਿ ਵਿਦੇਸ਼ਾਂ 'ਚ ਅਤੇ ਭਾਰਤ ਵਿੱਚ ਵਸਦੇ ਸਿੱਖਾਂ ਦੇ ਪਾਕਿਸਤਾਨ ਜਾਣ 'ਤੇ ਜੋ ਪਾਬੰਦੀਆਂ ਭਾਰਤ ਸਰਕਾਰ ਨੇ ਲਾਈਆਂ ਹਨ, ਉਹ ਤੁਰੰਤ ਹਟਾਈਆਂ ਜਾਣ, ਤਾਂ ਜੋ ਸਿੱਖ ਆਪਣੇ ਗੁਰ ਅਸਥਾਨਾਂ ਦੇ ਦਰਸ਼ਨ ਕਰ ਸਕਣ ਅਤੇ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾ ਸਕਣ । ਭਾਰਤ ਸਰਕਾਰ ਧਾਰਮਿਕ ਕੱਟੜਤਾ ਛੱਡ ਕੇ ਦੂਜਿਆਂ ਉਤੇ ਪਾਬੰਦੀਆਂ ਲਾਉਣੀਆਂ ਬੰਦ ਕਰੇ, ਆਪਸੀ ਭਰਾਤਰੀ ਭਾਵ ਨੂੰ ਵਧਾਓ ਅਤੇ ਗੰਦੀ ਰਾਜਨੀਤੀ ਬੰਦ ਕੀਤੀ ਜਾਵੇ ।

ਉਕਤ ਆਗੂਆਂ ਨੇ ਕਿਹਾ ਕਿ ਆਉਂਦੇ ਸਮੇਂ ਵਿੱਚ ਭਾਰਤ ਸਰਕਾਰ ਦੇ ਇਹ ਫੈਸਲੇ ਇਤਿਹਾਸ ਦਾ ਹਿੱਸਾ ਬਣ ਜਾਣਗੇ ਅਤੇ ਇਹ ਇਤਿਹਾਸ ਕਾਲੇ ਅੱਖਰਾਂ ਵਿੱਚ ਲਿਖਿਆ ਜਾਵੇਗਾ ਤੇ ਆਉਂਦੇ ਸਮੇਂ ਦੇ ਇਤਿਹਾਸਕਾਰ ਤੁਹਾਡੀ ਸਰਕਾਰ ਨੂੰ ਸਿੱਖ ਵਿਰੋਧੀ ਸਮਝਣਗੇ ਤੇ ਲਾਹਨਤਾਂ ਪਾਉਣਗੇ।

# ਦਲ ਖਾਲਸਾ ਦੇ ਆਗੂ ਭਾਈ ਪ੍ਰਮਜੀਤ ਸਿੰਘ ਮੰਡ ਦਾ ਯੂ ਕੇ ਦੀਆਂ ਪੰਥਕ ਸੰਸਥਾਵਾਂ ਵੱਲੋਂ ਮਾਣ ਸਨਮਾਨ

**ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਦਲ ਖਾਲਸਾ ਦੇ ਨੌਜਵਾਨ ਆਗੂ ਸ: ਪ੍ਰਮਜੀਤ ਸਿੰਘ ਮੰਡ ਯੂ ਕੇ ਦੇ ਦੌਰੇ ਦੌਰਾਨ ਨੈਸ਼ਨਲ ਸਿੱਖ ਅਜਾਇਬਘਰ ਦੇਖਣ ਲਈ ਡਰਬੀ ਪਹੁੰਚੇ । ਇਥੇ ਉਹਨਾਂ ਨੇ ਅਜਾਇਬਘਰ ਦੇ ਦਰਸ਼ਨ ਕਰਨ ਉਪਰੰਤ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਸੇਵਾਦਾਰਾਂ ਅਤੇ ਅਜਾਇਬ ਘਰ ਦੀ ਸਮੁੱ–ਚੀ ਟੀਮ ਦੀ ਸ਼ਲਾਘਾ ਕੀਤੀ, ਜਿਹਨਾਂ ਨੇ ਸਿੱਖ ਵਿਰਾਸਤ ਦੀ ਸਾਂਭ ਸੰਭਾਲ ਕੀਤੀ ਹੈ।**



ਸਿੱਖ ਅਜਾਇਬ ਘਰ ਡਰਬੀ ਵਿਖੇ ਦਲ ਖਾਲਸਾ ਦੇ ਆਗੂ ਸ: ਪ੍ਰਮਜੀਤ ਸਿੰਘ ਮੰਡ ਦਾ ਸਨਮਾਨ ਕਰਦੇ ਹੋਏ ਯੂ ਕੇ ਦੇ ਪੰਥਕ ਆਗੂ ਤੇ ਪਤਵੰਤੇ

ਉਪਰੰਤ ਭਾਈ ਮੰਡ ਦੇ ਨਾਲ ਯੂ ਕੇ ਦੇ ਪੰਥਕ ਆਗੂਆਂ ਨੇ ਅਜਾਇਬਘਰ ਦੀ ਰੈਫਰੈਂਸ ਲਾਇਬ੍ਰੇਰੀ ਵਿਖੇ ਪੰਥ ਦੇ ਮੌਜੂਦਾ ਮਸਲਿਆਂ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਇਸ ਮੌਕੇ ਗੱਲਬਾਤ ਸਮੇਂ ਸ: ਰਾਜਿੰਦਰ ਸਿੰਘ ਪੁਰੇਵਾਲ, ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਭਾਈ ਅਮਰੀਕ ਸਿੰਘ ਗਿੱਲ, ਭਾਈ ਦਬਿੰਦਰਜੀਤ ਸਿੰਘ, ਭਾਈ ਜਸਵਿੰਦਰ ਸਿੰਘ (ਜੱਸ) ਡਰਬੀ ਅਤੇ ਅਜਾਇਬਘਰ ਦੀ ਟੀਮ ਦੇ ਮੈਂਬਰ ਸ਼ਾਮਿਲ ਸਨ ।

ਭਾਈ ਮੰਡ ਨਾਲ ਖਾਲਸਾ ਹਲੇਮੀ ਰਾਜ ਦੀ ਪ੍ਰਾਪਤੀ ਲਈ ਕੀਤੀ ਜਾ ਰਹੀ ਜੱਦੋ ਜਹਿਦ ਬਾਰੇ ਖੁੱਲ੍ਹੀਆਂ ਵਿਚਾਰਾਂ ਹੋਈਆਂ । ਦੇਸ਼ ਵਿਦੇਸ਼ ਵਿੱਚ ਸਿੱਖਾਂ ਦੀਆਂ ਸਰਗਰਮੀਆਂ ਅਤੇ ਪੰਥਕ ਜਥੇਬੰਦੀਆਂ ਵਿੱਚ ਆਪਸੀ ਤਾਲਮੇਲ ਅਤੇ ਪੰਥਕ ਏਕਤਾ ਦੇ ਮੁੱਦੇ ਵੀ ਵਿਚਾਰੇ ਗਏ । ਬਾਅਦ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਪੰਥਕ ਜਥੇਬੰਦੀਆਂ ਵੱਲੋਂ ਭਾਈ ਮੰਡ ਨੂੰ ਸਿਰੋਪਾਓ ਦੇ ਕੇ ਮਾਣ ਸਨਮਾਨ ਕੀਤਾ ਗਿਆ । ਪੰਜਾਬ ਟਾਈਮਜ਼ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਭਾਈ ਮੰਡ ਦੀਆਂ ਮਨੁੱਖੀ ਅਧਿਕਾਰਾਂ ਅਤੇ ਪੰਥ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਲਈ ਗੋਲਡ ਮੈਡਲ ਦੇ ਕੇ ਸਨਮਾਨ ਕੀਤਾ ਗਿਆ ।

# ਫ਼ਿਰੋਜ਼ਪੁਰ ਕੇਂਦਰੀ ਜੇਲ੍ਹ 'ਚੋਂ 23 ਮੋਬਾਈਲ ਤੇ ਨਸ਼ੀਲੇ ਪਦਾਰਥ ਬਰਾਮਦ

**✪ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ, ਜਾਂਚ ਜਾਰੀ**



ਫਿਰੋਜ਼ਪੁਰ- ਫਿਰੋਜ਼ਪੁਰ ਦੀ ਕੇਂਦਰੀ ਜੇਲ੍ਹ ਵਿਚ ਤਲਾਸ਼ੀ ਦੌਰਾਨ 23 ਮੋਬਾਈਲ ਫੋਨ, 12 ਹੈੱਡਫੋਨ, 700 ਗ੍ਰਾਮ ਤੰਬਾਕੂ, 135 ਪੁੜੀਆਂ ਜਰਦਾ, 110 ਬੰਡਲ ਬੀੜੀਆਂ, 8 ਡਾਟਾ ਕੇਬਲ ਅਤੇ 42.9 ਗ੍ਰਾਮ ਨਸ਼ੀਲੇ ਪਦਾਰਥ ਬਰਾਮਦ ਹੋਏ। ਇਹ ਸਮਾਨ 8 ਤੋਂ 11 ਅਕਤੂਬਰ 2025 ਨੂੰ ਵੱਖ-ਵੱਖ ਥਾਵਾਂ ਤੋਂ ਲਵਾਰਿਸ ਹਾਲਤ ਵਿਚ ਮਿਲਿਆ। ਜੇਲ੍ਹ ਅਧਿਕਾਰੀਆਂ ਅਨੁਸਾਰ, ਕੁਝ ਸਮਾਨ ਜੇਲ੍ਹ ਦੀ ਛੱਤ 'ਤੇ ਅਣਪਛਾਤੇ ਵਿਅਕਤੀਆਂ ਵੱਲੋਂ ਸੁੱਟਿਆ ਗਿਆ। ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਨੇ 52-ਏ, 42 ਪਰੀਸੰਨਜ਼ ਐਕਟ ਅਧੀਨ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਨਸ਼ੀਲੇ ਪਦਾਰਥ ਅਤੇ ਮੋਬਾਈਲ ਜੇਲ੍ਹ ਅੰਦਰ ਪਹੁੰਚਾਉਣ ਵਾਲਿਆਂ ਦੀ ਸ਼ਨਾਖਤ ਲਈ ਕਾਰਵਾਈ ਜਾਰੀ ਹੈ। ਜੇਲ੍ਹ ਵਿਚ ਅਜਿਹੀਆਂ ਗਤੀਵਿਧੀਆਂ ਦਾ ਲਗਾਤਾਰ ਸਾਹਮਣੇ ਆਉਣਾ ਸੁਰੱਖਿਆ 'ਤੇ ਸਵਾਲ ਖੜ੍ਹੇ ਕਰਦਾ ਹੈ।

# ਮੁੱਤਕੀ ਦੀ ਭਾਰਤ ਯਾਤਰਾ: ਅਟਾਰੀ-ਵਾਘਾ ਬਾਰਡਰ ਖੋਲ੍ਹਣ ਦੀ ਮੰਗ

## ✪ ਪੰਜਾਬ ਲਈ ਵਪਾਰ ਦਾ ਸੁਨਹਿਰੀ ਮੌਕਾ ? ✪ ਤਾਲਿਬਾਨ ਦੇ 'ਕਾਇਦੇ' ਨਵੀਂ ਦਿੱਲੀ ਵਿਚ, ਔਰਤ ਪੱਤਰਕਾਰ ਬਾਹਰ ! ✪ ਪਾਕਿਸਤਾਨ-ਤਾਲਿਬਾਨ ਝੜਪਾਂ: ਸਰਹੱਦ 'ਤੇ ਖ਼ੂਨੀ ਖੇਡ ✪ ਅਫਗਾਨ ਨੇੜਤਾ ਕਾਰਣ ਇਸਲਾਮਾਬਾਦ ਨੂੰ ਕਿਉਂ ਤਿਲਮਿਲਾਇਆ ?



ਅਫਗਾਨਿਸਤਾਨ ਦੇ ਤਾਲਿਬਾਨ ਸਰਕਾਰ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁੱਤਕੀ ਦੀ ਭਾਰਤ ਯਾਤਰਾ ਨੇ ਖੇਤਰੀ ਰਾਜਨੀਤੀ ਵਿੱਚ ਇੱਕ ਨਵਾਂ ਰੰਗ ਭਰ ਦਿੱਤਾ ਹੈ। ਤਾਲਿਬਾਨ ਦੇ ਕਬਜ਼ੇ ਬਾਅਦ ਪਹਿਲੀ ਵਾਰ ਕਿਸੇ ਵੱਡੇ ਅਫਗਾਨ ਨੇਤਾ ਵੱਲੋਂ ਭਾਰਤ ਦਾ ਦੌਰਾ ਹੈ। ਹੁਣ ਇਸ ਯਾਤਰਾ ਕਾਰਣ ਭਾਰਤ ਨੇ ਕਾਬੁਲ ਵਿੱਚ ਆਪਣਾ ਦੂਤਘਰ ਫਿਰ ਖੋਲ੍ਹਣ ਦਾ ਐਲਾਨ ਕੀਤਾ ਹੈ। ਤਾਲਿਬਾਨ ਸਰਕਾਰ ਦੇ ਵਿਦੇਸ਼ ਮੰਤਰੀ ਆਮਿਰ ਖਾਨ ਮੁੱਤਕੀ ਦੀ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨਾਲ ਮੀਟਿੰਗ ਵਿੱਚ ਚਾਬਹਾਰ ਬੰਦਰਗਾਹ ਦੇ ਵਿਕਾਸ, ਵਪਾਰ ਅਤੇ ਅੱਤਵਾਦੀ ਹਿੰਸਾ ਸਬੰਧੀ ਤਾਲਮੇਲ 'ਤੇ ਚਰਚਾ ਹੋਈ। ਭਾਰਤ ਨੇ ਅਫਗਾਨਿਸਤਾਨ ਨੂੰ ਮਾਨਵੀ ਸਹਾਇਤਾ ਅਤੇ ਵਿਕਾਸ ਪ੍ਰੋਜੈਕਟਾਂ ਲਈ ਵਧੇਰੇ ਸਹਿਯੋਗ ਦਾ ਵਾਅਦਾ ਕੀਤਾ।

10 ਅਕਤੂਬਰ ਨੂੰ ਅਫਗਾਨ ਦੂਤਘਰ ਵਿੱਚ ਪ੍ਰੈੱਸ ਕਾਨਫਰੰਸ ਵਿੱਚ ਔਰਤ ਪੱਤਰਕਾਰਾਂ ਨੂੰ ਨਾ ਬੁਲਾਉਣ 'ਤੇ ਵਿਰੋਧੀ ਧਿਰਾਂ ਅਤੇ ਮੀਡੀਆ ਨੇ ਨਾਰਾਜ਼ਗੀ ਜ਼ਾਹਰ ਕੀਤੀ। ਮੁੱਤਕੀ ਨੇ 12 ਅਕਤੂਬਰ ਨੂੰ ਦੂਜੀ ਕਾਨਫਰੰਸ ਵਿੱਚ ਕਿਹਾ, "ਇਹ ਗਲਤੀ ਨਹੀਂ ਸੀ, ਸਮੇਂ ਦੀ ਘਾਟ ਕਾਰਨ ਹੋਇਆ। ਅਸੀਂ ਔਰਤਾਂ ਨੂੰ ਹਮੇਸ਼ਾ ਸ਼ਾਮਲ ਕਰਦੇ ਹਾਂ।" ਇਸ ਨਾਲ ਵਿਵਾਦ ਥੋੜ੍ਹਾ ਘੱਟਿਆ। ਮੁੱਤਕੀ ਨੇ ਦੇਵਬੰਦ ਵੀ ਜਾਣਾ ਸੀ, ਜਿੱਥੇ ਹਜ਼ਾਰਾਂ ਲੋਕ ਇਕੱਠੇ ਹੋਏ, ਜੋ ਉਨ੍ਹਾਂ ਨੂੰ "ਦੁਨੀਆਂ ਦੀਆਂ ਮਹਾਸ਼ਕਤੀਆਂ ਨੂੰ ਅਮਰੀਕਾ ਤੇ ਰੂਸ ਨੂੰ ਹਰਾਉਣ ਵਾਲੇ" ਵਜੋਂ ਵੇਖਦੇ ਸਨ।

ਮੁੱਤਕੀ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ "ਅਟਾਰੀ-ਵਾਘਾ ਬਾਰਡਰ ਨੂੰ ਰਾਜਨੀਤਿਕ ਨਹੀਂ, ਆਰਥਿਕ ਨਜ਼ਰੀਏ ਨਾਲ ਵੇਖੋ ਅਤੇ ਖੋਲ੍ਹ ਦੋ। ਇਹ ਭਾਰਤ-ਅਫਗਾਨ ਵਿਚਕਾਰ ਵਪਾਰ ਦਾ ਸਭ ਤੋਂ ਛੋਟਾ ਰਾਹ ਹੈ।" ਉਨ੍ਹਾਂ ਨੇ ਚਾਬਹਾਰ ਬੰਦਰਗਾਹ ਨੂੰ ਵੀ ਮਜ਼ਬੂਤ ਕਰਨ ਦੀ ਗੱਲ ਕੀਤੀ, ਜਿਸ ਲਈ ਭਾਰਤ ਅਤੇ ਅਫਗਾਨਿਸਤਾਨ ਨੂੰ ਅਮਰੀਕਾ-ਈਰਾਨ ਨਾਲ ਗੱਲ ਕਰਨੀ ਚਾਹੀਦੀ।

ਅਟਾਰੀ ਵਾਲਾ ਵਾਲਾ ਬਾਰਡਰ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੈ, ਜਿੱਥੇ ਵਪਾਰ ਨਾਲ ਹਜ਼ਾਰਾਂ ਨੌਕਰੀਆਂ ਪੈਦਾ ਹੋਣਗੀਆਂ। ਅਫਗਾਨ ਫਲਾਂ-ਸਬਜ਼ੀਆਂ, ਸੁੱਕੇ ਮੇਵੇ ਅਤੇ ਹਸਤ ਸ਼ਿ ਕਲਾ ਵਸਤਾਂ ਸਿੱਧੇ ਆ ਸਕਣਗੀਆਂ, ਜਿਸ ਨਾਲ ਕੀਮਤਾਂ ਘਟਣਗੀਆਂ ਅਤੇ ਸਥਾਨਕ ਵਪਾਰੀਆਂ ਨੂੰ ਨਵੇਂ ਬਜ਼ਾਰ ਮਿਲਣਗੇ। ਪੰਜਾਬ ਦੀ ਆਰਥਿਕਤਾ ਨੂੰ ਹਲੂਣਾ ਮਿਲੇਗਾ। ਪਿਛਲੇ ਸਾਲਾਂ ਵਿੱਚ 162 ਅਫਗਾਨ ਟਰੱਕਾਂ ਨੂੰ ਵਿਸ਼ੇਸ਼ ਤੌਰ 'ਤੇ ਇਜਾਜ਼ਤ ਦਿੱਤੀ ਗਈ ਸੀ, ਜਿਸ ਨਾਲ ਲੱਖਾਂ ਰੁਪਏ ਦਾ ਵਪਾਰ ਹੋਇਆ। ਪੰਜਾਬ ਦੇ ਕਿਸਾਨਾਂ ਨੂੰ ਵੀ ਆਪਣੀਆਂ ਫਸਲਾਂ - ਜਿਵੇਂ ਗਲੋਬਲ ਬਾਜ਼ਾਰ ਵਿੱਚ ਭੇਜਣ ਦਾ ਰਾਹ ਮਿਲੇਗਾ। ਇਸ ਨਾਲ ਅਫਗਾਨਿਸਤਾਨ ਦੀ ਆਰਥਿਕਤਾ ਨੂੰ ਮਜ਼ਬੂਤੀ ਮਿਲੇਗੀ, ਜੋ ਅੱਤਵਾਦ ਨੂੰ ਰੋਕਣ ਵਿੱਚ ਵੀ ਮਦਦ ਕਰੇਗੀ। ਐਕਸਪਰਟ ਕਹਿੰਦੇ ਹਨ ਕਿ ਇਹ ਵਪਾਰ ਨਾਲ ਭਾਰਤ ਦੇ ਰਣਨੀਤਕ ਹਿੱਤ ਪੂਰੇ ਹੋਣਗੇ।

ਭਾਵੇਂ ਭਾਰਤ ਨੇ ਅਜੇ ਕੋਈ ਪੱਕਾ ਵਾਅਦਾ ਨਹੀਂ ਕੀਤਾ, ਪਰ ਜੈਸ਼ੰਕਰ ਨੇ ਕਿਹਾ ਕਿ "ਆਰਥਿਕ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਸਾਰੇ ਬਦਲ ਵਿਚਾਰੇ ਜਾਣਗੇ।" ਪਾਕਿਸਤਾਨ ਨਾਲ ਤਣਾਅ ਕਾਰਨ ਬਾਰਡਰ ਬੰਦ ਹੈ, ਪਰ ਅਫਗਾਨ ਵਪਾਰੀਆਂ ਲਈ ਵਿਸ਼ੇਸ਼ ਐਲਾਨ ਹੋ ਸਕਦਾ ਹੈ। ਐਕਸਪਰਟਾਂ ਅਨੁਸਾਰ, ਜੇਕਰ ਚਾਬਹਾਰ ਪੂਰਾ ਹੋ ਗਿਆ ਤਾਂ ਬਾਰਡਰ ਖੋਲ੍ਹਣ ਦੀ ਸੰਭਾਵਨਾ ਵਧੇਗੀ, ਕਿਉਂਕਿ ਇਹ ਪਾਕ ਨੂੰ ਬਾਈਪਾਸ ਕਰੇਗਾ। ਭਵਿੱਖ ਵਿੱਚ 2026 ਤੱਕ ਪੂਰਾ ਵਪਾਰ ਰੂਟ ਖੁੱਲ੍ਹ ਸਕਦਾ ਹੈ, ਜੇਕਰ ਰਾਜਨੀਤਿਕ ਸਥਿਤੀ ਸਥਿਰ ਰਹੀ।

ਹਾਲ ਦੀ ਘੜੀ ਅਫਗਾਨਿਸਤਾਨ ਦਾ ਪਾਕਿਸਤਾਨ ਨਾਲ ਤਣਾਅ ਛਿੜਿਆ ਹੋਇਆ ਹੈ। 9 ਅਕਤੂਬਰ ਨੂੰ ਪਾਕਿਸਤਾਨ ਨੇ ਕਾਬੁਲ ਅਤੇ ਪੂਰਬੀ ਅਫਗਾਨ ਵਿੱਚ ਹਵਾਈ ਹਮਲੇ ਕੀਤੇ, ਜਿਸ ਨੂੰ ਤਾਲਿਬਾਨ ਨੇ ਟੀਟੀਪੀ (ਤਹਿਰੀਕ-ਏ-ਤਾਲਿਬਾਨ ਪਾਕਿਸਤਾਨ) ਦੇ ਠਿਕਾਣਿਆਂ 'ਤੇ ਹਮਲਾ ਕੀਤਾ। ਪਾਕਿਸਤਾਨ ਨੇ ਅਫਗਾਨ ਭੂਮੀ 'ਤੇ ਅੱਤਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਲਗਾਇਆ। ਬਦਲੇ ਵਜੋਂ 11-12 ਅਕਤੂਬਰ ਨੂੰ ਅਫਗਾਨ ਤਾਲਿਬਾਨ ਨੇ ਡੂਰੰਡ ਲਾਈਨ (ਸਰਹੱਦ) 'ਤੇ ਪਾਕਿਸਤਾਨੀ ਚੌਕੀਆਂ 'ਤੇ ਹਮਲਾ ਕੀਤਾ। ਝੜਪਾਂ ਕੁਨਾਰ, ਨੰਗਰਹਾਰ, ਕੁਰਮ ਅਤੇ ਬਾਜ਼ੌਰ ਵਿੱਚ ਹੋਈਆਂ, ਜਿੱਥੇ ਭਾਰੀ ਹਥਿਆਰਾਂ ਅਤੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਹੋਈ।

ਅਫਗਾਨਿਸਤਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ 58 ਪਾਕਿਸਤਾਨੀ ਸੈਨਿਕ ਮਾਰੇ ਅਤੇ 25 ਚੌਕੀਆਂ 'ਤੇ ਕਬਜ਼ਾ ਕੀਤਾ, ਜਦਕਿ ਉਹਨਾਂ ਦੇ 9 ਹੀ ਹਲਾਕ ਹੋਏ। ਪਾਕਿਸਤਾਨ ਨੇ ਕਿਹਾ ਕਿ ਉਨ੍ਹਾਂ ਨੇ 200 ਤਾਲਿਬਾਨ ਅਤੇ ਅੱਤਵਾਦੀਆਂ ਨੂੰ ਮਾਰਿਆ, ਪਰ ਉਹਨਾਂ ਦੇ 23 ਸੈਨਿਕ ਮਰੇ ਅਤੇ 29 ਜ਼ਖ਼ਮੀ ਹੋਏ। ਇਸ ਕਾਰਣ ਦੋਹਾਂ ਦੇਸਾਂ ਦੀ ਸਰਹੱਦ ਬੰਦ ਹੋ ਗਈ, ਜਿਸ ਨਾਲ ਵਪਾਰ ਰੁਕ ਗਿਆ ਅਤੇ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਹਨ। ਤਾਲਿਬਾਨ ਦੀ ਗੋਰੀਲਾ ਰਣਨੀਤੀ (ਪਹਾੜੀ ਇਲਾਕਿਆਂ ਵਿੱਚ ਛਾਪੇਮਾਰੀ) ਨੇ ਪਾਕਿਸਤਾਨ ਨੂੰ ਡਰਾਇਆ ਹੋਇਆ ਹੈ। ਹਾਲਾਂਕਿ ਪਾਕਿ ਦੀ ਹਵਾਈ ਤਾਕਤ ਮਜਬੂਤ ਹੈ।

ਕਤਰ ਅਤੇ ਸਊਦੀ ਅਰਬ ਦੀ ਵਿਚੋਲਗਿਰੀ ਕਾਰਣ ਅਫਗਾਨਿਸਤਾਨ ਨੇ 12 ਅਕਤੂਬਰ ਨੂੰ ਆਪ੍ਰੇਸ਼ਨ ਰੋਕ ਦਿੱਤਾ ਸੀ। ਮੁੱਤਕੀ ਨੇ ਕਿਹਾ, "ਅਸੀਂ ਸ਼ਾਂਤੀ ਚਾਹੁੰਦੇ ਹਾਂ, ਪਰ ਜੇਕਰ ਨਹੀਂ ਤਾਂ ਹੋਰ ਬਦਲ ਸਾਡੇ ਕੋਲ ਹਨ।"

ਪਾਕਿਸਤਾਨ ਭਾਰਤ-ਅਫਗਾਨ ਦੇ ਗੱਠਜੋੜ ਤੋਂ ਔਖਾ ਹੈ ਜਿਸ ਵਿੱਚ ਜੰਮੂ-ਕਸ਼ਮੀਰ ਨੂੰ ਭਾਰਤ ਦਾ ਅਭਿੰਨ ਅੰਗ ਕਿਹਾ ਗਿਆ। ਇਸਲਾਮਾਬਾਦ ਨੇ ਅਫਗਾਨ ਰਾਜਦੂਤ ਨੂੰ ਤਲਬ ਕੀਤਾ ਅਤੇ ਕਿਹਾ, "ਇਹ ਯੂਐੱਨ ਰੈਜ਼ੋਲੂਸ਼ਨਾਂ ਦੀ ਉਲੰਘਣਾ ਹੈ।" ਪਾਕਿ ਨੇ ਕਿਹਾ ਕਿ ਅਫਗਾਨ ਭੂਮੀ ਅੱਤਵਾਦੀਆਂ ਦਾ ਕੇਂਦਰ ਬਣ ਗਈ ਹੈ। ਇਹ ਸਭ ਮੁੱਤਕੀ ਦੀ ਯਾਤਰਾ ਨਾਲ ਜੁੜਿਆ ਹੈ, ਜੋ ਪਾਕਿ ਨੂੰ ਭਾਰਤ-ਅਫਗਾਨ ਨੇੜਤਾ ਤੋਂ ਡਰਾਉਂਦਾ ਹੈ।

# ਖਾਂਸੀ ਦੀ ਦਵਾਈ ਬਣਾਉਣ ਵਾਲੀ ਕੰਪਨੀ ਉਪਰ ਪਾਬੰਦੀ

## ✪ ਤਾਮਿਲਨਾਡੂ ਸਰਕਾਰ ਨੇ ਰੱਦ ਕੀਤਾ ਲਾਇਸੈਂਸ

ਚੇਨਈ-ਕੋਲਡਰਿਫ ਕਫ ਸਿਰਪ ਨਾਲ ਹੋਈਆਂ ਮੌਤਾਂ ਤੋਂ ਬਾਅਦ, ਤਾਮਿਲਨਾਡੂ ਸਰਕਾਰ ਨੇ ਵੱਡੀ ਕਾਰਵਾਈ ਕੀਤੀ ਹੈ। ਖੰਘ ਦੀ ਦਵਾਈ ਬਣਾਉਣ ਵਾਲੀ ਕੰਪਨੀ ਸ੍ਰੀਸਨ ਫਾਰਮਾਸਿਊਟੀਕਲ ਕੰਪਨੀ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ। ਇਸ ਖੰਘ ਦੀ ਦਵਾਈ ਖਾਣ ਨਾਲ ਇਕੱਲੇ ਮੱਧ ਪ੍ਰਦੇਸ਼ ਵਿੱਚ 22 ਬੱਚਿਆਂ ਦੀ ਮੌਤ ਹੋ ਗਈ ਹੈ। ਤਾਮਿਲਨਾਡੂ ਡਰੱਗਜ਼ ਕੰਟਰੋਲ ਵਿਭਾਗ ਨੇ ਕੰਪਨੀ ਵਿਰੁੱਧ ਇਹ ਸਖ਼ਤ ਕਾਰਵਾਈ ਕੀਤੀ ਹੈ। ਰਾਜ ਸਿਹਤ ਵਿਭਾਗ ਦੇ ਅਨੁਸਾਰ, ਜਾਂਚ ਪੂਰੀ ਹੋਣ ਤੋਂ ਬਾਅਦ ਕੰਪਨੀ ਨੂੰ ਰਸਮੀ ਤੌਰ 'ਤੇ ਬੰਦ ਕਰ ਦਿੱਤਾ ਗਿਆ ਹੈ। ਕੋਲਡਰਿਫ ਕਫ ਸਿਰਪ ਵਿੱਚ ਡਾਈਥਾਈਲੀਨ ਗਲਾਈਕੋਲ ਦੀ ਜ਼ਿਆਦਾ ਮਾਤਰਾ ਦੇ ਸੰਕੇਤ ਹਨ।

ਤਾਮਿਲਨਾਡੂ ਸਰਕਾਰ ਨੇ ਰਾਜ ਦੀਆਂ ਸਾਰੀਆਂ ਦਵਾਈ ਕੰਪਨੀਆਂ ਦੀ ਜਾਂਚ ਦੇ ਹੁਕਮ ਦਿੱਤੇ ਹਨ। ਅਦਾਲਤ ਨੇ ਸਰੀਸਨ ਕੰਪਨੀ ਦੇ ਮਾਲਕ ਰੰਗਨਾਥਨ ਨੂੰ ਵੀ 10 ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਮੱਧ ਪ੍ਰਦੇਸ਼ ਵਿਸ਼ੇਸ਼ ਜਾਂਚ ਟੀਮ ਨੇ 9 ਅਕਤੂਬਰ ਨੂੰ ਰੰਗਨਾਥਨ ਨੂੰ ਗ੍ਰਿਫ਼ਤਾਰ ਕੀਤਾ ਸੀ। ਤਾਮਿਲਨਾਡੂ ਸਰਕਾਰ ਨੇ ਦੋ ਸੀਨੀਅਰ ਡਰੱਗ ਇੰਸਪੈਕਟਰਾਂ ਨੂੰ ਵੀ ਮੁਅੱਤਲ ਕਰ ਦਿੱਤਾ ਹੈ। ਇਹ ਧਿਆਨ ਦੇਣ ਯੋਗ ਹੈ ਕਿ ਮੱਧ ਪ੍ਰਦੇਸ਼ ਵਿੱਚ 22 ਬੱਚਿਆਂ ਦੀ ਮੌਤ ਤੋਂ ਬਾਅਦ, ਕੋਲਡਰਿਫ ਕਫ ਸਿਰਪ 'ਤੇ ਕਈ ਰਾਜਾਂ ਵਿੱਚ ਪਾਬੰਦੀ ਲਗਾ ਦਿੱਤੀ ਗਈ ਸੀ। ਮੱਧ ਪ੍ਰਦੇਸ਼ ਸਰਕਾਰ ਨੇ ਮਾਮਲੇ ਦੀ ਜਾਂਚ ਲਈ ਇੱਕ ਸਿਟ ਬਣਾਈ ਸੀ। ਹਾਲਾਂਕਿ, ਕੋਲਡਰਿਫ ਬਣਾਉਣ ਵਾਲੀ ਕੰਪਨੀ ਦਾ ਤਾਮਿਲਨਾਡੂ ਵਿੱਚ ਇੱਕ ਪਲਾਂਟ ਹੈ।

# ਪਾਕਿ ਡਰੋਨ, ਹਥਿਆਰ ਤੇ ਇਕ ਐਕਟਿਵਾ ਹਥਿਆਰ ਸਮੇਤ ਦੋ ਦੋਸ਼ੀ ਗ੍ਰਿਫ਼ਤਾਰ

## ✪ ਪੰਜਾਬ ਵਿਚ ਗੈਂਗਸਟਰਾਂ ਨੂੰ ਕਰਦੇ ਸਨ ਸਪਲਾਈ

ਅੰਮ੍ਰਿਤਸਰ-ਦਿਹਾਤੀ ਪੁਲਿਸ ਦੇ ਸੀਆਈਏ ਸਟਾਫ ਨੇ ਬੀਤੇ ਦਿਨੀਂ ਪਾਕਿਸਤਾਨ ਤੋਂ ਮੰਗਵਾਏ ਹਥਿਆਰਾਂ ਦੀ ਤਸਕਰੀ ਵਿਚ ਸ਼ਾਮਲ ਇਕ ਗਿਰੋਹ ਦੇ ਦੋ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਤੋਂ ਇਕ ਪਿਸਤੌਲ, ਇਕ ਮੈਗਜ਼ੀਨ, ਦੋ ਕਾਰਤੂਸ, ਇਕ ਡਰੋਨ ਅਤੇ ਇਕ ਐਕਟਿਵਾ ਬਰਾਮਦ ਕੀਤਾ ਗਿਆ ਹੈ ਅਤੇ ਘਰਿੰਡਾ ਪੁਲਿਸ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ। ਐਸਐਸਪੀ ਮਨਿੰਦਰ ਸਿੰਘ ਨੇ ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਰੋੜਾਂਵਾਲਾ ਪਿੰਡ ਦੇ ਰਹਿਣ ਵਾਲੇ ਰੋਹਿਤ ਅਤੇ ਅਟਾਰੀ ਦੇ ਰਹਿਣ ਵਾਲੇ ਸਾਜਨ ਵਜੋਂ ਕੀਤੀ ਹੈ। ਗ੍ਰਿਫ਼ਤਾਰੀ ਤੋਂ ਪਹਿਲਾਂ ਮੁਲਜ਼ਮ ਪਾਕਿਸਤਾਨ ਤੋਂ ਡਰੋਨ ਰਾਹੀਂ ਹਥਿਆਰ ਮੰਗਵਾਉਣ ਲਈ ਆਪਣੇ ਮੋਬਾਈਲ ਫੋਨਾਂ ਦੀ ਵਰਤੋਂ ਕਰ ਰਹੇ ਸਨ। ਰੋਹਿਤ ਅਤੇ ਸਾਜਨ ਨੇ ਪੰਜਾਬ ਵਿਚ ਗੈਂਗਸਟਰਾਂ ਨੂੰ ਇਹ ਪਿਸਤੌਲ ਸਪਲਾਈ ਕਰਨ ਦੀ ਗੱਲ ਕਬੂਲ ਕੀਤੀ।

# ਸੰਪਾਦਕੀ

**ਵਿਚਾਰ :–** ਭੁੱਖ ਵਿਚ ਸਬਰ ਨਹੀਂ ਮਿਲਦਾ ਤੇ ਦਿਲ ਦੀ ਸ਼ਾਂਤੀ ਗਰੀਬੀ ਵਿਚ ਅਸੰਭਵ ਹੈ ।



ਰਜਿੰਦਰ ਸਿੰਘ ਪੁਰੇਵਾਲ

## ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ: ਅਕਾਲ ਤਖ਼ਤ ਦਾ ਫੈਸਲਾ ਅਤੇ ਪੰਥਕ ਜਾਗਰੂਕਤਾ ਦੀ ਲੋੜ

ਹਾਲ ਹੀ ਵਿੱਚ ਜੰਮੂ ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਦੇ ਕੌਲਪੁਰ ਪਿੰਡ ਵਿਖੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ ਪੰਜ ਪਾਵਨ ਸਰੂਪਾਂ ਨੂੰ ਅਗਨ ਭੇਟ ਕਰਕੇ ਬੇਅਦਬੀ ਕੀਤੀ ਗਈ, ਜਿਸ ਨਾਲ ਸਥਾਨਕ ਸੰਗਤ ਵਿੱਚ ਭਾਰੀ ਰੋਸ ਪੈਦਾ ਹੋ ਗਿਆ। ਇਸ ਮਾਮਲੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਤਿੰਨ ਮੈਂਬਰੀ ਕਮੇਟੀ ਗਠਿਤ ਕੀਤੀ ਹੈ। ਇਸ ਵਿੱਚ ਸ਼੍ਰੋਮਣੀ ਕਮੇਟੀ ਦੇ ਅੰਤਰੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲਾ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਸੁਖਵਰਸ਼ ਸਿੰਘ ਪੰਨੂ ਅਤੇ ਜੰਮੂ ਕਸ਼ਮੀਰ ਸਿੱਖ ਮਿਸ਼ਨ ਦੇ ਇੰਚਾਰਜ ਭਾਈ ਹਰਭਿੰਦਰ ਸਿੰਘ ਸ਼ਾਮਲ ਹਨ। ਇਹ ਕਮੇਟੀ ਦੀ ਜ਼ਿੰਮੇਵਾਰੀ ਹੈ ਕਿ ਗੁਰਦੁਆਰੇ ਦੇ ਪ੍ਰਬੰਧਾਂ ਨੂੰ ਪੁਖ਼ਤਾ ਬਣਾਏ, ਨਵੀਂ ਅੰਮ੍ਰਿਤਧਾਰੀ ਪ੍ਰਬੰਧਕ ਕਮੇਟੀ ਗਠਿਤ ਕਰੇ ਅਤੇ ਸੰਗਤ ਦੀਆਂ ਭਾਵਨਾਵਾਂ ਅਨੁਸਾਰ ਪ੍ਰਕਾਸ਼ ਮੁੜ ਸ਼ੁਰੂ ਕਰਵਾਏ। ਜਥੇਦਾਰ ਨੇ ਸਪੱਸ਼ਟ ਕਿਹਾ ਹੈ ਕਿ ਇਹ ਕਾਰਵਾਈ ਜਲਦੀ ਮੁਕੰਮਲ ਕਰਕੇ ਰਿਪੋਰਟ ਅਕਾਲ ਤਖ਼ਤ ਨੂੰ ਭੇਜੀ ਜਾਵੇਗੀ। ਇਸ ਘਟਨਾ ਨਾਲ ਜੁੜਿਆ ਇੱਕ ਹੋਰ ਮਹਤਵਪੂਰਣ ਪਹਿਲੂ ਹੈ ਬੇਅਦਬੀ ਦੋਸ਼ੀ ਦੇ ਘਰ ਨੂੰ ਅੱਗ ਲਗਾਉਣਾ। ਜੰਮੂ ਵਿੱਚ ਇਹ ਵਾਕਵੀ ਇਸ ਬੇਅਦਬੀ ਨੇ ਸੰਗਤ ਵਿੱਚ ਗੁੱਸਾ ਵਧਾ ਦਿੱਤਾ ਸੀ। ਰੋਸ ਵਿੱਚ ਭਰੀ ਸੰਗਤ ਨੇ ਦੋਸ਼ੀ ਦੇ ਘਰ ਨੂੰ ਫੂਕ ਤੋਂ ਤਬਾਹ ਕਰ ਦਿੱਤਾ। ਇਸ ਤੋਂ ਸਪਸ਼ਟ ਹੈ ਕਿ ਸਰਕਾਰ ਅਜੇ ਤਕ ਬੇਅਦਬੀਆਂ ਨੂੰ ਕੰਟਰੋਲ ਨਹੀਂ ਕਰ ਸਕੀ ,ਜਿਸ ਕਾਰਣ ਸੰਗਤ ਵਿਚ ਗੁਸਾ ਤੇ ਰੋਸ ਵਧ ਰਿਹਾ ਹੈ।

## ਇਟਲੀ ਵਿੱਚ ਬੁਰਕੇ ’ਤੇ ਪਾਬੰਦੀ: ਮੇਲੋਨੀ ਸਰਕਾਰ ਦਾ ਵਿਵਾਦਤ ਫੈਸਲਾ

ਇਟਲੀ ਦੀ ਜਾਰਜੀਆ ਮੇਲੋਨੀ ਸਰਕਾਰ ਨੇ ਇੱਕ ਵੱਡਾ ਅਤੇ ਵਿਵਾਦਤ ਕਦਮ ਚੁੱਕਦਿਆਂ ਦੇਸ਼ ਭਰ ਵਿੱਚ ਬੁਰਕੇ ਅਤੇ ਨਕਾਬ ’ਤੇ ਪਾਬੰਦੀ ਲਗਾਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਸੱਤਾਧਾਰੀ ਪਾਰਟੀ ‘ਬ੍ਰਦਰਜ਼ ਆਫ਼ ਇਟਲੀ’ ਨੇ ਐਲਾਨ ਕੀਤਾ ਹੈ ਕਿ ਉਹ ਸਾਰੇ ਜਨਤਕ ਸਥਾਨਾਂ ’ਤੇ ਚਿਹਰਾ ਅਤੇ ਸਰੀਰ ਢਕਣ ਵਾਲੇ ਪਹਿਰਾਵੇ ’ਤੇ ਰੋਕ ਲਗਾਉਣ ਵਾਲਾ ਕਾਨੂੰਨ ਪੇਸ਼ ਕਰੇਗੀ। ਇਸ ਨੂੰ ਪਾਰਟੀ ਨੇ ‘ਇਸਲਾਮੀ ਅਲੱਗਵਾਦ’ ਵਿਰੁੱਧ ਜ਼ਰੂਰੀ ਕਦਮ ਦੱਸਿਆ ਹੈ। ਇਸ ਬਿੱਲ ਦੇ ਮੁੱਖ ਯੋਜਨਾਕਾਰ ਸੰਸਦ ਮੈਂਬਰ ਐਂਡੀਆ ਡੇਲਮਾਸਟਰੋ ਨੇ ਫੇਸਬੁੱਕ ’ਤੇ ਲਿਖਿਆ ਕਿ ਧਾਰਮਿਕ ਆਜ਼ਾਦੀ ਪਵਿੱਤਰ ਹੈ, ਪਰ ਇਸ ਦੀ ਵਰਤੋਂ ਇਟਲੀ ਦੇ ਸੰਵਿਧਾਨ ਅਤੇ ਸਿਧਾਂਤਾਂ ਦਾ ਸਤਿਕਾਰ ਕਰਦਿਆਂ ਹੀ ਹੋਣੀ ਚਾਹੀਦੀ।

ਇਸ ਪ੍ਰਸਤਾਵਿਤ ਕਾਨੂੰਨ ਅਨੁਸਾਰ, ਦੁਕਾਨਾਂ, ਸਕੂਲਾਂ, ਦਫ਼ਤਰਾਂ ਅਤੇ ਹੋਰ ਜਨਤਕ ਸਥਾਨਾਂ ’ਤੇ ਚਿਹਰਾ ਢਕਣ ਵਾਲੇ ਕੱਪੜਿਆਂ ’ਤੇ ਪੂਰਨ ਪਾਬੰਦੀ ਹੋਵੇਗੀ। ਜੇਕਰ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ 300 ਤੋਂ 3000 ਯੂਰੋ ਤੱਕ ਦਾ ਜੁਰਮਾਨਾ ਲੱਗ ਸਕਦਾ ਹੈ। ਮੇਲੋਨੀ ਸਰਕਾਰ ਨੇ ਦੇਸ਼ ਵਿੱਚ ਵਧਦੇ ‘ਇਸਲਾਮੀਕਰਨ’ ਦਾ ਦੋਸ਼ ਲਗਾਇਆ ਹੈ ਅਤੇ ਇਸਲਾਮੀ ਪ੍ਰਤੀਕਾਂ ਦੇ ਜਨਤਕ ਪ੍ਰਦਰਸ਼ਨ ਨੂੰ ਸਭਿਆਚਾਰਕ ਅਲੱਗਵਾਦ ਦੱਸਿਆ ਹੈ। ਨਾਲ ਹੀ, ਇਸ ਬਿੱਲ ਵਿੱਚ ਮਸਜਿਦਾਂ ਦੀ ਫੰਡਿੰਗ ’ਤੇ ਨਿਯੰਤਰਣ ਅਤੇ ਜਬਰੀ ਵਿਆਹਾਂ ਵਿਰੁੱਧ ਸਖ਼ਤੀ ਦੇ ਪ੍ਰਬੰਧ ਵੀ ਸ਼ਾਮਲ ਹਨ। ਪਾਰਟੀ ਦੀ ਪ੍ਰਵਾਸ ਨੀਤੀ ਮੁਖੀ ਸਾਰਾ ਮੇਲਾਨੀ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਇਹ ਕਾਨੂੰਨ ਇਟਲੀ ਦੇ ਮੁੱਲਾਂ ’ਤੇ ਅਧਾਰਿਤ ਹੈ ਅਤੇ ਦੇਸ਼ ਦੇ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰੇਗਾ।

ਇਟਲੀ ਦਾ ਇਹ ਫੈਸਲਾ ਫਰਾਂਸ ਤੋਂ ਪ੍ਰੇਰਿਤ ਹੈ, ਜਿਸ ਨੇ 2011 ਵਿੱਚ ਬੁਰਕੇ ’ਤੇ ਪਾਬੰਦੀ ਲਗਾਈ ਸੀ। ਇਸ ਤੋਂ ਬਾਅਦ ਬੈਲਜੀਅਮ, ਡੈਨਮਾਰਕ, ਸਵਿਟਜ਼ਰਲੈਂਡ ਵਰਗੇ ਦੇਸ਼ਾਂ ਨੇ ਵੀ ਅਜਿਹੇ ਕਦਮ ਚੁੱਕੇ। ਇਟਲੀ ਵਿੱਚ 1975 ਦਾ ਇੱਕ ਕਾਨੂੰਨ ਪਹਿਲਾਂ ਹੀ ਜਨਤਕ ਸਥਾਨਾਂ ’ਤੇ ਚਿਹਰਾ ਢਕਣ ’ਤੇ ਰੋਕ ਲਗਾਉਂਦਾ ਹੈ, ਪਰ ਉਸ ਵਿੱਚ ਬੁਰਕੇ ਦਾ ਜ਼ਿਕਰ ਨਹੀਂ। ਨਵਾਂ ਬਿੱਲ ਇਸ ਨੂੰ ਸਪੱਸ਼ਟ ਅਤੇ ਸਖ਼ਤ ਕਰੇਗਾ।

ਇਹ ਫੈਸਲਾ ਵਿਵਾਦਤ ਹੈ ਕਿਉਂਕਿ ਇਹ ਧਾਰਮਿਕ ਆਜ਼ਾਦੀ ਅਤੇ ਵਿਅਕਤੀਗਤ ਅਧਿਕਾਰਾਂ ’ਤੇ ਸਵਾਲ ਉਠਾਉਂਦਾ ਹੈ। ਮੁਸਲਿਮ ਔਰਤਾਂ ਲਈ ਬੁਰਕਾ ਧਾਰਮਿਕ ਅਤੇ ਸਭਿਆਚਾਰਕ ਪਛਾਣ ਦਾ ਹਿੱਸਾ ਹੈ, ਅਤੇ ਇਸ ’ਤੇ ਪਾਬੰਦੀ ਨੂੰ ਅਧਿਕਾਰਾਂ ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। ਦੂਜੇ ਪਾਸੇ, ਮੇਲੋਨੀ ਸਰਕਾਰ ਦਾ ਮੰਨਣਾ ਹੈ ਕਿ ਇਹ ਦੇਸ਼ ਦੀ ਸੁਰੱਖਿਆ ਅਤੇ ਸਭਿਆਚਾਰਕ ਏਕਤਾ ਲਈ ਜ਼ਰੂਰੀ ਹੈ। ਇਹ ਮੁੱਦਾ ਯੂਰਪ ਵਿੱਚ ਵਧਦੀ ਸਿਆਸੀ ਤਣਾਅ ਦਾ ਪ੍ਰਤੀਕ ਹੈ, ਜਿੱਥੇ ਪ੍ਰਵਾਸ ਅਤੇ ਬਹੁ-ਸਭਿਆਚਾਰਕਤਾ ’ਤੇ ਬਹਿਸ ਤਿੱਖੀ ਹੋ ਰਹੀ ਹੈ।

ਇਸ ਪਾਬੰਦੀ ਨਾਲ ਇਟਲੀ ਦੀ ਮੁਸਲਿਮ ਭਾਈਚਾਰੇ ’ਤੇ ਡੂੰਘਾ ਅਸਰ ਪਵੇਗਾ। ਸਵਾਲ ਇਹ ਹੈ ਕਿ ਕੀ ਇਹ ਕਾਨੂੰਨ ਸੱਚਮੁੱਚ ਸਭਿਆਚਾਰਕ ਏਕਤਾ ਲਿਆਵੇਗਾ ਜਾਂ ਵੰਡੀਆਂ ਨੂੰ ਹੋਰ ਡੂੰਘਾ ਕਰੇਗਾ ? ਸਰਕਾਰ ਨੂੰ ਸੰਵੇਦਨਸ਼ੀਲਤਾ ਨਾਲ ਕੰਮ ਕਰਨ ਦੀ ਲੋੜ ਹੈ ਤਾਂ ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਸਮੇਂ ਦੱਸੇਗਾ ਕਿ ਇਹ ਕਾਨੂੰਨ ਇਟਲੀ ਦੀ ਸਮਾਜਿਕ ਸਦਭਾਵਨਾ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

# NEWS & VIEWS

## GURDWARAS ARE *SANGAT* INSTITUTIONS; NOT COMMERCIAL BUSINESSES



Gurmukh Singh OBE

Following recent elections, the *sewa* of Sri Guru Singh Sabha, Southall, has been taken over by another management team. At such times, we need to remind ourselves of the Gurmat-based purpose of Gurdwaras. It is clearly stated under the heading of ਗੁਰਦੁਆਰੇ (*Gurudoaray*) in the *Sikh Rehet Maryada,* researched and collated on the basis of Gurmat tradition by Gursikh scholars of the time.

To quote one example: *According to Reht Maryada (1998, page 15), only one thing should be done at one time: Kirtan – holy singing, Katha - preaching, or Gurbani recitation. At one and the same time two different things cannot be carried out.* Another provision is that *no book should be installed like and at par with the Guru Granth.*

The institution of the Gurdwara has a long history and tradition going back to Guru Nanak Dev Ji at Kartarpur Sahib. A Gurdwara should provide and promote non-discriminatory *sangat-pangat* spiritual environment of Naam meditation. There is no distinction in the Gurdwara of *ooch-neech,* high and low.

The institution of the Langar is an essential part of Gurmat teaching. It teaches equality, sharing and sewa. It is a visible manifestation of human equality where all share the same food at the same level. After much debate, chairs, essentially for those in need, tables where one can stand and, of course, the traditional *pangat* on the floor, have become accepted practice. The Gurdwara is a Sikhi learning centre managed by committees, selected or elected by Sangats. However, appointment of committees should not change the basic Sikhi principle that a Gurdwara belongs to the Guru and the Sangat. In this respect, there is no reason why, after selection or the less preferrable voting and election procedure, all should not be invited to serve in supporting or co-opted roles with the new committee. As a Sikh community as well as a *Miri-Piri Panthic* centre, the Gurdwara today needs multiple skills. Every Sikh has the Guru-given right to do *sewa* in various and wide-ranging capacities.

Having lived close to Sri Guru Singh Sabha, Southall, for over 60 years, I recognise many well-qualified sewadars in the outgoing committee. The Sangat has a right to do sewa to complement the skills available to the next management team. The need is for Sikhi humility in all concerned. No one wins or loses *elections* to do sewa in a Gurdwara.

In addition to Gurmat-based guidance regarding procedure in a Gurdwara given in the *Sikh Reht Maryada*, which should be constantly referred to, later supporting publications by authors and organisations take account of more recent developments, including legal requirements and facilities which should be provided for those in physical need*. Above all, the original Sikhi egalitarian principles and spirituality should take priority.

In this context, I am less certain about a Langar hall divided into *special food catering areas designated for guests at Anand Karaj* and langar food for Sangat. It is for Sangats to consider if this practice of Langar hall division into special and Sangat areas seen in recent times, is in line with Gurmat practice. Multiple *Akhand Paatths* in the Darbar hall too can be re-considered in the light of Gurmat.

Admittedly, such special arrangements attract more revenue for the Gurwara but Gurmat practice should be the main theme. Ultimately, profit and loss considerations are in the hands of the Guru and the Sangat.

*Related publication:

Gurdwara, The Sikh House of Worship - Discipline and Procedures

Gurmukh Singh OBE, Ret'd Principal Civil Servant (UK) sewauk2005@yahoo.co.uk

# ਸ: ਗੁਰਮੇਲ ਸਿੰਘ ਮੱਲੀ ਸਰਬਸੰਮਤੀ ਨਾਲ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਬਣੇ

## 13 ਅਕਤੂਬਰ 2025 ਦਿਨ ਸੋਮਵਾਰ ਨੂੰ ਸੰਭਾਲਿਆ ਪ੍ਰਬੰਧ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਵਿੱਚ ਸ਼ੇਰ ਗਰੁੱਪ ਦੇ ਸਾਰੇ 21 ਮੈਂਬਰਾਂ ਦੀ ਜਿੱਤ ਤੋਂ ਬਾਅਦ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਸ: ਗੁਰਮੇਲ ਸਿੰਘ ਮੱਲੀ ਨੂੰ ਪ੍ਰਧਾਨ ਚੁਣ ਲਿਆ ਗਿਆ। ਸ: ਗੁਰਮੇਲ ਸਿੰਘ ਮੱਲੀ ਵਾਲੀ ਨਵੀਂ ਕਮੇਟੀ ਨੂੰ ਸ: ਹਿੰਮਤ ਸਿੰਘ ਸੋਹੀ ਵਾਲੀ ਪੁਰਾਣੀ ਪ੍ਰਬੰਧਕ ਕਮੇਟੀ ਵੱਲੋਂ ਸੋਮਵਾਰ ਨੂੰ ਸਭਾ ਦਾ ਪ੍ਰਬੰਧ ਵੀ ਸੌਂਪ ਦਿੱਤਾ ਗਿਆ ਹੈ। ਲੰਘੇ ਐਤਵਾਰ ਨੂੰ ਸ਼ੇਰ ਗਰੁੱਪ ਵੱਲੋਂ ਸ਼ੁਕਰਾਨਾ ਸਮਾਗਮ ਕਰਵਾਏ ਗਏ ਅਤੇ ਗੁਰ-ਦੁਆਰਾ ਪਾਰਕ ਐਵੇਨਿਊ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਭਾ ਦੀ ਚੜ੍ਹਦੀ ਕਲਾ ਲਈ ਸ਼ੁਕਰਾਨਾ ਅਰਦਾਸ ਹੋਈ ਅਤੇ ਗੁਰੂ ਘਰ ਦੇ ਰਾਗੀ ਜੱਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਕਾਰਵਾਈ ਨਿਭਾਉਂਦਿਆਂ ਸ: ਮਨਜੀਤ ਸਿੰਘ ਨੇ ਸ: ਗੁਰਮੇਲ ਸਿੰਘ ਮੱਲੀ ਨੂੰ ਪ੍ਰਧਾਨ ਚੁਣੇ ਜਾਣ ਦਾ ਐਲਾਨ ਕੀਤਾ ਅਤੇ ਸੰਗਤਾਂ ਦੇ ਜੈਕਾਰਿਆਂ ਦੀ ਗੂੰਜ ਵਿੱਚ ਸ਼ੇਰ ਗਰੁੱਪ ਦੇ ਚੇਅਰਮੈਨ ਦੀਦਾਰ ਸਿੰਘ ਰੰਧਾਵਾ, ਟਰੱਸਟੀ ਅਮਰਜੀਤ ਸਿੰਘ ਦਾਸਨ, ਗੁਰਪ੍ਰਤਾਪ ਸਿੰਘ ਢਿੱਲੋਂ, ਮਲਕੀਤ ਸਿੰਘ ਗਰੇਵਾਲ ਅਤੇ ਗੁਰੂ ਨਾਨਕ ਦਰਬਾਰ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਸ: ਗੁਰਮੇਲ ਸਿੰਘ ਮੱਲੀ ਨੂੰ ਸਰੋਪਾਓ ਦੇ ਕੇ ਸੇਵਾ ਸੰਭਾਲ ਦੀ ਜਿੰਮੇਵਾਰੀ ਸੌਂਪੀ। ਸ: ਮੱਲੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਆਪਣੇ ਸਾਥੀ ਮੈਂਬਰਾਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਿੰਘ ਸਭਾ ਦੀ ਚੜ੍ਹਦੀ ਕਲਾ ਲਈ ਸੇਵਾਵਾਂ ਨਿਭਾਉਣਗੇ। ਉਹਨਾਂ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਨਵੇਂ ਚੁਣੇ ਗਏ ਮੈਂਬਰਾਂ ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ, ਸੁਰਿੰਦਰ ਸਿੰਘ ਢੱਟ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਕਿਰਨਜੀਤ ਕੌਰ, ਸ਼ਰਨਬੀਰ ਸਿੰਘ ਮੁਨ ਸੰਘਾ, ਜੈ ਸਿਮਰਨ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਕੇਵਲ ਸਿੰਘ ਰਣਦੇਵਾ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ ਦਾ ਵੀ ਸਨਮਾਨ ਕੀਤਾ ਗਿਆ।




ਗੁਰਮੇਲ ਸਿੰਘ ਮੱਲੀ ਨੂੰ ਮੁੱਖ ਸੇਵਾਦਾਰ ਦੀ ਜ਼ਿੰਮੇਵਾਰੀ ਸੌਂਪਦੇ ਹੋਏ ਸਿੱਖ ਆਗੂ

ਨਵੇਂ ਪ੍ਰਬੰਧ ਵੱਲੋਂ ਸ: ਗੁਰਮੇਲ ਸਿੰਘ ਮੱਲੀ ਤੋਂ ਇਲਾਵਾ ਹਰਜੀਤ ਸਿੰਘ ਸਰਪੰਚ, ਗੁਰਪ੍ਰਤਾਪ ਸਿੰਘ ਢਿਲੋਂ, ਗੁਰਬਚਨ ਸਿੰਘ ਅਟਵਾਲ, ਬਲਵਿੰਦਰ ਸਿੰਘ ਪੱਟੀ, ਅਮਰਜੀਤ ਸਿੰਘ ਢਿੱਲੋਂ ਆਦਿ ਨੇ ਸੰਬੋਧਨ ਕਰਦਿਆਂ ਸੰਗਤਾਂ ਦਾ ਧੰਨਵਾਦ ਕੀਤਾ। ਬਲਵਿੰਦਰ ਸਿੰਘ ਪੱਟੀ ਨੇ ਚੋਣਾਂ ਦੌਰਾਨ ਉਹਨਾਂ ਦੇ ਪ੍ਰੀਵਾਰ ਵਿਰੁੱਧ ਫਰਜ਼ੀ ਫੋਨਾਂ ਤੋਂ ਕੀਤੇ ਗਏ ਗਲਤ ਪ੍ਰਚਾਰ ਦੀ ਸਖ਼ਤ ਨਿੰਦਾ ਕੀਤੀ।

ਗੁਰਦੁਆਰਾ ਸਾਹਿਬ ਵੱਲੋਂ ਸ਼ੇਰ ਗਰੁੱਪ ਦੇ ਹਮਾਇਤੀਆਂ ਅਤੇ ਹੋਰ ਸੇਵਾਦਾਰਾਂ ਦਾ ਸਨਮਾਨ ਕੀਤਾ ਗਿਆ। ਆਖਿਰ ਵਿੱਚ ਚੇਅਰਮੈਨ ਦੀਦਾਰ ਸਿੰਘ ਰੰਧਾਵਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

# 13 ਅਕਤੂਬਰ 2025 ਦਿਨ ਸੋਮਵਾਰ ਨੂੰ ਸੰਭਾਲਿਆ ਪ੍ਰਬੰਧ, ਸਾਬਕਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਰਿਪੋਰਟ ਅਨੁਸਾਰ ਸਭਾ ਕੋਲ ਹਨ 22 ਲੱਖ 98 ਹਜ਼ਾਰ 7 ਸੌ 32 ਪੌਂਡ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਥਕ ਗਰੁੱਪ ਦੀ ਪ੍ਰਬੰਧਕ ਕਮੇਟੀ ਵੱਲੋਂ ਚੋਣਾਂ ਤੋਂ ਬਾਅਦ ਨਵੇਂ ਚੁਣੇ ਪ੍ਰਬੰਧ ਨੂੰ 13 ਅਕਤੂਬਰ 2025 ਦਿਨ ਸੋਮਵਾਰ ਨੂੰ ਪ੍ਰਬੰਧ ਸੌਂਪ ਦਿੱਤਾ ਹੈ। ਪ੍ਰਬੰਧ ਸੌਂਪਣ ਦੇ ਨਾਲ ਹੀ ਸਾਬਕਾ ਪ੍ਰਧਾਨ ਹਿੰਮਤ ਸਿੰਘ ਸੋਹੀ ਅਤੇ ਸਾਥੀਆਂ ਨੇ ਸੰਗਤਾਂ ਨੂੰ ਇੱਕ ਵਿਸਥਾਰਪੂਰਵਕ 37 ਸਫਿਆਂ ਦੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਰਿਪੋਰਟ ਵੀ ਜਾਰੀ ਕੀਤੀ ਹੈ। ਜਿਸ ਵਿੱਚ 2022 ਤੋਂ 2025 ਤੱਕ ਕੀਤੀਆਂ ਗਈਆਂ ਸੇਵਾਵਾਂ, ਚੱਲ ਰਹੀਆਂ ਸੇਵਾਵਾਂ ਤੋਂ ਇਲਾਵਾ ਸਭਾ ਦੀ ਤਿੰਨ ਸਾਲਾਂ ਦੀ ਆਮਦਨ ਅਤੇ ਖ਼ਰਚਿਆਂ ਦਾ ਵੇਰਵਾ ਦਿੱਤਾ ਗਿਆ। ਭਾਵੇਂ ਕਿ ਅਜੇਹਾ ਪਹਿਲੀ ਵਾਰ ਵੇਖਣ ਨੂੰ ਮਿਲਿਆ ਹੈ ਕਿ ਕਿਸੇ ਕਮੇਟੀ ਨੇ ਸਭਾ ਦਾ ਪ੍ਰਬੰਧ ਨਵੀਂ ਕਮੇਟੀ ਨੂੰ ਸੌਂਪਦਿਆਂ ਹਿਸਾਬ ਕਿਤਾਬ ਜਨਤਕ ਕੀਤਾ ਹੋਵੇ। ਸਭਾ ਦੇ ਖ਼ਰਚਿਆਂ ਨੂੰ ਲੈ ਕੇ ਭਾਵੇਂ ਚੋਣਾਂ ਵਿੱਚ ਵੱਡਾ ਮੁੱਦਾ ਬਣਿਆ ਰਿਹਾ। ਪਰ ਵੇਖਣਾ ਇਹ ਹੋਵੇਗਾ ਕਿ ਨਵੀਂ ਕਮੇਟੀ ਇਹਨਾਂ ਖ਼ਰਚਿਆਂ ਨੂੰ ਕਿਵੇਂ ਕੰਟਰੋਲ ਕਰਦੀ ਹੈ। ਰਿਪੋਰਟ ਅਨੁਸਾਰ ਸਭਾ ਕੋਲ 12 ਅਕਤੂਬਰ ਰਾਤੀਂ 10 ਵਜ ਕੇ 3 ਮਿੰਟ 'ਤੇ ਸਭਾ ਦੇ ਮੇਲ ਗੇਲ ਸਮੇਤ ਵੱਖ ਵੱਖ ਖਾਤਿਆਂ ਵਿੱਚ 22 ਲੱਖ 98 ਹਜ਼ਾਰ 7 ਸੌ 32 ਪੌਂਡ ਸਨ।



PANTHIC GROUP
END OF TERM REPORT
(2022-2025)

FINANCE (2022-2025)

As summary of the audit accounts filed with Charity Commission for 2022 to 2024 as well as the management accounts for the 9 months to Sept 2025 are summarised below.



PANTHIC GROUP
END OF TERM REPORT
(2022-2025)

The Bank balances upon the handover were as follows:

Total balance on 12-10-25 at 10.03pm was £2,298,732. This includes the total for Singh Sabha and Mael Gael.

ਸਾਬਕਾ ਪ੍ਰਬੰਧਕ ਕਮੇਟੀ ਵੱਲੋਂ ਜਨਤਕ ਕੀਤੀ ਰਿਪੋਰਟ ਵਿੱਚ ਦਿੱਤੇ ਗਏ ਹਿਸਾਬ ਦਾ ਵੇਰਵਾ

ਰਿਪੋਰਟ ਮੁਤਾਬਿਕ ਤਿੰਨ ਸਾਲਾਂ ਵਿੱਚ ਸਭਾ ਦੀ ਕੁੱਲ ਆਮਦਨ 16,411,988 ਪੌਂਡ ਰਹੀ। ਜਦ ਕਿ ਕੁੱਲ ਖ਼ਰਚਾ 13,974,372 ਪੌਂਡ ਸੀ। ਰਿਪੋਰਟ ਵਿੱਚ ਜਨਵਰੀ 2023 ਤੋਂ ਦਸੰਬਰ 2023 ਤੱਕ ਪਿੰਗਲਵਾੜਾ ਦੀ ਆਮਦਨ ਦਰਜ ਨਹੀਂ ਹੈ। ਜਦ ਕਿ ਉਸੇ ਸਾਲ ਪਿੰਗਲਵਾੜਾ ਨੂੰ 45975 ਪੌਂਡ ਭੇਜੇ ਗਏ ਦਰਜ ਕੀਤੇ ਗਏ ਹਨ। ਰਿਪੋਰਟ ਵਿੱਚ ਸਭ ਤੋਂ ਵੱਡਾ ਖ਼ਰਚਾ ਕਰਮਚਾਰੀਆਂ ਦੀ ਤਨਖਾਹ ਹੈ ਜੋ ਤਿੰਨ ਸਾਲਾਂ ਦੀ 30 ਲੱਖ 89 ਹਜ਼ਾਰ 223 ਪੌਂਡ ਹੈ, ਇਸ ਤੋਂ ਇਲਾਵਾ ਸਾਲ 2024 ਵਿੱਚ 12 ਲੱਖ 79 ਹਜ਼ਾਰ 409 ਪੌਂਡ ਦੀ ਵੱਡੀ ਮੁਰੰਮਤ ਵਾਲੇ ਖ਼ਰਚੇ ਸਮੇਤ ਤਿੰਨ ਸਾਲਾਂ ਦਾ ਕੁੱਲ ਖ਼ਰਚਾ 25 ਲੱਖ 80 ਹਜ਼ਾਰ 406 ਦਰਜ ਹੈ। 2022 ਤੋਂ 2025 ਤੱਕ ਨਗਰ ਕੀਰਤਨ ਦੇ ਖ਼ਰਚੇ ਵਿੱਚ ਰਿਕਾਰਡਤੋੜ ਵਾਧਾ ਹੋਇਆ ਹੈ ਰਿਪੋਰਟ ਵਿੱਚ ਦਰਸਾਇਆ ਗਿਆ ਹੈ ਕਿ 2022 ਵਿੱਚ ਨਗਰ ਕੀਰਤਨ ਖ਼ਰਚਾ 48 ਹਜ਼ਾਰ 168 ਪੌਂਡ ਹੈ, ਜੋ ਵੱਧ ਕੇ 2023 ਵਿੱਚ 1 ਲੱਖ 35 ਹਜ਼ਾਰ 49 ਪੌਂਡ, 2024 ਵਿੱਚ 2 ਲੱਖ 10 ਹਜ਼ਾਰ 834 ਪੌਂਡ ਅਤੇ 2025 ਵਿੱਚ 2 ਲੱਖ 5 ਹਜ਼ਾਰ 275 ਪੌਂਡ ਖ਼ਰਚਾ ਹੈ (ਇਸ ਵਿੱਚ ਨਵੰਬਰ 2025 ਵਿੱਚ ਹੋਣ ਵਾਲੇ ਨਗਰ ਕੀਰਤਨ ਦੇ ਵੀ ਕਈ ਖ਼ਰਚੇ ਸ਼ਾਮਿਲ ਦੱਸੇ ਜਾਂਦੇ ਹਨ)।


ਰਿਪੋਰਟ ਵਿੱਚ ਗ੍ਰੰਥੀ ਸਿੰਘਾਂ ਤੇ ਲਾਏ ਸ਼ਰਾਬ ਦੇ ਦੋਸ਼ਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਏ ਇੱਕ ਜਵਾਬੀ ਪੱਤਰ ਨੂੰ ਵੀ ਜਨਤਕ ਕੀਤਾ ਗਿਆ ਹੈ।

ਰਿਪੋਰਟ ਦੇ ਸਫਾ ਨੰਬਰ 27-28 ਤੇ ਦੱਸਿਆ ਗਿਆ ਹੈ ਕਿ ਸਿੰਘ ਸਭਾ ਵੱਲੋਂ ਆਸਰਾ ਟਰੱਸਟ ਨੂੰ ਇੱਕ ਘਰ ਮੁਫਤ ਵਿੱਚ ਵਰਤਣ ਲਈ ਦਿੱਤਾ ਗਿਆ ਹੈ, ਇਸ ਤੋਂ ਇਲਾਵਾ 2000 ਪੌਂਡ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ। ਸਿੱਖ ਹਿਊਮਨ ਰਾਈਟਸ ਗਰੁੱਪ ਨੂੰ 2500 ਪੌਂਡ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ। ਜਦ ਕਿ ਹਰਿਆਵਲ ਗਾਰਡਨ, ਭਾਈ ਗੁਰਦਾਸ ਵਿਦਿਆ ਅਕੈਡਮੀ ਅਤੇ ਮੇਲ ਗੇਲ ਦਾ ਮਹੀਨਾਵਾਰ ਖ਼ਰਚਾ ਦਰਜ ਨਹੀਂ ਹੈ। ਸੰਗਤਾਂ ਦੀ ਜਾਣਕਾਰੀ ਲਈ ਜਨਤਕ ਕੀਤੀ ਗਈ ਰਿਪੋਰਟ ਦੇ ਹਿਸਾਬ ਕਿਤਾਬ ਦੀ ਤਸਵੀਰ ਹੂਬਹੂ ਛਾਪ ਰਹੇ ਹਾਂ।

ਇਸ ਦੇ ਨਾਲ ਹੀ ਸਭਾ ਦੇ ਟਰੱਸਟੀ ਮਨਜੀਤ ਸਿੰਘ ਬੁੱਟਰ ਨੇ ਜਾਰੀ ਇੱਕ ਬਿਆਨ ਵਿੱਚ ਨਵੀਂ ਚੁਣੀ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੰਦਿਆਂ ਟਰੱਸਟ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ ਹੈ।

# ਬਰਤਾਨੀਆ ਦੀ ਸੰਸਦ ਵਿੱਚ ਹੋਵੇਗਾ "ਵਿਗਿਆਨ ਕੀ ਹੈ?" ਕਿਤਾਬ ਦਾ ਲੋਕ ਅਰਪਣ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਵਿਗਿਆਨ ਸਾਹਿਤ ਪ੍ਰੇਮੀਆਂ ਲਈ ਖੁਸ਼ੀ ਅਤੇ ਮਾਣਮੱਤੀ ਗੱਲ ਹੈ ਕਿ ਪੰਜਾਬੀ ਭਾਸ਼ਾ ਵਿੱਚ ਲਿਖੀ ਗਈ ਡਾ. ਬਲਦੇਵ ਸਿੰਘ ਕੰਦੋਲਾ ਦੀ ਕਿਤਾਬ "ਵਿਗਿਆਨ ਕੀ ਹੈ?" ਦਾ ਲੋਕ ਅਰਪਣ ਸੋਮਵਾਰ, 20 ਅਕਤੂਬਰ ਨੂੰ ਬਰਤਾਨੀਆ ਦੀ ਸੰਸਦ ਦੇ "ਹਾਊਸ ਆਫ ਲਾਰਡਜ਼" ਵਿੱਚ ਹੋਣ ਜਾ ਰਿਹਾ ਹੈ। ਕਿਤਾਬ ਬਾਰੇ ਗੱਲ ਕਰਦਿਆਂ ਪੰਜਾਬੀ ਵਿਕਾਸ ਮੰਚ ਯੂ ਕੇ ਦੇ ਚੇਅਰਮੈਨ ਕੌਂਸਲਰ ਸਰਦੂਰ ਸਿੰਘ ਮਰਵਾਹਾ ਨੇ ਕਿਹਾ ਕਿ ਪੰਜਾਬੀਆਂ ਵਿੱਚ ਇਹ ਧਾਰਨਾ ਆਮ ਹੈ ਕਿ ਵਿਗਿਆਨ ਦੀ ਭਾਸ਼ਾ ਸਿਰਫ ਅੰਗਰੇਜ਼ੀ ਹੀ ਹੈ। ਪਰ ਉਹ ਸ਼ਾਇਦ ਇਹ ਭੁੱਲ ਜਾਂਦੇ ਹਨ ਕਿ ਵਿਗਿਆਨਿਕ ਵਿਸ਼ਿਆਂ ਲਈ ਪੰਜਾਬੀ ਭਾਸ਼ਾ ਵੀ ਹੋਰ ਭਾਸ਼ਾਵਾਂ ਜਿੰਨੀ ਹੀ ਸਮਰੱਥ ਭਾਸ਼ਾ ਹੈ। ਇਹੋ ਸੱਚਾਈ ਡਾ. ਕੰਦੋਲਾ ਨੇ ਇਸ ਕਿਤਾਬ ਵਿੱਚ ਸਿੱਧ ਕਰ ਕੇ ਦਿਖਾਈ ਹੈ।




ਮੰਚ ਦੇ ਮੁੱਖ ਸਕੱਤਰ ਸ਼ਿੰਦਰਪਾਲ ਸਿੰਘ ਮਾਹਲ ਨੇ ਦੱਸਿਆ ਕਿ ਡਾ. ਬਲਦੇਵ ਸਿੰਘ ਕੰਦੋਲਾ, ਜੋ ਐਡਨਬਰਾ ਯੂਨੀਵਰਸਿਟੀ ਤੋਂ ਹਵਾਬਾਜ਼ੀ ਵਿਸ਼ੇ ਵਿੱਚ ਪੀ. ਐਚ. ਡੀ ਹਨ, ਦੀ ਲਗਨ ਭਰਪੂਰ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬੀ ਸੰਸਾਰ ਦੀ ਹਰ ਭਾਸ਼ਾ ਜਿੰਨੀ ਹੀ ਸਮਰੱਥਾ ਵਾਲੀ ਭਾਸ਼ਾ ਹੈ, ਜਿਸ ਵਿੱਚ ਵਿਗਿਆਨ ਦੇ ਹਰ ਵਿਸ਼ੇ ਵਾਸਤੇ ਸਾਰੀ ਸ਼ਬਦਾਵਲੀ ਮੌਜੂਦ ਹੈ। ਸਿਰਫ ਖੋਜ ਅਤੇ ਯਤਨ ਕਰਨ ਦੀ ਲੋੜ ਹੈ। ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਬਰਤਾਨੀਆ ਤੇ ਯੂਰਪ ਤੋਂ ਇਲਾਵਾ ਭਾਰਤ, ਕਨੇਡਾ ਦੇ ਵਿਦਵਾਨ ਪੰਜਾਬੀਆਂ ਦੇ ਸ਼ਾਮਿਲ ਹੋਣਗੇ।

ਇਸ ਸਮਾਗਮ ਦੀ ਮੇਜ਼ਬਾਨੀ ਸੰਸਦ ਮੈਂਬਰ ਲਾਰਡ ਕੁਲਦੀਪ ਸਿੰਘ ਸਹੋਤਾ ਵੱਲੋਂ ਕੀਤੀ ਜਾ ਰਹੀ ਹੈ।

# ਗੁਰਮਿੰਦਰ ਕੌਰ ਰੰਧਾਵਾ ਨੂੰ ਹੰਸਲੋ ਕੌਂਸਲ ਚੋਣਾਂ ਲਈ ਲੇਬਰ ਪਾਰਟੀ ਨੇ ਬਣਾਇਆ ਉਮੀਦਵਾਰ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੀ ਸੀਨੀਅਰ ਮੀਤ ਪ੍ਰਧਾਨ ਗੁਰਮਿੰਦਰ ਕੌਰ ਰੰਧਾਵਾ ਨੂੰ ਲੇਬਰ ਪਾਰਟੀ ਨੇ ਅਗਲੀਆਂ ਕੌਂਸਲ ਚੋਣਾਂ ਲਈ ਹੰਸਲੋ (ਲੰਡਨ) ਦੇ ਚੀਜ਼ਕ ਰਿਵਰਸਾਈਡ ਹਲਕੇ ਤੋਂ ਉਮੀਦਵਾਰ ਐਲਾਨਿਆ ਹੈ। ਜ਼ਿਕਰਯੋਗ ਹੈ ਕਿ ਗੁਰਮਿੰਦਰ ਕੌਰ ਰੰਧਾਵਾ ਲੰਮੇਂ ਸਮੇਂ ਤੋਂ ਜਿੱਥੇ ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਵਿੱਚ ਸਰਗਰਮ ਭੂਮਿਕਾ ਨਿਭਾਅ ਰਹੀ ਸੀ ਉਥੇ ਹੀ ਲੰਡਨ ਦੀ ਸਿਆਸਤ ਵਿੱਚ ਵੀ ਲੇਬਰ ਪਾਰਟੀ ਵਿੱਚ ਲਗਾਤਾਰ ਵਿਚਰ ਰਹੀ ਸੀ। ਗੁਰਮਿੰਦਰ ਕੌਰ ਰੰਧਾਵਾ ਲੁਧਿਆਣਾ ਜਿਲ੍ਹੇ ਨਾਲ ਸਬੰਧਿਤ ਹੈ ਅਤੇ ਜੋ ਲੰਡਨ ਦੀਆਂ ਕਈ ਸਮਾਜ ਸੇਵੀ ਸੰਸਥਾਵਾਂ ਨਾਲ ਵੀ ਜੁੜੀ ਹੋਈ ਹੈ।

# ਪੰਜਾਬ ਵਿੱਚ ਬੇਸਹਾਰਾ ਪਸ਼ੂ ਜਾਨਾਂ ਲਈ ਬਣੇ ਖਤਰਾ: ਸੜਕ ਹਾਦਸੇ 35% ਵਧੇ



**ਜਲੰਧਰ-ਪੰਜਾਬ ਵਿੱਚ ਸੜਕਾਂ 'ਤੇ ਘੁੰਮਦੇ 1.80 ਲੱਖ ਬੇਸਹਾਰਾ ਪਸ਼ੂ ਜਾਨਲੇਵਾ ਸਮੱਸਿਆ ਬਣ ਗਏ ਹਨ। ਅੰਮ੍ਰਿਤਸਰ ਵਿੱਚ ਹੀ 4,000 ਤੋਂ ਵੱਧ ਪਸ਼ੂ ਸੜਕਾਂ 'ਤੇ ਖੁੱਲ੍ਹੇ ਘੁੰਮਦੇ ਹਨ, ਜੋ ਟ੍ਰੈਫਿਕ ਜਾਮ ਅਤੇ ਹਾਦਸਿਆਂ ਦਾ ਕਾਰਨ ਬਣ ਰਹੇ ਹਨ। 2022 ਵਿੱਚ ਪੰਜਾਬ ਵਿੱਚ ਪਸ਼ੂਆਂ ਕਾਰਨ 421 ਮੌਤਾਂ ਹੋਈਆਂ, ਜੋ 2020 ਨਾਲੋਂ 34.93% ਵੱਧ ਹਨ। ਸਮਾਜਸੇਵੀ ਪਵਨਦੀਪ ਸ਼ਰਮਾ ਨੇ ਸੁਝਾਅ ਦਿੱਤਾ ਕਿ ਨਗਰ ਨਿਗਮ, ਪ੍ਰਸ਼ਾਸਨ ਅਤੇ ਸਮਾਜਸੇਵੀ ਸੰਸਥਾਵਾਂ ਨੂੰ ਸਾਂਝੇ ਤੌਰ 'ਤੇ ਗੌਸ਼ਾਲਾਵਾਂ ਬਣਾਉਣ ਅਤੇ ਪਸ਼ੂਆਂ ਦੇ ਗਲੇ ਵਿੱਚ ਰਿਫਲੈਕਟਿਵ ਟੇਪ ਲਗਾਉਣ ਦੀ ਪ੍ਰਣਾਲੀ ਅਪਣਾਉਣੀ ਚਾਹੀਦੀ। ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਵੀ ਇਹ ਮਸਲਾ ਚਰਚਾ ਵਿੱਚ ਹੈ, ਜਿੱਥੇ 2016 ਦੇ ਕਾਓ ਸੈਸ ਦੇ ਵਰਤੋਂ 'ਤੇ ਸਵਾਲ ਉੱਠ ਰਹੇ ਹਨ।**

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

## ਹੁਣ ਤੁਸੀਂ ਕੀ ਕਰਨਾ ਹੈ?

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**


**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

**PANJAB TIMES,** BRIDLE GATE LANE, ALVASTON, DERBY, DE24 0QW, U.K.
**Email:panjabtimes@gmail.com, www.panjabtimes.uk**
**WhatsApp No. 07966 388 388**

## ਆਓ ਦੋ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...



ਘਰ ਦਾ ਕੰਮ

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

Take a Punjabi news paper or a Punjabi book, find & write two letter words which have either of the following letters in it.
ਕ, ਖ, ਗ, ਘ, ਙ

Page 39 Level I

# ਬੇਅਦਬੀ ਅਤੇ ਗੋਲੀ ਕਾਂਡ: ਦਸ ਸਾਲ ਬੀਤਣ ਤੋਂ ਬਾਅਦ ਵੀ ਇਨਸਾਫ਼ ਦੀ ਉਡੀਕ

## ✪ ਪੀੜਤ ਪਰਿਵਾਰਾਂ ਦੀ ਅਣਸੁਣੀ ਵੇਦਨਾ ਕਾਰਣ ਸਿੱਖ ਸੰਗਤ ਵਿਚ ਰੋਸ ✪ ਜਾਂਚ ਦੀਆਂ ਅਧੂਰੀਆਂ ਕੜੀਆਂ: ਸਰਕਾਰਾਂ ਨਿਆਂ ਦੇਣ ਤੋਂ ਅਸਫਲ


### ਕਵਰ ਸਟੋਰੀ

ਪੰਜਾਬ ਦੇ ਇਤਿਹਾਸ ਵਿੱਚ 2015 ਦਾ ਸਾਲ ਇੱਕ ਅਜਿਹਾ ਸਮਾਂ ਸੀ ਜਦੋਂ ਸਿੱਖ ਧਰਮ ਦੇ ਸਭ ਤੋਂ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨੇ ਸੂਬੇ ਦੇ ਸਮਾਜਿਕ ਅਤੇ ਸਿਆਸੀ ਮਾਹੌਲ ਨੂੰ ਹਿਲਾ ਕੇ ਰੱਖ ਦਿੱਤਾ। ਇਨ੍ਹਾਂ ਘਟਨਾਵਾਂ ਨੇ ਨਾ ਸਿਰਫ਼ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ, ਸਗੋਂ ਇਸ ਦੇ ਨਾਲ ਜੁੜੀਆਂ ਹੋਰ ਘਟਨਾਵਾਂ, ਜਿਵੇਂ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਵਿਖੇ ਪੁਲਿਸ ਗੋਲੀਬਾਰੀ, ਨੇ ਸੂਬੇ ਦੀ ਸਿਆਸਤ ਨੂੰ ਵੀ ਡੂੰਘਾ ਪ੍ਰਭਾਵਿਤ ਕੀਤਾ। ਦਸ ਸਾਲ ਬੀਤ ਜਾਣ ਦੇ ਬਾਵਜੂਦ, ਇਨਸਾਫ਼ ਦੀ ਉਡੀਕ ਅਜੇ ਵੀ ਜਾਰੀ ਹੈ।

### ਬੇਅਦਬੀ ਦੀਆਂ ਘਟਨਾਵਾਂ ਕਿਵੇਂ ਵਾਪਰੀਆਂ

2015 ਵਿੱਚ ਪੰਜਾਬ ਦੇ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ ਦੀ ਘਟਨਾ ਨੇ ਸੂਬੇ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ। ਇਹ ਘਟਨਾ 1 ਜੂਨ 2015 ਨੂੰ ਵਾਪਰੀ ਸੀ, ਜਿਸ ਦੀ ਸ਼ਿਕਾਇਤ ਗੁਰਦੁਆਰੇ ਦੇ ਗ੍ਰੰਥੀ ਗੋਰਾ ਸਿੰਘ ਨੇ ਪੁਲਿਸ ਨੂੰ ਦਿੱਤੀ। ਇਸ ਦੇ ਅਧਾਰ 'ਤੇ ਬਾਜਾਖਾਨਾ ਥਾਣੇ ਵਿੱਚ ਐਫਆਈਆਰ ਦਰਜ ਕੀਤੀ ਗਈ। ਇਸ ਤੋਂ ਬਾਅਦ, 24 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਨੋਟਿਸ ਬੋਰਡ 'ਤੇ ਅਪਮਾਨਜਨਕ ਪੋਸਟਰ ਲੱਗੇ ਮਿਲੇ। 12 ਅਕਤੂਬਰ 2015 ਨੂੰ ਬਰਗਾੜੀ ਪਿੰਡ ਦੀਆਂ ਗਲੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫੱਟੇ ਹੋਏ ਪੰਨੇ ਖਿੱਲਰੇ ਮਿਲਣ ਨੇ ਸਿੱਖ ਸੰਗਤ ਦੇ ਗੁੱਸੇ ਨੂੰ ਹੋਰ ਭੜਕਾ ਦਿੱਤਾ।

ਇਨ੍ਹਾਂ ਘਟਨਾਵਾਂ ਦੇ ਵਿਰੋਧ ਵਿੱਚ ਸਿੱਖ ਸੰਗਤ ਨੇ ਸ਼ਾਂਤਮਈ ਪ੍ਰਦਰਸ਼ਨ ਸ਼ੁਰੂ ਕੀਤੇ। ਪਰ 14 ਅਕਤੂਬਰ 2015 ਨੂੰ ਬਹਿਬਲ ਕਲਾਂ ਵਿਖੇ ਪੁਲਿਸ ਦੀ ਕਥਿਤ ਗੋਲੀਬਾਰੀ ਵਿੱਚ ਦੋ





ਸਿੱਖ ਨੌਜਵਾਨਾਂ, ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ, ਦੀ ਮੌਤ ਹੋ ਗਈ। ਇਸ ਤੋਂ ਪਹਿਲਾਂ ਕੋਟਕਪੂਰਾ ਵਿਖੇ ਪੁਲਿਸ ਨੇ ਪ੍ਰਦਰਸ਼ਨਕਾਰੀਆਂ 'ਤੇ ਲਾਠੀਚਾਰਜ ਅਤੇ ਪਾਣੀ ਦੀਆਂ ਬੁਛਾੜਾਂ ਵਰਤਾਈਆਂ, ਜਿਸ ਵਿੱਚ ਕਈ ਲੋਕ ਜ਼ਖ਼ਮੀ ਹੋਏ।

ਇਹ ਘਟਨਾਵਾਂ ਸਿੱਖ ਧਰਮ ਦੀ ਸੰਵੇਦਨਸ਼ੀਲਤਾ ਨੂੰ ਛੂਹਣ ਵਾਲੀਆਂ ਸਨ, ਕਿਉਂਕਿ ਸਿੱਖ ਧਰਮ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਜੀਵਤ ਗੁਰੂ ਦਾ ਦਰਜਾ ਹਾਸਲ ਹੈ। ਇਸ ਲਈ, ਇਨ੍ਹਾਂ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਸੰਗਤ ਵਿੱਚ ਡੂੰਘਾ ਰੋਸ ਪੈਦਾ ਕੀਤਾ।

### ਪੀੜਤ ਪਰਿਵਾਰਾਂ ਦੀ ਵੇਦਨਾ

ਬਹਿਬਲ ਕਲਾਂ ਗੋਲੀ ਕਾਂਡ ਵਿੱਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪਿਤਾ ਮਹਿੰਦਰ ਸਿੰਘ ਅੱਜ ਵੀ ਉਸ ਦਿਨ ਨੂੰ ਯਾਦ ਕਰਕੇ ਭਾਵੁਕ ਹੋ ਜਾਂਦੇ ਹਨ। 75 ਸਾਲ ਦੀ ਉਮਰ ਵਿੱਚ ਵੀ ਉਹ ਆਪਣੇ ਪੁੱਤਰ ਦੀ ਮੌਤ ਦੇ ਸਦਮੇ ਨੂੰ ਨਹੀਂ ਭੁੱਲ ਸਕੇ। ਮਹਿੰਦਰ ਸਿੰਘ ਦੱਸਦੇ ਹਨ ਕਿ ਉਹ ਅਤੇ ਉਨ੍ਹਾਂ ਦਾ ਪੁੱਤਰ ਕ੍ਰਿਸ਼ਨ ਭਗਵਾਨ ਸੰਗਤਾਂ ਲਈ ਲੰਗਰ ਲੈ ਕੇ ਧਰਨੇ ਵਾਲੀ ਥਾਂ 'ਤੇ ਗਏ ਸਨ। ਪੁਲਿਸ ਨੇ ਪਹਿਲਾਂ ਲਾਠੀਚਾਰਜ ਕੀਤਾ, ਜਿਸ ਵਿੱਚ ਮਹਿੰਦਰ ਸਿੰਘ ਨੂੰ ਵੀ ਸੱਟਾਂ ਲੱਗੀਆਂ। ਇਸ ਤੋਂ ਬਾਅਦ ਜਦੋਂ ਗੋਲੀਬਾਰੀ ਹੋਈ, ਤਾਂ ਕ੍ਰਿਸ਼ਨ ਭਗਵਾਨ ਸਿੰਘ ਨੂੰ ਗੋਲੀ ਲੱਗੀ ਅਤੇ ਉਹ ਡਿੱਗ ਪਿਆ। ਮਹਿੰਦਰ ਸਿੰਘ ਨੇ ਆਪਣੇ ਪੁੱਤਰ ਨੂੰ ਪਾਣੀ ਪਿਆਉਣ ਦੀ ਕੋਸ਼ਿਸ਼ ਕੀਤੀ, ਪਰ ਹਸਪਤਾਲ ਜਾਂਦੇ ਸਮੇਂ ਰਸਤੇ ਵਿੱਚ ਹੀ ਉਸ ਦੀ ਮੌਤ ਹੋ ਗਈ। ਕ੍ਰਿਸ਼ਨ ਭਗਵਾਨ ਦਾ ਪੁੱਤਰ ਸੁਖਰਾਜ ਸਿੰਘ ਅੱਜ ਵੀ ਅਦਾਲਤਾਂ ਵਿੱਚ ਆਪਣੇ ਪਿਤਾ ਲਈ ਇਨਸਾਫ਼ ਦੀ ਲੜਾਈ ਲੜ ਰਿਹਾ ਹੈ। ਸੁਖਰਾਜ ਸਿੰਘ ਦਾ ਕਹਿਣਾ ਹੈ ਕਿ ਹਰ ਚੋਣ ਸਮੇਂ ਸਿਆਸੀ ਆਗੂ ਵੱਡੇ-ਵੱਡੇ ਵਾਅਦੇ ਕਰਦੇ ਹਨ, ਪਰ ਇਨਸਾਫ਼ ਦੇਣ ਵਿੱਚ ਕੋਈ ਵੀ ਸਰਕਾਰ ਗੰਭੀਰ ਨਹੀਂ ਰਹੀ। ਉਸ ਦੇ ਅਨੁਸਾਰ, ਬਹਿਬਲ ਕਲਾਂ ਮਾਮਲੇ ਦੀ ਸੁਣਵਾਈ ਨੂੰ ਇੱਕ ਸਾਲ ਤੋਂ ਵੀ ਵੱਧ ਸਮਾਂ ਬੀਤ ਚੁੱਕਾ ਹੈ, ਪਰ ਅਜੇ ਤੱਕ ਕੋਈ ਪ੍ਰਗਤੀ ਨਹੀਂ ਹੋਈ।

### ਜਾਂਚ ਦਾ ਲੰਮਾ ਸਫ਼ਰ: ਨਤੀਜੇ ਜ਼ੀਰੋ

ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਨੇ ਬੇਅਦਬੀ ਅਤੇ ਗੋਲੀ ਕਾਂਡ ਦੀ ਜਾਂਚ ਲਈ ਪੰਜ ਵਿਸ਼ੇਸ਼ ਜਾਂਚ ਟੀਮਾਂ ਅਤੇ ਦੋ ਕਮਿਸ਼ਨ ਬਣਾਏ। ਪਰ ਇਨ੍ਹਾਂ ਜਾਂਚਾਂ ਦੇ ਬਾਵਜੂਦ, ਕੋਈ ਵੀ ਕੇਸ ਅਜੇ ਤੱਕ ਨਤੀਜੇ 'ਤੇ ਨਹੀਂ ਪਹੁੰਚ ਸਕਿਆ।

**ਅਕਾਲੀ-ਭਾਜਪਾ ਸਰਕਾਰ (2015-17)**

ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸਦਰ ਸਰਕਾਰ ਨੇ ਪੰਜਾਬ ਪੁਲਿਸ ਦੇ ਏਡੀਜੀਪੀ ਇਕਬਾਲਪ੍ਰੀਤ ਸਿੰਘ ਸਹੋਤਾ ਦੀ ਅਗਵਾਈ ਵਿੱਚ ਇੱਕ ਸਿਟ ਦਾ ਗਠਨ ਕੀਤਾ। ਇਸ ਸਿਟ ਨੇ 21 ਅਕਤੂਬਰ 2015 ਨੂੰ ਪ੍ਰੈਸ ਕਾਨਫਰੰਸ ਕਰਕੇ ਦਾਅਵਾ ਕੀਤਾ ਸੀ ਕਿ ਬਰਗਾੜੀ ਬੇਅਦਬੀ ਵਿੱਚ "ਵਿਦੇਸ਼ੀ ਤਾਕਤਾਂ" ਦਾ ਹੱਥ ਸੀ ਅਤੇ ਦੋ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪਰ ਇਸ ਦਾਅਵੇ ਦੀ ਸਿੱਖ ਜਗਤ ਵਲੋਂ ਆਲੋਚਨਾ ਹੋਈ ਅਤੇ ਦੋਵਾਂ ਨੌਜਵਾਨਾਂ ਨੂੰ ਰਿਹਾਅ ਕਰਨਾ ਪਿਆ। ਇਸ ਤੋਂ ਬਾਅਦ ਸਰਕਾਰ ਨੇ ਜਸਟਿਸ (ਰਿਟਾ.) ਜ਼ੋਰਾ ਸਿੰਘ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਬਣਾਇਆ, ਪਰ ਇਸ ਦੇ ਵੀ ਕੋਈ ਠੋਸ ਨਤੀਜੇ ਨਹੀਂ ਨਿਕਲੇ।

**ਕਾਂਗਰਸ ਸਰਕਾਰ (2017-22)**

ਕਾਂਗਰਸ ਸਰਕਾਰ ਨੇ ਵੀ ਸਿਟ ਦਾ ਗਠਨ ਕੀਤਾ। ਬਹਿਬਲ ਕਲਾਂ ਅਤੇ ਕੋਟਕਪੂਰਾ ਮਾਮਲਿਆਂ ਦੀ ਜਾਂਚ ਲਈ ਆਈਪੀਐਸ ਅਧਿਕਾਰੀ (ਰਿਟਾ.) ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਿੱਚ ਸਿਟ ਬਣਾਈ ਗਈ, ਪਰ ਇਸ ਦੀ ਜਾਂਚ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਖਾਰਜ ਕਰ ਦਿੱਤਾ। ਇਸ ਤੋਂ ਬਾਅਦ ਐਸਪੀਐਸ ਪਰਮਾਰ ਦੀ ਅਗਵਾਈ ਵਿੱਚ ਨਵੀਂ ਸਿਟ ਬਣਾਈ ਗਈ। 2018 ਵਿੱਚ ਜਸਟਿਸ (ਰਿਟਾ.) ਰਣਜੀਤ ਸਿੰਘ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਬਣਾਇਆ ਗਿਆ, ਜਿਸ ਨੇ ਆਪਣੀ ਰਿਪੋਰਟ ਵਿੱਚ ਬਾਦਲ ਪਰਿਵਾਰ, ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਅਤੇ ਪੁਲਿਸ ਅਧਿਕਾਰੀਆਂ ਨੂੰ ਨਿਸ਼ਾਨਾ ਬਣਾਇਆ। ਪਰ ਇਸ ਦੇ ਬਾਵਜੂਦ, ਕੇਸ ਅਦਾਲਤੀ ਪ੍ਰਕਿਰਿਆ ਵਿੱਚ ਉਲਝੇ ਰਹੇ।

ਬਾਕੀ ਹਿਸਾ ਸਫ਼ਾ 12 ਤੇ ਪੜ੍ਹੋ

### ਅਕਾਲ ਤਖਤ ਸਾਹਿਬ ਸਾਹਮਣੇ ਸੁਖਬੀਰ ਸਿੰਘ ਬਾਦਲ ਦਾ "ਕਬੂਲਨਾਮਾ"

2015 ਦੀਆਂ ਬੇਅਦਬੀ ਘਟਨਾਵਾਂ ਅਤੇ ਗੋਲੀ ਕਾਂਡ ਸਮੇਂ ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਸੀ। 2024 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਚਿੱਠੀ ਲਿਖ ਕੇ 2007 ਤੋਂ 2017 ਤੱਕ ਦੀਆਂ ਗਲਤੀਆਂ, ਜਿਨ੍ਹਾਂ ਵਿੱਚ ਬੇਅਦਬੀ, ਬਰਗਾੜੀ ਗੋਲੀ ਕਾਂਡ, ਅਤੇ ਡੇਰਾ ਸੱਚਾ ਸੌਦਾ ਦੇ ਮੁਖੀ ਨੂੰ ਮੁਆਫੀ ਸ਼ਾਮਲ ਸਨ, ਦੀ ਮੁਆਫੀ ਮੰਗੀ। 2 ਦਸੰਬਰ 2024 ਨੂੰ ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਧਾਰਮਿਕ ਸਜ਼ਾ ਪੂਰੀ ਕੀਤੀ। ਪਰ ਇਸ ਦੇ ਬਾਵਜੂਦ, ਅਕਾਲੀ ਦਲ ਸਿਆਸੀ ਤੌਰ 'ਤੇ ਹਾਸ਼ੀਏ 'ਤੇ ਹੈ।

## ਸਰਕਾਰਾਂ 'ਤੇ ਦੋਸ਼: ਪੰਥਕ ਜਥੇਬੰਦੀਆਂ ਦਾ ਪੱਖ

14 ਅਕਤੂਬਰ 2025 ਨੂੰ ਕੋਟਕਪੂਰਾ ਦੇ ਬੱਤੀਆਂ ਵਾਲਾ ਚੌਕ ਵਿਖੇ ਪੰਥਕ ਜਥੇਬੰਦੀਆਂ ਨੇ "ਲਾਹਨਤ ਦਿਹਾੜਾ" ਮਨਾਇਆ, ਜਿਸ ਵਿੱਚ ਸਿੱਖ ਸੰਗਤ ਨੇ ਸਰਕਾਰਾਂ ਦੀ ਇਨਸਾਫ਼ ਨਾ ਦੇਣ ਦੀ ਨੀਤੀ ਦੀ ਸਖ਼ਤ ਆਲੋਚਨਾ ਕੀਤੀ। ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਦਸ ਸਾਲ ਪਹਿਲਾਂ ਵਾਪਰਿਆ ਖੂਨੀ ਮੰਜਰ ਅੱਜ ਵੀ ਸੰਗਤ ਦੇ ਦਿਲਾਂ ਵਿੱਚ ਜ਼ਖ਼ਮ ਦੇ ਰੂਪ ਵਿੱਚ ਮੌਜੂਦ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸਿੱਖ ਬੁੱਧੀਜੀਵੀਆਂ ਦੀ ਇੱਕ ਕਮੇਟੀ ਬਣਾਈ ਜਾਵੇ, ਜੋ ਇਸ ਕੇਸ ਨੂੰ ਮਜ਼ਬੂਤੀ ਨਾਲ ਅਦਾਲਤਾਂ ਵਿੱਚ ਲੜ ਸਕੇ।

ਭਾਈ ਹਰਜਿੰਦਰ ਸਿੰਘ ਮਾਝੀ ਨੇ ਅਕਾਲੀ-ਭਾਜਪਾ, ਕਾਂਗਰਸ, ਅਤੇ ਮੌਜੂਦਾ ਆਪ ਪਾਰਟੀ ਸਰਕਾਰ ਨੂੰ ਇੱਕੋ ਕਟਹਿਰੇ ਵਿੱਚ ਖੜ੍ਹਾ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਸਾਰੀਆਂ ਸਰਕਾਰਾਂ ਨੇ ਇਸ ਮਸਲੇ ਨੂੰ ਸਿਆਸੀ ਫਾਇਦੇ ਲਈ ਵਰਤਿਆ, ਪਰ ਇਨਸਾਫ਼ ਦੇਣ ਵਿੱਚ ਅਸਫਲ ਰਹੀਆਂ। ਸੁਖਰਾਜ ਸਿੰਘ ਨਿਆਮੀਵਾਲਾ ਨੇ ਵੀ ਸਰਕਾਰਾਂ ਦੀ ਬੇਰੁਖੀ 'ਤੇ ਸਵਾਲ ਉਠਾਏ ਅਤੇ ਕਿਹਾ ਕਿ ਜਦੋਂ ਤੱਕ ਸੰਗਤ ਖੁਦ ਕੇਸਾਂ ਦਾ ਪਿੱਛਾ ਨਹੀਂ ਕਰਦੀ, ਇਨਸਾਫ਼ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

### ਸਿੱਖ ਬੁੱਧੀਜੀਵੀਆਂ ਦੀ ਰਾਏ

ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸੀਨੀਅਰ ਵਕੀਲ ਆਰਐਸ ਬੈਂਸ ਦਾ ਕਹਿਣਾ ਹੈ ਕਿ ਇਨਸਾਫ਼ ਨਾ ਮਿਲਣ ਕਾਰਨ ਪੰਜਾਬ ਦੀਆਂ ਦੋ ਸਰਕਾਰਾਂ (ਅਕਾਲੀ-ਭਾਜਪਾ ਅਤੇ ਕਾਂਗਰਸ) ਪਹਿਲਾਂ ਹੀ ਸੱਤਾ ਗੁਆ ਚੁੱਕੀਆਂ ਹਨ, ਅਤੇ ਮੌਜੂਦਾ ਸਰਕਾਰ ਤੋਂ ਵੀ ਲੋਕਾਂ ਨੂੰ ਬਹੁਤੀ ਉਮੀਦ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਜਾਂਚ ਟੀਮਾਂ ਨੇ ਸਬੂਤ ਮਿਲਣ ਦੇ ਦਾਅਵੇ ਤਾਂ ਕੀਤੇ, ਪਰ ਹਰ ਵਾਰ ਕੁਝ ਅਜਿਹੀਆਂ ਕਮੀਆਂ ਛੱਡੀਆਂ ਜਿਨ੍ਹਾਂ ਕਾਰਨ ਕੇਸ ਅਦਾਲਤਾਂ ਵਿੱਚ ਉਲਝ ਕੇ ਰਹਿ ਗਏ।

ਬੈਂਸ ਦੇ ਅਨੁਸਾਰ, ਕੋਟਕਪੂਰਾ ਅਤੇ ਬਹਿਬਲ ਕਲਾਂ ਦੇ ਮਾਮਲੇ ਸਿੱਧੇ-ਸਾਦੇ ਹਨ ਅਤੇ ਸਬੂਤ ਵੀ ਮੌਜੂਦ ਹਨ, ਪਰ ਜਾਂਚ ਟੀਮਾਂ ਦੀਆਂ ਕਮੀਆਂ ਕਾਰਨ ਕੇਸ ਅੱਗੇ ਨਹੀਂ ਵਧ ਰਹੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਅਦਾਲਤਾਂ ਕੋਲ ਆਪਣੀ ਜਾਂਚ ਟੀਮ ਨਹੀਂ ਹੁੰਦੀ, ਅਤੇ ਉਹ ਸਿਰਫ਼ ਪੁਲਿਸ ਵੱਲੋਂ ਪੇਸ਼ ਕੀਤੇ ਸਬੂਤਾਂ ਅਤੇ ਦਲੀਲਾਂ ਦੇ ਆਧਾਰ 'ਤੇ ਹੀ ਫੈਸਲਾ ਸੁਣਾਉਂਦੀਆਂ ਹਨ।

11 ਸਫ਼ੇ ਦੀ ਬਾਕੀ

### ਆਮ ਆਦਮੀ ਪਾਰਟੀ ਸਰਕਾਰ (2022 ਤੋਂ ਹੁਣ ਤੱਕ)

ਮੌਜੂਦਾ ਸਰਕਾਰ ਨੇ ਏਡੀਜੀਪੀ ਸੁਰਿੰਦਰ ਪਾਲ ਸਿੰਘ ਪਰਮਾਰ ਦੀ ਅਗਵਾਈ ਵਿੱਚ ਬਣੀ ਸਿਟ ਦੀ ਰਿਪੋਰਟ ਨੂੰ 2 ਜੁਲਾਈ 2022 ਨੂੰ ਸਿੱਖ ਅਤੇ ਧਾਰਮਿਕ ਆਗੂਆਂ ਨੂੰ ਸੌਂਪਿਆ। ਇਸ ਰਿਪੋਰਟ ਵਿੱਚ ਡੇਰਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਅਤੇ ਉਸ ਦੇ ਪੈਰੋਕਾਰਾਂ ਨੂੰ ਬੇਅਦਬੀ ਦਾ ਦੋਸ਼ੀ ਠਹਿਰਾਇਆ ਗਿਆ। ਪਰ ਇਹ ਜਾਂਚ ਸਿਰਫ਼ ਬੇਅਦਬੀ ਦੇ ਤਿੰਨ ਮਾਮਲਿਆਂ (ਬੁਰਜ ਜਵਾਹਰ ਸਿੰਘ ਵਾਲਾ, ਬਰਗਾੜੀ ਪੋਸਟਰ, ਅਤੇ ਗੁਰੂ ਗ੍ਰੰਥ ਸਾਹਿਬ ਦੇ ਫੱਟੇ ਪੰਨਿਆਂ) ਨਾਲ ਸਬੰਧਤ ਸੀ। ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਬਾਰੀ ਦੀਆਂ ਘਟਨਾਵਾਂ ਦੀ ਜਾਂਚ ਇਸ ਵਿੱਚ ਸ਼ਾਮਲ ਨਹੀਂ ਸੀ।

### ਮੌਜੂਦਾ ਸਥਿਤੀ ਅਤੇ ਇਨਸਾਫ਼ ਦੀ ਉਮੀਦ

ਪੰਜਾਬ ਦੇ ਸਹਾਇਕ ਐਡਵੋਕੇਟ ਜਨਰਲ ਪੀਆਈਪੀ ਸਿੰਘ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਨੇ ਦੱਸਿਆ ਕਿ ਬੇਅਦਬੀ ਅਤੇ ਗੋਲੀ ਕਾਂਡ ਨਾਲ ਸਬੰਧਤ ਕਈ ਕੇਸ ਵੱਖ-ਵੱਖ ਜ਼ਿਲ੍ਹਿਆਂ ਦੀਆਂ ਅਦਾਲਤਾਂ ਵਿੱਚ ਚੱਲ ਰਹੇ ਹਨ। ਕੁਝ ਕੇਸਾਂ ਵਿੱਚ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ, ਪਰ ਕਈ ਮੁਲਜ਼ਮਾਂ ਨੇ ਕੇਸ ਨੂੰ ਫ਼ਰੀਦਕੋਟ ਤੋਂ ਚੰਡੀਗੜ੍ਹ ਤਬਦੀਲ ਕਰਨ ਲਈ ਅਰਜ਼ੀਆਂ ਦਿੱਤੀਆਂ ਹਨ, ਜਿਸ ਦਾ ਸਰਕਾਰ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ। ਪੰਥਕ ਜਥੇਬੰਦੀਆਂ ਦਾ ਮੰਨਣਾ ਹੈ ਕਿ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ, ਜਿਨ੍ਹਾਂ ਵਿੱਚ ਸੌਦਾ ਸਾਧ ਵੀ ਸ਼ਾਮਲ ਹੈ, ਨੂੰ ਬੇਅਦਬੀ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਹੈ। ਪਰ ਸਰਕਾਰਾਂ ਦੀ ਢਿੱਲੀ ਕਾਰਗੁਜ਼ਾਰੀ ਅਤੇ ਕਾਨੂੰਨੀ ਪ੍ਰਕਿਰਿਆ ਦੀਆਂ ਉਲਝਣਾਂ ਕਾਰਨ ਇਨਸਾਫ਼ ਅਜੇ ਦੂਰ ਦਾ ਸੁਪਨਾ ਬਣਿਆ ਹੋਇਆ ਹੈ।

ਬੇਅਦਬੀ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਨੇ ਪੰਜਾਬ ਦੇ ਸਮਾਜ ਅਤੇ ਸਿਆਸਤ ਨੂੰ ਡੂੰਘਾ ਪ੍ਰਭਾਵਿਤ ਕੀਤਾ ਹੈ। ਸਿੱਖ ਸੰਗਤ ਅਤੇ ਪੀੜਤ ਪਰਿਵਾਰ ਅਜੇ ਵੀ ਇਨਸਾਫ਼ ਦੀ ਉਡੀਕ ਵਿੱਚ ਹਨ। ਸਰਕਾਰਾਂ ਦੀਆਂ ਵਾਰ-ਵਾਰ ਜਾਂਚਾਂ, ਕਮਿਸ਼ਨਾਂ, ਅਤੇ ਕਾਨੂੰਨੀ ਕੋਸ਼ਿਸ਼ਾਂ ਦੇ ਬਾਵਜੂਦ, ਕੇਸ ਅਦਾਲਤੀ ਪ੍ਰਕਿਰਿਆਵਾਂ ਵਿੱਚ ਉਲਝੇ ਹੋਏ ਹਨ।

ਪੰਥਕ ਜਥੇਬੰਦੀਆਂ ਅਤੇ ਸਿੱਖ ਬੁੱਧੀਜੀਵੀ ਸਰਕਾਰਾਂ 'ਤੇ ਬੇਰੁਖੀ ਦਾ ਦੋਸ਼ ਲਗਾਉਂਦੇ ਹਨ, ਜਦਕਿ ਸਰਕਾਰਾਂ ਕਾਨੂੰਨੀ ਪ੍ਰਕਿਰਿਆ ਦੀ ਦੁਹਾਈ ਦਿੰਦੀਆਂ ਹਨ। ਇਨਸਾਫ਼ ਕਦੋਂ ਮਿਲੇਗਾ, ਇਹ ਸਵਾਲ ਅਜੇ ਵੀ ਸੰਗਤ ਦੇ ਮਨਾਂ ਵਿੱਚ ਗੂੰਜ ਰਿਹਾ ਹੈ। ਜਦੋਂ ਤੱਕ ਸਬੂਤਾਂ ਦੇ ਆਧਾਰ 'ਤੇ ਸਖ਼ਤ ਕਾਰਵਾਈ ਨਹੀਂ ਕੀਤੀ ਜਾਂਦੀ, ਇਹ ਮਸਲਾ ਪੰਜਾਬ ਦੀ ਸਿਆਸਤ ਅਤੇ ਸਮਾਜ ਵਿੱਚ ਸੰਵੇਦਨਸ਼ੀਲ ਰਹੇਗਾ।

# ਸਰਕਾਰਾਂ ਦੀ ਬੇਅਦਬੀ ਵਿਰੋਧੀ ਕਾਨੂੰਨ ਦੀ ਕੋਸ਼ਿਸ਼

ਪਿਛਲੇ ਦਸ ਸਾਲਾਂ ਵਿੱਚ ਪੰਜਾਬ ਦੀਆਂ ਤਿੰਨ ਸਰਕਾਰਾਂ ਨੇ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਕੋਈ ਵੀ ਕਾਨੂੰਨ ਅਜੇ ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਹੋ ਸਕਿਆ।

ਅਕਾਲੀ-ਭਾਜਪਾ ਸਰਕਾਰ (2016): ਇਸ ਸਰਕਾਰ ਨੇ 2016 ਵਿੱਚ ਭਾਰਤੀ ਦੰਡ ਸੰਹਿਤਾ (ਪੰਜਾਬ ਸੋਧ) ਬਿੱਲ ਅਤੇ ਅਪਰਾਧਿਕ ਪ੍ਰਕਿਰਿਆ ਸੰਹਿਤਾ (ਪੰਜਾਬ ਸੋਧ) ਬਿੱਲ ਪਾਸ ਕੀਤੇ, ਜਿਨ੍ਹਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਲਈ ਉਮਰ ਕੈਦ ਦੀ ਸਜ਼ਾ ਦੀ ਸਿਫਾਰਸ਼ ਸੀ। ਪਰ ਇਹ ਬਿੱਲ ਕੇਂਦਰ ਸਰਕਾਰ ਨੇ ਸੋਧ ਲਈ ਵਾਪਸ ਭੇਜ ਦਿੱਤੇ, ਅਤੇ ਅਕਾਲੀ ਸਰਕਾਰ ਦੇ ਸੱਤਾ ਗੁਆਉਣ ਤੋਂ ਬਾਅਦ ਇਹ ਕਾਨੂੰਨ ਅਧੂਰਾ ਰਹਿ ਗਿਆ।

ਕਾਂਗਰਸ ਸਰਕਾਰ (2018): ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ 2018 ਵਿੱਚ ਬੇਅਦਬੀ ਵਿਰੁੱਧ ਸਖ਼ਤ ਸਜ਼ਾ ਵਾਲੇ ਦੋ ਬਿੱਲ ਪਾਸ ਕੀਤੇ, ਪਰ ਇਨ੍ਹਾਂ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਨਹੀਂ ਮਿਲੀ।

ਆਮ ਆਦਮੀ ਪਾਰਟੀ ਸਰਕਾਰ (2025): ਮੌਜੂਦਾ ਸਰਕਾਰ ਨੇ ਜੁਲਾਈ 2025 ਵਿੱਚ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025" ਪਾਸ ਕੀਤਾ। ਇਸ ਨੂੰ ਵਿਧਾਨ ਸਭਾ ਦੀ ਸਿਲੈਕਟ ਕਮੇਟੀ ਨੂੰ ਸੌਂਪਿਆ ਗਿਆ ਹੈ, ਜਿਸ ਦੀ ਅਗਵਾਈ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਕਰ ਰਹੇ ਹਨ। ਕਮੇਟੀ ਵੱਖ-ਵੱਖ ਧਰਮਾਂ ਅਤੇ ਕਾਨੂੰਨੀ ਮਾਹਿਰਾਂ ਦੇ ਸੁਝਾਵਾਂ ਦੇ ਆਧਾਰ 'ਤੇ ਰਿਪੋਰਟ ਤਿਆਰ ਕਰ ਰਹੀ ਹੈ, ਜੋ ਬਾਅਦ ਵਿੱਚ ਕੇਂਦਰ ਸਰਕਾਰ ਨੂੰ ਭੇਜੀ ਜਾਵੇਗੀ।

## ਅੰਮ੍ਰਿਤਸਰ ਵਿੱਚ ਕਿਸਾਨਾਂ ਨਾਲ ਪੁਲਿਸ ਦੀ ਧੱਕਾ-ਮੁੱਕੀ, ਕੱਪੜੇ ਪਾੜੇ

ਅੰਮ੍ਰਿਤਸਰ-ਭਲਾ ਪਿੰਡ ਵਿੱਚ ਕਿਸਾਨ ਮਜ਼ਦੂਰ ਮੋਰਚੇ ਨੇ ਮੁੱਖ ਮੰਤਰੀ ਪੰਜਾਬ ਦੇ ਪ੍ਰੋਗਰਾਮ ਦੌਰਾਨ ਸ਼ਾਂਤਮਈ ਧਰਨੇ ਨਾਲ ਮੁਆਵਜ਼ੇ ਅਤੇ ਫਸਲ ਨੁਕਸਾਨ ਦੇ ਸਵਾਲ ਉਠਾਏ। ਪੁਲਿਸ ਨਾਲ ਗੱਲਬਾਤ ਦੇ ਬਾਵਜੂਦ ਮੁੱਖ ਮੰਤਰੀ ਨਾਲ ਮੁਲਾਕਾਤ ਨਾ ਹੋਣ 'ਤੇ ਕਿਸਾਨਾਂ ਨੇ ਬੈਰੀਕੇਡ ਤੋੜਨ ਦੀ ਕੋਸ਼ਿਸ਼ ਕੀਤੀ, ਜਿਸ ਦੌਰਾਨ ਪੁਲਿਸ ਨੇ ਧੱਕਾ-ਮੁੱਕੀ ਕੀਤੀ ਅਤੇ ਇੱਕ ਕਿਸਾਨ ਦੇ ਕੱਪੜੇ ਪਾੜੇ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਰਣਜੀਤ ਸਿੰਘ ਕਲੇਰ ਦੀ ਅਗਵਾਈ ਵਿੱਚ ਸੈਂਕੜੇ ਕਿਸਾਨਾਂ ਨੇ ਮੰਗਾਂ ਰੱਖੀਆਂ, ਜਿਨ੍ਹਾਂ ਵਿੱਚ 70 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਪਰਾਲੀ ਸਾੜਨ ਦੇ ਜੁਰਮਾਨੇ ਖਤਮ ਕਰਨਾ ਅਤੇ ਪੱਕੇ ਬੰਨ੍ਹ ਬਣਾਉਣਾ ਸ਼ਾਮਲ ਸੀ। ਮੁੱਖ ਮੰਤਰੀ ਸਵਾਲਾਂ ਦੇ ਜਵਾਬ ਦਿੱਤੇ ਬਿਨਾਂ ਹੈਲੀਕਾਪਟਰ ਰਾਹੀਂ ਰਵਾਨਾ ਹੋ ਗਏ।



## ਸੁਖਪਾਲ ਸਿੰਘ ਨੰਨੂ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ



ਤਰਨ ਤਾਰਨ-ਇਥੇ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਹੁਲਾਰਾ ਮਿਲਿਆ, ਜਦੋਂ ਫਿਰੋਜ਼ਪੁਰ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਨੰਨੂ ਆਮ ਆਦਮੀ ਪਾਰਟੀ ਛੱਡ ਕੇ ਸਾਥੀਆਂ ਸਮੇਤ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਰਨ ਤਾਰਨ ਦੇ ਸਮਾਗਮ ਵਿੱਚ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਲਈ ਵੱਡਾ ਝਟਕਾ ਹੈ। ਨੰਨੂ ਨੂੰ ਪਾਰਟੀ ਵਿੱਚ ਸਤਿਕਾਰ ਅਤੇ ਅਹਿਮ ਭੂਮਿਕਾ ਦੇਣ ਦਾ ਭਰੋਸਾ ਦਿੱਤਾ ਗਿਆ। ਸੁਖਬੀਰ ਨੇ ਕਿਹਾ ਕਿ ਪੰਜਾਬ ਵਿੱਚ ਅਕਾਲੀ ਦਲ ਦੀ ਮੁਹਿੰਮ ਮਜ਼ਬੂਤ ਹੋ ਰਹੀ ਹੈ, ਅਤੇ ਜਿਮਨੀ ਚੋਣ ਤਰਨਤਾਰਨ ਵਿੱਚ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਦੀ ਮੁਹਿੰਮ ਨੂੰ ਸਮਰਥਨ ਵਧ ਰਿਹਾ ਹੈ।

## ਸ਼੍ਰੋਮਣੀ ਅਕਾਲੀ ਦਲ ਨੇ ਰਾਹੁਲ ਗਾਂਧੀ ਨੂੰ ਸ੍ਰੀ ਦਰਬਾਰ ਸਾਹਿਬ ਹਮਲੇ 'ਤੇ ਚੁੱਪੀ ਤੋੜਨ ਦੀ ਮੰਗ




ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਤੋਂ ਸਪੱਸ਼ਟੀਕਰਨ ਮੰਗਿਆ ਹੈ ਕਿ ਉਨ੍ਹਾਂ ਨੇ ਆਪਣੀ ਦਾਦੀ ਤੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ 1984 ਵਿੱਚ ਕੀਤੇ ਗਏ ਹਮਲੇ ਦੀ ਕਦੇ ਨਿੰਦਾ ਕਿਉਂ ਨਹੀਂ ਕੀਤੀ। ਪਾਰਟੀ ਦੇ ਸੀਨੀਅਰ ਨੇਤਾ ਮਹੇਸ਼ਇੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਹਮਲਾ ਸਿੱਖ ਕੌਮ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਉਣ ਵਾਲਾ ਸੀ, ਜਿਸ ਦਾ ਫੈਸਲਾ ਪੂਰੀ ਤਰ੍ਹਾਂ ਇੰਦਰਾ ਗਾਂਧੀ ਦਾ ਸੀ। ਉਨ੍ਹਾਂ ਨੇ ਸਵਾਲ ਉਠਾਇਆ ਕਿ ਰਾਹੁਲ ਗਾਂਧੀ 1984 ਦੇ ਸਿੱਖ ਕਤਲੇਆਮ ਵਿੱਚ ਆਪਣੇ ਪਰਿਵਾਰ ਦੀ ਭੂਮਿਕਾ 'ਤੇ ਚੁੱਪ ਕਿਉਂ ਹਨ ? ਗਰੇਵਾਲ ਨੇ ਕਿਹਾ ਕਿ ਕਾਂਗਰਸ ਨੇਤਾ ਪੀ. ਚਿਦੰਬਰਮ ਨੇ ਹਾਲ ਹੀ ਵਿੱਚ ਹਮਲੇ ਨੂੰ ਗਲਤ ਮੰਨਿਆ, ਪਰ ਇਸ ਨੂੰ ਸਾਂਝਾ ਫੈਸਲਾ ਦੱਸ ਕੇ ਸੱਚਾਈ ਨੂੰ ਢਕਣ ਦੀ ਕੋਸ਼ਿਸ਼ ਕੀਤੀ। ਅਕਾਲੀ ਦਲ ਨੇ ਮੰਗ ਕੀਤੀ ਕਿ ਰਾਹੁਲ ਗਾਂਧੀ ਸਿੱਖ ਕੌਮ ਨੂੰ ਸੱਚ ਦੱਸਣ।

## ਕੈਨੇਡਾ ਵਿੱਚ ਕ੍ਰੈਡਿਟ ਕਾਰਡ ਧੋਖਾਧੜੀ ਕਾਰਣ ਅੱਠ ਪੰਜਾਬੀ ਗ੍ਰਿਫਤਾਰ



ਓਨਟਾਰੀਓ-ਕੈਨੇਡਾ ਦੀ ਪੀਲ ਪੁਲਿਸ ਨੇ ਡਾਕ ਚੋਰੀ ਅਤੇ ਕ੍ਰੈਡਿਟ ਕਾਰਡ ਧੋਖਾਧੜੀ ਦੇ ਮਾਮਲੇ ਵਿੱਚ ਭਾਰਤੀ ਮੂਲ ਦੇ ਅੱਠ ਪੰਜਾਬੀਆਂ ਨੂੰ ਗ੍ਰਿਫਤਾਰ ਕੀਤਾ ਹੈ। ਸ਼ੱਕੀਆਂ 'ਤੇ 300 ਤੋਂ ਵੱਧ ਦੋਸ਼ ਲੱਗੇ ਹਨ, ਜਿਨ੍ਹਾਂ ਵਿੱਚ 465 ਚੋਰੀ ਹੋਈਆਂ ਡਾਕ ਵਸਤੂਆਂ, ਜਿਵੇਂ 255 ਚੈੱਕ, 182 ਕ੍ਰੈਡਿਟ ਕਾਰਡ ਅਤੇ 35 ਸਰਕਾਰੀ ਪਛਾਣ ਪੱਤਰ ਸ਼ਾਮਲ ਹਨ, ਜਿਨ੍ਹਾਂ ਦੀ ਕੀਮਤ 4 ਲੱਖ ਕੈਨੇਡੀਅਨ ਡਾਲਰ ਤੋਂ ਵੱਧ ਹੈ। ਪੁਲਿਸ ਨੇ ਪ੍ਰੋਜੈਕਟ ਅਨਡਿਲੀਵਰੇਬਲ ਦੇ ਤਹਿਤ ਅਪ੍ਰੈਲ ਵਿੱਚ ਜਾਂਚ ਸ਼ੁਰੂ ਕੀਤੀ ਸੀ, ਜਿਸ ਵਿੱਚ ਪਤਾ ਲੱਗਾ ਕਿ ਇੱਕ ਸਮੂਹ ਘਰਾਂ ਦੇ ਮੇਲਬਾਕਸਾਂ ਨੂੰ ਨਿਸ਼ਾਨਾ ਬਣਾ ਰਿਹਾ ਸੀ। ਸਤੰਬਰ ਵਿੱਚ ਸਰਚ ਵਾਰੰਟ ਜਾਰੀ ਕਰਕੇ ਚੋਰੀ ਦਾ ਸਮਾਨ ਬਰਾਮਦ ਕੀਤਾ ਗਿਆ। ਗ੍ਰਿਫਤਾਰ ਵਿਅਕਤੀਆਂ ਦੀ ਪਛਾਣ ਸੁਮਨਪ੍ਰੀਤ ਸਿੰਘ, ਗੁਰਦੀਪ ਚੱਠਾ, ਜਸ਼ਨਦੀਪ ਜਟਾਣਾ, ਹਰਮਨ ਸਿੰਘ, ਜਸਪ੍ਰੀਤ ਸਿੰਘ, ਮਨਰੂਪ ਸਿੰਘ, ਰਾਜਬੀਰ ਸਿੰਘ ਅਤੇ ਉਪਿੰਦਰਜੀਤ ਸਿੰਘ ਵਜੋਂ ਹੋਈ ਹੈ। ਕੁਝ ਸ਼ੱਕੀਆਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ ਚਲ ਵਸੇ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਾਮ ਸਿੰਘ ਦਾ ਲੰਮੀ ਬਿਮਾਰੀ ਤੋਂ ਬਾਅਦ ਦੇਹਾਂਤ ਹੋ ਗਿਆ, ਜਿਸ ਨਾਲ ਪੰਥਕ ਹਲਕਿਆਂ ਵਿੱਚ ਸੋਗ ਦੀ ਲਹਿਰ ਛਾ ਗਈ। ਭਾਈ ਰਾਮ ਸਿੰਘ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ।

# ਭਾਰਤ ਵਿਚ 'ਜਿਹਾਦ' ਦੀ ਰਾਜਨੀਤੀ: ਭਗਵੀਂ ਸਿਆਸਤ ਦੀ ਵੋਟ ਬੈਂਕ ਖੇਡ

## ✪ ਵੋਟ ਲਈ 'ਜਿਹਾਦ' ਦਾ ਝੂਠਾ ਬਹਾਨਾ: ਸੰਵਿਧਾਨ ਤੇ ਲੋਕਤੰਤਰ ਉਪਰ ਹਮਲਾ ✪ ਸੋਸ਼ਲ ਮੀਡੀਆ 'ਤੇ 'ਜਿਹਾਦ' ਦਾ ਜ਼ਹਿਰ: ਕੌਣ ਨਿਸ਼ਾਨੇ ਉਪਰ ?

ਭਾਰਤ ਦੀ ਰਾਜਨੀਤੀ ਵਿੱਚ 'ਜਿਹਾਦ' ਵਰਡ ਨੂੰ ਹੁਣ ਹਰ ਚੀਜ਼ ਨਾਲ ਜੋੜਿਆ ਜਾ ਰਿਹਾ ਹੈ। ਚਾਹੇ ਲਵ ਜਿਹਾਦ ਹੋਵੇ, ਲੈਂਡ ਜਿਹਾਦ, ਵੋਟ ਜਿਹਾਦ ਜਾਂ ਹੁਣ ਤਾਜ਼ਾ 'ਨਕਲ ਜਿਹਾਦ' - ਇਹ ਸਾਰੇ ਸ਼ਬਦ ਭਗਵੀਂ ਰਾਸ਼ਟਰਵਾਦੀ ਸਿਆਸਤ ਤੇ ਨੈਰੇਟਿਵ ਦਾ ਹਿੱਸਾ ਬਣ ਗਏ ਹਨ। ਪਰ ਸਵਾਲ ਇਹ ਹੈ ਕਿ ਇਸ ਨੈਰੇਟਿਵ ਨੂੰ ਕਿਸ ਨੇ ਚਲਾਇਆ ? ਇਸ ਪਿੱਛੇ ਕਿਹੜੀ ਰਾਜਨੀਤੀ ਛੁਪੀ ਹੈ ਅਤੇ ਇਸ ਦੇ ਨਿਸ਼ਾਨੇ ਕੌਣ ਹਨ ? ਸਿਆਸੀ ਮਾਹਿਰਾਂ ਅਨੁਸਾਰ ਇਹ ਸਾਰੀ ਖੇਡ ਭਾਰਤੀ ਜਨਤਾ ਪਾਰਟੀ (ਬੀਜੇਪੀ) ਅਤੇ ਉਸ ਨਾਲ ਜੁੜੀ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਵਰਗੀਆਂ ਸੰਗਠਨਾਂ ਦੀ ਰਣਨੀਤੀ ਹੈ, ਜੋ ਹਿੰਦੂ ਵੋਟ ਇਕੱਠੇ ਕਰਨ ਲਈ ਧਰਮ ਦੀ ਵੰਡ ਨੂੰ ਹਥਿਆਰ ਬਣਾ ਰਹੀ ਹੈ।




ਇਸ ਕਹਾਣੀ ਦੀ ਸ਼ੁਰੂਆਤ 1947 ਦੀ ਵੰਡ ਨਾਲ ਜੁੜੀ ਹੈ। ਉਸ ਵੇਲੇ ਹਿੰਦੂ ਮਹਾਸਭਾ ਅਤੇ ਆਰਐਸਐਸ ਵਰਗੇ ਸੰਗਠਨਾਂ ਨੇ ਮੁਸਲਿਮਾਂ ਨੂੰ 'ਘੁਸਪੈਠੀਏ' ਅਤੇ 'ਧਰਮ ਬਦਲਣ ਵਾਲੇ' ਕਹਿ ਕੇ ਪੇਸ਼ ਕੀਤਾ। ਪਰ ਅਸਲ 'ਲਵ ਜਿਹਾਦ' ਵਰਗੇ ਸ਼ਬਦਾਂ ਦੀ ਕਾਢ 2000 ਦੇ ਦਹਾਕੇ ਵਿੱਚ ਹੋਈ। 2007 ਵਿੱਚ ਗੁਜਰਾਤ ਵਿੱਚ ਪਹਿਲੀ ਵਾਰ ਇਹ ਥਿਊਰੀ ਉੱਭਰੀ, ਜਿੱਥੇ ਮੁਸਲਿਮ ਮਰਦਾਂ ਨੂੰ ਹਿੰਦੂ ਔਰਤਾਂ ਨੂੰ 'ਫਸਾਉਣ' ਅਤੇ ਧਰਮ ਬਦਲਵਾਉਣ ਦਾ ਅਪਰਾਧੀ ਬਣਾਇਆ ਗਿਆ। 2009 ਵਿੱਚ ਕੇਰਲ ਅਤੇ ਕਰਨਾਟਕ ਵਿੱਚ ਇਹ ਫੈਲਿਆ, ਜਿੱਥੇ ਪ੍ਰਮੋਦ ਮੁਥਲਿਕ ਵਰਗੇ ਆਰਐਸਐਸ ਨਾਲ ਜੁੜੇ ਪ੍ਰਚਾਰਕ ਨੇ ਇਸ ਨੂੰ ਪ੍ਰਚਾਰਿਆ। ਆਰਐਸਐਸ ਦੀਆਂ ਮੈਗਜ਼ੀਨਾਂ 'ਆਰਗੇਨਾਈਜ਼ਰ' ਅਤੇ 'ਪੰਚਜੰਨਯ' ਨੇ 2009 ਵਿੱਚ ਕਵਰ ਸਟੋਰੀਆਂ ਚਲਾਈਆਂ।

ਬੀਜੇਪੀ ਨੇ ਇਸ ਨੂੰ ਰਾਜਨੀਤਕ ਹਥਿਆਰ ਬਣਾਇਆ। 2014 ਵਿੱਚ ਨਰਿੰਦਰ ਮੋਦੀ ਦੀ ਸੱਤਾ ਆਉਣ ਤੋਂ ਬਾਅਦ ਇਹ ਥਿਊਰੀ ਮੇਨਸਟ੍ਰੀਮ ਬਣ ਗਈ। ਯੋਗੀ ਆਦਿੱਤਿਆਨਾਥ ਵਰਗੇ ਬੀਜੇਪੀ ਨੇਤਾ ਨੇ ਇਸ ਨੂੰ 'ਬਾਹਰੀ ਦੁਸ਼ਮਣ ਤਾਕਤਾਂ ਦੀ ਸਾਜਿਸ਼' ਕਿਹਾ ਅਤੇ ਯੂਪੀ ਵਿੱਚ ਕਾਨੂੰਨ ਬਣਾਏ।

ਅੱਜ ਤੱਕ ਯੂਪੀ, ਐੱਮਪੀ, ਹਰਿਆਣਾ, ਗੁਜਰਾਤ ਅਤੇ ਉੱਤਰਾਖੰਡ ਵਰਗੇ ਬੀਜੇਪੀ ਸੱਤਾ ਵਾਲੇ ਰਾਜਾਂ ਵਿੱਚ 'ਐਂਟੀ-ਕਨਵਰਜ਼ਨ ਲਾਅ' ਚੱਲ ਰਹੇ ਹਨ, ਜੋ ਇੰਟਰਫੇਥ ਮੈਰਿਜ ਨੂੰ ਰੋਕਦੇ ਹਨ। ਇਹ ਕਾਨੂੰਨ ਔਰਤਾਂ ਦੀ ਆਜ਼ਾਦੀ ਨੂੰ ਵੀ ਖਤਮ ਕਰਦੇ ਹਨ, ਕਿਉਂਕਿ ਉਹਨਾਂ ਨੂੰ 'ਸੁਰੱਖਿਆ' ਦੇ ਨਾਂ ਤਹਿਤ ਜੇਲ੍ਹਾਂ ਵਿੱਚ ਬੰਦ ਕੀਤਾ ਜਾਂਦਾ ਹੈ।

ਇਹ ਪੂਰੀ ਤਰ੍ਹਾਂ ਵੋਟ ਬੈਂਕ ਰਾਜਨੀਤੀ ਹੈ। ਬੀਜੇਪੀ ਨੂੰ ਡਰ ਹੈ ਕਿ ਮੁਸਲਿਮ ਭਾਈਚਾਰੇ ਦੀ ਵਧਦੀ ਆਬਾਦੀ ਹਿੰਦੂ ਬਹੁਮਤ ਨੂੰ ਘਟਾਏਗੀ। 1909 ਵਿੱਚ ਯੂ.ਐੱਨ. ਮੁਖਰਜੀ ਦੀ ਕਿਤਾਬ 'ਹਿੰਦੂਜ਼: ਏ ਡਾਇੰਗ ਰੇਸ' ਤੋਂ ਇਹ ਡਰ ਸ਼ੁਰੂ ਹੋਇਆ। ਇਸ ਵਿਚਾਰ ਨੂੰ ਆਰਐਸਐਸ ਨੇ ਅਪਣਾਇਆ। ਅੱਜ ਇਹ ਡਰਮੋਗ੍ਰਾਫਿਕ ਐਂਗਜ਼ਾਈਟੀ ਨਾਲ ਜੁੜਿਆ ਹੈ - ਮੁਸਲਿਮਾਂ ਨੂੰ 'ਘੁਸਪੈਠੀਏ' ਜਾਂ 'ਜਿਹਾਦੀ' ਕਹਿ ਕੇ ਹਿੰਦੂਆਂ ਨੂੰ ਡਰਾਇਆ ਜਾਂਦਾ ਹੈ। ਚੋਣਾਂ ਵਿੱਚ ਇਹ ਹਥਿਆਰ ਬਹੁਤ ਕੰਮ ਆਉਂਦਾ ਹੈ। 2014 ਅਤੇ 2019 ਦੀਆਂ ਚੋਣਾਂ ਵਿੱਚ ਭਾਜਪਾ ਨੇ ਇਸ ਨਾਲ ਹਿੰਦੂ ਵੋਟ ਪੱਕੇ ਕੀਤੇ। ਉੱਤਰਾਖੰਡ ਵਿੱਚ ਪੁਸ਼ਕਰ ਸਿੰਘ ਧਾਮੀ ਨੇ ਪੇਪਰ ਲੀਕ ਨੂੰ 'ਨਕਲ ਜਿਹਾਦ' ਕਿਹਾ, ਜਦੋਂ ਕਿ ਗਲਤੀ ਸਿਸਟਮ ਦੀ ਸੀ। ਉੱਤਰਾਖੰਡ ਵਿੱਚ ਹੀ 'ਲੈਂਡ ਜਿਹਾਦ' ਅਤੇ 'ਥੂਕ ਜਿਹਾਦ' ਵਰਗੇ ਸ਼ਬਦ ਵੀ ਧਾਮੀ ਨੇ ਚਲਾਏ। ਝਾਰਖੰਡ ਵਿੱਚ ਬੀਜੇਪੀ ਨੇ ਚੋਣਾਂ ਲੜੀਆਂ ਲਵ ਅਤੇ ਲੈਂਡ ਜਿਹਾਦ ਨਾਲ, ਪਰ ਹਾਰ ਗਈ। ਬਿਹਾਰ ਵਿੱਚ 'ਵੋਟ ਜਿਹਾਦ' ਚਲਾਇਆ ਗਿਆ, ਜਿੱਥੇ ਮੁਸਲਿਮਾਂ ਨੂੰ ਫੇਕ ਵੋਟ ਬਣਾਉਣ ਵਾਲੇ ਕਿਹਾ।

ਸਿਆਸੀ ਮਾਹਿਰਾਂ ਅਨੁਸਾਰ ਸੋਸ਼ਲ ਮੀਡੀਆ ਤੇ ਇਹ ਨੈਰੇਟਿਵ ਫੈਲਾਉਣ ਵਾਲਾ ਮੁੱਖ ਹਥਿਆਰ ਹੈ। ਪਰ ਸਰਕਾਰ ਇਸ ਨਸਲਵਾਦ ਵਿਰੁਧ ਕਾਰਵਾਈ ਨਹੀਂ ਕਰਦੀ। ਬੀਜੇਪੀ ਦੇ ਆਈਟੀ ਸੈੱਲ ਅਤੇ ਵੀਐੱਚਪੀ ਵਰਗੇ ਗਰੁੱਪਾਂ ਨੇ ਐਕਸ (ਟਵਿੱਟਰ) ਤੇ 'ਲਵ ਜਿਹਾਦ' ਨਾਲ ਜੁੜੇ ਹਜ਼ਾਰਾਂ ਪੋਸਟ ਕੀਤੇ ਹਨ। ਇੱਕ ਰਿਪੋਰਟ ਮੁਤਾਬਕ, ਬੀਜੇਪੀ ਨੇ ਚੋਣਾਂ ਵਿੱਚ 48% ਫੇਕ ਨਿਊਜ਼ ਫੈਲਾਈ, ਜਿਸ ਵਿੱਚ ਇਹ ਨੈਰੇਟਿਵ ਸ਼ਾਮਲ ਹਨ। ਇਹ ਨਾ ਸਿਰਫ਼ ਭਾਜਪਾ ਦਾ ਵੋਟ ਬੈਂਕ ਵਧਾਉਂਦਾ ਹੈ, ਸਗੋਂ ਹਿੰਸਾ ਵੀ ਭੜਕਾਉਂਦਾ ਹੈ। 2020 ਵਿੱਚ ਦਿੱਲੀ ਕਤਲੇਆਮ ਵਿੱਚ 'ਕੋਰੋਨਾ ਜਿਹਾਦ' ਚਲਾਇਆ ਗਿਆ, ਜਿੱਥੇ ਤਬਲੀਗੀ ਜਮਾਤ ਨੂੰ ਵਾਇਰਸ ਫੈਲਾਉਣ ਵਾਲਾ ਕਿਹਾ। ਨਤੀਜਾ ? 53 ਲੋਕ ਮਾਰੇ ਗਏ, ਜਿਨ੍ਹਾਂ ਵਿੱਚ ਜ਼ਿਆਦਾਤਰ ਮੁਸਲਿਮ ਸਨ। ਇਹ ਪੂਰਾ ਫੋਕਸ ਮੁਸਲਿਮ ਭਾਈਚਾਰੇ ਤੇ ਹੈ। ਇਸ ਨਾਲ ਹਿੰਦੂ ਤੇ ਮੁਸਲਮਾਨ ਭਾਈਚਾਰੇ ਵਿੱਚ ਵੰਡ ਪੈਦਾ ਹੁੰਦੀ ਹੈ - ਦਲਿਤਾਂ ਅਤੇ ਅਦਿਵਾਸੀਆਂ ਨੂੰ ਵੀ ਇਸ ਵਿੱਚ ਘੁਸੇੜਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਮੁਸਲਮਾਨਾਂ ਵਿਰੁਧ ਹਥਿਆਰ ਬਣਾਇਆ ਜਾਂਦਾ ਹੈ।

ਇਹ ਸਭ ਕੁਝ ਬੀਜੇਪੀ ਦੀ ਫਿਰਕੂ ਆਈਡੀਓਲੌਜੀ ਨਾਲ ਜੁੜਿਆ ਹੈ, ਜੋ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣਾ ਚਾਹੁੰਦੀ ਹੈ। ਪਰ ਇਹ ਰਾਜਨੀਤੀ ਭਾਰਤੀ ਸੰਵਿਧਾਨ ਦੇ ਸੈਕੂਲਰਿਜ਼ਮ ਨੂੰ ਖਤਮ ਕਰ ਰਹੀ ਹੈ। ਯੂਐੱਨ ਅਤੇ ਹਿਊਮਨ ਰਾਈਟਸ ਵਾਚ ਵਰਗੇ ਸੰਸਥਾਵਾਂ ਨੇ ਇਸ ਨੂੰ 'ਇਸਲਾਮੋਫੋਬਿਕ' ਕਿਹਾ ਹੈ। ਚੋਣਾਂ ਵਿੱਚ ਇਹ ਜਿਹਾਦੀ ਨੈਰਟਿਵ ਭਾਜਪਾ ਦਾ ਵੋਟ ਵਧਾਉਂਦੀ ਹੈ, ਪਰ ਲੰਬੇ ਸਮੇਂ ਵਿੱਚ ਦੇਸ਼ ਨੂੰ ਵੰਡਦੀ ਹੈ। ਜਦੋਂ ਤੱਕ ਲੋਕ ਇਸ ਨੂੰ ਨਾ ਸਮਝਣਗੇ, ਇਹ ਚੱਕਰ ਜਾਰੀ ਰਹੇਗਾ। ਕੀ ਭਾਰਤ ਵਾਸੀ ਇਸ ਰਾਜਨੀਤੀ ਨੂੰ ਰੋਕਣਗੇ ? ਇਹ ਸਮਾਂ ਦੱਸੇਗਾ।

# ਆਈ.ਐੱਸ.ਆਈ. ਦਾ ਜਾਸੂਸ ਚੜ੍ਹਿਆ ਅੜਿੱਕੇ

## ✪ ਹਨੀ ਟ੍ਰੈਪ ਵਿਚ ਫਸ ਕੇ ਕਰ ਰਿਹਾ ਸੀ ਫੌਜੀ ਭੇਤ ਲੀਕ ✪ ਮੰਗਤ ਸਿੰਘ ਦੋ ਸਾਲਾਂ ਤੋਂ ਦੇਸ਼ ਦੀ ਗੁਪਤ ਜਾਣਕਾਰੀ ਪਾਕਿਸਤਾਨੀ ਹੈਂਡਲਰ ਨਾਲ ਕਰ ਰਿਹਾ ਸੀ ਸਾਂਝੀ ✪ ਅਲਵਰ ਤੋਂ ਹੋਇਆ ਗ੍ਰਿਫ਼ਤਾਰ

ਨਵੀਂ ਦਿੱਲੀ-ਰਾਜਸਥਾਨ ਇੰਟੈਲੀਜੈਂਸ ਨੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐੱਸ. ਆਈ. ਲਈ ਜਾਸੂਸੀ ਕਰਨ ਵਾਲੇ ਇੱਕ ਨੌਜਵਾਨ ਨੂੰ ਅਲਵਰ ਤੋਂ ਦਬੋਚਿਆ ਹੈ। ਇਹ ਨੌਜਵਾਨ, ਜਿਸ ਦੀਆਂ ਹਰਕਤਾਂ 'ਆਪ੍ਰੇਸ਼ਨ ਸਿੰਦੂਰ' ਮਗਰੋਂ ਸ਼ੱਕੀ ਪਾਈਆਂ ਗਈਆਂ ਸਨ, ਹੁਣ 'ਸਰਕਾਰੀ ਭੇਦ ਐਕਟ 1923' ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਅਸਲ ਵਿਚ ਅਲਵਰ ਇਲਾਕਾ ਸੰਵੇਦਨਸ਼ੀਲ ਅਤੇ ਰਣਨੀਤਕ ਤੌਰ 'ਤੇ ਅਹਿਮ ਥਾਂ ਹੈ। ਰਾਜਸਥਾਨ ਇੰਟੈਲੀਜੈਂਸ ਨੂੰ ਅਲਵਰ ਦੇ ਗੋਵਿੰਦਗੜ੍ਹ ਦੇ ਰਹਿਣ ਵਾਲੇ ਮੰਗਤ ਸਿੰਘ ਦੀਆਂ ਗਤੀਵਿਧੀਆਂ ਸ਼ੱਕੀ ਲੱਗੀਆਂ। ਇਸ ਤੋਂ ਬਾਅਦ ਤੁਰੰਤ ਵੱਡੀ ਕਾਰਵਾਈ ਕਰਦਿਆਂ ਰਾਜਸਥਾਨ ਇੰਟੈਲੀਜੈਂਸ ਨੇ ਮੰਗਤ ਸਿੰਘ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐੱਸ. ਆਈ. ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ।



ਪਾਕਿਸਤਾਨੀ ਔਰਤ ਨੇ ਹਨੀ-ਟ੍ਰੈਪ ਵਿਚ ਫਸਾਇਆ-ਮੰਗਤ ਸਿੰਘ 'ਤੇ ਦੋਸ਼ ਹੈ ਕਿ ਉਸ ਨੂੰ 'ਈਸ਼ਾ ਸ਼ਰਮਾ' ਨਾਂ ਦੀ ਇੱਕ ਪਾਕਿਸਤਾਨੀ ਔਰਤ ਹੈਂਡਲਰ ਨੇ ਹਨੀ-ਟ੍ਰੈਪ ਕੀਤਾ ਸੀ। ਔਰਤ ਨੇ ਉਸ ਨੂੰ ਗੁਪਤ ਜਾਣਕਾਰੀ ਸਾਂਝੀ ਕਰਨ ਬਦਲੇ ਪੈਸੇ ਦੇਣ ਦਾ ਲਾਲਚ ਦਿੱਤਾ ਸੀ। ਅਲਵਰ ਦੇ ਛਾਉਣੀ ਖੇਤਰ ਵਿੱਚ ਨਿਗਰਾਨੀ ਦੌਰਾਨ ਉਸ ਦੀਆਂ ਗਤੀਵਿਧੀਆਂ ਸ਼ੱਕੀ ਪਾਈਆਂ ਗਈਆਂ। ਮੰਗਤ ਸਿੰਘ ਖ਼ਿਲਾਫ਼ ਬੀਤੇ ਦਿਨ (10 ਅਕਤੂਬਰ 2025) ਜੈਪੁਰ ਦੇ ਸਪੈਸ਼ਲ ਪੁਲਿਸ ਸਟੇਸ਼ਨ ਵਿੱਚ 'ਅਧਿਕਾਰਤ ਭੇਦ ਐਕਟ 1923' ਤਹਿਤ ਕੇਸ ਦਰਜ ਕੀਤਾ ਗਿਆ ਅਤੇ ਉਸ ਨੂੰ ਸੀ.ਆਈ.ਡੀ. ਇੰਟੈਲੀਜੈਂਸ, ਰਾਜਸਥਾਨ ਨੇ ਗ੍ਰਿਫ਼ਤਾਰ ਕਰ ਲਿਆ।

ਸੋਸ਼ਲ ਮੀਡੀਆ ਰਾਹੀਂ ਕਰਦਾ ਸੀ ਜਾਣਕਾਰੀ ਸਾਂਝੀ-ਮੰਗਤ ਸਿੰਘ ਪਿਛਲੇ ਲਗਭਗ ਦੋ ਸਾਲਾਂ ਤੋਂ ਸੋਸ਼ਲ ਮੀਡੀਆ ਰਾਹੀਂ ਪਾਕਿਸਤਾਨੀ ਖੁਫੀਆ ਏਜੰਸੀ ਦੇ ਹੈਂਡਲਰਾਂ ਦੇ ਸੰਪਰਕ ਵਿੱਚ ਸੀ। ਪੈਸਿਆਂ ਦੇ ਲਾਲਚ ਵਿੱਚ ਆ ਕੇ, ਉਹ ਅਲਵਰ ਸ਼ਹਿਰ ਦੇ ਮਹੱਤਵਪੂਰਨ ਛਾਉਣੀ ਖੇਤਰ ਅਤੇ ਦੇਸ਼ ਭਰ ਦੀਆਂ ਹੋਰ ਰਣਨੀਤਕ ਥਾਵਾਂ ਬਾਰੇ ਗੁਪਤ ਜਾਣਕਾਰੀ ਸੋਸ਼ਲ ਮੀਡੀਆ ਰਾਹੀਂ ਸਾਂਝੀ ਕਰ ਰਿਹਾ ਸੀ। ਵੱਖ-ਵੱਖ ਖੁਫੀਆ ਏਜੰਸੀਆਂ ਨੇ ਜੈਪੁਰ ਦੇ ਕੇਂਦਰੀ ਪੁੱਛਗਿੱਛ ਕੇਂਦਰ ਵਿੱਚ ਉਸ ਤੋਂ ਪੁੱਛਗਿੱਛ ਕੀਤੀ ਅਤੇ ਉਸ ਦੇ ਮੋਬਾਈਲ ਫੋਨ ਦੀ ਜਾਂਚ ਮਗਰੋਂ ਕੇਸ ਦਰਜ ਕਰਕੇ ਗ੍ਰਿਫ਼ਤਾਰੀ ਪਾਈ।

# ਬਟਾਲਾ ਵਿਚ ਖਾਲਿਸਤਾਨੀ ਨਾਅਰੇ ਲਿਖਣ ਵਾਲੇ 7 ਨੌਜਵਾਨ ਫੜੇ

## ✪ ਪੁਲਿਸ ਦਾ ਦਾਅਵਾ ਕਿ ਵਿਦੇਸ਼ੀ ਸਾਜ਼ਿਸ਼ ਆਈ ਸਾਹਮਣੇ



ਗੁਰਦਾਸਪੁਰ-ਬੀਤੇ ਦਿਨੀਂ 23 ਸਤੰਬਰ ਦੀ ਦੇਰ ਰਾਤ ਬਟਾਲਾ ਵਿਚ ਸਥਿਤ ਧਾਰਮਿਕ ਸਥਲ ਸ੍ਰੀ ਅਚਲੇਸ਼ਵਰ ਧਾਮ ਮੰਦਰ ਦੀਆਂ ਕੰਧਾਂ ਅਤੇ ਰੇਲਵੇ ਸਟੇਸ਼ਨ ਦੀਆਂ ਕੰਧਾਂ ਦੇ ਕੁਝ ਅਣਪਛਾਤੇ ਲੋਕਾਂ ਵੱਲੋਂ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ। ਭਾਵੇਂ ਕਿ ਇਸ ਮਾਮਲੇ ਵਿਚ ਨਾਅਰੇ ਬਟਾਲਾ ਪੁਲਸ ਅਤੇ ਰੇਲਵੇ ਪੁਲਸ ਵੱਲੋਂ ਮਿਟਾ ਦਿੱਤੇ ਗਏ ਸਨ ਪਰ ਵਿਦੇਸ਼ ਬੈਠੇ ਸਿੱਖ ਫੌਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਵੱਲੋਂ ਇੱਕ ਵੀਡੀਓ ਰਾਹੀਂ ਪਰਵਾਸੀਆਂ ਨੂੰ ਪੰਜਾਬ ਛੱਡਣ ਦੀ ਧਮਕੀ ਵੀ ਦਿੱਤੀ ਸੀ ਅਤੇ ਉਸ ਤੋਂ ਬਾਅਦ ਪੁਲਸ ਵਲੋਂ ਇਸ ਮਾਮਲੇ ਵਿਚ ਕੇਸ ਦਰਜ ਕੀਤਾ ਗਿਆ ਸੀ।

ਇਹੀ ਨਹੀਂ, ਇਸ ਤੋਂ ਬਾਅਦ 29 ਸਤੰਬਰ ਦੀ ਰਾਤ ਸ਼ਹਿਰ ਵਿੱਚ ਦੁਬਾਰਾ ਇਸ ਤਰ੍ਹਾਂ ਹੀ ਮਾਮਲਾ ਸਾਹਮਣੇ ਆਇਆ, ਜਦੋਂ ਦੇਰ ਰਾਤ ਇੱਕ ਨਿੱਜੀ ਕਾਲਜ ਦੀਆਂ ਕੰਧਾਂ 'ਤੇ ਖਾਲਿਸਤਾਨੀ ਨਾਅਰੇ ਲਿਖੇ ਹੋਏ ਮਿਲੇ। ਇਸ ਮਾਮਲੇ ਨੂੰ ਲੈ ਕੇ ਜ਼ਿਲ੍ਹਾ ਬਟਾਲਾ ਦੇ ਐੱਸਐੱਸਪੀ ਸੁਹੇਲ ਕਾਸਿਮ ਮੀਰ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਦੇਸ਼ ਵਿਰੋਧੀ ਨਾਅਰੇ ਲਿਖਣ ਅਤੇ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਕਾਰਵਾਈ ਵਿੱਚ ਸ਼ਾਮਲ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਐੱਸਐੱਸਪੀ ਨੇ ਦੱਸਿਆ ਕਿ ਪੁਲਸ ਵੱਲੋਂ ਕੁੱਲ 7 ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਦੌਰਾਨ ਇਹ ਸਾਹਮਣੇ ਆਇਆ ਹੈ ਕਿ ਇਸ ਸਾਜ਼ਿਸ਼ ਦੇ ਪਿੱਛੇ ਗੁਰਪਤਵੰਤ ਸਿੰਘ ਪੰਨੂ ਅਤੇ ਉਸਦਾ ਸਾਥੀ ਅਭੈ ਪ੍ਰਤਾਪ ਸਿੰਘ ਉਰਫ਼ ਰਾਜਾ ਹਰੂਵਾਲ ਹੈ, ਜੋ ਅਰਮੇਨੀਆ ਵਿੱਚ ਰਹਿੰਦਾ ਹੈ ਅਤੇ ਬੱਬਰ ਖਾਲਸਾ ਨਾਲ ਜੁੜਿਆ ਹੋਇਆ ਹੈ। ਇਹੀ ਰਾਜਾ ਹਰੂਵਾਲ ਪਹਿਲਾਂ ਵੀ ਕਿਲ੍ਹਾ ਲਾਲ ਸਿੰਘ ਥਾਣੇ ਵੀਚ ਗ੍ਰੇਨੇਡ ਹਮਲਾ ਕਰਵਾ ਚੁੱਕਾ ਹੈ।

ਐੱਸਐੱਸਪੀ ਬਟਾਲਾ ਨੇ ਦੱਸਿਆ ਕਿ ਵਿਦੇਸ਼ ਬੈਠੇ ਰਾਜਾ ਹਰੂਵਾਲ ਨੇ ਇਹਨਾਂ ਨੌਜਵਾਨਾਂ ਦਾ ਬ੍ਰੇਨਵਾਸ਼ ਕੀਤਾ ਅਤੇ ਉਨ੍ਹਾਂ ਨੂੰ ਕੁਝ ਰਕਮ ਵੀ ਭੇਜੀ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਵਿਦੇਸ਼ ਤੋਂ ਉਨ੍ਹਾਂ ਨੂੰ 14 ਹਜ਼ਾਰ ਰੁਪਏ ਭੇਜੇ ਗਏ ਸਨ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਨੌਜਵਾਨਾਂ ਦਾ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ, ਪਰ ਜੇਕਰ ਸਮੇਂ 'ਤੇ ਇਹਨਾਂ ਨੂੰ ਕਾਬੂ ਨਾ ਕੀਤਾ ਜਾਂਦਾ, ਤਾਂ ਇਹ ਕੋਈ ਹੋਰ ਵੱਡੀ ਵਾਰਦਾਤ ਅੰਜਾਮ ਦੇ ਸਕਦੇ ਸਨ।

### ਰੈਸਟੋਰੈਂਟ-ਬੂਟ ਹਾਊਸ 'ਤੇ ਅੰਨ੍ਹੇਵਾਹ ਗੋਲੀਬਾਰੀ, 2 ਦੀ ਮੌਤ, 5 ਜ਼ਖਮੀ

ਗੁਰਦਾਸਪੁਰ-ਬੀਤੇ ਦਿਨੀਂ ਬਟਾਲਾ ਦੇ ਜੱਸਾ ਸਿੰਘ ਚੌਕ ਨੇੜੇ ਛੇ ਅਣਪਛਾਤਿਆਂ ਵੱਲੋਂ ਰੈਸਟੋਰੈਂਟ ਅਤੇ ਇੱਕ ਬੂਟ ਹਾਊਸ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ, ਜਿਸ ਕਾਰਣ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਗੰਭੀਰ ਜ਼ਖਮੀ ਹੋ ਗਏ। ਪੁਲਿਸ ਨੇ ਪੂਰੇ ਇਲਾਕੇ ਨੂੰ ਸੀਲ ਕਰ ਦਿੱਤਾ ਅਤੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ। ਮ੍ਰਿਤਕਾਂ ਦੀ ਪਛਾਣ ਕਨਵ ਮਹਾਜਨ ਅਤੇ ਸਰਬਜੀਤ ਸਿੰਘ ਵਜੋਂ ਹੋਈ ਹੈ। ਇਸ ਗੋਲੀਬਾਰੀ ਵਿੱਚ ਰੈਸਟੋਰੈਂਟ ਮਾਲਕ ਐਡਵੋਕੇਟ ਚੰਦਰ ਚੰਦਾ, ਦੁਕਾਨ ਦਾ ਸੁਰੱਖਿਆ ਗਾਰਡ ਸਰਬਜੀਤ ਸਿੰਘ, ਦੁਕਾਨ ਮਾਲਕ ਦਾ ਦੋਸਤ ਕਨਵ ਮਹਾਜਨ, ਸ਼ੋਅਰੂਮ ਨੇੜੇ ਖੜ੍ਹੇ ਅੰਮ੍ਰਿਤ ਪਾਲ ਵਾਸੀ ਉਮਰਾਪੁਰਾ, ਅਮਨਦੀਪ, ਸੰਜੀਵ ਸੇਠ ਵਾਸੀ ਖਜੂਰੀ ਗੇਟ ਅਤੇ ਜੁਗਲ ਕਿਸ਼ੋਰ ਵਾਸੀ ਪੁਰੀਆ ਮੁਹੱਲਾ ਜ਼ਖਮੀ ਹੋ ਗਏ।

## ਗੁਪਤ ਅੰਗ ਵਿਚ ਚਿੱਟੇ ਦਾ ਟੀਕਾ ਲਗਾਉਣ ਕਾਰਨ ਗਭਰੂ ਦੀ ਮੌਤ, ਝਾੜੀਆਂ ਵਿਚੋਂ ਮਿਲੀ ਲਾਸ਼



ਬਠਿੰਡਾ-ਬਠਿੰਡਾ ਸ਼ਹਿਰ ਦੇ ਆਈਟੀਆਈ ਚੌਕ ਨਜ਼ਦੀਕ ਇੰਡਸਟਰੀਅਲ ਏਰੀਆ ਦੇ ਪਿੱਛੇ ਪਟਿਆਲਾ ਰੇਲਵੇ ਲਾਈਨ 'ਤੇ ਸਾਹਮਣੇ ਆਇਆ ਹੈ ਜਿੱਥੇ ਝਾੜੀਆਂ ਵਿਚ ਇਕ ਨੌਜਵਾਨ ਮਨਪ੍ਰੀਤ ਸ਼ਰਮਾ (30) ਪੁੱਤਰ ਬਾਲਕ੍ਰਿਸ਼ਨ ਸ਼ਰਮਾ ਵਾਸੀ ਮਤੀ ਦਾਸ ਨਗਰ ਦੀ ਲਾਸ਼ ਮਿਲੀ ਹੈ। ਘਟਨਾ ਦਾ ਪਤਾ ਲੱਗਦਿਆਂ ਹੀ ਰੇਲਵੇ ਪੁਲਿਸ ਦੇ ਅਧਿਕਾਰੀ ਅਤੇ ਸਹਾਰਾ ਜਨ ਸੇਵਾ ਦੀ ਲਾਈਫ ਸੇਵਿੰਗ ਬ੍ਰਿਗੇਡ ਹੈਲਪਲਾਈਨ ਟੀਮ ਹਾਦਸੇ ਵਾਲੀ ਥਾਂ 'ਤੇ ਤੁਰੰਤ ਐਂਬੂਲੈਂਸ ਲੈ ਕੇ ਪਹੁੰਚੇ। ਨੌਜਵਾਨ ਦੀ ਲਾਸ਼ ਝਾੜੀਆਂ 'ਚ ਪਈ ਸੀ। ਉਸ ਨੇ ਆਪਣੇ ਗੁਪਤ ਅੰਗਾਂ 'ਚ ਟੀਕਾ ਲਗਾਇਆ ਸੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਰੇਲਵੇ ਪੁਲਿਸ ਦੇ ਥਾਣਾ ਮੁਖੀ ਨੇ ਪੁਲਿਸ ਪਾਰਟੀ ਦੇ ਨਾਲ ਮੌਕੇ 'ਤੇ ਪਹੁੰਚ ਕੇ ਘਟਨਾ ਦੀ ਜਾਂਚ ਕੀਤੀ। ਮ੍ਰਿਤਕ ਨੌਜਵਾਨ ਦੇ ਮਾਤਾ-ਪਿਤਾ ਦੀ ਪਹਿਲਾ ਹੀ ਮੌਤ ਹੋ ਚੁੱਕੀ ਹੈ ਅਤੇ ਉਸ ਦੀਆਂ ਦੋ ਭੈਣਾਂ ਸਨ। ਉਹ ਪਿਛਲੇ ਦੋ ਸਾਲਾਂ ਤੋਂ ਇਕੱਲਾ ਰਹਿ ਰਿਹਾ ਸੀ।

# ਅੰਮ੍ਰਿਤਸਰ ਏਅਰਪੋਰਟ ਤੋਂ ਬਰਾਮਦ 2.5 ਕਰੋੜ ਦਾ ਗਾਂਜਾ

## ✪ ਬੈਂਕਾਕ ਤੋਂ ਸ਼ੈਂਪੂ ਵਿਚ ਲਿਆਏ ਸਮਗਲਰ

ਅੰਮ੍ਰਿਤਸਰ-ਅੰਮ੍ਰਿਤਸਰ ਸਥਿਤ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਦੇ ਅਧਿਕਾਰੀਆਂ ਨੇ ਇੰਡੋ-ਥਾਈ ਏਅਰਲਾਈਨਜ਼ ਦੀ ਫਲਾਈਟ ਰਾਹੀਂ ਬੈਂਕਾਕ ਤੋਂ ਆਏ ਦੋ ਯਾਤਰੀਆਂ ਕੋਲੋਂ ਭਾਰੀ ਮਾਤਰਾ ਵਿੱਚ ਨਸ਼ੀਲਾ ਪਦਾਰਥ ਬਰਾਮਦ ਕੀਤਾ। ਅਧਿਕਾਰੀਆਂ ਦੀ ਚੌਕਸੀ ਅਤੇ ਪ੍ਰਭਾਵਸ਼ਾਲੀ ਜਾਂਚ ਪ੍ਰਣਾਲੀ ਦੇ ਕਾਰਨ, ਦੋਵਾਂ ਤਸਕਰਾਂ ਨੂੰ ਏਅਰਪੋਰਟ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਜ਼ਬਤ ਕੀਤੇ ਗਏ ਗਾਂਜੇ ਦੀ ਕੁੱਲ ਮਾਤਰਾ 2,550 ਗ੍ਰਾਮ ਹੈ, ਜਿਸ ਦੀ ਕੌਮਾਂਤਰੀ ਬਾਜ਼ਾਰ ਵਿੱਚ ਕੀਮਤ ਲਗਭਗ ਢਾਈ ਕਰੋੜ (2.5 ਕਰੋੜ) ਰੁਪਏ ਦੱਸੀ ਜਾ ਰਹੀ ਹੈ।

ਮੁਲਜ਼ਮਾਂ ਨੇ ਨਸ਼ੇ ਦੀ ਤਸਕਰੀ ਲਈ ਬਹੁਤ ਹੀ ਚਲਾਕੀ ਵਾਲਾ ਤਰੀਕਾ ਅਪਣਾਇਆ ਸੀ। ਤਸਕਰਾਂ ਨੇ ਇਸ ਗਾਂਜੇ ਨੂੰ



ਟਿਨ ਕੰਟੇਨਰਾਂ ਅਤੇ ਸ਼ੈਂਪੂ ਦੀਆਂ ਪੀ.ਈ.ਟੀ. ਬੋਤਲਾਂ ਵਿੱਚ ਚਲਾਕੀ ਨਾਲ ਲੁਕਾ ਰੱਖਿਆ ਸੀ।

ਕਸਟਮ ਵਿਭਾਗ ਨੇ ਤੁਰੰਤ ਮਾਮਲਾ ਦਰਜ ਕਰਕੇ ਗਾਂਜਾ ਜ਼ਬਤ ਕਰ ਲਿਆ ਹੈ ਅਤੇ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ।

### ਚਿੱਟਾ ਸਪਲਾਈ ਕਰਨ ਵਾਲੀ 8 ਗ੍ਰਾਮ ਚਿੱਟੇ ਸਮੇਤ ਔਰਤ ਗ੍ਰਿਫ਼ਤਾਰ

ਲੁਧਿਆਣਾ-ਕੋਚਰ ਮਾਰਕੀਟ ਪੁਲਸ ਨੇ ਫਿਰੋਜ਼ ਗਾਂਧੀ ਮਾਰਕੀਟ ਨੇੜੇ ਜਵਾਹਰ ਨਗਰ ਕੈਂਪ ਦੀ ਰਹਿਣ ਵਾਲੀ ਇਕ ਔਰਤ ਗੁਰਜੀਤ ਕੌਰ ਨੂੰ 8 ਗ੍ਰਾਮ ਚਿੱਟੇ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਉਸ ਵਿਰੁੱਧ ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

### ਪੰਜਾਬ ਪੁਲਸ ਨੇ ਫੜੀ 80 ਕਰੋੜ ਦੀ ਹੈਰੋਇਨ

ਤਰਨਤਾਰਨ-ਜ਼ਿਲ੍ਹਾ ਤਰਨਤਾਰਨ ਦੀ ਪੁਲਸ ਨੇ 80 ਕਰੋੜ ਰੁਪਏ ਦੀ ਹੈਰੋਇਨ ਸਣੇ ਦੋ ਅੰਤਰਰਾਸ਼ਟਰੀ ਨਸ਼ਾ ਸਮਗਲਰਾਂ ਨੂੰ ਗ੍ਰਿਫਤਾਰ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ। ਮੁਲਜ਼ਮਾਂ ਦੀ ਪਛਾਣ ਹਰਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਵਜੋਂ ਹੋਈ ਹੈ।

# ਲਿਵ-ਇਨ ਰਿਲੇਸ਼ਨਸ਼ਿਪ ਵਿਚ ਰਹਿ ਰਹੀ ਜਨਾਨੀ ਨੂੰ ਅਗਵਾ ਕਰਨ ਦੀ ਹੋਈ ਕੋਸ਼ਿਸ਼

## ✪ ਕਾਂਡ ਵਿਚ ਪਤੀ ਦੀ ਪਹਿਲੀ ਪਤਨੀ ਤੇ ਉਸਦੇ ਰਿਸ਼ਤੇਦਾਰ ਸ਼ਾਮਲ ✪ ਸਾਰੇ 12 ਮੁਲਜ਼ਮਾਂ ਖ਼ਿਲਾਫ਼ ਬੀ. ਐੱਨ. ਐੱਸ. ਦੀਆਂ ਸਬੰਧਿਤ ਧਾਰਾਵਾਂ ਤਹਿਤ ਕੇਸ ਦਰਜ

ਗੁਰੂਹਰਸਹਾਏ-ਗੁਰੂਹਰਸਹਾਏ 'ਚ ਕਾਨੂੰਨੀ ਤੌਰ 'ਤੇ ਲਿਵ-ਇਨ ਰਿਲੇਸ਼ਨਸ਼ਿਪ ਵਿਚ ਰਹਿ ਰਹੇ ਇਕ ਜੋੜੇ ਦੀ ਜ਼ਿੰਦਗੀ ਵਿਚ ਉਸ ਵੇਲੇ ਵੱਡਾ ਡਰ ਅਤੇ ਪਰੇਸ਼ਾਨੀ ਖੜ੍ਹੀ ਹੋ ਗਈ, ਜਦੋਂ ਪਤੀ ਦੀ ਪਹਿਲੀ ਪਤਨੀ ਅਤੇ ਉਸ ਦੇ ਪਰਿਵਾਰ ਸਮੇਤ ਕੁੱਲ 12 ਲੋਕਾਂ ਨੇ ਦੂਜੀ ਔਰਤ ਨੂੰ ਜ਼ਬਰਦਸਤੀ ਅਗਵਾ ਕਰਨ ਦੀ ਕੋਸ਼ਿਸ਼ ਕੀਤੀ।

ਪੁਲਸ ਨੇ ਇਸ ਮਾਮਲੇ 'ਚ ਤੁਰੰਤ ਕਾਰਵਾਈ ਕਰਦੇ ਹੋਏ ਸ਼ਿਕਾਇਤਕਰਤਾ ਔਰਤ ਦੇ ਬਿਆਨਾਂ ਦੇ ਆਧਾਰ 'ਤੇ ਸਾਰੇ 12 ਮੁਲਜ਼ਮਾਂ ਖ਼ਿਲਾਫ਼ ਬੀ. ਐੱਨ. ਐੱਸ. ਦੀਆਂ ਸਬੰਧਿਤ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ। ਥਾਣਾ ਗੁਰੂਹਰਸਹਾਏ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਸ਼ਿਕਾਇਤਕਰਤਾ ਔਰਤ ਸੰਜਨਾ ਰਾਣੀ ਨੇ ਦੱਸਿਆ ਕਿ ਉਸ ਦੇ ਪਤੀ ਪਰਮਜੀਤ ਸਿੰਘ ਦਾ ਪਹਿਲਾ ਵਿਆਹ ਵੀਨਾ ਰਾਣੀ ਨਾਲ ਹੋਇਆ ਸੀ, ਜਿਨ੍ਹਾਂ ਦੇ 3 ਬੱਚੇ ਵੀ ਸਨ।

ਸੰਜਨਾ ਰਾਣੀ ਮੁਤਾਬਕ ਕਰੀਬ ਡੇਢ ਸਾਲ ਪਹਿਲਾਂ ਵੀਨਾ ਰਾਣੀ ਆਪਣੇ ਪਤੀ ਦਾ ਘਰ ਛੱਡ ਕੇ ਕਿਸੇ ਹੋਰ ਵਿਅਕਤੀ ਨਾਲ ਚਲੀ ਗਈ ਸੀ। ਇਸ ਤੋਂ ਬਾਅਦ ਸੰਜਨਾ ਰਾਣੀ ਅਤੇ ਪਰਮਜੀਤ ਸਿੰਘ ਨੇ ਸੈਸ਼ਨ ਕੋਰਟ ਫ਼ਿਰੋਜ਼ਪੁਰ ਵਿਖੇ ਲਿਵ-ਇਨ ਰਿਲੇਸ਼ਨਸ਼ਿਪ ਦਾ ਕੇਸ ਦਾਇਰ ਕੀਤਾ ਸੀ, ਜਿੱਥੇ ਅਦਾਲਤ ਨੇ ਦੋਹਾਂ ਨੂੰ ਕਾਨੂੰਨੀ ਤੌਰ 'ਤੇ ਇਕੱਠੇ ਰਹਿਣ ਦੀ ਇਜਾਜ਼ਤ ਦੇ ਦਿੱਤੀ ਸੀ।

ਸੰਜਨਾ ਰਾਣੀ ਨੇ ਪੁਲਸ ਨੂੰ ਦੱਸਿਆ ਕਿ 7 ਅਕਤੂਬਰ 2025 ਨੂੰ ਮੁਲਜ਼ਮ, ਜਿਨ੍ਹਾਂ 'ਚ ਪਹਿਲੀ ਪਤਨੀ ਵੀਨਾ ਰਾਣੀ, ਉਸ ਦੇ ਮਾਤਾ-ਪਿਤਾ, ਭਰਾ ਅਤੇ ਹੋਰ ਕਰੀਬੀ ਰਿਸ਼ਤੇਦਾਰ ਸ਼ਾਮਲ ਸਨ, ਉਸ ਦੇ ਘਰ ਦਾਖ਼ਲ ਹੋਏ। ਉਨ੍ਹਾਂ ਨੇ ਜ਼ਬਰਦਸਤੀ ਉਸ ਨੂੰ ਆਪਣੀ ਗੱਡੀ ਵਿਚ ਬਿਠਾ ਲਿਆ ਅਤੇ ਅਗਵਾ ਕਰ ਕੇ ਲੈ ਜਾਣ ਦੀ ਕੋਸ਼ਿਸ਼ ਕੀਤੀ।

ਸੰਜਨਾ ਰਾਣੀ ਨੂੰ ਬਚਾਉਣ ਦੀ ਕੋਸ਼ਿਸ਼ 'ਚ ਉਸ ਦੇ ਦਿਓਰ ਨੇ ਮੁਲਜ਼ਮਾਂ ਦਾ ਪਿੱਛਾ ਕੀਤਾ, ਜਿਸ ਕਾਰਨ ਘਬਰਾ ਕੇ ਮੁਲਜ਼ਮਾਂ ਨੇ ਸੰਜਨਾ ਰਾਣੀ ਨੂੰ ਦਾਣਾ ਮੰਡੀ ਗੁਰੂਹਰਸਹਾਏ ਦੇ ਗੇਟ ਨੰਬਰ-1 ਕੋਲ ਸੁੱਟ ਦਿੱਤਾ ਅਤੇ ਆਪਣੀਆਂ ਗੱਡੀਆਂ ਸਮੇਤ ਮੌਕੇ ਤੋਂ ਫ਼ਰਾਰ ਹੋ ਗਏ।

ਮਾਮਲੇ ਦੀ ਜਾਂਚ ਕਰ ਰਹੇ ਅਸਿਸਟੈਂਟ ਸਬ-ਇੰਸਪੈਕਟਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ 12 ਲੋਕਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ।


Spark joy this Diwali
nectar prices
Nectar Price
£4.50
Without Nectar
£5
Dairy Valley Gulab Jamun 1kg
Dairy Valley
Gulab Jamun
Nectar Price
£1
Without Nectar
£1.65
Cofresh Bombay Mix 325g
Cofresh
BOMBAY MIX
Nectar Price
£3
Without Nectar
£4
Royal Rassogulla 500g
ROYAL
RASSOGULLA
30% LESS SUGAR
Sainsbury's
Good food for all of us
Serving suggestion. 18+. Nectar card/app required. Offers end 21/10. Available in selected supermarkets and online, excl Locals. Nectar Price products vary by store size/online. Delivery charges may apply for online purchases; standard delivery from £1. Cofresh Bombay Mix 325g (with Nectar 51p/100g, without Nectar 31p/100g), Dairy Valley Gulab Jamun 1kg (with Nectar 50p/100g, without Nectar 45p/100g), Royal Rassogulla 500g (with Nectar 60p/100g, without Nectar 80p/100g). Subject to availability. For full terms see nectar.com/nectar-prices.



# ਮਿਸਟਰ ਸਿੰਘਸ Mr. Singh's Pizza ਵੱਲੋਂ

# ਬੰਦੀਛੋੜ ਦਿਵਸ ਤੇ ਦੀਵਾਲੀ ਦੀ

## ਖਾਲਸਾ ਪੰਥ ਅਤੇ ਸਮੂਹ ਜਗਤ ਨੂੰ ਲੱਖ ਲੱਖ ਵਧਾਈ




103 Cornwall Rd
Handsworth Wood
Birmingham, B20 2HY
**Handsworth Wood**
**0121 5239275**

Call&Collect Eat in Delivery

Unit 15b
New Sqaure
B70 7PP
**West Bromwich**
**0121 525 7466**

480 Dudley Road,
Wolverhampton
WV2 3AF
**Wolverhampton**
**01902 504135**

387 Eastern Avenue,
Gants Hill,
IG2 6LR
**East London**
**0208 270 1234**

431 Great West Road
Hounslow, TW5 0BY
**Hounslow**
**020 3475 0217**

# ਦੁਨੀਆਂ ਦਾ ਸਭ ਤੋਂ ਮਸ਼ਹੂਰ
# ਪਹਿਲਾ ਵੈਸ਼ਨੂੰ ਪੀਜ਼ਾ ਰੈਸਟੋਰੈਂਟ

/MrSinghs @MrSinghs /MrSinghsPizza

mrsingh's
all vegetarian pizza

# ਸਾਕਾ ਜੂਨ 84: ਚਿਦੰਬਰਮ ਦਾ ਬਿਆਨ ਕਾਂਗਰਸ ਲਈ ਬਣਿਆ ਸ਼ਰਮਿੰਦਗੀ ਦਾ ਕਾਰਨ

**✪ ਚਿਦੰਬਰਮ ਨੇ ਕਿਹਾ ਕਿ ਗਲਤ ਕਾਰਵਾਈ, ਇੰਦਰਾ ਸਮੇਤ ਏਜੰਸੀਆਂ ਜ਼ਿੰਮੇਵਾਰ ✪ ਭਾਜਪਾ ਸਿਆਸੀ ਦਾਅ ਉਪਰ ਸਾਕੇ 'ਤੇ ਚਿਦੰਬਰਮ ਦੇ ਬਿਆਨ ਨੂੰ ਬਣਾਇਆ ਹਥਿਆਰ ✪ ਸਿੱਖ ਪੰਥ ਵਿਚ ਰੋਸ: ਫੌਜੀ ਹਮਲੇ ਬਾਰੇ ਪਾਰਲੀਮੈਂਟ ਵਿਚ ਮੁਆਫੀ ਹੁਣ ਤਕ ਕਿਉਂ ਨਹੀਂ ਮੰਗੀ ਗਈ?**



**ਪੰਥਕ ਹਲਚਲ**

ਸਾਬਕਾ ਗ੍ਰਹਿ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਪੀ. ਚਿਦੰਬਰਮ ਦੇ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਵਿਖੇ ਹੋਏ 'ਸਾਕਾ ਨੀਲਾ ਤਾਰਾ' ਬਾਰੇ ਦਿੱਤੇ ਗਏ ਬਿਆਨ ਨੇ ਸਿਆਸੀ ਅਤੇ ਸਾਮਾਜਿਕ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਚਿਦੰਬਰਮ ਨੇ ਹਿਮਾਚਲ ਪ੍ਰਦੇਸ਼ ਦੇ ਕਸੌਲੀ ਵਿਖੇ ਖੁਸ਼ਵੰਤ ਸਿੰਘ ਸਾਹਿਤ ਉਤਸਵ 2025 ਦੌਰਾਨ ਪੱਤਰਕਾਰ ਹਰਿੰਦਰ ਬਾਵੇਜਾ ਦੀ ਕਿਤਾਬ 'ਦੇ ਵਿਲ ਸ਼ੂਟ ਯੂ ਮੈਡਮ' ਦੀ ਚਰਚਾ ਵਿੱਚ ਕਿਹਾ ਸੀ ਕਿ ਦਰਬਾਰ ਸਾਹਿਬ ਉਪਰ ਫੌਜੀ ਹਮਲਾ 84 ਇੱਕ "ਗ਼ਲਤ ਕਾਰਵਾਈ" ਸੀ, ਅਤੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਸ ਦੀ ਕੀਮਤ ਆਪਣੀ ਜਾਨ ਨਾਲ ਚੁਕਾਈ ਸੀ। ਉਨ੍ਹਾਂ ਮੁਤਾਬਕ, 1 ਜੂਨ ਤੋਂ 10 ਜੂਨ 1984 ਦੌਰਾਨ ਸ੍ਰੀ ਦਰਬਾਰ ਸਾਹਿਬ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਸ ਦੇ ਸਮਰਥਕਾਂ ਨੂੰ ਬਾਹਰ ਕੱਢਣ ਲਈ ਫ਼ੌਜੀ ਕਾਰਵਾਈ ਦੀ ਬਜਾਏ ਕੋਈ ਹੋਰ ਸੁਘੜ ਤਰੀਕਾ ਅਪਣਾਇਆ ਜਾ ਸਕਦਾ ਸੀ। ਉਨ੍ਹਾਂ ਨੇ ਇਸ ਦੀ ਮਿਸਾਲ ਵਜੋਂ 1988 ਵਿੱਚ ਹੋਈ 'ਆਪ੍ਰੇਸ਼ਨ ਬਲੈਕ ਥੰਡਰ-2' ਦਾ ਜ਼ਿਕਰ ਕੀਤਾ, ਜਿਸ ਵਿੱਚ ਨੈਸ਼ਨਲ ਸਕਿਓਰਿਟੀ ਗਾਰਡ (ਐਨ.ਐਸ.ਜੀ.) ਨੇ ਫ਼ੌਜ ਦੀ ਵਰਤੋਂ ਕੀਤੇ ਬਿਨਾਂ ਸ੍ਰੀ ਦਰਬਾਰ ਸਾਹਿਬ ਨੂੰ ਖਾੜਕੂਆਂ ਤੋਂ ਮੁਕਤ ਕਰਵਾਇਆ ਸੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਫ਼ੈਸਲਾ ਸਿਰਫ਼ ਇੰਦਰਾ ਗਾਂਧੀ ਦਾ ਨਹੀਂ ਸੀ, ਸਗੋਂ ਫ਼ੌਜ, ਪੁਲਿਸ, ਖੁਫ਼ੀਆ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਦਾ ਸਾਂਝਾ ਫ਼ੈਸਲਾ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਸ ਕਾਰਵਾਈ ਦੇ ਨਤੀਜੇ ਵਜੋਂ ਇੰਦਰਾ ਗਾਂਧੀ ਨੂੰ 31 ਅਕਤੂਬਰ 1984 ਨੂੰ ਆਪਣੇ ਸਿੱਖ ਅੰਗ ਰੱਖਿਅਕਾਂ ਦੇ ਹੱਥੋਂ ਜਾਨ ਗੁਆਉਣੀ ਪਈ।

ਚਿਦੰਬਰਮ ਦੇ ਇਸ ਬਿਆਨ ਨੇ ਨਾ ਸਿਰਫ਼ ਕਾਂਗਰਸ ਪਾਰਟੀ ਅੰਦਰ ਵਿਵਾਦ ਖੜ੍ਹਾ ਕੀਤਾ, ਸਗੋਂ ਭਾਜਪਾ, ਸ਼੍ਰੋਮਣੀ ਕਮੇਟੀ ਅਤੇ ਸਿੱਖ ਬੁੱਧੀਜੀਵੀਆਂ ਵੱਲੋਂ ਵੀ ਤਿੱਖੀਆਂ ਪ੍ਰਤੀਕਿਰਿਆਵਾਂ ਸਾਹਮਣੇ ਆਈਆਂ ਹਨ। ਇਸ ਘਟਨਾ ਨੇ 1984 ਦੇ ਸਾਕੇ ਨੂੰ ਲੈ ਕੇ ਭਾਰਤੀ ਸਿਆਸਤ ਵਿੱਚ ਲੰਮੇ ਸਮੇਂ ਤੋਂ ਚੱਲ ਰਹੇ ਸੰਵੇਦਨਸ਼ੀਲ ਮੁੱਦਿਆਂ ਨੂੰ ਮੁੜ ਉਜਾਗਰ ਕਰ ਦਿੱਤਾ ਹੈ।

### ਕਾਂਗਰਸ ਚਿਦੰਬਰਮ ਤੋਂ ਨਰਾਜ਼ ਕਿਉਂ?

ਚਿਦੰਬਰਮ ਦੇ ਬਿਆਨ ਨੇ ਕਾਂਗਰਸ ਪਾਰਟੀ ਅੰਦਰ ਤਿੱਖੀ ਪ੍ਰਤੀਕਿਰਿਆਵਾਂ ਨੂੰ ਜਨਮ ਦਿੱਤਾ। ਪਾਰਟੀ ਸੂਤਰਾਂ ਮੁਤਾਬਕ, ਕਾਂਗਰਸ ਦੀ ਸਿਖਰਲੀ ਲੀਡਰਸ਼ਿਪ ਚਿਦੰਬਰਮ ਦੇ ਇਸ ਬਿਆਨ ਤੋਂ "ਬਹੁਤ ਨਾਰਾਜ਼" ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸੀਨੀਅਰ ਆਗੂਆਂ ਨੂੰ ਅਜਿਹੇ ਜਨਤਕ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜੋ ਪਾਰਟੀ ਲਈ ਸਿਆਸੀ ਸੰਕਟ ਦਾ ਕਾਰਨ ਬਣਦੇ ਹਨ।

ਕਾਂਗਰਸੀ ਆਗੂ ਰਾਸ਼ਿਦ ਅਲਵੀ ਨੇ ਚਿਦੰਬਰਮ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਦਰਬਾਰ ਸਾਹਿਬ ਉਪਰ ਫੌਜੀ ਹਮਲਾ ਸਹੀ ਸੀ ਜਾਂ ਗ਼ਲਤ, ਇਹ ਵੱਖਰੀ ਚਰਚਾ ਹੈ, ਪਰ 50 ਸਾਲ ਬਾਅਦ ਇੰਦਰਾ ਗਾਂਧੀ ਨੂੰ ਇਸ ਵਿਵਾਦ ਵਿਚ ਘਸੀਟਨ ਦੀ ਕੀ ਲੋੜ ਸੀ?" ਅਲਵੀ ਨੇ ਸਵਾਲ ਉਠਾਇਆ ਕਿ ਚਿਦੰਬਰਮ ਦੇ ਵਾਰ-ਵਾਰ ਵਿਵਾਦਿਤ ਬਿਆਨਾਂ ਪਿੱਛੇ ਕੀ ਕਾਰਨ ਹਨ। ਉਨ੍ਹਾਂ ਨੇ ਇਹ ਵੀ ਜ਼ਿਕਰ ਕੀਤਾ ਕਿ ਚਿਦੰਬਰਮ ਵਿਰੁੱਧ ਅਪਰਾਧਿਕ ਮਾਮਲੇ ਪੈਂਡਿੰਗ ਹਨ, ਜਿਸ ਕਾਰਨ ਸਵਾਲ ਉੱਠ ਰਹੇ ਹਨ ਕਿ ਕੀ ਉਨ੍ਹਾਂ 'ਤੇ ਕੋਈ ਬਾਹਰੀ ਦਬਾਅ ਹੈ। ਅਲਵੀ ਨੇ ਚਿਦੰਬਰਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਉਹ ਭਾਜਪਾ ਦੀਆਂ ਨੀਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਬਜਾਏ ਕਾਂਗਰਸ ਦੀਆਂ ਕਮੀਆਂ ਉਜਾਗਰ ਕਰ ਰਹੇ ਹਨ, ਜੋ ਹੈਰਾਨੀਜਨਕ ਹੈ।

ਬਾਕੀ ਹਿਸਾ ਸਫ਼ਾ 18 ਤੇ ਪੜ੍ਹੋ →

## ਦਰਬਾਰ ਸਾਹਿਬ ਉਪਰ ਫੌਜੀ ਹਮਲਾ: ਸਟੇਟ ਜਾਂ ਇੰਦਰਾ ਸਰਕਾਰ ਦੀ ਜ਼ਿੰਮੇਵਾਰੀ?

ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦੀ ਜ਼ਿੰਮੇਵਾਰੀ ਨੂੰ ਲੈ ਕੇ ਵਿਚਾਰਧਾਰਕ ਵੰਡ ਸਪੱਸ਼ਟ ਹੈ। ਚਿਦੰਬਰਮ ਦਾ ਮੰਨਣਾ ਹੈ ਕਿ ਇਹ "ਡੀਪ ਸਟੇਟ" ਦੀ ਸਾਂਝੀ ਕਾਰਵਾਈ ਸੀ, ਜਿਸ ਵਿੱਚ ਫ਼ੌਜ, ਖੁਫ਼ੀਆ ਏਜੰਸੀਆਂ, ਅਤੇ ਸਿਵਲ ਪ੍ਰਸ਼ਾਸਨ ਸ਼ਾਮਲ ਸਨ। ਇਤਿਹਾਸਕ ਦਸਤਾਵੇਜ਼ ਦਰਸਾਉਂਦੇ ਹਨ ਕਿ ਸਾਕੇ ਦੀ ਯੋਜਨਾ ਵਿੱਚ ਉਸ ਸਮੇਂ ਦੇ ਫ਼ੌਜੀ ਅਤੇ ਸਿਵਲ ਅਧਿਕਾਰੀਆਂ ਦੀ ਅਹਿਮ ਭੂਮਿਕਾ ਸੀ। ਪਰ ਬਾਦਲ ਅਕਾਲੀ ਦਲ ਇਸ ਨੂੰ ਇੰਦਰਾ ਗਾਂਧੀ ਦੀ ਸਿਆਸੀ ਚਾਲ ਮੰਨਦੇ ਹਨ, ਜਿਸ ਦਾ ਮਕਸਦ ਪੰਜਾਬ ਵਿੱਚ ਅਕਾਲੀ ਦਲ ਦੇ ਪ੍ਰਭਾਵ ਨੂੰ ਘਟਾਉਣਾ ਅਤੇ ਕਾਂਗਰਸ ਦੀ ਸਿਆਸੀ ਸਥਿਤੀ ਨੂੰ ਮਜ਼ਬੂਤ ਕਰਨਾ ਸੀ। ਇਹ ਸਵਾਲ ਅਹਿਮ ਹੈ ਕਿ ਜੇਕਰ ਇੰਦਰਾ ਗਾਂਧੀ ਜ਼ਿੰਮੇਵਾਰ ਸਨ, ਤਾਂ ਭਾਜਪਾ ਸਰਕਾਰ ਨੇ ਪਾਰਲੀਮੈਂਟ ਵਿੱਚ ਸਾਕੇ ਲਈ ਮੁਆਫੀ ਕਿਉਂ ਨਹੀਂ ਮੰਗੀ?

ਦਰਬਾਰ ਸਾਹਿਬ ਉਪਰ ਫੌਜੀ ਹਮਲਾ ਅਤੇ ਇਸ ਦੀ ਜ਼ਿੰਮੇਵਾਰੀ ਨੂੰ ਲੈ ਕੇ ਚਿਦੰਬਰਮ ਦੇ ਬਿਆਨ ਨੇ ਭਾਰਤੀ ਸਿਆਸਤ ਵਿੱਚ ਇੱਕ ਪੁਰਾਣੇ ਜ਼ਖ਼ਮ ਨੂੰ ਖੋਲ੍ਹ ਦਿੱਤਾ ਹੈ। ਕਾਂਗਰਸ ਦੀ ਅੰਦਰੂਨੀ ਨਾਰਾਜ਼ਗੀ, ਭਾਜਪਾ ਦਾ ਸਿਆਸੀ ਮੌਕਾਪ੍ਰਸਤੀ, ਅਤੇ ਸਿੱਖ ਸੰਸਥਾਵਾਂ ਦਾ ਗੁੱਸਾ ਇਸ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਦਰਸਾਉਂਦੇ ਹਨ। ਜਦੋਂ ਤੱਕ ਕਾਂਗਰਸ ਜਾਂ ਭਾਰਤ ਸਰਕਾਰ ਅਧਿਕਾਰਤ ਤੌਰ 'ਤੇ ਸਾਕੇ ਦੀ ਜ਼ਿੰਮੇਵਾਰੀ ਸਵੀਕਾਰ ਨਹੀਂ ਕਰਦੀ ਅਤੇ ਮੁਆਫੀ ਨਹੀਂ ਮੰਗਦੀ, ਇਹ ਮੁੱਦਾ ਸਿਆਸੀ ਅਤੇ ਸਮਾਜਿਕ ਚਰਚਾਵਾਂ ਦਾ ਹਿੱਸਾ ਬਣਿਆ ਰਹੇਗਾ।

## ਚਿਦੰਬਰਮ ਦੇ ਬਿਆਨ ਕਾਰਣ ਤਰਨਤਾਰਨ ਚੋਣਾਂ ਵਿੱਚ ਕਾਂਗਰਸ ਨੂੰ ਸਿਆਸੀ ਨੁਕਸਾਨ ਹੋਵੇਗਾ?

ਪੰਜਾਬ ਵਿੱਚ ਕਾਂਗਰਸ ਪਹਿਲਾਂ ਹੀ ਆਮ ਆਦਮੀ ਪਾਰਟੀ (ਆਪ) ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਅਤੇ ਚਿਦੰਬਰਮ ਦੇ 12 ਅਕਤੂਬਰ 2025 ਨੂੰ ਕਸੌਲੀ ਵਿੱਚ ਦਰਬਾਰ ਸਾਹਿਬ ਉਪਰ ਫੌਜੀ ਹਮਲਾ ਬਾਰੇ ਦਿੱਤਾ ਬਿਆਨ ਕਾਂਗਰਸ ਲਈ ਹੋਰ ਗੰਭੀਰ ਸਥਿਤੀ ਬਣਾ ਸਕਦਾ ਹੈ। ਇਸ ਸਾਕੇ ਨੇ ਪੰਜਾਬ ਦੀ ਸਿਆਸਤ ਨੂੰ ਹਮੇਸ਼ਾ ਲਈ ਬਦਲ ਦਿੱਤਾ ਹੈ। ਇਹ ਫ਼ੌਜੀ ਕਾਰਵਾਈ ਸੰਤ ਭਿੰਡਰਾਂਵਾਲੇ ਅਤੇ ਖਾੜਕੂਆਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਬਾਹਰ ਕੱਢਣ ਲਈ ਕੀਤੀ ਗਈ ਸੀ, ਪਰ ਇਸ ਨਾਲ ਹਜ਼ਾਰਾਂ ਨਿਰਦੋਸ਼ ਸ਼ਰਧਾਲੂਆਂ ਦੀਆਂ ਜਾਨਾਂ ਗਈਆਂ ਅਤੇ ਅਕਾਲ ਤਖ਼ਤ ਨੂੰ ਨੁਕਸਾਨ ਹੋਇਆ। ਇਸ ਤੋਂ ਬਾਅਦ ਇੰਦਰਾ ਗਾਂਧੀ ਦੀ ਹੱਤਿਆ ਅਤੇ ਦਿੱਲੀ ਵਿੱਚ ਸਿੱਖ ਵਿਰੋਧੀ ਕਤਲੇਆਮ ਹੋਇਆ, ਜਿਨ੍ਹਾਂ ਵਿੱਚ 3000 ਤੋਂ ਵੱਧ ਸਿੱਖ ਮਾਰੇ ਗਏ। ਪੰਜਾਬ ਵਿੱਚ ਸਿੱਖ ਭਾਈਚਾਰਾ (ਪ੍ਰਧਾਨ ਭਾਗ) ਇਸ ਨੂੰ "ਕੌਮੀ ਜ਼ਖ਼ਮ" ਮੰਨਦਾ ਹੈ ਅਤੇ ਕਾਂਗਰਸ ਤੇ ਭਾਰਤੀ ਸਟੇਟ ਨੂੰ ਇਸ ਦੀ ਜ਼ਿੰਮੇਵਾਰੀ ਲਈ ਅਜੇ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ।

ਪੰਜਾਬ ਆਪ ਦੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਅਤੇ ਵਿਧਾਇਕ ਇੰਦਰਬੀਰ ਸਿੰਘ ਨਿੱਜਰ ਨੇ ਕਿਹਾ ਹੈ ਕਿ ਚਿਦੰਬਰਮ ਦਾ ਬਿਆਨ ਕਾਂਗਰਸ ਦੇ "ਗੁਨਾਹਾਂ" ਨੂੰ ਛੁਪਾਉਣ ਦੀ ਕੋਸ਼ਿਸ਼ ਹੈ, ਅਤੇ ਇੰਦਰਾ ਗਾਂਧੀ ਨੂੰ ਪੂਰੀ ਤਰ੍ਹਾਂ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ। ਨਿੱਜਰ ਨੇ ਪੁੱਛਿਆ ਕਿ ਕਾਂਗਰਸ ਨੇ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਅਤੇ ਕਮਲ ਨਾਥ ਵਰਗੇ ਨੇਤਾਵਾਂ ਨੂੰ ਕਿਉਂ ਬਚਾਇਆ, ਜੋ 1984 ਸਿੱਖ ਕਤਲੇਆਮ ਵਿੱਚ ਨਾਮਜ਼ਦ ਹਨ। ਆਪ - ਜੋ ਪੰਜਾਬ ਵਿੱਚ ਸੱਤਾ ਵਿੱਚ ਹੈ - ਇਸ ਨੂੰ ਵੋਟਰਾਂ ਨੂੰ ਯਾਦ ਕਰਵਾਉਣ ਲਈ ਵਰਤੇਗੀ, ਖਾਸ ਕਰ ਤਰਨਤਾਰਨ ਵਿੱਚ ਜਿੱਥੇ ਆਪ ਨੇ 2022 ਵਿੱਚ ਭਾਰੀ ਜਿੱਤ ਹਾਸਲ ਕੀਤੀ।

ਅਕਾਲੀ ਦਲ ਬਾਦਲ, ਅਕਾਲੀ ਦਲ ਵਾਰਿਸ ਪੰਜਾਬ ਦੇ ਅਤੇ ਭਾਜਪਾ ਵੀ ਇਸ ਨੂੰ ਹਥਿਆਰ ਬਣਾਉਣਗੇ। ਭਾਜਪਾ ਨੇ ਪਹਿਲਾਂ ਹੀ ਚਿਦੰਬਰਮ ਨੂੰ "ਸੱਚ ਬੋਲਣ ਵਾਲਾ" ਕਹਿ ਕੇ ਕਾਂਗਰਸ ਨੂੰ ਨਿਸ਼ਾਨਾ ਬਣਾਇਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਤਰਨਤਾਰਨ ਵਿੱਚ, ਜਿੱਥੇ ਸਿੱਖ ਵੋਟ (ਲਗਭਗ 80-90%) ਪ੍ਰਭਾਵਸ਼ਾਲੀ ਹੈ, ਇਹ ਬਿਆਨ ਅਕਾਲੀ ਦਲ ਤੇ ਵਾਰਿਸ ਪੰਜਾਬ ਦੇ ਜਥੇਬੰਦੀ ਨੂੰ ਸਿੱਖ ਵੋਟ ਲੈਣ ਵਿੱਚ ਮਦਦ ਕਰ ਸਕਦਾ ਹੈ। ਚਿਦੰਬਰਮ ਦੇ ਬਿਆਨ ਨਾਲ ਪੰਜਾਬ ਅਤੇ ਖਾਸ ਤੌਰ 'ਤੇ ਤਰਨਤਾਰਨ ਵਿੱਚ ਕਾਂਗਰਸ ਨੂੰ ਸਿਆਸੀ ਨੁਕਸਾਨ ਹੋਣ ਦੀ ਪੂਰੀ ਸੰਭਾਵਨਾ ਹੈ। ਇਹ ਸਿੱਖ ਭਾਈਚਾਰੇ ਵਿੱਚ ਪੁਰਾਣੇ ਜ਼ਖ਼ਮ ਖੋਲ੍ਹ ਰਿਹਾ ਹੈ ਅਤੇ ਵਿਰੋਧੀਆਂ ਨੂੰ ਹਥਿਆਰ ਦੇ ਰਿਹਾ ਹੈ। ਪੰਜਾਬ ਵਿੱਚ ਕਾਂਗਰਸ ਨੂੰ ਆਪ ਨਾਲ ਲੜਨ ਲਈ ਪਹਿਲਾਂ ਹੀ ਆਪਸੀ ਫੁਟ ਕਾਰਣ ਸੰਕਟ ਸਥਿਤੀਆਂ ਵਿਚ ਹੈ, ਅਤੇ ਇਹ ਬਿਆਨ ਉਸ ਨੂੰ ਹੋਰ ਗੰਭੀਰ ਬਣਾ ਰਿਹਾ ਹੈ।

ਇਸ ਬਾਰੇ ਰਾਹੁਲ ਗਾਂਧੀ ਨੂੰ ਅਧਿਕਾਰਤ ਮੁਆਫੀ ਦੀ ਘੋਸ਼ਣਾ ਕਰਨੀ ਚਾਹੀਦੀ ਹੈ ਅਤੇ ਸਿੱਖ ਆਗੂਆਂ ਨਾਲ ਸੰਵਾਦ ਵਧਾਉਣਾ ਚਾਹੀਦਾ। ਜੇਕਰ ਨਹੀਂ, ਤਾਂ 2027 ਵਿੱਚ ਪੰਜਾਬ ਵਿੱਚ ਕਾਂਗਰਸ ਦੀ ਹਾਰ ਨੂੰ ਰੋਕਣਾ ਮੁਸ਼ਕਲ ਹੋ ਜਾਵੇਗਾ। ਇਹ ਮੁੱਦਾ ਨਾ ਸਿਰਫ਼ ਸਿਆਸੀ ਹੈ, ਸਗੋਂ ਭਾਈਚਾਰਕ ਵਿਸ਼ਵਾਸ ਦਾ ਵੀ ਹੈ।

17 ਸਫ਼ੇ ਦੀ ਬਾਕੀ

ਨਿਰਪਖ ਬੁਧੀਜੀਵੀਆਂ ਦਾ ਮੰਨਣਾ ਹੈ ਕਿ ਕਾਂਗਰਸ ਬਾਰੇ ਇਸ ਨਾਰਾਜ਼ਗੀ ਦਾ ਪਿਛੋਕੜ ਇਹ ਵੀ ਹੈ ਕਿ ਪਾਰਟੀ ਨੇ ਦਰਬਾਰ ਸਾਹਿਬ ਦੇ ਸਾਕੇ ਨੂੰ ਲੈ ਕੇ ਹਮੇਸ਼ਾ ਅਸਪੱਸ਼ਟ ਰੁਖ਼ ਅਪਣਾਇਆ ਹੈ। ਪਾਰਟੀ ਨੇ ਕਦੇ ਵੀ ਅਧਿਕਾਰਤ ਤੌਰ 'ਤੇ ਸਾਕੇ ਲਈ ਮੁਆਫੀ ਨਹੀਂ ਮੰਗੀ, ਅਤੇ ਚਿਦੰਬਰਮ ਦਾ ਬਿਆਨ ਪਾਰਟੀ ਦੀ ਇਸ ਅਸਪਸ਼ਟ ਨੀਤੀ ਨੂੰ ਚੁਣੌਤੀ ਦਿੰਦਾ ਹੈ।

### ਭਾਜਪਾ ਦਾ ਹਮਲਾਵਰ ਰੁਖ਼: ਮੌਕੇ ਦਾ ਫ਼ਾਇਦਾ

ਚਿਦੰਬਰਮ ਦੇ ਬਿਆਨ ਨੂੰ ਭਾਜਪਾ ਨੇ ਮੌਕੇ ਵਜੋਂ ਵਰਤਿਆ ਅਤੇ ਕਾਂਗਰਸ 'ਤੇ ਹਮਲਾ ਬੋਲਿਆ। ਭਾਜਪਾ ਦੇ ਬੁਲਾਰੇ ਆਰ.ਪੀ. ਸਿੰਘ ਨੇ ਨੇ ਕਿਹਾ ਕਿ "ਇੱਕ ਰਾਸ਼ਟਰਵਾਦੀ ਵਜੋਂ, ਮੈਂ ਮੰਨਦਾ ਹਾਂ ਕਿ ਸਾਕਾ ਨੀਲਾ ਤਾਰਾ ਪੂਰੀ ਤਰ੍ਹਾਂ ਟਾਲਿਆ ਜਾ ਸਕਦਾ ਸੀ। ਚਿਦੰਬਰਮ ਨੇ ਸਹੀ ਕਿਹਾ ਹੈ। ਆਪ੍ਰੇਸ਼ਨ ਬਲੈਕ ਥੰਡਰ ਵਰਗੀ ਰਣਨੀਤੀ ਨਾਲ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਠੇਸ ਪਹੁੰਚਾਏ ਬਿਨਾਂ ਅਤੇ ਨਿਰਦੋਸ਼ ਜਾਨਾਂ ਦੇ ਨੁਕਸਾਨ ਤੋਂ ਬਚਦਿਆਂ ਟੀਚਾ ਹਾਸਲ ਕੀਤਾ ਜਾ ਸਕਦਾ ਸੀ।"

ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਵੀ ਚਿਦੰਬਰਮ ਦੇ ਬਿਆਨ ਦਾ ਸਮਰਥਨ ਕਰਦਿਆਂ ਕਿਹਾ ਕਿ ਉਹ "ਬਹੁਤ ਦੇਰ ਨਾਲ ਕਾਂਗਰਸ ਦੀਆਂ ਗ਼ਲਤੀਆਂ ਮੰਨ ਰਹੇ ਹਨ।" ਰਿਜਿਜੂ ਨੇ ਜ਼ਿਕਰ ਕੀਤਾ ਕਿ ਚਿਦੰਬਰਮ ਪਹਿਲਾਂ ਵੀ 26/11 ਦੇ ਮੁੰਬਈ ਜਿਹਾਦੀ ਹਮਲੇ ਬਾਰੇ ਵਿਵਾਦਿਤ ਬਿਆਨ ਦੇ ਚੁੱਕੇ ਹਨ, ਜਿੱਥੇ ਉਨ੍ਹਾਂ ਨੇ ਕਿਹਾ ਸੀ ਕਿ ਅਮਰੀਕੀ ਅਤੇ ਵਿਦੇਸ਼ੀ ਦਬਾਅ ਕਾਰਨ ਭਾਰਤ ਪਾਕਿਸਤਾਨ ਵਿਰੁੱਧ ਜਵਾਬੀ ਕਾਰਵਾਈ ਨਹੀਂ ਕਰ ਸਕਿਆ। ਰਿਜਿਜੂ ਨੇ ਕਿਹਾ ਕਿ ਚਿਦੰਬਰਮ ਦਾ ਸਾਕੇ ਨੂੰ ਗ਼ਲਤ ਠਹਿਰਾਉਣਾ ਇਸ ਗੱਲ ਦਾ ਸਬੂਤ ਹੈ ਕਿ ਕਾਂਗਰਸ ਦੀਆਂ ਨੀਤੀਆਂ ਵਿੱਚ ਲੰਮੇ ਸਮੇਂ ਤੋਂ ਖਾਮੀਆਂ ਰਹੀਆਂ ਹਨ। ਹਾਲਾਂਕਿ, ਭਾਜਪਾ ਦੀ ਇਸ ਪ੍ਰਤੀਕਿਰਿਆ 'ਤੇ ਸਵਾਲ ਵੀ ਉੱਠੇ ਹਨ। ਸਾਬਕਾ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੇ ਆਪਣੀ ਪੁਸਤਕ 'ਮਾਈ ਕੰਟਰੀ, ਮਾਈ ਲਾਈਫ' ਵਿੱਚ ਜ਼ਿਕਰ ਕੀਤਾ ਸੀ ਕਿ ਉਨ੍ਹਾਂ ਨੇ 1984 ਵਿੱਚ ਇੰਦਰਾ ਗਾਂਧੀ ਨੂੰ ਸਾਕੇ ਦੀ ਸਲਾਹ ਦਿੱਤੀ ਸੀ। ਇਸ ਦੇ ਬਾਵਜੂਦ, ਭਾਜਪਾ ਨੇ ਅਡਵਾਨੀ ਦੇ ਇਸ ਦਾਅਵੇ 'ਤੇ ਕੋਈ ਸਪੱਸ਼ਟੀਕਰਨ ਨਹੀਂ ਦਿੱਤਾ ਅਤੇ ਚਿਦੰਬਰਮ ਦੇ ਬਿਆਨ ਨੂੰ ਕਾਂਗਰਸ ਵਿਰੁੱਧ ਸਿਆਸੀ ਹਥਿਆਰ ਵਜੋਂ ਵਰਤਿਆ।

### ਸਿੱਖ ਸੰਸਥਾਵਾਂ ਅਤੇ ਬੁੱਧੀਜੀਵੀਆਂ ਦਾ ਪ੍ਰਤੀਕਿਰਿਆ: ਸ਼੍ਰੋਮਣੀ ਕਮੇਟੀ ਦਾ ਰੁਖ਼ ਕਿਉਂ ਵਿਵਾਦਤ?

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਚਿਦੰਬਰਮ ਦੇ ਬਿਆਨ ਨੂੰ "ਅਧੂਰਾ ਸੱਚ" ਕਰਾਰ ਦਿੱਤਾ। ਸ਼੍ਰੋਮਣੀ ਕਮੇਟੀ. ਦੇ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ, "ਚਿਦੰਬਰਮ ਦਾ ਇਹ ਕਹਿਣਾ ਕਿ ਸਾਕਾ ਸਿਰਫ਼ ਇੰਦਰਾ ਗਾਂਧੀ ਦਾ ਫ਼ੈਸਲਾ ਨਹੀਂ ਸੀ, ਗ਼ਲਤ ਹੈ। ਪ੍ਰਧਾਨ ਮੰਤਰੀ ਦੇ ਅਧਿਕਾਰ ਹੁੰਦੇ ਹਨ, ਅਤੇ ਏਜੰਸੀਆਂ ਉਸ ਦੇ ਹੁਕਮਾਂ 'ਤੇ ਕੰਮ ਕਰਦੀਆਂ ਹਨ।" ਗਰੇਵਾਲ ਨੇ ਦਾਅਵਾ ਕੀਤਾ ਕਿ ਸਾਕਾ ਨੀਲਾ ਤਾਰਾ ਇੱਕ "ਯੋਜਨਾਬੱਧ ਹਮਲਾ" ਸੀ, ਜੋ ਇੰਦਰਾ ਗਾਂਧੀ ਨੇ ਆਪਣੀ ਰਾਜਨੀਤਿਕ ਸਥਿਤੀ ਨੂੰ ਮਜ਼ਬੂਤ ਕਰਨ ਲਈ ਕੀਤਾ।

ਗਰੇਵਾਲ ਨੇ ਅੱਗੇ ਕਿਹਾ ਕਿ ਸਾਕੇ ਤੋਂ ਬਾਅਦ ਦਿੱਲੀ ਅਤੇ ਹੋਰ ਸ਼ਹਿਰਾਂ ਵਿੱਚ ਸਿੱਖ ਵਿਰੋਧੀ ਕਤਲੇਆਮ ਨੇ ਸਿੱਖ ਭਾਈਚਾਰੇ ਨੂੰ ਗਹਿਰੀ ਸੱਟ ਮਾਰੀ। ਉਨ੍ਹਾਂ ਨੇ ਕਾਂਗਰਸੀ ਨੇਤਾਵਾਂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਦੀ ਕਥਿਤ ਭੂਮਿਕਾ 'ਤੇ ਸਵਾਲ ਉਠਾਏ ਅਤੇ ਮੰਗ ਕੀਤੀ ਕਿ ਰਾਹੁਲ ਗਾਂਧੀ ਨੂੰ ਇਸ ਮੁੱਦੇ 'ਤੇ ਸਪੱਸ਼ਟੀਕਰਨ ਦੇਣਾ ਚਾਹੀਦਾ। ਸ਼੍ਰੋਮਣੀ ਕਮੇਟੀ. ਨੇ ਸਾਕੇ ਨੂੰ "ਗ਼ਲਤ ਤਰੀਕਾ" ਦੀ ਬਜਾਏ "ਸਿੱਖ ਭਾਈਚਾਰੇ 'ਤੇ ਹਮਲਾ" ਮੰਨਿਆ ਅਤੇ ਮੁਆਫੀ ਦੀ ਮੰਗ ਕੀਤੀ।

ਹਾਲਾਂਕਿ, ਗਰੇਵਾਲ ਦਾ ਇਹ ਦਾਅਵਾ ਕਿ ਸਾਕਾ ਪੂਰੀ ਤਰ੍ਹਾਂ ਇੰਦਰਾ ਗਾਂਧੀ ਦਾ ਫ਼ੈਸਲਾ ਸੀ, ਸਿੱਖ ਪੰਥ ਵਲੋਂ ਵਿਵਾਦਤ ਮੰਨਿਆ ਜਾ ਰਿਹਾ ਹੈ। ਚਿਦੰਬਰਮ ਨੇ ਸਪੱਸ਼ਟ ਕੀਤਾ ਸੀ ਕਿ ਇਹ ਫ਼ੈਸਲਾ ਸਾਂਝਾ ਸੀ, ਜਿਸ ਵਿੱਚ ਫ਼ੌਜ ਅਤੇ ਸਿਵਲ ਅਧਿਕਾਰੀ ਸ਼ਾਮਲ ਸਨ। ਇਤਿਹਾਸਕ ਰਿਕਾਰਡ ਵੀ ਦਰਸਾਉਂਦੇ ਹਨ ਕਿ ਸਾਕੇ ਦੀ ਯੋਜਨਾ ਵਿੱਚ ਕਈ ਸੰਸਥਾਵਾਂ ਦੀ ਸਲਾਹ-ਮਸ਼ਵਰਾ ਸ਼ਾਮਲ ਸੀ। ਸਿੱਖ ਬੁਧੀਜੀਵੀਆਂ ਤੇ ਪੰਥਕ ਆਗੂਆਂ ਲਈ ਗਰੇਵਾਲ ਦਾ ਰੁਖ਼ ਇੱਕਪਾਸੜ ਜਾਪਦਾ ਹੈ, ਜੋ ਸਾਕੇ ਦੀ ਪੂਰੀ ਜ਼ਿੰਮੇਵਾਰੀ ਸਿਰਫ਼ ਇੰਦਰਾ ਗਾਂਧੀ 'ਤੇ ਪਾਉਂਦਾ ਹੈ।

ਸਿੱਖ ਵਿਦਵਾਨ ਅਤੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਆਪਣੀਆਂ ਲਿਖਤਾਂ ਵਿੱਚ ਸਾਕੇ ਨੂੰ ਭਾਰਤੀ ਸਟੇਟ ਵਲੋਂ "ਰਾਜਨੀਤਿਕ ਮੁਨਾਫੇ ਲਈ ਸਿੱਖਾਂ 'ਤੇ ਢਾਹੀ ਗਈ ਜ਼ਿਆਦਤੀ" ਮੰਨਿਆ। ਉਨ੍ਹਾਂ ਦਾ ਵਿਚਾਰ ਸੀ ਕਿ ਸਾਕੇ ਦਾ ਮਕਸਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਖਤਮ ਕਰਨਾ ਸੀ, ਪਰ ਇਸ ਦੌਰਾਨ ਹਜ਼ਾਰਾਂ ਨਿਰਦੋਸ਼ ਸਿੱਖ ਸ਼ਰਧਾਲੂਆਂ ਦੀਆਂ ਜਾਨਾਂ ਗਈਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੱਡਾ ਨੁਕਸਾਨ ਹੋਇਆ। ਢਿੱਲੋਂ ਨੇ ਚਿਦੰਬਰਮ ਦੇ ਬਿਆਨ ਦਾ ਸਮਰਥਨ ਕਰਦਿਆਂ ਕਿਹਾ ਕਿ ਸਾਕਾ ਸੱਚਮੁੱਚ ਇੱਕ "ਗ਼ਲਤ ਫ਼ੈਸਲਾ" ਸੀ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਾਬਕਾ ਪ੍ਰੋਫੈਸਰ ਡਾ. ਹਰਪਾਲ ਸਿੰਘ ਪੰਨੂ, ਨੇ ਚਿਦੰਬਰਮ ਦੇ ਬਿਆਨ ਨੂੰ "ਸਮੇਂ ਦੀ ਮੰਗ" ਦੱਸਿਆ। ਉਨ੍ਹਾਂ ਮੁਤਾਬਕ, ਸਾਕੇ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਕਰਨ ਅਤੇ ਸਿੱਖ ਭਾਈਚਾਰੇ ਨਾਲ ਸੰਵਾਦ ਸਥਾਪਤ ਕਰਨ ਦੀ ਜ਼ਰੂਰਤ ਹੈ।

ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਚਿਦੰਬਰਮ ਦੇ ਬਿਆਨ ਨੂੰ "ਸਿਆਸੀ ਨਾਟਕ" ਕਰਾਰ ਦਿੱਤਾ। ਉਨ੍ਹਾਂ ਮੁਤਾਬਕ, ਕਾਂਗਰਸ ਅਤੇ ਭਾਜਪਾ ਦੋਵੇਂ ਸਾਕੇ ਦੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸਾਕੇ ਦੀ ਯੋਜਨਾ ਵਿੱਚ ਭਾਰਤੀ ਸਟੇਟ ਦੀਆਂ ਸੰਸਥਾਵਾਂ ਸ਼ਾਮਲ ਸਨ, ਪਰ ਅੰਤਿਮ ਫ਼ੈਸਲਾ ਇੰਦਰਾ ਗਾਂਧੀ ਦਾ ਸੀ। ਉਨ੍ਹਾਂ ਨੇ ਮੰਗ ਕੀਤੀ ਕਿ ਸਾਕੇ ਅਤੇ ਸਿੱਖ ਵਿਰੋਧੀ ਕਤਲੇਆਮ ਦੀ ਅੰਤਰਰਾਸ਼ਟਰੀ ਪੱਧਰ 'ਤੇ ਜਾਂਚ ਹੋਣੀ ਚਾਹੀਦੀ।

# ਜਾਪਾਨ ਵਿੱਚ ਫਲੂ ਦਾ ਭਿਆਨਕ ਪ੍ਰਕੋਪ: ਕੋਰੋਨਾ ਨਾਲੋਂ ਵੀ ਤੇਜ਼

## ✪ ਵਾਇਰਸ ਨੇ ਮਚਾਈ ਹਲਚਲ, ਕੀ ਲਾਕਡਾਊਨ ਦੀ ਨੌਬਤ ਆਵੇਗੀ?

ਟੋਕੀਓ-ਜਾਪਾਨ ਵਿੱਚ ਇਨਫਲੂਐਂਜ਼ਾ (ਫਲੂ) ਦੇ ਮਾਮਲਿਆਂ ਵਿੱਚ ਵਾਧੇ ਨੇ ਪੂਰੇ ਦੇਸ਼ ਨੂੰ ਹਿਲਾ ਦਿੱਤਾ ਹੈ। ਸਿਹਤ ਮੰਤਰਾਲੇ ਨੇ ਦੇਸ਼ ਵਿਆਪੀ ਮਹਾਮਾਰੀ ਦੀ ਘੋਸ਼ਣਾ ਕਰ ਦਿੱਤੀ ਹੈ, ਜੋ ਕਿ ਆਮ ਤੌਰ 'ਤੇ ਨਵੰਬਰ-ਦਸੰਬਰ ਵਿੱਚ ਸ਼ੁਰੂ ਹੁੰਦੀ ਹੈ, ਪਰ ਇਸ ਵਾਰ ਇਹ ਪੰਜ ਹਫ਼ਤੇ ਪਹਿਲਾਂ ਹੀ ਆ ਗਿਆ ਹੈ। ਇਹ ਵਾਇਰਸ ਨਾ ਸਿਰਫ਼ ਤੇਜ਼ੀ ਨਾਲ ਫੈਲ ਰਿਹਾ ਹੈ, ਸਗੋਂ ਇਹ ਆਪਣੇ ਆਪ ਨੂੰ ਬਦਲ ਕੇ ਨਵੀਆਂ ਚੁਣੌਤੀਆਂ ਪੈਦਾ ਕਰ ਰਿਹਾ ਹੈ। ਹਸਪਤਾਲ ਭਰੇ ਪਏ ਹਨ, ਸਕੂਲ ਬੰਦ ਹੋ ਰਹੇ ਹਨ ਅਤੇ ਡਾਕਟਰਾਂ ਦਾ ਕਹਿਣਾ ਹੈ ਕਿ ਇਹ ਕੋਰੋਨਾ ਵਾਇਰਸ ਨਾਲੋਂ ਵੀ ਤੇਜ਼ੀ ਨਾਲ ਫੈਲ ਸਕਦਾ ਹੈ। ਦੁਨੀਆ ਭਰ ਵਿੱਚ ਚਿੰਤਾ ਵਧ ਰਹੀ ਹੈ - ਕੀ ਇਹ ਭਾਰਤ ਅਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਪਹੁੰਚੇਗਾ? ਅਤੇ ਇਸ ਦਾ ਡਰ ਕਿੰਨਾ ਅਸਲੀ ਹੈ?

ਜਾਪਾਨੀ ਸਿਹਤ ਮੰਤਰਾਲੇ ਅਨੁਸਾਰ, 22 ਸਤੰਬਰ ਤੋਂ 28 ਸਤੰਬਰ ਤੱਕ ਦੇ ਹਫ਼ਤੇ ਵਿੱਚ 4,000 ਤੋਂ ਵੱਧ ਲੋਕਾਂ ਨੂੰ ਫਲੂ ਕਾਰਨ ਹਸਪਤਾਲਾਂ ਵਿੱਚ ਭਰਤੀ ਕੀਤਾ ਗਿਆ, ਜੋ ਕਿ ਪ੍ਰਤੀ ਮੈਡੀਕਲ ਇੰਸਟੀਚਿਊਸ਼ਨ 1.04 ਮਰੀਜ਼ਾਂ ਦੇ ਹਿਸਾਬ ਨਾਲ ਹੈ। ਇਹ ਗਿਣਤੀ ਐਪੀਡੈਮਿਕ ਦੀ ਥ੍ਰੈਸ਼ੋਲਡ ਨੂੰ ਪਾਰ ਕਰ ਗਈ ਹੈ। ਅੰਕੜਿਆਂ ਅਨੁਸਾਰ, ਅਕਤੂਬਰ ਦੇ ਸ਼ੁਰੂ ਤੱਕ ਇਹ ਗਿਣਤੀ 6,000 ਤੋਂ ਵੱਧ ਹੋ ਗਈ ਹੈ। ਟੋਕੀਓ, ਓਕੀਨਾਵਾ ਅਤੇ ਕਾਗੋਸ਼ੀਮਾ ਵਰਗੇ ਇਲਾਕਿਆਂ ਵਿੱਚ ਸਥਿਤੀ ਸਭ ਤੋਂ ਗੰਭੀਰ ਹੈ, ਜਿੱਥੇ ਹਸਪਤਾਲਾਂ ਦੇ ਵਾਰਡ ਭਰੇ ਪਏ ਹਨ ਅਤੇ ਮਰੀਜ਼ਾਂ ਲਈ ਬੈੱਡ ਨਹੀਂ ਮਿਲ ਰਹੇ। ਇੱਕ ਰਿਪੋਰਟ ਮੁਤਾਬਕ, ਯਾਮਾਗਾਤਾ ਪ੍ਰੀਫੈਕਚਰ ਵਿੱਚ ਇੱਕ ਪ੍ਰਾਇਮਰੀ ਸਕੂਲ ਨੂੰ ਪੂਰੀ ਤਰ੍ਹਾਂ ਬੰਦ ਕਰਨਾ ਪਿਆ, ਕਿਉਂਕਿ 36 ਵਿਦਿਆਰਥੀਆਂ ਵਿੱਚੋਂ 22 ਨੂੰ ਫਲੂ ਵਰਗੇ ਲੱਛਣ ਦਿਖਾਈ ਦਿੱਤੇ। ਪੂਰੇ ਦੇਸ਼ ਵਿੱਚ 135 ਤੋਂ ਵੱਧ ਸਕੂਲ ਅਤੇ ਚਾਈਲਡਕੇਅਰ ਸੈਂਟਰ ਬੰਦ ਹੋ ਚੁੱਕੇ ਹਨ। ਡਾਕਟਰਾਂ ਅਤੇ ਨਰਸਾਂ 'ਤੇ ਕੰਮ ਦਾ ਭਾਰ ਵਧ ਰਿਹਾ ਹੈ, ਜੋ ਕਿ ਕੋਵਿਡ-19 ਦੇ ਦਿਨਾਂ ਨੂੰ ਯਾਦ ਦਿਵਾਉਂਦਾ ਹੈ।

ਮੈਡੀਕਲ ਮਾਹਿਰਾਂ ਨੇ ਚੇਤਾਵਨੀ ਜਾਰੀ ਕੀਤੀ ਹੈ ਕਿ ਇਹ ਵਾਇਰਸ ਆਮ ਫਲੂ ਨਾਲੋਂ ਵੱਖਰਾ ਹੈ। ਹੋਕਾਈਡੋ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੀ ਪ੍ਰੋਫੈਸਰ ਯੋਕੋ ਤਸੁਕਾਮੋਟੋ ਨੇ ਕਿਹਾ, "ਇਸ ਸਾਲ ਫਲੂ ਸੀਜ਼ਨ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਹੈ, ਪਰ ਬਦਲਦੇ ਵਿਸ਼ਵੀ ਮਾਹੌਲ ਵਿੱਚ ਇਹ ਇੱਕ ਆਮ ਘਟਨਾ ਬਣ ਸਕਦਾ ਹੈ। ਡਾ. ਸਕਮੋਟੋ, ਨੇ ਦੱਸਿਆ ਕਿ ਇਹ ਵਾਇਰਸ H3N2 ਅਤੇ H1N1 ਸਟ੍ਰੇਨਾਂ ਦਾ ਮਿਸ਼ਰਣ ਹੈ, ਜੋ ਤੇਜ਼ੀ ਨਾਲ ਵਧ ਰਿਹਾ ਹੈ। ਉਹਨਾਂ ਨੇ ਕਿਹਾ, "ਇਹ ਕੋਰੋਨਾ ਨਾਲੋਂ ਵੀ ਤੇਜ਼ ਫੈਲ ਰਿਹਾ ਹੈ, ਕਿਉਂਕਿ ਲੋਕਾਂ ਦੀ ਇਮਿਊਨਿਟੀ ਘੱਟ ਹੋ ਗਈ ਹੈ ਅਤੇ ਵੈਕਸੀਨੇਸ਼ਨ ਰੇਟ ਘੱਟ ਹੈ।" ਵਿਸ਼ਵ ਸਿਹਤ ਸੰਗਠਨ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ ਕਿ



ਏਸ਼ੀਆ ਵਿੱਚ ਫਲੂ ਦੇ ਮਾਮਲੇ ਵਧ ਰਹੇ ਹਨ, ਜਿਸ ਵਿੱਚ ਭਾਰਤ, ਸਿੰਗਾਪੁਰ ਅਤੇ ਥਾਈਲੈਂਡ ਵੀ ਸ਼ਾਮਲ ਹਨ। ਐਕਸਪਰਟਾਂ ਦਾ ਅੰਦਾਜ਼ਾ ਹੈ ਕਿ ਜਲਵਾਯੂ ਤਬਦੀਲੀ ਅਤੇ ਵਧਦੇ ਸੈਲਾਨੀਆਂ ਕਾਰਨ ਵਾਇਰਸ ਨਵੇਂ ਰੂਪ ਲੈ ਰਿਹਾ ਹੈ।

ਇਸ ਪ੍ਰਕੋਪੀ ਨੇ ਜਾਪਾਨ ਦੀ ਸਿਹਤ ਪ੍ਰਣਾਲੀ ਨੂੰ ਹਿੱਲਾ ਦਿੱਤਾ ਹੈ। ਹਸਪਤਾਲਾਂ ਵਿੱਚ ਵੇਟਿੰਗ ਰੂਮ ਭਰੇ ਪਏ ਹਨ ਅਤੇ ਸਟਾਫ਼ ਨੂੰ ਓਵਰਟਾਈਮ ਕਰਨਾ ਪੈ ਰਿਹਾ ਹੈ। ਬੱਚੇ ਅਤੇ ਬਜ਼ੁਰਗ ਸਭ ਤੋਂ ਜ਼ਿਆਦਾ ਪ੍ਰਭਾਵਿਤ ਹਨ, ਜਿਸ ਕਾਰਨ ਸਰਕਾਰ ਨੇ ਵੈਕਸੀਨੇਸ਼ਨ ਡਰਾਈਵ ਸ਼ੁਰੂ ਕੀਤੀ ਹੈ। ਅਧਿਕਾਰੀਆਂ ਨੇ ਲੋਕਾਂ ਨੂੰ ਹੱਥ ਧੋਣ, ਮਾਸਕ ਪਹਿਨਣ ਅਤੇ ਸੋਸ਼ਲ ਡਿਸਟੈਂਸਿੰਗ ਦੀ ਹਦਾਇਤ ਕੀਤੀ ਹੈ। ਪਰ ਸਵਾਲ ਉੱਠ ਰਿਹਾ ਹੈ - ਕੀ ਇਹ ਲਾਕਡਾਊਨ ਵੱਲ ਲੈ ਜਾਵੇਗਾ? ਜਾਪਾਨੀ ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਹਾਲਾਤ ਨੂੰ ਨਿਯੰਤਰਣ ਵਿੱਚ ਰੱਖਣ ਲਈ ਹਰ ਸੰਭਾਵੀ ਕਦਮ ਚੁੱਕਿਆ ਜਾਵੇਗਾ, ਪਰ ਅਜੇ ਲਾਕਡਾਊਨ ਦੀ ਯੋਜਨਾ ਨਹੀਂ। ਐਕਸਪਰਟਾਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਨਵਾਂ ਪੈਂਡੈਮਿਕ ਨਹੀਂ, ਸਗੋਂ ਸੀਜ਼ਨਲ ਫਲੂ ਹੈ, ਪਰ ਇਸ ਦੀ ਤੇਜ਼ੀ ਚਿੰਤਾਜਨਕ ਹੈ।

ਡਾ. ਅਨੁਪਮਾ ਸਿੰਘ, ਇੱਕ ਭਾਰਤੀ ਵਾਇਰੋਲੌਜਿਸਟ, ਨੇ ਦੱਸਿਆ, "ਜਾਪਾਨ ਵਿੱਚ ਵਾਇਰਸ ਦਾ ਨਵਾਂ ਸਟ੍ਰੇਨ ਭਾਰਤ ਵਿੱਚ ਵੀ ਫੈਲ ਸਕਦਾ ਹੈ, ਕਿਉਂਕਿ ਲੋਕਾਂ ਦੀ ਯਾਤਰਾ ਵਧੀ ਹੈ। ਵੈਕਸੀਨ ਅਤੇ ਹਾਈਜੀਨ ਨਾਲ ਇਸ ਨੂੰ ਰੋਕਿਆ ਜਾ ਸਕਦਾ ਹੈ। ਭਾਰਤ ਵਿੱਚ ਫਲੂ ਦੇ ਮਾਮਲੇ ਵਧ ਰਹੇ ਹਨ, ਪਰ ਅਜੇ ਖਤਰਨਾਕ ਨਹੀਂ ਹਨ।"

ਅਮਰੀਕਾ ਵਿੱਚ, ਫਲੂ ਕੇਸ ਘੱਟ ਹਨ, ਪਰ ਐਕਸਪਰਟ ਚੇਤਾਵਨੀ ਦੇ ਰਹੇ ਹਨ ਕਿ ਇਹ ਵਾਇਰਸ ਗਲੋਬਲ ਥ੍ਰੇਟ ਬਣ ਸਕਦਾ ਹੈ। ਭਾਰਤ ਅਤੇ ਅਮਰੀਕਾ ਵਿੱਚ ਡਰ ਦਾ ਅੰਦਾਜ਼ਾ ਲਗਾਉਣ ਲਈ, ਵਿਸ਼ਲੇਸ਼ਕ ਕਹਿ ਰਹੇ ਹਨ ਕਿ ਜੇਕਰ ਵੈਕਸੀਨੇਸ਼ਨ ਵਧਾਈ ਨਾ ਗਈ ਤਾਂ 20-30 ਫ਼ੀਸਦੀ ਵਾਧਾ ਹੋ ਸਕਦਾ ਹੈ।

# £5.3 ਮਿਲੀਅਨ ਦੀ ਮਨੀ ਲਾਂਡਰਿੰਗ: ਬਰਮਿੰਘਮ ਦਾ ਗੁਰਮੀਤ ਹਾਂਡਾ ਕੈਦ

ਬਰਮਿੰਘਮ, ਯੂਕੇ — ਬਰਮਿੰਘਮ ਦੇ ਰਹਿਣ ਵਾਲੇ ਗੁਰਮੀਤ ਹਾਂਡਾ (Gurmeet Handa) ਨੂੰ £5.3 ਮਿਲੀਅਨ ਦੀ ਗੈਰਕਾਨੂੰਨੀ ਰਕਮ ਜਾਇਦਾਦਾਂ ਰਾਹੀਂ ਧੋਣ ਦੇ ਦੋਸ਼ਾਂ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ। ਇਹ ਮਾਮਲਾ ਪਿਛਲੇ ਕੁਝ ਸਾਲਾਂ ਦੌਰਾਨ ਵੈਸਟ ਮਿਡਲੈਂਡਜ਼ ਪੁਲਿਸ ਵੱਲੋਂ ਕੀਤੀਆਂ ਗਈਆਂ ਸਭ ਤੋਂ ਵੱਡੀਆਂ ਮਨੀ ਲਾਂਡਰਿੰਗ ਜਾਂਚਾਂ ਵਿੱਚੋਂ ਇੱਕ ਮੰਨੀ ਜਾ ਰਹੀ ਹੈ।

**ਜਾਇਦਾਦਾਂ ਰਾਹੀਂ ਪੈਸੇ ਦਾ ਧੋਬੀਘਾਟ**

ਜਾਂਚ ਅਧਿਕਾਰੀਆਂ ਮੁਤਾਬਕ, ਹਾਂਡਾ ਨੇ ਕਈ ਜਾਇਦਾਦਾਂ ਵਿੱਚ ਨਿਵੇਸ਼ ਕਰਕੇ ਗੈਰਕਾਨੂੰਨੀ ਤਰੀਕੇ ਨਾਲ ਪ੍ਰਾਪਤ ਕੀਤੀ ਰਕਮ ਨੂੰ "ਕਾਨੂੰਨੀ" ਦਿਖਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਕਈ ਕੰਪਨੀਆਂ ਅਤੇ ਬੈਂਕ ਖਾਤਿਆਂ ਰਾਹੀਂ ਇਹ ਪੈਸਾ ਘੁਮਾਇਆ, ਤਾਂ ਜੋ ਇਸਦਾ ਸ੍ਰੋਤ ਲੁਕਾਇਆ ਜਾ ਸਕੇ। ਪੁਲਿਸ ਨੇ ਕਿਹਾ ਕਿ ਜਾਂਚ ਦੌਰਾਨ ਮਿਲੇ ਸਬੂਤਾਂ ਵਿੱਚ ਕਈ ਸ਼ੈੱਲ ਕੰਪਨੀਆਂ ਅਤੇ ਝੂਠੇ ਦਸਤਾਵੇਜ਼ ਸ਼ਾਮਲ ਸਨ, ਜਿਨ੍ਹਾਂ ਰਾਹੀਂ ਰਕਮ ਨੂੰ ਜਾਇਦਾਦੀ ਸੌਦਿਆਂ ਵਿੱਚ ਲਾਇਆ ਗਿਆ।

**ਵੈਸਟ ਮਿਡਲੈਂਡਜ਼ ਪੁਲਿਸ ਦੀ ਕਾਰਵਾਈ**

ਵੈਸਟ ਮਿਡਲੈਂਡਜ਼ ਪੁਲਿਸ ਨੇ ਕਿਹਾ:"ਇਹ ਮਨੀ ਲਾਂਡਰਿੰਗ ਦਾ ਬਹੁਤ ਵੱਡਾ ਜਾਲ ਸੀ, ਜਿਸ ਰਾਹੀਂ ਗੈਰਕਾਨੂੰਨੀ ਪੈਸੇ ਨੂੰ ਕਾਨੂੰਨੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਗਈ। ਅਸੀਂ ਸਬੂਤਾਂ ਦੇ ਆਧਾਰ 'ਤੇ ਸਫ਼ਲਤਾਪੂਰਵਕ ਇਸ ਸਕੀਮ ਦਾ ਪਰਦਾਫਾਸ਼ ਕੀਤਾ ਹੈ।"ਜਾਂਚ ਟੀਮ ਨੇ ਹਾਂਡਾ ਦੇ ਘਰ ਅਤੇ ਦਫ਼ਤਰਾਂ 'ਤੇ ਛਾਪੇ ਮਾਰੇ ਅਤੇ ਕਈ ਮਹੱਤਵਪੂਰਨ ਦਸਤਾਵੇਜ਼, ਕੰਪਿਊਟਰ ਅਤੇ



ਖਾਤੇਦਾਰੀ ਰਿਕਾਰਡ ਕਬਜ਼ੇ 'ਚ ਲਏ।

**ਅਦਾਲਤ ਦਾ ਫ਼ੈਸਲਾ**

ਅਦਾਲਤ ਨੇ ਸਬੂਤਾਂ ਦੀ ਸਮੀਖਿਆ ਕਰਨ ਤੋਂ ਬਾਅਦ ਗੁਰਮੀਤ ਹਾਂਡਾ ਨੂੰ ਦੋਸ਼ੀ ਕਰਾਰ ਦਿੱਤਾ। ਜੱਜ ਨੇ ਕਿਹਾ ਕਿ ਇਹ ਅਪਰਾਧ "ਯੋਜਨਾਬੱਧ, ਸੁਚਾਰੇ ਤਰੀਕੇ ਨਾਲ ਕੀਤਾ ਗਿਆ ਵਿੱਤੀ ਧੋਖਾਧੜੀ ਦਾ ਮਾਮਲਾ" ਹੈ। ਹਾਂਡਾ ਨੂੰ ਕਈ ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

**ਅਰਥਵਿਵਸਥਾ 'ਤੇ ਪ੍ਰਭਾਵ**


ਵਿੱਤੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਮਨੀ ਲਾਂਡਰਿੰਗ ਨਾਲ ਸਿਰਫ਼ ਕਾਨੂੰਨੀ ਪ੍ਰਣਾਲੀ ਹੀ ਨਹੀਂ, ਸਗੋਂ ਪੂਰੀ ਅਰਥਵਿਵਸਥਾ ਪ੍ਰਭਾਵਿਤ ਹੁੰਦੀ ਹੈ। ਇਹ ਮਾਮਲਾ ਸਾਬਤ ਕਰਦਾ ਹੈ ਕਿ ਜਾਇਦਾਦ ਖੇਤਰ ਮਨੀ ਲਾਂਡਰਿੰਗ ਲਈ ਇੱਕ ਵੱਡਾ ਮਾਧਿਅਮ ਬਣ ਸਕਦਾ ਹੈ ਜੇਕਰ ਇਸ 'ਤੇ ਨਿਯੰਤਰਣ ਨਾ ਕੀਤਾ ਜਾਵੇ।

ਪੁਲਿਸ ਨੇ ਕਿਹਾ ਹੈ ਕਿ ਜਾਂਚ ਅਜੇ ਵੀ ਜਾਰੀ ਹੈ ਅਤੇ ਹੋਰ ਸ਼ਖ਼ਸਾਂ ਦੀ ਭੂਮਿਕਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਗੈਰਕਾਨੂੰਨੀ ਪੈਸੇ ਨਾਲ ਜੁੜੇ ਵਿਅਕਤੀਆਂ ਖ਼ਿਲਾਫ਼ ਹੋਰ ਕਾਰਵਾਈ ਕੀਤੀ ਜਾਵੇਗੀ।

## ਅਮਰੀਕਾ ਵਿਚ ਸਿੱਖਾਂ ਨੂੰ ਝਟਕਾ, ਬਿਲ ਐਸ.ਬੀ. 509 ਰੱਦ

ਸੈਕਰਾਮੈਂਟੋ : ਕੈਲੇਫੋਰਨੀਆ ਵਿਚ ਵਸਦੇ ਸਿੱਖਾਂ ਨੂੰ ਵਿਦੇਸ਼ੀ ਤਾਕਤਾਂ ਤੋਂ ਸੁਰੱਖਿਅਤ ਰੱਖਣ ਦੇ ਮਕਸਦ ਨਾਲ ਸੂਬਾ ਅਸੈਂਬਲੀ ਅਤੇ ਸੈਨੇਟ ਵੱਲੋਂ ਪਾਸ ਬਿਲ ਐਸ.ਬੀ. 509 ਗਵਰਨਰ ਗੈਵਿਨ ਨਿਊਸਮ ਨੇ ਰੱਦ ਕਰ ਦਿਤਾ ਹੈ। ਬਿਲ ਪਾਸ ਕਰਵਾਉਣ ਵਿਚ ਅਹਿਮ ਕਿਰਦਾਰ ਨਿਭਾਉਣ ਵਾਲੀ ਡਾ. ਜਸਮੀਤ ਕੌਰ ਬੈਂਸ ਨੇ ਕਿਹਾ ਕਿ ਗਵਰਨਰ ਵੱਲੋਂ ਜਾਤ ਆਧਾਰਤ ਵਿਤਕਰਾ ਰੋਕਣ ਲਈ ਬਿਲ ਰੱਦ ਕੀਤਾ ਗਿਆ ਅਤੇ ਹੁਣ ਕੈਲੇਫੋਰਨੀਆ ਵਾਸੀਆਂ ਨੂੰ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਤੋਂ ਬਚਾਉਣ ਵਾਲੇ ਬਿਲ ਨੂੰ ਵੀ ਵੀਟੋ ਕਰ ਦਿਤਾ। ਸ਼ੁਕਰ ਹੈ ਕਿ 1984 ਦੀ ਸਿੱਖ ਨਸਲਕੁਸ਼ੀ ਨਾਲ ਸਬੰਧਤ ਮਤਾ ਪਾਸ ਕਰਵਾਉਣ ਲਈ ਗਵਰਨਰ ਦੇ ਦਸਤਖ਼ਤਾਂ ਦੀ ਜ਼ਰੂਰਤ ਨਹੀਂ ਪਈ। ਡਾ. ਜਸਮੀਤ ਕੌਰ ਬੈਂਸ ਨੇ ਅੱਗੇ ਕਿਹਾ, ਸਿੱਖਾਂ ਨੂੰ ਆਪਣੀ ਆਵਾਜ਼ ਮਿਲ ਚੁੱਕੀ ਹੈ ਅਤੇ ਸੈਨੇਟਰ ਐਨਾ ਕੈਬਾਯੇਰੋ ਸਣੇ ਅਸੈਂਬਲੀ ਮੈਂਬਰ ਸੌਰੀਆ ਸਾਡੇ ਨਾਲ ਖੜੇ ਹਨ।

## ਕੈਨੇਡਾ ਦੇ ਹਵਾਈ ਅੱਡੇ 'ਤੇ ਪੰਜਾਬੀ ਔਰਤ ਨਾਲ ਅਣਹੋਣੀ



ਕੈਨੇਡਾ ਦੇ ਮੌਂਟਰੀਅਲ ਹਵਾਈ ਅੱਡੇ ਤੇ ਇਕ ਪੰਜਾਬੀ ਔਰਤ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਔਰਤ ਦੀ ਸ਼ਨਾਖ਼ਤ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸੂਰਘੂਰੀ ਨਾਲ ਸਬੰਧਤ ਕਰਮਜੀਤ ਕੌਰ ਵਜੋਂ ਕੀਤੀ ਗਈ ਹੈ ਜੋ ਆਪਣੇ ਪਰਵਾਰ ਨੂੰ ਮਿਲਣ ਵਿਜ਼ਟਰ ਵੀਜ਼ਾ ਕੈਨੇਡਾ ਪੁੱਜੀ ਸੀ। ਦੱਸਿਆ ਜਾ ਰਿਹਾ ਹੈ ਕਿ ਏਅਰਪੋਰਟ ਤੇ ਅਚਨਚੇਤ ਸਿਹਤ ਵਿਗੜਨ ਮਗਰੋਂ ਪੈਰਾਮੈਡਿਕਸ ਨੂੰ ਸੱਦਿਆ ਗਿਆ ਪਰ ਕਰਮਜੀਤ ਕੌਰ ਨੂੰ ਬਚਾਇਆ ਨਾ ਜਾ ਸਕਿਆ। ਕਰਮਜੀਤ ਕੌਰ ਦੀ ਦੇਹ ਪੰਜਾਬ ਭੇਜਣ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਦੂਜੇ ਪਾਸੇ ਅਮਰੀਕਾ ਦੇ ਮਿਨੇਸੋਟਾ ਸੂਬੇ ਵਿਚ ਹੌਲਨਾਕ ਹਾਦਸੇ ਮਗਰੋਂ ਜ਼ਿੰਦਗੀ ਲਈ ਸੰਘਰਸ਼ ਕਰ ਰਹੇ 12 ਸਾਲ ਦੇ ਰਾਘਵ ਸ਼੍ਰੇਸ਼ਠਾ ਨੇ ਦਮ ਤੋੜ ਦਿਤਾ।


## ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS

PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ

ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

ਪੰਜ ਪਿਆਲੇ ਪੰਜ ਪੀਰ ਛਠਮ ਪੀਰ ਬੈਠਾ ਗੁਰ ਭਾਰੀ ।। ਅਰਜਨ ਕਾਇਆ ਪਲਟ ਕੇ ਮੂਰਤਿ ਹਰਿਗੋਬਿੰਦ ਸਵਾਰੀ ।।


# ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਗ੍ਰੇਟ ਬਾਰ, ਬਰਮਿੰਘਮ ਦੇ ਸੇਵਾਦਾਰਾਂ ਵੱਲੋਂ

# ਬੰਦੀਛੋੜ ਦਿਵਸ ਤੇ ਦੀਵਾਲੀ ਦੀ ਲੱਖ ਲੱਖ ਵਧਾਈ











ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਗੁਰੂ ਪਿਆਰੀ ਸਾਧ ਸੰਤ ਜੀ, ਛੇਵੇਂ ਪਾਤਿਸ਼ਾਹ ਜੀ ਨੇ 52 ਹਿੰਦੂ ਰਾਜਿਆਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿਚੋਂ ਛੁਡਾ ਕੇ ਆਜ਼ਾਦ ਕਰਵਾਇਆ ਸੀ । ਤੇ ਗੁਰੂ ਸਾਹਿਬ ਦੀ ਰਿਹਾਈ ਦੀ ਖੁਸ਼ੀ ਨੂੰ ਲੈ ਕੇ ਸਿੱਖ ਸੰਗਤਾਂ ਨੇ ਉਸ ਵਕਤ ਸਾਰੇ ਦੇਸ਼ ਵਿਚ ਧੂਮ ਧਾਮ ਨਾਲ ਦੀਵਾਲੀ ਮਨਾਈ । ਗੁਰਦੁਆਰਾ ਸਿੰਘ ਸਭਾ ਗ੍ਰੇਟ ਬਾਰ, ਬ੍ਰਮਿੰਘਮ ਵਿਖੇ ਬੰਦੀਛੋੜ ਦਿਵਸ ਮਨਾਉਣ ਲਈ ਸਮਾਗਮ ਦਿੱਤੇ ਹੋਏ ਪ੍ਰੋਗਰਾਮ ਮੁਤਾਬਕ ਸ਼ਰਧਾ ਸਤਿਕਾਰ ਨਾਲ ਮਨਾਏ ਜਾ ਰਹੇ ਹਨ । ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਇਨ੍ਹਾਂ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲਵੋ, ਗੁਰੂ ਘਰ ਹਾਜ਼ਰੀਆਂ ਲਵਾਓ, ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਹਾਸਲ ਕਰੋ ਜੀ ।

## ਬੰਦੀਛੋੜ ਦਿਵਸ ਸਬੰਧੀ ਪ੍ਰੋਗਰਾਮ

ਬੰਦੀਛੋੜ ਦਿਵਸ ਸਬੰਧੀ ਸਾਰਾ ਦਿਨ ਧਾਰਮਿਕ ਦੀਵਾਨ ਸਜਣਗੇ ।

**ਸਵੇਰੇ 8:00 ਵਜੇ ਤੋਂ ਸ਼ਾਮ 5:45 ਵਜੇ ਤੱਕ ਸਾਰਾ ਦਿਨ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ, ਜਿਸ ਦੌਰਾਨ ਗੁਰੂ ਘਰ ਦੀਆਂ ਸੰਗਤਾਂ ਪਾਠ ਦੀ ਸੇਵਾ ਕਰਨਗੀਆਂ**

| | |
|---|---|
| ਪਾਠ ਰਹਿਰਾਸ ਸਾਹਿਬ | 5:45 ਤੋਂ 6:15 ਵਜੇ |
| ਅਰਦਾਸ, ਹੁਕਮਨਾਮਾ, ਸਮਾਪਤੀ ਤੇ ਸੁਖਆਸਨ | 8:15 ਵਜੇ |

**ਸ਼ਾਮ ਨੂੰ ਸਮਾਪਤੀ ਉਪਰੰਤ ਪਟਾਕੇ ਤੇ ਆਤਿਸ਼ਬਾਜ਼ੀ ਹੋਵੇਗੀ**

**ਸਮਾਗਮ ਦੌਰਾਨ ਸਾਰਾ ਦਿਨ ਗੁਰੂ ਕੇ ਅਤੁੱਟ ਲੰਗਰ ਵਰਤਣਗੇ**





ਦੀਵਾਨ ਹਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟ ਬਾਰ, ਬ੍ਰਮਿੰਘਮ

## ਗੁਰਦੁਆਰਾ ਸਾਹਿਬ ਵਿਖੇ ਚੱਲ ਰਹੀਆਂ ਸੇਵਾਵਾਂ:

ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ, ਸਹਿਜ ਪਾਠ, ਸੁਖਮਨੀ ਸਾਹਿਬ ਦਾ ਪਾਠ, ਅਨੰਦ ਕਾਰਜ, ਰੈਣ ਸਬਾਈ ਕੀਰਤਨ, ਪੰਥਕ ਇਕੱਠ ਅਤੇ ਹੋਰ ਪੰਥਕ ਕਾਨਫਰੰਸਾਂ ਆਦਿ ਕਰਨ ਵਾਸਤੇ ਬਹੁਤ ਖੂਬਸੂਰਤ ਅਤੇ ਵੱਡੇ ਦੀਵਾਨ ਹਾਲ, ਵੱਡਾ ਲੰਗਰ ਹਾਲ, ਨਵੀਂ ਰਸੋਈ ਅਤੇ ਚੋਖੀ ਕਾਰ ਪਾਰਕਿੰਗ ਉਪਲੱਬਧ ਹੈ। ਜਿੱਥੇ ਬੜੀ ਆਸਾਨੀ ਨਾਲ ਧਾਰਮਿਕ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ।

## ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸੇਵਾਵਾਂ

ਇਸ ਗੁਰੂ ਘਰ ਵਿਖੇ ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ ਗੁਰਬਾਣੀ ਸੰਥਿਆ, ਗੁਰਮੁਖੀ ਦੀ ਪੜ੍ਹਾਈ, ਕੀਰਤਨ ਸਿਖਲਾਈ, ਆਤਮ ਰੱਖਿਆ ਵਾਸਤੇ ਗਤਕਾ (ਮਾਰਸ਼ਲ ਆਰਟ) ਅਤੇ ਹੋਰ ਬਹੁਤ ਸਾਰੀਆਂ ਸੇਵਾਵਾਂ ਚੱਲ ਰਹੀਆਂ ਹਨ । ਬੱਚਿਆਂ ਨੂੰ ਲਿਆ ਕੇ ਰਜਿਸਟਰ ਕਰਵਾ ਸਕਦੇ ਹੋ ।

# ਬੇਨਤੀ ਕਰਤਾ : ਸਮੂਹ ਸੇਵਾਦਾਰ ਪ੍ਰਬੰਧਕ ਕਮੇਟੀ ਅਤੇ ਸਾਧ ਸੰਗਤ

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟ ਬਾਰ, ਬਰਮਿੰਘਮ

# Gurdwara Sri Guru Singh Sabha Birmingham

400 ALDRIDGE ROAD, GREAT BAR, BIRMINGHAM, B44 8BH. TEL: 0121 356 6789 - Email: info@gsgssb.org

# ਬਿਹਾਰ ਚੋਣਾਂ 2025 ਭਵਿੱਖ ਦੀ ਰਾਜਨੀਤੀ ਦਾ ਰਾਹ ਤੈਅ ਕਰਨਗੀਆਂ

**ਨਿਊਜ਼ ਵਿਸ਼ਲੇਸ਼ਣ**

## ✪ ਭਾਜਪਾ ਵਲੋਂ ਨੀਤੀਸ਼ ਨੂੰ ਝਟਕਾ, ਵੱਡੇ ਭਰਾ ਵਾਲਾ ਦਬਦਬਾ ਕੀਤਾ ਖਤਮ ! ✪ ਸਮਾਜਿਕ ਨਿਆਂ ਦੇ ਮੁੱਦੇ ਬਣਨਗੇ ਕਰਨਗੇ ਰਾਜਨੀਤੀ ਨੂੰ ਪ੍ਰਭਾਵਿਤ ✪ ਕੀ ਪ੍ਰਸ਼ਾਂਤ ਕਿਸ਼ੋਰ ਬਦਲ ਸਕੇਗਾ ਬਿਹਾਰ ਦੀ ਸਿਆਸਤ ?

ਭਾਰਤ ਦੇ ਪੂਰਬੀ ਹਿੱਸੇ ਵਿੱਚ ਵੱਸਦੇ ਬਿਹਾਰ ਰਾਜ ਵਿੱਚ ਚੋਣਾਂ ਦਾ ਬਿਗਲ ਵਜ ਚੁੱਕਿਆ ਹੈ। ਚੋਣ ਕਮਿਸ਼ਨ ਨੇ 6 ਤੇ 11 ਨਵੰਬਰ ਨੂੰ ਦੋ ਪੜਾਵਾਂ ਵਿੱਚ ਵੋਟ ਪਾਉਣ ਦਾ ਐਲਾਨ ਕੀਤਾ ਹੈ, ਜਦਕਿ 14 ਨਵੰਬਰ ਨੂੰ ਨਤੀਜੇ ਆਉਣਗੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਚੋਣਾਂ ਪੂਰੇ ਦੇਸ਼ ਦੀ ਰਾਜਨੀਤਕ ਹਵਾ ਬਦਲ ਸਕਦੀਆਂ ਹਨ। ਇਹ ਨਤੀਜੇ 2026 ਵਿੱਚ ਅਸਾਮ, ਕੇਰਲਾ, ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਪੁਡੂਚੇਰੀ ਵਰਗੇ ਰਾਜਾਂ ਤੱਕ ਪ੍ਰਭਾਵ ਪਾਉਣਗੇ। ਉਸ ਤੋਂ ਬਾਅਦ 2027 ਵਿੱਚ ਉੱਤਰ ਪ੍ਰਦੇਸ਼, ਗੁਜਰਾਤ, ਪੰਜਾਬ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਗੋਆ ਅਤੇ ਮਣੀਪੁਰ ਵਿੱਚ ਵੀ ਚੋਣਾਂ ਹੋਣਗੀਆਂ। ਐੱਨਡੀਏ ਜਾਂ ਇੰਡੀਆ ਗਠਜੋੜ ਵਿੱਚੋਂ ਜਿਸ ਨੂੰ ਵੀ ਬਿਹਾਰ ਵਿੱਚ ਜਿੱਤ ਮਿਲੇਗੀ, ਉਹ ਗੱਠਜੋੜ ਰਾਸ਼ਟਰੀ ਪੱਧਰ ਉਪਰ ਆਪਣੀ ਹਵਾ ਬਣਾ ਸਕੇਗਾ। ਰਾਜਨੀਤਕ ਵਿਸ਼ਲੇਸ਼ਕਾਂ ਅਨੁਸਾਰ, ਬਿਹਾਰ ਦੇ ਨਤੀਜੇ ਭਾਜਪਾ ਅਤੇ ਆਰਐੱਸਐੱਸ ਵਿਚਕਾਰ ਅੰਦਰੂਨੀ ਖਿਚੋਤਾਣ ਨੂੰ ਵੀ ਉਭਾਰਨਗੇ । ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਬੀਜੇਪੀ ਜਿੱਤੀ, ਤਾਂ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮਰਜ਼ੀ ਚੱਲੇਗੀ; ਨਹੀਂ ਤਾਂ ਆਰਐੱਸਐੱਸ ਦੀ ਹੀ ਚੱਲੇਗੀ।

ਐੱਨਡੀਏ ਅਤੇ ਮਹਾਂਗਠਜੋੜ ਵਿਚਕਾਰ ਸਿੱਧੀ ਲੜਾਈ ਹੈ, ਪਰ ਪ੍ਰਸ਼ਾਂਤ ਕਿਸ਼ੋਰ ਦੀ ਜਨ ਸਵਰਾਜ ਪਾਰਟੀ ਤੀਜਾ ਕੋਣ ਬਣਾ ਰਹੀ ਹੈ। ਇਸ ਵਾਰ ਦਲਿਤਾਂ ਦੇ ਵੋਟਾਂ ਨੂੰ ਲੈ ਕੇ ਵੀ ਵੱਡੀ ਰੱਸਾਕਸ਼ੀ ਹੋ ਰਹੀ ਹੈ, ਜਦਕਿ ਬੇਰੁਜ਼ਗਾਰੀ, ਪਲਾਇਣ ਅਤੇ ਸਮਾਜਿਕ ਨਿਆਂ ਵਰਗੇ ਮੁੱਦੇ ਚਰਚਾ ਦਾ ਕੇਂਦਰ ਬਣੇ ਹੋਏ ਹਨ।

ਬਿਹਾਰ ਵਿਧਾਨ ਸਭਾ ਚੋਣਾਂ ਲਈ ਐੱਨਡੀਏ (ਐਨਡੀਏ) ਵਿੱਚ ਸੀਟ ਵੰਡ ਦੀ ਘੋਸ਼ਣਾ ਨੇ ਨੀਤੀਸ਼ ਲਈ ਵੱਡਾ ਝਟਕਾ ਦਿਤਾ ਹੈ, ਜਿਨ੍ਹਾਂ ਨੂੰ ਹਮੇਸ਼ਾ ਗਠਜੋੜ ਵਿੱਚ ਵੱਡੇ ਭਰਾ ਵਜੋਂ ਵੇਖਿਆ ਜਾਂਦਾ ਰਿਹਾ ਹੈ।ਨਿਤਿਸ਼ ਇਹ ਰੁਤਬਾ ਹੁਣ ਗਵਾ ਚੁਕੇ ਹਨ।ਬੀਤੇ ਐਤਵਾਰ ਨੂੰ ਹੋਈ ਇਸ ਘੋਸ਼ਣਾ ਨਾਲ ਭਾਜਪਾ ਨੇ ਮੁੱਖ ਮੰਤਰੀ ਨੀਤੀਸ਼ ਕੁਮਾਰ ਦੀ ਜਨਤਾ ਦਲ ਯੂਨਾਈਟਡ (ਜੇਡੀਯੂ) ਨੂੰ ਬਰਾਬਰੀ ਦਾ ਸਥਾਨ ਦੇ ਦਿੱਤਾ ਹੈ - ਦੋਹਾਂ ਨੂੰ 101-101 ਸੀਟਾਂ ਮਿਲੀਆਂ ਹਨ। ਯਾਦ ਰਹੇ ਕਿ 2020 ਵਿੱਚ ਜੇਡੀਯੂ ਨੂੰ 115 ਅਤੇ ਭਾਜਪਾ ਨੂੰ 110 ਸੀਟਾਂ ਮਿਲੀਆਂ ਸਨ, ਪਰ ਹੁਣ ਭਾਜਪਾ ਨੇ ਨੀਤੀਸ਼ ਦੇ ਦਬਦਬੇ ਨੂੰ ਖਤਮ ਕਰਕੇ ਆਪਣੀ ਰਣਨੀਤਕ ਤਾਕਤ ਦਿਖਾ ਦਿੱਤੀ ਹੈ। ਇਸ ਨਾਲ ਚਿਰਾਗ ਪਾਸਵਾਨ ਵਰਗੇ ਛੋਟੇ ਨੇਤਾਵਾਂ ਨੂੰ ਵੀ ਵਧੇਰੇ ਸੀਟਾਂ ਮਿਲਣ ਕਾਰਣ ਗਠਜੋੜ ਵਿੱਚ ਨਵਾਂ ਸੰਤੁਲਨ ਬਣਿਆ ਹੈ। ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੂੰ 29, ਜੀਤਨ ਰਾਮ ਮਾਂਝੀ ਦੀ ਹਿੰਦੁਸਤਾਨੀ ਅਵਾਮ ਮੋਰਚਾ (ਐੱਚਏਐੱਮ) ਨੂੰ 6 ਅਤੇ ਉਪੇਂਦਰ ਕੁਸ਼ਵਾਹਾ ਦੀ ਰਾਸ਼ਟਰੀਯ ਲੋਕ ਮੋਰਚਾ ਨੂੰ 6 ਸੀਟਾਂ ਦਿੱਤੀਆਂ ਗਈਆਂ।




ਸਿਆਸੀ ਮਾਹਿਰਾਂ ਅਨੁਸਾਰ, ਇਹ ਝਟਕਾ ਨੀਤੀਸ਼ ਲਈ ਰਣਨੀਤਕ ਹੈ। 2020 ਵਿੱਚ ਜੇਡੀਯੂ ਨੇ 115 ਸੀਟਾਂ ਤੇ ਲੜ ਕੇ 43 ਜਿੱਤੀਆਂ ਸਨ, ਜਦਕਿ ਭਾਜਪਾ ਨੇ 110 ਤੇ ਲੜ ਕੇ 74 ਜਿੱਤੀਆਂ ਸਨ। ਜੇਡੀਯੂ ਦੀ ਵੋਟ ਸ਼ੇਅਰਿੰਗ 15.39% ਰਹੀ ਸੀ, ਜਦਕਿ ਭਾਜਪਾ ਦੀ 19.46% ਹੋ ਗਈ ਸੀ। ਭਾਜਪਾ ਨੇ ਸੀਟ ਵੰਡ ਰਾਹੀਂ ਸੰਦੇਸ਼ ਵੀ ਦਿੱਤਾ ਕਿ ਬਿਹਾਰ ਵਿੱਚ ਐੱਨਡੀਏ ਦੀ ਸਰਕਾਰ ਦਾ ਅਰਥ ਹੈ ਭਾਜਪਾ ਦੀ ਅਗਵਾਈ ਵਾਲੀ ਸਰਕਾਰ। ਨੀਤੀਸ਼ ਨੂੰ ਇਹ ਝਟਕਾ ਉਸ ਵੇਲੇ ਲੱਗਾ ਜਦੋਂ ਉਹ ਆਪਣੀ ਪਾਰਟੀ ਵਿੱਚ ਧੜਿਆਂ ਨਾਲ ਜੂਝ ਰਹੇ ਹਨ - ਇੱਕ ਧੜਾ ਉਨ੍ਹਾਂ ਨਾਲ ਹੈ, ਪਰ ਦੂਜਾ ਭਾਜਪਾ ਵੱਲ ਵਧ ਰਿਹਾ ਹੈ। ਭਾਜਪਾ ਨੇ ਇਸ ਧੜੇ ਨੂੰ ਵਰਤ ਕੇ ਨੀਤੀਸ਼ ਨੂੰ ਰਾਜ਼ੀ ਕੀਤਾ। ਇਹ ਵੰਡ ਨੀਤੀਸ਼ ਦੇ 20 ਸਾਲਾਂ ਦੇ ਰਾਜ ਦੇ ਅੰਤ ਦੀ ਸ਼ੁਰੂਆਤ ਵਜੋਂ ਵੇਖੀ ਜਾ ਰਹੀ ਹੈ।

ਵਿਸ਼ਲੇਸ਼ਕ ਕਹਿੰਦੇ ਹਨ ਕਿ ਨੀਤੀਸ਼ ਦਾ ਬੁਰਾ ਵਕਤ ਚੱਲ ਰਿਹਾ ਹੈ - ਉਨ੍ਹਾਂ ਦੀ ਪਾਰਟੀ ਦੀ ਜਿੱਤ ਦਰ ਘਟੀ ਹੈ ਅਤੇ ਵੋਟਾਂ ਵੀ ਖਿਸਕ ਰਹੀਆਂ ਹਨ। ਭਾਜਪਾ ਨੇ ਇਸ ਅਵਸਰ ਨੂੰ ਫਾਇਦੇ ਵਿੱਚ ਬਦਲਿਆ ਅਤੇ ਆਪਣੇ ਕਾਰਕੁਨਾਂ ਨੂੰ ਸੰਦੇਸ਼ ਦਿੱਤਾ ਕਿ ਨੀਤੀਸ਼ ਦਾ ਜ਼ਮਾਨਾ ਖਤਮ ਹੋ ਗਿਆ। ਇਸ ਨਾਲ ਜੇਡੀਯੂ ਦੇ ਕਾਰਕੁਨਾਂ ਵਿੱਚ ਨਿਰਾਸ਼ਾ ਹੈ, ਜੋ ਮਨੋਵਿਗਿਆਨਕ ਤੌਰ ਤੇ ਪਾਰਟੀ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਇਸ ਤੋਂ ਇਲਾਵਾ, ਐੱਨਡੀਏ ਵਿੱਚ ਛੋਟੀਆਂ ਪਾਰਟੀਆਂ ਨੂੰ ਵੀ ਘਟਾਇਆ ਗਿਆ। ਜੀਤਨ ਰਾਮ ਮਾਂਝੀ ਦੀ ਐੱਚਏਐੱਮ ਨੂੰ 2020 ਵਿੱਚ 7 ਸੀਟਾਂ ਮਿਲੀਆਂ ਸਨ (ਜਿਨ੍ਹਾਂ ਵਿੱਚੋਂ 4 ਜਿੱਤੀਆਂ), ਪਰ ਹੁਣ ਸਿਰਫ਼ 6। ਇਹ ਵੀ ਨੀਤੀਸ਼ ਦੇ ਨੇੜਲੇ ਨੇਤਾ ਨੂੰ ਵਡੀ ਠੋਕਰ ਹੈ। ਉਪੇਂਦਰ ਕੁਸ਼ਵਾਹਾ ਨੂੰ ਵਾਪਸ ਲੈ ਕੇ ਭਾਜਪਾ ਨੇ ਆਪਣੀ ਰਣਨੀਤੀ ਮਜ਼ਬੂਤ ਕੀਤੀ, ਜੋ ਪਹਿਲਾਂ ਵਿਰੋਧੀ ਗਠਜੋੜ ਵਿੱਚ ਸਨ ਅਤੇ 104 ਸੀਟਾਂ ਤੇ ਲੜ ਕੇ ਵੀ ਖਾਤਾ ਨਹੀਂ ਖੋਲ੍ਹ ਸਕੇ।

ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਨੂੰ 29 ਸੀਟਾਂ ਮਿਲਣ ਨਾਲ ਉਨ੍ਹਾਂ ਦੀ ਸਥਿਤੀ ਮਜ਼ਬੂਤ ਹੋ ਗਈ ਹੈ। 2020 ਵਿੱਚ ਚਿਰਾਗ ਨੇ ਐੱਨਡੀਏ ਤੋਂ ਵੱਖ ਹੋ ਕੇ 135 ਸੀਟਾਂ ਤੇ ਲੜੇ ਅਤੇ ਸਿਰਫ਼ ਇੱਕ ਜਿੱਤੀ, ਪਰ ਉਨ੍ਹਾਂ ਦੇ ਉਮੀਦਵਾਰਾਂ ਨੇ ਨੀਤੀਸ਼ ਦੇ 30 ਤੋਂ ਵੱਧ ਉਮੀਦਵਾਰਾਂ ਨੂੰ ਹਰਾਇਆ। ਇਹ 'ਨੀਤੀਸ਼ ਵਿਰੋਧੀ' ਰਣਨੀਤੀ ਸੀ, ਜਿਸ ਨਾਲ ਜੇਡੀਯੂ ਨੂੰ ਵੱਡਾ ਨੁਕਸਾਨ ਹੋਇਆ ਸੀ। ਹੁਣ ਚਿਰਾਗ ਦੀ ਵਾਪਸੀ ਨਾਲ ਭਾਜਪਾ ਨੇ ਉਨ੍ਹਾਂ ਨੂੰ 29 ਸੀਟਾਂ ਦੇ ਕੇ ਖੁਸ਼ ਰੱਖਿਆ, ਪਰ ਇਹ ਨੀਤੀਸ਼ ਲਈ ਚੁਣੌਤੀ ਹੈ।

ਮਹਾਂਗਠਜੋੜ ਵਿੱਚ ਵੀ ਸੀਟਾਂ ਨੂੰ ਲੈ ਕੇ ਖਿਚੋਤਾਣ ਹੈ। ਕਾਂਗਰਸ ਵੱਧ ਸੀਟਾਂ ਮੰਗ ਰਹੀ ਹੈ। ਕਾਂਗਰਸ ਨੇ ਆਪਣੇ ਸਭ ਤੋਂ ਮਜ਼ਬੂਤ ਇਲਾਕਿਆਂ ਵਿੱਚ 25 ਉਮੀਦਵਾਰਾਂ ਦੇ ਨਾਂ ਤੈਅ ਕਰ ਲਏ ਹਨ। ਭਾਰਤੀ ਕਮਿਊਨਿਸਟ ਪਾਰਟੀ ਨੇ ਵੀ 40 ਸੀਟਾਂ ਤੇ ਦਾਅਵਾ ਠੋਕਿਆ ਹੈ। ਪਿਛਲੀ ਵਾਰ ਉਹਨਾਂ ਨੇ 19 ਵਿੱਚੋਂ 12 ਸੀਟਾਂ ਜਿੱਤੀਆਂ ਸਨ । ਵਿਕਾਸ਼ੀਲ ਇਨਸਾਨ ਪਾਰਟੀ ਨੇ ਵੀ 30 ਸੀਟਾਂ ਮੰਗੀਆਂ ਹਨ।

ਪ੍ਰਸ਼ਾਂਤ ਕਿਸ਼ੋਰ ਦੀ ਜਨ ਸਵਰਾਜ ਪਾਰਟੀ ਇੱਕ ਨਵਾਂ ਰੰਗ ਭਰ ਰਹੀ ਹੈ। ਪਿਛਲੇ ਦੋ ਸਾਲਾਂ ਵਿੱਚ ਉਹਨਾਂ ਨੇ ਬਿਹਾਰ ਬਦਲਾਅ ਯਾਤਰਾ ਕੀਤੀ, ਜਿਸ ਵਿੱਚ 5000 ਕਿਲੋਮੀਟਰ ਤੋਂ ਵੱਧ ਚੱਲ ਕੇ 5500 ਪਿੰਡਾਂ ਤਕ ਪਹੁੰਚ ਕੀਤੀ ਹੈ। ਉਹਨਾਂ ਨੇ 9 ਅਕਤੂਬਰ ਨੂੰ ਪਹਿਲੀ ਸੂਚੀ ਜਾਰੀ ਕੀਤੀ, ਜਿਸ ਵਿੱਚ 51ਉਮੀਦਵਾਰ ਸਨ। ਕਿਸ਼ੋਰ ਨੌਜਵਾਨਾਂ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਸ਼ਾਸਨ, ਸਿੱਖਿਆ ਅਤੇ ਸਾਫ਼ ਰਾਜਨੀਤੀ ਤੇ ਜ਼ੋਰ ਦੇ ਰਹੇ ਹਨ। ਵਿਸ਼ਲੇਸ਼ਕਾਂ ਅਨੁਸਾਰ, ਉਹ ਮੁੱਖ ਤੌਰ ਤੇ ਮਹਾਂਗਠਜੋੜ ਨੂੰ ਨੁਕਸਾਨ ਪਹੁੰਚਾਉਣਗੇ।

ਇਸ ਵਾਰ ਦੇ ਮੁੱਖ ਮੁੱਦੇ ਬਹੁਤ ਡੂੰਘੇ ਹਨ। ਬਿਹਾਰ ਅੱਜ ਵੀ ਦੇਸ਼ ਦਾ ਪਛੜਿਆ ਰਾਜ ਹੈ। ਪ੍ਰਤੀ ਵਿਅਕਤੀ ਆਮਦਨੀ ਸਭ ਤੋਂ ਘੱਟ ਹੈ, ਅਨਪੜ੍ਹਾਂ ਦੀ ਗਿਣਤੀ ਸਭ ਤੋਂ ਵੱਧ ਹੈ ਅਤੇ ਸਿਹਤ ਸਹੂਲਤਾਂ ਖਸਤਾ ਹਾਲਤ ਵਿਚ ਹਨ। ਉਦਯੋਗ ਨਿਘਾਰ ਵਲ ਹਨ ਅਤੇ ਪੁਰਾਣੇ ਚੀਨੀ ਕਾਰਖਾਨੇ ਵੀ ਬੰਦ ਪਏ ਹਨ। ਬਿਹਾਰ ਵਿੱਚ ਸਿੱਖਿਆ ਅਤੇ ਨੌਕਰੀਆਂ ਦੇ ਮੌਕੇ ਘੱਟ ਹਨ। ਇਸ ਕਾਰਨ ਬਿਹਾਰ ਤੋਂ ਪਲਾਇਣ ਸਭ ਤੋਂ ਵੱਧ ਹੈ। ਵਿਦਿਆਰਥੀ ਦਿੱਲੀ ਅਤੇ ਹੋਰ ਵਿਸ਼ਵਵਿਦਿਆਲਿਆਂ ਵੱਲ ਭੱਜ ਰਹੇ ਹਨ, ਜਦਕਿ ਨੌਕਰੀਆਂ ਲਈ ਪੰਜਾਬ ਤੋਂ ਲੈ ਕੇ ਮਹਾਰਾਸ਼ਟਰ ਅਤੇ ਤਾਮਿਲਨਾਡੂ ਤੱਕ ਜਾ ਰਹੇ ਹਨ । ਪ੍ਰਸ਼ਾਂਤ ਕਿਸ਼ੋਰ ਵੀ ਇਹਨਾਂ ਮੁੱਦਿਆਂ ਨੂੰ ਉਠਾ ਕੇ ਨੌਜਵਾਨਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹਨਾਂ ਮੁੱਦਿਆਂ ਨੂੰ ਚੋਣਾਂ ਵਿੱਚ ਵੱਡਾ ਮੁੱਦਾ ਬਣਨ ਤੋਂ ਰੋਕਣ ਲਈ ਮੋਦੀ ਸਰਕਾਰ ਦੀ ਮਦਦ ਨਾਲ ਨਿਤੀਸ਼ ਕੁਮਾਰ ਨੇ ਖਜ਼ਾਨਾ ਖੋਲ੍ਹ ਦਿੱਤਾ ਹੈ। ਔਰਤਾਂ ਦੇ ਖਾਤਿਆਂ ਵਿੱਚ ਦਸ ਹਜ਼ਾਰ ਰੁਪਏ ਤੋਂ ਲੈ ਕੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਭੱਤਾ, ਕਿਸਾਨਾਂ ਨੂੰ ਪੈਸੇ ਅਤੇ ਬਜ਼ੁਰਗਾਂ ਨੂੰ ਪੈਨਸ਼ਨ ਤੱਕ ਵੰਡੀ ਜਾ ਰਹੀ ਹੈ। ਵਿਰੋਧੀ ਧਿਰ ਇਸ ਨੂੰ ਸਰਕਾਰੀ ਪੈਸੇ ਨਾਲ ਵੋਟ ਖਰੀਦਣ ਦੀ ਕੋਸ਼ਿਸ਼ ਕਹਿ ਰਹੀ ਹੈ।

ਬੀਜੇਪੀ ਨੂੰ ਇਸ ਵਾਰ ਦਲਿਤ ਅਤੇ ਪਿੱਛੜੇ ਵਰਗਾਂ ਦੇ ਮੁੱਦੇ ਭਾਰੀ ਪੈਣਗੇ। ਬਿਹਾਰ ਵਿੱਚ ਦਲਿਤ 19.65 ਫੀਸਦੀ ਹਨ ਅਤੇ ਉਹਨਾਂ ਦੇ ਵੋਟ ਬੀਜੇਪੀ ਲਈ ਚੁਣੌਤੀ ਹਨ। ਕੌਮੀ ਪਰਿਵਾਰ ਸਿਹਤ ਸਰਵੇਖਣ-5 ਦੇ ਅੰਕੜਿਆਂ ਮੁਤਾਬਕ ਦਲਿਤ ਭਾਈਚਾਰੇ ਵਿੱਚ ਬੱਚਾ ਮੌਤ ਦਰ (ਇੱਕ ਹਜ਼ਾਰ ਪਿੱਛੇ 55), ਜੱਚਾ ਮੌਤ ਦਰ (ਇੱਕ ਲੱਖ ਪਿੱਛੇ 130) ਅਤੇ ਕੁਪੋਸ਼ਣ ਦਰ ਹੋਰਨਾਂ ਭਾਈਚਾਰਿਆਂ ਦੀ ਤੁਲਨਾ ਵਿੱਚ ਵਧੇਰੇ ਹੈ। 49 ਫੀਸਦੀ ਦਲਿਤ ਬੱਚੇ ਬੌਣੇ ਤੇ 47.9 ਫੀਸਦੀ ਘੱਟ ਵਜ਼ਨ ਵਾਲੇ ਹੁੰਦੇ ਹਨ। ਬਿਹਾਰ ਵਿੱਚ ਦਲਿਤਾਂ ਦੀ ਗਰੀਬੀ ਦਾ ਪ੍ਰਮੁੱਖ ਕਾਰਨ ਉਨ੍ਹਾਂ ਕੋਲ ਜ਼ਮੀਨ ਨਾ ਹੋਣਾ ਹੈ। ਸੂਬੇ ਦੀ 19.65 ਫੀਸਦੀ ਦਲਿਤ ਆਬਾਦੀ ਕੋਲ ਸਿਰਫ 11.67 ਫੀਸਦੀ ਖੇਤੀ ਯੋਗ ਜ਼ਮੀਨ ਹੈ। 84 ਫੀਸਦੀ ਤੋਂ ਵੱਧ ਦਲਿਤ ਪਰਵਾਰ ਬੇਜ਼ਮੀਨੇ ਹਨ ਅਤੇ ਜਿਨ੍ਹਾਂ ਕੋਲ ਜ਼ਮੀਨ ਹੈ, ਉਹ ਔਸਤਨ ਅੱਧੇ ਏਕੜ ਤੋਂ ਵੀ ਘੱਟ ਹੈ। ਦਲਿਤ ਪਰਿਵਾਰਾਂ ਦੀ ਔਸਤ ਪ੍ਰਤੀ ਵਿਅਕਤੀ ਮਾਸਕ ਆਮਦਨ 6480 ਰੁਪਏ ਹੈ, ਜੋ ਸੂਬੇ ਦੀ ਔਸਤ ਨਾਲੋਂ 40 ਫੀਸਦੀ ਘੱਟ ਹੈ। ਬਿਹਾਰ ਦਾ ਬਜਟ ਵੀ ਇਨ੍ਹਾਂ ਨਾਲ ਘੋਰ ਵਿਤਕਰਾ ਕਰਦਾ ਹੈ। 2013-14 ਵਿੱਚ ਕੁੱਲ ਬਜਟ 80,405 ਕਰੋੜ ਰੁਪਏ ਸੀ, ਜੋ 2025-26 ਵਿੱਚ ਵਧ ਕੇ 3,16,895 ਕਰੋੜ ਰੁਪਏ ਹੋ ਗਿਆ। ਹਾਲਾਂਕਿ ਐੱਸ ਸੀ/ਐੱਸ ਟੀ/ਓ ਬੀ ਸੀ ਲਈ ਫੰਡ ਦੁੱਗਣਾ ਹੋਇਆ, ਪਰ ਉਨ੍ਹਾਂ ਦਾ ਕੁੱਲ ਹਿੱਸਾ 2.59 ਫੀਸਦੀ ਤੋਂ ਘਟ ਕੇ 1.29 ਫੀਸਦੀ ਰਹਿ ਗਿਆ।ਵੋਟ ਵਾਈਬ ਸਰਵੇ ਨੇ ਦੱਸਿਆ ਕਿ ਦਲਿਤ ਵੋਟਾਂ ਲਈ ਸਖ਼ਤ ਲੜਾਈ ਹੈ ਅਤੇ ਇਹ ਐੱਨਡੀਏ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ॥ ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ ॥
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ ॥ ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਬੰਦੀਛੋੜ ਦਿਵਸ ਤੇ ਦੀਵਾਲੀ ਦੀ ਲੱਖ ਲੱਖ ਵਧਾਈ

ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਸਿੱਖ ਇਤਿਹਾਸ ਦੇ ਦਰਸ਼ਨਾਂ ਲਈ ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਅਜਾਇਬ ਘਰ ਜ਼ਰੂਰ ਦਿਖਾਓ, ਜਿਸ ਨਾਲ ਬੱਚਿਆਂ ਤੇ ਨੌਜਵਾਨਾਂ ਨੂੰ ਆਪਣੇ ਇਤਿਹਾਸ ਦੇ ਵਿਰਸੇ ਬਾਰੇ ਬਹੁਤ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ ।



ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਪਿਆਰੀ ਸਾਧ ਸੰਤ ਜੀ, ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 52 ਰਾਜਿਆਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੀ ਕੈਦ ਵਿਚੋਂ ਛੁਡਾ ਕੇ ਆਜ਼ਾਦ ਕਰਵਾਇਆ ਸੀ। ਗੁਰੂ ਸਾਹਿਬ ਦੀ ਰਿਹਾਈ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤ-ਸਰ ਪਹੁੰਚਣ ਦੀ ਖੁਸ਼ੀ ਨੂੰ ਲੈ ਕੇ ਸਿੱਖ ਸੰਗਤਾਂ ਨੇ ਉਸ ਵਕਤ ਬੜੀ ਧੂਮ-ਧਾਮ ਨਾਲ ਦੀਵਾਲੀ ਮਨਾਈ ਤੇ ਦੀਪਮਾਲਾ ਕਰਕੇ ਰੌਸ਼ਨੀਆਂ ਕੀਤੀਆਂ। ਬੰਦੀਛੋੜ ਦਿਵਸ ਦੇ ਮੌਕੇ ਇਸ ਗੁਰੂ ਘਰ ਵਿਖੇ ਦੀਵਾਲੀ ਹੇਠਾਂ ਦਿੱਤੇ ਹੋਏ ਪ੍ਰੋਗਰਾਮ ਮੁਤਾਬਕ ਸ਼ਰਧਾ ਸਤਿਕਾਰ ਨਾਲ ਇਹ ਪੁਰਬ ਮਨਾਏ ਜਾ ਰਹੇ ਹਨ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਆਪ ਜੀ ਵੱਧ ਚੜ੍ਹ ਕੇ ਗੁਰੂ ਦੇ ਦਰ 'ਤੇ ਪਰਿਵਾਰਾਂ ਸਮੇਤ ਆ ਕੇ ਹਾਜ਼ਰੀਆਂ ਲਵਾਓ, ਅਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਹਾਸਲ ਕਰੋ ਜੀ ।

## 21 ਅਕਤੂਬਰ ਨੂੰ ਬੰਦੀਛੋੜ ਦਿਵਸ ਦਾ ਪ੍ਰੋਗਰਾਮ :

21 ਅਕਤੂਬਰ ਦਿਨ ਮੰਗਲਵਾਰ ਨੂੰ ਬੰਦੀਛੋੜ ਦਿਵਸ ਤੇ ਸਾਰਾ ਦਿਨ ਸਹਿਜ ਪਾਠ ਹੋਵੇਗਾ । ਬਾਅਦ ਦੁਪਹਿਰ ਸ੍ਰੀ ਸੁਖਮਨੀ ਸਾਹਿਬ ਦਾ ਪਾਠ, ਸ਼ਾਮ ਨੂੰ ਰਹਿਰਾਸ ਸਾਹਿਬ ਉਪਰੰਤ ਰਾਤ 8:00 ਵਜੇ ਤੱਕ ਕੀਰਤਨ ਹੋਵੇਗਾ । ਜਿਸ ਦੌਰਾਨ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਹਾਜ਼ਰੀ ਭਰੇਗਾ ।

ਨੋਟ:- 24, 25 ਤੇ 26 ਅਕਤੂਬਰ ਸ਼ੁੱਕਰਵਾਰ ਤੋਂ ਐਤਵਾਰ ਤੱਕ ਖਾਲੀ ਹੈ, ਸੰਗਤਾਂ ਸੇਵਾ ਲੈ ਸਕਦੀਆਂ ਹਨ ।

## ਆਤਿਸ਼ਬਾਜ਼ੀ ਅਤੇ ਪਟਾਕੇ ਨਹੀਂ ਚੱਲਣਗੇ

ਸੰਗਤਾਂ ਦੀ ਰਾਏ ਹੈ ਕਿ ਪਟਾਕਿਆਂ ਅਤੇ ਆਤਿਸ਼ਬਾਜ਼ੀ ਨਾਲ ਪ੍ਰਦੂਸ਼ਣ ਫੈਲਦਾ ਹੈ, ਇਸ ਲਈ ਗੁਰਦੁਆਰਾ ਸਾਹਿਬ ਵੱਲੋਂ ਪਟਾਕੇ ਅਤੇ ਆਤਿਸ਼ਬਾਜ਼ੀ ਨਹੀਂ ਕੀਤੀ ਜਾਂਦੀ । ਪਰ ਦੀਪਮਾਲਾ ਕਰਨ ਵਾਸਤੇ ਦੀਵੇ ਅਤੇ ਮੋਮਬੱਤੀਆਂ ਜਗਾਉਣ ਦੀ ਮਨਾਹੀ ਨਹੀਂ ਹੋਵੇਗੀ ।

ਗੁਰੂ ਘਰ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ
ਭਾਈ ਅਜੀਤ ਸਿੰਘ ਨਾਲ ਸੰਪਰਕ ਕਰੋ ਜੀ,
ਫੋਨ - 07533 362911



## ਸਿੰਘ ਸਭਾ ਵਿਖੇ ਅਜਾਇਬਘਰ ਤੇ ਆਰਟ ਗੈਲਰੀ

ਇਥੇ ਅਜਾਇਬ ਘਰ ਵਿਖੇ ਸਿੱਖ ਇਤਿਹਾਸ ਨਾਲ ਸਬੰਧਿਤ ਵੱਡੀਆਂ ਤੋਪਾਂ, ਸਿੰਘਾਂ ਦੇ ਜੰਗਾਂ ਯੁੱਧਾਂ ਦੌਰਾਨ ਵਰਤੇ ਇਤਿਹਾਸਕ ਸ਼ਸਤਰ-ਬਸਤਰ ਵਿਸ਼ਵ ਯੁੱਧ ਦੇ ਸ਼ਸਤਰ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਵਸਤਾਂ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦੇ ਦਰਸ਼ਨ ਦਿਦਾਰੇ ਸੰਗਤਾਂ ਇਥੇ ਆ ਕੇ ਕਰ ਸਕਦੀਆਂ ਹਨ, ਕੋਈ ਦਾਖਲਾ ਟਿਕਟ ਨਹੀਂ । ਯੂ ਕੇ ਦੇ ਹੋਰ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ, ਸਕੂਲਾਂ ਦੇ ਵਿਦਿਆਰਥੀਆਂ ਅਤੇ ਇਤਿਹਾਸ ਦੇ ਵਿਦਿਆਰਥੀਆਂ ਨੂੰ ਇਸ ਮਿਊਜ਼ੀਅਮ ਨੂੰ ਦੇਖਣ ਲਈ ਸੱਦਾ ਦਿੱਤਾ ਜਾਂਦਾ ਹੈ । ਹਰ ਸਾਲ ਕਈ ਸ਼ਹਿਰਾਂ ਦੇ ਸਕੂਲਾਂ ਤੋਂ ਗਰੁੱਪ ਇਹ ਮਿਊਜ਼ੀਅਮ ਦੇਖਣ ਆਉਂਦੇ ਹਨ ।

**Open - Monday - Sunday 10:00am - 15:00pm**
**Visit us to know more at www.nationalsikhmuseum.com**

## ਗੁਰੂ ਘਰ ਵਿਖੇ ਚੱਲ ਰਹੀਆਂ ਸੇਵਾਵਾਂ :-

- ਸੋਮਵਾਰ ਤੋਂ ਸ਼ੁੱਕਰਵਾਰ - ਸਵੇਰੇ ਸ਼ਾਮ ਦੋਨੋ ਵੇਲੇ ਦੀਵਾਨ ਸਜਾਏ ਜਾਂਦੇ ਹਨ ।
- ਮੰਗਲਵਾਰ ਸ਼ਾਮ 8:00 ਤੋਂ 9:00 ਵਜੇ ਤੱਕ ਸਿੱਖ ਚੈਨਲ ਟੀਵੀ ਸਕਾਈ ਡਿਜੀਟਿਲ 762 'ਤੇ ਗੁਰਮਤਿ ਸਵਾਲ ਜਵਾਬ ਦਾ ਪ੍ਰੋਗਰਾਮ ਲਾਈਵ ਪ੍ਰਸਾਰਿਤ ਕੀਤਾ ਜਾਂਦਾ ਹੈ ।
- ਹਰੇਕ ਸ਼ੁੱਕਰਵਾਰ ਨੂੰ ਸ਼ਾਮ 6:30 ਵਜੇ ਤੋਂ 8:00 ਵਜੇ ਤੱਕ ਖਾਲਸਾ ਕਲੱਬ ਹੁੰਦਾ ਹੈ ।
- ਸ਼ੁੱਕਰਵਾਰ ਸ਼ਾਮ 7 ਤੋਂ 8 ਵਜੇ ਤੱਕ ਹਰ ਹਫ਼ਤੇ ਗੁਰਬਾਣੀ ਸੰਥਿਆ ਦੀ ਕਲਾਸ ।
- ਸ਼ਨਿੱਚਰਵਾਰ ਸ਼ਾਮ ਨੂੰ 5:00 ਤੋਂ 7:00 ਵਜੇ ਤੱਕ ਕੀਰਤਨ ਤੇ ਤਬਲੇ ਦੀ ਕਲਾਸ ।
- ਸ਼ਨਿੱਚਰਵਾਰ ਸ਼ਾਮ 6:30 ਤੋਂ 9:00 ਵਜੇ ਤੱਕ ਅਖੰਡ ਕੀਰਤਨ ।
- ਐਤਵਾਰ 12:00 ਵਜੇ ਤੋਂ 1:30 ਵਜੇ ਤੱਕ ਪੰਜਾਬੀ ਸਕੂਲ ।
- 2:00 ਤੋਂ 3:00 ਵਜੇ ਤੱਕ ਗੁਰਬਾਣੀ ਦੀ ਸੰਥਿਆ ਦੀ ਕਲਾਸ ।
- ਗਤਕਾ ਕਲਾਸ ਮੰਗਲਵਾਰ, ਵੀਰਵਾਰ ਸ਼ਾਮ 6:30 ਤੋਂ 8:00, ਐਤਵਾਰ 2:30 ਤੋਂ 3:30 ਵਜੇ

## ਗੁਰੂ ਪੰਥ ਦੇ ਦਾਸ - ਪ੍ਰਬੰਧਕ ਕਮੇਟੀ ਤੇ ਸਾਧ ਸੰਗਤ ਗੁਰਦੁਆਰਾ ਸਿੰਘ ਸਭਾ ਡਰਬੀ

ਪ੍ਰਧਾਨ - ਰਘਬੀਰ ਸਿੰਘ, ਜ: ਸਕੱਤਰ - ਰਾਜਿੰਦਰ ਸਿੰਘ ਪੁਰੇਵਾਲ, ਖਜ਼ਾਨਚੀ - ਅਜੀਤ ਸਿੰਘ, ਬਲਬੀਰ ਸਿੰਘ ਚੀਮਾ, ਭਾਈ ਸਤਨਾਮ ਸਿੰਘ

GURDWARA SRI GURU SINGH SABHA, PRINCES STREET, DERBY, DE23 8NT. TEL: 01332 773010

# ਭਾਰਤ–ਬਰਤਾਨੀਆ ’ਚ 35 ਕਰੋੜ ਪੌਂਡ ਦਾ ਮਿਜ਼ਾਈਲ ਸਮਝੌਤਾ



ਭਾਰਤ ਅਤੇ ਬਰਤਾਨੀਆ ਨੇ ਨਵੀਆਂ ਮਿਜ਼ਾਈਲਾਂ ਲਈ 35 ਕਰੋੜ ਪੌਂਡ ਦੇ ਸਮਝੌਤੇ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ ਅਹਿਮ ਖਣਿਜਾਂ ਚ ਸਹਿਯੋਗ ਅਤੇ ਭਾਰਤ ਚ ਯੂ ਕੇ ਅਧਾਰਤ ਯੂਨੀਵਰਸਿਟੀਆਂ ਦੇ ਵਧੇਰੇ ਕੈਂਪਸ ਖੋਲ੍ਹਣ ਤੇ ਵੀ ਸਹਿਮਤੀ ਜਤਾਈ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬਰਤਾਨਵੀ ਹਮਰੁਤਬਾ ਕੀਰ ਸਟਾਰਮਰ ਨੇ ਮੁੰਬਈ ਚ ਦੁਵੱਲੀ ਮੀਟਿੰਗ ਕੀਤੀ ਜੋ ਜੁਲਾਈ ਚ ਮੁਕਤ ਵਪਾਰ ਸਮਝੌਤੇ ਤੇ ਦਸਤਖ਼ਤਾਂ ਮਗਰੋਂ ਪਹਿਲੀ ਸੀ। ਸਟਾਰਮਰ, ਜਿਨ੍ਹਾਂ ਇਕ ਦਿਨ ਪਹਿਲਾਂ ਮੁੰਬਈ ਚ ਯਸ਼ਰਾਜ ਸਟੂਡੀਓ ਦਾ ਦੌਰਾ ਕੀਤਾ ਸੀ, ਨੇ ਬਰਤਾਨੀਆ ਚ ਤਿੰਨ ਬੌਲੀਵੁੱਡ ਫਿਲਮਾਂ ਬਣਾਉਣ ਦਾ ਵੀ ਐਲਾਨ ਕੀਤਾ। ਦੋਵੇਂ ਆਗੂਆਂ ਵਿਚਾਲੇ ਮੀਟਿੰਗ ਮਗਰੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਚ ਬਰਤਾਨੀਆ ਦੇ ਵੀਜ਼ਾ ਨਿਯਮਾਂ ਚ ਹੋਏ ਹਾਲੀਆ ਬਦਲਾਅ ਬਾਰੇ ਕੁਝ ਵੀ ਨਹੀਂ ਆਖਿਆ ਗਿਆ ਹੈ ਜਿਸ ਦਾ ਭਾਰਤੀਆਂ ਤੇ ਅਸਰ ਪਵੇਗਾ।

ਦੋਵੇਂ ਮੁਲਕਾਂ ਵਿਚਾਲੇ ਥੇਲਸ ਵੱਲੋਂ ਬਣਾਈਆਂ ਅਤੇ ਮਾਰਟਲੇਟ ਨਾਮ ਦੀਆਂ ਲਾਈਟਵੇਟ ਮਲਟੀਰੋਲ ਮਿਜ਼ਾਈਲ ਪ੍ਰਣਾਲੀਆਂ ਲਈ ਸਮਝੌਤੇ ਤੇ ਸਹਿਮਤੀ ਬਣੀ। ਇਹ ਮਿਜ਼ਾਈਲਾਂ ਭਾਰਤੀ ਫ਼ੌਜ ਦੀਆਂ ਜੰਗੀ ਯੂਨਿਟਾਂ ਨੂੰ ਮਿਲਣਗੀਆਂ। ਇਹ ਪੈਦਲ ਫ਼ੌਜ ਦੇ ਜਵਾਨਾਂ, ਬਖ਼ਤਰਬੰਦ ਵਾਹਨਾਂ, ਹੈਲੀਕਾਪਟਰਾਂ ਅਤੇ ਜਲ ਸੈਨਾ ਦੇ ਬੇੜਿਆਂ ਰਾਹੀਂ ਵੀ ਦਾਗ਼ੀਆਂ ਜਾ ਸਕਦੀਆਂ ਹਨ। ਇਹ ਮਿਜ਼ਾਈਲਾਂ 6 ਕਿਲੋਮੀਟਰ ਦੀ ਦੂਰੀ ਤੇ 1.5 ਮੈਕ ਦੀ ਰਫ਼ਤਾਰ ਨਾਲ ਨਿਸ਼ਾਨਿਆਂ ਨੂੰ ਫੁੰਡ ਸਕਦੀਆਂ ਹਨ। ਮੋਦੀ ਅਤੇ ਸਟਾਰਮਰ ਨੇ ਜਲ ਸੈਨਾ ਪਲੈਟਫਾਰਮਾਂ ਲਈ ਬਿਜਲਈ ਪ੍ਰਣਾਲੀਆਂ ਵਿਕਸਤ ਕਰਨ ਦੇ ਅੰਤਰ-ਸਰਕਾਰੀ ਸਮਝੌਤੇ ਨੂੰ ਵੀ ਅੰਤਿਮ ਰੂਪ ਦਿੱਤਾ। ਮੋਦੀ ਨੇ ਕਿਹਾ ਕਿ ਦੋਵੇਂ ਮੁਲਕ ਰੱਖਿਆ ਸਹਿ-ਉਤਪਾਦਨ ਵੱਲ ਅੱਗੇ ਵੱਧ ਰਹੇ ਹਨ। ਦੋਵੇਂ ਮੁਲਕਾਂ ਨੇ ਫ਼ੌਜੀ ਸਿਖਲਾਈ ਚ ਸਹਿਯੋਗ ਦੇ ਸਮਝੌਤੇ ਤੇ ਵੀ ਦਸਤਖ਼ਤ ਕੀਤੇ। ਇਸ ਤਹਿਤ ਭਾਰਤੀ ਹਵਾਈ ਫ਼ੌਜ ਦੇ ਫਲਾਇੰਗ ਇੰਸਟ੍ਰਕਟਰ ਯੂ ਕੇ ਦੀ ਰੌਇਲ ਏਅਰ ਫੋਰਸ ਚ ਟਰੇਨਰ ਵਜੋਂ ਸੇਵਾਵਾਂ ਨਿਭਾਉਣਗੇ। ਦੋਵੇਂ ਆਗੂਆਂ ਨੇ ਵਾਤਾਵਰਨ ਤਕਨਾਲੋਜੀ ਅਤੇ ਏ ਆਈ ਚ ਭਾਰਤ-ਯੂਕੇ ਆਫਸ਼ੋਰ ਵਿੰਡ ਟਾਸਕ ਫੋਰਸ ਅਤੇ ਵਾਤਾਵਰਨ ਤਕਨਾਲੋਜੀ ਸਟਾਰਟਅਪ ਫੰਡ ਦੇ ਗਠਨ ਦਾ ਵੀ ਸਵਾਗਤ ਕੀਤਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਅਤੇ ਬਰਤਾਨੀਆ ਕੁਦਰਤੀ ਭਾਈਵਾਲ ਹਨ ਅਤੇ ਦੋਵੇਂ ਮੁਲਕਾਂ ਵਿਚਾਲੇ ਵੱਧ ਰਹੇ ਸਬੰਧ ਅਜਿਹੇ ਸਮੇਂ ਚ ਆਲਮੀ ਸਥਿਰਤਾ ਅਤੇ ਆਰਥਿਕ ਤਰੱਕੀ ਦੇ ਅਹਿਮ ਥੰਮ੍ਹ ਹਨ ਜਦੋਂ ਦੁਨੀਆ ਬੇਯਕੀਨੀ ਦੇ ਮਾਹੌਲ ਦਾ ਸਾਹਮਣਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕਾਂ ਦੇ ਸਬੰਧ ਲੋਕਤੰਤਰ, ਆਜ਼ਾਦੀ ਅਤੇ ਕਾਨੂੰਨ ਦੇ ਸ਼ਾਸਨ ਨਾਲ ਸਬੰਧਤ ਸਾਂਝੀਆਂ ਕਦਰਾਂ-ਕੀਮਤਾਂ ਤੇ ਬਣੇ ਹਨ। ਸਟਾਰਮਰ ਨਾਲ ਕਈ ਮੁੱਦਿਆਂ ਤੇ ਗੱਲਬਾਤ ਮਗਰੋਂ ਮੋਦੀ ਨੇ ਕਿਹਾ ਕਿ ਇਤਿਹਾਸਕ ਭਾਰਤ-ਬਰਤਾਨੀਆ ਵਿਆਪਕ ਆਰਥਿਕ ਅਤੇ ਵਪਾਰ ਸਮਝੌਤੇ ਤੇ ਜੁਲਾਈ ਚ ਦਸਤਖ਼ਤਾਂ ਮਗਰੋਂ ਦੋਵੇਂ ਮੁਲਕਾਂ ਵਿਚਾਲੇ ਦਰਾਮਦ ਲਾਗਤ ਘਟੇਗੀ, ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ, ਵਪਾਰ ਨੂੰ ਹੱਲਾਸ਼ੇਰੀ ਮਿਲੇਗੀ ਅਤੇ ਉਦਯੋਗਾਂ ਤੇ ਖਪਤਕਾਰਾਂ ਨੂੰ ਲਾਹਾ ਮਿਲੇਗਾ। ਦੋਵੇਂ ਆਗੂਆਂ ਨੇ ਹਿੰਦ-ਪ੍ਰਸ਼ਾਂਤ, ਪੱਛਮੀ ਏਸ਼ੀਆ ਚ ਸ਼ਾਂਤੀ ਤੇ ਸਥਿਰਤਾ ਅਤੇ ਯੂਕਰੇਨ ਚ ਚੱਲ ਰਹੀ ਜੰਗ ਬਾਰੇ ਵੀ ਵਿਚਾਰ ਸਾਂਝੇ ਕੀਤੇ।

## ਸਿੰਘ ਸਭਾ ਸਾਊਥਾਲ ਵਿਖੇ ਭਾਈ ਖੰਡਾ ਅਤੇ ਭਾਈ ਨਿੱਝਰ ਦੀਆਂ ਤਸਵੀਰਾਂ ਸ਼ਹੀਦੀ ਗੈਲਰੀ ਵਿੱਚ ਲਗਾਈਆਂ



ਭਾਈ ਖੰਡਾ ਅਤੇ ਭਾਈ ਨਿੱਝਰ ਦੀਆਂ ਤਸਵੀਰਾਂ ਲਗਾਉਣ ਮੌਕੇ ਸਿੱਖ ਆਗੂ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਇੰਗਲੈਂਡ ਦੀ ਸ਼ਹੀਦੀ ਗੈਲਰੀ ਵਿੱਚ ਸ਼ਹੀਦ ਭਾਈ ਅਵਤਾਰ ਸਿੰਘ ਖੰਡਾ ਅਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀਆਂ ਤਸਵੀਰਾਂ ਸੁਸ਼ੋਭਿਤ ਕੀਤੀਆਂ ਗਈਆਂ ਹਨ। ਸਤਿੰਦਰਪਾਲ ਸਿੰਘ ਮੰਗੂਵਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਯੂ ਕੇ ਸਿੱਖਾਂ ਦੀ ਇਸ ਮੰਗ ਨੂੰ ਹੁਣ ਦੇਰ ਬਾਅਦ ਨਵੀਂ ਚੁਣੀ ਗਈ ਪ੍ਰਬੰਧਕ ਕਮੇਟੀ ਨੇ ਪੂਰਾ ਕੀਤਾ ਹੈ।**

ਗੁਰਦੁਆਰਾ ਪਾਰਕ ਐਵੇਨਿਊ ਦੇ ਲੰਗਰ ਹਾਲ ਵਿੱਚ ਬਣੀ ਸ਼ਹੀਦੀ ਗੈਲਰੀ ਵਿੱਚ ਦੋਵਾਂ ਸ਼ਹੀਦਾਂ ਦੀਆਂ ਤਸਵੀਰਾਂ ਤੋਂ ਪ੍ਰਧਾਨ ਭਾਈ ਗੁਰਮੇਲ ਸਿੰਘ ਮੱਲ੍ਹੀ, ਸਰਪੰਚ ਹਰਜੀਤ ਸਿੰਘ, ਸ: ਸ਼ਰਨਵੀਰ ਸਿੰਘ ਸੰਘਾ ਅਤੇ ਸਮੂਹ ਪ੍ਰਬੰਧਕ ਕਮੇਟੀ ਤੋਂ ਇਲਾਵਾ ਸ: ਸਰਬਜੀਤ ਸਿੰਘ ਬਾਵਾ, ਬੀਬੀ ਸਰਬਜੀਤ ਕੌਰ, ਸਤਿੰਦਰਪਾਲ ਸਿੰਘ ਮੰਗੂਵਾਲ, ਅਜੈਪਾਲ ਸਿੰਘ ਨਾਗੋਕੇ, ਭੁਪਿੰਦਰ ਸਿੰਘ, ਬਲਜਿੰਦਰ ਸਿੰਘ ਬੱਬੂ, ਜਿੰਦ ਇਕਬਾਲ ਸਿੰਘ, ਕੁਲਬੀਰ ਸਿੰਘ, ਬੀਬੀ ਅਤਿੰਦਰਪਾਲ ਕੌਰ ਅਤੇ ਸੰਗਤਾਂ ਦੀ ਹਾਜ਼ਰੀ ਵਿੱਚ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਉਂਦਿਆਂ ਪਰਦਾ ਹਟਾਇਆ ਗਿਆ।

ਜਿਕਰਯੋਗ ਹੈ ਕਿ ਭਾਈ ਅਵਤਾਰ ਸਿੰਘ ਖੰਡਾ ਦੀ ਰਹੱਸਮਈ ਮੌਤ ਅੱਜ ਵੀ ਬੁਝਾਰਤ ਬਣੀ ਹੋਈ ਹੈ, ਜਿਸ ਦੀ ਨਿਰਪੱਖ ਜਾਂਚ ਲਈ ਯੂ ਕੇ ਦੇ ਸਿੱਖਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ।


ਸਮੂਹ ਜਗਤ ਨੂੰ ਦੀਵਾਲੀ ਦੀ ਲੱਖ ਲੱਖ ਵਧਾਈ

VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ ‘ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਹੋਈ



ਸਿੱਖ ਮਿਸ਼ਨਰੀ ਸੁਸਾਇਟੀ ਦੀ ਚੋਣ ਉਪਰੰਤ ਕਿਤਾਬ ਜਾਰੀ ਕਰਦੇ ਹੋਏ ਪ੍ਰਬੰਧਕ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਮਿਸ਼ਨਰੀ ਸੁਸਾਇਟੀ ਸਾਊਥਾਲ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ ਬੀਤੇ ਦਿਨੀ ਸਰਬ ਸੰਮਤੀ ਨਾਲ ਕੀਤੀ ਗਈ। ਜਿਸ ਵਿੱਚ ਅਵਤਾਰ ਸਿੰਘ ਬੁੱਟਰ ਨੂੰ ਜਨਰਲ ਸਕੱਤਰ ਚੁਣਿਆ ਗਿਆ। ਜਦ ਕਿ ਸ: ਬਹਾਦਰ ਸਿੰਘ ਸਹਾਇਕ ਸਕੱਤਰ, ਹਰਬੰਸ ਸਿੰਘ ਕੁਲਾਰ ਸਰੋਤ ਸਕੱਤਰ, ਸ: ਰਾਜਿੰਦਰ ਸਿੰਘ ਰਾਏ ਖਜ਼ਾਨਚੀ ਅਤੇ ਸ: ਹਰਚਰਨ ਸਿੰਘ ਟੌਂਕ ਸਿੱਖਿਆ ਸਕੱਤਰ ਬਣੇ ਹਨ। ਪ੍ਰਬੰਧਕ ਕਮੇਟੀ ਦੀ ਚੋਣ ਤੋਂ ਬਾਅਦ ਗੁਰਲਾਲ ਸਿੰਘ ਕੈਨੇਡਾ ਵੱਲੋਂ ਬਾਬਾ ਤਾਰਾ ਸਿੰਘ ਵਾ ਦੇ ਜੀਵਨ ਤੇ ਲਿਖੀ ਪੁਸਤਕ ਜਾਰੀ ਕੀਤੀ ਗਈ। ਸ: ਅਵਤਾਰ ਸਿੰਘ ਬੁੱਟਰ ਨੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਖ ਮਿਸ਼ਨਰੀ ਸੁਸਾਇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਅਨੁਸਾਰ ਯੂ ਕੇ ਵਿੱਚ ਸਿੱਖੀ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਕਿਤਾਬਾਂ ਨੂੰ ਘਰ ਘਰ ਪਹੁੰਚਾਉਣ ਲਈ ਬੀਤੇ ਕਈ ਦਹਾਕਿਆਂ ਤੋਂ ਯਤਨਸ਼ੀਲ ਹੈ।

# ਯੂਰਪ ਦੇ 28 ਦੇਸ਼ਾਂ ਦੀਆਂ ਸਰਹੱਦਾਂ ਤੇ ਨਵੇਂ ਇੰਮੀਗ੍ਰੇਸ਼ਨ ਕਾਨੂੰਨ ਲਾਗੂ

ਇਟਲੀ : ਯੂਰਪ ਦੇ 28 ਯੂਰਪੀਅਨ ਯੂਨੀਅਨ ਦੇਸ਼ਾਂ ਨੇ ਯੂਰਪ ਆਉਣ ਵਾਲੇ ਸੈਲਾਨੀਆਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਨਵਾਂ ਓਓਸ਼ ਭਾਵ ਕਿ ( ਐਂਟਰੀ ਐਗਜਿਟ ਸਿਸਟਮ ) ਕਾਨੂੰਨ ਲਾਗੂ ਕਰ ਦਿੱਤਾ ਹੈ ਜਿਸ ਨਾਲ ਯੂਰਪ ਦੇ 28 ਦੇਸ਼ਾ ਦਾ ਆਨ ਲਾਈਨ ਇੰਮੀਗ੍ਰੇਸ਼ਨ ਸਿਸਟਮ ਇੱਕ ਹੋ ਜਾਵੇਗਾ ਅਤੇ ਬਾਰਡਰ ਪੁਲਿਸ ਕੋਲ ਇੱਥੇ ਆਉਣ ਵਾਲੇ ਹਰ ਵਿਅਕਤੀ ਦੀ ਪੂਰੀ ਜਾਣਕਾਰੀ ਹੋਵੇਗੀ ਕਿ ਉਹ ਕਿਸ ਦੇਸ਼ ਰਾਹੀ ਦਾਖਿਲ ਹੋਇਆ ਹੈ ਤੇ ਕਿਸ ਜਗ੍ਹਾ ਤੋ ਯੂਰਪ ਦੀ ਧਰਤੀ ਤੋ ਬਾਹਰ ਗਿਆ ਹੈ । ਇਹ ਕਾਨੂੰਨ ਯੂਰਪ ਦੇ ਸਾਰੇ ਦੇਸ਼ਾਂ ਤੇ ਬਾਰਡਰਾਂ ਤੇ ਲਾਗੂ ਹੋ ਚੁੱਕਾ ਹੈ। ਹੁਣ ਯੂਰਪ ਆਉਣ ਵਾਲੇ ਯਾਤਰੀਆਂ ਦੇ ਪਾਸਪੋਰਟਾਂ ਤੇ ਕੋਈ ਮੋਹਰ ਨਹੀਂ ਲੱਗੇਗੀ ਸਗੋਂ ਇੰਮੀਗ੍ਰੇਸ਼ਨ ਐਟਰੀ ਪੁਅਇੰਟ ਤੇ ਪਾਸਪੋਰਟ ਸਕੈਨਿਗ ਇੱਕ ਡਿਜੀਟਲ ਫੋਟੋ ਅਤੇ ਫਿੰਗਿਰ ਪ੍ਰਿੰਟ ਹੋਣਗੇ ਜਿਸ ਨਾਲ ਹੋਰ ਆਸਾਨੀ ਹੋਵੇਗੀ ਤੇ ਇੰਮੀਗ੍ਰੇਸ਼ਨ ਕਾਊਂਟਰਾਂ ਤੇ ਲੰਬੀਆਂ ਲੰਬੀਆਂ ਕਤਾਰਾਂ ਨਹੀਂ ਲੱਗਣਗੀਆਂ ਸਾਰੀ ਪ੍ਰਕਿਰਿਆ ਆਨਲਾਈਨ ਹੋਵੇਗੀ ਇਹ ਐਲਾਨ 12 ਅਕਤੂਬਰ ਤੋਂ ਲਾਗੂ ਹੋ ਗਏ ਹਨ ਦੱਸਣ ਯੋਗ ਹੈ ਕਿ ਡਿਜੀਟਲ ਯੁਗ ਦੇ ਵਿੱਚ ਅਜਿਹਾ ਕਰਨਾ ਲਾਜਮੀ ਹੋ ਗਿਆ ਸੀ

ਇੱਕ ਬੁਲਾਰੇ ਦੇ ਦੱਸਣ ਮੁਤਾਬਿਕ ਅਜਿਹਾ ਕਰਨ ਜਿਥੇ ਸੈਲਾਨੀਆਂ ਨੂੰ ਵੱਡੀ ਸਹੂਲਤ ਮਿਲੇਗੀ ਉੱਥੇ ਗੈਰ ਕਾਨੂੰਨੀ ਤਰੀਕੇ ਯੂਰਪ ਵਿੱਚ ਦਾਖਲ ਹੋਣ ਵਾਲਿਆਂ ਦੀਆਂ ਮੁਸ਼ਕਿਲਾਂ ਵੱਧ ਜਾਣਗੀਆਂ ਅਤੇ ਉਨ੍ਹਾਂ ਦਾ ਇੰਮੀਗ੍ਰੇਸ਼ਨ ਸਟੇਟਸ ਯੂਰਪ ਦੀ ਹਰ ਬਾਰਡਰ ਫੋਰਸ ਕੋਲ ਰਹੇਗਾ ਜਿਸ ਤਹਿਤ ਉਹ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਕੇ ਸਿਆਸੀ ਸ਼ਰਨ ਨਹੀਂ ਮੰਗ ਸਕਣਗੇ।




# INDIA ECONOMY BOOMS TO 3RD PLACE,

## DONALD TRUMP SET TO BRING PEACE AROUND THE WORLD

India is now heading to become the 3rd largest economy of the world. Maharashtra has a larger economy than sri lanka, Bangladesh and Pakistan, overall the USD 4 trillion economy is ten times that of Pakistan. The mumbai stock exchange and national stock exchange is two hundred times more than any other asia counterparts. Companies such as HCL and Axis bank command a market capitalisation India is now 4 trillion USD economy, history shows that it is a ecomic power not just in miltary might but on the global stage. India has had great past former leaders like former Pm Dr Manmohan singh and AK Kalam who both have passed away and where the backbone of India success but set a pathway for a new generation to take decision actions and



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੇਂਟਰੀ



firmy place India amongst the world greatest powerful economies. The semic shifts taking plcae in the world today presents India with unique opportunity and cutting action plan. India will encompass economic reforms, trade liberalisation, easing regulation and boosting innovation for growth the measures are transformed.

## DONALD TRUMP BRING IN PEACE

Donald trump brings steps towards a ceasefire, and the realese of all hostages held by armed palestinan group who where responsible for horrific awful events on october 7th 2023. Afer marking a major breakthrough in mediation ending the dreadful two year war. This means that all hostages will be released and Israel will withdraw their troops to an agreed upon line as the first steps towards a stron durabale peace plan. All people in the region are welcoming the ceasefire which Trump and its administration set. Since the war the security landscape of the region has been fundamentally been dismatled, Iran proxy vicious networks have been significantly weakened and Assad regime was toppled in syria, with Irans air defense networks and missile force programs have been severely damaged and destroyed. The IDF and armed groups have caused a devastating toll on the livelihoods in Gaza. If you are anything like me, you may be experiencing a degree of Deja vu, this is not the first time that peace plan has been put forward and government officials, mediators, and experts have announced that



we are close to deal. How many times have we heard this where past plans where rejected by both sides. So what different this time, Israel got most of what it wanted out of the deal meaning this time the court is in their decison with strong relationship with the USA and peace plan will work as Donald trump will negotiate a long lasting peace in the region, and now all eyes for him a daunting task ahead to end the appalling war with Russia and Ukraine.

**From : LAMBARDAR DHARMVEER SINGH CLAIRE COVENTRY**

# ਭਾਰਤੀ ਕੰਪਨੀਆਂ ਯੂ ਕੇ ਵਿੱਚ ਇੱਕ ਬਿਲੀਅਨ ਪੌਂਡ ਦਾ ਨਿਵੇਸ਼ ਕਰਕੇ 7,000 ਨੌਕਰੀਆਂ ਪੈਦਾ ਕਰਨਗੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤੀ ਫਰਮਾਂ ਦੁਆਰਾ ਬ੍ਰਿਟੇਨ ਵਿੱਚ ਇੱਕ ਬਿਲੀਅਨ ਪੌਂਡ ਤੋਂ ਵੱਧ ਦੇ ਨਿਵੇਸ਼ ਕਰਨ ਨਾਲ ਯੂ ਕੇ ਵਿੱਚ ਲਗਭਗ 7,000 ਨਵੀਆਂ ਨੌਕਰੀਆਂ ਪੈਦਾ ਹੋਣਗੀਆਂ। ਭਾਰਤ ਨਾਲ ਯੂ ਕੇ ਦਾ ਵਿਸ਼ਾਲ ਵਪਾਰ ਸਮਝੌਤਾ ਤਿੰਨ ਮਹੀਨੇ ਪਹਿਲਾਂ ਹੋਇਆ ਸੀ ਅਤੇ ਦੁਬਈ ਵਿੱਚ ਕਈ ਸੌਦਿਆਂ 'ਤੇ ਦਸਤਖਤ ਕੀਤੇ ਗਏ ਹਨ।

64 ਭਾਰਤੀ ਨਿਵੇਸ਼ਕ ਹੁਣ ਬਰਤਾਨਵੀ ਕਾਰੋਬਾਰਾਂ ਵਿੱਚ 1.3 ਬਿਲੀਅਨ ਪੌਂਡ ਦਾ ਯੋਗਦਾਨ ਪਾ ਰਹੇ ਹਨ। ਟੀ ਵੀ ਐਸ ਮੋਟਰ ਕੰਪਨੀ ਦੁਆਰਾ ਸੋਲੀਹੁਲ-ਅਧਾਰਤ ਨੌਰਟਨ ਮੋਟਰਸਾਈਕਲਾਂ ਵਿੱਚ 250 ਮਿਲੀਅਨ ਪੌਂਡ ਲਗਾਇਆ ਜਾਵੇਗਾ। ਤਾਂ ਜੋ ਇਸਦੇ ਕਾਰਜਾਂ ਦਾ ਵਿਸਥਾਰ ਕੀਤਾ ਜਾ ਸਕੇ ਅਤੇ "ਅਗਲੀ ਪੀੜ੍ਹੀ ਦੇ ਇਲੈਕਟ੍ਰਿਕ ਵਾਹਨ" ਵਿਕਸਤ ਕੀਤੇ ਜਾ ਸਕਣ।ਇਸ ਨਾਲ ਲੱਗਭੱਗ ਤਿੰਨ ਸੌ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ।

ਇਸੇ ਤਰ੍ਹਾਂ ਨਿਓਸੇਲਟਿਕ ਗਲੋਬਲ ਉੱਨਤ ਆਰਥੋਪੀਡਿਕ ਅਤੇ ਪੁਨਰਵਾਸ ਲਈ 5 ਮਿਲੀਅਨ ਪੌਂਡ ਦਾ ਨਿਵੇਸ਼ ਕਰ ਰਿਹਾ ਹੈ, ਜਿਸ ਨਾਲ ਲੰਡਨ ਅਤੇ ਕਾਰਡਿਫ ਵਿੱਚ 85 ਨਵੀਆਂ ਨੌਕਰੀਆਂ ਪੈਦਾ ਹੋ ਰਹੀਆਂ ਹਨ।

ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੇ ਨਿਵੇਸ਼ਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ "ਸਾਡੇ ਦੇਸ਼ ਦੇ ਹਰ ਖੇਤਰ ਵਿੱਚ ਪੈਦਾ ਹੋਣ ਵਾਲੀਆਂ ਇਹਨਾਂ ਲਗਭਗ 7,000 ਨਵੀਆਂ ਨੌਕਰੀਆਂ ਦਾ ਅਰਥ ਵਧੇਰੇ ਮੌਕੇ, ਵਧੇਰੇ ਨਵੀਨਤਾ ਅਤੇ ਕੰਮ ਕਰਨ ਵਾਲੇ ਲੋਕਾਂ ਨੂੰ ਬਿਹਤਰ ਬਣਾਉਣਾ ਹੋਵੇਗਾ।"

ਵਪਾਰ ਮੰਤਰੀ ਪੀਟਰ ਕਾਇਲ ਨੇ ਕਿਹਾ ਕਿ "ਭਾਰਤ ਹੁਣ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਹੈ, ਅਤੇ ਏ ਆਈ, ਸਿੱਖਿਆ ਅਤੇ ਵਿੱਤੀ ਸੇਵਾਵਾਂ ਵਰਗੇ ਵਿਭਿੰਨ ਖੇਤਰਾਂ ਵਿੱਚ ਹਜ਼ਾਰਾਂ ਨੌਕਰੀਆਂ ਲਈ ਅਰਬਾਂ ਪੌਂਡ ਦਾ ਨਿਵੇਸ਼ ਕਰਕੇ ਬ੍ਰਿਟਿਸ਼ ਕਾਰੋਬਾਰਾਂ ਲਈ ਇਹ ਮੌਕੇ ਪੈਦਾ ਕਰਦਾ ਹੈ।

ਉਹਨਾਂ ਕਿਹਾ ਕਿ ਭਾਰਤ ਨਾਲ ਸਾਡਾ ਨਵਾਂ ਵਪਾਰ ਸੌਦਾ ਆਰਥਿਕ ਭਾਈਵਾਲੀ ਨੂੰ ਵਧਾਉਂਦਾ ਹੈ, ਸਾਡੇ ਦੋਵਾਂ ਦੇਸ਼ਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਂਦਾ ਹੈ ਅਤੇ ਯੂ ਕੇ ਵਿੱਚ ਆਰਥਿਕ ਵਿਕਾਸ ਪ੍ਰਦਾਨ ਕਰਦਾ ਹੈ।" ਨਿਵੇਸ਼ਾਂ ਦੇ ਨਤੀਜੇ ਵਜੋਂ 26 ਆਰਟੀਫੀਸ਼ੀਅਲ ਇੰਟੈਲੀਜੈਂਸ ਕੰਪਨੀਆਂ, ਇੱਕ ਸੈਮੀਕੰਡਕਟਰ ਸੰਗਠਨ ਅਤੇ ਇੱਕ ਬਾਇਓਟੈਕਨਾਲੋਜੀ ਕੰਪਨੀ ਲਈ ਫੰਡਿੰਗ ਹੋਵੇਗੀ।

## ਕੈਨੇਡਾ 'ਚ ਪੈਦਾ ਹੋਈਆਂ 60 ਹਜ਼ਾਰ ਨਵੀਆਂ ਨੌਕਰੀਆਂ

ਕੈਨੇਡਾ ਦੇ ਰੁਜ਼ਗਾਰ ਖੇਤਰ ਵਿਚ ਸਤੰਬਰ ਦੌਰਾਨ ਰੌਣਕਾਂ ਦੇਖਣ ਨੂੰ ਮਿਲੀਆਂ ਅਤੇ ਅਰਥਚਾਰੇ ਵਿਚ 60 ਹਜ਼ਾਰ ਨਵੀਆਂ ਨੌਕਰੀਆਂ ਪੈਦਾ ਹੋਣ ਦੀ ਰਿਪੋਰਟ ਹੈ। ਟਰੰਪ ਦੀਆਂ ਟੈਰਿਫ਼ਸ ਦੇ ਬਾਵਜੂਦ ਕੌਮੀ ਪੱਧਰ ਤੇ ਰੁਜ਼ਗਾਰ ਦਰ 0.1 ਦੇ ਵਾਧੇ ਨਾਲ 60.6 ਹੋ ਗਈ ਪਰ ਬੇਰੁਜ਼ਗਾਰੀ ਦਰ 7.1 ਫ਼ੀ ਸਦੀ ਦੇ ਪੱਧਰ ਤੇ ਬਰਕਰਾਰ ਹੈ। ਆਰਥਿਕ ਮਾਹਰ ਬ੍ਰੈਂਡਨ ਬਰਨਾਰਡ ਦਾ ਕਹਿਣਾ ਸੀ ਕਿ ਸਤੰਬਰ ਦੇ ਰੁਜ਼ਗਾਰ ਅੰਕੜਿਆਂ ਨੇ ਅਗਸਤ ਦੌਰਾਨ ਪਿਆ ਘਾਟਾ ਪੂਰਾ ਕਰ ਦਿਤਾ ਪਰ ਮਈ ਤੋਂ ਹੁਣ ਤੱਕ ਦੇ ਸਮੇਂ ਦੀ ਸਮੀਖਿਆ ਕੀਤੀ ਜਾਵੇ ਤਾਂ ਕੈਨੇਡਾ ਵਿਚ ਰੁਜ਼ਗਾਰ ਤੇ ਲੱਗੇ ਲੋਕਾਂ ਦੀ ਗਿਣਤੀ ਵਿਚ ਬਹੁਤੀ ਤਬਦੀਲੀ ਨਹੀਂ ਆਈ। ਦੂਜੇ ਪਾਸੇ ਰਾਯਲ ਬੈਂਕ ਆਫ਼ ਕੈਨੇਡਾ ਦੇ ਅਸਿਸਟੈਂਟ ਚੀਫ਼ ਇਕੌਨੋਮਿਸਟ ਨੇਥਨ ਜੈਨਜ਼ਨ ਮੁਤਾਬਕ ਸਤੰਬਰ ਦੌਰਾਨ ਕੈਨੇਡੀਅਨ ਕਿਰਤੀ ਬਾਜ਼ਾਰ ਸਥਿਰਤਾ ਦੇ ਸੰਕੇਤ ਦੇਣ ਲੱਗਾ ਕਿਉਂਕਿ ਫੁਲ ਟਾਈਮ ਨੌਕਰੀਆਂ ਪੈਦਾ ਹੋਣ ਦੀ ਰਫ਼ਤਾਰ ਵਧੀ। ਜੁਲਾਈ ਅਤੇ ਅਗਸਤ ਦੌਰਾਨ ਡਾਵਾਂਡੋਲ ਹੋਏ ਕਿਰਤੀ ਬਾਜ਼ਾਰ ਨੂੰ ਤਾਜ਼ਾ ਅੰਕੜੇ ਕੁਝ ਰਾਹਤ ਦੇ ਰਹੇ ਹਨ। ਸਟੈਟਿਸਟਿਕਸ ਕੈਨੇਡਾ ਵੱਲੋਂ ਜਾਰੀ ਅੰਕੜਿਆਂ ਮੁਤਾਬਕ ਕੁਝ ਖੇਤਰਾਂ ਵਿਚ ਨਵੀਂ ਭਰਤੀ ਦਾ ਰੁਝਾਨ ਵਧਿਆ ਹੈ ਜਦਕਿ ਕੁਝ ਖੇਤਰਾਂ ਵਿਚ ਘਟਿਆ। ਸਭ ਤੋਂ ਪਹਿਲਾਂ ਕੈਨੇਡਾ ਦੇ ਮੈਨੁਫੈਕਚਰਿੰਗ ਸੈਕਟਰ ਦਾ ਜ਼ਿਕਰ ਕੀਤਾ ਜਾਵੇ ਤਾਂ ਸਤੰਬਰ ਦੌਰਾਨ 28 ਹਜ਼ਾਰ ਨੌਕਰੀਆਂ ਦਾ ਵਾਧਾ ਹੋਇਆ ਜੋ ਜਨਵਰੀ ਤੋਂ ਬਾਅਦ ਪਹਿਲਾ ਵਾਧਾ ਦੱਸਿਆ ਜਾ ਰਿਹਾ ਹੈ। ਬ੍ਰੈਂਡਨ ਬਰਨਾਰਡ ਮੁਤਾਬਕ ਸਾਲ ਦੇ ਆਰੰਭ ਤੋਂ ਹੀ ਮੈਨੁਫੈਕਚਰਿੰਗ ਸੈਕਟਰ ਕਮਜ਼ੋਰ ਚੱਲ ਰਿਹਾ ਸੀ ਅਤੇ ਤਾਜ਼ਾ ਅੰਕੜਿਆਂ ਨੂੰ ਬਹੁਤਾ ਹਾਂਪੱਖੀ ਨਹੀਂ ਮੰਨਿਆ ਜਾ ਸਕਦਾ।

## ਅੰਮ੍ਰਿਤਸਰ ਤੋਂ ਕਾਬੁਲ, ਕੰਧਾਰ ਲਈ ਜਲਦੀ ਸ਼ੁਰੂ ਹੋਣਗੀਆਂ ਹਵਾਈ ਉਡਾਣਾਂ: ਐਮ.ਪੀ. ਸਾਹਨੀ





ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਵਪਾਰ ਅਤੇ ਸੰਪਰਕ ਨੂੰ ਵਧਾਉਣ ਦੇ ਉਦੇਸ਼ ਨਾਲ ਇੱਕ ਮਹੱਤਵਪੂਰਨ ਫੈਸਲਾ ਸੁਣਾਉਂਦਿਆਂ ਅਫਗਾਨਿਸਤਾਨ ਦੇ ਵਿਦੇਸ਼ ਮੰਤਰੀ, ਐੱਚ.ਈ. ਮੌਲਵੀ ਅਮੀਰ ਖਾਨ ਮੁਤਾਕੀ ਨੇ ਐਲਾਨ ਕੀਤਾ ਕਿ ਅੰਮ੍ਰਿਤਸਰ ਅਤੇ ਅਫਗਾਨਿਸਤਾਨ ਵਿਚਕਾਰ ਸਿੱਧੀਆਂ ਉਡਾਣਾਂ ਜਲਦੀ ਹੀ ਸ਼ੁਰੂ ਹੋਣਗੀਆਂ। ਇਹ ਐਲਾਨ ਨਵੀਂ ਦਿੱਲੀ ਵਿਚ ਫਿੱਕੀ ਵਿਖੇ ਭਾਰਤੀ ਉਦਯੋਗ ਦੇ ਆਗੂਆਂ ਨਾਲ ਉਨ੍ਹਾਂ ਦੀ ਗੱਲਬਾਤ ਦੌਰਾਨ ਕੀਤਾ ਗਿਆ ਜਿਸਦੀ ਪ੍ਰਧਾਨਗੀ ਸੰਸਦ ਮੈਂਬਰ, ਰਾਜ ਸਭਾ ਅਤੇ ਸੰਸਦੀ ਸਥਾਈ ਕਮੇਟੀ ਆਫ਼ ਕਾਮਰਸ ਅਤੇ ਵਿਦੇਸ਼ ਮਾਮਲਿਆਂ ਬਾਰੇ ਪਾਰਲੀਮਾਨੀ ਸਲਾਹਕਾਰ ਕਮੇਟੀ ਦੇ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਕੀਤੀ। ਡਾ. ਸਾਹਨੀ ਨੇ ਕਿਹਾ ਕਿ ਇਹ ਇੱਕ ਇਤਿਹਾਸਕ ਕਦਮ ਹੈ ਜੋ ਪੰਜਾਬ ਵਿੱਚ ਵਪਾਰ ਅਤੇ ਉਦਯੋਗ ਲਈ ਇੱਕ ਗੇਮ ਚੇਂਜਰ ਹੋ ਸਕਦਾ ਹੈ। ਡਾ. ਸਾਹਨੀ ਨੇ ਕਿਹਾ ਕਿ ਅੰਮ੍ਰਿਤਸਰ ਦੀ ਰਣਨੀਤਕ ਸਥਿਤੀ ਅਤੇ ਮੁੱਖ ਸਰਹੱਦੀ ਵਪਾਰ ਗਲਿਆਰਿਆਂ ਦੀ ਨੇੜਤਾ ਭਾਰਤ ਅਤੇ ਅਫਗਾਨਿਸਤਾਨ ਵਿਚਕਾਰ ਇੱਕ ਤੇਜ਼ ਅਤੇ ਵਧੇਰੇ ਸੁਰੱਖਿਅਤ ਹਵਾਈ ਸੰਪਰਕ ਬਣਾਉਣ ਵਿੱਚ ਮਦਦ ਕਰੇਗੀ। ਇਸ ਨਾਲ ਦੋਵਾਂ ਪਾਸਿਆਂ ਦੇ ਕਿਸਾਨਾਂ, ਵਪਾਰੀਆਂ ਅਤੇ ਐਮ.ਐਸ.ਐਮ.ਈ. ਨੂੰ ਕਾਫ਼ੀ ਲਾਭ ਹੋਵੇਗਾ, ਖਾਸ ਕਰਕੇ ਖੇਤੀਬਾੜੀ ਉਤਪਾਦਾਂ, ਸੁੱਕੇ ਫਲ, ਤਾਜ਼ੇ ਫਲ, ਦਸਤਕਾਰੀ ਅਤੇ ਦਵਾਈਆਂ ਲਈ ਬਹੁਤ ਫਾਇਦੇਮੰਦ ਹੋਏਗੀ ।

## ਭਾਰਤ ਤੋਂ ਅਮਰੀਕਾ ਲਈ ਡਾਕ ਸੇਵਾਵਾਂ 15 ਅਕਤੂਬਰ ਤੋਂ ਮੁੜ ਸ਼ੁਰੂ ਹੋਣਗੀਆਂ

ਡਾਕ ਵਿਭਾਗ ਨੇ ਅੱਜ ਐਲਾਨ ਕੀਤਾ ਕਿ ਸੰਯੁਕਤ ਰਾਜ ਅਮਰੀਕਾ (ਯੂਐਸਏ) ਨੂੰ ਸਾਰੀਆਂ ਸ਼੍ਰੇਣੀਆਂ ਦੀਆਂ ਅੰਤਰਰਾਸ਼ਟਰੀ ਡਾਕ ਸੇਵਾਵਾਂ 15 ਅਕਤੂਬਰ ਤੋਂ ਮੁੜ ਸ਼ੁਰੂ ਕੀਤੀਆਂ ਜਾਣਗੀਆਂ। ਇੰਡੀਆ ਪੋਸਟ ਨੇ ਇਸ ਅਗਸਤ ਤੋਂ ਅਮਰੀਕਾ ਲਈ ਸਾਰੀਆਂ ਡਾਕ ਸੇਵਾਵਾਂ ਨੂੰ ਮੁਅੱਤਲ ਕਰ ਦਿੱਤਾ ਸੀ ਕਿਉਂਕਿ ਨਵੇਂ ਅਮਰੀਕੀ ਨਿਯਮਾਂ ਕਾਰਨ ਵਿਦੇਸ਼ਾਂ ਵਿਚੋਂ ਜ਼ਿਆਦਾਤਰ ਆਉਣ ਵਾਲੇ ਸ਼ਿਪਮੈਂਟਾਂ ਲਈ ਡਿਊਟੀ ਫਰੀ ਵਰਗ ਤੋਂ ਦਿੱਤੀ ਛੋਟ ਖਤਮ ਕਰ ਦਿੱਤੀ ਸੀ ਜਿਨ੍ਹਾਂ ਵਿਚ ਚਿੱਠੀ ਪੱਤਰ ਆਦਿ ਸ਼ਾਮਲ ਸਨ। ਇਹ ਸੇਵਾਵਾਂ ਪ੍ਰਭਾਵਿਤ ਹੋਣ ਕਾਰਨ ਭਾਰਤੀ ਵਿਦਿਆਰਥੀ ਤੇ ਹੋਰ ਵਰਗਾਂ ਦੇ ਲੋਕ ਪ੍ਰਭਾਵਿਤ ਹੋਏ ਸਨ।

ਡਾਕ ਵਿਭਾਗ ਨੇ ਕਿਹਾ ਕਿ ਯੂ ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀਬੀਪੀ) ਦਿਸ਼ਾ-ਨਿਰਦੇਸ਼ਾਂ ਅਨੁਸਾਰ ਭਾਰਤ ਤੋਂ ਅਮਰੀਕਾ ਨੂੰ ਡਾਕ ਭੇਜਣ ਤੇ ਕਸਟਮ ਡਿਊਟੀ ਨਵੇਂ ਟੈਰਿਫ ਨਿਯਮ ਤਹਿਤ ਐਲਾਨੀ ਵਸਤ ਦੇ ਮੁੱਲ ਦੇ 50 ਫੀਸਦੀ ਦੀ ਫਲੈਟ ਦਰ ਫ਼ਰਸਤੁੱਤੇ ਲਾਗੂ ਹੋਵੇਗੀ। ਡਾਕ ਵਿਭਾਗ ਨੇ ਕਿਹਾ ਕਿ ਉਹ ਡਿਲਿਵਰਡ ਡਿਊਟੀ ਪੇਡ ਅਤੇ ਯੋਗ ਪਾਰਟੀ ਸੇਵਾਵਾਂ ਦੀ ਸਹੂਲਤ ਲਈ ਗਾਹਕਾਂ ਤੋਂ ਕੋਈ ਵਾਧੂ ਖਰਚਾ ਨਹੀਂ ਲਵੇਗਾ। ਡਾਕ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਡਾਕ ਦੀਆਂ ਦਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।

ਸਮੂਹ ਜਗਤ ਨੂੰ ਦੀਵਾਲੀ ਦੀ ਲੱਖ ਲੱਖ ਵਧਾਈ

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਕਰਨਾਟਕ ਵਿੱਚ ਸਰਕਾਰੀ ਜ਼ਮੀਨਾਂ ਤੇ ਸੰਘ ਪਰਿਵਾਰ ਦੀਆਂ ਸ਼ਾਖਾਵਾਂ ਤੇ ਪਾਬੰਦੀ ਕਿਉਂ ਲਗ ਰਹੀ ਏ ?

## ✪ ਕਰਨਾਟਕਾ ਸਰਕਾਰ ਅਨੁਸਾਰ ਆਰਐੱਸਐੱਸ ਦੀ ਕੱਟੜ ਵਿਚਾਰਧਾਰਾ ਸੰਵਿਧਾਨ ਲਈ ਖਤਰਾ



ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮੈਆ ਨੇ ਸਰਕਾਰੀ ਸਕੂਲਾਂ ਦੇ ਕੰਪਲੈਕਸ, ਜਨਤਕ ਮੈਦਾਨਾਂ ਅਤੇ ਹੋਰ ਸਰਕਾਰੀ ਜ਼ਮੀਨਾਂ ਤੇ ਆਰਐੱਸਐੱਸ ਦੀਆਂ ਸ਼ਾਖਾਵਾਂ ਤੇ ਪਾਬੰਦੀ ਲਾਉਣ ਦਾ ਫੈਸਲਾ ਲਿਆ ਹੈ। ਇਹ ਫੈਸਲਾ ਮੰਤਰੀ ਪ੍ਰਿਆਂਕ ਖੜਗੇ ਦੀ ਅਰਜ਼ੀ ਤੇ ਲਿਆ ਗਿਆ ਹੈ, ਜਿਨ੍ਹਾਂ ਨੇ ਆਰਐੱਸਐੱਸ ਦੀ ਕੱਟੜਵਾਦੀ ਵਿਚਾਰਧਾਰਾ ਨੂੰ ਖਤਰਾ ਦੱਸਿਆ ਹੈ। ਕਰਨਾਟਕ ਸਰਕਾਰ ਜਨਤਕ ਥਾਵਾਂ ਤੇ ਆਰਐੱਸਐੱਸ ਦੀਆਂ ਗਤੀਵਿਧੀਆਂ ਤੇ ਪਾਬੰਦੀ ਲਾਉਣ ਬਾਰੇ ਵਿਚਾਰ ਕਰ ਰਹੀ ਹੈ, ਕਿਉਂਕਿ ਇਹ ਸੰਗਠਨ ਸੰਵਿਧਾਨ ਦੇ ਨਿਯਮਾਂ ਵਿਰੋਧੀ ਕੰਮ ਕਰ ਰਿਹਾ ਹੈ ਅਤੇ ਇਸ ਦੇ ਵਰਕਰ ਬੱਚਿਆਂ ਅਤੇ ਨੌਜਵਾਨਾਂ ਵਿੱਚ ਅਸ਼ਾਂਤੀ ਫੈਲਾ ਰਹੇ ਹਨ, ਜਿਸ ਨਾਲ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਹੈ।

ਮੁੱਖ ਮੰਤਰੀ ਸਿੱਧਾਰਮੈਆ ਨੇ ਮੁੱਖ ਸਕੱਤਰ ਸ਼ਾਲਿਨੀ ਰਜਨੀਸ਼ ਨੂੰ ਆਈਟੀ/ ਬੀਟੀ ਮੰਤਰੀ ਪ੍ਰਿਆਂਕ ਖੜਗੇ ਦੇ ਇੱਕ ਪੱਤਰ ਤੋਂ ਬਾਅਦ ਮਾਮਲੇ ਦੀ ਜਾਂਚ ਕਰਕੇ ਉਚਿਤ ਕਾਰਵਾਈ ਕਰਨ ਨੂੰ ਕਿਹਾ ਹੈ।ਉਨ੍ਹਾਂ ਨੇ ਕਿਹਾ ਕਿ ਆਰਐੱਸਐੱਸ ਵਰਕਰ ਬਿਨਾਂ ਕਿਸੇ ਇਜਾਜ਼ਤ ਦੇ ਜਨਤਕ ਥਾਵਾਂ ਉਪਰ ਆਪਣੀਆਂ ਲਾਠੀਆਂ ਵਿਖਾ ਰਹੇ ਹਨ। ਖੜਗੇ ਦਾ ਪੱਤਰ ਆਰਐੱਸਐੱਸ ਦੇ ਸ਼ਤਾਬਦੀ ਸਮਾਰੋਹ ਦੇ ਵੇਲੇ ਆਇਆ ਹੈ, ਜਦੋਂ ਬੀਤੇ ਦਿਨੀਂ ਹਜ਼ਾਰਾਂ ਆਰਐੱਸਐੱਸ ਸਵੈਸੇਵਕਾਂ ਨੇ ਇਸ ਮੌਕੇ ਤੇ ਇੱਕ ਪੈਦਲ ਯਾਤਰਾ ਕੱਢੀ।

ਇਸ ਵਿਸ਼ੇ ਅਤੇ ਮੰਤਰੀ ਦੇ ਪੱਤਰ ਸਬੰਧੀ ਵਿਰੋਧੀ ਪਾਰਟੀ ਬੀਜੇਪੀ ਨੇ ਵਿਰੋਧ ਜਤਾਇਆ ਅਤੇ ਇਸ ਨੂੰ ਕਾਂਗਰਸ ਵੱਲੋਂ ਸ਼ਾਸਨ ਦੇ ਪਤਨ ਤੋਂ ਜਨਤਾ ਦਾ ਧਿਆਨ ਹਟਾਉਣ ਅਤੇ ਮੁੱਖ ਮੰਤਰੀ ਪਦ ਨੂੰ ਲੈ ਕੇ ਪਾਰਟੀ ਅੰਦਰ ਚੱਲ ਰਹੇ ਅੰਦਰੂਨੀ ਸੱਤਾ ਸੰਘਰਸ਼ ਨੂੰ ਛੁਪਾਉਣ ਦੀ ਕੋਸ਼ਿਸ਼ ਦੱਸਿਆ ਹੈ। ਬੀਜੇਪੀ ਦੇ ਪ੍ਰਦੇਸ਼ ਪ੍ਰਧਾਨ ਬੀ. ਵਾਈ. ਵਿਜੇਂਦਰ ਨੇ ਕਿਹਾ ਕਿ ਆਰਐੱਸਐੱਸ ਵਰਕਰਾਂ ਵੱਲੋਂ ਅਨੁਸ਼ਾਸਨਹੀਣਤਾ ਦਾ ਇੱਕ ਵੀ ਉਦਾਹਰਨ ਨਹੀਂ ਹੈ ਅਤੇ ਇਹ ਇੱਕ ਮਜ਼ਬੂਤ ਰਾਸ਼ਟਰਵਾਦੀ ਤਾਕਤ ਬਣਿਆ ਹੋਇਆ ਹੈ, ਪਰ ਕਾਂਗਰਸ ਇਸ ਸੰਗਠਨ ਨੂੰ ਜਾਣ ਬੁਝਕੇ ਬਦਨਾਮ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਕਾਂਗਰਸ ਨੇ ਪਹਿਲਾਂ ਵੀ ਦੋ-ਤਿੰਨ ਵਾਰ ਇਸ ਸੰਗਠਨ ਤੇ ਪਾਬੰਦੀ ਲਾਈ ਸੀ, ਪਰ ਉਸ ਨੂੰ ਵਾਪਸ ਲੈਣਾ ਪਿਆ।

ਇਥੇ ਵਰਣਯੋਗ ਹੈ ਕਿ ਜਮਹੂਰੀ ਧਿਰਾਂ ਆਰਐੱਸਐੱਸ ਤੇ ਲੰਮੇ ਸਮੇਂ ਤੋਂ ਭਾਈਚਾਰੇ ਦੇ ਸਬੰਧਾਂ ਨੂੰ ਵਿਗਾੜਨ ਦਾ ਇਲਜ਼ਾਮ ਲੱਗਦਾ ਰਿਹਾ ਹੈ। ਸੰਗਠਨ ਦੀ ਵਿਚਾਰਧਾਰਾ ਹਿੰਦੂ ਰਾਸ਼ਟਰਵਾਦ ਉਪਰ ਆਧਾਰਿਤ ਹੈ, ਜੋ ਮੁਸਲਮਾਨਾਂ, ਈਸਾਈਆਂ,ਦਲਿਤਾਂ ਅਤੇ ਆਦਿਵਾਸੀਆਂ ਵਰਗੇ ਘੱਟਗਿਣਤੀ ਭਾਈਚਾਰੇ ਬਾਰੇ ਨਫਰਤ ਫੈਲਾਉਂਦੀ ਹੈ। ਇਤਿਹਾਸ ਗਵਾਹ ਹੈ ਕਿ ਆਜ਼ਾਦ ਭਾਰਤ ਵਿੱਚ ਆਰਐੱਸਐੱਸ ਤੇ ਤਿੰਨ ਵਾਰ ਪਾਬੰਦੀ ਲੱਗੀ- 1948 ਵਿੱਚ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ, ਜਦੋਂ ਸੰਗਠਨ ਨੂੰ ਮੁਸਲਿਮ-ਵਿਰੋਧੀ ਹਿੰਸਾ ਵਿੱਚ ਸ਼ਾਮਲ ਪਾਇਆ ਗਿਆ; 1975 ਦੇ ਐਮਰਜੈਂਸੀ ਦੌਰਾਨ, ਜਦੋਂ ਇਸ ਨੂੰ ਲੋਕਤੰਤਰ-ਵਿਰੋਧੀ ਗਤੀਵਿਧੀਆਂ ਲਈ ਬੈਨ ਕੀਤਾ ਗਿਆ; ਅਤੇ 1992 ਦੇ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ, ਫਿਰਕੂ ਦੰਗਿਆਂ ਵਿੱਚ ਉਸ ਦੀ ਭੂਮਿਕਾ ਸਾਹਮਣੇ ਆਈ।

ਇਹ ਪਾਬੰਦੀਆਂ ਸਪੱਸ਼ਟ ਰੂਪ ਨਾਲ ਆਰਐੱਸਐੱਸ ਦੀ ਮੁਸਲਮਾਨਾਂ ਪ੍ਰਤੀ ਨਸਲਵਾਦ, ਨਫਰਤ, ਦਲਿਤਾਂ ਤੇ ਅੱਤਿਆਚਾਰ ਨੂੰ ਜਾਇਜ਼ ਠਹਿਰਾਉਣ ਵਾਲੀ ਮਾਨਸਿਕਤਾ ਅਤੇ ਆਦਿਵਾਸੀ ਸਮੂਹਾਂ ਨੂੰ ਹਾਸ਼ੀਏ ਤੇ ਧੱਕਣ ਵਾਲੀਆਂ ਨੀਤੀਆਂ ਕਰਕੇ ਲੱਗੀਆਂ। ਸੰਗਠਨ ਦੀਆਂ ਸ਼ਾਖਾਵਾਂ ਵਿੱਚ ਪ੍ਰਚਾਰੀ ਵਿਚਾਰਧਾਰਾ ਨੇ ਕਈ ਵਾਰ ਹਿੰਸਕ ਘਟਨਾਵਾਂ ਨੂੰ ਜਨਮ ਦਿੱਤਾ, ਜਿਵੇਂ ਗੁਜਰਾਤ ਕਤਲੇਆਮ ਜਾਂ ਹਾਲੀਆ 'ਲਵ ਜਿਹਾਦ' ਵਰਗੇ ਪ੍ਰਚਾਰ, ਜੋ ਘੱਟਗਿਣਤੀ ਕੌਮਾਂ ਵਿੱਚ ਡਰ ਪੈਦਾ ਕਰਦੇ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰੀ ਜਾਇਦਾਦਾਂ ਤੇ ਅਜਿਹੀਆਂ ਸਭਾਵਾਂ ਨਾਲ ਨੌਜਵਾਨਾਂ ਨੂੰ ਕੱਟੜਤਾ ਵੱਲ ਧੱਕਿਆ ਜਾਂਦਾ ਹੈ, ਜੋ ਬਹੁਲਵਾਦੀ ਭਾਰਤ ਲਈ ਖਤਰਾ ਹੈ। ਸਿੱਧਰਮੈਆ ਦਾ ਨਿਰਦੇਸ਼ ਇਸੇ ਦਿਸ਼ਾ ਵਿੱਚ ਇੱਕ ਸਕਾਰਾਤਮਕ ਕਦਮ ਹੈ, ਜੋ ਸੰਵਿਧਾਨ ਦੀ ਭਾਵਨਾ ਨੂੰ ਮਜ਼ਬੂਤ ਕਰਦਾ ਹੈ।

ਆਰਐੱਸਐੱਸ ਤੇ ਲੰਮੇ ਸਮੇਂ ਤੋਂ ਇਹ ਇਲਜ਼ਾਮ ਲੱਗਦਾ ਰਿਹਾ ਹੈ ਕਿ ਉਸ ਦਾ ਭਾਰਤ ਦੀ ਆਜ਼ਾਦੀ ਸੰਘਰਸ਼ ਵਿੱਚ ਕੋਈ ਯੋਗਦਾਨ ਨਹੀਂ ਰਿਹਾ। ਇਤਿਹਾਸਕਾਰਾਂ ਅਤੇ ਆਲੋਚਕਾਂ ਦਾ ਦਾਅਵਾ ਹੈ ਕਿ 1925 ਵਿੱਚ ਆਪਣੀ ਸਥਾਪਨਾ ਤੋਂ ਬਾਅਦ ਹੀ ਆਰਐੱਸਐੱਸ ਨੇ ਬ੍ਰਿਟਿਸ਼ ਸ਼ਾਸਨ ਦਾ ਸਮਰਥਨ ਕੀਤਾ ਅਤੇ ਆਜ਼ਾਦੀ ਅੰਦੋਲਨ ਤੋਂ ਦੂਰੀ ਬਣਾਈ ਰੱਖੀ। ਇਹ ਸੰਗਠਨ ਆਪਣੀ ਹਿੰਦੂ ਰਾਸ਼ਟਰਵਾਦੀ ਵਿਚਾਰਧਾਰਾ ਲਈ ਜਾਣਿਆ ਜਾਂਦਾ ਹੈ, ਜਿਸ ਅਧੀਨ ਉਸ ਨੇ ਆਜ਼ਾਦੀ ਸੰਘਰਸ਼ ਦੀ ਬਜਾਏ ਹਿੰਦੂ ਸੰਗਠਨ ਅਤੇ ਸਮਾਜਿਕ ਸੁਧਾਰ ਤੇ ਧਿਆਨ ਕੇਂਦਰਿਤ ਕੀਤਾ। ਮਿਸਾਲ ਵਜੋਂ, ਆਰਐੱਸਐੱਸ ਦੇ ਸੰਸਥਾਪਕ ਕੇਸ਼ਵ ਬਲੀਰਾਮ ਹੇਡਗੇਵਾਰ ਨੇ ਆਜ਼ਾਦੀ ਅੰਦੋਲਨ 'ਚ ਸਰਗਰਮ ਭਾਗੀਦਾਰੀ ਦੀ ਬਜਾਏ 'ਰਾਸ਼ਟਰ ਨਿਰਮਾਣ' ਨੂੰ ਤਰਜੀਹ ਦਿੱਤੀ, ਜਿਸ ਨੂੰ ਕਈ ਲੋਕ ਬ੍ਰਿਟਿਸ਼ ਹਿੱਤਾਂ ਨਾਲ ਅਪ੍ਰਤੱਖ ਸਹਿਯੋਗ ਵਜੋਂ ਵੇਖਦੇ ਹਨ।

ਇਤਿਹਾਸਕਾਰ ਰਾਮਚੰਦਰ ਗੁਹਾ ਵਰਗੇ ਵਿਦਵਾਨਾਂ ਨੇ ਲਿਖਿਆ ਹੈ ਕਿ ਆਰਐੱਸਐੱਸ ਨੇ ਅੰਗਰੇਜ਼ਾਂ ਵਿਰੋਧੀ ਵੱਡੇ ਅੰਦੋਲਨਾਂ ਜਿਵੇਂ ਸਵੈਰਾਜ ਅੰਦੋਲਨ ਜਾਂ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਨਹੀਂ ਲਿਆ। ਇਸ ਦੇ ਉਲਟ, ਸੰਗਠਨ ਨੇ ਆਪਣੇ ਪ੍ਰਕਾਸ਼ਨਾਂ ਵਿੱਚ ਬ੍ਰਿਟਿਸ਼ ਸ਼ਾਸਨ ਦੀ ਆਲੋਚਨਾ ਕਰਨ ਦੀ ਬਜਾਏ ਮੁਸਲਿਮ ਸਮੂਹ ਨੂੰ ਨਿਸ਼ਾਨਾ ਬਣਾਇਆ, ਜਿਸ ਨਾਲ ਨਸਲਵਾਦ ਤੇ ਫਿਰਕੂਵਾਦ ਨੂੰ ਉਤਸ਼ਾਹ ਮਿਲਿਆ।

ਇਸ ਤੋਂ ਇਲਾਵਾ, ਆਰਐੱਸਐੱਸ ਦਾ ਭਾਰਤ ਦੇ ਸੰਵਿਧਾਨ ਵੱਲ ਰੁਖ ਵੀ ਵਿਵਾਦਗ੍ਰਸਤ ਰਿਹਾ ਹੈ। 1949 ਵਿੱਚ ਜਦੋਂ ਭਾਰਤ ਦਾ ਸੰਵਿਧਾਨ ਲਾਗੂ ਹੋਇਆ, ਤਾਂ ਆਰਐੱਸਐੱਸ ਨੇ ਇਸ ਨੂੰ ਅਸਵੀਕਾਰ ਕਰਕੇ ਦਾਅਵਾ ਕੀਤਾ ਕਿ ਇਹ ਭਾਰਤੀ ਸੰਸਕ੍ਰਿਤੀ ਅਤੇ ਹਿੰਦੂ ਮੁੱਲਾਂ ਨੂੰ ਪ੍ਰਤੀਬਿੰਬਿਤ ਨਹੀਂ ਕਰਦਾ। ਸੰਗਠਨ ਦੇ ਮੁੱਖ ਪੱਤਰ 'ਆਰਗਨਾਈਜ਼ਰ' ਵਿੱਚ 30 ਨਵੰਬਰ 1949 ਦੇ ਅੰਕ ਵਿੱਚ ਸੰਵਿਧਾਨ ਦੀ ਆਲੋਚਨਾ ਕੀਤੀ ਗਈ ਅਤੇ ਮਨੁਸਮ੍ਰਿਤੀ ਨੂੰ ਭਾਰਤ ਲਈ ਉਪਯੁਕਤ ਸ਼ਾਸਨ ਪ੍ਰਣਾਲੀ ਦੱਸਿਆ ਗਿਆ। ਇਸ ਤਰ੍ਹਾਂ ਦੇ ਬਿਆਨਾਂ ਨੇ ਆਰਐੱਸਐੱਸ ਨੂੰ ਧਰਮ ਨਿਰਪੇਖਤਾ ਅਤੇ ਸੰਵੈਧਾਨਿਕ ਮੁੱਲਾਂ ਦੇ ਵਿਰੋਧੀ ਵਜੋਂ ਚਿੱਤਰਿਤ ਕੀਤਾ।

ਇੱਕ ਹੋਰ ਗੰਭੀਰ ਵਿਵਾਦ ਆਰਐੱਸਐੱਸ ਦੇ ਨਾਗਪੁਰ ਮੁੱਖ ਮੰਦਰ ਵਿੱਚ ਤਿਰੰਗੇ ਝੰਡੇ ਨੂੰ ਲੈ ਕੇ ਰਿਹਾ ਹੈ। ਲੰਮੇ ਸਮੇਂ ਤੱਕ ਆਰਐੱਸਐੱਸ ਨੇ ਆਪਣੇ ਮੁੱਖ ਮੰਦਰ ਵਿੱਚ ਰਾਸ਼ਟਰੀ ਧਵਜ ਤਿਰੰਗਾ ਝੰਡਾ ਝੁਲਾਉਣ ਤੋਂ ਪਰਹੇਜ਼ ਕੀਤਾ। 2001 ਤੱਕ, ਜਦੋਂ ਦਬਾਅ ਵਧਣ ਤੇ ਆਰਐੱਸਐੱਸ ਨੇ ਤਿਰੰਗਾ ਝੁਲਾਉਣਾ ਸ਼ੁਰੂ ਕੀਤਾ, ਤੱਕ ਇਹ ਮੁੱਦਾ ਰਾਸ਼ਟਰੀ ਬਹਿਸ ਦਾ ਹਿੱਸਾ ਬਣ ਚੁੱਕਾ ਸੀ। ਹਾਲ ਹੀ ਵਿੱਚ ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮੈਆ ਵੱਲੋਂ ਸਰਕਾਰੀ ਜ਼ਮੀਨਾਂ ਤੇ ਆਰਐੱਸਐੱਸ ਦੀਆਂ ਸਭਾਵਾਂ ਤੇ ਪਾਬੰਦੀ ਦੇ ਫੈਸਲੇ ਨੇ ਇਨ੍ਹਾਂ ਵਿਵਾਦਾਂ ਨੂੰ ਫਿਰ ਤੋਂ ਚਰਚਾ ਵਿੱਚ ਲਿਆਂਦਾ ਹੈ, ਜਿਸ ਨਾਲ ਸੰਗਠਨ ਦੀ ਵਿਚਾਰਧਾਰਾ ਅਤੇ ਇਤਿਹਾਸ ਤੇ ਸਵਾਲ ਉੱਠ ਰਹੇ ਹਨ।

## ਬਿਹਾਰ ਵਿਚ ਕਿੱਥੇ ਗਏ ਘੁਸਪੈਠੀਏ ?

ਬੀਤੀ 7 ਅਕਤੂਬਰ ਨੂੰ ਬਿਹਾਰ ਅਸੰਬਲੀ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨ ਵੇਲੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਤੋਂ ਜਦੋਂ ਪੁੱਛਿਆ ਗਿਆ ਕਿ ਸੂਬੇ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਦੌਰਾਨ ਕਿੰਨੇ ਵਿਦੇਸ਼ੀ ਘੁਸਪੈਠੀਏ ਫੜੇ ਗਏ ਤਾਂ ਉਹ ਭੇਦਭਰੇ ਅੰਦਾਜ਼ ਵਿੱਚ ਮੁਸਕਰਾ ਕੇ ਗੱਲ ਟਾਲ ਗਏ। ਭਾਜਪਾ ਤੇ ਆਰ ਐੱਸ ਐੱਸ ਵਰ੍ਹਿਆਂ ਤੋਂ ਬੰਗਲਾਦੇਸ਼ੀ, ਰੋਹਿੰਗਿਆ ਤੇ ਨੇਪਾਲੀ ਘੁਸਪੈਠੀਆਂ ਦਾ ਡਰ ਫੈਲਾ ਕੇ ਹਿੰਦੂ ਵੋਟਰਾਂ ਨੂੰ ਇੱਕਜੁਟ ਕਰਦੇ ਰਹੇ ਹਨ। ਬਿਹਾਰ ਵਿੱਚ ਵੀ ਇਹੀ ਕਹਿ ਕੇ ਐੱਸ ਆਈ ਆਰ ਮੁਹਿੰਮ ਚਲਾਈ ਗਈ। ਐੱਸ ਆਈ ਆਰ ਦਾ ਮਕਸਦ ਇਹ ਦੱਸਿਆ ਗਿਆ ਸੀ ਕਿ ਵਿਦੇਸ਼ੀ ਘੁਸਪੈਠੀਆਂ ਨੂੰ ਫੜਨਾ ਹੈ, ਪਰ ਅੰਤਮ ਰਿਪੋਰਟ ਵਿਚ ਨਿਕਲਿਆ ਕੀ ? ਵੋਟਰ ਹਟਾਉਣ ਤੇ ਨਵੇਂ ਜੋੜਨ ਤੋਂ ਬਾਅਦ ਇੱਕ ਅਕਤੂਬਰ ਨੂੰ ਜਾਰੀ ਕੀਤੀ ਗਈ ਅੰਤਮ ਵੋਟਰ ਸੂਚੀ ਵਿੱਚ 7.42 ਲੱਖ ਕਰੋੜ ਵੋਟਰ ਬਚੇ, ਜਿਹੜੇ ਲੋਕ ਸਭਾ ਚੋਣਾਂ ਵੇਲੇ 7.89 ਕਰੋੜ ਸਨ। ਹਟਾਏ ਗਏ 52.9 ਲੱਖ ਨਾਵਾਂ ਵਿੱਚੋਂ 22.34 ਲੱਖ ਮ੍ਰਿਤਕ, 36.44 ਲੱਖ ਪ੍ਰਵਾਸੀ (ਦੇਸ਼ ਦੇ ਅੰਦਰ ਹੀ), 6.85 ਲੱਖ ਡੁਪਲੀਕੇਟ ਅਤੇ ਸਿਰਫ 11,484 ਨਾਮਾਲੂਮ ਹਨ। ਨੇਪਾਲੀ, ਬੰਗਲਾਦੇਸ਼ੀ ਤੇ ਰੋਹਿੰਗਿਆ ਦਾ ਨਾਮੋਨਿਸ਼ਾਨ ਨਹੀਂ। ਜਿਨ੍ਹਾਂ ਦਾ ਪਤਾ ਨਹੀਂ ਲੱਗਾ ਕੀ ਉਨ੍ਹਾਂ ਨੂੰ ਘੁਸਪੈਠੀਏ ਮੰਨਿਆ ਜਾਵੇ ?

ਮੁੱਖ ਚੋਣ ਕਮਿਸ਼ਨਰ ਦਾ ਦਾਅਵਾ ਹੈ ਕਿ 22 ਸਾਲ ਬਾਅਦ ਬਿਹਾਰ ਦੀ ਵੋਟਰ ਸੂਚੀ ਸ਼ੁੱਧ ਕਰ ਦਿੱਤੀ ਗਈ ਹੈ। 'ਦੀ ਰਿਪੋਰਟਰਜ਼ ਕੁਲੈਕਟਿਵ' ਨਾਂਅ ਦੀ ਵੱਕਾਰੀ ਜਥੇਬੰਦੀ ਨੇ 6 ਅਕਤੂਬਰ ਨੂੰ ਜਾਰੀ ਕੀਤੀ ਆਪਣੀ ਰਿਪੋਰਟ ਵਿੱਚ ਕਿਹਾ ਕਿ ਸੂਚੀ ਵਿੱਚ 1.32 ਕਰੋੜ ਵੋਟਰਾਂ ਦੇ ਫਰਜ਼ੀ ਜਾਂ ਸ਼ੱਕੀ ਪਤੇ ਹਨ ਅਤੇ 14.35 ਲੱਖ ਡੁਪਲੀਕੇਟ ਹਨ। 3.42 ਲੱਖ ਮਾਮਲਿਆਂ ਵਿੱਚ ਨਾਂਅ, ਪਿਤਾ ਦਾ ਨਾਂਅ ਤੇ ਉਮਰ ਤੱਕ ਇੱਕੋ ਜਿਹੇ ਹਨ। ਵੱਖ-ਵੱਖ ਜਾਤਾਂ ਦੇ ਲੋਕ ਇੱਕ ਹੀ ਪਤੇ 'ਤੇ ਦਰਜ ਹਨ। ਸਿਆਸੀ ਵਿਸ਼ਲੇਸ਼ਕ ਇਸ ਨੂੰ 'ਚੋਣ ਘੁਟਾਲਾ' ਕਹਿ ਰਹੇ ਹਨ, ਜਦਕਿ ਆਪੋਜ਼ੀਸ਼ਨ ਪਾਰਟੀਆਂ ਸੱਤਾ ਦੀ ਸਾਜ਼ਿਸ਼ ਦੱਸ ਰਹੀਆਂ ਹਨ। ਅੰਕੜੇ ਦੱਸਦੇ ਹਨ ਕਿ ਸ਼ੁੱਧੀਕਰਨ ਦੇ ਨਾਂਅ 'ਤੇ ਸੂਚੀ ਹੋਰ ਗੰਧਲੀ ਕਰ ਦਿੱਤੀ ਗਈ ਹੈ। ਕਰੀਬ 20 ਸਾਲ ਤੋਂ ਬਿਹਾਰ ਵਿੱਚ ਸ਼ਾਸਨ ਕਰ ਰਿਹਾ ਭਾਜਪਾ ਤੇ ਜਨਤਾ ਦਲ (ਯੂ) ਦਾ ਗੱਠਜੋੜ ਕੋਈ ਘੁਸਪੈਠੀਆ ਨਹੀਂ ਲੱਭ ਸਕਿਆ। ਇਸ ਕਰਕੇ ਇਹ ਸਵਾਲ ਵਾਜਬ ਲੱਗਦਾ ਹੈ : ਐੱਸ ਆਈ ਆਰ ਦਾ ਅਸਲ ਮਕਸਦ ਕੀ ਸੀ ? ਬਿਹਾਰ ਵਿੱਚ ਸਨਅਤੀ ਵਿਕਾਸ ਤੇ ਰੁਜ਼ਗਾਰ ਪੈਦਾ ਕਰਨ ਵਿੱਚ ਨਾਕਾਮ ਰਹੀ ਸਰਕਾਰ ਨੇ ਲੋਕਾਂ ਦਾ ਧਿਆਨ ਭਟਕਾਉਣ ਲਈ ਹੀ ਐੱਸ ਆਈ ਆਰ ਦੀ ਸਾਜ਼ਿਸ਼ ਘੜੀ ਤਾਂ ਜੋ ਦੂਜੀਆਂ ਪਾਰਟੀਆਂ ਦੇ ਹਮਾਇਤੀ ਵੋਟਰਾਂ ਦੇ ਨਾਂਅ ਕੱਟ ਦਿੱਤੇ ਜਾਣ, ਪਰ ਆਪੋਜ਼ੀਸ਼ਨ ਪਾਰਟੀਆਂ ਨੇ ਸੜਕਾਂ ਤੇ ਸੁਪਰੀਮ ਕੋਰਟ ਵਿੱਚ ਤਕੜੀ ਲੜਾਈ ਲੜ ਕੇ ਇਸ ਸਾਜ਼ਿਸ਼ ਨੂੰ ਕਾਫੀ ਹੱਦ ਤੱਕ ਨਾਕਾਮ ਬਣਾ ਦਿੱਤਾ। ਸੁਪਰੀਮ ਕੋਰਟ ਵਿੱਚ ਕੇਸ ਅਜੇ ਵੀ ਲੱਗਿਆ ਹੋਇਆ ਹੈ ਤੇ ਉਮੀਦ ਹੈ ਕਿ ਚੋਣ ਕਮਿਸ਼ਨ ਵੱਲੋਂ ਸ਼ੋਅ ਕੀਤੇ 'ਨਾਮਾਲੂਮ ਵੋਟਰ' ਵੀ ਲੱਭ ਪੈਣਗੇ।

# ਕੌਮੀ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੇ ਸ਼ਹਾਦਤ ਦਿਹਾੜੇ ਨੂੰ ਸਮਰਪਿਤ ਫਰੈਕਫੋਰਟ ਵਿੱਚ ਕਰਵਾਏ ਗਏ ਸ਼ਹੀਦੀ ਸਮਾਗਮ

## ਅਕਾਲ ਤਖ਼ਤ ਦੇ ਜਥੇਦਾਰ ਵੱਲੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਭਾਈ ਪੰਜਵੜ੍ਹ, ਭਾਈ ਨਿੱਜਰ ਤੇ ਭਾਈ ਗਜਿੰਦਰ ਸਿੰਘ ਦੀਆਂ ਤਸਵੀਰਾਂ ਅਜਾਇਬ ਘਰ ਵਿੱਚ ਲਾਉਣ ਦੇ ਅੰਦੇਸ਼ਾਂ ਤੇ ਅਮਲ ਕਰੇ

ਫਰੈਕਫੋਰਟ :— ਗੁਰਦੁਆਰਾ ਸਿੱਖ ਸੈਂਟਰ ਫਰੈਕਫੋਰਟ ਦੀਆ ਸੰਗਤਾਂ ਦੇ ਸਹਿਯੋਗ ਨਾਲ ਪ੍ਰਬੰਧਕ ਕਮੇਟੀ ਨੇ ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਹਰਜਿੰਦਰ ਸਿੰਘ ਜ਼ਿੰਦਾ ਸ਼ਹੀਦ ਭਾਈ ਸੁਖਦੇਵ ਸਿੰਘ ਸੁੱਖਾ ਦੇ ਸ਼ਹਾਦਤ ਦਿਹਾੜੇ ਤੇ ਮਹਾਨ ਸ਼ਹੀਦੀ ਸਮਾਗਮ ਕਰਵਾਏ ਗਏ ਸ਼੍ਰੀ ਅੱਖਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਦੀਵਾਨ ਸਜਾਏ ਗਏ ਜਿਸ ਵਿੱਚ ਭਾਈ ਲਖਵੀਰ ਸਿੰਘ, ਭਾਈ ਗੁਰ ਨਿਸ਼ਾਨ ਸਿੰਘ ਪੱਟੀ ਨੇ ਇਲਾਹੀ ਗੁਰਬਾਣੀ ਦੇ ਕੀਰਤਨ ਤੇ ਭਾਈ ਗੁਰਭੇਜ ਸਿੰਘ ਅੰਨਦਪੁਰੀ, ਭਾਈ ਚਮਕੌਰ ਸਿੰਘ ਸਭਰਾ, ਹਰਦਿਆਲ ਸਿੰਘ ਦੇ ਭਝੰਗੀ ਨੇ ਕਵੀਸ਼ਰੀ ਵਾਰਾ ਦੁਆਰਾ ਜਿੰਦੇ ਸੁੱਖੇ ਦੀਆਂ ਵਾਰਾਂ ਸਰਵਣ ਕਰਵਾਕੇ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪਣ ਕੀਤੇ ਸਟੇਜ ਦੀ ਸੇਵਾ ਭਾਈ ਹੀਰਾ ਸਿੰਘ ਮੱਤੇਵਾਲ ਨੇ ਨਿਭਾਈ, ਭਾਈ ਹਰਮੀਤ ਸਿੰਘ ਪ੍ਰਧਾਨ ਦਲ ਖਾਲਸਾ, ਭਾਈ ਅਵਤਾਰ ਸਿੰਘ ਬੱਬਰ, ਭਾਈ ਗੁਰਦਿਆਲ ਸਿੰਘ ਲਾਲੀ ਸਿੱਖ ਫੈਡਰੇਸ਼ਨ ਜਰਮਨੀ, ਸਾਬਕਾ ਪ੍ਰਧਾਨ ਭਾਈ ਬਲਕਾਰ ਸਿੰਘ ਵਰਲੱਡ ਸਿੱਖ ਪਾਰਲੀਮੈਂਟ ਭਾਈ ਗੁਰਚਰਨ ਸਿੰਘ ਗੁਰਾਇਆ, ਸਾਬਕਾ ਪ੍ਰਧਾਨ ਭਾਈ ਨਰਿੰਦਰ ਸਿੰਘ ਨੇ ਸੰਗਤਾਂ ਨਾਲ ਵੀਚਾਰਾਂ ਵਿੱਚ ਸਾਂਝੇ ਰੂਪ ਵਿੱਚ ਕੌਮੀ ਸ਼ਹੀਦਾਂ ਨੂੰ ਨਾਤਮਸਤਿਕ ਹੁੰਦਿਆਂ ਹੋਇਆ ਕਿਹਾ ਕਿ ਜ਼ਿੰਦਾ ਤੇ ਸੁੱਖਾ ਨੇ ਬਹਾਦਰੀ ਤੇ ਲਾਸਾਨੀ ਸ਼ਹਾਦਤ ਨਾਲ ਖਾਲਸਾਈ ਗਗਨ ਨੂੰ ਤਾਂ ਲਟ-ਲਟ ਰੌਸ਼ਨ ਕੀਤਾ ਹੀ ਹੈ ਪਰ ਨਾਲ ਹੀ ਉਹ ਅਜੋਕੇ ਖਾਲਿਸਤਾਨੀ ਸੰਗਰਾਮ ਦੇ ਮੁੱਖ ਕੇਂਦਰ ਬਿੰਦੂ ਵੀ ਹੋ ਨਿੱਬੜੇ ਹਨ। ਲੱਖਾਂ ਫੌਜਾਂ ਦੀ ਕਮਾਂਡ ਕਰਨ ਵਾਲਾ ਅਕਾਲ ਤਖਤ ਸਾਹਿਬ 'ਤੇ ਹਮਲਾਵਰ ਜਨਰਲ ਵੈਦਿਆ ਤਾਂ ਇਤਿਹਾਸ ਦੇ ਘੱਟੇ ਵਿੱਚ ਗੁਆਚ ਗਿਆ ਹੈ ਪਰ ਭਾਈ ਜਿੰਦਾ ਤੇ ਭਾਈ ਸੁੱਖਾ ਖਾਲਿਸਤਾਨੀ ਫੌਜਾਂ ਦੇ ਸਦੀਵੀ ਜਰਨੈਲ ਸਥਾਪਤ ਹੋ ਗਏ ਹਨ, ਜਿਹਨਾਂ ਦੀ ਬਹਾਦਰੀ ਤੇ ਨਿਰਭੈਤਾ ਦਾ ਲੋਹਾ ਦੁਸ਼ਮਣ ਨੇ ਵੀ ਮੰਨਿਆ ਹੈ।



ਜੰਗ ਦੇ ਮੈਦਾਨ ਵਿੱਚ ਬੱਬਰ ਸ਼ੇਰ ਦੀ ਗਰਜ ਰੱਖਣ ਵਾਲੇ ਇਨ੍ਹਾਂ ਸੂਰਮਿਆਂ ਨੇ ਫਾਂਸੀ ਦੇ ਰੱਸੇ ਨੂੰ ਗਲ 'ਚ ਪਾਉਣ ਤੱਕ ਦਾ ਸਫਰ ਸੰਤਤਾਈ ਦੀ ਉੱਚ ਅਤਮਿਕ ਅਵਸਥਾ ਵਿੱਚ ਵਿਚਰਦਿਆਂ ਤੈਅ ਕੀਤਾ। ਪਰ ਨਿਰਮਾਣਤਾ ਦੇ ਪੁੰਜ ਵੀਰਿਆਂ ਨੇ ਜਲਾਦ ਨੂੰ ਵੀ ਗਲ ਨਾਲ ਲਾ ਕੇ ਵਧਾਈ ਦਿੱਤੀ ਤੇ ਜੇਲ ਵਿੱਚ ਮਿਠਾਈ ਵੰਡੀ । ਸਿੱਖ ਕੌਮ ਦੇ ਇਹਨਾਂ ਮਹਾਨ ਯੋਧਿਆਂ ਦੀ ਕੁਰਬਾਨੀ ਨੂੰ ਸਾਡਾ ਸਿਰ ਝੁਕਦਾ ਜੋ ਹੱਸਦੇ ਹੱਸਦੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ ਗਜਾਉਂਦਿਆਂ ਫਾਂਸੀ ਦੇ ਰੱਸਿਆਂ 'ਤੇ ਝੂਟਾ ਲੈ ਗਏ ਇਹਨਾਂ ਮਹਾਨ ਸ਼ਹੀਦਾਂ ਵੱਲ਼ੋ ਅਰੰਭੇ ਗਏ ਸੰਘਰਸ਼ ਵਿੱਚ ਸਾਨੂੰ ਮਿਲ ਕੇ ਯੋਗਦਾਨ ਪਾਉਣਾ ਚਾਹੀਦਾ ਹੈ ਭਾਈ ਅਨੂਪ ਸਿੰਘ ਪ੍ਰਧਾਨ ਨੇ ਸ਼ਹੀਦੀ ਸਮਾਗਮ ਵਿੱਚ ਸਹਿਯੋਗ ਦੇਣ ਲਈ ਸਮੁੱਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਤੇ ਸ਼ਹੀਦਾਂ ਨੂੰ ਸ਼ਰਧਾਂ ਦੇ ਫੁੱਲ ਅਰਪੱਣ ਕੀਤੇ ਅਤੇ ਸਮੁੱਚੀਆਂ ਸੰਗਤਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਤੇ ਜਥੇਦਾਰ ਭਾਈ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਸ਼ਹੀਦ ਭਾਈ ਪੰਜਵੜ੍ਹ ਸ਼ਹੀਦ ਭਾਈ ਨਿਜੱਰ ਭਾਈ ਗਜਿੰਦਰ ਸਿੰਘ ਦੀਆਂ ਤਸਵੀਰਾਂ ਅਜਾਇਬ ਘਰ ਵਿੱਚ ਲਾਉਣ ਦੇ ਅੰਦੇਸ਼ਾਂ ਤੇ ਅਮਲ ਕਰੇ, ਭਾਈ ਪ੍ਰਿਥੀਪਾਲ ਸਿੰਘ ਧਰਮੀ ਫ਼ੌਜੀ ਦਾ ਸਿਰੋਪਾਉ ਦੇ ਕੇ ਸਨਮਾਨ ਕੀਤਾ ਗਿਆ ।

# 'ਗੋ ਬੈਕ ਟੂ ਇੰਡੀਆ': ਆਇਰਲੈਂਡ 'ਚ ਭਾਰਤੀ ਔਰਤ 'ਤੇ ਨਸਲੀ ਹਮਲਾ ਵੀਡੀਓ ਵਾਇਰਲ



ਡਬਲਿਨ ਵਿੱਚ ਇੱਕ ਭਾਰਤੀ ਨਾਗਰਿਕ ਮਹਿਲਾ ਨਾਲ ਨਸਲੀ ਵਿਤਕਰੇ ਦੀ ਘਟਨਾ ਸਾਹਮਣੇ ਆਏ ਆਈ ਹੈ। ਜ਼ਿਕਰਯੋਗ ਹੈ ਕਿ ਸਵਾਤੀ ਵਰਮਾ ਨੂੰ 8 ਅਕਤੂਬਰ 2025 ਦੀ ਸ਼ਾਮ ਨੂੰ ਇੱਕ ਪ੍ਰੇਸ਼ਾਨ ਕਰਨ ਵਾਲੇ ਨਸਲੀ ਹਮਲੇ ਦਾ ਸਾਹਮਣਾ ਕਰਨਾ ਪਿਆ ਜਦੋਂ ਉਹ ਆਪਣੇ ਘਰ ਜਾ ਰਹੀ ਸੀ। ਇੱਕ ਅਣਜਾਣ ਮਹਿਲਾ ਨੇ ਆਇਰਲੈਂਡ ਵਿੱਚ ਉਸ ਨੂੰ ਰੋਕਿਆ ਅਤੇ ਮੌਜੂਦਗੀ ਬਾਰੇ ਨਫ਼ਰਤ ਭਰੇ ਸਵਾਲ ਕੀਤੇ।

ਡਬਲਿਨ ਵਿੱਚ ਭਾਰਤੀ ਨਾਗਰਿਕ ਸਵਾਤੀ ਵਰਮਾ ਨਾਲ ਇਹ ਘਟਨਾ ਉਦੋਂ ਵਾਪਰੀ ਜਦੋਂ ਉਹ ਆਪਣੇ ਜਿੰਮ ਤੋਂ ਘਰ ਜਾ ਰਹੀ ਸੀ। ਇਸ ਘਟਨਾ ਨੇ ਆਇਰਲੈਂਡ ਵਿੱਚ ਨਸਲਵਾਦ ਸਬੰਧਤ ਮੁੱਦੇ ਅਤੇ ਪਰਵਾਸੀਆਂ ਦੇ ਅਨੁਭਵ ਬਾਰੇ ਕੌਮੀ ਗੱਲਬਾਤ ਸ਼ੁਰੂ ਕਰ ਦਿੱਤੀ ਹੈ। ਇਸ ਬਾਰੇ ਸਵਾਤੀ ਵਰਮਾ ਨੇ ਆਪਣੇ ਇੰਸਟਾਗ੍ਰਾਮ ਤੇ ਇੱਕ ਵੀਡੀਓ ਵੀ ਸਾਂਝੀ ਕੀਤੀ ਹੈ।

ਵਰਮਾ ਨੂੰ ਰੋਕਣ ਵਾਲੀ ਮਹਿਲਾ ਨੇ ਡਬਲਿਨ ਸਿਟੀ ਯੂਨੀਵਰਸਿਟੀ ਦਾ ਬੈਜ ਪਾਇਆ ਹੋਇਆ ਸੀ। ਵਰਮਾ ਨੇ ਸੋਚਿਆ ਕਿ ਔਰਤ ਕੁੱਝ ਪੁੱਛਣਾ ਚਾਹੁੰਦੀ ਹੈ, ਪਰ ਇਸ ਦੀ ਬਜਾਏ ਉਸ ਨੂੰ ਨਸਲੀ ਭੇਦਭਾਵ ਨਾਲ ਭਰੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ।ਔਰਤ ਨੇ ਹਮਲਾਵਰ ਸੁਰ ਵਿੱਚ ਪੁੱਛਿਆ, ਤੁਸੀਂ ਆਇਰਲੈਂਡ ਕਿਉਂ ਆਏ ਹੋ? ਤੁਸੀਂ ਇੱਥੇ ਕੀ ਕਰ ਰਹੇ ਹੋ? ਤੁਸੀਂ ਵਾਪਸ ਭਾਰਤ ਕਿਉਂ ਨਹੀਂ ਚਲੇ ਜਾਂਦੇ? ਵਰਮਾ, ਜੋ ਕਿ ਹੈਰਾਨ ਅਤੇ ਡਰੀ ਹੋਈ ਸੀ, ਨੇ ਸ਼ਾਂਤ ਰਹਿਣ ਦੀ ਕੋਸ਼ਿਸ਼ ਕੀਤੀ। ਉਸਨੇ ਬਾਅਦ ਵਿੱਚ ਇੰਸਟਾਗ੍ਰਾਮ 'ਤੇ ਦੱਸਿਆ, ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਨੂੰ ਉਸ ਥਾਂ ਤੇ ਆਪਣੀ ਮੌਜੂਦਗੀ ਨੂੰ ਸਹੀ ਠਹਿਰਾਉਣਾ ਪਵੇਗਾ ਜਿੱਥੇ ਮੈਂ ਹਰ ਰੋਜ਼ ਜਾਂਦੀ ਹਾਂ।

# ਕੈਨੇਡੀਅਨ ਪੁਲਿਸ ਵੱਲੋਂ 8 ਭਾਰਤੀ ਮੂਲ ਦੇ ਵਿਅਕਤੀਆਂ ਨੂੰ ਚਿੱਠੀ ਚੋਰੀ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ

ਕੈਨੇਡਾ ਦੀ ਪੁਲਿਸ ਨੇ ਚਿੱਠੀ ਚੋਰੀ, ਜਿਸ ਵਿੱਚ ਕਰੈਡਿਟ ਕਾਰਡ ਤੇ ਚੈੱਕ ਸ਼ਾਮਲ ਸਨ, ਦੇ ਮਾਮਲੇ ਚ 8 ਭਾਰਤੀ ਮੂਲ ਦੇ ਆਦਮੀਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਤੇ 300 ਤੋਂ ਵੱਧ ਮੁਕੱਦਮੇ ਦਰਜ ਕੀਤੇ ਹਨ। ਕੁਝ ਉੱਤੇ ਦੇਸ਼ ਨਿਕਾਲੇ ਦੀ ਕਾਰਵਾਈ ਵੀ ਹੋ ਸਕਦੀ ਹੈ, ਸਥਾਨਕ ਮੀਡੀਆ ਨੇ ਰਿਪੋਰਟ ਕੀਤਾ। ਪੀਲ ਪੁਲਿਸ ਨੇ ਸ਼ੱਕੀ ਵਿਅਕਤੀਆਂ ਤੋਂ 450 ਤੋਂ ਵੱਧ ਚੋਰੀ ਹੋਈ ਚਿੱਠੀਆਂ, ਜਿਵੇਂ ਕਿ ਕਰੈਡਿਟ ਕਾਰਡ ਅਤੇ ਚੈੱਕ, ਜਿਨ੍ਹਾਂ ਦੀ ਕੁੱਲ ਕੀਮਤ 4 ਲੱਖ ਕੈਨੇਡੀਅਨ ਡਾਲਰ ਤੋਂ ਵੱਧ ਹੈ, ਬਰਾਮਦ ਕੀਤੀਆਂ ਹਨ, ਛਠਞ ਨਿਊਜ਼ ਨੇ ਰਿਪੋਰਟ ਕੀਤਾ।ਜਾਂਚ ਦੌਰਾਨ ਖੁਲਾਸਾ ਹੋਇਆ ਕਿ ਕੁਝ ਵਿਅਕਤੀ ਇਕੱਠੇ ਹੋ ਕੇ ਰਹਾਇਸ਼ੀ ਮੇਲਬਾਕਸਾਂ ਨੂੰ ਨਿਸ਼ਾਨਾ ਬਣਾ ਰਹੇ ਸਨ, ਜਿਸ ਕਾਰਨ ਵਿਆਪਕ ਪੱਧਰ ਤੇ ਚੋਰੀ ਅਤੇ ਸਮਾਜਕ ਮੈਂਬਰਾਂ ਲਈ ਪਰੇਸ਼ਾਨੀ ਪੈਦਾ ਹੋਈ, ਪੁਲਿਸ ਦੇ ਪ੍ਰੈਸ ਰਿਲੀਜ਼ ਦਾ ਹਵਾਲਾ ਦਿੰਦਿਆਂ ਰਿਪੋਰਟ ਵਿੱਚ ਕਿਹਾ ਗਿਆ।ਪੀਲ ਪੁਲਿਸ, ਹੈਲਟਨ ਪੁਲਿਸ ਅਤੇ ਕੈਨੇਡਾ ਪੋਸਟ ਨੇ ਅਪ੍ਰੈਲ ਵਿੱਚ ਪ੍ਰੋਜੈਕਟ ਅਨਡਿਲੀਵਰੇਬਲ ਨਾਂ ਦੀ ਸਾਂਝੀ ਕਾਰਵਾਈ ਸ਼ੁਰੂ ਕੀਤੀ ਸੀ, ਜਿਸ ਰਾਹੀਂ ਖੇਤਰ ਵਿੱਚ ਹੋ ਰਹੀਆਂ ਚਿੱਠੀ ਚੋਰੀਆਂ ਦੀ ਜਾਂਚ ਕੀਤੀ ਜਾ ਰਹੀ ਸੀ।ਪੁਲਿਸ ਨੇ ਦੱਸਿਆ ਕਿ ਂਚ ਦੌਰਾਨ ਇੱਕ ਗਰੁੱਪ ਦੀ ਪਛਾਣ ਹੋਈ ਜੋ ਰਹਾਇਸ਼ੀ ਮੇਲਬਾਕਸਾਂ ਨੂੰ ਨਿਸ਼ਾਨਾ ਬਣਾ ਕੇ ਵੱਡੇ ਪੱਧਰ ਤੇ ਚੋਰੀਆਂ ਕਰ ਰਿਹਾ ਸੀ, ਜਿਸ ਨਾਲ ਸਮੁਦਾਇ ਦੇ ਮੈਂਬਰਾਂ ਨੂੰ ਕਾਫ਼ੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

# APPRECIABLE ACHIEVEMENT



It is news for the Sikh youth both in India and Abroad that Partap Singh Khalsa a third generation American Sikh has been selected in US Marine Corp. He has been allowed to wear Turban as a special case. In American Defence services Marine Corp is considered the toughest special Army unit during attack on enemy. I have learnt that he is the second Sikh in the Marine Corp.S. Partap Singh was a student of Miri-Piri Academy Amritsar started by Yogi Bhajan. His father and grandfather are practicing Sikhs.

# ਭਾਰਤੀ ਵਿਸ਼ੇਸ਼ ਫੌਜਾਂ ਵਿੱਚ ਟੇਵਰ ਗੰਨ ਪਹਿਲੀ ਪਸੰਦ

## ○ ਇਜ਼ਰਾਈਲ ਤੋਂ ਤਿਆਰ ਟੇਵਰ ਰਾਈਫਲ ਭਾਰਤੀ ਫੌਜ ਲਈ ਮਹਤਵਪੂਰਣ ਕਿਵੇਂ ਬਣੀ? ○ ਏਕੇ-47 ਨਾਲ ਟੇਵਰ ਦੀ ਕੀ ਹੈ ਵਿਲੱਖਣਤਾ

ਭਾਰਤੀ ਵਿਸ਼ੇਸ਼ ਫੌਜਾਂ, ਜਿਵੇਂ ਕਿ ਮਾਰਕੋਸ (ਸਮੁੰਦਰੀ ਕਮਾਂਡੋ), ਗਰੁੜ ਵਿਸ਼ੇਸ਼ ਫੌਜਾਂ ਅਤੇ ਪੈਰਾ ਮਿਲਟਰੀ ਫੌਜਾਂ, ਆਪਣੀ ਅਸਾਧਾਰਨ ਕੁਸ਼ਲਤਾ, ਸਖਤ ਸਿਖਲਾਈ ਅਤੇ ਰਾਸ਼ਟਰੀ ਸੁਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਲਈ ਜਾਣੀਆਂ ਜਾਂਦੀਆਂ ਹਨ। ਇਹ ਇਕਾਈਆਂ ਸਭ ਤੋਂ ਵਧੀਆ ਹਥਿਆਰਾਂ ਅਤੇ ਰਣਨੀਤਕ ਸੰਦਾਂ ਨਾਲ ਲੈਸ ਹਨ, ਜੋ ਉਨ੍ਹਾਂ ਨੂੰ ਉੱਚ ਜੋਖਮ ਵਾਲੇ ਮਿਸ਼ਨਾਂ ਨੂੰ ਸਟੀਕਤਾ ਨਾਲ ਪੂਰਾ ਕਰਨ ਦੇ ਸਮਰੱਥ ਬਣਾਉਂਦੀਆਂ ਹਨ। ਇਨ੍ਹਾਂ ਹਥਿਆਰਾਂ ਵਿੱਚ, ਆਈ ਡਬਲਯੂ ਆਈ ਟੇਵਰ ਰਾਈਫਲ ਆਪਣੇ ਵਿਲੱਖਣ ਡਿਜ਼ਾਇਨ, ਬਹੁ-ਕਾਰਜੀ ਯੋਗਤਾ ਅਤੇ ਭਰੋਸੇਯੋਗਤਾ ਕਾਰਨ ਇੱਕ ਪਸੰਦੀਦਾ ਬਦਲ ਵਜੋਂ ਸਾਹਮਣੇ ਆਈ ਹੈ।



### ਟੇਵਰ ਰਾਈਫਲ ਦਾ ਵਿਕਾਸ ਅਤੇ ਭਾਰਤ ਨਾਲ ਸਬੰਧ

ਟੇਵਰ ਰਾਈਫਲ ਨੂੰ ਇਜ਼ਰਾਈਲ ਵਿੱਚ ਇਜ਼ਰਾਈਲ ਵੈਪਨ ਇੰਡਸਟਰੀਜ਼ ਨੇ ਵਿਕਸਿਤ ਕੀਤਾ। ਇਹ ਇੱਕ ਆਧੁਨਿਕ ਬੁੱਲਪੁਪ ਡਿਜ਼ਾਇਨ ਵਾਲੀ ਰਾਈਫਲ ਹੈ, ਜਿਸ ਨੂੰ ਪਹਿਲੀ ਵਾਰ 1990 ਦੇ ਦਹਾਕੇ ਵਿੱਚ ਇਜ਼ਰਾਈਲ ਰੱਖਿਆ ਫੌਜਾਂ ਲਈ ਤਿਆਰ ਕੀਤਾ ਗਿਆ ਸੀ। ਭਾਰਤ ਅਤੇ ਇਜ਼ਰਾਈਲ ਦੀ ਰਣਨੀਤਕ ਸਾਂਝੇਦਾਰੀ ਦੇ ਚੱਲਦਿਆਂ, ਟੇਵਰ ਰਾਈਫਲ ਨੂੰ 2000 ਦੇ ਦਹਾਕੇ ਵਿੱਚ ਭਾਰਤੀ ਵਿਸ਼ੇਸ਼ ਫੌਜਾਂ ਵਿੱਚ ਪੇਸ਼ ਕੀਤਾ ਗਿਆ। ਸਭ ਤੋਂ ਪਹਿਲਾਂ, ਸਪੈਸ਼ਲ ਫਰੰਟੀਅਰ ਫੋਰਸ ਅਤੇ ਪੈਰਾ ਵਿਸ਼ੇਸ਼ ਫੌਜਾਂ ਨੇ ਇਸ ਨੂੰ ਅਪਣਾਇਆ। ਸ਼ੁਰੂਆਤੀ ਦੌਰ ਵਿੱਚ ਕੁਝ ਤਕਨੀਕੀ ਸਮੱਸਿਆਵਾਂ ਸਾਹਮਣੇ ਆਈਆਂ, ਪਰ ਇਜ਼ਰਾਈਲ ਵੈਪਨ ਇੰਡਸਟਰੀਜ਼ ਅਤੇ ਭਾਰਤੀ ਫੌਜ ਦੇ ਸਹਿਯੋਗ ਨਾਲ ਇਹਨਾਂ ਨੂੰ ਸੁਧਾਰਿਆ ਗਿਆ, ਜਿਸ ਨੇ ਟੇਵਰ ਨੂੰ ਇੱਕ ਭਰੋਸੇਯੋਗ ਅਤੇ ਪਸੰਦੀਦਾ ਹਥਿਆਰ ਬਣਾ ਦਿੱਤਾ।

ਭਾਰਤੀ ਵਿਸ਼ੇਸ਼ ਫੌਜਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ, ਟੇਵਰ ਦੇ ਵੱਖ-ਵੱਖ ਰੂਪਾਂ ਨੂੰ ਅਨੁਕੂਲ ਬਣਾਇਆ ਗਿਆ। ਮਿਸਾਲ ਵਜੋਂ, ਟੇਵਰ ਟੀਏਆਰ-21 ਅਤੇ ਐਕਸ95 (ਮਾਈਕਰੋ-ਟੇਵਰ) ਵਰਗੇ ਮਾਡਲ ਵਿਸ਼ੇਸ਼ ਫੌਜਾਂ ਦੀਆਂ ਵਿਭਿੰਨ ਲੋੜਾਂ ਜਿਵੇਂ ਕਿ ਨੇੜਲੇ ਮੁਕਾਬਲੇ ਅਤੇ ਲੰਬੀ ਰੇਂਜ ਦੀ ਲੜਾਈ ਲਈ ਵਰਤੇ ਜਾਂਦੇ ਹਨ। ਇਜ਼ਰਾਈਲ ਅਤੇ ਭਾਰਤ ਦੀ ਸਾਂਝੇਦਾਰੀ ਨੇ ਨਾ ਸਿਰਫ ਟੇਵਰ ਨੂੰ ਭਾਰਤ ਵਿੱਚ ਪ੍ਰਸਿੱਧ ਕੀਤਾ, ਸਗੋਂ ਇਸ ਦੀ ਤਕਨੀਕ ਨੂੰ ਸਥਾਨਕ ਸਥਿਤੀਆਂ ਅਨੁਸਾਰ ਅਨੁਕੂਲਿਤ ਕਰਨ ਵਿੱਚ ਵੀ ਮਦਦ ਕੀਤੀ।

### ਟੇਵਰ ਦਾ ਡਿਜ਼ਾਈਨ ਅਤੇ ਵਿਸ਼ੇਸ਼ਤਾਵਾਂ

ਟੇਵਰ ਰਾਈਫਲ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦਾ ਬੁੱਲਪੁਪ ਡਿਜ਼ਾਈਨ ਹੈ। ਇਸ ਡਿਜ਼ਾਈਨ ਵਿੱਚ ਮੈਗਜ਼ੀਨ ਅਤੇ ਬੋਲਟ ਕੈਰੀਅਰ ਨੂੰ ਪਿਸਤੌਲ ਦੀ ਮੁੱਠ ਦੇ ਪਿੱਛੇ ਰੱਖਿਆ ਜਾਂਦਾ ਹੈ, ਜਿਸ ਨਾਲ ਰਾਈਫਲ ਦੀ ਲੰਬਾਈ ਘਟ ਜਾਂਦੀ ਹੈ ਪਰ ਨਾਲ ਦੀ ਨਾਲ ਨਲੀ (ਬੈਰਲ) ਦੀ ਲੰਬਾਈ ਬਰਕਰਾਰ ਰਹਿੰਦੀ ਹੈ। ਇਹ ਵਿਸ਼ੇਸ਼ਤਾ ਟੇਵਰ ਨੂੰ ਨੇੜਲੇ ਮੁਕਾਬਲੇ ਲਈ ਬਹੁਤ ਅਨੁਕੂਲ ਬਣਾਉਂਦੀ ਹੈ, ਕਿਉਂਕਿ ਇਹ ਸੰਘਣੀ ਜਗ੍ਹਾਵਾਂ ਵਿੱਚ ਵੀ ਆਸਾਨੀ ਨਾਲ ਵਰਤੀ ਜਾ ਸਕਦੀ ਹੈ।

ਰੇਂਜ ਅਤੇ ਸਟੀਕਤਾ: ਟੇਵਰ ਰਾਈਫਲ ਮੁੱਖ ਤੌਰ 'ਤੇ 5.56"45 ਐਮਐਮ ਨਾਟੋ ਗੋਲੀਆਂ ਦੀ ਵਰਤੋਂ ਕਰਦੀ ਹੈ, ਜੋ ਇਸ ਨੂੰ 300 ਤੋਂ 500 ਮੀਟਰ ਦੀ ਪ੍ਰਭਾਵੀ ਰੇਂਜ ਦਿੰਦੀਆਂ ਹਨ। ਨਾਟੋ ਗੋਲੀਆਂ ਉਹ ਗੋਲੀਆਂ (ਬੁਲੇਟਸ) ਹਨ, ਜੋ ਨੌਰਥ ਅਟਲਾਂਟਿਕ ਟਰੀਟੀ ਆਰਗੇਨਾਈਜ਼ੇਸ਼ਨ (ਨਾਟੋ) ਦੇ ਮੈਂਬਰ ਦੇਸ਼ਾਂ ਦੀਆਂ ਫੌਜਾਂ ਦੁਆਰਾ ਵਰਤੀਆਂ ਜਾਂਦੀਆਂ ਹਨ। ਇਹ ਗੋਲੀਆਂ ਨਾਟੋ ਦੇ ਮਿਲਟਰੀ ਮਿਆਰਾਂ ਅਨੁਸਾਰ ਤਿਆਰ ਕੀਤੀਆਂ ਜਾਂਦੀਆਂ ਹਨ, ਤਾਂ ਜੋ ਵੱਖ-ਵੱਖ ਦੇਸ਼ਾਂ ਦੀਆਂ ਫੌਜਾਂ ਵਿੱਚ ਇਕਸਾਰਤਾ ਅਤੇ ਅਨੁਕੂਲਤਾ ਬਣੀ ਰਹੇ। ਨਾਟੋ ਗੋਲੀਆਂ ਦੀ ਵਰਤੋਂ ਹਥਿਆਰਾਂ, ਜਿਵੇਂ ਕਿ ਰਾਈਫਲਾਂ ਅਤੇ ਮਸ਼ੀਨ ਗੰਨਾਂ, ਵਿੱਚ ਕੀਤੀ ਜਾਂਦੀ ਹੈ, ਅਤੇ ਇਹ ਆਧੁਨਿਕ ਯੁੱਧ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਡਿਜ਼ਾਈਨ ਕੀਤੀਆਂ ਜਾਂਦੀਆਂ ਹਨ।


ਵਿਸ਼ੇਸ਼ ਸਥਿਤੀਆਂ ਵਿੱਚ, ਜਦੋਂ ਰਾਤ ਦੇ ਦ੍ਰਿਸ਼ਟੀਕੋਣ (ਨਾਈਟ ਵਿਜ਼ਨ) ਅਤੇ ਆਪਟਿਕਸ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਦੀ ਸਟੀਕਤਾ ਹੋਰ ਵਧ ਜਾਂਦੀ ਹੈ। ਇਸ ਦਾ ਸੰਤੁਲਿਤ ਡਿਜ਼ਾਈਨ ਅਤੇ ਗੁਰੂਤਾਕਰਸ਼ਣ ਕੇਂਦਰ ਪਿਸਤੌਲ ਦੀ ਮੁੱਠ ਦੇ ਨੇੜੇ ਹੋਣ ਕਾਰਨ, ਇਸ ਨੂੰ ਇੱਕ ਹੱਥ ਨਾਲ ਵੀ ਸੰਭਾਲਿਆ ਜਾ ਸਕਦਾ ਹੈ, ਜੋ ਉੱਚ ਦਬਾਅ ਵਾਲੀਆਂ ਸਥਿਤੀਆਂ ਵਿੱਚ ਬਹੁਤ ਲਾਭਕਾਰੀ ਹੁੰਦਾ ਹੈ।

ਗੋਲੀਆਂ ਦੀ ਗਤੀ: ਟੇਵਰ ਰਾਈਫਲ ਦੀ ਫਾਇਰਿੰਗ ਗਤੀ ਲਗਭਗ 700 ਤੋਂ 900 ਗੋਲੀਆਂ ਪ੍ਰਤੀ ਮਿੰਟ ਹੈ, ਜੋ ਇਸ ਨੂੰ ਤੇਜ਼ ਅਤੇ ਪ੍ਰਭਾਵੀ ਬਣਾਉਂਦੀ ਹੈ। ਇਸ ਦੀ ਲੌਂਗ-ਸਟ੍ਰੋਕ ਗੈਸ ਪਿਸਟਨ ਪ੍ਰਣਾਲੀ ਇਸ ਨੂੰ ਬਹੁਤ ਭਰੋਸੇਯੋਗ ਬਣਾਉਂਦੀ ਹੈ, ਕਿਉਂਕਿ ਇਹ ਪ੍ਰਣਾਲੀ ਐਮ1 ਅਤੇ ਏਕੇ-47 ਵਰਗੀਆਂ ਰਾਈਫਲਾਂ ਵਿੱਚ ਵੀ ਵਰਤੀ ਜਾਂਦੀ ਹੈ।

ਭਰੋਸੇਯੋਗਤਾ: ਟੇਵਰ ਦੀ ਭਰੋਸੇਯੋਗਤਾ ਦਾ ਸਬੂਤ ਇਜ਼ਰਾਈਲ ਰੱਖਿਆ ਫੌਜਾਂ ਦੇ ਟੈਸਟਾਂ ਵਿੱਚ ਮਿਲਦਾ ਹੈ, ਜਿੱਥੇ ਇਸ ਨੇ ਐਮ4 ਅਤੇ ਐਮ16 ਰਾਈਫਲਾਂ ਨੂੰ ਪਛਾੜ ਦਿੱਤਾ। ਇਹ ਰਾਈਫਲ ਧੂੜ, ਮਿੱਟੀ, ਅਤੇ ਗਿੱਲੇ ਮੌਸਮ ਵਿੱਚ ਵੀ ਬਿਨਾਂ ਕਿਸੇ ਅੜਚਣ ਦੇ ਕੰਮ ਕਰਦੀ ਹੈ, ਜੋ ਇਸ ਨੂੰ ਭਾਰਤ ਦੇ ਵਿਭਿੰਨ ਭੂਗੋਲਿਕ ਖੇਤਰਾਂ ਜਿਵੇਂ ਕਿ ਰੇਗਿਸਤਾਨ, ਪਹਾੜ ਅਤੇ ਸਮੁੰਦਰੀ ਖੇਤਰਾਂ ਵਿੱਚ ਵਰਤਣ ਲਈ ਅਨੁਕੂਲ ਬਣਾਉਂਦੀ ਹੈ।

### ਏਕੇ-47 ਨਾਲ ਟੇਵਰ ਦੀ ਤੁਲਨਾ

ਏਕੇ-47, ਸੋਵੀਅਤ ਸੰਘ ਦੁਆਰਾ ਵਿਕਸਿਤ ਇੱਕ ਪੁਰਾਣੀ ਪਰ ਬਹੁਤ ਮਸ਼ਹੂਰ ਰਾਈਫਲ ਹੈ। ਇਹ 7.62"39 ਐਮਐਮ ਗੋਲੀਆਂ ਦੀ ਵਰਤੋਂ ਕਰਦੀ ਹੈ ਅਤੇ ਆਪਣੀ ਸਰਲਤਾ ਅਤੇ ਮਜ਼ਬੂਤੀ ਲਈ ਜਾਣੀ ਜਾਂਦੀ ਹੈ। ਪਰ ਟੇਵਰ ਅਤੇ ਏਕੇ-47 ਵਿੱਚ ਕਈ ਮੁੱਖ ਵੱਖਰੇਵੇਂ ਹਨ:



ਡਿਜ਼ਾਈਨ : ਏਕੇ-47 ਇੱਕ ਰਵਾਇਤੀ ਰਾਈਫਲ ਡਿਜ਼ਾਈਨ ਵਾਲੀ ਹੈ, ਜਿਸ ਵਿੱਚ ਮੈਗਜ਼ੀਨ ਅਤੇ ਬੋਲਟ ਕੈਰੀਅਰ ਨਲੀ ਦੇ ਸਾਹਮਣੇ ਹੁੰਦੇ ਹਨ। ਇਸ ਕਾਰਨ ਇਸ ਦੀ ਲੰਬਾਈ ਜ਼ਿਆਦਾ ਹੁੰਦੀ ਹੈ, ਜੋ ਨੇੜਲੇ ਮੁਕਾਬਲੇ ਵਿੱਚ ਅਸੁਵਿਧਾਜਨਕ ਹੋ ਸਕਦੀ ਹੈ। ਟੇਵਰ ਦਾ ਬੁੱਲਪੁਪ ਡਿਜ਼ਾਈਨ ਇਸ ਨੂੰ ਸੰਘਣਾ ਅਤੇ ਹਲਕਾ ਬਣਾਉਂਦਾ ਹੈ, ਜੋ ਸੰਘਣੀਆਂ ਜਗ੍ਹਾਵਾਂ ਵਿੱਚ ਵਰਤਣ ਲਈ ਵਧੀਆ ਹੈ।

ਰੇਂਜ ਅਤੇ ਸਟੀਕਤਾ : ਏਕੇ-47 ਦੀ ਪ੍ਰਭਾਵੀ ਰੇਂਜ 300 ਮੀਟਰ ਦੇ ਆਸਪਾਸ ਹੈ। ਇਸ ਦੀ 7.62 ਐਮਐਮ ਗੋਲੀਆਂ ਵਧੇਰੇ ਨੁਕਸਾਨ ਪਹੁੰਚਾਉਂਦੀਆਂ ਹਨ, ਪਰ ਸਟੀਕਤਾ ਵਿੱਚ ਕਮੀ ਹੁੰਦੀ ਹੈ। ਟੇਵਰ ਦੀ 5 ਗੋਲੀਆਂ 500 ਮੀਟਰ ਤੱਕ ਪ੍ਰਭਾਵੀ ਰੇਂਜ ਦਿੰਦੀਆਂ ਹਨ ਅਤੇ ਵਧੇਰੇ ਸਟੀਕਤਾ ਪ੍ਰਦਾਨ ਕਰਦੀਆਂ ਹਨ।

ਭਰੋਸੇਯੋਗਤਾ : ਏਕੇ-47 ਆਪਣੀ ਸਰਲਤਾ ਅਤੇ ਮਜ਼ਬੂਤੀ ਲਈ ਮਸ਼ਹੂਰ ਹੈ। ਇਹ ਕਿਸੇ ਵੀ ਮੌਸਮ ਜਾਂ ਸਥਿਤੀ ਵਿੱਚ ਬਿਨਾਂ ਅੜਚਣ ਦੇ ਕੰਮ ਕਰ ਸਕਦੀ ਹੈ।

ਟੇਵਰ ਵੀ ਲੌਂਗ-ਸਟ੍ਰੋਕ ਗੈਸ ਪਿਸਟਨ ਪ੍ਰਣਾਲੀ ਦੀ ਵਰਤੋਂ ਕਰਦੀ ਹੈ, ਜੋ ਇਸ ਨੂੰ ਏਕੇ-47 ਦੀ ਤਰ੍ਹਾਂ ਭਰੋਸੇਯੋਗ ਬਣਾਉਂਦੀ ਹੈ, ਪਰ ਇਸ ਦਾ ਆਧੁਨਿਕ ਡਿਜ਼ਾਈਨ ਅਤੇ ਹਲਕਾ ਵਜ਼ਨ ਇਸ ਨੂੰ ਜ਼ਿਆਦਾ ਅਨੁਕੂਲ ਬਣਾਉਂਦਾ ਹੈ।

ਜੇਕਰ ਗੱਲ ਸਰਲਤਾ ਅਤੇ ਵਧੇਰੇ ਨੁਕਸਾਨ ਪਹੁੰਚਾਉਣ ਵਾਲੀ ਸ਼ਕਤੀ ਦੀ ਹੋਵੇ, ਤਾਂ ਏਕੇ-47 ਅਜੇ ਵੀ ਮਜ਼ਬੂਤ ਬਦਲ ਹੈ। ਪਰ ਜੇਕਰ ਸਟੀਕਤਾ, ਸੰਘਣਾਪਣ ਅਤੇ ਆਧੁਨਿਕ ਰਣਨੀਤਕ ਮਿਸ਼ਨਾਂ ਦੀ ਗੱਲ ਹੋਵੇ, ਤਾਂ ਟੇਵਰ ਸਪੱਸ਼ਟ ਤੌਰ 'ਤੇ ਬਿਹਤਰ ਹੈ। ਭਾਰਤੀ ਵਿਸ਼ੇਸ਼ ਫੌਜਾਂ ਨੇ ਟੇਵਰ ਨੂੰ ਇਸ ਦੀ ਸਟੀਕਤਾ ਅਤੇ ਅਨੁਕੂਲਤਾ ਕਾਰਨ ਪਸੰਦ ਕੀਤਾ ਹੈ। ਟੇਵਰ ਦੀ ਪ੍ਰਸਿੱਧੀ ਸਿਰਫ ਭਾਰਤ ਤੱਕ ਸੀਮਿਤ ਨਹੀਂ। ਇਜ਼ਰਾਈਲ, ਜਾਰਜੀਆ, ਥਾਈਲੈਂਡ ਅਤੇ ਕੋਲੰਬੀਆ ਵਰਗੇ ਦੇਸ਼ਾਂ ਦੀਆਂ ਫੌਜਾਂ ਵੀ ਇਸ ਨੂੰ ਵਰਤਦੀਆਂ ਹਨ। ਸੈਨਿਕ ਮਾਹਿਰ ਰਸਲ ਸੀ. ਟਿਲਸਟਰਾ ਨੇ ਆਪਣੀ ਕਿਤਾਬ "ਦਿ ਬੈਟਲ ਰਾਈਫਲ: ਡਿਵੈੱਲਪਮੈਂਟ ਐਂਡ ਯੂਜ਼ ਸਿੰਸ ਵਰਲਡ ਵਾਰ II" ਵਿੱਚ ਲਿਖਿਆ ਹੈ ਕਿ ਟੇਵਰ ਨੇ ਇਜ਼ਰਾਈਲੀ ਫੌਜ ਦੇ ਮੁਲਾਂਕਣ ਵਿੱਚ ਐਮ4 ਅਤੇ ਐਮ16 ਨੂੰ ਪਛਾੜਿਆ ਸੀ, ਜੋ ਇਸ ਦੀ ਸ਼ਕਤੀ ਅਤੇ ਭਰੋਸੇਯੋਗਤਾ ਦਾ ਸਬੂਤ ਹੈ।

# ਜ਼ੈੱਨ ਜ਼ੀ ਦੇ ਰੋਹ ਨਾਲ ਆਰਐਸਐਸ ਦੀ ਘਬਰਾਹਟ: ਨੇਪਾਲ ਅੰਦੋਲਨ ਨੂੰ ਅਰਾਜਕ ਕਿਉਂ ਕਿਹਾ ?

## ✪ ਮੋਹਨ ਭਾਗਵਤ ਦਾ ਡਰ: ਕੀ ਨੌਜਵਾਨ ਸੜਕਾਂ 'ਤੇ ਉੱਤਰਨਗੇ ? ✪ ਨੇਪਾਲ ਤੋਂ ਲੱਦਾਖ ਤੱਕ: ਜ਼ੈੱਨ ਜ਼ੀ ਅੰਦੋਲਨ ਨਾਲ ਭਾਜਪਾ 'ਤੇ ਸੰਕਟ ਛਾਇਆ ✪ ਫਿਰਕੂ ਨਾਅਰਿਆਂ ਦੀ ਆੜ 'ਚ ਜ਼ੈੱਨ ਜ਼ੀ ਦੀ ਜਾਗਰੂਕਤਾ ਨੂੰ ਕੁਚਲਣ ਦੀ ਸਾਜ਼ਿਸ਼ ?

ਨਾਗਪੁਰ-ਰਾਸ਼ਟਰੀ ਸਵਯੰਸੇਵਕ ਸੰਘ (ਆਰਐਸਐਸ) ਦੇ ਮੁਖੀ ਮੋਹਨ ਭਾਗਵਤ ਦੇ ਦੁਸਹਿਰੇ ਵਾਲੇ ਦਿਨ ਨਾਗਪੁਰ ਵਿੱਚ ਦਿੱਤੇ ਸਾਲਾਨਾ ਭਾਸ਼ਣ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਸੀ। ਭਾਗਵਤ ਨੇ ਆਪਣੇ ਭਾਸ਼ਣ ਵਿੱਚ ਨੇਪਾਲ ਦੇ ਹਾਲੀਆ ਜ਼ੈੱਨ ਜ਼ੀ (ਨੌਜਵਾਨ ਪੀੜ੍ਹੀ) ਅੰਦੋਲਨ ਨੂੰ 'ਅਰਾਜਕ' ਕਰਾਰ ਦਿੱਤਾ ਅਤੇ ਇਸ ਦੀ ਸਖ਼ਤ ਨਿੰਦਾ ਕੀਤੀ। ਪਰ ਸਵਾਲ ਇਹ ਉੱਠਦਾ ਹੈ ਕਿ ਇੱਕ ਸਫਲ ਜਮਹੂਰੀ ਅੰਦੋਲਨ ਨੂੰ ਅਰਾਜਕ ਕਹਿਣ ਪਿੱਛੇ ਭਾਗਵਤ ਦੀ ਮਜਬੂਰੀ ਕੀ ਹੈ ? ਕੀ ਉਹਨਾਂ ਨੂੰ ਭਾਰਤ ਦੇ ਨੌਜਵਾਨਾਂ ਦੇ ਰੋਹ ਅਤੇ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੂੰ ਜ਼ੈੱਨ ਜ਼ੀ ਤੋਂ ਮਿਲਣ ਵਾਲੀ ਚੁਣੌਤੀ ਦਾ ਡਰ ਸਤਾ ਰਿਹਾ ਹੈ ?

ਨੇਪਾਲ ਵਿੱਚ ਜ਼ੈੱਨ ਜ਼ੀ ਨੇ ਸਿਆਸੀ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਸੱਤਾ ਦੇ ਦੁਰਉਪਯੋਗ ਖ਼ਿਲਾਫ਼ ਸੜਕਾਂ 'ਤੇ ਉੱਤਰ ਕੇ ਵੱਡੀ ਸਿਆਸੀ ਪਰਿਵਰਤਨ ਦੀ ਚੰਗਿਆੜੀ ਸੁਲਗਾਈ ਸੀ। ਇਸ ਅੰਦੋਲਨ ਵਿੱਚ ਘੱਟੋ-ਘੱਟ 76 ਨੇਪਾਲੀ ਨਾਗਰਿਕਾਂ ਨੇ ਆਪਣੀ ਜਾਨ ਦੀ ਕੁਰਬਾਨੀ ਦਿੱਤੀ, ਜਿਸ ਨੇ ਨੇਪਾਲ ਦੀ ਸਿਆਸੀ ਤਸਵੀਰ ਬਦਲ ਦਿੱਤੀ। ਪਰ ਭਾਗਵਤ ਨੇ ਇਸ ਅੰਦੋਲਨ ਨੂੰ ਅਰਾਜਕ ਦੱਸ ਕੇ ਨਾ ਸਿਰਫ਼ ਇਸ ਦੀ ਮਹੱਤਤਾ ਨੂੰ ਘਟਾਉਣ ਦੀ ਕੋਸ਼ਿਸ਼ ਕੀਤੀ, ਸਗੋਂ ਇਹ ਸੰਕੇਤ ਵੀ ਦਿੱਤਾ ਕਿ ਉਹਨਾਂ ਨੂੰ ਅਜਿਹੇ ਅੰਦੋਲਨਾਂ ਦਾ ਭਾਰਤ ਵਿੱਚ ਫੈਲਣ ਦਾ ਖ਼ਦਸ਼ਾ ਹੈ।



ਮੋਹਨ ਭਾਗਵਤ ਦਾ ਇਹ ਬਿਆਨ ਬਿਹਾਰ, ਪੱਛਮੀ ਬੰਗਾਲ, ਆਸਾਮ, ਤਾਮਿਲਨਾਡੂ ਅਤੇ ਕੇਰਲਾ ਦੀਆਂ ਅਸੈਂਬਲੀ ਚੋਣਾਂ ਦੇ ਮੱਦੇਨਜ਼ਰ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਇਨ੍ਹਾਂ ਸੂਬਿਆਂ ਵਿੱਚ ਨੌਜਵਾਨ ਵੋਟਰਾਂ ਦੀ ਵੱਡੀ ਗਿਣਤੀ ਹੈ, ਜੋ ਰੁਜ਼ਗਾਰ, ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੇ ਮੁੱਦਿਆਂ 'ਤੇ ਸਰਕਾਰ ਨੂੰ ਸਵਾਲ ਕਰ ਰਹੇ ਹਨ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਬਹੁਮਤ ਨਾ ਮਿਲਣਾ ਇਸ ਗੱਲ ਦਾ ਸਬੂਤ ਹੈ ਕਿ ਲੋਕ, ਖ਼ਾਸਕਰ ਨੌਜਵਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਅਮਿਤ ਸ਼ਾਹ ਦੀ ਗ਼ੈਰ-ਜਮਹੂਰੀ ਕਾਰਜਸ਼ੈਲੀ ਤੋਂ ਨਾਰਾਜ਼ ਹਨ।

ਭਾਗਵਤ ਦੇ ਬਿਆਨ ਨੂੰ ਲੱਦਾਖ ਦੇ ਜ਼ੈੱਨ ਜ਼ੀ ਅੰਦੋਲਨ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ। ਲੱਦਾਖ ਵਿੱਚ ਜਲਵਾਯੂ ਕਾਰਕੁੰਨ ਸੋਨਮ ਵਾਂਗਚੁੱਕ ਦੀ ਗ੍ਰਿਫਤਾਰੀ ਨੇ ਪੂਰੇ ਦੇਸ਼ ਵਿੱਚ ਵਿਰੋਧ ਦੀ ਲਹਿਰ ਪੈਦਾ ਕੀਤੀ। ਲੱਦਾਖ ਦੇ ਨੌਜਵਾਨ ਵਾਤਾਵਰਣ ਸੁਰੱਖਿਆ, ਸਥਾਨਕ ਅਧਿਕਾਰਾਂ ਅਤੇ ਰੁਜ਼ਗਾਰ ਦੀ ਮੰਗ ਲਈ ਸੰਘਰਸ਼ ਕਰ ਰਹੇ ਹਨ, ਜੋ ਨੇਪਾਲ ਦੇ ਅੰਦੋਲਨ ਨਾਲ ਮਿਲਦਾ-ਜੁਲਦਾ ਹੈ। ਭਾਗਵਤ ਨੂੰ ਡਰ ਹੈ ਕਿ ਇਹ ਅੰਦੋਲਨ ਭਾਰਤ ਦੇ ਹੋਰ ਹਿੱਸਿਆਂ ਵਿੱਚ ਵੀ ਫੈਲ ਸਕਦੇ ਹਨ, ਜਿਸ ਨਾਲ ਭਾਜਪਾ ਅਤੇ ਆਰਐਸਐਸ ਦੀ ਸਿਆਸੀ ਜ਼ਮੀਨ ਖਿਸਕ ਸਕਦੀ ਹੈ।

ਭਾਗਵਤ ਨੂੰ ਇਹ ਵੀ ਪਤਾ ਹੈ ਕਿ ਨੌਜਵਾਨਾਂ ਨੂੰ 'ਆਈ ਲਵ ਮੁਹੰਮਦ', 'ਰਾਮ ਆਏਂਗੇ' ਜਾਂ 'ਕਾਸ਼ੀ ਵਿਸ਼ਵਨਾਥ ਲੈ ਕੇ ਰਹਾਂਗੇ' ਵਰਗੇ ਫਿਰਕੂ ਨਾਅਰਿਆਂ ਵਿੱਚ ਜ਼ਿਆਦਾ ਦੇਰ ਤੱਕ ਉਲਝਾਈ ਨਹੀਂ ਰੱਖਿਆ ਜਾ ਸਕਦਾ। ਅੱਜ ਦਾ ਨੌਜਵਾਨ ਰੁਜ਼ਗਾਰ, ਬਰਾਬਰੀ, ਸਿੱਖਿਆ ਅਤੇ ਪ੍ਰਗਟਾਵੇ ਦੀ ਆਜ਼ਾਦੀ ਵਰਗੇ ਮੁੱਦਿਆਂ 'ਤੇ ਗੱਲ ਕਰਨਾ ਚਾਹੁੰਦਾ ਹੈ। ਜੇਕਰ ਸਰਕਾਰ ਇਨ੍ਹਾਂ ਮੁੱਦਿਆਂ 'ਤੇ ਧਿਆਨ ਨਾ ਦੇਵੇਗੀ, ਤਾਂ ਨੌਜਵਾਨ ਸੜਕਾਂ 'ਤੇ ਉੱਤਰਣ ਲਈ ਮਜਬੂਰ ਹੋਣਗੇ।

### ਸਰਕਾਰੀ ਦਮਨ ਦੀ ਤਿਆਰੀ ?

ਭਾਗਵਤ ਦਾ ਬਿਆਨ ਜਲਵਾਯੂ ਕਾਰਕੁੰਨ ਸੋਨਮ ਵਾਂਗਚੁੱਕ ਦੀ ਗ੍ਰਿਫਤਾਰੀ ਖ਼ਿਲਾਫ਼ ਦੇਸ਼ ਭਰ ਵਿੱਚ ਹੋ ਰਹੇ ਵਿਰੋਧ ਨੂੰ ਦਬਾਉਣ ਦੀ ਸਰਕਾਰੀ ਨੀਤੀ ਦਾ ਸੰਕੇਤ ਵੀ ਮੰਨਿਆ ਜਾ ਰਿਹਾ ਹੈ। ਨੇਪਾਲ ਅਤੇ ਲੱਦਾਖ ਦੇ ਅੰਦੋਲਨਾਂ ਵਿੱਚ ਸਮਾਨਤਾਵਾਂ ਨੇ ਸਰਕਾਰ ਅਤੇ ਆਰਐਸਐਸ ਨੂੰ ਘਬਰਾਹਟ ਵਿੱਚ ਪਾ ਦਿੱਤਾ ਹੈ। ਭਾਗਵਤ ਦਾ ਜ਼ੈੱਨ ਜ਼ੀ ਅੰਦੋਲਨ ਨੂੰ ਅਰਾਜਕ ਦੱਸਣਾ ਨਾ ਸਿਰਫ਼ ਇਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ, ਸਗੋਂ ਅਜਿਹੇ ਅੰਦੋਲਨਾਂ ਨੂੰ ਕੁਚਲਣ ਦੀ ਚਿਤਾਵਨੀ ਵੀ ਹੈ।

### ਭਵਿੱਖ ਦੀਆਂ ਚੁਣੌਤੀਆਂ

ਭਾਰਤ ਦੇ ਨੌਜਵਾਨ ਅੱਜ ਸਿਰਫ਼ ਧਾਰਮਿਕ ਜਾਂ ਫਿਰਕੂ ਮੁੱਦਿਆਂ 'ਤੇ ਨਹੀਂ, ਸਗੋਂ ਆਰਥਿਕ ਅਤੇ ਸਮਾਜਿਕ ਨਿਆਂ 'ਤੇ ਅਧਾਰਤ ਸੰਘਰਸ਼ ਲਈ ਤਿਆਰ ਹਨ। ਭਾਗਵਤ ਦਾ ਡਰ ਸਾਫ਼ ਜ਼ਾਹਰ ਹੈ ਕਿ ਜੇ ਨੌਜਵਾਨ ਰੁਜ਼ਗਾਰ, ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਮੰਗ ਲਈ ਲਾਮਬੰਦ ਹੋ ਗਏ, ਤਾਂ ਆਰਐਸਐਸ ਅਤੇ ਭਾਜਪਾ ਦੀ ਸਿਆਸੀ ਰਣਨੀਤੀ ਨੂੰ ਵੱਡਾ ਝਟਕਾ ਲੱਗ ਸਕਦਾ ਹੈ।

ਇਸ ਲਈ ਭਾਗਵਤ ਦਾ ਇਹ ਬਿਆਨ ਸਿਰਫ਼ ਨੇਪਾਲ ਦੇ ਅੰਦੋਲਨ ਦੀ ਨਿੰਦਾ ਨਹੀਂ, ਸਗੋਂ ਭਾਰਤ ਵਿੱਚ ਅਜਿਹੇ ਸੰਭਾਵੀ ਅੰਦੋਲਨਾਂ ਨੂੰ ਰੋਕਣ ਦੀ ਇੱਕ ਸਿਆਸੀ ਚਾਲ ਵੀ ਮੰਨਿਆ ਜਾ ਰਿਹਾ ਹੈ।

# ✶ ਮਿੰਨੀ ਕਹਾਣੀਆਂ ✶

## ਹੰਝੂ

ਦੀਪ ਨਾ ਚਾਹੁੰਦੇ ਹੋਏ ਵੀ ਚੁੱਪ ਸੀ ਤੇ ਕੁਝ ਵੀ ਨਾ ਸੁਣਨ ਦਾ ਨਾਟਕ ਕਰ ਰਹੀ ਸੀ, ਕੀ ਹੋਇਆ ਤੂੰ ਚੁੱਪ ਕਿਉਂ ਆ ਬੋਲਦੀ ਕਿਉਂ ਨਹੀਂ...ਮੇਰੇ ਚਿਹਰੇ ਨੂੰ ਕੀ ਹੋਇਆ ? ਇਹ ਤੇਰੇ ਵਰਗਾ ਕਿਉਂ ਨਹੀਂ ?...ਉਸ ਨੂੰ ਆਪਣੇ ਵੀਰ ਦੇ ਕਹੇ ਇਹ ਸ਼ਬਦ ਪਤਾ ਨਹੀਂ ਕਿਉਂ ਅੱਜ ਬਾਰ ਬਾਰ ਯਾਦ ਆ ਰਹੇ ਸਨ। ਚਾਰ ਸਾਲ ਦਾ ਸੀ ਜਦ ਉਸਨੂੰ ਨਾ ਸਮਝ ਆਉਣ ਵਾਲੀ ਬਿਮਾਰੀ ਨੇ ਜਕੜ ਲਿਆ ਸੀ, ਮਾਂ ਦਸਦੀ ਕਿ ਪਹਿਲੇ ਪਹਿਲੇ ਤਾਂ ਠੀਕ ਰਿਹਾ ਪਰ ਹੋਲੀ ਹੋਲੀ ਉਸ ਬਿਮਾਰੀ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਤੇ ਏਨ੍ਹੇ ਇਲਾਜ ਦੇ ਬਾਦ ਵੀ ਕੋਈ ਫਰਕ ਨਾ ਪਿਆ ਤੇ ਹੋਲੀ ਹੋਲੀ ਵੀਰ ਦਾ ਚਿਹਰਾ......। ਹੱਥ ਖਰਾਬ ਹੋ ਗਏ ਤੇ ਚਿਹਰਾ ਵਿਗੜ ਗਿਆ।

ਦੀਪ ਨੂੰ ਹਮੇਸ਼ਾਂ ਇੰਝ ਲਗਦਾ ਕਿ ਵੀਰ ਦੀਆਂ ਨਜ਼ਰਾਂ ਇਹ ਸਵਾਲ ਕਰਦੀਆਂ ਨੇ ਪਰ ਕਿਸੇ ਕੋਲ ਵੀ ਕੋਈ ਜਵਾਬ ਨਾ ਹੁੰਦਾ ਅਤੇ ਫਿਰ ਜਿਓ ਜਿਓ ਵੀਰ ਵੱਡਾ ਹੁੰਦਾ ਗਿਆ ਇਲਾਜ਼ ਦੇ ਬਾਵਜੂਦ ਉਸਦੀ ਸਿਹਤ ਤੇ ਸਰੀਰ ਵਿਗੜਦੇ ਹੀ ਗਏ,ਪਰ ਉਹ ਬਹੁਤ ਹਿੰਮਤੀ ਸੀ ਤੇ ਇੰਝ ਲਗਦਾ ਸੀ ਕੇ ਹੁਣ ਉਸ ਨੇ ਹਾਲਾਤਾਂ ਦੇ ਨਾਲ ਲੜ੍ਹਨਾ ਸਿੱਖ ਲਿਆ ਸੀ।

ਦੀਪ ਦੇਖਦੀ ਕਿ ਜਿਦਾਂ ਜਿਦਾਂ ਵੀਰ ਦੀ ਉਮਰ ਵੱਧ ਰਹੀ ਸੀ ਬਿਮਾਰੀ ਵੀ ਓਸੇ ਤਰ੍ਹਾਂ ਆਪਣੇ ਰੰਗ ਦਿਖਾ ਰਹੀ ਸੀ ਪਰ ਉਹ ਹੋਰ ਮਜਬੂਤ ਹੁੰਦਾ ਜਾ ਰਿਹਾ ਸੀ ਹੁਣ ਉਸਨੇ ਇਹ ਸੋਚਣਾ ਛੱਡ ਦਿੱਤਾ ਸੀ ਕੇ ਲੋਕ ਕੀ ਕਹਿਣਗੇ ਬਸ ਉਹ ਰੱਬ ਦੀ ਰਜ਼ਾ ਵਿੱਚ ਖੁਸ਼ ਰਹਿਣਾ ਸਿੱਖ ਗਿਆ ਸੀ, ਹੁਣ ਉਹ ਜਦ ਵੀ ਦੀਪ ਨਾਲ ਗੱਲ ਕਰਦਾ ਤਾਂ ਉਹ ਦੇਖਦੀ ਕਿ ਹੁਣ ਉਸਦੀਆਂ ਅੱਖਾਂ ਉਹ ਸਵਾਲ ਨਹੀਂ ਕਰਦੀਆ ਪਰ ਇਹ ਕੀ.. ਹੁਣ ਉਹ ਦੇਖਦੀ ਕੇ ਸਵਾਲ ਇਹ ਹੈ ਕੇ ਮੈ ਤੇਰੇ ਨਾਲ, ਅਪਣੀ ਭੈਣ ਦੀਪ ਨਾਲ ਹੋਰ ਕਿੰਨਾ ਸਮਾਂ ਬਿਤਾ ਪਾਵਾਂਗਾ, ਹੁਣ ਉਸਦੀਆਂ ਨਜ਼ਰਾਂ ਇਹ ਸਵਾਲ ਨਹੀਂ ਕਰਦੀਆਂ ਕੇ ਉਸਦਾ ਚਿਹਰਾ ਤੇਰੇ ਵਰਗਾ ਕਿਉਂ ਨਹੀਂ, ਤੇ ਅੰਤ ਵੀਰ ਜ਼ਿੰਦਗੀ ਦੀ ਲੜਾਈ ਹਾਰ ਗਿਆ ਪਰ ਬੜੀ ਹਿੰਮਤ ਤੇ ਦਲੇਰੀ ਨਾਲ, ਉਹ ਵੀ ਆਖਰੀ ਸਮੇਂ ਦੀਪ ਦੇ ਹੱਥਾਂ ਵਿੱਚ ਹੀ ਰੇਤ ਦੀ ਤਰ੍ਹਾਂ, ਤੇ ਅਚਾਨਕ ਦੀਪ ਦੀਆਂ ਯਾਦਾਂ ਦੀ ਲੜੀ ਟੁੱਟੀ ਤੇ ਉਸਦੀ ਨਜ਼ਰ ਸਾਹਮਣੇ ਦੀਵਾਰ ਤੇ ਲੱਗੀ ਵੀਰ ਦੀ ਫੋਟੋ ਤੇ ਗਈ ਉਹ ਉੱਠੀ ਅਤੇ ਤਸਵੀਰ ਉਤਾਰ ਕੇ ਸੀਨੇ ਨਾਲ ਲਾ ਲਈ ਤੇ ਮਨ ਹੀ ਮਨ ਬੋਲੀ, "ਤੂੰ ਦੁਨੀਆਂ ਦਾ ਸਭ ਤੋਂ ਖ਼ੂਬਸੂਰਤ ਬੱਚਾ ਸੀ.. ਸਭ ਤੋਂ ਸੋਹਣਾ ਜਵਾਨ ਗੱਭਰੂ ਸੀ ਹੇ ਮੇਰੇ ਸੋਹਣਿਆ ਵੀਰਾ ਤੂੰ ਸਭ ਨਾਲੋਂ ਸੋਹਣਾ ਸੀ, ਜਿਸਦੇ ਆਉਣ ਤੇ ਘਰ ਵਿਚ ਦੀਪਮਾਲਾ ਹੋਈ ਸੀ...ਤੇ ਜਿਸ ਦੇ ਆਉਣ ਤੇ ਮੇਰੀ ਉਸ ਪਿੰਡ ਨਾਲ ਅੱਜ ਵੀ ਸਾਂਝ ਹੈ...ਤੇ ਫਿਰ ਸ਼ੁਰੂ ਹੋ ਗਈ ਦੀਪ ਦੀਆਂ ਅੱਖਾਂ ਵਿਚ ਹੰਝੂਆਂ ਦੀ ਬਰਸਾਤ....ਜੋ ਥੰਮਨ ਦਾ ਨਾਮ ਹੀ ਨਹੀਂ ਲੈ ਰਹੀ ਸੀ !!

-ਅਮਨ ਢਿੱਲੋਂ ਕਸੇਲ (ਬਾਬਾ ਬਕਾਲਾ ਸਾਹਿਬ)

## ਹਲੂਣਾ

ਜਗਸੀਰ ਅੱਜ ਖੁਸ਼ੀ ਨਾਲ ਫੁੱਲਾ ਨਹੀਂ ਸਮਾਅ ਰਿਹਾ ਸੀ। ਕਿਉਂ ਜੋ ਅੱਜ ਉਸਦੇ ਵੱਡੇ ਭਰਾ ਨੇ ਫੌਜ ਵਿੱਚੋਂ ਛੁੱਟੀ ਆਉਣਾ ਸੀ। ਕੰਮ ਤਾਂ ਉਹ ਰੋਜ਼ਾਨਾ ਹੀ ਕਰਦਾ ਸੀ। ਪਰ ਅੱਜ ਉਹ ਕੰਮ ਕਾਹਲ ਨਾਲ ਕਰ ਰਿਹਾ ਸੀ।

"ਵੇ ਕਿਉਂ ਲਿਬੜੀ ਜਾਂਦੈ ਪੁੱਤ" ਨਵੇਂ ਕੱਪੜੇ ਪਾ ਲੈ ਤੇਰਾ ਭਰਾ ਆਉਣ ਆਲਾ ਮਾਂ ਨੇ ਜਗਸੀਰ ਨੂੰ ਕਿਹਾ।

"ਨਹੀਂ ਬੇਬੇ ਮੈਨੂੰ ਕੰਮ ਕਰਦੇ ਲਿਬੜਦੇ ਨੂੰ ਦੇਖ ਭਰਾ ਬੜਾ ਖੁਸ਼ ਹੋਊ, ਕਰ ਲੈਣ ਦੇ ਕੰਮ" ਜਗਸੀਰ ਬੋਲਿਆ।

ਕੁਝ ਦੇਰ ਬਾਅਦ ਜਗਸੀਰ ਦੇ ਕੰਮ ਕਰਦੇ ਕਰਦੇ ਉਸਦਾ ਵੱਡਾ ਭਰਾ ਬਲਵੰਤ ਆ ਗਿਆ।

"ਲੈ ਉਹ ਆ ਗਿਆ ਬਾਈ ਬਲਵੰਤ" ਜਗਸੀਰ ਨੇ ਓਦਾਂ ਈ ਲਿਬੜਿਆਂ ਬਲਵੰਤ ਨੂੰ ਜੱਫ਼ੀ ਪਾਉਣੀ ਚਾਹੀ।

""ਸੀਰੇ ਪਾਸੇ ਰਹਿ ਹਾਲੇ ਤੂੰ ਲਿਬੜਿਆ ਪਿਆਂ ਨਹਾ ਲੈ ਪਹਿਲਾਂ" ਬਲਵੰਤ ਨੇ ਵਰਦੀ ਦੇ ਗ਼ੁਮਾਨ ਅਤੇ ਤਲਖ਼ੀ ਨਾਲ ਕਿਹਾ।

ਇਨ੍ਹਾਂ ਬੋਲਾਂ ਨੇ ਜਗਸੀਰ ਦੇ ਮਨ ਤੇ ਗਹਿਰੀ ਸੱਟ ਮਾਰੀ। ਉਸਨੂੰ ਲੱਗਿਆ ਜਿਵੇਂ ਉਸਦੇ ਕੰਮ ਦੀ ਕੋਈ ਕਦਰ ਹੀ ਨਾ ਹੋਵੇ ਤੇ ਉਸਨੂੰ ਫਾਲਤੂ ਸਮਝ ਲਿਆ ਹੋਵੇ। ਅੱਜ ਉਸਨੇ ਪ੍ਰਣ ਕਰ ਲਿਆ ਕਿ ਉਹ ਹਰ ਟੈਸਟ ਦੀ ਤਿਆਰੀ ਕਰੇਗਾ। ਉਸਨੇ ਦਿਨ ਰਾਤ ਕਰਕੇ ਟੈਸਟਾਂ ਦੀ ਤਿਆਰੀ ਕੀਤੀ ਅਤੇ ਸਰਕਾਰੀ ਨੌਕਰੀ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ। ਅੱਜ ਉਸਨੂੰ ਆਪਣੇ ਭਰਾ ਦੀ ਤਲਖ਼ੀ ਭਰੀ ਗੱਲ ਇੱਕ ਹਲੂਣਾ ਹੁੰਦੀ ਜਾਪ ਰਹੀ ਸੀ।

ਗੁਰਦਿੱਤ ਸਿੰਘ ਸੇਖੋਂ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**624. ਸਾਨੂੰ ਕਿਸਦੀ ਜੈਕਾਰ ਕਰਨ ਦਾ ਆਦੇਸ਼ ਹੈ?**

ਸੰਤ ਸਭਾ (ਸਤਸੰਗਤਿ) ਨੂੰ ਸਦਾ ਜੈਕਾਰ ਕਰੋ ਤੇ ਗੁਰਮੁਖਾਂ ਵਾਲ਼ੇ ਕਰਮ ਕਰੋ; ਅਰਥਾਤ ਨਾਮ ਜਪੋ ਤੇ ਨਿਰਮਲ ਕਰਮ ਕਰੋ। "ਸੰਤ ਸਭਾ ਕਉ ਸਦਾ ਜੈਕਾਰੁ ॥ ਅੰਗ 183" । ਅਤੇ "ਸੰਤ ਸਭਾ ਜੈਕਾਰੁ ਕਰਿ ਗੁਰਮੁਖਿ ਕਰਮ ਕਮਾਉ ॥ ਅੰਗ 1411" । ਸਤਿਗੁਰੂ ਜੀ ਸਾਨੂੰ ਸਮਝਾਉਂਦੇ ਹਨ ਕਿ ਪ੍ਰਭੂ ਦੇ ਨਾਮ ਨੂੰ ਹਿਰਦੇ 'ਚ ਟਿਕਾ ਕੇ ਰੱਖੋ ਤੇ ਨਾਮ ਦੇ ਦਾਤੇ (ਸਤਿਗੁਰੂ/ਪ੍ਰਭੂ) ਦੀ ਜੈਕਾਰ ਕਰੋ । "ਨਾਨਕ ਨਾਮੁ ਰਖਹੁ ਉਰ ਧਾਰਿ ॥ ਦੇਵਣਹਾਰੇ ਕਉ ਜੈਕਾਰੁ॥5॥ ਅੰਗ 841" । ਦੇਣਹਾਰ ਦਾਤੇ ਨੂੰ ਜੈਕਾਰ ਹੈ । "ਜੋ ਦੇਵੈ ਤਿਸ ਕਉ ਜੈਕਾਰੁ ॥ ਅੰਗ 1331" । ਘੋਸ਼ਨਾ ਕਰੋ ਕਿ ਤੁਸੀਂ ਬੁਰੇ ਬੰਦਿਆਂ ਦੀ ਸੰਗਤ ਨਹੀਂ ਕਰੋਗੇ ਤੇ ਸੱਜਣਾ ਮਿਤਰਾਂ ਦੀ ਜੈਕਾਰ ਕਰੋਗੇ, ਭਾਵ ਉਹਨਾਂ ਦੀ ਸੰਗਤ ਤੇ ਸ਼ਲਾਘਾ ਕਰੋਗੇ । "ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ ॥ ਅੰਗ 1410" ।

**625. ਪ੍ਰਭੂ ਨੂੰ ਕੌਣ ਬੁੱਝ (ਜਾਣ) ਲੈਂਦਾ ਹੈ?**

ਹਰੇਕ ਜੀਵ ਕਹਿ ਕਹਿ ਕੇ ਪ੍ਰਭੂ ਵਾਰੇ ਕਥਨ ਕਰਦਾ ਹੈ । ਪਰ ਜਿਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਲੀਨ ਹੋ ਜਾਂਦਾ ਹੈ, ਉਹ ਪ੍ਰਭੂ ਨੂੰ ਬੁੱਝ (ਜਾਣ) ਲੈਂਦਾ ਹੈ । "ਕਹਿ ਕਹਿ ਕਥਨੁ ਕਹੈ ਸਭੁ ਕੋਈ ॥ ਗੁਰ ਸਬਦਿ ਸਮਾਵੈ ਬੂਝੈ ਹਰਿ ਸੋਈ ॥3॥ ਅੰਗ 160" ।

**626. ਨਾਮ ਵਿਚ ਲੀਨਤਾ ਕਿਸ ਦੀ ਹੁੰਦੀ ਹੈ?**

ਸਤਿਗੁਰੂ ਅਨੁਸਾਰ ਜੋ ਪ੍ਰਭੂ ਦੇ ਨਾਮ ਵਿਚ ਰੰਗੇ ਜਾਂਦੇ ਹਨ ਉਹ ਨਾਮ 'ਚ ਲੀਨ ਹੋ ਜਾਂਦੇ ਹਨ । "ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥4॥9॥29॥ ਅੰਗ 160" ।

**627. ਸੁੱਤਾ ਕੌਣ ਹੈ ਤੇ ਜਾਗਦਾ ਕੌਣ ਹੈ?**

ਗੁਰਮਤਿ ਅਨੁਸਾਰ ਮਾਇਆ ਮੋਹ 'ਚ ਪਰਮੇਸ਼ਰ ਨੂੰ ਭੁੱਲਣਾ ਸੌਣਾ ਕਿਹਾ ਜਾਂਦਾ ਹੈ ਤੇ ਮਾਇਆ ਦੇ ਹੱਲਿਆਂ ਤੋਂ ਸੁਚੇਤ ਰਹਿਣਾ ਜਾਗਣਾ ਹੈ । ਮਨਮੁਖ ਮਾਇਆ ਮੋਹ/ਪਿਆਰ ਵਿਚ ਸੁੱਤਾ ਰਹਿੰਦਾ ਹੈ । ਜਦਕਿ ਗੁਰੂ ਅਨੁਸਾਰੀ ਗੁਰੂ ਦੇ ਗਿਆਨ ਦੀ ਵੀਚਾਰ ਰਾਹੀਂ ਜਾਗਦਾ (ਸੁਚੇਤ) ਰਹਿੰਦਾ ਹੈ । "ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥ ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਅੰਗ 160" ।

**628. ਆਪਣੀ ਕੁਲ ਜਾਂ ਆਪਣੀਆਂ ਸਾਰੀਆਂ ਕੁਲਾਂ ਦਾ ਪਾਰ ਉਤਾਰਾ ਕੌਣ ਕਰ ਲੈਂਦਾ ਹੈ?**

ਆਪਣੀ ਕੁਲ ਦਾ ਉਧਾਰ: ਜਿਹੜੇ ਸਤਿਗੁਰੂ ਦੇ ਪਿਆਰ 'ਚ/ਭਾਣੇ 'ਚ ਚੱਲਦੇ ਹਨ ਉਹਨਾਂ ਦਾ ਜਨਮ ਸਫਲ ਹੋ ਜਾਂਦਾ ਹੈ । ਉਹ ਆਪਣੀ ਕੁਲ ਦਾ ਉਧਾਰ ਕਰ ਲੈਂਦੇ ਹਨ; ਧੰਨ ਹੈ ਉਹਨਾਂ ਨੂੰ ਜਨਮ ਦੇਣ ਵਾਲ਼ੀ ਮਾਂ । "ਤਿਨ ਕਾ ਜਨਮੁ ਸਫਲੁ ਹੈ ਜੋ ਚਲਹਿ ਸਤਗੁਰ ਭਾਇ ॥ ਕੁਲੁ ਉਧਾਰਹਿ ਆਪਣਾ ਧੰਨੁ ਜਣੇਦੀ ਮਾਇ ॥ ਅੰਗ 28"। ਕਈ ਮਨੁੱਖ ਸਤਿਗੁਰੂ ਦੀ ਸੇਵਾ/ਨੌਕਰੀ (ਭਾਵ ਸਿਮਰਨ ਦੀ ਕਾਰ) ਕਰਦੇ ਹਨ ਤੇ ਉਹਨਾਂ ਦਾ ਪ੍ਰਭੂ ਦੇ ਨਾਮ ਵਿਚ ਪਿਆਰ ਪੈ ਜਾਂਦਾ ਹੈ । ਹੇ ਨਾਨਕ! ਉਹ ਆਪਣਾ ਮਨੁੱਖਾ ਜਨਮ ਸਵਾਰ ਲੈਂਦੇ ਹਨ ਤੇ ਆਪਣੀ ਕੁਲ ਨੂੰ ਭੀ ਤਾਰ ਲੈਂਦੇ ਹਨ। "ਮਃ 3 ॥ ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ ॥ ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ ॥2॥ ਅੰਗ 552" । ਜਿਨ੍ਹਾਂ ਨੂੰ ਸਤਿਗੁਰੂ ਮਿਲਿਆ ਹੈ, ਉਹ ਸਦਾ ਪ੍ਰਭੂ ਦੀ ਸਿਫ਼ਤਿ-ਸਾਲਾਹ ਦੀ ਕਮਾਈ ਕਰਦੇ ਹਨ । ਬਿਨਾ ਕਿਸੇ ਚਿੰਤਾ ਤੋਂ ਪ੍ਰਭੂ ਦਾ ਨਾਮ ਉਹਨਾਂ ਦੇ ਮਨ ਵਿਚ ਵਸ ਜਾਂਦਾ ਹੈ ਤੇ ਉਹ ਸਤਿਗੁਰੂ ਦੇ ਸੱਚੇ ਸ਼ਬਦ ਵਿਚ ਲੀਨ ਰਹਿੰਦੇ ਹਨ । ਉਹ ਮਨੁੱਖ ਮੁਕਤੀ ਦਾ ਦਰਜਾ ਹਾਸਲ ਕਰ ਲੈਂਦੇ ਹਨ ਤੇ ਆਪਣੀ ਕੁਲ ਨੂੰ ਤਾਰ ਲੈਂਦੇ ਹਨ । ਜੋ ਮਨੁੱਖ ਸਤਿਗੁਰੂ ਦੀ ਚਰਨੀਂ ਲੱਗਦੇ ਹਨ, ਉਹਨਾਂ ਤੇ ਪਰਮਾਤਮਾ ਸੰਤੁਸ਼ਟ ਹੋ ਜਾਂਦਾ ਹੈ । "ਜਿਨ ਕੰਉ ਸਤਿਗੁਰੁ ਭੇਟਿਆ ਸੇ ਹਰਿ ਕੀਰਤਿ ਸਦਾ ਕਮਾਹਿ ॥ ਅਚਿੰਤੁ ਹਰਿ ਨਾਮੁ ਤਿਨ ਕੈ ਮਨਿ ਵਸਿਆ ਸਚੈ ਸਬਦਿ ਸਮਾਹਿ ॥ ਕੁਲੁ ਉਧਾਰਹਿ ਆਪਣਾ ਮੋਖ ਪਦਵੀ ਆਪੇ ਪਾਹਿ ॥ ਪਾਰਬ੍ਰਹਮੁ ਤਿਨ ਕੰਉ ਸੰਤੁਸਟੁ ਭਇਆ ਜੋ ਗੁਰ ਚਰਨੀ ਜਨ ਪਾਹਿ ॥ ਅੰਗ 592" । ਹੇ ਪ੍ਰਭੂ! ਗੁਰੂ ਦੀ ਮਤਿ ਰਾਹੀਂ ਤੇਰੇ ਨਾਮ ਨੂੰ ਧਿਆਈਏ, ਜੇਕਰ ਤੈਨੂੰ ਭਾਵੇ ਤਾਂ ਜੀਵ ਤੇਰੇ ਨਾਮ ਦੇ ਸੁਖ ਵਿਚ ਰੱਜ ਜਾਂਦਾ ਹੈ । ਉਹ ਆਪਣੀ ਕੁਲ ਦਾ ਪਾਰ ਉਤਾਰਾ ਕਰ ਲੈਂਦਾ ਹੈ ਤੇ ਧੰਨ ਹੈ ਉਸ ਜੀਵ ਦੀ ਜੰਮਣ ਵਾਲੀ ਮਾਂ । "ਗੁਰਮਤੀ ਨਾਮੁ ਧਿਆਈਐ ਸੁਖਿ ਰਜਾ ਜਾ ਤੁਧੁ ਭਾਇਆ ॥ ਕੁਲੁ ਉਧਾਰੇ ਆਪਣਾ ਧਨੁ ਜਣੇਦੀ ਮਾਇਆ ॥ ਅੰਗ 138" । ਗੁਰੂ ਦੇ ਹਿਤ ਤੇ ਪਿਆਰ ਵਿਚ ਗੁਰਮੁਖਾਂ ਦੇ ਮੂੰਹ ਸੋਹਣੇ ਹੁੰਦੇ ਹਨ । ਉਹ ਸਦਾ ਥਿਰ ਪ੍ਰਭੂ ਦੀ ਸੱਚੀ ਭਗਤੀ ਕਰਦੇ ਹਨ ਤੇ ਸੱਚੇ ਨਾਮ 'ਚ ਰੰਗੇ ਰਹਿੰਦੇ ਹਨ ਤੇ ਸਦਾ ਥਿਰ ਪ੍ਰਭੂ ਦੇ ਦਰ ਤੇ ਸੁਰਖ਼ਰੂ ਹੁੰਦੇ ਹਨ । ਉਹਨਾਂ ਦਾ ਇਸ ਸੰਸਾਰ ਤੇ ਆਉਣਾ ਕਬੂਲ ਹੁੰਦਾ ਹੈ ਤੇ ਉਹ ਆਪਣੀ ਸਾਰੀ ਕੁਲ ਦਾ ਉਧਾਰ ਕਰ ਲੈਂਦੇ ਹਨ । "ਗੁਰਮੁਖੀਆ ਮੁਹ ਸੋਹਣੇ ਗੁਰ ਕੈ ਹੇਤਿ ਪਿਆਰਿ ॥ ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ ॥ ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ ॥7॥ ਅੰਗ 66" । ਨਾਮ ਨੂੰ ਉਚਾਰਨ ਕਰਨ ਵਾਲ਼ੇ ਪਵਿੱਤਰ ਹੁੰਦੇ ਹਨ, ਨਾਮ ਨੂੰ ਸੁਣਨ ਵਾਲ਼ੇ ਸਭ ਧੰਨ ਹਨ ਤੇ ਨਾਮ ਨੂੰ ਲਿਖਣ ਵਾਲ਼ੇ ਆਪਣੀ ਸਾਰੀ ਕੁਲ ਦਾ ਪਾਰ ਉਤਾਰਾ ਕਰ ਲੈਂਦੇ ਹਨ ਜੀ । "ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ ॥ ਅੰਗ 81" । ਗੁਰੂ ਅਨੁਸਾਰੀ ਨਾਮ ਨੂੰ ਸਲਾਹ ਕੇ ਆਪਣਾ ਜਨਮ ਸਵਾਰ ਲੈਂਦਾ ਹੈ। ਉਹ ਆਪ ਮਾਇਆ ਦੇ ਬੰਧਨਾਂ ਤੋਂ ਸਦਾ ਲਈ ਮੁਕਤ ਹੋ ਜਾਂਦਾ ਹੈ ਤੇ ਆਪਣੀ ਸਾਰੀ ਕੁਲ ਨੂੰ ਤਾਰ ਲੈਂਦਾ ਹੈ । "ਗੁਰਮੁਖਿ ਨਾਮੁ ਸਾਲਾਹਿ ਜਨਮ ਸਵਾਰਿਆ ॥ ਆਪਿ ਹੋਆ ਸਦਾ ਮੁਕਤੁ ਸਭੁ ਕੁਲੁ ਨਿਸਤਾਰਿਆ ਅੰਗ 86" । ਜਿਹੜਾ ਮਨੁੱਖ ਗੁਰੂ ਅਨੁਸਾਰੀ ਹੋਵੇ ਤੇ ਰੱਬ ਦੇ ਨਾਮ ਦਾ ਉਚਾਰਨ ਕਰੇ, ਉਹ ਆਪ ਸੰਸਾਰ ਸਮੁੰਦਰ ਤੋਂ ਪਾਰ ਉੱਤਰ ਜਾਂਦਾ ਹੈ ਤੇ ਆਪਣੀ ਕੁਲ ਵੀ ਨੂੰ ਤਾਰ ਲੈਂਦਾ ਹੈ । "ਗੁਰਮੁਖਿ ਹੋਵੈ ਰਾਮਨਾਮੁ ਵਖਾਣੈ ਆਪਿ ਤਰੈ ਕੁਲ ਤਾਰੇ ॥ ਅੰਗ 246" । ਅਤੇ "ਨਾਮੇ ਨਾਮਿ ਕਰੇ ਵੀਚਾਰੁ ॥ ਆਪਿ ਤਰੈ ਕੁਲ ਉਧਰਣਹਾਰੁ॥3॥ ਅੰਗ 362" । ਨਾਮ ਨੂੰ ਮੰਨਣ (ਮਨ 'ਚ ਵਸਾਉਣ) ਨਾਲ਼ ਕੁਲ ਤੇ ਸਾਰੇ ਪਰਵਾਰ ਦਾ ਉਧਾਰ ਹੋ ਜਾਂਦਾ ਹੈ। "ਨਾਇ ਮੰਨਿਐ ਕੁਲੁ ਉਧਰੈ ਸਭੁ ਕੁਟੰਬੁ ਸਬਾਇਆ ॥ ਅੰਗ 1241" । ਜਿਹੜੇ ਮਨੁੱਖ ਰਾਤ ਦਿਨ ਨਾਮ ਸਿਮਰਦੇ ਹਨ, ਉਹਨਾਂ ਦਾ ਜਨਮ ਸਫਲ ਹੋ ਜਾਂਦਾ ਹੈ । ਉਹ ਮਨੁੱਖ ਆਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ, ਉਹ ਸਾਰੀ ਸ੍ਰਿਸ਼ਟੀ ਨੂੰ ਭੀ ਪਾਰ ਲੰਘਾ ਲੈਂਦੇ ਹਨ, ਉਹਨਾਂ ਦਾ ਸਾਰਾ ਖ਼ਾਨਦਾਨ ਭੀ ਪਾਰ ਲੰਘ ਜਾਂਦਾ ਹੈ ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME......................................................................................
ADDRESS..................................................................................
.............................................POST CODE.................................
TEL.........................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*

# ਇਟਲੀ ਵਿੱਚ ਬੁਰਕਾ ਹੋਵੇਗਾ ਬੈਨ, ਧਰਮ ਪਰਿਵਰਤਨ ਖ਼ਿਲਾਫ਼ ਬਣੇਗਾ ਸਖ਼ਤ ਕਾਨੂੰਨ



ਇਟਲੀ ਦੀ ਜਾਰਜੀਆ ਮੇਲੋਨੀ ਸਰਕਾਰ ਜਨਤਕ ਥਾਵਾਂ 'ਤੇ ਬੁਰਕੇ ਪਹਿਨਣ 'ਤੇ ਪਾਬੰਦੀ ਲਗਾਉਣ ਦੀ ਤਿਆਰੀ ਕਰ ਰਹੀ ਹੈ। ਉਲੰਘਣਾ ਕਰਨ ਵਾਲਿਆਂ ਨੂੰ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਇਟਲੀ ਦੀ ਸੱਤਾਧਾਰੀ ਬ੍ਰਦਰਜ਼ ਆਫ਼ ਇਟਲੀ ਪਾਰਟੀ ਨੇ ਬੁੱਧਵਾਰ, 8 ਅਗਸਤ ਨੂੰ ਜਨਤਕ ਥਾਵਾਂ 'ਤੇ ਬੁਰਕੇ ਅਤੇ ਨਕਾਬ 'ਤੇ ਪਾਬੰਦੀ ਲਗਾਉਣ ਲਈ ਇੱਕ ਬਿੱਲ ਪੇਸ਼ ਕੀਤਾ। ਰਾਇਟਰਜ਼ ਦੇ ਅਨੁਸਾਰ, ਇਹ ਬਿੱਲ ਇਸਲਾਮ ਨਾਲ ਜੁੜੇ "ਸੱਭਿਆਚਾਰਕ ਵੱਖਵਾਦ" ਦਾ ਮੁਕਾਬਲਾ ਕਰਨ ਦੇ ਉਦੇਸ਼ ਨਾਲ ਇੱਕ ਵੱਡੇ ਬਿੱਲ ਦਾ ਹਿੱਸਾ ਹੈ। ਰਿਪੋਰਟ ਦੇ ਅਨੁਸਾਰ, ਇਟਲੀ ਦੇ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਦੀ ਪਾਰਟੀ ਦੇ ਕਾਨੂੰਨ ਨਿਰਮਾਤਾਵਾਂ ਦੁਆਰਾ ਸੰਸਦ ਵਿੱਚ ਪੇਸ਼ ਕੀਤਾ ਗਿਆ ਇਹ ਬਿੱਲ ਦੇਸ਼ ਭਰ ਦੇ ਸਾਰੇ ਜਨਤਕ ਸਥਾਨਾਂ, ਸਕੂਲਾਂ, ਯੂਨੀਵਰਸਿਟੀਆਂ, ਦੁਕਾਨਾਂ ਅਤੇ ਦਫਤਰਾਂ ਵਿੱਚ ਚਿਹਰਾ ਢੱਕਣ ਵਾਲੇ ਕੱਪੜਿਆਂ (ਬੁਰਕੇ ਜਾਂ ਨਕਾਬ) 'ਤੇ ਪਾਬੰਦੀ ਲਗਾਏਗਾ। ਇੱਕ ਵਾਰ ਪਾਸ ਹੋਣ ਅਤੇ ਕਾਨੂੰਨ ਬਣ ਜਾਣ ਤੋਂ ਬਾਅਦ, ਉਲੰਘਣਾ ਕਰਨ 'ਤੇ 300 ਤੋਂ 3,000 ਯੂਰੋ (30,000 ਰ: ਤੋਂ 300,000 ਰ:) ਦਾ ਜੁਰਮਾਨਾ ਹੋਵੇਗਾ।

# ਸਿਦਕੀ ਸਿੱਖ ਸ਼ਹੀਦ ਸ: ਦਰਸ਼ਨ ਸਿੰਘ ਫੇਰੂਮਾਨ ਦੀ ਕੁਰਬਾਨੀ ਨੂੰ ਯਾਦ ਕਰਦਿਆਂ

**27 ਅਕਤੂਬਰ ਸ਼ਹੀਦੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਸਿੱਖੀ ਸਿਦਕ, ਸਬਰ ਤੇ ਸਿਰੜ ਨੂੰ ਤੋੜ ਨਿਭਾਉਣ ਵਾਲੇ ਸਿੱਖ ਆਗੂ ਸ। ਦਰਸ਼ਨ ਸਿੰਘ ਫੇਰੂਮਾਨ ਆਪਣੇ ਕੀਤੇ ਪ੍ਰਣ ਨੂੰ ਨਿਭਾਉਣ ਵਾਲੇ ਮਰਜੀਵੜੇ ਸਨ । ਆਪ ਵੀਹਵੀਂ ਸਦੀ ਦੇ ਉਨ੍ਹਾਂ ਸਿੱਖ ਆਗੂਆਂ ਵਿੱਚੋਂ ਇਕ ਸਨ, ਜਿਨ੍ਹਾਂ ਜੋ ਕਿਹਾ, ਉਸ ਨੂੰ ਪੂਰਾ ਕੀਤਾ। ਸ. ਦਰਸ਼ਨ ਸਿੰਘ ਫੇਰੂਮਾਨ ਨੇ ਆਪਣੀ ਇਸ ਕਾਇਆ ਦਾ ਬਲੀਦਾਨ ਦੇ ਕੇ ਸਮੁੱਚੇ ਪੰਜਾਬੀਆਂ ਅਤੇ ਸਿੱਖ ਜਗਤ ਤੋਂ ਭਰਪੂਰ ਸਤਿਕਾਰ ਪ੍ਰਾਪਤ ਕੀਤਾ । ਇਸ ਮਹਾਨ ਬਲੀਦਾਨੀ ਦਾ ਜਨਮ ਪਹਿਲੀ ਅਗਸਤ 1885 ਈ: ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਫੇਰੂਮਾਨ ਵਿੱਚ ਸ। ਚੰਦਾ ਸਿੰਘ ਅਤੇ ਮਾਤਾ ਚੰਦ ਕੌਰ ਦੇ ਗ੍ਰਹਿ ਵਿਖੇ ਹੋਇਆ ।

ਸ. ਦਰਸ਼ਨ ਸਿੰਘ ਦੱਸਵੀਂ ਦਾ ਇਮਤਿਹਾਨ ਪਾਸ ਕਰਨ ਪਿੱਛੋਂ 1912 ਈ: ਵਿੱਚ ਭਾਰਤੀ ਅੰਗ੍ਰੇਜ਼ੀ ਫੌਜ ਵਿੱਚ ਭਰਤੀ ਹੋ ਗਏ । ਪਰ ਫੌਜ ਦੀ ਨੌਕਰੀ ਕੇਵਲ 2 ਕੁ ਸਾਲ ਕਰਨ ਤੋਂ ਬਾਅਦ ਹਿਸਾਰ (ਮੌਜੂਦਾ ਹਰਿਆਣਾ) ਵਿਖੇ ਰਹਿ ਕੇ ਠੇਕੇਦਾਰੀ ਕਰਨੀ ਸ਼ੁਰੂ ਕੀਤੀ । ਜਦੋਂ 1920 ਵਿੱਚ ਸੰਪੂਰਨ ਰੂਪ ਵਿੱਚ ਗੁਰਦੁਆਰਾ ਸੁਧਾਰ ਲਹਿਰ ਦਾ ਸਿਖ਼ਰ ਸੀ, ਆਪ ਸਿੱਖ ਸੰਘਰਸ਼ ਵਿੱਚ ਕੁੱਦ ਪਏ। 1921 ਈ: ਵਿੱਚ ਚਾਬੀਆਂ ਦੇ ਮੋਰਚੇ ਦੌਰਾਨ ਗ੍ਰਿਫਤਾਰ ਕੀਤਾ ਗਿਆ । ਇਸ ਸੰਘਰਸ਼ ਦੌਰਾਨ ਉਨ੍ਹਾਂ ਨੂੰ ਇਕ ਸਾਲ ਦੀ ਕੈਦ ਕੱਟਣੀ ਪਈ। ਇਸ ਤੋਂ ਬਾਅਦ ਦਸੰਬਰ, 1924 ਈ: ਵਿੱਚ ਜਦੋਂ ਜੈਤੋਂ ਦਾ ਮੋਰਚਾ ਆਪਣੀ ਸਿਖਰ 'ਤੇ ਸੀ, ਸਿੱਖ ਧੜਾ ਧੜ ਗ੍ਰਿਫਤਾਰੀਆਂ ਦੇ ਰਹੇ ਸਨ ਤਾਂ ਸ: ਦਰਸ਼ਨ ਸਿੰਘ ਫੇਰੂਮਾਨ ਨੂੰ 14ਵੇਂ ਜਥੇਦਾਰ ਥਾਪਿਆ ਗਿਆ । ਜਥੇ ਦੀ ਗ੍ਰਿਫਤਾਰੀ ਤੋਂ ਪਿੱਛੋਂ ਉਨ੍ਹਾਂ ਨੂੰ 10 ਮਹੀਨੇ ਦੀ ਕੈਦ ਕੱਟਣੀ ਪਈ। ਇਸ ਤੋਂ ਬਾਅਦ ਦੇਸ਼ ਦੀ ਅਜ਼ਾਦੀ ਲਈ ਚੱਲ ਰਹੇ ਸੰਘਰਸ਼ ਦੇ ਦੌਰਾਨ ਨਾ ਮਿਲ-ਵਰਤਣ ਲਹਿਰ ਵਿੱਚ ਸ਼ਾਮਿਲ ਹੋ ਕੇ ਮੁੜ 14 ਮਹੀਨੇ ਸਖ਼ਤ ਕੈਦ ਕੱਟਣੀ ਪਈ।

1926 ਈ: ਵਿੱਚ ਆਪ ਮਲਾਇਆ ਚਲੇ ਗਏ, ਉਥੇ ਵੀ ਸੰਘਰਸ਼ ਨੂੰ ਮੱਠਾ ਨਹੀਂ ਪੈਣ ਦਿੱਤਾ । ਫਿਰ ਗ੍ਰਿਫਤਾਰ ਕਰ ਲਿਆ ਗਿਆ । ਜੇਲ੍ਹ ਵਿੱਚ ਸਿੱਖੀ ਦੇ ਕਕਾਰਾਂ ਦਾ ਅੰਗ ਕਛਹਿਰਾ ਪਹਿਨਣ ਦਾ ਹੱਕ ਪ੍ਰਾਪਤ ਕਰਨ ਲਈ 21 ਦਿਨ ਲਗਾਤਾਰ ਭੁੱਖ ਹੜਤਾਲ ਕੀਤੀ । ਆਪਣੀ ਗੱਲ ਨੂੰ ਮੰਨਵਾ ਕੇ ਹੀ ਭੁੱਖ ਹੜਤਾਲ ਖ਼ਤਮ ਕੀਤੀ । ਇਸ ਤੋਂ ਪਿੱਛੋਂ ਜਦੋਂ ਦੇਸ਼ ਪਰਤੇ, ਅਜ਼ਾਦੀ ਦੀ ਲਹਿਰ ਲਈ ਚੱਲ ਰਹੇ ਸੰਘਰਸ਼ ਤਹਿਤ ਕਾਂਗਰਸ ਵੱਲੋਂ ਚਲਾਈ ਸਿਵਲ-ਨਾ ਫੁਰਮਾਨੀ ਲਹਿਰ ਤੇ ਭਾਰਤ ਛੱਡੋ ਅੰਦੋਲਨ ਵਿੱਚ ਭਰਪੂਰ ਯੋਗਦਾਨ ਪਾਇਆ ।



ਕਾਂਗਰਸ ਪਾਰਟੀ ਵੱਲੋਂ ਨਾਮਜ਼ਦਗੀ ਪ੍ਰਾਪਤ ਕਰਕੇ ਆਪ ਰਾਜ ਸਭਾ ਦੇ ਮੈਂਬਰ ਪਾਰਲੀਮੈਂਟ ਵੀ ਰਹੇ । ਪਰ ਕਾਂਗਰਸ ਪਾਰਟੀ ਨਾਲ ਮੱਤਭੇਦ ਹੋਣ ਕਰਕੇ ਕਾਂਗਰਸ ਛੱਡ ਕੇ ਸੁਤੰਤਰ ਪਾਰਟੀ ਵਿੱਚ ਸ਼ਾਮਿਲ ਹੋ ਗਏ । ਪੰਜਾਬ ਵਿੱਚ ਸੁਤੰਤਰ ਪਾਰਟੀ ਦੇ ਪ੍ਰਚਾਰ ਲਈ ਲਗਾਤਾਰ ਯਤਨਸ਼ੀਲ ਰਹੇ । ਇਸ ਪਾਰਟੀ ਦੇ ਮੋਢੀ ਆਗੂ ਵਜੋਂ ਰਾਤ-ਦਿਨ ਇਕ ਕਰਕੇ ਸਖਤ ਮਿਹਨਤ ਕੀਤੀ । ਜਦੋਂ ਭਾਰਤੀ ਸਰਕਾਰ ਵੱਲੋਂ ਪੰਜਾਬੀ ਸੂਬੇ ਦੀ ਮੰਗ ਮਨ ਲਈ ਗਈ, ਪਰ ਪੰਜਾਬੀ ਬੋਲਦੇ ਇਲਾਕੇ ਅਤੇ ਚੰਡੀਗੜ੍ਹ ਨੂੰ ਪੰਜਾਬ ਤੋਂ ਬਾਹਰ ਰਹਿਣ ਦਿੱਤਾ ਗਿਆ । ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਵਾਉਣ ਲਈ ਉਸ ਸਮੇਂ ਦੇ ਅਕਾਲੀ ਆਗੂਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਕੀਤੀ ਅਰਦਾਸ ਤੋਂ ਵਾਰ-ਵਾਰ ਮੂੰਹ ਫੇਰਿਆ ਗਿਆ ਤਾਂ ਇਨ੍ਹਾਂ ਘਟਨਾਵਾਂ ਨਾਲ ਇਸ ਸਿਦਕੀ ਅਤੇ ਕਹਿਣੀ ਤੇ ਕਰਣੀ ਦੇ ਸੂਰੇ ਤੇ ਪੂਰੇ ਸਿੱਖ ਦੇ ਹਿਰਦੇ ਨੂੰ ਡੂੰਘੀ ਸੱਟ ਵੱਜੀ । ਸਿੱਖ ਅਰਦਾਸ ਵਿੱਚ ਸ਼ਾਮਿਲ ਸਿਦਕ ਤੇ ਸਿਰੜ ਨੂੰ ਨਿਭਾਉਣ ਵਾਲੇ ਸਿੱਖਾਂ ਦੀ ਹੁੰਦੀ ਬੇਹੁਰਮਤੀ ਸਹਾਰੀ ਨਾ ਗਈ । ਇਸ ਸਿਦਕੀ ਸਿੱਖ ਨੇ 15 ਅਗਸਤ, 1969 ਈ: ਨੂੰ ਮਰਨ ਵਰਤ ਆਰੰਭ ਕਰ ਦਿੱਤਾ । ਉਨ੍ਹਾਂ ਕਿਹਾ ਕਿ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਿਲ ਕਰਨ ਦੀ ਮੰਗ ਪੂਰੀ ਹੋਣ ਤੱਕ ਭੁੱਖੇ ਰਹਿਣ ਦੇ ਸੰਕਲਪ ਲਈ ਕੀਤੀ ਅਰਦਾਸ ਨੂੰ ਅਤੇ ਕੀਤੇ ਪ੍ਰਣ ਨੂੰ ਜ਼ਿੰਦਗੀ ਦੀ ਡੋਰ ਟੁੱਟਣ ਤੱਕ ਨਿਭਾਵਾਂਗ ।

ਇਸ ਮਹਾਨ ਸਿਦਕੀ ਸਿੱਖ ਨੇ ਆਪਣੇ ਪ੍ਰਣ ਨੂੰ ਨਿਭਾਉਣ ਲਈ ਅਤੇ ਕੀਤੀ ਅਰਦਾਸ 'ਤੇ ਕਾਇਮ ਰਹਿਣ ਲਈ ਲਗਾਤਾਰ 74 ਦਿਨ ਤੱਕ ਭੁੱਖੇ ਰਹਿ ਕੇ 17 ਅਕਤੂਬਵਰ, 1969 ਨੂੰ ਆਪਣਾ ਬਲੀਦਾਨ ਦਿੱਤਾ । ਅੱਜ ਅਧੀ ਸਦੀ ਬੀਤ ਜਾਣ ਤੋਂ ਬਾਅਦ ਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਕੀਤਾ ਧੱਕਾ ਹਕੂਮਤ ਨੂੰ ਪੁੱਛਦਾ ਹੈ, ਅਜੇ ਹੋਰ ਕਿੰਨੀਆਂ ਕੁ ਕੁਰਬਾਨੀਆਂ ਦੀ ਲੋੜ ਹੈ ।

## 13ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ 'ਚ ਪੰਜਾਬ ਦੇ ਗੱਤਕੇਬਾਜ ਬਣੇ ਰਾਸ਼ਟਰੀ ਚੈਂਪੀਅਨ, ਛੱਤੀਸਗੜ੍ਹ ਦੇ ਖਿਡਾਰੀ ਰਹੇ ਉਪ-ਜੇਤੂ

### ਛੱਤੀਸਗੜ੍ਹ ਦੇ ਸਕੂਲਾਂ ਤੇ ਕਾਲਜਾਂ 'ਚ ਗੱਤਕੇ ਨੂੰ ਕਰਾਂਗੇ ਉਤਸ਼ਾਹਿਤ : ਗਜੇਂਦਰ ਯਾਦਵ



ਭਿਲਾਈ ਵਿਖੇ ਛੱਤੀਸਗੜ੍ਹ ਦੇ ਸਿੱਖਿਆ ਅਤੇ ਪੇਂਡੂ ਉਦਯੋਗ ਮੰਤਰੀ ਗਜੇਂਦਰ ਯਾਦਵ ਨੂੰ ਏਸ਼ੀਅਨ ਗੱਤਕਾ ਫੈਡਰੇਸ਼ਨ ਦੇ ਕਾਰਜਕਾਰੀ ਮੈਂਬਰ ਅਤੇ ਨਿਊ ਗੱਤਕਾ ਸਪੋਰਟਸ ਐਸੋਸੀਏਸ਼ਨ ਛੱਤੀਸਗੜ੍ਹ ਦੇ ਪ੍ਰਧਾਨ ਇੰਦਰਜੀਤ ਸਿੰਘ ਛੋਟੂ ਸਨਮਾਨਿਤ ਕਰਦੇ ਹੋਏ।

ਭਿਲਾਈ-ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨ ਜੀ ਏ ਆਈ) ਵੱਲੋਂ ਨਿਊ ਗੱਤਕਾ ਸਪੋਰਟਸ ਐਸੋਸੀਏਸ਼ਨ, ਛੱਤੀਸਗੜ੍ਹ ਦੇ ਸਹਿਯੋਗ ਨਾਲ ਆਯੋਜਿਤ 13ਵੀਂ ਕੌਮੀ ਗੱਤਕਾ ਚੈਂਪੀਅਨਸ਼ਿਪ-2025 ਛੱਤੀਸਗੜ੍ਹ ਦੇ ਭਿਲਾਈ ਸ਼ਹਿਰ ਵਿੱਚ ਰਵਾਇਤੀ ਜੰਗਜੂ ਕਲਾ ਅਤੇ ਖੇਡ ਭਾਵਨਾ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਮਾਪਤ ਹੋਈ। ਤਿੰਨ ਦਿਨ ਚੱਲੇ ਤਿੱਖੇ ਮੁਕਾਬਲਿਆਂ ਤੋਂ ਬਾਅਦ ਪੰਜਾਬ ਦੇ ਗੱਤਕਾ ਖਿਡਾਰੀ ਓਵਰਆਲ ਚੈਂਪੀਅਨ ਬਣੇ ਜਦੋਂ ਕਿ ਛੱਤੀਸਗੜ੍ਹ ਦੇ ਖਿਡਾਰੀਆਂ ਨੇ ਆਪਣੀ ਹਿੰਮਤ, ਸਟੀਕਤਾ ਅਤੇ ਕਰੜੀ ਮਿਹਨਤ ਸਦਕਾ ਦਿਲ ਜਿੱਤਦੇ ਹੋਏ ਉਪ-ਜੇਤੂ ਹੋਣ ਦਾ ਖਿਤਾਬ ਜਿੱਤਿਆ। ਇਸ ਚੈਂਪੀਅਨਸ਼ਿਪ ਦੋਰਾਨ ਬਿਹਤਰ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਪੁਰਸਕਾਰ ਵੀ ਪ੍ਰਦਾਨ ਕੀਤੇ ਗਏ ਜਿਨ੍ਹਾਂ ਵਿੱਚ ਚੰਡੀਗੜ੍ਹ ਤੋਂ ਸਤਵੰਤ ਸਿੰਘ ਖਾਲਸਾ ਨੂੰ ਜੂਨੀਅਰ ਗੱਤਕਾ ਸਟਾਰ ਪੁਰਸਕਾਰ ਅਤੇ ਸੁਨੇਹਾ ਨੂੰ ਸਰਵੋਤਮ ਪ੍ਰਦਰਸ਼ਨ ਪੁਰਸਕਾਰ ਨਾਲ ਸਨਮਾਨਿਆ ਗਿਆ। ਸਭ ਤੋਂ ਵੱਧ ਹੋਣਹਾਰ ਖਿਡਾਰੀ ਦਾ ਪੁਰਸਕਾਰ ਰਮਨਦੀਪ ਸਿੰਘ ਪੰਜਾਬ ਨੂੰ ਮਿਲਿਆ। ਛੱਤੀਸਗੜ੍ਹ ਦੀ ਡਿੰਪਲ ਕੁਮਾਰੀ ਨੂੰ ਸਰਵੋਤਮ ਗੱਤਕਾ-ਸੋਟੀ ਖਿਡਾਰਨ ਅਤੇ ਹਰਿਆਣਾ ਦੇ ਜਸਕੀਰਤ ਸਿੰਘ ਨੂੰ ਸਰਵੋਤਮ ਫੱਰੀ-ਸੋਟੀ ਖਿਡਾਰੀ ਵਜੋਂ ਸਨਮਾਨਿਤ ਕੀਤਾ।ਉੱਤਰਾਖੰਡ ਦਾ ਜਗਜੋਤ ਸਿੰਘ ਸਰਵੋਤਮ ਗੱਤਕਾ ਖਿਡਾਰੀ ਅਤੇ ਮਹਿਲਾ ਵਰਗ ਵਿੱਚ ਪੰਜਾਬ ਦੀ ਇਸ਼ਪ੍ਰੀਤ ਕੌਰ ਨੂੰ ਸਰਵੋਤਮ ਗੱਤਕਾ ਖਿਡਾਰਨ ਐਲਾਨਿਆ ਗਿਆ।


## ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ

### ਧਾਰਮਿਕ ਸੇਵਾਦਾਰ ਕੀਰਤਨੀ ਸਿੰਘ / ਤਬਲਾ ਵਾਦਕ ਦੀ ਤੁਰੰਤ ਲੋੜ ਹੈ

ਖਾਲਸਾ ਦਰਬਾਰ ਗੁਰਦੁਆਰਾ ਡਰਬੀ ਵਿਖੇ (ਧਾਰਮਿਕ ਸੇਵਾਦਾਰ) ਦੀ ਲੋੜ ਹੈ ਜੋ ਗੁਰੂ ਘਰ ਵਿਖੇ ਕੀਰਤਨ, ਆਸਾ ਦੀ ਵਾਰ ਦਾ ਅਤੇ ਹੋਰ ਬਾਣੀਆਂ ਦਾ ਕੀਰਤਨ ਕਰਨ ਦੇ ਮਾਹਿਰ ਹੋਣ। ਉਹ ਵਾਜਾ ਤੇ ਤਬਲਾ ਜਾਣਦੇ ਹੋਣ। ਪ੍ਰਸ਼ਾਦਿ ਬਨਾਉਣ ਤੇ ਵੰਡਣ ਦੀ ਸੇਵਾ, ਚੌਰ ਸਾਹਿਬ ਦੀ ਸੇਵਾ, ਮੰਜੀ ਸਾਹਿਬਾਂ ਦੀ ਸੇਵਾ, ਗੁਰਦੁਆਰਾ ਸਾਹਿਬ ਖੋਹਲਣਾ ਤੇ ਬੰਦ ਕਰਨਾ ਉਹਨਾਂ ਦੀਆਂ ਸੇਵਾਵਾਂ ਵਿੱਚ ਸ਼ਾਮਿਲ ਹੈ। ਉਹ ਗੁਰਬਾਣੀ ਦੇ ਸ਼ੁੱਧ ਪਾਠੀ ਹੋਣ। ਉਹਨਾਂ ਪਾਸ ਯੂ ਕੇ ਵਿੱਚ ਕੰਮ ਕਰਨ ਦੀ ਕਾਨੂੰਨੀ ਇਜਾਜ਼ਤ ਹੋਵੇ। ਵਧੀਆ ਤਨਖਾਹ ਕੰਮ ਅਤੇ ਯੂ ਕੇ ਦੇ ਰੋਜ਼ਗਾਰ ਕਾਨੂੰਨ ਮੁਤਾਬਕ ਹੋਵੇਗੀ ਅਤੇ ਖਾਣ ਪੀਣ ਅਤੇ ਰਿਹਾਇਸ਼ ਦਾ ਪ੍ਰਬੰਧ ਹੈ। ਕੰਮ ਹਫ਼ਤੇ ਵਿੱਚ 34 ਘੰਟੇ ਹੋਵੇਗਾ।

ਸ਼ਰਤਾਂ :- ਤਬਲਾ ਤੇ ਹਰਮੋਨੀਅਮ ਦੇ ਮਾਹਿਰ ਹੋਣ। ਸੇਵਾਦਾਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ ਹਨ।

ਚਾਹਵਾਨ ਸੇਵਾਦਾਰ ਦਿੱਤੇ ਨੰਬਰ ਤੇ ਸੰਪਰਕ ਕਰਨ ਜਾਂ ਅਰਜ਼ੀਆਂ ਭੇਜਣ ਦੀ ਕ੍ਰਿਪਾਲਤਾ ਕਰਨ

ਵਧੇਰੇ ਜਾਣਕਾਰੀ ਲਈ ਹਰਦਿਆਲ ਸਿੰਘ ਧਮੜੈਤ: 07373 359229, ਸ: ਬਹਾਦਰ ਸਿੰਘ: 07875 289454

### VACANCIES FOR RELIGIOUS WORKERS AT KHALSA DRBAR GURDWARA DERBY U.K.

**Duties:** Singing holy hyms from Holy Guru Granth Sahib Ji, Assa Di Vaar and other Sikh bani Kirtan with instruments, Playing Drums/Tabla. Cook & Distribute Holy Sweet - Doing Chaur Sahib - Look after Manji Sahibs before going to home, Opening and closing Gurdwara Sahib.

**Location:** Derby.

**Duration & Remuneration:** Attractive Salary will be according to UK employment Law. Boarding and Lodging will be provided. Work 34 hours per week.

**Requirements:** Vast Knowledge of Gurmat and Harmonium. Must Write, read and speak Punjabi. Must have sufficient experience in Harmonium teaching. Clean character certificate required from previous employer. Sevadaar must be Amritdhari. Must have right to work in U.K.

Please apply with cv's to **Email: hdhamrait@hotmail.co.uk**

**Contact : Hardial Singh Damrait: 07373 359229, Bahadar Singh - 07875 289454**

**Closing Date : 5 - November - 2025**

SARBAT DA BHALA DERBY CHARITY NO. 1188193

**KHALSA DARBAR GURDWARA DERBY**

**Sinfin Lane, Derby, DE24 9GP.**

Email:Info@khalsadarbar.co.uk / Web:www.khalsadarbar.co.uk

TAIL PIECE

Dalip Singh Wasan, Advocate
Email: dalipsinghwassan@yahoo.co.in

## Members in Parliament may represent people through their contesting group

We all know that candidates are nominated by the contesting-groups and they are just to support and follow the group through which come in the Parliament and till date they have not been allowed-to work in Parliament as representatives of the people of the constituency from which they have been elected.

This had been wrong and when the House is alled House of the people, each member must represent people of his constituency and must work for their better life. We must start working towards this direction. The contesting group who is nominating candidates must ask each candidate what is the most important problem of his area which he wants to solve in the parliament and must announce during election campaigns. And those problems must become the aims and targets of the group and the group must work on them and must prepare in proper form Bills, Projects, Schemes and Policies and bring those in the Parliament. These must be taken as targets of the contesting group.

And a study must be carried out and similar problems put up by both the contesting groups must be considered jointly by the Houseand there are chances that most of the Bills, Projects, Schemes and Policies shall be passed for the welfare of the people. Both the-contesting groups are public servants and must keep in mind the welfare of the people and forget who wins and who loses.

The winners have been identified and they have formed government, that is enough. No further contest in he Parliament. In stead of opposing each other the members must work for making improvements in Bills, Projects, Schemes and Policies. The system of opposing each other must go because it slows down work in the Parliament and our development too had been slow through out. We have fixed the target date and time is left short with us and let us join working with cooperation of each other and must reach the target earlier, it is possible.

## People too must participate in pointing out their problems

Democracy is a government of the people through their representatives and therefore, they too must participate in pointing out their problems to the contesting groups and to the candidates nominated. The can hold meeting, send their problems to news papers and evern the candidates nominated must get information what are the problems of the area or of the constituency.

They must examine each candidate and take into account the contesting groups and their targets too and they must know that only those groups and candidates must be chosen who are willing and competent to work for the people. They should ignore those who are-just interested in reaching the Parliament just for show and become a political leader. India is a leaderless country and they are choosing just their representatives to work as Public Servants and must becompetent too.

The fact that they are choosing just two men as their Prime Minister and leave all upto him to do for them. This type of elections are just choosing leaders and not a government of the people. In government let all sitting in Parliament must participate to serve the country and even public themselves too must participate and see they are actually vigilant to see that their public servant sare actually serving them. When people are not vigilant, development of the country shall be slow and we have got the experience of more than seven decades and our elected people are still giving us some more tenures to reach the target of development and peo;le are stillin doubt.

## British Sikh Consultative Forum Condemns Rise in Hate Crimes and Expresses Solidarity with the British Muslim Community




The British Sikh Consultative Forum (BSCF) expresses its deep sorrow and grave concern over the recent surge in religiously aggravated hate crimes across the United Kingdom. In recent weeks, the nation has witnessed a series of distressing incidents, including an arson attack on the Peacehaven Mosque in Sussex, where two people were inside when the fire was started and the violent attack outside a synagogue in Heaton Park, Manchester, which tragically claimed two lives. So far in 2025, at least 17 attacks on mosques and Islamic institutions have been reported across the UK. Behind these statistics are real people - families, children, elders, and entire communities who are being attacked simply for practising their faith.

The BSCF holds all those who are suffering in its thoughts and prayers, and offers heartfelt wishes for their safety, comfort, and peace.




In New York City, America in the most popular Area Manhattan Street No. 114 has been named as "Guru Tegh Bahadur Ji Marg Way".This speaks of the importance of Sikh Diaspora and their relations with the authorities.

## Khalsa Aid Distributes Diesel worth over $47,000 to Panjab Farmers in 2 days



Khalsa Aid has provided diesel worth over $47,000 (approximately ₹42,00,000) to affected farmers in Panjab within just two days. Thisinitiative is part of our ongoing Panjab Rehab Phase 2 project aimedat rebuilding lives impacted by the devastating 2025 floods.The 2025 Panjab floods have damaged approximately 148,000 hectares ofagricultural land. With a quarter of Panjab's population dependent onfarming, this devastation has disrupted the livelihoods of countless families who lost their fields. Khalsa Aid is actively supporting the families affected by the floods.Not only are our volunteers levelling farmlands to make them-cultivable again, but we are also providing 20 litres of diesel peracre to farmers with 1 to 10 acres of land that were submerged.On October 10th, this project began in eight villages of Ajnala tehsilin the Amritsar district: Talwandi Rai Dadu, Lakhuwal, Lalwala,Dabbar, Kamirpura, Phule Chak, Kotli Korotana, and Nangal Vanjhawala.Our process is simple and efficient. After verifying a farmer's identification, our volunteers provide a slip which can be used tocollect their diesel allocation from a local pump. The slip is then returned to our team to ensure the distribution is managed fairly.

# ਕੀ ਦੀਵਾਲੀ ਦਾ ਸਿੱਖ ਧਰਮ ਵਿਚ ਮਹੱਤਵ ਹੈ ?

ਪ੍ਰਿੰਸੀਪਲ ਗਿਆਨੀ ਸੁਰਜੀਤ ਸਿੰਘ



ਛੇਵੇਂ ਸਤਿਗੁਰੂ ਅਤੇ ਦਿਵਾਲੀ- ਜਿਵੇਂ ਗੁਰੂ ਨਾਨਕ ਸਾਹਿਬ ਵੀ ਬਾਬਰ ਦੀ ਕੈਦ ਵਿਚੋਂ ਤਾਂ ਹੀ ਬਾਹਰ ਆਏ ਜਦੋਂ ਉਸ ਨੇ ਸਾਰੇ ਕੈਦੀਆਂ ਨੂੰ ਰਿਹਾਅ ਕੀਤਾ। ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਜੀ ਛੇ ਮਹੀਨੇ ਦੀ ਕੈਦ ਬਾਅਦ ਅਗਸਤ 1621 ਨੂੰ ਗਵਾਲੀਅਰ ਦੀ ਜੇਲ੍ਹ ਵਿਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾ ਕੇ ਲਿਆਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ ਛੋੜ' ਛੇਵੇਂ ਸਤਿਗੁਰੂ ਵੀ ਪ੍ਰਚਲਤ ਹੋ ਗਿਆ। ਰਿਹਾਈ ਬਾਅਦ ਦਿਵਾਲੀ, ਪੰਥ ਦਾ ਪਹਿਲਾ ਵੱਡਾ ਇਕੱਠ ਸੀ। ਪ੍ਰਚਲਣ ਹੈ, ਓਦੋਂ ਦਰਬਾਰ ਸਾਹਿਬ ਭਾਰੀ ਦੀਪਮਾਲਾ ਕੀਤੀ ਗਈ। ਫਿਰ ਜਦੋਂ ਇਸ ਦੀਪਮਾਲਾ ਨੂੰ ਵੀ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਨਾਲ ਜੋੜਿਆ ਜਾਂਦਾ ਹੈ ਤਾਂ ਉਹ ਬ੍ਰਾਹਮਣੀ ਮਿਲਾਵਟ ਹੀ ਸਾਬਤ ਹੁੰਦੀ ਹੈ। ਉਪਰੰਤ ਦਸਵੇਂ ਪਾਤਸ਼ਾਹ ਤੀਕ ਦਰਬਾਰ ਸਾਹਿਬ ਵਿਖੇ ਕਿਸੇ ਦਿਵਾਲੀ-ਦੀਪਮਾਲਾ ਦੀ ਸੂਚਨਾ ਨਹੀਂ ਅਤੇ ਨਾ ਹੀ ਅਠਵੇਂ ਤੇ ਦਸਵੇਂ ਪਾਤਸ਼ਾਹ ਕਦੇ ਅੰਮ੍ਰਿਤਸਰ ਪਧਾਰੇ ਹੀ। ਹੋਰ, ਜੇ ਕਰ ਰਿਹਾਈ ਹੀ ਪੰਥ ਲਈ ਵੱਡਾ ਖੁਸ਼ੀ ਦਾ ਵਿਸ਼ਾ ਸੀ ਤਾਂ ਉਨ੍ਹੀਂ ਦਿਨੀ ਹੋਈ ਪੰਜਵੇਂ ਪਾਤਸ਼ਾਹ ਦੀ, ਤਸੀਹੇ ਭਰਪੂਰ ਸ਼ਹਾਦਤ ਬਾਰੇ ਕੀ ਕਿਹਾ ਜਾਵੇਗਾ?

"ਦੀਵਾਲੀ ਕੀ ਰਾਤਿ, ਦੀਵੇ...?" ਹੋਰ ਤਾਂ ਹੋਰ ਦਿਵਾਲੀ ਦੇ ਦਿਨਾਂ ਵਿਚ ਸਿੱਖ ਧਰਮ ਦੇ ਕੇਂਦਰ ਦਰਬਾਰ ਸਾਹਿਬ ਤੋਂ ਹੀ ਅਰੰਭ ਹੋ ਕੇ ਅੱਜ ਸਾਡੇ ਬਹੁਤੇ ਪ੍ਰਚਾਰਕ-ਰਾਗੀ- "ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ" ਪੰਕਤੀ ਨੂੰ ਮੂਲ ਅਰਥਾਂ ਦੇ ਬਿਲਕੁਲ ਉਲਟ ਪੇਸ਼ ਕਰ ਰਹੇ ਹੁੰਦੇ ਹਨ। ਅਸਲ ਵਿਚ ਭਾਈ ਗੁਰਦਾਸ ਜੀ ਦੀ ਵਾਰ 19/6 ਦੀ ਇਹ ਪਹਿਲੀ ਪੰਕਤੀ ਹੈ ਅਤੇ ਪਉੜੀ ਇਸ ਤਰ੍ਹਾਂ ਹੈ: "ਦੀਵਾਲੀ ਕੀ ਰਾਤਿ, ਦੀਵੇ ਬਾਲੀਅਨਿ॥ ਤਾਰੇ ਜਾਤਿ ਸਨਾਤਿ, ਅੰਬਰ ਭਾਲੀਅਨਿ॥ ਫੁਲਾਂ ਦੀ ਬਾਗਾਤਿ, ਚੁਣਿ ਚੁਣਿ ਚਾਲੀਅਨਿ॥ ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਨਿ॥ ਹਰਿ ਚੰਦਉਰੀ ਝਾਤਿ, ਵਸਾਇ ਉਚਾਲੀਅਨਿ॥ ਗੁਰਮੁਖਿ ਸੁਖ ਫਲਦਾਤਿ, ਸਬਦਿ ਸਮਾਲੀਅਨਿ॥"

ਅਰਥ ਇਹ ਹੈ ; "ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੌਸ਼ਨੀ ਕੁੱਝ ਦੇਰ ਲਈ ਹੀ ਹੁੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ, ਕੇਵਲ ਦਿਨ ਚੜ੍ਹਣ ਤੀਕ। ਪੌਦਿਆਂ ਨਾਲ ਫੁਲ ਖਿੱੜਦੇ ਹਨ ਪਰ ਲੱਗੇ ਰਹਿਣ ਲਈ ਨਹੀਂ। ਤੀਰਥਾਂ ਤੇ ਜਾਣ ਵਾਲੇ ਯਾਤਰੀ ਦਿਖਾਈ ਤਾਂ ਦੇਂਦੇ ਹਨ, ਪਰ ਉਥੇ ਰਹਿਣ ਨਹੀਂ ਜਾਂਦੇ। ਬੱਦਲਾਂ ਦੇ ਆਕਾਸ਼ੀ ਮਹੱਲ ਨਜ਼ਰ ਆਉਂਦੇ ਹਨ ਪਰ ਉਹਨਾਂ ਦੀ ਹੋਂਦ ਨਹੀਂ ਹੁੰਦੀ। ਅੰਤ ਫ਼ੈਸਲਾ ਦੇਂਦੇ ਹਨ- "ਗੁਰਮੁਖ ਸੰਸਾਰ ਦੀ ਇਸ ਨਸ਼ਵਰਤਾ ਨੂੰ ਪਛਾਣ ਲੈਂਦੇ ਹਨ ਤੇ ਇਸ ਵਿਚ ਖੱਚਿਤ ਨਹੀਂ ਹੁੰਦੇ। ਗੁਰਮੁਖ ਪਿਅਰੇ, ਗੁਰੂ ਦੇ ਸ਼ਬਦ ਨਾਲ ਜੁੜ ਕੇ ਆਪਣੇ ਜੀਵਨ ਦੀ ਸੰਭਾਲ ਕਰਦੇ ਹਨ।" ਅੰਦਾਜ਼ਾ ਲਗਾਓ! ਸਮਝਣਾ ਤਾਂ ਹੈ ਕਿ ਪਉੜੀ ਦਾ ਫ਼ੈਸਲਾ ਕੀ ਹੈ? ਉਲਟਾ ਪਉੜੀ ਵਿਚ ਆਏ ਪ੍ਰਮਾਣ ਨੂੰ ਟੇਕ ਬਣਾ ਰਹੇ ਹਾਂ। ਆਖਿਰ ਪ੍ਰਚਾਰ ਕਿਸ ਗੱਲ ਦਾ ਕਰ ਰਹੇ ਹਾਂ? ਗੁਰਮਤਿ ਦਾ ਜਾਂ ਮਨਮੱਤ ਦਾ?

ਇੰਨਾ ਹੀ ਨਹੀਂ, ਗੁਰਬਾਣੀ ਵਿਚ ਲਫ਼ਜ਼ ਦੀਵਾ ਹੋਰ ਵੀ ਬਹੁਤ ਵਾਰੀ ਆਇਆ ਹੈ, ਕਿਥੇ ਤੇ ਕਿਸ ਅਰਥ ਵਿਚ ਆਇਆ, ਕਿਸੇ ਨੂੰ ਇਸ ਨਾਲ ਲੈਣ-ਦੇਣਾ ਨਹੀਂ। ਦਿਵਾਲੀ ਦੇ ਦਿਹਾੜੇ ਸੰਬੰਧਤ ਸ਼ਬਦਾਂ ਨੂੰ ਇਸ ਪ੍ਰਭਾਵ ਵਿਚ ਲਿਆ ਜਾ ਰਿਹਾ ਹੁੰਦਾ ਹੈ ਕਿ ਸੰਗਤਾਂ ਨੂੰ ਗੁਰਬਾਣੀ ਵਿਚਾਰਧਾਰਾ ਤੋਂ ਤੋੜ ਕੇ ਅਨਮੱਤੀ ਵਿਸ਼ਵਾਸਾਂ ਵਿਚ ਉਲਝਾਇਆ ਜਾਵੇ। ਕੀ ਇਹੀ ਹੈ ਅੱਜ ਦਾ ਸਾਡਾ ਗੁਰਮਤਿ ਪ੍ਰਚਾਰ?

ਇਸ ਤਰ੍ਹਾਂ ਜਿੱਥੇ ਸਾਡੇ ਅਜੇਹੇ ਰਾਗੀ-ਪ੍ਰਚਾਰਕ, ਗੁਰਮਤਿ-ਗੁਰਬਾਣੀ ਵਿਰੁਧ ਪ੍ਰਚਾਰ ਦੇ ਦੋਸ਼ੀ ਹੁੰਦੇ ਹਨ ਉਥੇ ਨਾਲ ਹੀ ਭੋਲੀਆਂ ਭਾਲੀਆਂ ਸੰਗਤਾਂ ਨੂੰ ਗੁਮਰਾਹ ਕਰਣ ਦਾ ਵੀ ਕਾਰਨ ਬਣਦੇ ਹਨ। ਆਖਿਰ ਕਾਹਦੇ ਲਈ? ਜਾਣੇ--ਅਣਜਾਣੇ ਬਹੁਤਾ ਕਰਕੇ ਆਪਣੇ ਹੱਲਵੇ ਮਾਂਡੇ, ਨੋਟਾਂ-ਡਾਲਰਾਂ-ਪੌਂਡਾਂ ਲਈ। ਅਸਲ ਵਿਚ ਅਜਿਹੇ ਪ੍ਰਚਾਰਕ ਸੰਗਤਾਂ ਨੂੰ ਨਿਰੋਲ ਬ੍ਰਾਹਮਣੀ 'ਦਿਵਾਲੀਆਂ' ਵਿਚ ਉਲਝਾਉਣ ਵਾਲਾ ਬਜਰ ਗੁਨਾਹ ਹੀ ਕਰ ਰਹੇ ਹੁੰਦੇ ਹਨ, ਗੁਰਮਤਿ ਪ੍ਰਚਾਰ ਨਹੀਂ। ਲੋੜ ਹੈ ਤਾਂ ਸੰਗਤਾਂ ਨੂੰ ਜਾਗਣ ਦੀ।

ਦੀਵਾਲੀ ਦਾ ਤਿਉਹਾਰ ਹੈ ਕੀ? 'ਦਿਵਾਲੀ' ਜਾਂ ਦੀਪਾਵਲੀ' - ਅਰਥ ਹੈ ਦੀਵਿਆਂ ਦਾ ਤਿਉਹਾਰ। ਜਿਨ੍ਹਾਂ ਦਿਨ੍ਹਾਂ ਵਿਚ ਇਸ ਦਾ ਅਰੰਭ ਹੋਇਆ, ਰੋਸ਼ਨੀ ਦਾ ਸਾਧਨ ਹੀ ਦੀਵੇ ਸਨ। ਇਸ ਤਿਉਹਾਰ ਨਾਲ ਸੰਬੰਧਤ ਲੋਕ ਅੱਜ ਵੀ ਰੌਸ਼ਨੀ ਦੇ ਅਨੇਕਾਂ ਮਾਧਿਅਮ ਦੇ ਹੁੰਦੇ ਦੀਵੇ ਬਾਲਣਾ, ਆਪਣਾ ਧਰਮ ਮੰਨਦੇ ਹਨ। ਦਿਵਾਲੀ ਦਾ ਪਿਛੋਕੜ ਹੈ-ਪਹਿਲਾ, ਬ੍ਰਾਹਮਣ ਨੇ ਸਮਾਜ ਨੂੰ ਚਾਰ ਵਰਣਾਂ ਵਿਚ ਵੰਡਿਆ ਹੋਇਆ ਹੈ-ਬ੍ਰਾਹਮਣ, ਕਸ਼ਤਰੀ, ਵੈਸ਼, ਸ਼ੂਦਰ। ਹੋਰ ਵਿਤਕਰਿਆਂ ਵਾਂਗ ਤਿਉਹਾਰ ਵੀ ਵੱਖ-ਵੱਖ ਵਰਣਾਂ ਲਈ ਮਿੱਥੇ ਹੋਏ ਸਨ। ਬ੍ਰਾਹਮਣਾ ਲਈ 'ਵਿਸਾਖੀ', ਕਸ਼ਤਰੀਆਂ ਲਈ 'ਦੁਸਿਹਰਾ', ਅਖੌਤੀ ਸ਼ੂਦਰਾਂ ਲਈ ਘੱਟਾ-ਮਿੱਟੀ ਉਡਾਉਣ-ਖ਼ਰਮਸਤੀਆਂ ਲਈ 'ਹੋਲੀਆਂ'। ਵੈਸ਼ਾਂ ਭਾਵ ਕੀਰਤੀਆਂ, ਕਾਮਿਆਂ, ਬਾਬੂਆਂ ਲਈ ਦਿਵਾਲੀ। ਦਿਵਾਲੀ ਦੇ ਦਿਨ ਇਹ ਲੋਕ 'ਧੰਨ ਦੀ ਦੇਵੀ' 'ਲੱਛਮੀ' ਦੀ ਪੂਜਾ ਕਰਦੇ ਹਨ। ਦੂਜਾ- ਦਿਵਾਲੀ ਨਾਲ ਸ੍ਰੀ ਰਾਮ ਚੰਦਰ ਰਾਹੀਂ ਰਾਵਣ ਨੂੰ ਮਾਰ ਕੇ ਅਜੁਧਿਆ ਵਾਪਸ ਆਉਣ ਦੀ ਘਟਨਾ ਵੀ ਜੁੜੀ ਹੋਈ ਹੈ। ਇਸ ਤਰ੍ਹਾਂ ਇਹ ਤਿਉਹਾਰ ਸ੍ਰੀ ਰਾਮਚੰਦਰ ਨੂੰ ਅਵਤਾਰ ਮੰਨਣ ਵਾਲਿਆਂ ਨਾਲ ਵੀ ਸੰਬੰਧਤ ਹੈ। ਸਾਰੇ ਦੇ ਉਲਟ ਗੁਰਬਾਣੀ ਨਾ ਹੀ ਬ੍ਰਾਹਮਣੀ ਵਰਣ-ਵੰਡ ਵਿਚ ਵਿਸ਼ਵਾਸ ਰਖਦੀ ਹੈ, ਨਾ ਧੰਨ ਆਦਿ ਦੇਵੀ-ਦੇਵ ਪੂਜਾ ਵਿਚ ਤੇ ਨਾ ਅਵਤਾਰ ਵਾਦ ਵਿਚ।

ਦਿਵਾਲੀ ਵਿਸਾਖੀ ਦੇ ਪੰਥਕ ਇਕੱਠ- ਸਾਲ ਵਿਚ ਦਿਵਾਲੀ-ਵਿਸਾਖੀ ਦੋ ਦਿਨ ਹਨ, ਜਦੋਂ ਪੰਥ ਦੇ ਦੋ ਭਾਰੀ ਇਕੱਠ ਹੋਇਆ ਕਰਦੇ ਸਨ। ਗੁਰੂ ਨਾਨਕ ਸਾਹਿਬ ਦਾ ਆਗਮਨ ਵਿਸਾਖ ਸੁਦੀ ਦੂਜ (15 ਅਪ੍ਰੈਲ) ਕਾਰਨ ਵਿਸਾਖੀ। ਚੂੰਕਿ ਸਾਲ ਦੀ ਵਿੱਥ ਲੰਮੀ ਸੀ, ਤੀਜੇ ਪਾਤਸ਼ਾਹ ਨੇ ਇਸ ਨੂੰ ਦਿਵਾਲੀ-ਵਿਸਾਖੀ ਵਿਚ ਬਦਲ ਦਿੱਤਾ। ਦੇਸੀ ਹਿਸਾਬ ਨਾਲ ਇਹਨਾ ਵਿਚ ਛੇ ਮਹੀਨੇ ਦਾ ਅੰਤਰ ਹੈ ਤੇ ਸੰਗਤਾ ਨੂੰ ਵੀ ਚੇਤੇ ਰਖਣਾ ਆਸਾਨ ਹੁੰਦਾ ਸੀ। ਉਂਝ ਸਿੱਖ ਧਰਮ ਵਿਚ, ਇਹ ਦੋਵੇਂ ਇਕੱਠ, ਬ੍ਰਾਹਮਣੀ ਤਿਉਹਾਰਾਂ ਵਜੋਂ ਕਦੇ ਨਹੀਂ ਸਨ ਜਿਵੇਂ ਪੰਥ ਅੱਜ ਇਸ ਜਿੱਲਣ ਵਿਚ ਫੱਸ ਕੇ, ਸਿੱਖ ਪਨੀਰੀ ਨੂੰ ਬ੍ਰਾਹਮਣੀ ਸਭਿਅਤਾ ਵੱਲ ਧੱਕਣ ਦਾ ਜਿੰਮੇਵਾਰ ਬਣਿਆ ਪਿਆ ਹੈ।

ਦੋਨਾਂ ਸਮਾਗਮਾਂ ਸਮੇਂ, ਜਿੱਥੇ ਕਿੱਥੇ ਵੀ ਗੁਰੂ ਸਾਹਿਬ ਹੁੰਦੇ, ਸੰਗਤਾਂ ਉਥੇ ਪੁੱਜ ਕੇ ਅਗਵਾਈ ਲੈਂਦੀਆਂ। ਪਾਤਸ਼ਾਹ ਵੀ ਦੂਰੋਂ-ਪਾਰੋਂ ਪੁੱਜੀਆਂ ਸੰਗਤਾਂ ਦੀਆਂ ਤਕਲੀਫਾਂ-ਲੋੜਾਂ-ਦੁੱਖਾਂ-ਦਰਦਾਂ ਨੂੰ ਸੁਣਦੇ 'ਤੇ ਹਲ ਦੇਂਦੇ। ਸਿੱਖਾਂ ਲਈ ਦਿਵਾਲੀ-ਦੀਵਿਆਂ, ਮਠਿਆਈਆਂ, ਆਤਿਸ਼ਬਾਜ਼ੀਆਂ ਦਾ ਤਿਉਹਾਰ ਕਦੇ ਵੀ ਨਹੀਂ ਸੀ।

ਛੇਵੇਂ ਸਤਿਗੁਰੂ ਅਤੇ ਦਿਵਾਲੀ- ਜਿਵੇਂ ਗੁਰੂ ਨਾਨਕ ਸਾਹਿਬ ਵੀ ਬਾਬਰ ਦੀ ਕੈਦ ਵਿਚੋਂ ਤਾਂ ਹੀ ਬਾਹਰ ਆਏ ਜਦੋਂ ਉਸ ਨੇ ਸਾਰੇ ਕੈਦੀਆਂ ਨੂੰ ਰਿਹਾਅ ਕੀਤਾ। ਛੇਵੇਂ ਪਾਤਸ਼ਾਹ, ਗੁਰੂ ਹਰਿਗੋਬਿੰਦ ਜੀ ਛੇ ਮਹੀਨੇ ਦੀ ਕੈਦ ਬਾਅਦ ਅਗਸਤ 1621 ਨੂੰ ਗਵਾਲੀਅਰ ਦੀ ਜੇਲ੍ਹ ਵਿਚੋਂ 52 ਪਹਾੜੀ ਹਿੰਦੂ ਰਾਜਿਆਂ ਨੂੰ ਆਪਣੇ ਨਾਲ ਰਿਹਾਅ ਕਰਵਾ ਕੇ ਲਿਆਏ। ਉਸ ਦਿਨ ਤੋਂ ਆਪ ਦਾ ਨਾਂ 'ਬੰਦੀ ਛੋੜ' ਛੇਵੇਂ ਸਤਿਗੁਰੂ ਵੀ ਪ੍ਰਚਲਤ ਹੋ ਗਿਆ। ਰਿਹਾਈ ਬਾਅਦ ਦਿਵਾਲੀ, ਪੰਥ ਦਾ ਪਹਿਲਾ ਵੱਡਾ ਇਕੱਠ ਸੀ। ਪ੍ਰਚਲਣ ਹੈ, ਓਦੋਂ ਦਰਬਾਰ ਸਾਹਿਬ ਭਾਰੀ ਦੀਪਮਾਲਾ ਕੀਤੀ ਗਈ। ਫਿਰ ਜਦੋਂ ਇਸ ਦੀਪਮਾਲਾ ਨੂੰ ਵੀ ਬ੍ਰਹਮਗਿਆਨੀ ਬਾਬਾ ਬੁੱਢਾ ਜੀ ਨਾਲ ਜੋੜਿਆ ਜਾਂਦਾ ਹੈ ਤਾਂ ਉਹ ਬ੍ਰਾਹਮਣੀ ਮਿਲਾਵਟ ਹੀ ਸਾਬਤ ਹੁੰਦੀ ਹੈ। ਉਪਰੰਤ ਦਸਵੇਂ ਪਾਤਸ਼ਾਹ ਤੀਕ ਦਰਬਾਰ ਸਾਹਿਬ ਵਿਖੇ ਕਿਸੇ ਦਿਵਾਲੀ-ਦੀਪਮਾਲਾ ਦੀ ਸੂਚਨਾ ਨਹੀਂ ਅਤੇ ਨਾ ਹੀ ਅਠਵੇਂ ਤੇ ਦਸਵੇਂ ਪਾਤਸ਼ਾਹ ਕਦੇ ਅੰਮ੍ਰਿਤਸਰ ਪਧਾਰੇ ਹੀ। ਹੋਰ, ਜੇ ਕਰ ਰਿਹਾਈ ਹੀ ਪੰਥ ਲਈ ਵੱਡਾ ਖੁਸ਼ੀ ਦਾ ਵਿਸ਼ਾ ਸੀ ਤਾਂ ਉਨ੍ਹੀਂ ਦਿਨੀ ਹੋਈ ਪੰਜਵੇਂ ਪਾਤਸ਼ਾਹ ਦੀ, ਤਸੀਹੇ ਭਰਪੂਰ ਸ਼ਹਾਦਤ ਬਾਰੇ ਕੀ ਕਿਹਾ ਜਾਵੇਗਾ? ਉਪਰੰਤ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਪੰਥ ਦੀ ਕੀ ਸੋਚ ਹੋਵੇਗੀ? ਕਿਉਂਕਿ ਅਜਿਹੇ ਖੁਸ਼ੀ-ਗ਼ਮ ਦੇ ਉਚੇਚੇ ਪ੍ਰਗਟਾਵੇ ਗੁਰਬਾਣੀ ਸਿਧਾਂਤ ਨਾਲ ਵੀ ਮੇਲ ਨਹੀਂ ਖਾਂਦੇ। ਤਾਂ ਫ਼ਿਰ ਅੱਜ ਹਰ ਸਾਲ ਦਰਬਾਰ ਸਾਹਿਬ ਵਿਖੇ ਦੀਪਮਾਲਾ, ਆਤਿਸ਼ਬਾਜ਼ੀ ਕਿਉਂ?

ਭਾਈ ਮਨੀ ਸਿੰਘ 'ਤੇ ਦਿਵਾਲੀ-ਪਿਛਲੇ ਲੰਮੇਂ ਸਮੇਂ ਤੋਂ ਹੀ ਪੰਥ 'ਤੇ ਭੀੜਾ ਬਣੀ ਰਹਿਣ ਕਾਰਨ ਵਿਸਾਖੀ-ਦਿਵਾਲੀ ਦੇ ਇਕੱਠ ਨਹੀਂ ਸਨ ਹੋ ਸਕੇ। ਕਾਫੀ ਸਮਾਂ ਬਾਅਦ ਸੰਨ 1737 ਵਿਚ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਦੇ 'ਦਿਵਾਲੀ ਇਕੱਠ' ਦਾ ਫ਼ੈਸਲਾ ਕੀਤਾ। ਇਹ ਇਕੱਠ, ਸਰਕਾਰੀ ਮਨਜ਼ੂਰੀ ਨਾਲ ਹੀ ਕੀਤਾ ਜਾ ਰਿਹਾ ਸੀ ਪਰ ਭੇਦ ਖੁੱਲਣ ਤੇ ਕਿ ਸਰਕਾਰ ਦੀ ਨੀਯਤ ਸਾਫ਼ ਨਹੀਂ; ਰੋਕ ਦਿੱਤਾ ਗਿਆ। ਭਾਈ ਮਨੀ ਸਿੰਘ ਜੀ ਨੇ ਆਪਣੇ ਬੰਦ ਬੰਦ ਤਾਂ ਕਟਵਾ ਲਏ ਪਰ ਸੰਗਤ ਦਾ ਇੱਕ ਪੈਸਾ ਵੀ ਸਰਕਾਰੀ ਖਜ਼ਾਨੇ ਵਿਚ ਟੈਕਸ-ਜੁਰਮਾਨੇ ਆਦਿ ਵਜੋਂ ਦੇਣ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਉਤਰ ਸੀ ਜੇ ਇਕੱਠ ਹੋ ਜਾਂਦਾ ਤਾਂ ਟੈਕਸ ਦੇਣਾ ਸੀ, ਜੇ ਇਕੱਠ ਹੀ ਨਹੀਂ ਤਾਂ ਟੈਕਸ ਦੇਣਾ ਸੰਗਤ ਦੇ ਪੈਸੇ ਦੀ ਕੁਵਰਤੋਂ ਹੈ। ਸੱਚਾਈ ਹੈ ਕਿ ਗੁਰੂ ਕੀ ਗੋਲਕ ਦੀ ਜੋ ਕੁਵਰਤੋਂ ਅੱਜ ਹੋ ਰਹੀ ਹੈ, ਉਸੇ ਦਾ ਨਤੀਜਾ ਹੈ ਕਿ ਪੰਥ ਪੂਰਨ ਤਬਾਹੀ ਵਾਲੀ ਹਾਲਤ ਵਿਚ ਪੁੱਜ ਚੁੱਕਾ ਹੈ, ਸਿੱਖੀ ਅਲੋਪ ਹੋ ਰਹੀ ਹੈ। ਚੰਗਾ ਹੁੰਦਾ, ਜੇਕਰ ਭਾਈ ਮਨੀ ਸਿੰਘ ਜੀ ਦੀ ਮਹਾਨ ਸ਼ਹਾਦਤ ਤੋਂ ਹੀ ਕੁੱਝ ਸਬਕ ਲੈ ਸਕਦੇ। ਖ਼ੈਰ! ਇਹ ਘਟਨਾ ਵੀ ਅਜਿਹੀ ਨਹੀਂ ਕਿ ਜਿਸ ਨਾਲ ਜੋੜ ਕੇ ਦਰਬਾਰ ਸਾਹਿਬ-ਅੰਮ੍ਰਿਤਸਰ ਵਿਖੇ ਪੰਥ ਹਰ ਸਾਲ ਦਿਵਾਲੀਆਂ ਮਨਾਏ ਤੇ ਦੀਪਮਾਲਾਵਾਂ, ਆਤਿਸ਼ਬਾਜ਼ੀਆਂ ਕਰੇ। ਯਕੀਨਣ ਦਿਵਾਲੀ ਵਜੋਂ ਇਹਨਾ ਦੀਪਮਾਲਾਵਾਂ, ਆਤਿਸ਼ਬਾਜ਼ੀਆਂ, ਮਠਿਆਈਆਂ ਆਦਿ ਨਾਲ ਸਿੱਖ ਧਰਮ ਦਾ ਉੱਕਾ ਸੰਬੰਧ ਨਹੀਂ।

# ਬਿਹਾਰ ਚੋਣਾਂ : ਲਾਲੂ ਪ੍ਰਸ਼ਾਦ, ਰਾਬੜੀ ਦੇਵੀ ਅਤੇ ਤੇਜਸਵੀ ਖਿਲਾਫ਼ ਪੁਰਾਣੇ ਮਾਮਲੇ ਵਿੱਚ ਦੋਸ਼ ਤੈਅ

## ਚੋਣਾਂ ਦੌਰਾਨ ਪੁਰਾਣੇ ਮਾਮਲਿਆਂ ਨੂੰ ਸਾਹਮਣੇ ਲਿਆਉਣਾ ਕਿੰਨਾ ਜਾਇਜ਼, ਕੀ ਬਿਹਾਰ ਚੋਣਾਂ ਤੇ ਪਵੇਗਾ ਅਸਰ

**ਜਗਤਾਰ ਸਮਾਲਸਰ**
ਏਲਨਾਬਾਦ, ਸਿਰਸਾ (ਹਰਿਆਣਾ)
ਸੰਪਰਕ- 94670-95953



**ਵਿਚਾਰਨ ਵਾਲਾ ਪਹਿਲੂ ਇਹ ਹੈ ਕਿ ਹਰ ਵਾਰ ਅਜਿਹਾ ਕਿਉਂ ਹੁੰਦਾ ਹੈ ਕਿ ਚੋਣਾਂ ਦੌਰਾਨ ਕਾਨੂੰਨੀ ਪ੍ਰਕਿਰਿਆ ਤੇ ਸਵਾਲ ਉਠਾਕੇ ਵਿਰੋਧੀ ਧਿਰ ਨੂੰ ਨੱਪਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। 10 ਤੋਂ 15 ਸਾਲ ਜਾਂ ਇਸ ਤੋਂ ਵੀ ਪੁਰਾਣੇ ਮਾਮਲਿਆਂ ਨੂੰ ਚੋਣਾਂ ਦੌਰਾਨ ਮੁੱਦਾ ਬਣਾਇਆ ਜਾਂਦਾ ਹੈ। ਜਦੋਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਖਾਤੇ ਜ਼ਬਤ ਕੀਤੇ ਗਏ ਸਨ ਤਾਂ ਇਸਦਾ ਕਾਂਗਰਸ ਨੂੰ ਨਹੀਂ ਸਗੋਂ ਭਾਜਪਾ ਨੂੰ ਨੁਕਸਾਨ ਹੋਇਆ ਸੀ। ਬਿਹਾਰ ਵਿੱਚ ਚੋਣ ਮੌਸਮ ਦੌਰਾਨ ਇਨ੍ਹਾਂ ਦੋਸ਼ਾਂ ਦਾ ਆਰਜੇਡੀ 'ਤੇ ਕੀ ਪ੍ਰਭਾਵ ਪਵੇਗਾ ਅਤੇ ਚੋਣਾਂ ਦੌਰਾਨ ਨਿਆਂਇਕ ਰੁਕਾਵਟਾਂ ਪੈਦਾ ਕਰਨਾ ਜਾਂ ਪੁਰਾਣੇ ਮਾਮਲਿਆਂ ਨੂੰ ਦੁਬਾਰਾ ਸਾਹਮਣੇ ਲਿਆਉਣਾ ਕਿੰਨਾ ਕੁ ਜਾਇਜ਼ ਹੈ ਇਹ ਇੱਕ ਵੱਡਾ ਸਵਾਲ ਹੈ।**



ਦਿੱਲੀ ਦੀ ਰਾਊਸ ਐਵੇਨਿਊ ਅਦਾਲਤ ਨੇ ਆਈ ਆਰ ਸੀ ਟੀ ਸੀ ਘੁਟਾਲੇ ਵਿੱਚ ਆਰਜੇਡੀ ਪ੍ਰਧਾਨ ਲਾਲ ਯਾਦਵ, ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਵਿਰੁੱਧ ਇੱਕ ਪੁਰਾਣੇ ਮਾਮਲੇ ਵਿੱਚ ਦੋਸ਼ ਤੈਅ ਕੀਤੇ ਹਨ।

ਹੁਣ ਜਦੋਂ ਤਿਉਹਾਰਾਂ ਅਤੇ ਬਿਹਾਰ ਵਿੱਚ ਚੋਣਾਂ ਦਾ ਮੌਸਮ ਹੈ ਤਾਂ ਉਸ ਸਮੇਂ ਬਿਹਾਰ ਵਿੱਚ ਨਵੇਂ ਨਵੇਂ ਰਾਜਨੀਤਿਕ ਪਟਾਕੇ ਚੱਲ ਰਹੇ ਹਨ। ਕਿਤੇ ਸੀਟਾਂ ਦੇ ਗੱਠਜੋੜ ਤੇ ਸਹਿਮਤੀ ਨਹੀ ਬਣ ਰਹੀ ਅਤੇ ਕਿਧਰੇ ਕੁਝ ਖਾਸ ਨੇਤਾਵਾਂ ਦੇ ਪੁਰਾਣੇ ਘੁਟਾਲੇ ਸਾਹਮਣੇ ਆ ਰਹੇ ਹਨ।

ਅਜਿਹਾ ਹੀ ਇੱਕ ਮਾਮਲਾ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਅਤੇ ਆਰਜੇਡੀ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਦਾ ਹੈ। ਜਿਸ ਵਿੱਚ ਦਿੱਲੀ ਦੀ ਰਾਊਸ ਐਵੇਨਿਊ ਅਦਾਲਤ ਨੇ ਆਈਆਰਸੀਟੀਸੀ ਘੁਟਾਲੇ ਵਿੱਚ ਆਰਜੇਡੀ ਪ੍ਰਧਾਨ ਲਾਲ ਯਾਦਵ, ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ ਅਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਵਿਰੁੱਧ ਇੰਡੀਅਨ ਰੇਲਵੇ ਕੈਟਰਿੰਗ ਐਂਡ ਟੂਰਿਜ਼ਮ ਕਾਰਪੋਰੇਸ਼ਨ (ਆਈਆਰਸੀਟੀਸੀ) ਵਿੱਚ ਕਥਿਤ ਬੇਨਿਯਮੀਆਂ ਨਾਲ ਸਬੰਧਤ ਇੱਕ ਪੁਰਾਣੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਦੋਸ਼ ਤੈਅ ਕਰਨ ਦਾ ਹੁਕਮ ਦਿੱਤਾ।

ਇਸ ਮਾਮਲੇ ਵਿੱਚ ਸੀਬੀਆਈ ਨੇ ਲਾਲ ਯਾਦਵ ਤੇ ਰੇਲ ਮੰਤਰੀ ਹੁੰਦਿਆਂ ਸਾਜ਼ਿਸ਼ ਅਤੇ ਸ਼ਕਤੀ ਦੀ ਦੁਰਵਰਤੋਂ ਦਾ ਦੋਸ਼ ਲਗਾਉਦਿਆਂ ਕਈ ਸਬੂਤ ਪੇਸ਼ ਕੀਤੇ ਸਨ। ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਨੁਕਸਾਨ ਹੋਇਆ । ਦਰਅਸਲ ਇਹ ਮਾਮਲਾ 2004-2009 ਦਾ ਹੈ। ਜਦੋਂ ਲਾਲੂ ਪ੍ਰਸਾਦ ਯਾਦਵ ਕੇਂਦਰੀ ਰੇਲਵੇ ਮੰਤਰੀ ਸਨ। ਉਨ੍ਹਾਂ ਤੇ ਦੋਸ਼ ਲੱਗੇ ਸਨ ਕਿ ਲਾਲੂ ਪ੍ਰਸਾਦ ਯਾਦਵ ਨੇ ਰੇਲਵੇ ਮੰਤਰਾਲੇ ਅਧੀਨ ਆਉਂਦੇ ਦੋ ਆਈਆਰਸੀਟੀਸੀ ਹੋਟਲਾਂ ਜਿਨ੍ਹਾਂ ਵਿੱਚ ਬੀਐਨਆਰ ਹੋਟਲ ਝਾਰਖੰਡ ਅਤੇ ਪੁਰੀ ਹੋਟਲ ਓਡੀਸ਼ਾ ਸ਼ਾਮਲ ਹਨ ਦੇ ਰੱਖ-ਰਖਾਅ ਅਤੇ ਸੁਧਾਰ ਲਈ ਠੇਕਿਆਂ ਦੀ ਵੰਡ ਵਿੱਚ ਭ੍ਰਿਸ਼ਟਾਚਾਰ ਕੀਤਾ ਹੈ। ਲਾਲੂ ਪ੍ਰਸਾਦ ਯਾਦਵ ਤੇ ਇਹ ਠੇਕੇ ਉਨ੍ਹਾਂ ਦੀ ਪਤਨੀ ਰਾਬੜੀ ਦੇਵੀ ਦੀ ਮਲਕੀਅਤ ਵਾਲੀ ਕੰਪਨੀ ਸੁਜਾਤਾ ਹੋਟਲ ਪ੍ਰਾਈਵੇਟ ਲਿਮਟਿਡ ਨੂੰ ਗਲਤ ਢੰਗ ਨਾਲ ਦੇਣ ਦਾ ਦੋਸ਼ ਹੈ। ਜਿਸ ਵਿੱਚ ਕੰਪਨੀ ਨੇ ਲਾਲੂ ਯਾਦਵ ਦੇ ਪਰਿਵਾਰ ਨੂੰ ਫਾਇਦਾ ਪਹੁੰਚਾਇਆ ਹੈ।

ਇਨ੍ਹਾਂ ਠੇਕਿਆਂ ਵਿੱਚ ਪਾਰਦਰਸ਼ਤਾ ਦੀ ਘਾਟ ਅਤੇ ਪੱਖਪਾਤੀ ਵੰਡ ਦੇ ਦੋਸ਼ ਹਨ। ਇਸ ਮਾਮਲੇ ਵਿੱਚ ਕੁੱਲ 14 ਲੋਕਾਂ 'ਤੇ ਦੋਸ਼ ਲਗਾਏ ਗਏ ਹਨ। ਸੀਬੀਆਈ ਵੱਲੋਂ ਪੇਸ਼ ਕੀਤੇ ਗਏ ਸਬੂਤਾਂ ਦੇ ਆਧਾਰ ਤੇ ਅਦਾਲਤ ਨੇ ਉਪਰੋਕਤ ਤਿੰਨਾਂ ਖਿਲਾਫ ਦੋਸ਼ ਤੈਅ ਕੀਤੇ ਹਨ।

ਇਹ ਅਦਾਲਤੀ ਫੈਸਲਾ ਭਾਵੇਂ ਕਾਨੂੰਨੀ ਤੌਰ 'ਤੇ ਅੰਤਿਮ ਨਹੀਂ ਹੈ ਪਰ ਬਿਹਾਰ ਚੋਣਾਂ ਸਮੇਂ ਆਰਜੇਡੀ ਦੇ ਅਕਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਹੁਣ ਐਨਡੀਏ ਨੂੰ ਇੱਕ ਵੱਡਾ ਮੁੱਦਾ ਮਿਲ ਗਿਆ ਹੈ। ਐਨਡੀਏ ਵੱਲੋਂ ਪਹਿਲਾ ਹੀ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਤੇਜਸਵੀ ਕਿਸੇ ਵੀ ਸਮੇਂ ਜੇਲ੍ਹ ਜਾ ਸਕਦਾ ਹੈ। ਜਦੋਂਕਿ ਤੇਜਸਵੀ ਯਾਦਵ ਪਿਛਲੇ ਸਮੇਂ ਤੋਂ ਆਪਣੇ ਆਪ ਨੂੰ ਭ੍ਰਿਸ਼ਟਾਚਾਰ-ਮੁਕਤ ਅਤੇ ਵਿਕਾਸ-ਮੁਖੀ ਨੇਤਾ ਵਜੋਂ ਪੇਸ਼ ਕਰ ਰਹੇ ਹਨ ਪਰ ਹੁਣ ਤੇਜਸਵੀ ਤੇ ਮੁਕੱਦਮਾ ਚਲਾਉਣ ਦੇ ਹੁਕਮ ਨਾਲ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਫਸਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

ਹਾਲਾਂਕਿ ਤੇਜਸਵੀ ਯਾਦਵ ਨੇ ਇਸ ਆਦਾਲਤੀ ਫੈਸਲੇ ਤੋਂ ਬਾਅਦ ਕਿਹਾ ਹੈ ਕਿ ਉਹ ਨਿਆਂਪਾਲਿਕਾ ਦਾ ਸਤਿਕਾਰ ਕਰਦੇ ਹਨ ਪਰ ਚੋਣਾਂ ਨੇੜੇ ਆਉਂਦੇ ਹੀ ਅਜਿਹੇ ਮਾਮਲਿਆਂ ਨੂੰ ਜਿਸ ਤਰ੍ਹਾਂ ਚਰਚਾ ਵਿੱਚ ਲਿਆਂਦਾ ਜਾਂਦਾ ਹੈ ਇਹ ਕੋਈ ਨਵੀਂ ਗੱਲ ਨਹੀਂ ਹੈ। ਇਸ ਮਾਮਲੇ ਨੇ ਬਿਹਾਰ ਵਿੱਚ ਇੱਕ ਵਾਰ ਫਿਰ ਰਾਜਨੀਤਿਕ ਗਤੀਵਿਧੀਆਂ ਨੂੰ ਤੇਜ਼ ਕਰ ਦਿੱਤਾ ਹੈ। ਜਿੱਥੇ ਵਿਰੋਧੀ ਧਿਰ ਇਸਨੂੰ ਚੋਣ ਰਾਜਨੀਤੀ ਕਹਿ ਰਹੀ ਹੈ, ਉੱਥੇ ਹੀ ਸੱਤਾਧਾਰੀ ਧਿਰ ਵੱਲੋਂ ਇਸਨੂੰ ਕਾਨੂੰਨੀ ਪ੍ਰਕਿਰਿਆ ਦਾ ਹਿੱਸਾ ਆਖਿਆ ਜਾ ਰਿਹਾ ਹੈ।

ਪਰ ਵਿਚਾਰਨ ਵਾਲਾ ਪਹਿਲੂ ਇਹ ਹੈ ਕਿ ਹਰ ਵਾਰ ਅਜਿਹਾ ਕਿਉਂ ਹੁੰਦਾ ਹੈ ਕਿ ਚੋਣਾਂ ਦੌਰਾਨ ਕਾਨੂੰਨੀ ਪ੍ਰਕਿਰਿਆ ਤੇ ਸਵਾਲ ਉਠਾਕੇ ਵਿਰੋਧੀ ਧਿਰ ਨੂੰ ਨੱਪਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। 10 ਤੋਂ 15 ਸਾਲ ਜਾਂ ਇਸ ਤੋਂ ਵੀ ਪੁਰਾਣੇ ਮਾਮਲਿਆਂ ਨੂੰ ਚੋਣਾਂ ਦੌਰਾਨ ਮੁੱਦਾ ਬਣਾਇਆ ਜਾਂਦਾ ਹੈ। ਜਦੋਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੇ ਖਾਤੇ ਜ਼ਬਤ ਕੀਤੇ ਗਏ ਸਨ ਤਾਂ ਇਸਦਾ ਕਾਂਗਰਸ ਨੂੰ ਨਹੀਂ ਸਗੋਂ ਭਾਜਪਾ ਨੂੰ ਨੁਕਸਾਨ ਹੋਇਆ ਸੀ।

ਬਿਹਾਰ ਵਿੱਚ ਚੋਣ ਮੌਸਮ ਦੌਰਾਨ ਇਨ੍ਹਾਂ ਦੋਸ਼ਾਂ ਦਾ ਆਰਜੇਡੀ 'ਤੇ ਕੀ ਪ੍ਰਭਾਵ ਪਵੇਗਾ ਅਤੇ ਚੋਣਾਂ ਦੌਰਾਨ ਨਿਆਂਇਕ ਰੁਕਾਵਟਾਂ ਪੈਦਾ ਕਰਨਾ ਜਾਂ ਪੁਰਾਣੇ ਮਾਮਲਿਆਂ ਨੂੰ ਦੁਬਾਰਾ ਸਾਹਮਣੇ ਲਿਆਉਣਾ ਕਿੰਨਾ ਕੁ ਜਾਇਜ਼ ਹੈ ਇਹ ਇੱਕ ਵੱਡਾ ਸਵਾਲ ਹੈ।

## ਨਾਨਕਸਰ ਗੁਰਦੁਆਰਾ ਪਲੈਕ, ਵਾਲਸਾਲ ਵਿਖੇ ਇਕ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਨਾਨਕਸਰ ਗੁਰਦੁਆਰਾ ਸਾਹਿਬ ਪਲੈਕ, ਵਾਲਸਾਲ ਵਿਖੇ 1 ਕੀਰਤਨੀ ਸਿੰਘ ਦੀ ਲੋੜ ਹੈ, ਜੋ ਹਰਮੋਨੀਅਮ ਦੇ ਨਾਲ-ਨਾਲ ਤਬਲਾ ਵੀ ਚੰਗੀ ਤਰ੍ਹਾਂ ਜਾਣਦਾ ਹੋਵੇ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਸੁਖਆਸਣ, ਨਿੱਤਨੇਮ, ਸੁਖਮਨੀ ਸਾਹਿਬ, ਰਹਿਰਾਸ, ਸੰਗਤ ਵਿਚ ਕੀਰਤਨ ਕਰਨ ਦੇ ਨਾਲ ਗੁਰੂ ਘਰ ਦੀਆਂ ਹੋਰ ਸੇਵਾਵਾਂ ਵੀ ਨਿਭਾਅ ਸਕਣ ਦੇ ਯੋਗ ਹੋਵੇ। ਸਿੱਖੀ ਸਿਧਾਂਤਾਂ ਅਨੁਸਾਰ ਜੀਵਨ ਵਾਲੇ ਸੇਵਾਦਾਰਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਧਰਮ ਦਾ ਵਧੀਆ ਗਿਆਨ ਹੋਣਾ ਵੀ ਲਾਜ਼ਮੀ ਹੈ। ਸੇਵਾਦਾਰ ਦੀ ਜਿੰਮੇਵਾਰੀ ਸਾਰੀਆਂ ਧਾਰਮਿਕ ਸੇਵਾਵਾਂ ਕਰਨ ਅਤੇ ਮੁੱਖ ਗ੍ਰੰਥੀ ਦੀਆਂ ਸੇਵਾਵਾਂ ਵਿੱਚ ਸਹਿਯੋਗ ਦੇਣ ਦੀ ਹੋਵੇਗੀ। ਯੂ ਕੇ ਦੇ ਇੰਪਲਾਈਮੈਂਟ ਕਾਨੂੰਨ ਅਤੇ ਕੰਮ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਮੁਫ਼ਤ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।

**ਆਪਣੀ ਅਰਜ਼ੀ ਪੂਰੇ ਵੇਰਵੇ ਸਮੇਤ ਹੇਠਾਂ ਦਿੱਤੇ ਪਤੇ 'ਤੇ ਡਾਕ ਰਾਹੀਂ ਜਾਂ ਈਮੇਲ ਰਾਹੀਂ**
**24 ਅਕਤੂਬਰ 2025 ਤੱਕ ਭੇਜੋ ਜਾਂ ਹੋਰ ਜਾਣਕਾਰੀ ਲਈ ਗੁਰੂ ਘਰ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ**

### 1 VACANCY for Temporary Religious Worker (Tier 5)

THE DUTIES OF THE RELIGIOUS WORKER SHALL CONSIST OF THOSE NON PASTORAL RELIGIOUS AND OTHER DUTIES CUSTOMARILY PERFORMED BY A RELIGIOUS WORKER OF THE SIKH RELIGION. RECITAL OF GURU GRANTH SAHIB DURING AKHAND PATHS AND SAHIJ PATHS. PERFORM KIRTAN AFTER EACH RECITAL AS AND WHEN REQUIRED. PERFORM AT SIKH WEDDINGS, BLESSINGS AND FUNERAL SERVICES. PREPARE PRASHAD (BLESSED FOOD) AND SERVE TO THE CONGREGATION. ENSURE GURDWARA REMAINS CLEAN AND TIDY WITH SPECIAL ATTENTION TO THE MAIN PRAYER HALL. TO OPEN THE GURDWARA PREMISES IN THE MORNING AND LOCK UP AT NIGHT. FROM TIME TO TIME TO UNDERTAKE OTHER DUTIES TO MEET THE NEEDS OF THE CHARITY. THE TEMPORARY RELIGIOUS WORKER WILL UNDERTAKE NON-PASTORAL WORK AND SUPPORT THE RELIGIOUS ACTIVITIES OF THE GURDWARA, TO ASSIST THE HEAD GRANTHI (MINISTER OF RELIGION) AS AND WHEN REQUIRED. THIS IS NOT A PASTORAL ROLE AND DUTIES WILL NOT INCLUDE LEADING A CONGREGATION.

**Closing date for Applications : 24th October 2025**

*Please send your application to the president or vice president by post or via email*

**NANAKSAR GURDWARA PLECK**

**4 Wellington Street, Pleck, Walsall WS2 9QR**

**President: Karamjeet Singh Dhillon - 01922 641040**
**Vice President: Jurloden Singh - 01922 641040**
**Email:gurdwara.pleck@gmail.com**

**ਲੜੀਵਾਰ ਨਾਵਲ**

**ਸ਼ਿਵਚਰਨ ਜੱਗੀ (ਕੁੱਸਾ)**




**ਫ਼ੋਨ : 07853 317 891**

Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 45**

# ਇੱਕ ਮੇਰੀ ਅੱਖ ਕਾਸ਼ਣੀ...




**ਡੀ. ਜੀ. ਪੀ. ਖਹਿਰਾ ਵੀ ਅੱਜ ਉਹਨਾਂ ਸਾਹਮਣੇ ਅੱਧ ਕੁ ਦਾ ਹੋਇਆ ਬੈਠਾ ਸੀ। ... ਪਰਸਾ, ਪਰਸੂ, ਪਰਸ ਰਾਮ ਬਾਰੇ ਸੁਣਦੇ ਤਾਂ ਬਹੁਤ ਆਏ ਸੀ, ਪਰ ਅੱਜ ਪ੍ਰਤੱਖ ਦੇਖ ਵੀ ਲਿਆ। ਮਾਣੋਂ ਸੋਚ ਰਹੀ ਸੀ। ...ਜਿੱਥੇ ਐਡੇ-ਐਡੇ ਘੈਂਟ ਅਫ਼ਸਰ ਇੱਕ ਆਮ ਇਨਸਾਨ ਸਾਹਮਣੇ ਕਠਪੁਤਲੀ ਬਣ ਨੱਚ ਰਹੇ ਸਨ, ਇਹ ਮਾਇਆ ਦੀ ਖੇਡ ਹੀ ਤਾਂ ਸੀ...। ਕੈਨੇਡੀਅਨ ਪ੍ਰੀਵਾਰ ਇੱਕ "ਆਮ ਪ੍ਰੀਵਾਰ" ਸੀ। ਸਿਰਫ਼ ਉਸ ਕੋਲ਼ ਪੈਸਾ ਸੀ। ਨਾ ਤਾਂ ਕੋਈ ਡਿਗਰੀ ਸੀ ਅਤੇ ਨਾ ਹੀ ਕੋਈ ਖਾਨਦਾਨੀ ਪਹੁੰਚ। ਸਿਰਫ਼ ਪੈਸੇ ਕਰ ਕੇ ਹੀ ਉਹਨਾਂ ਨੂੰ ਸਲਾਮਾਂ ਕੀਤੀਆਂ ਜਾ ਰਹੀਆਂ ਸਨ।**

**-"ਕੀ ਛਕੋਂਗੇ...? ਚਾਹ, ਕੌਫ਼ੀ ਜਾਂ....?" ਰਾਠੌਰ ਨੇ ਗੱਲ ਸ਼ੁਰੂ ਕੀਤੀ ਤਾਂ ਕੈਨੇਡੀਅਨ ਲਾੜੇ ਦਾ ਪਿਉ ਨਸ਼ੇ ਦੀ ਲੋਰ ਵਿਚ ਜਿੰਨ ਵਾਂਗ ਬੋਲਿਆ।**

**-"ਓਏ ਪੁਲ਼ਸੀਆ...! ਚਾਹ ਜਾਂ ਕੌਫ਼ੀ ਵੀ ਕੋਈ ਪੀਣ ਆਲ਼ੀ ਚੀਜ਼ ਐ...? ਤੂੰ ਤਾਂ ਜਮਾਂ ਈ ਸਾਡੀ ਛੋਤ ਜਿਹੀ ਲਾਹ ਧਰੀ...।"**

## ਕਾਂਡ 21

ਮਿਥਿਆ ਦਿਨ ਵੀ ਆ ਗਿਆ।

ਕੈਨੇਡਾ ਵਾਲ਼ਾ ਪ੍ਰੀਵਾਰ ਪ੍ਰੇਤ ਵਾਂਗ ਆ ਵੱ-ਜਿਆ। ਰਾਠੌਰ ਸਾਹਿਬ ਦੀ ਕੋਠੀ ਅੱਗੇ ਭਾਂਤ-ਭਾਂਤ ਦੀਆਂ ਕੀਮਤੀ ਗੱਡੀਆਂ ਦਾ ਤਾਂਤਾ ਲੱਗ ਗਿਆ। ਰਾਠੌਰ ਸਾਹਿਬ ਦੇ ਪ੍ਰੀਵਾਰ ਨੂੰ ਵਕਤ ਪਿਆ ਹੋਇਆ ਸੀ। ਸਾਰੇ ਦੌੜੇ ਫਿਰਦੇ ਸਨ। ਕੈਨੇਡੀਅਨ ਪ੍ਰੀਵਾਰ ਦੇ ਬਾਡੀਗਾਰਡ ਉਹਨਾਂ ਨੂੰ ਇਉਂ ਘੇਰੀ ਖੜ੍ਹੇ ਸਨ, ਜਿਵੇਂ ਕਿਸੇ ਪ੍ਰਧਾਨ ਮੰਤਰੀ ਦੀ "ਜ਼ੈੱਡ ਸਕਿਊਰਿਟੀ" ਘੇਰਾ ਪਾ ਕੇ ਰੱਖਦੀ ਹੈ। ਆਈ. ਪੀ. ਐੱਸ. ਅਫ਼ਸਰ ਰਾਠੌਰ ਉਹਨਾਂ ਸਾਹਮਣੇ ਭਿੱਜੀ ਬਿੱਲੀ ਬਣ, ਹੱਥ ਜਿਹੇ ਜੋੜਦਾ ਫਿਰਦਾ ਸੀ। ਮਾਣੋਂ ਨੂੰ ਪਹਿਲੀ ਵਾਰ ਧੀ ਹੋਣ ਦਾ ਬੁਰੀ ਤਰ੍ਹਾਂ ਅਹਿਸਾਸ ਹੋਇਆ ਸੀ। ਉਸ ਦਾ ਦਿਲ ਕਹਿੰਦਾ ਸੀ ਕਿ ਇਲਾਕੇ ਦਾ ਖਾਂਟ ਅਫ਼ਸਰ ਰਾਠੌਰ ਸਾਹਿਬ ਸਿਰਫ਼ ਆਪਣੀ ਧੀ ਕਾਰਨ ਹੀ ਕੈਨੇਡੀਅਨ ਪ੍ਰੀਵਾਰ ਅੱਗੇ ਝੁਕਦਾ ਫਿਰਦਾ ਸੀ।

ਹਮੇਸ਼ਾ ਧੌਣ 'ਚ ਕਿੱਲਾ ਚੁੱਕੀ ਫਿਰਦੀ ਮਾਣੋਂ ਦੀ ਮਾਂ ਵੀ ਅੱਜ ਮਿੱਠੋ ਮਾਸੀ ਬਣੀ ਫਿਰਦੀ ਸੀ।

ਡੇਢ੍ਹ ਕੁਇੰਟਲ ਦਾ ਲਾੜੇ ਦਾ ਪਿਉ ਦੁਪਿਹਰੇ ਹੀ ਦਾਰੂ ਨਾਲ਼ "ਬਾਬੂ" ਬਣਿਆਂ ਬੈਠਾ ਸੀ।

ਡੀ. ਜੀ. ਪੀ. ਖਹਿਰਾ ਵੀ ਅੱਜ ਉਹਨਾਂ ਸਾਹ-ਮਣੇ ਅੱਧ ਕੁ ਦਾ ਹੋਇਆ ਬੈਠਾ ਸੀ। ... ਪਰਸਾ, ਪਰਸੂ, ਪਰਸ ਰਾਮ ਬਾਰੇ ਸੁਣਦੇ ਤਾਂ ਬਹੁਤ ਆਏ ਸੀ, ਪਰ ਅੱਜ ਪ੍ਰਤੱਖ ਦੇਖ ਵੀ ਲਿਆ। ਮਾਣੋਂ ਸੋਚ ਰਹੀ ਸੀ। ...ਜਿੱਥੇ ਐਡੇ-ਐਡੇ ਘੈਂਟ ਅਫ਼ਸਰ ਇੱਕ ਆਮ ਇਨਸਾਨ ਸਾਹਮਣੇ ਕਠਪੁਤਲੀ ਬਣ ਨੱਚ ਰਹੇ ਸਨ, ਇਹ ਮਾਇਆ ਦੀ ਖੇਡ ਹੀ ਤਾਂ ਸੀ...। ਕੈਨੇਡੀਅਨ ਪ੍ਰੀਵਾਰ ਇੱਕ "ਆਮ ਪ੍ਰੀਵਾਰ" ਸੀ। ਸਿਰਫ਼ ਉਸ ਕੋਲ਼ ਪੈਸਾ ਸੀ। ਨਾ ਤਾਂ ਕੋਈ ਡਿਗਰੀ ਸੀ ਅਤੇ ਨਾ ਹੀ ਕੋਈ ਖਾਨਦਾਨੀ ਪਹੁੰਚ। ਸਿਰਫ਼ ਪੈਸੇ ਕਰ ਕੇ ਹੀ ਉਹਨਾਂ ਨੂੰ ਸਲਾਮਾਂ ਕੀਤੀਆਂ ਜਾ ਰਹੀਆਂ ਸਨ।

-"ਕੀ ਛਕੋਂਗੇ...? ਚਾਹ, ਕੌਫ਼ੀ ਜਾਂ....?" ਰਾਠੌਰ ਨੇ ਗੱਲ ਸ਼ੁਰੂ ਕੀਤੀ ਤਾਂ ਕੈਨੇਡੀਅਨ ਲਾੜੇ ਦਾ ਪਿਉ ਨਸ਼ੇ ਦੀ ਲੋਰ ਵਿਚ ਜਿੰਨ ਵਾਂਗ ਬੋਲਿਆ।

-"ਓਏ ਪੁਲ਼ਸੀਆ...! ਚਾਹ ਜਾਂ ਕੌਫ਼ੀ ਵੀ ਕੋਈ ਪੀਣ ਆਲ਼ੀ ਚੀਜ਼ ਐ...? ਤੂੰ ਤਾਂ ਜਮਾਂ ਈ ਸਾਡੀ ਛੋਤ ਜਿਹੀ ਲਾਹ ਧਰੀ...।"

-"..........।" ਇੱਕ ਸੰਨਾਟਾ ਛਾਅ ਗਿਆ। ਇੱਕ ਮਾਮੂਲੀ ਇਨਸਾਨ ਆਈ. ਪੀ. ਐੱਸ. ਅਫ਼ਸਰ ਨੂੰ "ਤੂੰ" ਅਤੇ "ਓਏ ਪੁਲ਼ਸੀਆ" ਵਰਗੇ ਲਫ਼ਜ਼ਾਂ ਨਾਲ਼ ਸੰਬੋਧਨ ਹੋ ਰਿਹਾ ਸੀ। ਮਾਣੋਂ ਨੇ ਉਸ ਦੀ ਅਕਲ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾ ਲਿਆ ਸੀ। ...ਜਿਹੋ ਜੇ ਆਲ਼ੇ, ਓਹੋ ਜੇ ਕੁੱਜੇ...। ਜਿਹੋ ਜਿਹਾ ਬਲੱਜ ਪਿਉ, ਓਹੋ ਜਿਹਾ ਹੀ 'ਸਲੱਗ' ਪੁੱਤ ਹੋਊ..? ਸੋਚ ਕੇ ਉਸ ਦਾ ਸੀਤ ਨਿਕਲ਼ ਗਿਆ।

-"ਮੈਂ ਤਾਂ ਸੋਚਿਆ ਸੀ ਤੂੰ ਭੋਰਾ ਪੜ੍ਹਿਆ ਲਿਖਿਆ ਹੋਵੇਂਗਾ, ਪਰ ਤੂੰ ਤਾਂ ਓਸ ਗੱਲ ਦੇ ਆਖਣ ਮਾਂਗੂੰ ਜਮਾਂ ਈ ਖੁੰਸੀ ਐਂ..।" ਉਸ ਨੇ ਇੱਕ ਹੋਰ ਵਾਰ ਕੀਤਾ। ਹਾਲਾਤਾਂ ਦੀ ਹੋਰ ਜੱਖਣਾਂ ਪੱਟੀ ਗਈ। ਸਾਰੇ ਸੰਨਾਟੇ ਵਿਚ ਗੁੰਮ ਬੈਠੇ ਸਨ। ਮੁੰਡੇ ਦਾ ਪਿਉ ਅਜੀਬ ਪ੍ਰਬਚਨ ਕਰ ਰਿਹਾ ਸੀ।

ਵਿਗੜਦੀ ਗੱਲ ਦੇਖ ਕੇ ਡੀ.ਜੀ.ਪੀ. ਖਹਿਰਾ ਭੱਜ ਕੇ ਗੱਲ ਵਿਚ ਹੋਇਆ।

-"ਯਾਰ ਤੂੰ ਗੱਲ ਮੂੰਹੋਂ ਕੱਢ, ਅਸੀਂ ਭੁੰਜੇ ਡਿੱਗਣ ਦੇਤੀ, ਫੇਰ ਉਲਾਂਭਾ ਦੇਈਂ...! ਵਿਸਕੀ ਲਿਆਵਾਂ...?" ਖਹਿਰੇ ਨੇ ਸਮਾਂ ਬੋਚਿਆ।

-"ਵਿਸਕੀ ਤਾਂ ਤੂੰ ਇਉਂ ਆਖੀ, ਜਿਵੇਂ ਮੈਂ ਪਹਿਲੀ ਵਾਰੀ ਪੀਣੀ ਹੁੰਦੀ ਐ...। ਅਸੀਂ ਤਾਂ ਨਿੱਤ ਖਾਲ਼ ਵਗਾਈਦੇ ਐ ਵਿਸਕੀ ਦੇ...।"

-"ਲਿਆਓ ਰਾਠੌਰ ਸਾਹਿਬ, ਕੱਢੋ ਗਿਰਝ ਮੂੰਹੀਂ, ਪੁਆਈਏ ਬਘੇਲ ਸਿਉਂ ਨੂੰ ਦਰਸ਼ਣ...!"

ਰਾਠੌਰ ਨੂੰ ਜਿਵੇਂ ਉਠਣ ਦਾ ਮਸਾਂ ਬਹਾਨਾ ਮਿਲਿਆ ਸੀ। ਉਹ ਉਠ ਕੇ ਅੰਦਰ ਨੂੰ ਤੁਰ ਗਿਆ ਅਤੇ ਜਾਣ ਲੱਗਿਆ ਖਹਿਰੇ ਅਤੇ ਆਪਣੀ ਘਰਵਾਲ਼ੀ ਨੂੰ ਅੰਦਰ ਆਉਣ ਦਾ ਗੁੱਝਾ ਇਸ਼ਾਰਾ ਕਰ ਗਿਆ। ਖਹਿਰਾ ਅਤੇ ਗੁੰਨੀ ਅੰਦਰ ਚਲੇ ਗਏ। ਰਾਠੌਰ ਫਿੱਕਾ ਜਿਹਾ ਹੋਇਆ ਖੜ੍ਹਾ ਸੀ।

-"ਕੀ ਗੱਲ ਐ ਰਾਠੌਰ ਸਾਹਿਬ...?" ਪਤਾ ਹੋਣ ਦੇ ਬਾਵਜੂਦ ਵੀ ਖਹਿਰੇ ਨੇ ਪੁੱਛਿਆ।

-"ਖਹਿਰਾ ਸਾਹਿਬ, ਬੰਦੇ ਮੈਨੂੰ ਦਿਮਾਗੋਂ ਖਰ ਈ ਲੱਗਦੇ ਆ, ਬੋਲਣ ਦੀ ਵੀ ਅਕਲ ਨੀ...?" ਰਾਠੌਰ ਅੰਦਰੋਂ ਮੱਚਿਆ ਪਿਆ ਸੀ। ਉਸ ਨੇ ਅੰਦਰਲੀ ਭੜ੍ਹਾਸ ਬਾਹਰ ਕੱਢੀ।

-"ਪੈਸਾ ਬੰਦੇ ਦਾ ਦਿਮਾਗ ਖਰਾਬ ਕਰ ਹੀ ਦਿੰਦੈ ਰਾਠੌਰ ਸਾਹਿਬ..। ਇਹ ਲੋਕ ਕਰੋੜਾਂ ਨਹੀਂ, ਅਰਬਾਂਪਤੀ ਨੇ, ਤੁਸੀਂ ਧੀ ਵਸਾਉਣ ਦੀ ਗੱਲ ਕਰੋ...!"

-"ਆਪਾਂ ਧੀ ਆਲ਼ੇ ਆਂ, ਥੋੜ੍ਹਾ ਸਬਰ ਤੇ ਸਹਿਣਸ਼ੀਲਤਾ ਤਾਂ ਰੱਖਣੀ ਪੈਣੀ ਆਂ, ਰਾਠੌਰ ਸਾਅਬ..।"

-"ਇੱਕ ਗੱਲ ਹੋਰ ਐ, ਰਾਠੌਰ ਸਾਅਬ...।"

-"..................।" ਬਿੜਕੇ ਰਾਠੌਰ ਨੇ ਖਹਿਰੇ ਵੱਲ ਦੇਖਿਆ।

-"ਚੁੱਪ ਕਰ ਕੇ ਆਨੰਦ ਕਾਰਜ ਕਰੋ, ਬਾਹਲ਼ਾ ਗਿਆ ਕੁੜੀ ਦਾ ਤਲਾਕ ਕਰਵਾ ਲਵਾਂਗੇ, ਜੇ ਅੱਧ ਵੀ ਆਇਆ, ਕਰੋੜਾਂ 'ਚ ਆਊ..! ਸਮਝਿਆ ਕਰੋ.!"

-"................।" ਰਾਠੌਰ ਚੁੱਪ ਸੀ।

-"ਕੁੱਤਿਆਂ ਦੇ ਭੌਂਕਣ ਨਾਲ਼ ਹਾਥੀ ਲੰਡਾ ਨੀ ਹੋ ਜਾਂਦਾ, ਤੁਸੀਂ ਗੱਲ ਦਿਲ 'ਤੇ ਨਾ ਲਾਓ, ਬੱਸ ਥੋੜ੍ਹਾ ਸਬਰ ਰੱਖੋ..।"

-"ਤੁਸੀਂ ਬੱਸ ਘੰਟਾ ਕੁ ਕੰਨਾਂ 'ਚ ਕੌੜਾ ਤੇਲ ਪਾ ਲਓ, ਸਾਰਾ ਕੁਛ ਵਧੀਆ ਹੋਊ...।"

-"ਨਾਲ਼ੇ ਬਘੇਲ ਸਿਉਂ ਦੀ ਹੈਗ੍ਹੀ ਹੁਣ ਪੀਤੀ ਵੀ, ਨਹੀਂ ਬੰਦਾ ਬੜਾ ਰਲ਼ਾਉਟੈ...। ਦਾਰੂ ਉਤਰੀ ਤੋਂ ਸੈੱਟ ਹੋਜੂ...।"

-"...........।" ਰਾਠੌਰ ਨੇ ਲੰਬਾ ਹਾਉਕਾ ਲਿਆ।

-"ਹੌਸਲਾ ਫੜੋ ਰਾਠੌਰ ਸਾਅਬ...। ਧੀਆਂ ਵਾਲ਼ਿਆਂ ਨੂੰ ਬਹੁਤ ਕੁਛ ਜਰਨਾਂ ਪੈਂਦੈ...!"

ਰਾਠੌਰ ਨੇ ਵਿਸਕੀ ਦੀਆਂ ਬੋਤਲਾਂ ਦੀ ਪੇਟੀ ਚੁੱਕੀ ਅਤੇ ਬਘੇਲ ਸਿਉਂ ਦੇ ਬੰਦਿਆਂ ਅੱਗੇ ਲਿਜਾ ਰੱਖੀ।

-"ਮੈਂ ਤਾਂ ਸੋਚਿਆ ਪੁਲ਼ਸੀਏ ਅੰਦਰ ਦਾਰੂ ਦੀ ਭੱਠੀ ਚਾੜ੍ਹ ਕੇ ਬੈਠ ਗਏ, ਤੇ ਗਰਮ ਗਰਮ ਪਿਆਉਣਗੇ...।" ਉਹ ਬਾਘੜ ਬਿੱਲੇ ਜਿੱਡਾ ਮੂੰਹ ਖੋਲ੍ਹ ਕੇ ਪਾਗਲਾਂ ਵਾਂਗ ਹੱਸਿਆ।

-"ਕੱਢ ਕੇ ਵੀ ਪਿਆ ਦਿਆਂਗੇ...। ਗੱਲ ਕਿਹੜੀ ਐ ਬਘੇਲ ਸਿਆਂ...?"

-"ਲਿਆ ਪਾ ਕੇਰਾਂ ਕਰਤਾ ਜਿਆ, ਮੇਰੇ ਤਾਂ ਸਾਲ਼ੇ ਝੱਗੇ ਲਹੇ ਪਏ ਸੀ..।" ਉਸ ਨੇ ਬਘਿਆੜ ਵਾਂਗ ਮੂੰਹ ਖੋਲ੍ਹ ਕੇ ਡਾਂਗ ਜਿੱਡੀ ਉਬਾਸੀ ਲਈ।

-"ਝੱਗੇ ਤੇਰੇ ਲਹਿਣ ਦਿੰਨੇ ਆਂ...? ਲੈ ਚੱਕ...!" ਖਹਿਰੇ ਨੇ ਲੰਡਾ ਪੈੱਗ ਪਾ ਕੇ ਬਘੇਲ ਸਿਉਂ ਨੂੰ ਫੜਾਇਆ ਤਾਂ ਉਹ ਹਲ਼ਕਿਆਂ ਵਾਂਗ ਇੱਕੋ ਡੀਕ ਨਾਲ਼ ਹੀ ਪੀ ਗਿਆ। ਸਾਹਮਣੇ ਪਿਆ ਭੁੰਨਿਆਂ ਮੁਰਗਾ ਉਸ ਨੇ ਚੁੱਕ ਕੇ ਜਬਾੜ੍ਹੇ ਵਿਚ ਹੀ ਮਰੋੜ ਲਿਆ। ਮੁਰਗੇ ਦੀ ਟੰਗ ਉਸ ਦੇ ਜਬਾੜ੍ਹੇ ਵਿਚ ਕੋਹੜ ਕਿਰਲ਼ੇ ਵਾਂਗ ਨੱਚਣ ਲੱਗ ਪਈ।

-"ਤੁਸੀਂ ਵੀ ਲਾਓ ਘੁੱਟ..! ਰਿਸ਼ਤੇਦਾਰਾਂ ਦੇ ਆਏ ਐਂ, ਕੋਈ ਮਾੜੀ ਧੀੜ੍ਹੀ ਗੱਲ ਥੋੜ੍ਹੋ ਐ...?" ਉਸ ਨੇ ਸਾਥੀਆਂ ਨੂੰ ਕਿਹਾ।

ਬਘੇਲ ਸਿਉਂ ਦੇ ਕਹਿਣ ਦੀ ਦੇਰ ਸੀ, ਉਹਨਾਂ ਨੇ ਬੋਤਲ ਭੁੱਖਿਆਂ ਵਾਂਗ ਬੁੱਚੀ।

ਢਾਣੀ ਵਿੱਚ ਗਿਲਾਸ ਅਤੇ ਭੁੰਨੇ ਮੁਰਗੇ ਦੀ ਪਲੇਟ ਚੱਕੀ ਦੇ ਪੁੜ ਵਾਂਗ ਘੁੰਮ ਰਹੀ ਸੀ।

ਲਾੜਾ ਸਭ ਦੇ ਵਿਚਾਲ਼ੇ ਘੁੱਗੂ ਜਿਹਾ ਹੋਇਆ ਬੈਠਾ ਸੀ।

-"ਬਘੇਲ ਸਿਆਂ, ਜੇ ਇਜਾਜ਼ਤ ਹੋਵੇ ਤਾਂ ਕੁੜੀ ਨੂੰ ਲਿਆਈਏ...?" ਖਹਿਰੇ ਨੇ ਪੁੱਛਿਆ।

"ਕੁੜੀ" ਦੇ ਨਾਂ ਨੂੰ ਲਾੜੇ ਨੇ ਵੱਡਾ ਸਾਰਾ ਸਾਹ ਲਿਆ ਅਤੇ ਉਸ ਦੇ ਚਿਹਰੇ 'ਤੇ ਮੀਸਣਾਂ ਜਿਹਾ ਹਾਸਾ ਆਇਆ।

-"ਲਿਆਓ - ਲਿਆਓ...! ਹੁਣ ਤੱਕ ਕੀ ਕੜਛ ਮਾਂਜਦੇ ਸੀ...?"

ਰਾਠੌਰ ਉਠ ਕੇ ਅੰਦਰ ਚਲਿਆ ਗਿਆ।

ਕੁਝ ਪਲਾਂ ਬਾਅਦ ਮਾਣੋਂ "ਪਟੋਲ੍ਹਾ" ਬਣੀ "ਠੁੰਮਕ - ਠੁੰਮਕ" ਕਰਦੀ ਆ ਰਹੀ ਸੀ। ਲਾੜਾ ਖਰਸ ਪਏ ਕੁੱਤੇ ਵਾਂਗ ਲੱਤਾਂ 'ਤੇ ਖਾਜ ਜਿਹੀ ਕਰ ਰਿਹਾ ਸੀ। ਮਾਂ ਅਤੇ ਤਿੰਨ ਚਾਰ ਰਿਸ਼ਤੇਦਾਰ ਔਰਤਾਂ ਸਮੇਤ ਮਾਣੋਂ ਆ ਕੇ ਲਾੜੇ ਦੇ ਸਾਹਮਣੇ ਸੋਫ਼ੇ ਉਪਰ ਬੈਠ ਗਈ। ਮਖ਼ਮਲ ਵਰਗਾ ਉਸ ਦਾ ਚਿਹਰਾ ਤਾਜ਼ਾ-ਤਾਜ਼ਾ ਸੀ। ਉਸ ਦੇ ਗੁਲਾਬੀ ਕੇਸੂ ਬੁੱਲ੍ਹ ਦੇਖਣ ਵਾਲ਼ੇ ਦਾ ਕਾਲ਼ਜਾ ਕੱਢਦੇ ਸਨ। ਮਿਰਗ ਅੱਖਾਂ ਟੂਣਾਂ ਹੀ ਤਾਂ ਕਰ ਰਹੀਆਂ ਸਨ। ਦੇਖ ਕੇ ਲਾੜੇ ਦਾ ਮੂੰਹ ਅੱਡਿਆ ਹੀ ਰਹਿ ਗਿਆ।

-"ਕੁੜੀ ਤਾਂ ਬਈ ਜਮਾਂ ਈ ਗੰਧਾਲ਼ੇ ਅਰਗੀ ਐ...।" ਬਘੇਲ ਸਿਉਂ ਨੇ ਅਗਲਾ ਪੈੱਗ ਅੰਦਰ ਸੁੱਟਿਆ। ਉਸ ਦੀਆਂ ਅੱਖਾਂ ਦਾ ਰੰਗ ਗੇਰੂ ਹੋ ਗਿਆ ਸੀ, "ਮੂੰਹ ਬੰਦ ਕਰ ਓਏ ਟੂਟਲ਼ਾ...! ਅੱਡ ਲਿਆ ਮੂੰਹ ਸਾਲ਼ੇ ਨੇ, ਜਿਵੇਂ ਕਦੇ ਕੁਛ ਦੇਖਿਆ ਈ ਨੀ ਹੁੰਦਾ...!" ਬਘੇਲ ਸਿਉਂ ਪੁੱਤ ਨੂੰ ਸੂਈ ਕੁੱਤੀ ਵਾਂਗ ਪਿਆ। ਲਾੜਾ ਝੇਂਪ ਜਿਹਾ ਗਿਆ। ਬਾਪੂ ਨੇ ਸਭ ਦੇ ਸਾਹਮਣੇ ਉਸ ਦਾ ਮਾਵਾ ਜਿਹਾ ਲਾਹ ਧਰਿਆ ਸੀ।

-"ਕਾਕਾ ਜੀ ਨੇ ਕੋਈ ਗੱਲ-ਬਾਤ ਕਰਨੀ ਹੋਵੇ-।"

-"ਗੱਲ ਇਹਨੇ ਟੂਟਲ ਨੇ ਸੁਆਹ ਕਰਨੀ ਐਂ...? ਇਹ ਤਾਂ ਸਾਲ਼ਾ ਕਮਲ਼ ਈ ਮਾਰੂ...। ਤੂੰ ਜਾਹ ਕੁੜੀਏ, ਤਿੱਤਰ ਹੋ ਏਥੋਂ...!" ਜਦ ਬਘੇਲ ਸਿੰਘ ਨੇ ਮਾਣੋਂ ਨੂੰ ਕਿਹਾ ਤਾਂ ਮਾਣੋਂ ਉਠ ਕੇ ਤੁਰ ਪਈ ਅਤੇ ਅੰਦਰ ਆ ਕੇ ਬੈੱਡ 'ਤੇ ਡਿੱਗ ਹੁਬਕੀਂ-ਹੁਬਕੀਂ ਰੋਣ ਲੱਗ ਪਈ। ਪਾਰੋ ਉਸ ਨੂੰ ਥਾਪੜ ਰਹੀ ਸੀ।

(ਚਲਦਾ)....

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੂ ਬੈਠਾ ਅਮਰੁ ਸਰੂਪ ਹੋਇ

**ਕਿਸ਼ਤ-11**

ਅਗਲੇ ਭਲਕ ਭਾਈ ਸਾਵਣ ਮੱਲ ਦੀ ਅਗਵਾਈ ਵਿਚ ਹਰੀਪੁਰ ਦਾ ਰਾਜਾ ਕੁੰਵਰ ਅਰ ਮੰਤ੍ਰੀਆਂ ਸਹਿਤ ਦਰਬਾਰ ਵਿਚ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਹਾਜ਼ਰ ਹੋਇਆ ਅਰ ਆਪਣੇ ਵੱਲੋਂ ਲਿਆਂਦੀਆਂ ਕੀਮਤੀ ਵਸਤੂਆਂ ਭੇਟ ਕੀਤੀਆਂ। ਹੱਥ ਜੋੜ ਕੇ ਗੁਰੂ ਕਿਰਪਾ ਸਦਕਾ, ਭਾਈ ਸਾਵਣ ਮੱਲ ਜੀ ਵੱਲੋਂ ਕੁੰਵਰ ਨੂੰ ਰਾਜ਼ੀ ਕਰ ਦੇਣ ਦਾ ਬਹੁਤ ਧੰਨਵਾਦ ਕੀਤਾ। ਨਾਲ ਹੀ ਬੇਨਤੀ ਕੀਤੀ ਕਿ ਸਾਡੇ ਵੱਲੋਂ ਜੋ ਲੱਕੜਾਂ ਦੀ ਸੇਵਾ ਭੇਜੀ ਗਈ ਹੈ ਉਹ ਆਪ ਜੀ ਪ੍ਰਵਾਨ ਕਰੋ ਅਰ ਅਗੇ ਨੂੰ ਵੀ ਜਿੰਨੀ ਲੋੜ ਹੋਵੇ ਸਾਨੂੰ ਹੁਕਮ ਕਰਨਾ। ਸਤਿਗੁਰਾਂ ਨੇ ਰਾਜੇ ਵਲੋਂ ਗੁਰੂ-ਘਰ ਵਿਚ ਆਈ ਸੇਵਾ ਪ੍ਰਵਾਨ ਕਰਦਿਆਂ ਆਸੀਸ ਬਖ਼ਸ਼ੀ,

'ਕਰਤਾਰ ਚਿੱਤ ਆਵੇ! ਤੁਸੀਂ ਸਦਾ ਗੁਰੂ ਬਾਬਾ ਨਾਨਕ ਸਾਹਿਬ ਜੀ ਦੀਆਂ ਮਿਹਰਾਂ ਦੇ ਪਾਤਰ ਬਣੇ ਰਹੋ!!

ਰਾਜੇ ਨੇ ਬੇਨਤੀ ਕੀਤੀ,

'ਜੀ! ਅਸੀਂ ਭਾਈ ਸਾਵਣ ਮੱਲ ਜੀ ਪਾਸ ਸਿੱਖ ਬਣਨ ਦੀ ਇੱਛਾ ਪ੍ਰਗਟ ਕੀਤੀ ਸੀ ਪਰ ਉਨ੍ਹਾਂ ਕਿਹਾ ਕਿ ਉਹ ਤਾਂ ਸੇਵਕ ਹਨ, ਸਿੱਖੀ ਦੇ ਦਾਤੇ ਆਪ ਹੋ। ਹੁਣ ਆਪ ਜੀ ਕਿਰਪਾ ਕਰ ਕੇ ਸਾਨੂੰ ਸਾਰਿਆਂ ਨੂੰ ਆਪਣਾ ਸਿੱਖ ਬਣਾ ਲਵੋ, ਜੀ'!

ਸੁਣ ਕੇ ਸਤਿਗੁਰੂ ਜੀ ਨੇ ਮੁਸਕਰਾਉਂਦਿਆਂ ਸਾਵਣ ਮੱਲ ਵੱਲ ਤੱਕਿਆ ਅਰ ਰਾਜੇ ਨੂੰ ਬਚਨ ਕੀਤਾ,

'ਤੁਸੀਂ ਸਾਡੇ ਕੋਲ ਆਏ ਹੋ, ਕੁਝ ਦਿਨ ਜ਼ਰੂਰ ਠਹਿਰ ਕੇ ਸਤਸੰਗ ਦੀਆਂ ਹਾਜ਼ਰੀਆਂ ਭਰੋ, ਇਥੋਂ ਦੇ ਵਾਤਾਵਰਣ ਵਿਚ ਰਹਿ ਕੇ ਗੁਰੂ ਪਾਤਸ਼ਾਹ ਜੀ ਦੀ ਸਿੱਖੀ ਰਹੁ-ਰੀਤ ਨੂੰ ਸਮਝੋ। ਫਿਰ ਜੋ ਵੀ ਇੱਛਾ ਕਰੋਗੇ, ਸਤਿਗੁਰੂ ਗੁਰੂ ਨਾਨਕ ਸਾਹਿਬ ਪੂਰੀਆਂ ਕਰਨਗੇ'।

ਰਾਜੇ ਨੇ 'ਸਤਿਬਚਨ' ਕਹਿ ਕੇ ਗੁਰੂ ਹੁਕਮ ਅਗੇ ਸਿਰ ਨਿਵਾਇਆ। ਹਜ਼ੂਰ ਦੀ ਆਗਿਆ ਨਾਲ ਭਾਈ ਬਲਵੰਡ ਅਰ ਸੱਤਾ ਜੀ ਨੇ ਸੁੰਦਰ ਅੰਦਾਜ਼ ਵਿਚ ਗੁਰੂ ਕੀ ਬਾਣੀ ਦਾ ਕੀਰਤਨ ਸ੍ਰਵਣ ਕਰਾਇਆ। ਫਿਰ ਗੁਰੂ ਪਾਤਸ਼ਾਹ ਜੀ ਨੇ ਅਮੋਲਕ ਬਚਨਾਂ ਦੀ ਸੰਗਤ ਨਾਲ ਸਾਂਝ ਪਾਈ। ਸਾਥੀਆਂ ਸਹਿਤ ਰਾਜਾ ਬਹੁਤ ਮਗਨ ਹੋ ਕੇ ਆਨੰਦ ਮਾਣਦਾ ਰਿਹਾ।

ਗੁਰੂ ਕਾ ਲੰਗਰ

ਦੀਵਾਨ ਦੀ ਸਮਾਪਤੀ ਉਪਰੰਤ ਸਾਰੇ ਫਿਰ ਗੁਰੂ ਸਾਹਿਬ ਨਾਲ ਲੰਗਰ ਵਿਚ ਆ ਕੇ ਪੰਗਤ ਵਿਚ ਬੈਠੇ। ਰਾਜੇ ਨੇ ਦੇਖਿਆ ਕਿ ਹਜ਼ੂਰ ਨੇ ਆਪ ਤਾਂ ਕੇਵਲ ਓਗਰਾ ਹੀ ਖਾਧਾ ਹੈ ਪਰ ਬਾਕੀ ਸਭਨਾਂ ਲਈ ਅਨੇਕ ਪਦਾਰਥ ਵਰਤਾਏ ਜਾ ਰਹੇ ਹਨ। ਠਹਿਰਣ ਦੇ ਦੌਰਾਨ ਉਸ ਨੇ ਜਾਣਿਆ ਕਿ ਏਥੇ ਲੰਗਰ ਵਿਚ ਸਭਨਾਂ ਦਾ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣਾ ਕਿਉਂ ਜ਼ਰੂਰੀ ਹੈ? ਉਸ ਪ੍ਰਤੀਤ ਕੀਤਾ ਕਿ ਸਦੀਆਂ ਤੋਂ ਸਾਡੇ ਵਿਚ ਵਰਨ-ਵੰਡ, ਜਾਤ-ਪਾਤ, ਊਚ-ਨੀਚ ਆਦਿ ਜੋ ਵਿਤਕਰੇ ਬਣੇ ਹੋਏ ਹਨ, ਸਭ ਨਿਰਮੂਲ ਹਨ ਪਰ ਵੇਦਾਂ ਦੀ ਤਾਲੀਮ ਨੇ ਸਾਡੇ ਜੀਵਨ ਵਿਚ ਡੂੰਘੀ ਥਾਂ ਬਣਾ ਲਈ ਹੈ। ਜਦ ਤੱਕ ਇਹ ਵਿੱਥਾਂ ਸਾਡੇ ਵਿਚੋਂ ਨਹੀਂ ਮਿਟਦੀਆਂ ਅਸੀਂ ਸਾਰੇ ਆਪਣੇ ਆਪ ਨੂੰ ਇਕ ਪ੍ਰਭੂ ਦੇ ਬੱਚੇ ਕਿਵੇਂ ਮੰਨ ਸਕਦੇ ਹਾਂ? ਉਨ੍ਹਾਂ ਆਪਣੇ ਆਪ ਨੂੰ ਵਡਭਾਗੀ ਜਾਣਿਆ ਜੁ ਭਾਈ ਸਾਵਣ ਮੱਲ ਦੇ ਮਿਲਾਪ ਸਦਕਾ ਅੱਜ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦਾ ਸਾਂਝੀਵਾਲਤਾ ਦਾ ਸਾਂਝਾ ਉਪਦੇਸ਼ ਗੁਰੂ ਅਮਰਦਾਸ ਜੀ ਦੀ ਅਗਵਾਈ ਵਿਚ ਗੋਇੰਦਵਾਲ ਵਿਖੇ ਪ੍ਰਤੱਖ ਵਰਤਦਾ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਥੇ ਸਾਰੇ ਸਿੱਖ ਆਪਣੇ ਆਪ ਨੂੰ ਇਕ ਦੂਜੇ ਦੇ ਭਰਾ ਜਾਣ ਕੇ ਰਲ ਕੇ ਸਤਸੰਗ ਕਰਦੇ ਹਨ, ਲੰਗਰ ਛਕਦੇ ਹਨ, ਆਪ ਹੀ ਆਪਣੇ ਹੱਥੀਂ ਸਭ ਤਿਆਰੀ ਕਰਦੇ ਹਨ, ਇਕ ਦੂਜੇ ਨੂੰ ਪਿਆਰ ਅਤੇ ਨਿੰਮਰਤਾ ਨਾਲ ਮਿੱਠਾ ਬੋਲਦੇ ਹਨ। ਇਹ ਵੇਖ ਕੇ ਹੋਰ ਹੈਰਾਨ ਹੋਇਆ ਕਿ ਗੁਰੂ ਸਾਹਿਬ ਦੀ ਧੀ ਭਾਨੀ ਦੇ ਪਤੀ ਭਾਈ ਰਾਮਦਾਸ ਵੀ ਬਾਕੀ ਸਿੱਖਾਂ ਵਿਚ ਅਭੇਦ ਹੋ ਕੇ ਸਭ ਸੇਵਾ ਕਰ ਰਹੇ ਹਨ।

## ਰਾਜਾ ਸਿੱਖ ਹੋਇਆ

ਇਹ ਸਭ ਕੁਝ ਜਾਣ ਕੇ ਉਸ ਅੰਦਰ ਹੁਣ ਗੁਰੂ ਕੀ ਸਿੱਖੀ ਧਾਰਨ ਕਰਨ ਲਈ ਪਹਿਲਾਂ ਨਾਲੋਂ ਵੱਧ ਉਤਸ਼ਾਹ ਬਣ ਗਿਆ। ਉਸ ਚਾਹਿਆ ਕਿ ਉਸ ਦੇ ਨਾਲ ਪ੍ਰਵਾਰ ਅਰ ਉਸ ਦੇ ਮੰਤ੍ਰੀਆਂ ਨੂੰ ਵੀ ਗੁਰੂ ਸਾਹਿਬ ਆਪਣੇ ਸਿੱਖ ਬਣਾ ਲੈਣ। ਰਾਜੇ ਨੇ ਇਹ ਵਿਚਾਰ ਭਾਈ ਸਾਵਣ ਮੱਲ ਜੀ ਨਾਲ ਸਾਂਝੇ ਕੀਤੇ ਕਿ ਉਹ ਹੁਣ ਵਾਪਸ ਪਰਤਣਾ ਚਾਹੁੰਦੇ ਹਨ ਪਰ, ਉਹ ਚਾਹੁੰਦੇ ਹਨ ਕਿ ਸਤਿਗੁਰੂ ਜੀ ਉਨ੍ਹਾਂ ਨੂੰ ਚਰਣ-ਪਾਹੁਲ ਬਖ਼ਸ਼ ਕੇ ਆਪਣੇ ਨਾਲ ਮਿਲਾ ਲੈਣ। ਭਾਈ ਸਾਹਿਬ ਨੇ ਇਹ ਭਾਵਨਾ ਗੁਰਦੇਵ ਜੀ ਨਾਲ ਸਾਂਝੀ ਕੀਤੀ ਤਾਂ ਸਤਿਗੁਰਾਂ ਅਗਲੇ ਭਲਕ ਦੇ ਦੀਵਾਨ ਵਿਚ ਰਾਜੇ ਨੂੰ ਲੈ ਆਉਣ ਵਾਸਤੇ ਆਗਿਆ ਕੀਤੀ। ਇਸ ਦੇ ਨਾਲ ਹੀ ਭਾਈ ਬੱਲੂ ਨੂੰ ਬੁਲਾ ਕੇ ਇਸ ਸਮਾਗਮ ਦੀ ਤਿਆਰੀ ਵਾਸਤੇ ਹੁਕਮ ਕਰ ਦਿੱਤਾ।

ਹਜ਼ੂਰ ਦੀ ਆਗਿਆ ਅਨੁਸਾਰ ਭਾਈ ਬੱਲੂ ਜੀ ਨੇ ਸਾਰੀ ਤਿਆਰੀ ਕਰ ਲਈ ਸੀ ਜਦੋਂ ਅਗਲੇ ਭਲਕ ਭਾਈ ਜੀ ਰਾਜੇ ਨੂੰ ਪ੍ਰਵਾਰ ਅਤੇ ਮੰਤ੍ਰੀਆਂ ਸਹਿਤ ਲੈ ਕੇ ਦਰਬਾਰ ਵਿਚ ਹਾਜ਼ਰ ਹੋਏ। ਗੁਰੂ ਸਾਹਿਬ ਨੇ ਇਥੇ ਠਹਿਰਣ ਦੇ ਦੌਰਾਨ ਇਥੋਂ ਦੇ ਸਿੱਖੀ ਵਾਤਾਵਰਣ ਬਾਰੇ ਪਹਿਲਾਂ ਰਾਜੇ ਕੋਲੋਂ ਜਾਨਣਾ ਚਾਹਿਆ ਕਿ ਏਨੇ ਦਿਨ ਠਹਿਰ ਕੇ ਉਸ ਨੇ ਕਿਵੇਂ ਮਹਿਸੂਸ ਕੀਤਾ ਹੈ। ਉਸ ਨੇ ਬੜੀ ਨਿੰਮਰਤਾ ਨਾਲ ਬੜੀ ਖ਼ੁਸ਼ੀ ਪ੍ਰਗਟ ਕੀਤੀ ਅਤੇ ਬੇਨਤੀ ਕੀਤੀ ਕਿ ਉਸ ਨੂੰ ਏਥੇ ਆ ਕੇ ਸਾਂਝੀਵਾਲਤਾ ਅਰ ਮਨੁੱਖੀ ਭਾਈਚਾਰੇ ਦਾ ਪ੍ਰਤੱਖ ਨਮੂਨਾ ਵੇਖ ਕੇ ਬਹੁਤ ਹੀ ਅਨੋਖਾ ਅਨੁਭਵ ਪ੍ਰਾਪਤ ਹੋਇਆ ਹੈ, ਅਸੀਂ ਚਾਹੁੰਦੇ ਹਾਂ ਸਾਨੂੰ ਸਭਨਾਂ ਨੂੰ ਆਪਣੀ ਚਰਨ-ਪਾਹੁਲ ਦੇ ਕੇ ਹੁਣ ਇਸ ਭਾਈਚਾਰੇ ਵਿਚ ਸ਼ਾਮਲ ਕਰੋ ਅਰ ਸਾਨੂੰ ਹੋਰ ਸੇਵਾ ਬਖ਼ਸ਼ੋ। ਹਜ਼ੂਰ ਪਾਤਸ਼ਾਹ ਜੀ ਨੇ ਉਨ੍ਹਾਂ ਦੀ ਇਸ ਭਾਵਨਾ ਨੂੰ ਜਾਣ ਕੇ ਉਨ੍ਹਾਂ ਸਭਨਾਂ ਨੂੰ ਸਿੱਖੀ ਨਾਮ-ਦਾਨ ਬਖ਼ਸ਼ ਕੇ ਨਿਹਾਲ ਕੀਤਾ ਅਤੇ ਗੁਰੂ-ਘਰ ਵੱਲੋਂ ਸਿਰੋਪੇ ਦਿੱਤੇ।

## ਸਾਵਣ ਮੱਲ ਨੂੰ ਮੰਜੀ ਬਖ਼ਸ਼ੀ

ਇਸੇ ਸਮੇਂ ਹੀ ਹਜ਼ੂਰ ਨੇ ਭਾਈ ਸਾਵਣ ਮੱਲ ਜੀ ਨੂੰ ਸਿਰੋਪਾ ਬਖ਼ਸ਼ ਕੇ ਪਹਾੜ ਵਾਲੇ ਪਾਸੇ ਗੁਰਮਤ ਪ੍ਰਚਾਰ ਕਰਨ ਦੀ ਜ਼ਿੰਮੇਦਾਰੀ ਦੇਂਦਿਆਂ ਉਨ੍ਹਾਂ ਨੂੰ ਮੰਜੀ ਦਿੱਤੀ ਭਾਵ ਕਿ ਮੰਜੀ 'ਤੇ ਬੈਠ ਕੇ ਗੁਰਮਤ ਦ੍ਰਿੜ ਕਰਵਾਉਣ ਅਰ ਸਿੱਖ ਬਨਾਉਣ ਦਾ, ਸਿੱਖਾਂ ਵਿਚ, ਵਿਸ਼ੇਸ਼ ਸਨਮਾਨ ਦਿੱਤਾ। ਭਾਈ ਬਲਵੰਡ ਜੀ ਨੇ ਪਾਵਨ ਸ਼ਬਦ ਦਾ ਕੀਰਤਨ ਕੀਤਾ:

ਅਮਰੁ ਵੇਪਰਵਾਹੁ ਹੈ
ਤਿਸੁ ਨਾਲਿ ਸਿਆਣਪ ਨ ਚਲਈ
ਨ ਹੁਜਤਿ ਕਰਣੀ ਜਾਇ॥
ਆਪੁ ਛੋਡਿ ਸਰਣਾਇ ਪਵੈ
ਮੰਨਿ ਲਏ ਰਜਾਇ॥
ਗੁਰਮੁਖਿ ਜਮ ਡੰਡੁ ਨ ਲਗਈ
ਹਉਮੈ ਵਿਚਹੁ ਜਾਇ॥
ਨਾਨਕ ਸੇਵਕੁ ਸੋਈ ਆਖੀਐ
ਜਿ ਸਚਿ ਰਹੈ ਲਿਵ ਲਾਇ॥1॥

ਗੁ.ਗ੍ਰੰ.ਸਾ. ਪੰਨਾ 1251

ਸਾਡੇ ਵਿਦਵਾਨਾਂ ਅਨੁਸਾਰ ਭਾਈ ਸਾਵਣ ਮੱਲ ਜੀ ਉਨ੍ਹਾਂ ਵਿਚੋਂ ਪਹਿਲੇ ਸਨ ਜਿਨ੍ਹਾਂ 22 ਮਹਾਨ ਸਿੱਖ ਪ੍ਰਚਾਰਕਾਂ ਨੂੰ ਗੁਰੂ ਸਾਹਿਬ ਨੇ ਪ੍ਰਚਾਰ ਦੀਆਂ ਜ਼ਿੰਮੇਦਾਰੀਆਂ ਸੌਂਪੀਆਂ ਭਾਵ ਵਿਸ਼ੇਸ਼ ਸਨਮਾਨ ਦਿੱਤਾ ਸੀ।

## ਇਤਿਹਾਸਕ ਹਵਾਲੇ:

ਤਬ ਸਭ ਰਾਣੀ ਜਿਸ ਤਰਹ ਹੁਕਮ ਹੋਆ ਇਸ ਤਰਹ ਦਰਸਨ ਕੋ ਆਏ। ਸਭ ਕੋ ਖੁਸੀ ਹੋਈ।...ਤਬ ਸਭ ਵਿਦਾ ਹੋਏ। ਏਕ ਰਾਨੀ ਨੇ ਹਜੂਰ ਮੇ ਰੋਬਰੋ ਕਪੜਾ ਢਾਲਾ (ਮੂੰਹ 'ਤੇ ਪਰਦਾ ਕਰ ਲਿਆ)। ਜਬ ਬਾਹਰ ਆਏ ਤਬ ਰਾਨੀ ਬਉਰਾਇ ਗਈ। ਨਗਨ ਹੋ ਕਰ ਬਨ ਕੋ ਚਲਤੀ ਹੋਈ। ਸਭ ਰਾਜਾ ਲੋਕ ਆਪਣੇ ਰਾਜ ਕੋ ਗਏ। ਇਆਹ ਪ੍ਰਥਮੇ ਮੰਜੀ ਗੁਰਿਆਈ ਕਾ ਬਚਨ ਸਾਵਣ ਮਲ ਕੋ ਭਇਆ। ਬੋਲੋ ਵਾਹਿਗੁਰੂ। 33। ਮ.ਪ੍ਰ.ਵਾਰਤਕ

ਰਹਯੋ ਕਿਤਕ ਦਿਨ,ਨਿਤਪ੍ਰਤਿ ਦਰਸਹਿਂ (ਕਈ ਦਿਨ ਰਾਜਾ ਰੋਜ਼ ਦਰਸ਼ਨ ਕਰਦਾ ਰਿਹਾ)
ਬੰਦਨ ਕਰਹਿਂ ਭਾਉ ਬਹੁ ਠਾਨਿ।(ਬਹੁਤ ਸਤਿਕਾਰ ਨਾਲ ਨਮਸ਼ਕਾਰ ਕਰਦਾ)
ਨਹੀਂ ਭਾਰਜਾ ਪ੍ਰਾਪਤਿ ਹੋਈ (ਬਾਵਰੀ ਹੋਈ ਰਾਣੀ ਨ ਮਿਲੀ)
ਕਰੇ ਬੇਗਿ ਗਮਨੀ ਉਦਿਆਨ।(ਜੋ ਜੰਗਲ ਨੂੰ ਦੌੜ ਗਈ ਸੀ)
ਦੇਗ ਕਰਾਵਤਿ ਰਹਯੋ ਗੁਰੂ ਕੀ (ਰਾਜਾ ਲਗਾਤਾਰ ਲੰਗਰ ਦੀ ਸੇਵਾ ਕਰਦਾ)
ਸਚਿਵਨਿ ਸਹਤਿ ਕਰਤਿ ਤਹਿਂ ਖਾਨਿ।(ਅਰ ਮੰਤ੍ਰੀਆਂ ਸਮੇਤ ਓਥੇ ਖਾਂਦਾ ਵੀ ਰਿਹਾ)
ਡਰਹਿ ਅਵੱਗਯਾ ਤੇ ਕਛੁ ਹੋਇ ਨ (ਕਿਸੇ ਵੀ ਸੰਭਾਵੀ ਅਵੱਗਿਆ ਤੋਂ ਡਰ ਕੇ)
ਮਨ ਤੇ ਨੰਮ੍ਰੀ ਰਹੈ ਮਹਾਨਿ।15॥33॥(ਮਨ ਕਰ ਕੇ ਨਿੰਮਰਤਾ ਵਿਚ ਰਹਿੰਦਾ) ਗੁ.ਪ੍ਰ.ਸੂ.

ਰਾਜਾ ਕੋ ਗੁਰ ਬਿਦਾ ਕਰ ਦੀਨਾ ਦੇਸ ਪਠਾਇ।
ਬਡਭਾਗੀ ਰਾਜਾ ਭਇਆ
ਸਤਿਗੁਰ ਦਰਸਨ ਪਾਇ।21॥
ਸਾਵਨ ਮਲ ਕੋ ਬਖਸ ਯਹ ਕੀਨਾ
ਸਤਿਗੁਰ ਦਿਆਲ।
ਤੁਮਰੀ ਆਗਿਆ ਮੋ ਰਹੇਂ ਸਭ ਭੂਤ ਪ੍ਰੇਤ ਬੈਤਾਲ।22॥ ਸਾਖੀ 4, ਮਹਿਮਾ ਪ੍ਰਕਾਸ਼



ਗੁਰੂ ਅਮਰਦਾਸ ਪਾਤਸ਼ਾਹ ਜੀ

ਰਣਵਾਸ ਵਿਚੋਂ ਇਕ ਰਾਣੀ ਨੇ ਦਰਬਾਰ ਵੜਦਿਆਂ ਹੀ ਘੁੰਡ ਕੱਢ ਲਿਆ ਸੀ। ਉਹ ਬਾਹਰ ਨਿਕਲਦੇ ਹੀ ਝੱਲੀ ਹੋ ਕੇ ਬਨ ਨੂੰ ਭੱਜ ਗਈ। ਕੁਝ ਦਿਨ ਅਨੰਦ ਲੈ ਕੇ ਰਾਜਾ ਦੇਸ਼ ਨੂੰ ਟੁਰ ਪਿਆ। ਸਾਵਣ ਮੱਲ ਨੂੰ ਗੁਰੂ ਜੀ ਨੇ ਪਹਿਲੀ ਮੰਜੀ ਬਖ਼ਸ਼ੀ ਤੇ ਹਰੀ ਪੁਰ ਵਿਚ ਰਹਿ ਕੇ ਨਾਮ ਪ੍ਰਚਾਰ ਕਰਨੇ ਦੀ ਆਗਿਆ ਕੀਤੀ। ਗੁਰੂ ਜੀ ਨੇ ਅਪਣੇ ਸਮੇਂ 22 ਮੰਜੀਆਂ ਸਥਾਪਨ ਕੀਤੀਆਂ ਸਨ। ਇਹ ਪਹਿਲੀ ਸੀ। ਗੁਰੂ ਚਮਤਕਾਰ, ਭਾਈ ਵੀਰ ਸਿੰਘ

ਦੁਖ ਵਿਸਾਰਣੁ ਸਬਦੁ ਹੈ- ਭਾਈ ਸੱਚਨ ਸੱਚ ਲਾਹੌਰ ਤੋਂ ਜੜ੍ਹਾਂਵਾਲਾ ਸੜਕ ਦੇ ਨੇੜੇ ਮੱਦਰ/ਮੰਦਰ ਪਿੰਡ ਦਾ ਨਿਵਾਸੀ ਬ੍ਰਾਹਮਣ ਕਿਸੇ ਕਾਰਨ ਗਲੇ ਦੀਆਂ ਹੰਜੀਰਾਂ (ਖ਼ਨਾਜ਼ੀਰ/ਸ਼ਇਰੋਫੁਲਓ) ਰੋਗ ਦਾ ਸ਼ਿਕਾਰ ਹੋ ਗਿਆ। ਕਈ ਥਾਵਾਂ ਤੋਂ ਭਟਕਦਾ ਆਖ਼ਿਰ ਗੋਇੰਦਵਾਲ ਸਾਹਿਬ ਗੁਰੂ ਸ਼ਰਨ ਵਿਚ ਆਇਆ। ਸਤਿਗੁਰਾਂ ਦੀ ਕਿਰਪਾ ਸਦਕਾ ਰੋਗ ਤੋਂ ਤਾਂ ਛੁਟਕਾਰਾ ਹੋ ਗਿਆ ਪਰ, ਸਤਿਗੁਰੂ ਅਮਰਦਾਸ ਪਾਤਸ਼ਾਹ ਜੀ ਦੇ, ਸਭਨਾਂ ਨੂੰ ਗਲੇ ਲਾਉਣ ਵਾਲੇ, ਸੁਭਾਉ ਨੇ ਇਸ ਬ੍ਰਾਹਮਣ ਬੇਟੇ ਨੂੰ ਵਾਪਸ ਨ ਪਰਤਣ ਦਿੱਤਾ ਅਰ ਇਸ ਨੇ ਗੁਰੂ ਕੀ ਸਿੱਖੀ ਧਾਰਨ ਕਰ ਲਈ।

ਸਲੋਕ ਮ: 3॥
ਦੂਖ ਵਿਸਾਰਣੁ ਸਬਦੁ ਹੈ
ਜੇ ਮੰਨਿ ਵਸਾਏ ਕੋਇ॥
ਗੁਰ ਕਿਰਪਾ ਤੇ ਮਨਿ ਵਸੈ
ਕਰਮ ਪ੍ਰਾਪਤ ਹੋਇ॥9॥

ਗੁ.ਗ੍ਰੰ.ਸਾ. ਪੰਨਾ 1413

ਭਾਈ ਜੀ ਦਾ ਜੁੱਸਾ ਚੰਗਾ ਤੱਕੜਾ ਸੀ ਹੁਣ ਇਸ ਨੇ ਲੰਗਰ ਦੀ ਲੋੜ ਵੇਖ ਕੇ ਬਾਹਰੋਂ ਬਾਲਣ ਲਿਆਉਣ ਦੀ ਸੇਵਾ ਆਰੰਭ ਕਰ ਦਿੱਤੀ। ਸੰਗਤ ਵਿਚ ਅਕਸਰ ਇਹ ਭੂਰੀ ਦੀ ਬੁੱਕਲ ਮਾਰ ਕੇ ਆਪਣੀ ਸੇਵਾ ਵਿਚ ਮਸਤ ਹੋਇਆ ਸੱਚਨ-ਸੱਚ ਦਾ ਰਟਨ ਕਰਦਾ ਰਹਿੰਦਾ ਜਿਸ ਕਰ ਕੇ ਸੰਗਤਾਂ ਵਿਚ ਇਸ ਨੂੰ ਇਸੇ ਨਾਂ ਨਾਲ ਹੀ ਜਾਣਿਆ ਜਾਣ ਲੱਗਾ।

ਚਲਦਾ.....

# ਦੀਵਾਲੀ : ਰੌਸ਼ਨੀ ਦਾ ਤਿਉਹਾਰ ਅਤੇ ਵਿਭਿੰਨ ਸਭਿਆਚਾਰਕ ਕਹਾਣੀਆਂ

ਦੀਵਾਲੀ, ਜਿਸ ਨੂੰ 'ਰੌਸ਼ਨੀ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ, ਭਾਰਤ ਵਿੱਚ ਬੜੇ ਉਤਸ਼ਾਹ ਨਾਲ ਮਨਾਇਆ ਜਾਣ ਵਾਲਾ ਇੱਕ ਮੁੱਖ ਤਿਉਹਾਰ ਹੈ। ਇਹ ਨਾ ਸਿਰਫ਼ ਹਿੰਦੂਆਂ, ਸਗੋਂ ਸਿੱਖ, ਜੈਨ ਅਤੇ ਹੋਰ ਭਾਈਚਾਰਿਆਂ ਦੁਆਰਾ ਵੀ ਵੱਖ-ਵੱਖ ਰੀਤੀ-ਰਿਵਾਜਾਂ ਅਤੇ ਕਹਾਣੀਆਂ ਦੇ ਨਾਲ ਮਨਾਇਆ ਜਾਂਦਾ ਹੈ। ਦੀਵਾਲੀ ਦੀਆਂ ਮਸ਼ਹੂਰ ਕਹਾਣੀਆਂ ਵਿੱਚ ਰਾਮਾਇਣ, ਮਹਾਭਾਰਤ, ਨਰਕਾਸੁਰ ਦੀ ਕਥਾ, ਦੇਵੀ ਲਕਸ਼ਮੀ ਦੀ ਪੂਜਾ ਅਤੇ ਸਿੱਖ ਤੇ ਜੈਨ ਧਰਮ ਨਾਲ ਜੁੜੀਆਂ ਪਰੰਪਰਾਵਾਂ ਸ਼ਾਮਲ ਹਨ। ਇਹ ਤਿਉਹਾਰ ਬੁਰਾਈ ਉੱਤੇ ਚੰਗਿਆਈ ਦੀ ਜਿੱਤ, ਅਗਿਆਨਤਾ ਉੱਤੇ ਗਿਆਨ ਦੀ ਜਿੱਤ ਅਤੇ ਅਧਿਆਤਮਕ ਤੇ ਸਮਾਜਕ ਮਹੱਤਤਾ ਦਾ ਪ੍ਰਤੀਕ ਹੈ। ਇਸ ਨਿਊਜ਼ ਸਟੋਰੀ ਵਿੱਚ, ਅਸੀਂ ਦੀਵਾਲੀ ਦੀਆਂ ਮੁੱਖ ਕਹਾਣੀਆਂ ਅਤੇ ਵੱਖ-ਵੱਖ ਧਰਮਾਂ ਵਿੱਚ ਇਸ ਦੀ ਮਨਾਉਣ ਦੀਆਂ ਵਿਧੀਆਂ 'ਤੇ ਚਰਚਾ ਕਰਾਂਗੇ।

### ਰਾਮਾਇਣ ਅਤੇ ਦੀਵਾਲੀ: ਰਾਮ ਦੀ ਵਾਪਸੀ ਦਾ ਜਸ਼ਨ

ਉੱਤਰੀ ਭਾਰਤ ਵਿੱਚ ਦੀਵਾਲੀ ਦੀ ਸਭ ਤੋਂ ਪ੍ਰਸਿੱਧ ਕਹਾਣੀ ਰਾਮਾਇਣ ਨਾਲ ਜੁੜੀ ਹੋਈ ਹੈ। ਪੌਰਾਣਿਕ ਕਥਾਵਾਂ ਅਨੁਸਾਰ, ਦੀਵਾਲੀ ਉਸ ਦਿਨ ਦੀ ਯਾਦ ਵਿੱਚ ਮਨਾਈ ਜਾਂਦੀ ਹੈ ਜਦੋਂ ਭਗਵਾਨ ਰਾਮ, ਲਕਸ਼ਮਣ ਅਤੇ ਸੀਤਾ 14 ਸਾਲ ਦਾ ਬਨਵਾਸ ਪੂਰਾ ਕਰਕੇ ਅਯੁੱਧਿਆ ਵਾਪਸ ਪਰਤੇ ਸਨ। ਰਾਵਣ ਨੂੰ ਹਰਾਉਣ ,ਮਾਰਨ ਅਤੇ ਸੀਤਾ ਨੂੰ ਵਾਪਸ ਲਿਆਉਣ ਤੋਂ ਬਾਅਦ, ਰਾਮ ਦੀ ਵਾਪਸੀ ਨੂੰ ਬੁਰਾਈ ਉੱਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਦੇਖਿਆ ਜਾਂਦਾ ਹੈ। ਅਯੁੱਧਿਆ ਦੇ ਲੋਕਾਂ ਨੇ ਆਪਣੇ ਰਾਜਾ ਦੇ ਸਵਾਗਤ ਲਈ ਘਰਾਂ ਨੂੰ ਸਜਾਇਆ, ਦੀਵੇ ਜਗਾਏ ਅਤੇ ਰੌਸ਼ਨੀ ਕੀਤੀ। ਅੱਜ ਵੀ ਇਹ ਪਰੰਪਰਾ ਜਾਰੀ ਹੈ, ਜਿੱਥੇ ਲੋਕ ਦੀਵੇ, ਮੋਮਬੱਤੀਆਂ ਅਤੇ ਆਤਿਸ਼ਬਾਜ਼ੀ ਨਾਲ ਦੀਵਾਲੀ ਮਨਾਉਂਦੇ ਹਨ।

ਵਾਲਮੀਕਿ ਰਾਮਾਇਣ ਵਿੱਚ ਅਯੁੱਧਿਆ ਦੀ ਸਜਾਵਟ ਦਾ ਜ਼ਿਕਰ ਹੈ, ਪਰ ਇਹ ਸਪੱਸ਼ਟ ਨਹੀਂ ਕਰਦੀ ਕਿ ਇਸ ਦਿਨ ਨੂੰ ਹਰ ਸਾਲ ਮਨਾਉਣਾ ਚਾਹੀਦਾ। ਫਿਰ ਵੀ, ਇਹ ਕਹਾਣੀ ਉੱਤਰੀ ਭਾਰਤ ਵਿੱਚ ਦੀਵਾਲੀ ਦਾ ਮੁੱਖ ਆਧਾਰ ਹੈ। ਲੋਕ ਆਪਣੇ ਘਰਾਂ ਨੂੰ ਸਜਾਉਂਦੇ ਹਨ, ਰੰਗੋਲੀ ਬਣਾਉਂਦੇ ਹਨ ਅਤੇ ਮਿੱਠੇ ਪਕਵਾਨ ਸਾਂਝੇ ਕਰਦੇ ਹਨ, ਜੋ ਸਮਾਜਕ ਏਕਤਾ ਅਤੇ ਖੁਸ਼ੀ ਦਾ ਪ੍ਰਤੀਕ ਹੈ।



### ਨਰਕਾਸੁਰ ਦੀ ਕਥਾ: ਦੱਖਣੀ ਭਾਰਤ ਦੀ ਪਰੰਪਰਾ

ਦੱਖਣੀ ਭਾਰਤ ਵਿੱਚ, ਦੀਵਾਲੀ ਦੀਵਾਲੀ ਨੂੰ ਨਰਕਾਸੁਰ ਦੇ ਵਧ ਨਾਲ ਜੋੜਿਆ ਜਾਂਦਾ ਹੈ। ਪੁਰਾਣਾਂ ਅਨੁਸਾਰ, ਨਰਕਾਸੁਰ ਇੱਕ ਸ਼ਕਤੀਸ਼ਾਲੀ ਰਾਕਸ਼ਸ ਸੀ, ਜਿਸ ਨੂੰ ਬ੍ਰਹਮਾ ਦੇ ਵਰਦਾਨ ਕਾਰਨ ਸਿਰਫ਼ ਉਸ ਦੀ ਮਾਂ ਭੂਮਦੇਵੀ ਹੀ ਮਾਰ ਸਕਦੀ ਸੀ। ਨਰਕਾਸੁਰ ਨੇ ਸਵਰਗ 'ਤੇ ਕਬਜ਼ਾ ਕਰ ਲਿਆ ਅਤੇ ਦੇਵਤਿਆਂ ਨੂੰ ਪਰੇਸ਼ਾਨ ਕੀਤਾ। ਇਸ ਦੇ ਜਵਾਬ ਵਿੱਚ, ਭਗਵਾਨ ਵਿਸ਼ਨੂੰ ਨੇ ਕ੍ਰਿਸ਼ਨ ਦੇ ਰੂਪ ਵਿੱਚ ਅਤੇ ਭੂਮਦੇਵੀ ਨੇ ਸਤਿਆਭਾਮਾ ਦੇ ਰੂਪ ਵਿੱਚ ਅਵਤਾਰ ਲਿਆ। ਸਤਿਆਭਾਮਾ ਨੇ ਨਰਕਾਸੁਰ ਨੂੰ ਹਰਾਇਆ ਅਤੇ ਕ੍ਰਿਸ਼ਨ ਨੇ ਆਪਣੇ ਸੁਦਰਸ਼ਨ ਚੱਕਰ ਨਾਲ ਉਸ ਦਾ ਅੰਤ ਕੀਤਾ।

ਕਹਾਣੀ ਅਨੁਸਾਰ, ਨਰਕਾਸੁਰ ਨੇ ਮੌਤ ਤੋਂ ਪਹਿਲਾਂ ਇੱਕ ਵਰ ਮੰਗਿਆ ਕਿ ਉਸ ਦੀ ਮੌਤ ਦਾ ਦਿਨ ਰੰਗੀਨ ਰੌਸ਼ਨੀਆਂ ਅਤੇ ਆਤਿਸ਼ਬਾਜ਼ੀ ਨਾਲ ਮਨਾਇਆ ਜਾਵੇ। ਇਸ ਲਈ ਦੱਖਣੀ ਭਾਰਤ ਵਿੱਚ ਦੀਵਾਲੀ ਨੂੰ 'ਨਰਕ ਚਤੁਰਦਸ਼ੀ' ਵਜੋਂ ਵੀ ਜਾਣਿਆ ਜਾਂਦਾ ਹੈ। ਇਸ ਦਿਨ ਲੋਕ ਸਵੇਰੇ ਤੇਲ ਨਾਲ ਇਸ਼ਨਾਨ ਕਰਦੇ ਹਨ, ਨਵੇਂ ਕੱਪੜੇ ਪਾਉਂਦੇ ਹਨ ਅਤੇ ਆਤਿਸ਼ਬਾਜ਼ੀ ਦਾ ਅਨੰਦ ਲੈਂਦੇ ਹਨ। ਅਸਾਮ ਵਿੱਚ ਨਰਕਾਸੁਰ ਦੀਆਂ ਕਹਾਣੀਆਂ ਵਿਸ਼ੇਸ਼ ਤੌਰ 'ਤੇ ਮਸ਼ਹੂਰ ਹਨ, ਜਿੱਥੇ ਇਹ ਤਿਉਹਾਰ ਬੁਰਾਈ 'ਤੇ ਚੰਗਿਆਈ ਦੀ ਜਿੱਤ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ।

### ਸਿੱਖ ਅਤੇ ਜੈਨ ਧਰਮ ਵਿੱਚ ਦੀਵਾਲੀ: ਅਧਿਆਤਮਕ ਅਤੇ ਇਤਿਹਾਸਕ ਮਹੱਤਤਾ

ਸਿੱਖ ਧਰਮ ਵਿੱਚ ਦੀਵਾਲੀ: ਸਿੱਖ ਭਾਈਚਾਰੇ ਵਿੱਚ ਦੀਵਾਲੀ ਨੂੰ 'ਬੰਦੀ ਛੋੜ ਦਿਵਸ' ਵਜੋਂ ਮਨਾਇਆ ਜਾਂਦਾ ਹੈ। 1619 ਵਿੱਚ, ਮੁਗਲ ਬਾਦਸ਼ਾਹ ਜਹਾਂਗੀਰ ਨੇ ਸਿੱਖਾਂ ਦੇ ਛੇਵੇਂ ਗੁਰੂ, ਗੁਰੂ ਹਰਗੋਬਿੰਦ ਜੀ ਅਤੇ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਸੀ।

ਜਦੋਂ ਉਨ੍ਹਾਂ ਦੀ ਰਿਹਾਈ ਦਾ ਸਮਾਂ ਆਇਆ, ਗੁਰੂ ਜੀ ਨੇ ਸਾਰੇ 52 ਰਾਜਿਆਂ ਦੀ ਰਿਹਾਈ ਦੀ ਮੰਗ ਕੀਤੀ। ਜਹਾਂਗੀਰ ਨੇ ਸ਼ਰਤ ਰੱਖੀ ਕਿ ਸਿਰਫ਼ ਵਹੀ ਰਾਜੇ ਰਿਹਾਅ ਹੋਣਗੇ ਜੋ ਗੁਰੂ ਜੀ ਦੇ ਚੋਲ਼ੇ ਦਾ ਪੱਲਾ ਫੜ ਸਕਣ। ਗੁਰੂ ਜੀ ਨੇ 52 ਕਲੀਆਂ ਵਾਲਾ ਚੋਲਾ ਸਿਉਂ ਕੇ ਸਾਰੇ ਰਾਜਿਆਂ ਨੂੰ ਰਿਹਾਅ ਕਰਵਾਇਆ। ਉਨ੍ਹਾਂ ਦੀ ਅੰਮ੍ਰਿਤਸਰ ਵਾਪਸੀ ਦੀਵਾਲੀ ਵਾਲੇ ਦਿਨ ਹੋਈ, ਜਿਸ ਨੂੰ ਮਨਾਉਣ ਲਈ ਦਰਬਾਰ ਸਾਹਿਬ ਨੂੰ ਦੀਵਿਆਂ ਨਾਲ ਸਜਾਇਆ ਗਿਆ। ਸਿੱਖ ਇਸ ਦਿਨ ਨੂੰ ਆਜ਼ਾਦੀ ਅਤੇ ਨਿਆਂ ਦੇ ਪ੍ਰਤੀਕ ਵਜੋਂ ਮਨਾਉਂਦੇ ਹਨ।

ਜੈਨ ਧਰਮ ਵਿੱਚ ਦੀਵਾਲੀ: ਜੈਨ ਧਰਮ ਵਿੱਚ, ਦੀਵਾਲੀ 24ਵੇਂ ਤੀਰਥੰਕਰ ਮਹਾਵੀਰ ਸਵਾਮੀ ਦੇ ਨਿਰਵਾਣ (ਮੋਕਸ਼) ਦੀ ਯਾਦ ਵਿੱਚ ਮਨਾਈ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ 15 ਅਕਤੂਬਰ, 527 ਈਸਵੀ ਪੂਰਵ ਵਿੱਚ, ਮਹਾਵੀਰ ਨੇ ਬਿਹਾਰ ਦੇ ਨਾਲੰਦਾ ਜ਼ਿਲ੍ਹੇ ਦੇ ਭਾਵਪੁਰੀ ਵਿੱਚ ਨਿਰਵਾਣ ਪ੍ਰਾਪਤ ਕੀਤਾ। ਉਨ੍ਹਾਂ ਦੇ ਅੰਤਮ ਪ੍ਰਵਚਨ ਤੋਂ ਬਾਅਦ, ਜਦੋਂ ਲੋਕ ਜਾਗੇ ਅਤੇ ਪਤਾ ਲੱਗਾ ਕਿ ਮਹਾਵੀਰ ਨੇ ਮੋਕਸ਼ ਪ੍ਰਾਪਤ ਕਰ ਲਿਆ, ਤਾਂ ਰਾਜੇ ਨੇ ਲੋਕਾਂ ਨੂੰ ਦੀਵੇ ਜਗਾਉਣ ਦਾ ਹੁਕਮ ਦਿੱਤਾ। ਜੈਨੀਆਂ ਲਈ, ਦੀਵਾਲੀ ਗਿਆਨ ਅਤੇ ਅਧਿਆਤਮਕ ਜਾਗਰੂਕਤਾ ਦਾ ਪ੍ਰਤੀਕ ਹੈ, ਅਤੇ ਇਹ ਦਿਨ ਨਵੇਂ ਸਾਲ ਦੀ ਸ਼ੁਰੂਆਤ ਵੀ ਮੰਨਿਆ ਜਾਂਦਾ ਹੈ।

### ਦੇਵੀ ਲਕਸ਼ਮੀ ਅਤੇ ਦੀਵਾਲੀ: ਸੰਪਤੀ ਅਤੇ ਸਮ੍ਰਿਧੀ ਦਾ ਜਸ਼ਨ

ਦੀਵਾਲੀ ਨੂੰ ਦੌਲਤ ਦੀ ਦੇਵੀ ਲਕਸ਼ਮੀ ਦੇ ਜਨਮ ਜਾਂ ਪ੍ਰਗਟ ਹੋਣ ਨਾਲ ਵੀ ਜੋੜਿਆ ਜਾਂਦਾ ਹੈ। ਪੁਰਾਣਿਕ ਕਥਾਵਾਂ ਅਨੁਸਾਰ, ਜਦੋਂ ਇੰਦਰ ਦੇ ਹੰਕਾਰ ਕਾਰਨ ਲਕਸ਼ਮੀ ਦੇਵਲੋਕ ਛੱਡ ਕੇ ਕਸ਼ੀਰ ਸਾਗਰ ਵਿੱਚ ਚਲੇ ਗਏ, ਤਾਂ ਸੰਸਾਰ ਹਨੇਰੇ ਵਿੱਚ ਡੁੱਬ ਗਿਆ। ਦੇਵਤਿਆਂ ਨੇ ਸਮੁੰਦਰ ਮੰਥਨ ਕੀਤਾ, ਅਤੇ ਹਜ਼ਾਰ ਸਾਲ ਬਾਅਦ ਲਕਸ਼ਮੀ ਕਮਲ ਦੇ ਫੁੱਲ 'ਤੇ ਪ੍ਰਗਟ ਹੋਈ। ਇਹ ਘਟਨਾ ਅਮਾਵਸ ਦੀ ਰਾਤ ਨੂੰ ਵਾਪਰੀ ਮੰਨੀ ਜਾਂਦੀ ਹੈ, ਜਿਸ ਕਾਰਨ ਦੀਵਾਲੀ ਨੂੰ ਲਕਸ਼ਮੀ ਪੂਜਾ ਦੇ ਦਿਨ ਵਜੋਂ ਮਨਾਇਆ ਜਾਂਦਾ ਹੈ।

ਇਸ ਦਿਨ, ਵਪਾਰੀ ਅਤੇ ਘਰੇਲੂ ਲੋਕ ਲਕਸ਼ਮੀ ਪੂਜਾ ਕਰਦੇ ਹਨ, ਆਪਣੇ ਖਾਤਿਆਂ ਦੀ ਸ਼ੁਰੂਆਤ ਕਰਦੇ ਹਨ ਅਤੇ ਸੰਪਤੀ ਦੀ ਕਾਮਨਾ ਕਰਦੇ ਹਨ। ਘਰਾਂ ਨੂੰ ਸਜਾਇਆ ਜਾਂਦਾ ਹੈ, ਦੀਵੇ ਜਗਾਏ ਜਾਂਦੇ ਹਨ ਅਤੇ ਮਿੱਠੇ ਪਕਵਾਨ ਬਣਾਏ ਜਾਂਦੇ ਹਨ। ਇਹ ਪਰੰਪਰਾ ਵਪਾਰਕ ਅਤੇ ਆਰਥਕ ਸਮ੍ਰਿਧੀ ਦੀ ਮਹੱਤਤਾ ਨੂੰ ਦਰਸਾਉਂਦੀ ਹੈ।

ਦੀਵਾਲੀ ਭਾਰਤ ਦਾ ਇੱਕ ਅਜਿਹਾ ਤਿਉਹਾਰ ਹੈ ਜੋ ਵਿਭਿੰਨ ਸਭਿਆਚਾਰਕ ਅਤੇ ਧਾਰਮਿਕ ਪਰੰਪਰਾਵਾਂ ਨੂੰ ਇੱਕਠਾ ਕਰਦਾ ਹੈ। ਰਾਮਾਇਣ ਦੀ ਰਾਮ ਵਾਪਸੀ ਤੋਂ ਲੈ ਕੇ ਨਰਕਾਸੁਰ ਦੇ ਕਤਲ, ਸਿੱਖਾਂ ਦੇ ਬੰਦੀ ਛੋੜ ਦਿਵਸ ਅਤੇ ਜੈਨਾਂ ਦੇ ਮਹਾਵੀਰ ਦੇ ਨਿਰਵਾਣ ਤੱਕ, ਹਰ ਕਹਾਣੀ ਦੀਵਾਲੀ ਨੂੰ ਇੱਕ ਵਿਸ਼ੇਸ਼ ਮਹੱਤਤਾ ਪ੍ਰਦਾਨ ਕਰਦੀ ਹੈ। ਦੇਵੀ ਲਕਸ਼ਮੀ ਦੀ ਪੂਜਾ ਇਸ ਤਿਉਹਾਰ ਨੂੰ ਸਾਂਝੀਵਾਲਤਾ ਨਾਲ ਜੋੜਦੀ ਹੈ। ਵੱਖ-ਵੱਖ ਧਰਮਾਂ ਵਿੱਚ ਦੀਵਾਲੀ ਦੀਆਂ ਵਿਧੀਆਂ ਵਿੱਚ ਰੌਸ਼ਨੀ, ਆਤਿਸ਼ਬਾਜ਼ੀ, ਮਿੱਠੇ ਪਕਵਾਨ ਅਤੇ ਸਮਾਜਕ ਮਿਲਣੀ ਦੀ ਸਾਂਝੀ ਵਿਸ਼ੇਸ਼ਤਾ ਹੈ, ਜੋ ਇਸ ਨੂੰ ਸੱਚਮੁੱਚ ਭਾਰਤੀ ਸਭਿਆਚਾਰ ਦਾ ਪ੍ਰਤੀਕ ਬਣਾਉਂਦੀ ਹੈ।





ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ-22

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ

## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਡਾ: ਕਿਰਨਪ੍ਰੀਤ ਕੌਰ ਬਾਠ



1698 ਈ: ਵਿੱਚ ਭਾਈ ਦਇਆ ਰਾਮ ਨੂੰ ਗੁਰੂ ਜੀ ਦੀ ਸ਼ਰਨ ਵਿੱਚ ਆਇਆਂ ਨੂੰ ਲਗਭਗ 18 ਸਾਲ ਹੋ ਗਏ ਸਨ। ਇਸ ਸਮੇਂ ਤਕ ਓਹਨਾਂ ਦੇ ਘਰ ਦੋ ਪੁੱਤਰ (ਭਾਈ ਜਵਾਹਰ ਸਿੰਘ ਅਤੇ ਭਾਈ ਕਿਰਪਾਲ ਸਿੰਘ) ਅਤੇ ਦੋ ਸਪੁੱਤਰੀਆਂ (ਬੀਬੀ ਮੰਨਤ ਕੌਰ ਅਤੇ ਬੀਬੀ ਅਨੰਦ ਕੌਰ) ਹੋ ਗਏ ਸਨ। ਭਾਈ ਸਾਹਿਬ ਦੇ ਬੱਚੇ ਵੀ ਉਹਨਾਂ ਦੇ ਪੂਰਨਿਆਂ ਉੱਪਰ ਚੱਲਦੇ ਹੋਏ ਗੁਰੂ-ਘਰ ਪ੍ਰਤੀ ਸ਼ਰਧਾ ਰੱਖਦੇ ਅਤੇ ਗੁਰੂ-ਆਸ਼ੇ ਅਨੁਸਾਰ ਜੀਵਨ ਜਿਉਂ ਰਹੇ ਸਨ।

30 ਮਾਰਚ 1699 ਨੂੰ ਜਦੋਂ ਗੁਰੂ ਗੋਬਿੰਦ ਸਾਹਿਬ ਨੇ ਖ਼ਾਲਸੇ ਦੀ ਸਾਜਣਾ ਲਈ ਅਨੰਦਪੁਰ ਵਿਖੇ ਵਿਸ਼ਾਲ ਇਕੱਠ ਕੀਤਾ, ਓਸ ਵੇਲ਼ੇ ਭਾਈ ਦਇਆ ਰਾਮ ਜੀ ਦੀ ਉਮਰ ਤਕਰੀਬਨ 31 ਸਾਲ ਦੀ ਸੀ। ਗੁਰੂ ਸਾਹਿਬ ਨੇ ਜਦ ਪੰਜ ਸੀਸ ਮੰਗੇ ਤਾਂ ਪਹਿਲਾ ਸੀਸ ਭੇਟ ਕਰਨ ਵਾਲ਼ੇ ਭਾਈ ਦਇਆ ਰਾਮ ਹੀ ਸਨ। ਇਹ ਓਹੀ ਦਇਆ ਰਾਮ ਜਿਨ੍ਹਾਂ ਦੇ ਪਰਿਵਾਰ ਓਹਨਾਂ ਦੇ ਨਕੜਦਾਦੇ ਦੇ ਸਮੇਂ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਘਰ ਦਾ ਗੁਰਸਿੱਖ ਸੀ। ਓਸੇ ਦਿਨ ਭਾਈ ਸਾਹਿਬ ਦੇ ਮਾਤਾ, ਪਿਤਾ, ਪਤਨੀ ਅਤੇ ਚਾਰੇ ਬੱਚੇ ਵੀ ਅੰਮ੍ਰਿਤ ਛਕ ਕੇ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋਏ।

ਇਹ ਕਹਿਣਾ ਕਿ ਭਾਈ ਦਇਆ ਰਾਮ ਪਹਿਲਾਂ ਹਿੰਦੂ ਸੀ, ਵਾਸਤਵਿਕ ਤੌਰ 'ਤੇ ਇੱਕ ਕੋਰਾ ਝੂਠ ਹੈ, ਜਿਸ ਨੂੰ ਬਿਪਰਵਾਦੀ-ਚਲਾਕੀ ਨਾਲ਼ ਸਾਡੇ ਸਾਹਮਣੇ ਪਰੋਸਿਆ ਗਿਆ ਅਤੇ ਅਸੀਂ ਬਿਨਾ ਸੋਚੇ-ਸਮਝੇ ਆਪਣੇ ਦੀਵਾਨਾਂ ਵਿੱਚ ਅੰਨ੍ਹੇਵਾਹ ਦੁਹਰਾਇਆ।

**ਭਾਈ ਧਰਮ ਸਿੰਘ : ਸੰਖੇਪ ਜੀਵਨੀ**

ਭਾਈ ਧਰਮ ਸਿੰਘ ਜੀ ਦਾ ਜਨਮ ਅਪ੍ਰੈਲ 1670 ਨੂੰ ਪਿਤਾ ਪਰਮਸੁਖ ਅਤੇ ਮਾਤਾ ਅਨੰਤੀ ਜੀ ਦੇ ਘਰ ਨਗਰ ਸੈਫ਼ਪੁਰ ਨੇੜੇ ਹਸਤਨਾਪੁਰ ਦਿੱਲੀ ਵਿਖੇ ਹੋਇਆ। ਭਾਈ ਸਾਹਿਬ ਦੇ ਪਰਿਵਾਰ ਵਿੱਚ ਸਿੱਖੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਬਖ਼ਸ਼ਿਸ਼ ਸਦਕਾ ਆਈ। ਆਪ ਬਚਪਨ ਤੋਂ ਹੀ ਸੇਵਾ-ਸਿਮਰਨ ਵਿੱਚ ਰੁੱਚੀ ਰੱਖਣ ਵਾਲ਼ੇ ਸਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ ਬਾਅਦ ਆਪ ਜੀ ਦੇ ਪਰਿਵਾਰ ਨੇ ਸੈਫ਼ਪੁਰ ਤੋਂ ਉੱਠ ਕੇ ਸਹਾਰਨਪੁਰ ਨੇੜੇ ਪਿੰਡ ਜੱਟਵਾੜਾ ਵਿਖੇ ਰਿਹਾਇਸ਼ ਕਰ ਲਈ।

ਕੁਝ ਸਮੇਂ ਬਾਅਦ ਭਾਈ ਧਰਮ ਚੰਦ ਜੀ 12-13 ਸਾਲ ਦੀ ਉਮਰ ਵਿੱਚ ਜੱਟਵਾੜਾ ਤੋਂ ਉੱਠ ਕੇ ਵਾਪਸ ਆਪਣੇ ਨਗਰ ਹਸਤਨਾਪੁਰ ਆ ਵੱਸੇ। ਓਥੇ ਆਪਣੇ ਪਿਤਾ ਨਾਲ਼ ਉਹ ਜ਼ਿਮੀਦਾਰੀ ਦਾ ਕੰਮ ਕਰਦੇ ਅਤੇ ਗੁਰਬਾਣੀ ਅਭਿਆਸ ਕਰਦੇ ਰਹੇ।

9 ਮਾਰਚ 1687 ਨੂੰ ਭਾਈ ਸਾਹਿਬ ਦਾ ਅਨੰਦ ਕਾਰਜ ਬੀਬੀ ਸੁਖਵੰਤੀ ਜੀ ਨਾਲ਼ ਹੋਇਆ, ਜਿਨ੍ਹਾਂ ਤੋਂ ਆਪ ਦੇ ਘਰ ਇੱਕ ਸਪੁੱਤਰੀ ਬੀਬੀ ਤਰਨੀ ਅਤੇ ਤਿੰਨ ਪੁੱਤਰ ਭਾਈ ਫ਼ਕੀਰ ਚੰਦ, ਅਮੀਰ ਚੰਦ ਅਤੇ ਵੀਰ ਚੰਦ ਪੈਦਾ ਹੋਏ।

**1684 ਵਿੱਚ ਭਾਈ ਸਾਹਿਬ ਆਪਣੇ ਦਾਦੇ ਦੀ ਬਿਮਾਰੀ ਦਾ ਸੁਨੇਹਾ ਮਿਲਣ 'ਤੇ ਅਨੰਦਪੁਰ ਸਾਹਿਬ ਤੋਂ ਜਗਨਨਾਥਪੁਰੀ ਆਏ। ਇੱਥੇ ਹੀ ਉਹਨਾਂ ਦਾ ਅਨੰਦ ਕਾਰਜ ਰਾਮ ਦੇਈ ਨਾਲ਼ ਹੋਇਆ, ਜਿਨ੍ਹਾਂ ਤੋਂ ਭਾਈ ਸਾਹਿਬ ਦੇ ਘਰ ਚਾਰ ਪੁੱਤਰਾਂ ਅਤੇ ਇੱਕ ਪੁੱਤਰੀ ਨੇ ਜਨਮ ਲਿਆ। 30 ਮਾਰਚ 1699 ਦੀ ਵੈਸਾਖੀ ਨੂੰ ਜਦੋਂ ਗੁਰੂ ਸਾਹਿਬ ਨੂੰ ਸੀਸ ਭੇਟ ਕਰ ਭਾਈ ਸਾਹਿਬ 'ਹਿੰਮਤ ਰਾਏ' ਤੋਂ 'ਹਿੰਮਤ ਸਿੰਘ' ਬਣੇ ਤਾਂ ਓਸੇ ਦਿਨ ਓਹਨਾਂ ਦਾ ਪੂਰਾ ਪਰਿਵਾਰ ਵੀ ਅੰਮ੍ਰਿਤ ਛਕ ਖ਼ਾਲਸੇ ਪੰਥ ਵਿੱਚ ਸ਼ਾਮਿਲ ਹੋਇਆ। ਜਗਨਨਾਥਪੁਰੀ ਵਿਖੇ ਵੱਸਦੇ ਗੁਰਸਿੱਖ ਪਰਿਵਾਰ ਦੇ ਹੀ ਹਿੰਮਤ ਰਾਏ 'ਤੀਸਰੇ ਪਿਆਰੇ' ਹੋਏ।**

ਸੰਨ 1695 ਨੂੰ 25 ਸਾਲ ਦੀ ਉਮਰ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਰਸ਼ਨ ਕਰਨ ਲਈ ਸਿੱਖ ਸੰਗਤਾਂ ਨਾਲ਼ ਪਰਿਵਾਰ ਸਮੇਤ ਭਾਈ ਸਾਹਿਬ ਅਨੰਦਪੁਰ ਪਹੁੰਚੇ। ਦਰਸ਼ਨਾਂ ਮਗਰੋਂ ਸੰਗਤਾਂ ਹਸਤਨਾਪੁਰ ਲਈ ਰਵਾਨਾ ਹੋ ਗਈਆਂ, ਉਸ ਵੇਲੇ ਭਾਈ

**ਪੂਰੀ ਜੀਵਨੀ ਲਈ ਵੇਖੋ :** ਭਾਈ ਬੇਅੰਤ ਸਿੰਘ ਕਲੇਰਾਂਵਾਲੇ ਧਰਮ ਧਾਮ : ਪਿਆਰੇ ਭਾਈ ਧਰਮ ਸਿੰਘ ਜੀ (ਲੁਧਿਆਣਾ: ਲਾਹੌਰ ਬੁੱਕ ਸ਼ਾਪ ), 2014: ਭਾਈ ਦਇਆ ਸਿੰਘ ਦੀ ਬੰਸਾਵਲੀ ਪੰਨਾ ਨੰਬਰ 9 ਉੱਤੇ ਗਿਆਨੀ ਪਾਖਰ ਸਿੰਘ ਦੀ ਖੋਜ 'ਬੰਸਾਵਲੀਨਾਮਾ' ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਦੇ ਅਧਾਰ ਉਤੇ ਦਿੱਤੀ ਹੈ।

ਸਾਹਿਬ ਗੁਰੂ ਸਾਹਿਬ ਪਾਸ ਅਨੰਦਪੁਰ ਸਾਹਿਬ ਹੀ ਰੁਕ ਗਏ। ਇੱਥੇ ਹੀ ਆਪ ਜੀ ਨੇ ਭਾਈ ਆਲਾ ਜੀ ਅਤੇ ਭਾਈ ਤੇਜਾ ਜੀ ਪਾਸੋਂ ਗੁਰਮੁਖੀ ਲਿਖਣੀ ਅਤੇ ਪੜ੍ਹਨੀ ਸਿੱਖੀ।

ਚਾਰ ਸਾਲ ਤਕ ਆਪ ਜੀ ਨੇ ਸਿੱਖੀ ਸਿਦਕ, ਸਿੱਖੀ ਪ੍ਰੇਮ, ਗੁਰੂ 'ਤੇ ਭਰੋਸਾ, ਅਦਬ, ਸਤਿ-ਸੰਤੋਖ, ਦਇਆ, ਧਰਮ ਅਤੇ ਹਲੀਮੀ ਵਰਗੇ ਗੁਣ ਧਾਰਨ ਕਰ ਲਏ। ਇਹਨਾਂ ਗੁਣਾਂ ਦਾ ਹੀ ਪ੍ਰਤਾਪ ਸੀ ਜਿਸ ਨੇ ਭਾਈ ਸਾਹਿਬ ਨੂੰ 30 ਮਾਰਚ 1699 ਦੀ ਵੈਸਾਖੀ ਵੇਲ਼ੇ ਗੁਰੂ ਸਾਹਿਬ ਸਾਹਮਣੇ ਸੀਸ ਭੇਟ ਕਰਨ ਵਾਲ਼ੇ ਦੂਸਰੇ ਪਿਆਰੇ ਬਣਾ ਦਿੱਤਾ।

ਆਪਣੇ ਪੜਦਾਦਾ ਦੇ ਸਮੇਂ ਤੋਂ ਚੱਲੇ ਆ ਰਹੇ ਗੁਰਸਿੱਖੀ ਜੀਵਨ ਅਤੇ ਚਾਰ ਸਾਲ ਗੁਰੂ ਦੀ ਸ਼ਰਨ ਵਿੱਚ ਰਹਿ ਕੀਤੀ ਸਿਖਲਾਈ ਨੇ ਹਸਤਨਾਪੁਰ ਦੇ 'ਧਰਮ ਚੰਦ' ਨੂੰ 'ਧਰਮ ਸਿੰਘ' ਬਣਾਇਆ। ਹਿੰਦੂ-ਮਤ ਅਤੇ ਹਿੰਦੂ ਜੀਵਨ-ਜਾਚ ਤਾਂ ਓਹਨਾਂ ਦੇ ਪੜਦਾਦਾ ਨੇ ਹੀ ਤਿਆਗ ਕਿ ਸਿੱਖੀ ਧਾਰਣ ਕਰ ਲਈ ਸੀ ਫਿਰ ਭਾਈ ਸਾਹਿਬ ਦਾ ਹਿੰਦੂ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਅਸੀਂ ਵਾਰ-ਵਾਰ ਇਹ ਕਹਿ ਕੇ 'ਪੰਜ ਪਿਆਰੇ ਪਹਿਲਾਂ ਹਿੰਦੂ ਸਨ', ਆਪਣੇ ਇਤਿਹਾਸ ਨਾਲ ਜੋ ਧ੍ਰੋਹ ਕਮਾਇਆ ਹੈ, ਉਸ ਨੂੰ ਜੇਕਰ ਅਜੇ ਵੀ ਨਾ ਠੀਕ ਕੀਤਾ ਤਾਂ ਸਾਡੀਆਂ ਆਉਣ ਵਾਲ਼ਿਆਂ ਨਸਲਾਂ ਦੇ ਅਸੀਂ ਗੁਨਾਹਗਾਰ ਰਹਾਂਗੇ।

**ਭਾਈ ਹਿੰਮਤ ਸਿੰਘ : ਸੰਖੇਪ ਜੀਵਨੀ**

ਭਾਈ ਹਿੰਮਤ ਰਾਏ ਦਾ ਜਨਮ ਮਈ 1664 ਨੂੰ ਜਗਨਨਾਥਪੁਰੀ ਵਿਖੇ ਭਾਈ ਗੁਲਜ਼ਾਰ ਅਤੇ ਬੀਬੀ ਲਾਲ ਦੇਈ ਦੇ ਘਰ ਹੋਇਆ ਸੀ। ਇੱਥੇ ਵਿਸ਼ੇਸ਼ ਵਰਨਣਯੋਗ ਹੈ ਕਿ ਇਹ ਭਾਈ ਗੁਲਜ਼ਾਰ ਦੇ ਪਿਤਾ ਭਾਈ ਛੱਜੂ ਰਾਮ ਝੀਵਰ ਓਹੀ ਨੇ, ਜਿਨ੍ਹਾਂ ਕੋਲੋਂ ਗੁਰੂ ਹਰਿਕ੍ਰਿਸ਼ਨ ਜੀ ਨੇ ਪਿੰਡ ਪੰਜੋਖੜਾ ਵਿਖੇ ਗੀਤਾ ਦੇ ਅਰਥ ਕਰਵਾਏ ਸਨ। ਉਸ ਵੇਲੇ ਤੋਂ ਹੀ ਭਾਈ ਸਾਹਿਬ ਦਾ ਪਰਿਵਾਰ ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਜੁੜਿਆ ਹੋਇਆ ਸੀ ਅਤੇ ਆਪਣੇ ਜੀਵਨ ਨੂੰ ਸਿੱਖੀ ਸਿਧਾਂਤ ਮੁਤਾਬਿਕ ਜਿਉਂ ਰਿਹਾ ਸੀ।

10 ਸਾਲ ਦੀ ਉਮਰ ਵਿੱਚ ਭਾਈ ਹਿੰਮਤ ਰਾਏ ਕੀਰਤਨੀਏ ਬਣ ਗਏ ਸਨ। ਭਾਈ ਹਿੰਮਤ ਰਾਏ ਨੇ 21 ਸਾਲ ਗੁਰਮਤਿ ਦੀ ਪੜ੍ਹਾਈ ਕੀਤੀ। ਓਹਨਾਂ ਨੂੰ ਵਾਰਾਂ ਜ਼ੁਬਾਨੀ ਯਾਦ ਸਨ ਅਤੇ ਇਹਨਾਂ ਦਾ ਕੀਰਤਨ ਨੌਂ ਧੁਨਾਂ ਵਿੱਚ ਕਰਦੇ ਸਨ। ਪਹਿਲੀ ਵਾਰ 14 ਸਾਲ ਦੀ ਉਮਰ ਵਿੱਚ ਉਹ ਅਨੰਦਪੁਰ ਸਾਹਿਬ ਗੁਰੂ ਜੀ ਦੇ ਦਰਸ਼ਨਾਂ ਲਈ ਆਏ ਤੇ ਇੱਥੇ ਹੀ ਟਿੱਕ ਗਏ। ਇੱਥੇ ਹੀ ਉਹ ਸੰਗਤਾਂ ਦੀ ਸੇਵਾ ਕਰਨ ਲੱਗੇ ਅਤੇ ਇੱਥੇ ਹੀ ਉਹਨਾਂ ਨੇ ਗੁਰੂ ਦੀ ਸ਼ਰਨ ਵਿੱਚ ਰਹਿੰਦਿਆਂ ਹੋਇਆਂ ਘੋੜਸਵਾਰੀ ਅਤੇ ਸ਼ਸਤਰ ਵਿੱਦਿਆ ਵਿੱਚ ਵੀ ਨਿਪੁੰਨਤਾ ਹਾਸਿਲ ਕਰ ਲਈ ਸੀ।


1684 ਵਿੱਚ ਭਾਈ ਸਾਹਿਬ ਆਪਣੇ ਦਾਦੇ ਦੀ ਬਿਮਾਰੀ ਦਾ ਸੁਨੇਹਾ ਮਿਲਣ 'ਤੇ ਅਨੰਦਪੁਰ ਸਾਹਿਬ ਤੋਂ ਜਗਨਨਾਥਪੁਰੀ ਆਏ। ਇੱਥੇ ਹੀ ਉਹਨਾਂ ਦਾ ਅਨੰਦ ਕਾਰਜ ਰਾਮ ਦੇਈ ਨਾਲ਼ ਹੋਇਆ, ਜਿਨ੍ਹਾਂ ਤੋਂ ਭਾਈ ਸਾਹਿਬ ਦੇ ਘਰ ਚਾਰ ਪੁੱਤਰਾਂ ਅਤੇ ਇੱਕ ਪੁੱਤਰੀ ਨੇ ਜਨਮ ਲਿਆ। 30 ਮਾਰਚ 1699 ਦੀ ਵੈਸਾਖੀ ਨੂੰ ਜਦੋਂ ਗੁਰੂ ਸਾਹਿਬ ਨੂੰ ਸੀਸ ਭੇਟ ਕਰ ਭਾਈ ਸਾਹਿਬ 'ਹਿੰਮਤ ਰਾਏ' ਤੋਂ 'ਹਿੰਮਤ ਸਿੰਘ' ਬਣੇ ਤਾਂ ਓਸੇ ਦਿਨ ਓਹਨਾਂ ਦਾ ਪੂਰਾ ਪਰਿਵਾਰ ਵੀ ਅੰਮ੍ਰਿਤ ਛਕ ਖ਼ਾਲਸੇ ਪੰਥ ਵਿੱਚ ਸ਼ਾਮਿਲ ਹੋਇਆ। ਜਗਨਨਾਥਪੁਰੀ ਵਿਖੇ ਵੱਸਦੇ ਗੁਰਸਿੱਖ ਪਰਿਵਾਰ ਦੇ ਹੀ ਹਿੰਮਤ ਰਾਏ 'ਤੀਸਰੇ ਪਿਆਰੇ' ਹੋਏ।

ਭਾਈ ਸਾਹਿਬ ਦਾ ਪਰਿਵਾਰ ਜੋ ਓਹਨਾਂ ਦੇ ਦਾਦੇ ਦੇ ਸਮੇਂ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਘਰ ਦੀ ਸੇਵਾ ਕਰਦਾ ਆ ਰਿਹਾ ਸੀ, ਉਸ ਗੁਰੂ ਪ੍ਰੇਮ ਅਤੇ ਗੁਰੂ ਭਗਤੀ ਦੀ ਮਿਸਾਲ ਕਾਇਮ ਕਰਦੇ ਹੋਏ ਭਾਈ ਹਿੰਮਤ ਸਿੰਘ ਜੀ ਜਿੱਥੇ ਆਪ ਚਮਕੌਰ ਦੀ ਗੜ੍ਹੀ ਵਿੱਚ ਮੁਗ਼ਲਾਂ ਅਤੇ ਬਾਈਧਾਰ ਦੇ ਹਿੰਦੂ ਰਾਜਿਆਂ ਦੀ ਮਿਲ਼ਵੀਂ ਫ਼ੌਜ ਨਾਲ਼ ਲੜਦੇ ਹੋਏ ਸ਼ਹੀਦ ਹੋਏ, ਓਥੇ ਓਹਨਾਂ ਦੇ ਦੋ ਸਪੁੱਤਰ ਭਾਈ ਗੁਰਦਿੱਤ ਸਿੰਘ ਅਤੇ ਭਾਈ ਨਿਸ਼ਾਨ ਸਿੰਘ ਵੀ ਚਮਕੌਰ ਵਿਖੇ ਸ਼ਹੀਦ ਹੋਏ ਅਤੇ ਛੋਟੇ ਸਪੁੱਤਰ ਭਾਈ ਤਾਰਾ ਸਿੰਘ ਸਰਸਾ ਨਦੀ ਦੇ ਕੰਢੇ ਯੁੱਧ ਕਰਦੇ ਹੋਏ ਸ਼ਹੀਦ ਹੋਏ। ਭਾਈ ਸਾਹਿਬ ਨਾ ਤਾਂ 1699 ਦੀ ਵੈਸਾਖੀ ਤੋਂ ਪਹਿਲਾਂ ਹਿੰਦੂ ਸੀ ਅਤੇ ਉਸ ਤੋਂ ਬਾਅਦ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।

**ਭਾਈ ਬੇਅੰਤ ਸਿੰਘ ਕਲੇਰਾਂ ਵਾਲ਼ੇ ਰਾਜ ਕਰੈਗੇ :** ਪਿਆਰੇ ਭਾਈ ਹਿੰਮਤ ਸਿੰਘ ਜੀ (ਲੁਧਿਆਣਾ: ਗੁਰਬਾਣੀ ਪ੍ਰਚਾਰ ਸੈਂਟਰ), 2012 । ਭਾਈ ਦਇਆ ਸਿੰਘ ਦੀ ਬੰਸਾਵਲੀ ਪੰਨਾ ਨੰਬਰ 8 ਉੱਤੇ ਗਿਆਨੀ ਬਿਸ਼ਨ ਸਿੰਘ ਅਤੇ ਪਾਖਰ ਸਿੰਘ ਦੀ ਖੋਜ 'ਬੰਸਾਵਲੀਨਾਮਾ' ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਦੇ ਅਧਾਰ ਉੱਤੇ ਦਿੱਤੀ ਹੈ।

**ਭਾਈ ਮੋਹਕਮ ਸਿੰਘ ਜੀ :** ਸੰਖੇਪ ਜੀਵਨੀ ਭਾਈ ਸੱਖਣ ਜੋ ਕਿ ਗੁਰੂ ਨਾਨਕ ਪਾਤਸ਼ਾਹ ਦੇ ਸੇਵਕ ਸਿੱਖ ਸਨ, ਓਹਨਾਂ ਦੀ ਹੀ ਚੌਥੀ ਪੀੜ੍ਹੀ ਭਾਈ ਜਗਜੀਵਨ ਅਤੇ ਓਹਨਾਂ ਦੀ ਪਤਨੀ ਮਾਤਾ ਸੰਭਾਲ਼ੀ ਦੀ ਕੁੱਖੋਂ ਭਾਈ ਮੋਹਕਮ ਚੰਦ ਦਾ ਜਨਮ ਮਾਰਚ 1679 ਈ: ਨੂੰ ਦਵਾਰਕਾ ਗੁਜਰਾਤ ਵਿਖੇ ਹੋਇਆ।

5 ਅਪ੍ਰੈਲ 1694 ਈ: ਨੂੰ ਦਵਾਰਕਾ ਦੀ ਸਿੱਖ ਸੰਗਤ ਗੁਰੂ ਗੋਬਿੰਦ ਸਾਹਿਬ ਦੇ ਦਰਸ਼ਨਾਂ ਲਈ ਅਨੰਦਪੁਰ ਸਾਹਿਬ ਪਹੁੰਚੀ। ਇੱਸੇ ਜਥੇ ਨਾਲ਼ ਭਾਈ ਮੋਹਕਮ ਚੰਦ ਆਪਣੇ ਮਾਤਾ-ਪਿਤਾ ਨਾਲ਼ ਆਏ ਸਨ। ਲਗਭਗ ਇੱਕ ਮਹੀਨਾ ਓਥੇ ਰਹਿਣ ਪਿੱਛੋਂ ਦਵਾਰਕਾ ਦੀ ਸੰਗਤ ਅਨੰਦਪੁਰ ਸਾਹਿਬ ਤੋਂ ਵਾਪਸ ਦਵਾਰਕਾ ਲਈ ਰਵਾਨਾ ਹੋ ਗਈ ਪਰ ਭਾਈ ਮੋਹਕਮ ਚੰਦ ਅਨੰਦਪੁਰ ਸਾਹਿਬ ਹੀ ਟਿਕ ਗਏ। ਉਸ ਸਮੇਂ ਓਹਨਾਂ ਦੀ ਉਮਰ 15 ਕੁ ਸਾਲ ਦੀ ਸੀ। ਭਾਈ ਮੋਹਕਮ ਚੰਦ ਸੰਗਤਾਂ ਦੀ ਸੇਵਾ ਵਿੱਚ ਲੀਨ ਹੋ ਗਏ। ਭਾਈ ਸਾਹਿਬ ਛੀਂਬਾ ਬਰਾਦਰੀ ਨਾਲ਼ ਸੰਬੰਧਿਤ ਸੀ ਜੋ ਸਿਲਾਈ-ਕਢਾਈ ਦੇ ਕੰਮਾਂ ਵਿੱਚ ਮੁਹ-ਾਰਤ ਰੱਖਦੇ ਸੀ, ਇਸੇ ਕਾਰਨ ਭਾਈ ਸਾਹਿਬ ਅਨੰਦਪੁਰ ਰਹਿੰਦੇ ਗੁਰੂ ਗੋਬਿੰਦ ਸਾਹਿਬ ਅਤੇ ਸਿੱਖਾਂ ਲਈ ਸੁੰਦਰ ਪੁਸ਼ਾਕਾਂ ਤਿਆਰ ਕਰਦੇ ਸਨ। ਭਾਈ ਦਇਆ ਰਾਮ ਅਤੇ ਭਾਈ ਹਿੰਮਤ ਚੰਦ ਤੋਂ ਸ਼ਸਤਰ ਵਿੱਦਿਆ ਅਤੇ ਘੋੜਸਵਾਰੀ ਵੀ ਸਿੱਖ ਲਈ ਸੀ।




ਚਲਦਾ.....

# ਰੌਸ਼ਨੀਆਂ ਦਾ ਤਿਉਹਾਰ ਦੀਵਾਲੀ

ਡਾ. ਪ੍ਰਿਤਪਾਲ ਸਿੰਘ ਮਹਿਰੋਕ
98885-10185



ਦੀਵਾਲੀ ਨੂੰ ਖੁਸ਼ੀਆਂ ਤੇ ਰੌਸ਼ਨੀਆਂ ਦੇ ਤਿਉਹਾਰ ਵਜੋਂ ਜਾਣਿਆਂ ਜਾਂਦਾ ਹੈ। ਇਹ ਭਾਰਤ ਦੇ ਪ੍ਰਮੁੱਖ ਤਿਉਹਾਰਾਂ ਵਿਚੋਂ ਇਕ ਹੈ ਜਿਸਨੂੰ ਪੂਰੇ ਦੇਸ਼ ਵਿਚ ਬਹੁਤ ਸ਼ਰਧਾ ਭਾਵਨਾ, ਸਤਿਕਾਰ, ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਮਨੁੱਖ ਦੇ ਸੰਘਰਸ਼, ਉਸਦੇ ਰਸਤਿਆਂ ਵਿਚ ਆਉਂਦੀਆਂ ਰਹੀਆਂ ਰੁਕਾਵਟਾਂ, ਉਸਦੀ ਲੰਮੀ ਜੱਦੋ-ਜਹਿਦ ਦੀ ਇਬਾਰਤ ਤੇ ਉਸਦੇ ਹਾਰਨ-ਜਿੱਤਣ ਦੀਆਂ ਗਾਥਾਵਾਂ ਉਸਦੇ ਸਿਰੜ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਵੀ ਆਪਣੇ ਸੰਘਰਸ਼ ਦੀ ਯਾਤਰਾ ਵਿਚੋਂ ਜੇਤੂ ਬਣ ਕੇ ਨਿਕਲਦਾ ਹੈ ਤਾਂ ਆਪਣੀ ਜਿੱਤ ਦੇ ਅਵਸਰ ’ਤੇ ਉਹ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤੇ ਰੱਜ ਕੇ ਜਸ਼ਨ ਮਨਾਉਂਦਾ ਹੈ। ਜਦੋਂ ਉਹ ਖੁਸ਼ੀ ਨੂੰ ਦੂਜਿਆਂ ਨਾਲ ਸਾਂਝਿਆਂ ਕਰਦਾ ਹੈ ਤਾਂ ਉਸਦੀ ਖੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਦੀਵਾਲੀ ਦਾ ਤਿਉਹਾਰ ਆਉਂਦਾ ਹੈ ਤਾਂ ਲੋਕ ਇਸ ਅਵਸਰ ਦੀਆਂ ਅਥਾਹ ਖੁਸ਼ੀਆਂ ਨੂੰ ਦੂਜਿਆਂ ਨਾਲ ਵੰਡਾਉਂਦੇ ਹਨ। ਰਲ-ਮਿਲ ਕੇ ਕਿਸੇ ਨਾ ਕਿਸੇ ਰੂਪ ਵਿਚ ਖੁਸ਼ੀਆਂ ਮਨਾਉਣ ਵਾਲਾ ਅਜਿਹਾ ਕੋਈ ਨਾ ਕੋਈ ਤਿਉਹਾਰ ਲਗ ਪਗ ਹਰੇਕ ਸਮਾਜ ਵਿਚ ਮਨਾਇਆ ਜਾਂਦਾ ਹੈ। ਮਨੁੱਖ ਆਪਣੀ ਸੰਪੰਨਤਾ ਦੇ ਜਸ਼ਨ ਮਨਾਉਂਦਾ ਹੈ ਤਾਂ ਉਹ ਖੁਸ਼ੀ ਵਿਚ ਫੁਲਿਆ ਨਹੀਂ ਸਮਾਉਂਦਾ।

ਦੀਵਾਲੀ ਦਾ ਤਿਉਹਾਰ ਮਨੁੱਖ ਲਈ ਕਈ ਤਰ੍ਹਾਂ ਦੇ ਸੁਨੇਹੇ ਲੈ ਕੇ ਆਉਂਦਾ ਹੈ। ਲੋਕ ਆਪਣੇ ਘਰਾਂ,ਦਫਤਰਾਂ, ਕਾਰੋਬਾਰੀ ਅਦਾਰਿਆਂ,ਸਾਂਝੇ ਅਸਥਾਨਾਂ, ਵਸਤੂਆਂ, ਵਸਤਰਾਂ ਤੇ ਹੋਰ ਵੀ ਬਹੁਤ ਕੁਝ ਦੀ ਸਫਾਈ ਕਰਦੇ ਹਨ। ਸਾਫ ਸੁਥਰਾ ਘਰ, ਦਫਤਰ, ਵਸਤਰ ਆਦਿ ਸਭ ਨੂੰ ਚੰਗੇ ਲੱਗਦੇ ਹਨ। ਇਸ ਮੌਕੇ ’ਤੇ ਮਨੁੱਖ ਨੂੰ ਉਜਵਲ ਵਿਚਾਰ ਧਾਰਨ ਕਰਨ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਵੀ ਕਰਨਾ ਚਾਹੀਦਾ ਹੈ। ਉਸ ਕੋਲ ਉਜਾਲਾ ਕਰਨ ਦੇ ਵਿਭਿੰਨ ਸਾਧਨ ਪ੍ਰਾਪਤ ਹਨ ਜੋ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਭਾਂਤ-ਸੁਭਾਂਤੀ ਮਹਿੰਗੀ ਤੋਂ ਮਹਿੰਗੀ ਆਤਿਸ਼ਬਾਜ਼ੀ ਹੈ,ਖਾਣ ਪੀਣ ਦੇ ਬੇਅੰਤ ਪਦਾਰਥ ਹਨ,ਰੰਗ ਤਮਾਸ਼ਿਆਂ ਤੇ ਖੁਸ਼ੀਆਂ ਮਨਾਉਣ ਦੇ ਅਨੇਕ ਸਾਧਨ ਹਨ।ਇਸੇ ਸੰਦਰਭ ਵਿਚ ਦੀਵਾਲੀ ਦੇ ਮਹੱਤਵ ਨੂੰ ਪਛਾਨਣ ਦੀ ਲੋੜ ਹੈ।ਦੀਵਾਲੀ ਦੀਆਂ ਬਹੁਰੰਗੀ ਰੌਸ਼ਨੀਆਂ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਹਨੇਰੇ ਤੋਂ ਪ੍ਰਕਾਸ਼ ਵੱਲ ਵਧਦਾ ਜਾਵੇ। ਹਨੇਰਾ ਵੀ ਤਾਂ ਜੀਵਨ ਦਾ ਇਕ ਹਿੱਸਾ ਹੈ... ਜਿਸਨੂੰ ਹਰ ਕੋਈ ਸਵੀਕਾਰ ਕਰਦਾ ਹੈ। ਮਨੁੱਖ ਦੀ ਇਕ ਵੱਡੀ ਪ੍ਰਾਪਤੀ ਇਹ ਹੈ ਕਿ ਹਨੇਰੇ ਨੂੰ ਦੂਰ ਕਰਨ ਦੀ ਕਲਾ ਵੀ ਮਨੁੱਖ ਕੋਲ ਹੈ।ਹਨੇਰੇ ਨੂੰ ਪਛੰਡਣ ਲਈ ਨਵੇਂ ਉਤਸ਼ਾਹ ਦੀ ਲੋੜ ਹੁੰਦੀ ਹੈ। ਨਵੇਂ ਦਿਸਹੱਦੇ ਛੂੰਹਦੇ ਰਹਿਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਸਮਾਜ ਨਵੀਂ ਨਵੇਲੀ ਰੌਸ਼ਨੀ ਦੀ ਤਲਾਸ਼ ਕਰ ਹੀ ਲੈਂਦੇ ਹਨ। ਅਜਿਹਾ ਕਰਕੇ ਉਹ ਆਪਣੀ ਹਰ ਦੀਵਾਲੀ ਰੌਸ਼ਨੀਆਂ ਨਾਲ ਭਰ ਸਕਦੇ ਹਨ। ਸਿਹਤਮੰਦ ਵਿਚਾਰ ਤਰੰਗਾਂ ਤੇ ਮਨੁੱਖ



ਦੀ ਰੱਜਵੀਂ ਨੀਅਤ ਵਾਲੇ ਮਜ਼ਬੂਤ ਇਰਾਦੇ ਦੀਵਾਲੀ ਦਾ ਅਸਲ ਤੇ ਸਹੀ ਆਨੰਦ ਦੇ ਸਕਦੇ ਹਨ।

ਅਜੋਕੇ ਮਨੁੱਖ ਦੀਆਂ ਮਨੋ-ਗ੍ਰੰਥੀਆਂ ਦਾ ਜੰਜਾਲ ਉਸਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ,ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਹ ਇਕ ਭੁਲਾਂਦਰਾ ਹੁੰਦਾ ਹੈ। ਰੌਸ਼ਨੀ ਕਰਨ,ਰੌਸ਼ਨੀ ਵਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ।ਦੀਵਾਲੀ ਦੇ ਇਸ ਸੰਦੇਸ਼ ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦੀਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿਥ ਕੇ ਪ੍ਰਾਰੰਭ ਹੋਇਆ ਹੋਵੇਗਾ,ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ। ਪੈਸੇ, ਵਸੀਲਿਆਂ ਤੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਅਸੀਂ ਦੀਵਾਲੀ ਦੇ ਵਾਸਤਵਿਕ ਮਹੱਤਵ ਨੂੰ ਵਿਸਾਰ ਕੇ ਫੋਕੇ ਵਿਖਾਵੇ, ਖੋਖਲੀ ਸ਼ਾਨੋ-ਸ਼ੌਕਤ, ਇਸ ਤਿਉਹਾਰ ਨੂੰ ਇਕ ਮੌਕੇ ਵਜੋਂ ਵਰਤਣ ਦੀ ਉਡੀਕ ਅਤੇ ਫ਼ਜ਼ੂਲ ਕਿਸਮ ਦੇ ਆਡੰਬਰਾਂ ਵਿਚ ਉਲਝਦੇ ਜਾ ਰਹੇ ਹਾਂ।ਅਜਿਹੇ ਆਡੰਬਰ ਤੇ ਵਿਖਾਵਾ ਇਸ ਤਿਉਹਾਰ ਨੂੰ ਬਹੁਤ ਮਹਿੰਗਾ ਤੇ ਖਰਚੀਲਾ ਬਣਾ ਦਿੰਦੇ ਹਨ। ਖਰੀਦ ਕੇ ਜਾਂ ਕਿਰਾਏ ’ਤੇ ਲਿਆਂਦੇ ਬਿਜਲੀ ਦੇ ਬਹੁ ਰੰਗੇ ਬਲਬਾਂ ਨਾਲ ਘਰ ਨੂੰ ਸਜਾਉਣਾ ,ਬੱਚਿਆਂ ਲਈ ਨਵੇਂ ਕੱਪੜੇ ਖਰੀਦਣੇ, ਖਿਡਾਉਣੇ ਖਰੀਦਣੇ, ਵਿਤੋਂ ਬਾਹਰੀ ਅਣਲੋੜੀਂਦੀ ਆਤਿਸ਼ਬਾਜ਼ੀ ਖਰੀਦਣੀ, ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ ਨੂੰ ਰੱਖ ਰਖਾਓ ਲਈ ਮਹਿੰਗੇ ਤੋਹਫਿਆਂ ਦਾ ਦੇਣ-ਲੈਣ ਕਰਨਾ, ਘਰ ਨੂੰ ਅਣਲੋੜੀਂਦਾ ਰੰਗ-ਰੋਗਨ ਕਰਵਾਉਣਾ, ਬੱਚਿਆਂ ਦੀਆਂ ਮੰਗਾਂ ਦੀ ਲੰਮੀ ਸੂਚੀ ਨੂੰ ਪੂਰਿਆਂ ਕਰਨ ਲਈ ਪੂਰਾ ਤਾਣ ਲਾ ਦੇਣਾ ਆਦਿ ਦੀਵਾਲੀ ਦੇ ਅਵਸਰ ’ਤੇ ਅਜਿਹਾ ਕੁਝ ਕਰਨਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਹੈ।ਗਲਤ ਕਿਸਮ ਦੀ ਧਾਰਨਾ ਇਹ ਬਣ ਗਈ ਹੈ ਕਿ ਜੇ ਇਹ ਕੁਝ ਨਾ ਕੀਤਾ ਗਿਆ ਤਾਂ ਲੋਕ ਕੀ ਕਹਿਣਗੇ ? ਇਹ ਪ੍ਰਸ਼ਨ ਆਮ ਆਦਮੀ ਲਈ ਮੁਸ਼ਕਲਾਂ ਖੜੀਆਂ ਕਰਦਾ ਹੈ। ਅਸਲ ਵਿਚ ਅਣਕਿਆਸੀ ਮਹਿੰਗਾਈ ਦੇ ਇਸ ਸਮੇਂ ਵਿੱਚ ਸਾਧਾਰਨ ਆਦਮੀ ਲਈ ਦੀਵਾਲੀ ਮਨਾਉਣੀ ਮੁਸ਼ਕਲ ਵੀ ਹੋ ਗਈ ਹੈ ਤੇ ਪਹੁੰਚ ਤੋਂ ਬਾਹਰ ਵੀ। ਇਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਫੋਕਾ ਵਿਖਾਵਾ ਕਰਕੇ ਤੇ ਆਡੰਬਰ ਰਚ ਕੇ ਹੀ ਦੀਵਾਲੀ ਮਨਾਈ ਜਾ ਸਕਦੀ ਹੈ ? ਕੀ ਇਸ ਸਭ ਕੁਝ ਤੋਂ ਬਗੈਰ ਦੀਵਾਲੀ ਦੀਆਂ ਖੁਸ਼ੀਆਂ ਨਹੀਂ ਮਨਾਈਆਂ ਜਾ ਸਕਦੀਆਂ ? ਕੀ ਉਪਰੋਕਤ ਗੱਲਾਂ ਦੀ ਪੂਰਤੀ ਕਰਕੇ ਹੀ ਦੀਵਾਲੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ? ਦੀਵਾਲੀ ਦੇ ਮਹੱਤਵ ਨੂੰ ਸਮਝਣ ਲਈ ਇਹ ਪ੍ਰਸ਼ਨ ਬੜੇ ਮਹੱਤਵਪੂਰਨ ਹਨ ਜਿਨ੍ਹਾਂ ’ਤੇ ਸੰਜੀਦਗੀ ਨਾਲ ਵਿਚਾਰ ਕਰਨੀ ਬਣਦੀ ਹੈ। ਚੀਜ਼ਾਂ ਦਾ ਖਿਲਾਰਾ ਪਾਉਣ, ਫ਼ਜ਼ੂਲਖਰਚੀ ਕਰਨ, ਖਾਹਮਖਾਹ ਅਣਲੋੜੀਂਦਾ ਵਿਖਾਵਾ ਕਰਨ, ਬੇਹਿਸਾਬੇ ਆਡੰਬਰ ਰਚਣ ਤੋਂ ਬਗੈਰ ਵੀ ਦੀਵਾਲੀ ਦੀਆਂ ਖੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ। ਆਤਿਸ਼ਬਾਜ਼ੀ ਨਾ ਚਲਾਈ ਜਾਵੇ ਜਾਂ ਘੱਟ ਤੋਂ ਘੱਟ ਪ੍ਰਤੀਕ ਮਾਤਰ ਚਲਾਈ ਜਾਵੇ ਤਾਂ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਨਾਲ ਨਾਲ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹੋਵਾਂਗੇ। ਉਸ ਦਿਨ/ ਰਾਤ ਵਤਾਵਰਣ ਵਿਚ

ਜ਼ਹਿਰੀਲੀਆਂ ਗੈਸਾਂ ਰਲਣ ਦੀ ਮਾਤਰਾ ਨੂੰ ਕੁਝ ਹੱਦ ਤਕ ਘਟਾਇਆ ਜਾ ਸਕਦਾ ਹੈ। ਦੀਵਾਲੀ ਦੇ ਤਿਉਹਾਰ ’ਤੇ ਬਾਜ਼ਾਰਾਂ ਵਿਚ ਹਰੇਕ ਚੀਜ਼ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਮੁੱਲ ਵੱਧ, ਵਸਤੂ ਘਟੀਆ। ਚੋਰ ਬਾਜ਼ਾਰੀ ਹੁੰਦੀ ਹੈ। ਕੀ ਲੋਕਾਂ ਵਲੋਂ ਖਰੀਦੀ ਜਾਣ ਵਾਲੀ ਚੀਜ਼ ਦੀ ਮੰਗ ਵਧ ਜਾਣ ਕਰਕੇ ਵੱਡੇ ਵਪਾਰੀਆਂ,ਕਾਰੋਬਾਰੀਆਂ ਤੇ ਛੋਟੇ ਦੁਕਾਨਦਾਰਾਂ ਵਲੋਂ ਮਹਿੰਗਾਈ ਵਧਾ ਦੇਣੀ ਸਰਾਸਰ ਲੁੱਟ ਅਤੇ ਮੌਕੇ ਦਾ ਅਣ-ਉਚਿਤ ਲਾਭ ਉਠਾਉਣਾ ਨਹੀਂ ? ਕੀ ਇਹੀ ਦੀਵਾਲੀ ਦਾ ਸੁਨੇਹਾ ਹੈ ? ਤਿਉਹਾਰਾਂ ਦੇ ਦਿਨੀਂ ਥਾਂ ਥਾਂ ਲੱਗੇ ਸੇਲ ਦੇ ਬੈਨਰ,ਫਲੈਕਸ, ਵੱਡੇ ਵੱਡੇ ਹੋਰਡਿੰਗਜ਼ ਤੇ ਹੋਰ ਮਾਧਿਅਮਾਂ ਰਾਹੀਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦੀਵਾਲੀ ਦੇ ਨਾਂ ’ਤੇ ਗਾਹਕਾਂ ਨਾਲ ਨਿਰਾ ਧੋਖਾ ਨਹੀਂ ?

ਕੁਝ ਲੋਕ ਦੀਵਾਲੀ ਦੇ ਅਵਸਰ ’ਤੇ ਲਛਮੀ ਦੀ ਪੂਜਾ ਕਰਦੇ ਹਨ। ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਲਛਮੀ ਦੀ ਪੂਜਾ ਨਾ ਕੀਤੇ ਜਾਣ ਦੀ ਸੂਰਤ ਵਿਚ ਉਹ ਨਾਰਾਜ਼ ਹੋ ਜਾਵੇਗੀ। ਗੱਲ ਵਿਸ਼ਵਾਸ ਦੀ ਹੈ। ਕਈ ਪ੍ਰਸ਼ਨ ਵੀ ਉੱਠਦੇ ਹਨ। ਅਜਿਹੇ ਵਿਚ ਦੌਲਤ ਦੇ ਖ਼ਜ਼ਾਨੇ ਕਿਵੇਂ ਭਰਨਗੇ ? ਕੀ ਫਿਰ ਲਛਮੀ ਪੂਜਾ ਸਵਾਰਥ ਹਿਤ ਨਹੀਂ ਕੀਤੀ ਜਾ ਰਹੀ ਹੁੰਦੀ ? ਜੇ ਸਵਾਲ ਖ਼ਜ਼ਾਨੇ ਭਰਪੂਰ ਕਰਨ ਤੇ ਪੈਸੇ ਨਾਲ ਮਾਲਾ ਮਾਲ ਹੋਣ ਦਾ ਹੈ ਤਾਂ ਸਪਸ਼ਟ ਹੈ ਕਿ ਇਸ ਪਿੱਛੇ ਵੀ ਮਨੁੱਖ ਦੀ ਖੁਦ.ਗਰਜ਼ੀ ਕੰਮ ਕਰ ਰਹੀ ਹੁੰਦੀ ਹੈ। ਜੇ ਦੀਵਾਲੀ ਵਾਲੇ ਦਿਨ ਜਾਂ ਰਾਤ ਸਮੇਂ ਧੰਨ ਦੌਲਤ ਦੀ ਪੂਜਾ ਹੀ ਕਰਨੀ ਹੈ, ਲੋਕਾਂ ਦੀ ਲੁੱਟ ਕਰਨੀ ਹੈ,ਸ਼ਰਾਬ ਜਾਂ ਹੋਰ ਨਸ਼ੇ ਪੀਣੇ ਖਾਣੇ ਹਨ,ਜੂਆ ਖੇਡਣਾ ਹੈ, ਲੱਚਰ ਗੀਤ ਵੇਖਣੇ/ਸੁਣਨੇ ਹਨ, ਉਨ੍ਹਾਂ ਦੀਆਂ ਧੁਨੀਆਂ/ਬੋਲਾਂ ’ਤੇ ਬੇਹੂਦਾ ਕਿਸਮ ਦੇ ਨਾਚ ਨੱਚਣੇ ਹਨ ਤਾਂ ਲੱਛਮੀ ਜਾਂ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਕੀ ਲਾਭ ? ਕੀ ਇਸੇ ਲਈ ਹੀ ਅਸੀਂ ਹਰੇਕ ਸਾਲ ਦੀਵਾਲੀ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ?

ਸਾਡਾ ਧਾਰਮਿਕ ਵਿਰਸਾ ਬਹੁਤ ਮਹਾਨ ਹੈ। ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਗੁਰੂਆਂ, ਭਗਤਾਂ, ਸੰਤਾਂ, ਪੈਗੰਬਰਾਂ ਦੀਆਂ ਵਡਮੁੱਲੀਆਂ ਤੇ ਮਹਾਨ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਕਰਨਾ ਚਾਹੀਦਾ ਹੈ। ਪਹਿਲਾਂ ਕੀਤੇ ਹੋਏ ਸੰਕਲਪ ਨੂੰ ਦ੍ਰਿੜ੍ਹ ਕੀਤਾ ਜਾਣਾ ਚਾਹੀਦਾ ਹੈ। ਸਬਰ,ਸੰਤੋਖ, ਧੀਰਜ ਤੇ ਸੰਜਮ ਵਿਚ ਰਹਿ ਕੇ ਤਿਉਹਾਰ ਮਨਾਉਣ ਤੇ ਜੀਵਨ ਬਤੀਤ ਕਰਨ ਦਾ ਆਨੰਦ ਉਠਾਉਣਾ ਚਾਹੀਦਾ ਹੈ।

ਕੋਰੋਨਾ ਦੀ ਵਿਸ਼ਵ ਵਿਆਪੀ ਮਹਾਂਮਾਰੀ ਦੀ ਕਰੋਪੀ ਦੇ ਸਮੇਂ ਦੌਰਾਨ ਮਨੁੱਖ ਦੀਆਂ ਵਿਅਕਤੀਗਤ,ਸਮਾਜਿਕ ਤੇ ਸਮੂਹਿਕ ਜ਼ਿੰਮੇਵਾਰੀਆਂ ਵਧ ਗਈਆਂ ਸਨ। ਹੁਣ ਵੀ ਦੀਵਾਲੀ ਦੇ ਅਵਸਰ ’ਤੇ ਅਣਗਹਿਲੀ ਨਹੀਂ ਵਰਤਣੀ ਚਾਹੀਦੀ। ਸਗੋਂ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ।ਅਜਿਹੀਆਂ ਸਥਿਤੀਆਂ ਵਿਚ ਸਵੈ ਜ਼ਾਬਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ। ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਕਾਮਿਆਂ ਕੋਲੋਂ ਰੁਜ਼ਗਾਰ ਖੁਸ ਰਿਹਾ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਸਾਧਾਰਨ ਮਨੁੱਖ ਬੇਚੈਨ ਹੈ। ਕਿਸਾਨਾਂ, ਮਜਦੂਰਾਂ, ਘੱਟ ਤਨਖਾਹਾਂ ’ਤੇ ਕੰਮ ਕਰਦੇ ਤੇ ਕੱਚੇ ਮੁਲਾਜ਼ਮਾਂ ਦੇ ਭਵਿੱਖ਼ ਦੀ ਅਨਿਸਚਿਤਤਾ,ਉਨ੍ਹਾਂ ਵਲੋਂ ਉਠਾਏ ਜਾ ਰਹੇ ਨੁਕਸਾਨ ਤੇ ਝੱਲੀਆਂ ਜਾ ਰਹੀਆਂ ਮੁਸੀਬਤਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ।ਇਸ ਸਮੇਂ ਤੇ ਇਨ੍ਹਾਂ ਹਾਲਤਾਂ ਵਿਚ ਤਿਉਹਾਰਾਂ ਦੇ ਮੌਕੇ ’ਤੇ ਬੇਹੱਦ ਸੰਜਮ ਵਰਤਣ ਦੀ ਲੋੜ ਹੈ। ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ ’ਤੇ ਮਨੁੱਖ ਨੂੰ ਸਵੈ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੋਵੇਗੀ। ਸਾਵਧਾਨੀਆਂ ਵਰਤ ਕੇ ਸੰਜਮਤਾ ਨਾਲ ਦੀਵਾਲੀ ਮਨਾਉਣ ਦੀ ਲੋੜ ਦੀ ਤੀਬਰਤਾ ਨੂੰ ਸਮਝਣਾ ਵੀ ਸਮੇਂ ਦੀ ਮੰਗ ਬਣ ਗਈ ਹੈ। ਇਨ੍ਹਾਂ ਕੁਝ ਗੱਲਾਂ ’ਤੇ ਗੌਰ ਕਰਕੇ ਅਸੀਂ ਦੀਵਾਲੀ ਦੇ ਮਹੱਤਵ ਨੂੰ ਬਿਹਤਰ ਸਮਝ ਸਕਦੇ ਹਾਂ ਤੇ ਦੀਵਾਲੀ ਨੂੰ ਯਾਦਗਾਰੀ ਤਿਉਹਾਰ ਬਣਾਉਣ ਵਿਚ ਆਪਣਾ ਬਣਦਾ ਹਿੱਸਾ ਪਾ ਸਕਦੇ ਹਾਂ।



# ਪਟੋਲਾ ਨੱਚਦਾ

ਰਣਵੀਰ ਸਿੰਘ ਰਾਣਾ



ਹਾਲੇ ਮੈਂ ਗੱਡੀ ਮੋਟਰ-ਵੇ 'ਤੇ ਪਾਈ ਸੀ। ਮੇਰੇ ਛੋਟੇ ਲੜਕੇ ਨੇ ਟੇਪ ਦਾ ਬਟਨ ਨੱਪ ਦਿੱਤਾ। ਅੱਗੋਂ ਗਾਣਾ ਵੱਜਣ ਲੱਗ ਪਿਆ। "ਗਿੱਧੇ ਵਿੱਚ ਇੱਕ ਸੀ ਪਟੋਲਾ ਨੱਚਦਾ, ਦੋਵਾਂ ਹੱਥਾਂ ਨਾਲ ਤਾੜੀ ਮਾਰ ਮਾਰ ਕੇ" ਬੰਦ ਕਰ ਇਹ ਕੰਜਰਖਾਨਾ? ਮੇਰੀ ਘਰਵਾਲੀ ਨੇ ਲੜਕੇ ਧੱਫਾ ਮਾਰ ਕੇ ਕਿਹਾ? ਹੁਣ ਗੱਡੀ ਵਿੱਚ ਕਬਰਾਂ ਵਰਗੀ ਚੁੱਪ ਸੀ। ਮੈਂ ਇਹ ਗਾਣਾ ਸੁਣ ਕੇ ਬਹੁਤ ਪਿਛੇ ਚਲਾ ਗਿਆ। ਉਦੋਂ ਮੈਂ ਦੂਸਰੇ ਟਾਊਨ ਰਹਿੰਦਾ ਸੀ। ਮੇਰਾ ਖਾਸ ਦੋਸਤ 'ਦੀਪ' ਜਿਹਦੇ ਅੱਜ ਲੜਕੀ 'ਤੇ ਲੜਕਾ ਦੋਵੇਂ ਜੌੜੇ ਸੀ। ਉਹਨਾਂ ਦੇ ਇੱਕੋ ਸਾਲ ਦੇ ਜਨਮ ਦਿਨ ਦੀ ਅੱਜ ਪਾਰਟੀ ਸੀ,ਅਸੀਂ ਉੱਥੇ ਜਾ ਰਹੇ ਸੀ। ਮੈਂ 'ਤੇ ਦੀਪ ਇਕੱਠੇ ਕੰਮ ਕਰਦੇ ਸੀ। ਫੇਰ ਪ੍ਰੀਵਾਰਕ ਸਾਂਝ ਬਣ ਗਈ। ਉਦੋਂ ਹਾਲੇ ਲੋਕ ਪੈਸੇ ਦੀ ਦੌੜ ਵਿੱਚ ਨਹੀਂ ਭੱਜਣ ਲੱਗੇ ਸੀ ਪਿਆਰ ਦੀਆਂ ਸਾਂਝਾਂ ਹਾਲੇ ਪੀਡੀਆਂ ਸਨ। ਹਰ ਵੀਕੈਂਡ 'ਤੇ ਪਰਿਵਾਰ ਇੱਕ ਦੂਜੇ ਦੇ ਘਰ ਜਾਂਦੇ। ਅਕਸਰ ਸਮਰ ਦੀਆਂ ਛੁੱਟੀਆਂ ਨੂੰ ਕਿਸੇ ਦੇ ਘਰ ਪੇਂਟ ਕਰਨਾ, ਗਾਰਡਨ ਠੀਕ ਕਰਨੀ, ਸਭ ਕੰਮ ਰਲ ਮਿਲ ਕੇ ਕਰਦੇ, ਸ਼ਾਮ ਨੂੰ ਦੋ ਗਲਾਸ ਬੀਅਰ ਦੇ ਪੀ ਲੈਂਦੇ। ਉਦੋਂ ਦੀਪ ਮੇਰੇ ਨਾਲ ਗਾਰਡਨ ਪੱਕੀ ਕਰਾ ਰਿਹਾ ਸੀ। ਦੁਪਹਿਰ ਤੱਕ ਅਸੀਂ ਗਾਰਡਨ ਪੱਕੀ ਕਰ ਕੇ ਪੱਬ ਵਿੱਚ ਜਾ ਵੜੇ, ਗਰਮੀ ਵੀ ਉਸ ਦਿਨ ਪੂਰੇ ਜ਼ੋਰਾਂ ਸੀ। ਇੱਕ 'ਉਦੋਂ ਇੱਕ ਉਦਾਸ ਜਿਹਾ ਚੇਹਰਾ 'ਸਾਡੇ ਕੋਲ ਆ ਕੇ ਬੈਠ ਗਿਆ। ਦੀਪ ਨੇ ਇੱਕ ਦੇ ਬਾਅਦ ਦੂਜਾ ਗਲਾਸ ਬੀਅਰ ਦਾ ਪਿਲਾਇਆ ਤਾਂ ਇਹ ਸੱਜਣ ਖੁੱਲਣ ਲੱਗ ਪਿਆ। ...ਆਖਣ ਲੱਗਾ, 'ਯਾਰ ਇੰਡੀਆ ਵਿੱਚ ਕਦੇ ਡੱਕਾ ਨਹੀਂ ਤੋੜਿਆ ਸੀ ਇਥੇ ਕੰਮ ਕਰਨਾ ਪੈਂਦਾ, ਕੰਮ ਕਰਨ ਨੂੰ ਵੱਢੀ ਰੂਹ ਨੀ ਕਰਦੀ, ਉੱਤੋਂ ਮੁੰਡਾ ਲੱਭਦਿਆਂ ਕੁੜੀਆਂ ਦਾ ਟੋਕਰਾ ਭਰ ਲਿਆ, ਕੁਝ ਕੌੜੇ ਘੁੱਟ ਦਾ ਮੈਂ ਵੀ ਸ਼ੌਕੀਨ ਆ, ਘਰ ਵਿੱਚ ਪੈਸੇ ਦੀ ਸਦਾ ਘਾਟ ਰਹਿੰਦੀ ਆ।' "ਦੱਸੋ ਮੈਂ ਕੀ ਕਰਾਂ?" ਦੀਪ ਆਖਣ ਲੱਗਾ, ਤੂੰ ਚੁੱਪ ਕਰਕੇ ਗਲਾਸ ਪੀ, ਅਸੀਂ ਕੁਝ ਸੋਚ ਦੇ ਆ, ਕੱਢਦੇ ਆ ਤੇਰੇ ਮਸਲੇ ਦਾ ਹੱਲ ? ਦੀਪ ਦੀ ਇਹ ਆਦਤ ਸੀ ਸਦਾ ਅਗਲੇ ਨੂੰ ਮੁਫ਼ਤ ਦੀ ਸਲਾਹ ਦਿੰਦਾ, ਪਰ ਇਹਦੀ ਸਲਾਹ ਸਦਾ ਅਗਲੇ ਦੇ ਕੰਮ ਆ ਜਾਂਦੀ, ਬਹੁਤ ਘੱਟ ਹੋਇਆ ਕਿ ਇਹਦੀ ਦੱਸੀ ਹੋਈ ਸਕੀਮ ਨਾ ਸਿਰੇ ਚੜ੍ਹੀ ਹੋਵੇ। ਦੀਪ ਆਖਣ ਲੱਗਾ, ਤੂੰ ਗੌਣ ਕਿਉ ਨੀ ਲੱਗ ਜਾਂਦਾ ? ਨਾਲੇ ਵੀਕਐਂਡ 'ਤੇ ਘਰਵਾਲੀ ਤੋਂ ਦੂਰ, ਨਾਲੇ ਮੁਫ਼ਤ ਵਿੱਚ 'ਕੌੜਾ ਪਾਣੀ 'ਨਾਲੇ ਚਾਰ ਪੈਸੇ ਬਨਣਗੇ, ਨਾਲੇ...।" ਪਰ ਮੈਨੂੰ ਤਾਂ ਐਨਾ ਗਾਉਣਾ ਨੀ ਆਉਂਦਾ? ਭਾਵੇਂ ਇੰਡੀਆ ਵਿੱਚ ਥੋੜ੍ਹਾ ਬਹੁਤਾ ਗਾ ਲੈਂਦਾ ਸੀ? ...ਨਾ ਅੱਜਕਲ੍ਹ ਗਾਉਂਦਾ ਕਿਹੜਾ? ਹੁਣ ਯਮਲੇ ਵਾਲਾ ਤਾਂ ਸਮਾਂ ਰਹਿਆ ਨਹੀਂ? ਹੁਣ ਤਾਂ ਨਾ ਉਸਤਾਦ ਧਾਰੋ, ਨਾ ਰਿਆਜ਼ ਕਰੋ,ਨਾ ਗੀਤ ਦੀ ਉਮਰ ਲੰਮੀ ਹੋਵੇ, ਅੱਜਕੱਲ੍ਹ ਤਾਂ ਅਗਲਾ ਇਹ ਸੋਚਦਾ, ਕਿਸ ਤਰ੍ਹਾਂ ਗੀਤ ਚਲ ਜਾਵੇ, ਗੀਤ ਜਿੰਦਾ ਦਾ ਮਰਜ਼ੀ ਹੋਵੇ, ਅਖਾੜੇ ਲੱਗਣ ਲੱਗ ਪੈਣ, ਪੈਸੇ ਲਈ ਗਾ ਹੁੰਦਾ, ਨਾ ਕਿ ਸਮਾਜ ਸੁਧਾਰਕ ਲਈ, ਬਸ ਵਾਜੇ ਢੋਲਕੀਆਂ, ਛੈਣੇ ਚੰਗੇ ਖੜਕਣੇ ਚਾਹੀਦੇ ਨੇ, ਗੀਤ ਦੇ ਬੋਲਾਂ ਨੂੰ ਅੱਜਕਲ੍ਹ ਕਿਹੜਾ ਪੁੱਛਦਾ, ਤੂੰ ਗੀਤ ਨੀ ਅੱਜਕਲ੍ਹ ਸੁਣਦਾ। ਕੁੜੀ ਸੋਹੋ ਰੋਡ ਤੋਂ ਚੁੱਕ ਲੈਣੀ

ਕਲੱਬ ਵਿੱਚ ਜਾ ਕੇ ਉਹ ਨਚਾਉਣੀ
ਕੁੜੀ ਜਦੋਂ ਮੇਰੀ ਗੱਡੀ ਵਿੱਚ ਵੱਜੀ
ਮੈਂ ਖੱਬੀ ਅੱਖ ਦੱਬੀ
ਉੱਥੋ ਉਹ ਭੱਜੀ
ਨਾ ਸੀ ਉਹਦਾ ਰੱਜੀ
ਹਾਏ ਉਏ ਮਰ ਗਏ, ਹਾਏ ਉਹ....।

ਇਥੇ ਵੀ ਦੀਪ ਦੀ ਸਕੀਮ ਕੰਮ ਕਰ ਗਈ, ਇਹ ਕਿਸੇ ਗਰੁੱਪ ਨਾਲ ਜਾਣ ਲੱਗ ਪਿਆ, ਹੌਲੀ ਹੌਲੀ ਇੱਕ ਦੋ ਗੀਤ ਵੀ ਗਾ ਦਿੰਦਾ, ਆਵਾਜ਼ ਚੰਗੀ ਸੀ, ਇੱਕ ਦਿਨ ਘਟਨਾ ਇੰਝ ਹੋਈ, ਲੀਡ ਸਿੰਗਰ 'ਤੇ ਬਾਕੀ ਗਰੁੱਪ ਨਾਲ ਲੜ ਪਿਆ। ਇਹਦਾ ਸੂਤ ਆ ਗਿਆ, ਇਹ ਸਿੰਗਰ ਬਣ ਕੇ ਪ੍ਰੋਗਰਾਮ ਲਾਉਣ ਲੱਗ ਪਿਆ ਗਰੁੱਪ ਚੱਲ ਪਿਆ, ਜਦੋਂ ਚਾਰ ਕੁ ਪੈਸੇ ਹੋਏ, ਇਹਨੇ ਕੈਸਿਟ ਕਰਾ ਦਿਤੀ, ਹੋਰ ਤਾ ਗਾਣਾ ਕੋਈ ਬਹੁਤਾ ਚੱਲਿਆ ਨਾ, ਪਰ ਇੱਕ ਗਾਣਾ ਚੱਲ ਨਿਕਲਿਆ, ਚੱਲਿਆ ਕਾਹਦਾ ਉਸ ਗੀਤ ਨੇ ਭਰਥੂ ਪਾ ਦਿੱਤਾ। ਹੁਣ ਇਹਦੇ ਕੋਲ ਪ੍ਰੋਗਰਾਮ ਦੀ ਘਾਟ ਨਾ ਰਹੀ, ਖੁੱਲਾ ਪੈਸਾ ਆਉਣ ਕਰਕੇ ਇਹਦਾ ਰਹਿਣਾ ਸਹਿਣਾ ਵੀ ਬਦਲ ਗਿਆ, ਬਾਰਾਂ ਮਹੀਨੇ ਕਾਲੀਆਂ ਐਨਕਾਂ ਲਾ ਕੇ ਰੱਖਦਾ, ਪੈਸਾ ਇਹਦੇ ਸਿਰ ਨੂੰ ਚੜ੍ਹ ਗਿਆ, ਕਿਸੇ ਉਪਰਲੀ ਹਵਾ ਵਿੱਚ ਰਹਿਣ ਲੱਗਾ, ਬਾਹਰ ਵੀ ਬੇਗਾਨੀਆਂ ਨਾਲ ਮੂੰਹ ਮਾਰਨ ਲੱਗਾ, ਘਰਵਾਲੀ ਵਥੇਰਾ ਤੜਫਦੀ, "ਘਰੇ ਧੀਆਂ ਜੁਆਨ ਨੇ, ਨਿਆਣਿਆਂ 'ਤੇ ਵੀ ਉਹੀ ਅਸਰ ਪੈਣਾ?" ਪਰ ਇਹ ਕੰਨ ਸੁਣਦਾ, ਦੂਜੇ ਕੰਨ ਬਾਹਰ ਕੱਢ ਦਿੰਦਾ।

ਹੁਣ ਜਦ ਵੀ ਇਹ ਪ੍ਰੋਗਰਾਮ 'ਤੇ ਜਾਂਦਾ ਤਾਂ ਉਸ ਗੀਤ ਦੀ ਚਾਰ ਪੰਜ ਵਾਰ ਫਰਮਾਇਸ਼ ਹੁੰਦੀ, ਇਹ ਜਦੋਂ ਗੀਤ ਗਾਉਂਦਾ ਤਾਂ ਆਪ ਵੀ ਆਪਣੇ ਦੋਵੇਂ ਹੱਥਾਂ 'ਤੇ ਹੱਥ ਮਾਰਨ ਲੱਗ ਪੈਂਦਾ। ਕੱਲੇ ਆਪਣੇ ਨੀ, ਕਦੇ ਢੋਲ ਵਾਲੇ ਦੇ, ਕਦੇ ਵਾਜੇ ਵਾਲੇ ਦੇ, ਕਦੇ ਛੈਣੇ ਵਾਲੇ ਦੇ, ਕਈ ਨੱਚਦੇ ਨੱਚਦੇ ਸਟੇਜ 'ਤੇ ਚੜ ਜਾਂਦੇ, ਕਦੇ ਉਹਨਾਂ ਦੇ ਹੱਥ 'ਤੇ ਹੱਥ ਮਾਰਦਾ, ਮੂਹਰੇ ਵੀ ਨੂੰਹ ਸੱਸ ਦੇ, ਸੱਸ ਨੂੰਹ ਦੇ, ਨਦਣ ਭਰਜਾਈ ਦੇ, ਭਰਜਾਈ ਨਦਣ ਦੇ, ਦੂਜੇ ਪਾਸੇ ਸਹੁਰੇ ਜਵਾਈਆਂ ਦੇ, ਜਵਾਈ ਸਹੁਰਿਆਂ ਦੇ, ਸਾਢੂ ਸਾਢੂ ਦੇ ਹੱਥਾਂ 'ਤੇ ਹੱਥ ਮਾਰਦੇ, ਨਾਲ ਨਾਲ ਪੌਂਡਾਂ ਦਾ ਮੀਂਹ ਵਰਾਈਂ ਜਾਂਦੇ, ਲੋਕ ਰੱਜੇ ਹੋਏ ਢਿੱਡ ਨਾਲੋਂ, ਰੱਜਾ ਹੋਇਆ ਢਿੱਡ ਦਿਖਾਉਣ ਵਿੱਚ ਸ਼ਾਨ ਸਮਝਦੇ।

ਸਮਾਂ ਆਪਣੀ ਤੋਰੇ ਤੁਰਦਾ ਗਿਆ, ਇਹਦੀ ਬੜੀ ਲੜਕੀ ਨੇ ਕੱਲਾ ਜਵਾਨੀ ਵਿੱਚ ਪੈਰ ਨੀ ਰੱਖਿਆ ਸਗੋਂ ਉਹਦਾ ਆਪਣਾ ਪੈਰ ਵੀ ਘਰੋਂ ਬਾਹਰ ਨਿਕਲਣ ਲੱਗ ਪਿਆ। ਵੱਧ ਦਾ ਵੱਧ ਦਾ ਪੈਰ ਕਾਫ਼ੀ ਅੱਗੇ ਵਧ ਗਿਆ, ਤੇ ਘਰ ਟੈਲੀਫ਼ੋਨ ਕਰਕੇ ਦੱਸ ਦਿੱਤਾ। "ਮੈਂ ਠੀਕ ਆ, ਆਪਣੇ 'ਬੁਏ ਫਰੈਡ 'ਨਾਲ, ਮੈਨੂੰ ਲੱਭਣ ਦੀ ਕੋਸ਼ਿਸ਼ ਨਾ ਕਰਿਉ, ਮੈਂ ਆਪਣੀ ਲਾਈਫ਼ 'ਤੇ ਪੂਰੀ ਖੁਸ਼ ਹਾਂ।" ਇਹਨੂੰ ਕੋਈ ਫ਼ਰਕ ਨਾ ਪਿਆ, ਘਰਵਾਲੀ ਥੋੜ੍ਹਾ ਚਿਰ ਤੜਫ ਕੇ ਚੁੱਪ ਹੋ ਗਈ।

ਕਦੇ ਕਦੇ ਦੀਪ ਮੈਨੂੰ ਹੱਸ ਛੇੜਦਾ,... ਦੇਖੀਂ ਸਾਡੀ ਸਕੀਮ? ਮੈਂ ਆਖਦਾ 'ਯਾਰ ਕੋਈ ਆਪਣੇ 'ਤੇ ਵੀ ਵਰਤ ਲਿਆ ਕਰ?' ਦੀਪ ਆਖਦਾ 'ਛੋਟੇ ਭਾਈ ! ਅਸੀਂ ਤਾਂ ਫੱਕਰ ਬੰਦੇ ਆ? ਦੋ ਪ੍ਰਸ਼ਾਦੇ ਛੱਕਣਾਂ ਆ, ਉਹ ਬੜੇ ਆਨੰਦ ਨਾਲ ਮਿਲੇ ਜਾਂਦੇ ਆ।


ਅੱਜ ਦੀਪ ਦੇ ਦੋਵੇਂ ਬੱਚੇ ਜਿਹੜੇ ਜੁੜਾਵਾਂ ਸੀ ਇੱਕੋ ਸਾਲ ਦੇ ਹੋ ਗਏ ਉਹਨਾਂ ਦੀ ਪਾਰਟੀ ਸੀ, ਦੋਵੇਂ ਬੱਚਿਆਂ ਨੇ ਦੀਪ ਨੂੰ ਕਿਹਾ ਅਸੀਂ ਇਹਦਾ ਆਖੜਾ ਬੁੱਕ ਕਰਾਵਾਂਗੇ। ਜਦੋਂ ਦੀਪ ਨੇ ਬੁੱਕ ਕਰਨ ਲਈ ਇਹਨੂੰ ਟੈਲੀਫ਼ੋਨ ਕਰਕੇ ਇਹਦਾ ਰੇਟ ਪੁੱਛਿਆ, ਰੇਟ ਸੁਣ ਕੇ ਦੀਪ ਦੇ ਬੁੱਲ੍ਹ ਸੁੱਕ ਗਏ, ਵਥੇਰਾ ਦੀਪ ਨੇ ਯਾਦ ਕਰਾਇਆ। "ਤੂੰ ਭੁੱਲ ਗਿਆ ਉਹ ਟਾਈਮ?" ਪਰ ਇਹਨੇ ਪੈਰਾਂ 'ਤੇ ਪਾਣੀ ਨਾ ਪੈਣ ਦਿੱਤਾ। 'ਇਹ ਮੇਰੀ ਕਿਸਮਤ ਸੀ, ਮੇਰੀ ਮਿਹਨਤ ਦਾ ਨਤੀਜਾ ਸੀ, ਕੌਣ ਕਿਸੇ ਨੂੰ ਦਿੰਦਾ। ਦੀਪ ਨੂੰ ਇੱਕ ਦੀਆਂ ਸੌ ਸੁਣਨੀਆਂ ਪਈਆਂ। "ਪ੍ਰੋਗਰਾਮ ਬੁੱਕ ਕਰਨਾ, ਕਰ ਲੈ, ਮੈਨੂੰ ਸੌ ਪ੍ਰੋਗਰਾਮ ਮਿਲਦੇ ਆ, ਮੈਨੂੰ ਪ੍ਰੋਗਰਾਮ ਦਾ ਘਾਟਾ ਨਹੀਂ?" ਦੀਪ ਬੱਚਿਆਂ ਕਰਕੇ ਚੁੱਪ ਹੋ ਗਿਆ ਦੰਦ ਵੱਟ ਕੇ ਜਿੰਨੇ ਪੈਸੇ ਮੰਗੇ, ਉਨ੍ਹਾਂ ਪੈਸੇ ਦੇ ਕੇ ਦੀਪ ਚੁੱਪ ਹੋ ਗਿਆ। ਸ਼ਾਇਦ ਅੱਜ ਦੀਪ ਨੂੰ ਮੁਫਤ ਸਲਾਹ ਦੇਣ ਦਾ ਪਛਤਾਵਾ ਹੋਇਆ ਹੋਵੇਗਾ। ਅਸੀਂ ਹਰ ਪ੍ਰੋਗਰਾਮ 'ਤੇ ਅਕਸਰ ਲੇਟ ਹੋ ਜਾਂਦੇ, ਪਰ ਅੱਜ ਅਸੀਂ ਪੂਰੇ ਟਾਈਮ 'ਤੇ ਪਹੁੰਚ ਗਏ। ਸਭ ਸੱਜਣ ਬੇਲੀ ਆਪਣੇ ਮਿੱਤਰਾਂ ਨਾਲ ਗੱਲਾਂ ਬਾਤਾਂ ਕਰ ਰਹੇ ਸੀ। ਕਲਾਕਾਰ ਦੇ ਸਾਜਿੰਦੇ ਹਾਲੇ ਆਪਣੇ ਸਾਜ਼ ਤਿੱਖੇ ਕਰ ਰਹੇ ਸੀ। ਜਿਸ ਯੂਨੀਵਰਸਿਟੀ ਵਿੱਚ ਦੀਪ ਦੀ ਕੁੜੀ ਪੜ੍ਹਾਈ ਕਰ ਰਹੀ ਸੀ। ਉੱਥੇ ਕਲਾਕਾਰ ਦੀ ਲੜਕੀ ਕੰਮ ਕਰਦੀ ਸੀ। ਜਿਹੜੀ ਘਰ ਛੱਡ ਗਈ ਸੀ। ਉਹ ਵੀ ਦੀਪ ਦੀ ਲੜਕੀ ਨੇ ਆਪਣੀ ਪਾਰਟੀ 'ਤੇ ਸੱਦੀ ਹੋਈ ਸੀ। ਉਹਦੇ 'ਤੇ ਗੋਰਿਆਂ ਦੇ ਕਲਚਰ ਦਾ ਰੰਗ ਚੜ ਚੁੱਕਾ ਸੀ। ਰਹਿਣ ਸਹਿਣ ਗੋਰਿਆਂ ਵਰਗਾ ਸੀ। ਬਹੁਤੇ ਲੜਕੇ ਦੀਪ ਦੇ ਲੜਕੇ ਦੇ ਮਿੱਤਰ ਸਨ ਜਿਨ੍ਹਾਂ ਵਿੱਚ ਦੋ ਕੁ ਜਮੀਕੇ ਵੀ ਸਨ। ਇਹਨੀ ਟੇਬਲ 'ਤੇ ਤਾਂ ਬੀਅਰ ਦੇ ਗਲਾਸ ਰੱਖੇ ਹੋਏ ਸੀ। ਪਰ ਮਾਂ ਪਿਓ ਨੂੰ ਭਲੇਖਾ ਪਾਉਣ ਲਈ ਇਹ ਕੌੜਾ ਪਾਣੀ ਕੋਕ ਵਿੱਚ ਪਾ ਕੇ ਪੀ ਰਹੇ ਸਨ। ਕੋਈ ਓਹਲਾ ਜਿਹਾ ਕਰਕੇ ਬੀਅਰ ਵਿੱਚ 'ਤੇ ਕੋਈ ਜੂਸ ਵਿੱਚ ਪਾ ਕੇ ਪੀ ਰਹੇ ਸੀ। ਬੇਸ਼ੱਕ ਮਾਪੇ ਇੱਕ ਦੂਜੇ ਨੂੰ ਕਹਿ ਰਹੇ ਸੀ ਸਾਡੇ ਤਾਂ ਨਿਆਣੇ ਨਸ਼ੇ ਨੂੰ ਹੱਥ ਵੀ ਨਹੀਂ ਲਾਉਂਦੇ, ਇਹ ਮਨ ਇੱਕ ਝੂਠੀ ਤਸੱਲੀ ਜਿਹੀ ਦਿੱਤੀ ਜਾ ਰਹੀ ਸੀ, ਉਂਝ ਪਤਾ ਇਹਨੂੰ ਸਾਰਾ ਸੀ। ਥੋੜੇ ਚਿਰਾਂ ਬਾਅਦ ਇਹਨਾਂ ਦੀਆਂ ਅੱਖਾਂ ਦੱਸੀਆਂ ਸਨ ਕਿ ਕੌੜੇ ਪਾਣੀ ਨੇ ਆਪਣਾ ਅਸਰ ਦਿਖਾਉਣਾ ਸ਼ੁਰੂ ਕਰ ਦਿੱਤਾ। ਉਧਰ ਕਲਾਕਾਰ ਦਾ ਪ੍ਰੋਗਰਾਮ ਸ਼ੁਰੂ ਹੋ ਚੁੱਕਾ ਸੀ। ਗੱਭਰੂ ਕੌੜੇ ਪਾਣੀ ਦੇ ਅਸਰ ਹੇਠ ਭੰਗੜੇ ਪਾ ਰਿਹਾ ਸੀ। ਵਿੱਚੇ ਜਮੀਕੇ ਆਪਣੇ ਅਫਰੀਕਾ ਸਟਾਈਲ ਵਿੱਚ ਡਾਂਸ ਕਰ ਰਹੇ ਸੀ। ਭੰਗੜਾ ਜ਼ੋਰ ਸ਼ੋਰ ਨਾਲ ਚੱਲ ਰਿਹਾ ਸੀ। ਜਦੋਂ ਕਲਾਕਾਰ ਨੇ ਇਹ ਆਪਣਾ ਗੀਤ ਸ਼ੁਰੂ ਕੀਤਾ, 'ਗਿੱਧੇ ਵਿੱਚ ਇੱਕ ਪਟੋਲਾ ਨੱਚਦਾ 'ਉਦੋਂ ਸਭ ਮੁੰਡੇ ਕੁੜੀਆਂ ਆ ਕੇ ਨੱਚਣ ਲੱਗ ਪਏ, ਵਿੱਚੇ ਕਲਾਕਾਰ ਦੀ ਧੀ ਨੇ ਵੀ ਪਿੜ ਵਿੱਚ ਛਾਲ ਮਾਰ ਦਿੱਤੀ, ਦੋਵੇਂ ਜਮੀਕੇ 'ਤੇ ਤਿੰਨ ਚਾਰ ਆਪਣੇ ਮੁੰਡੇ ਕਲਾਕਾਰ ਦੀ ਧੀ ਨਾਲ ਨੱਚਣ ਲੱਗ ਪਏ ਗੱਭੇ ਕਲਾਕਾਰ ਦੀ ਧੀ ਆਲੇ ਦੁਆਲੇ ਮੰਡਿਆਂ ਨੇ ਗੋਲ ਧਾਰਾਂ ਜਿਹਾ ਬੰਨ੍ਹ ਲਿਆ ਉਧਰ ਕਲਾਕਾਰ ਐਨੇ ਬੋਲ ਕਹਿਕੇ "ਗਿੱਧੇ ਵਿੱਚ ਇੱਕ ਪਟੋਲਾ ਨੱਚਦਾ" ਮਾਈਕ ਨੱਚਦਿਆਂ ਵੱਲ ਕਰ ਦਿਆ ਕਰੇ, ਨੱਚਦੇ ਸਾਰੇ ਇੱਕੋ ਸਮੇਂ ਕਹਿਆ ਕਰਨ "ਹੱਥਾਂ ਉੱਤੇ ਹੱਥ ਮਾਰ ਮਾਰ ਕੇ" ਕਲਾਕਾਰ ਇੰਦਾਂ ਕਰੀ ਜਾਵੇ, ਗੱਭਰੂ ਸਾਰੇ ਕਲਾਕਾਰ ਦੀ ਧੀ ਦੇ ਵੱਲ ਨੂੰ ਉਂਗਲਾਂ ਕਰਕੇ ਕਹਿਣ "ਇਹਦਿਆਂ ਹੱਥਾਂ 'ਤੇ ਹੱਥ ਮਾਰ ਮਾਰ ਕੇ "ਗੱਭਰੂ ਇੰਦਾਂ ਤਾਲ ਨਾਲ ਤਾਲ ਮਿਲਾ ਕੇ ਆਪਣੇ ਦੋਵੇ ਹੱਥਾਂ ਨਾਲ ਤਾੜੀ ਮਾਰ ਕੇ ਫੇਰ ਦੋਵੇਂ ਹੱਥ ਕਲਾਕਾਰ ਦੀ ਧੀ ਦੇ ਹੱਥ ਵੱਲ ਕਰਦੇ, ਬੱਸ ਇੰਦਾਂ ਥੋੜਾ ਚਿਰ ਕੰਮ ਚੱਲਿਆ, ਜਦੋਂ ਕਲਾਕਾਰ ਦੀ ਨਿਗ੍ਹਾ ਆਪਣੀ ਧੀ 'ਤੇ ਪਈ, ਜਦੋਂ ਇਹ ਜਲਵਾ ਦੇਖਿਆ, ਸੁਰ ਤਾਲ ਸਭ ਕੁੱਝ ਵਿਗੜ ਗਿਆ। ਮਾਪੇ ਕਿੰਨੇ ਵੀ ਸਖ਼ਤ ਹੌਣ, ਵੱਡੇ ਵੱਡੇ ਉਲਾਦ ਮੂਹਰੇ ਨੀਵੇਂ ਹੋ ਜਾਂਦੇ ਨੇ। ਇਹੀ ਕਲਾਕਾਰ ਨਾਲ ਹੋ ਗਿਆ, ਮੂੰਹ ਵਿਚੋਂ ਆਵਾਜ਼ ਨਾ ਨਿਕਲੇ, ਨਾ ਹੁਣ ਪਟੋਲਾ ਨਚਾ ਹੋਵੇ ਵਥੇਰੀ ਕੋਸ਼ਿਸ਼ ਕਰੇ ਅੰਦਰੋ ਚੀਕ ਜਿਹੀ ਨਿਕਲੇ, ਸਾਜ਼ਾਂ ਵਾਲਿਆਂ ਨੇ ਮੌਕਾ ਦੇਖ ਕੇ ਸਾਜ ਉੱਚੇ ਕਰ ਦਿੱਤੇ, ਮੂਹਰੇ ਗੱਭਰੂ ਕਦੇ ਲੰਮੇ ਪੈ ਕੇ, ਕਦੇ ਬੈਠ ਕੇ ਉਂਗਲਾਂ ਕਲਾਕਾਰ ਦੀ ਧੀ ਵੱਲ ਨੂੰ ਕਰਨ, ਉਧਰ ਕਲਾਕਾਰ ਦੇ ਮੂੰਹੋਂ ਕੋਈ ਬੋਲ ਨਾ ਨਿਕਲੇ, ਇਹ ਵੇਖ ਕੇ ਮੇਰੇ ਮੂੰਹੋਂ ਆਪ ਮੁਹਾਰੇ ਬੋਲ ਨਿਕਲੇ, "ਲੋਕਾਂ ਦੀ ਤਾਂ ਵਥੇਰੀ ਆ ਪਟੋਲੇ ਬਣਾ ਕੇ ਨੱਚਾਂ ਹੁੰਦੀਆਂ, ਨਾਲੇ ਹੱਥਾ 'ਤੇ ਵਥੇਰੇ ਹੱਥ ਮਰਾਂ ਹੁੰਦੇ ਆ, ਪਤਾ ਤਾ ਉਦੋਂ ਲੱਗਦਾ, ਜਦੋਂ ਆਪਣੀ ਧੀ ਪਟੋਲਾ ਬਣਦੀ ਆ?" ਹਾਲੇ ਮੈਂ ਇਹਨਾਂ ਸੋਚਾਂ ਵਿੱਚ ਡੁੱਬਿਆ ਹੋਇਆ ਸੀ।

ਉਦੋਂ ਦੀਪ ਨੇ ਆ ਕੇ ਮੇਰਾ ਮੋਢੇ ਨੂੰ ਹਿਲਾਇਆ। "ਉੱਠ ਛੋਟੇ ਭਾਈ ! ਨਹੀਂ ਤਾਂ ਮੁੰਡਿਆਂ ਨੇ ਕਲਾਕਾਰ ਥਾਪੜ ਦੇਣਾ ?" ਮੈਂ ਤੇ ਦੀਪ ਨੇ ਮਸੀ ਮੁੰਡਿਆਂ ਨੂੰ ਸਟੇਜ 'ਤੇ ਜਾ ਕੇ ਠੰਡੇ ਕਰਕੇ ਥੱਲੇ ਲਾਹਿਆ। ਨੌਜਵਾਨ ਆਖੀ ਜਾਣ, "ਨਾ ਅੰਕਲ ਅਸੀਂ ਪੈਸੇ ਦੇ ਕੇ ਗਾਉਣ ਲਈ ਲਿਆਂਦਾ, ਇਹ ਗਾਉਂਦੇ ਕਿਉਂ ਨਹੀਂ, ਇਹ ਫ੍ਰੀ ਤਾਂ ਨਹੀਂ ਆਇਆ ਗਾਉਣ?" ਨੌਜਵਾਨਾਂ ਦੀ ਗੱਲ ਸੁਣ ਕੇ ਮੈਂ ਆਪਣੀ ਸੋਚ ਨੂੰ ਲਾਹਨਤਾਂ ਪਾਈਆਂ, 'ਅਸੀਂ ਕੋਲੋਂ ਪੈਸੇ ਦੇ ਕੇ ਇਹਨਾਂ 'ਤੇ ਆਪਣੀਆਂ "ਧੀਆਂ ਭੈਣਾਂ" ਨੂੰ "ਪਟੋਲੇ" ਬਣਾਉਂਦੇ, ਤੇ "ਨਚਾਉਂਦੇ ਆ।"

E mail - ranbirclair@gmail.com

# ਨਵਾਂ ਅਕਾਲੀ ਦਲ ਦੀ ਕੀ ਸੰਭਾਵਨਾ ਤੇ ਚੁਣੌਤੀਆਂ ਹਨ ? ਦੇ ਲੇਖ ਦੀ, ਸਿੱਖੀ ਸਿਧਾਂਤਾਂ ਦੇ ਨਜ਼ਰੀਏ ਤੋਂ ਪੜਚੋਲ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



**ਵਜ਼ੀਰੀਆਂ ਤੇ ਬਾਦਸ਼ਾਹੀਆਂ ਸਿੱਖੀ ਦਾ ਵਿਸ਼ਾ ਨਹੀਂ, ਬਾਦਸ਼ਾਹੀਆਂ ਸਿੱਖੀ ਦੇ ਦਰ ਉੱਤੇ ਝੁੱਕਦੀਆਂ ਤੇ ਚਰਨ ਬੰਦਨਾ ਕਰਦੀਆਂ ਹਨ । ਸਿੱਖੀ ਮਾਇਆਵਾਦ ਦੇ ਵਿਰੁੱਧ ਇਕ ਬਗਾਵਤ ਹੈ । ਇਹ ਸਾਂਝੀਵਾਲਤਾ ਦੀ ਉਪਦੇਸ਼ਿਕ ਹੈ । ਦੀਨ ਦੁਖੀਆਂ ਤੇ ਮਜਲੂਮਾਂ ਦੀ ਸਹਾਇਤਾ ਕਰਦਿਆਂ ਹੋਇਆਂ ਪ੍ਰਾਣਾਂ ਦੀ ਬਾਜ਼ੀ ਲੱਗ ਜਾਵੇ ਤਾਂ ਸਿੱਖ ਅੰਤਿਮ ਸਮੇਂ ਇਹੀ ਕਹੇਗਾ ਕਿ ਅਜਿਹਾ ਕਰਨਾ ਮੇਰਾ ਫ਼ਰਜ਼ ਸੀ। ਦਾਸ ਪ੍ਰੀਤਮ ਸਿੰਘ ਨੂੰ ਬੇਨਤੀ ਕਰੇਗਾ ਕਿ ਭਾਈ ਜੋਧ ਸਿੰਘ ਦੀ ਸੰਪਾਦਿਤ ਕੀਤੀ ਪੁਸਤਕ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਪੀ ਹੈ ਸਿੱਖੀ ਕੀ ਹੈ, ਜਰੂਰ ਪੜ੍ਹੋ ਜੇ ਹੋਰ ਸਿੱਖੀ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੁੰਦੇ ਤਾਂ ਭਾਈ ਗੁਰਦਾਸ ਦੀਆਂ ਵਾਰਾਂ ਪੜ੍ਹਨ ਦੀ ਕ੍ਰਿਪਾਲਤਾ ਕਰਨੀ ।**

2 ਤੋਂ 9 ਅਕਤੂਬਰ ਪੰਜਾਬ ਟਾਈਮਜ਼ ਯੂ.ਕੇ. ਦੇ ਅੰਕ 3100 ਦੇ ਸਫ਼ਾ 32 ਉੱਤੇ ਪ੍ਰੀਤਮ ਸਿੰਘ ਪ੍ਰੋਫੈਸਰ ਐਮੇਰਿਟਸ ਆਕਸਫੋਰਡ ਬਰੁਕਮ ਯੂਨੀਵਰਸਿਟੀ ਯੂ. ਕੇ. ਦਾ ਲੇਖ, ਨਵਾਂ ਅਕਾਲੀ ਦਲ ਦੀ ਕੀ ਸੰਭਾਵਨਾ ਤੇ ਚੁਣੌਤੀਆਂ ਹਨ ਛੱਪਿਆ ਹੈ। ਇਸ ਲੇਖ ਦੀ ਸਿੱਖੀ ਸਿਧਾਂਤਾਂ ਦੇ ਨਜ਼ਰੀਏ ਤੋਂ ਪੜਚੋਲ ਇਸ ਕਰਕੇ ਜਰੂਰੀ ਹੋ ਗਈ, ਕਿਉਂਕਿ ਲੇਖਕ ਸਿੱਖੀ ਬਾਰੇ ਸਵੈ ਵਿਰੋਧੀ ਵਿਚਾਰ ਪ੍ਰਗਟਾਉਂਦਾ ਨਜ਼ਰ ਆਉਂਦਾ ਹੈ। ਉਦਾਹਰਣ ਦੇ ਤੌਰ ‘ਤੇ ਲੇਖਕ ਸਿੱਖਇਜ਼ਮ ਦੀ ਥਾਂ ਸਿੱਖੀ ਸ਼ਬਦ ਦੀ ਵਰਤੋਂ ਕਰਨਾ ਪਸੰਦ ਕਰਦਾ ਹੈ ਜੋ ਕਿ ਬਹੁਤ ਚੰਗੀ ਗੱਲ ਹੈ। ਪਰ ਇਸ ਦੇ ਨਾਲ-ਨਾਲ ਇਹ ਜਾਨਣਾ ਵੀ ਜਰੂਰੀ ਹੈ ਕਿ ਸਿੱਖੀ ਦੀ ਵਿਆਖਿਆ ਕੀ ਹੈ। ਲੇਖਕ ਲਿਖਦਾ ਹੈ: ਮੈਂ ਕੋਈ ਸਿੱਖੀ (ਮੈਂ ਗ਼ਲਤ ਵਰਤੇ ਜਾਂਦੇ ਪੱਛਮੀ ਸ਼ਬਦ ਸਿੱਖਇਜ਼ਮ ਦੀ ਬਜਾਏ ਇਹ ਸ਼ਬਦ ਵਰਤਣਾ ਪਸੰਦ ਕਰਦਾ ਹਾਂ) ਦੇ ਸਾਰ ਨੂੰ ਦੇਖੇ ਤਾਂ ਇਹ ਸਮਾਨਤਾ ਹੈ। ਅਧਿਆਤਮਕ, ਸਮਾਜਿਕ ਅਤੇ ਵਾਤਾਵਰਣ ਨਾਲ ਜੁੜੀ ਹੋਈ। ਅਧਿਆਤਮਕ ਇਸ ਲਈ ਕਿਉਂਕਿ ਸਾਰੇ ਜੀਵਾਂ ਨੂੰ ਬਰਾਬਰ ਮੰਨਿਆ ਜਾਂਦਾ ਹੈ, ਸਮਾਜਿਕ ਇਸ ਲਈ ਕਿਉਂਕਿ ਜਾਤ ਤੇ ਲਿੰਗ ਅਧਾਰਤ ਸਮਾਜਿਕ ਵਰਗੀਕਰਨ ਦੀ ਆਲੋਚਨਾ ਕੀਤੀ ਜਾਂਦੀ ਹੈ ਅਤੇ ਵਾਤਾਵਰਣ ਦੀ ਇਸ ਲਈ ਕਿਉਂਕਿ ਬਰਾਬਰੀ ਦਾ ਦ੍ਰਿਸ਼ਟੀਕੋਣ ਮਨੁੱਖਾਂ ਤੋਂ ਅਗਾਂਹ ਸਾਰੇ ਜੀਵਾਂ ਤੱਕ ਜਾਂਦਾ ਹੈ। ਸਿੱਖ ਸਮਾਜ ਅਤੇ ਸੰਸਥਾਵਾਂ ਅਮਲੀ ਤੌਰ ‘ਤੇ ਗੁਰੂ ਦੇ ਬਰਾਬਰੀ ਦੇ ਦ੍ਰਿਸ਼ਟੀਕੋਣ ਤੋਂ ਪ੍ਰਭਾਵਿਤ ਹਨ, ਪਰ ਇਨ੍ਹਾਂ ਅੰਦਰ ਜਾਤ ਅਸਮਾਨਤਾ ਅਤੇ ਪੱਖਪਾਤਾਂ ਤੇ ਪੁਰਸ਼ ਪ੍ਰਧਾਨ ਰਵਾਇਤਾਂ ‘ਤੇ ਜ਼ੋਰ ਦੇ ਕੇ ਵੱਡੀ ਗਿਰਾਵਟ ਦਰਜ ਹੋਈ ਹੈ। ਇਹ ਸਿੱਖੀ ਦਾ ਸਮਾਨਤਾ ਨੂੰ ਸੁਰਜੀਤ ਕਰਨ ਦਾ ਵੇਲਾ ਹੈ। ਇਥੇ ਵਿਚਾਰਨਯੋਗ ਤੱਥ ਇਹ ਹੈ ਕਿ ਉਕਤ ਪੈਰ੍ਹੇ ਵਿੱਚ ਤਾਂ ਪ੍ਰੀਤਮ ਸਿੰਘ ਜੀ ਸਿੱਖ ਸਮਾਜ ਤੇ ਸਿੱਖ ਸੰਸਥਾਵਾਂ ‘ਤੇ ਉਂਗਲ ਚੁੱਕਦੇ ਹਨ ਕਿ ਇਨ੍ਹਾਂ ਵਿੱਚ ਜਾਤ ਅਸਮਾਨਤਾ ਤੇ ਪੱਖਪਾਤ ਭਾਰੂ ਹੈ ਜੋ ਨਹੀਂ ਹੋਣਾ ਚਾਹੀਦਾ ਕਿਉਂਕਿ ਸਿੱਖੀ ਵਿੱਚ ਜਾਤ ਤੇ ਲਿੰਗ ਅਧਾਰਤ ਸਮਾਜਿਕ ਵਰਗੀ ਕਰਨ ਦੀ ਆਲੋਚਨਾ ਕੀਤੀ ਜਾਂਦੀ ਹੈ। ਪ੍ਰੀਤਮ ਸਿੰਘ ਜੀ ਹੋਰ ਲਿਖਦੇ ਹਨ ਕਿ ਇਹ ਸਿੱਖੀ ਦੀ ਸਮਾਨਤਾ ਨੂੰ ਸੁਰਜੀਤ ਕਰਨ ਦਾ ਵੇਲਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਅੱਗੇ ਚੱਲਕੇ ਪ੍ਰੀਤਮ ਸਿੰਘ ਜੀ ਖ਼ੁਦ ਹੀ ਸਿੱਖੀ ਦੀ ਸਮਾਨਤਾ ਨੂੰ ਢਾਅ ਲਾਉਣ ਹਿੱਤ, ਲਿਖਦੇ ਹਨ ਕਿ ਨਵੀਂ ਪਾਰਟੀ ਨੂੰ ਉੱਚੀਆਂ ਜਾਤਾਂ ਦੇ ਪੰਜਾਬੀ ਹਿੰਦੂ ਭਾਈਚਾਰੇ ਨਾਲ ਰਿਸ਼ਤੇ ਕਾਇਮ ਕਰਨੇ ਚਾਹੀਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਪ੍ਰੀਤਮ ਸਿੰਘ ਜੀ ਉੱਚੀਆਂ ਤੇ ਨੀਵੀਆਂ ਜਾਤਾਂ ਦੇ ਵਰਗੀਕਰਨ ਨੂੰ ਸਵੀਕਾਰਦੇ ਹਨ, ਜਿਸ ਦੀ ਸਿੱਖੀ ਸਿਧਾਂਤਾਂ ਵਿੱਚ ਸਖ਼ਤ ਮਨਾਹੀ ਹੈ। ਜਦ ਸਿੱਖੀ ਸਿਧਾਂਤਾਂ ‘ਤੇ ਪਹਿਰਾ ਨਹੀਂ ਦੇਣਾ ਫਿਰ ਸਿੱਖੀ ਆਖੋ ਜਾਂ ਸਿੱਖਇਜ਼ਮ ਆਖੋ ਕੀ ਫਰਕ ਪੈਂਦਾ? ਨਵਾਂ ਅਕਾਲੀ ਦਲ (ਸ੍ਰੋਮਣੀ ਅਕਾਲੀ ਦਲ) ਸਿੱਖਾਂ ਦੀ ਰਾਜਨੀਤਕ ਪਾਰਟੀ ਹੈ ਤੇ ਸਿੱਖੀ ਸਿਧਾਂਤਾਂ ਨੂੰ ਸਮਰਪਿਤ ਹੈ, ਉਨ੍ਹਾਂ ਲਈ ਸਾਰੇ ਹਿੰਦੂ ਬਰਾਬਰ ਹਨ ਭਾਵੇਂ ਉਹ ਉੱਚੀ ਜਾਤ ਦੇ ਹੋਣ ਜਾਂ ਨੀਵੀਂ ਜਾਤ ਦੇ, ਸਭ ਦੀਆਂ ਵੋਟਾਂ ਬਰਾਬਰ ਹਨ। ਅੱਗੇ ਚੱਲਕੇ ਪ੍ਰੀਤਮ ਸਿੰਘ ਜੀ ਸਿੱਖਾਂ ਵਿੱਚ ਜਾਤ-ਪਾਤ ਦਾ ਕੁਰਾਹਾ ਪੱਕਿਆਂ ਕਰਨ ਲਈ ਲਿਖਦੇ ਹਨ: ਪੰਜਾਬੀ ਸਮਾਜ ਦੇ ਉਨਤ ਹਿੱਸੇ ਵਿੱਚ ਮੁੱਖ ਤੌਰ ‘ਤੇ ਤਿੰਨ ਜਾਤਾਂ ਬ੍ਰਾਹਮਣ, ਖੱਤਰੀ ਅਤੇ ਬਾਣੀਏ ਸ਼ਾਮਿਲ ਹਨ। ਕੁਝ ਸਿੱਖਾਂ ਦਾ ਪਿਛੋਕੜ ਹਾਲਾਂਕਿ ਬ੍ਰਾਹਮਣ ਤੇ ਬਾਣੀਆਂ ਜਾਤਾਂ ਵਿੱਚੋਂ ਹੀ ਹੈ, ਪਰ ਇਹ ਖੱਤਰੀ ਭਾਈਚਾਰਾ ਜਿਸ ਨੇ ਸਭ ਤੋਂ ਵੱਧ ਸਿੱਖੀ ਨੂੰ ਅਪਣਾਇਆ। ਪ੍ਰੀਤਮ ਸਿੰਘ ਜੀ ਨੂੰ ਦਾਸ ਬੇਨਤੀ ਕਰੇ ਕਿ ਜਦੋਂ ਕੋਈ ਪ੍ਰਾਣੀ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਮਰਿਯਾਦਾ ਅਨੁਸਾਰ ਖੰਡੇ ਦੀ ਪਹੁਲ ਲੈ ਕੇ ਸਿੱਖੀ ਅਪਣਾ ਲੈਂਦਾ ਹੈ ਤਾਂ ਉਸ ਦੀ ਪਿਛਲੀ ਕੁਲ, ਕਿਰਤ, ਕਰਮ, ਧਰਮ ਦਾ ਨਾਸ਼ ਹੋ ਜਾਂਦਾ ਹੈ। ਨਵੇਂ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਸਿੱਖੀ ਦੇ ਇਸ ਨਾਸ਼ ਸਿਧਾਂਤ ਦੀ ਪੂਰੀ ਜਾਣਕਾਰੀ ਰੱਖਦੇ ਹਨ ਤੇ ਇਸ ‘ਤੇ ਪਹਿਰਾ ਦੇ ਰਹੇ ਹਨ। ਸਿੱਖੀ ਅਪਨਾਉਣ ਤੋਂ ਬਾਅਦ ਆਪਣੇ ਨਾਂਅ ਨਾਲ ਪਿਛਲੀ ਜਾਤ ਦਾ ਛੱਜ ਬੰਨ੍ਹੀ ਰੱਖਣਾ ਉਚਿਤ ਨਹੀਂ ਹੈ। ਸਿੱਖੀ ਦੀ ਪਛਾਣ ਕੇਵਲ ਇਕ ਸਿੱਖ ਧਰਮ ਵਜੋਂ ਹੀ ਨਹੀਂ ਸਗੋਂ ਇਕ ਪੰਥ ਵਜੋਂ ਵੀ ਹੈ। ਗੁਰੂ ਨਾਨਕ ਦੇ ਸਰਬੱਤ ਦੇ ਭਲੇ ਅਤੇ ਹਲੇਮੀ ਰਾਜ ਦੇ ਮਿਸ਼ਨ ਦੀ ਪੂਰਤੀ ਨਾ ਤਾਂ ਮਨੁੱਖਤਾ ਨੂੰ ਵੰਡਣ ਵਾਲੀ ਬ੍ਰਾਹਮਣ-ਖੱਤਰੀ, ਵੈਸ਼-ਸੂਦਰ ਵਰਣ ਆਸ਼ਰਮ ਦੇ ਜਾਤ-ਪਾਤੀ ਚੌਖਟੇ ਵਿੱਚ ਸੰਭਵ ਹੋ ਸਕਦੀ ਸੀ ਤੇ ਨਾ ਹੀ ਸ਼ਰੀਅਤ ਦੇ ਕੱਟੜ ਵਿਧਾਨ ਅੰਦਰ ਮੁਮਕਿਨ ਸੀ। ਸਿੱਖੀ ਧਰਮ ਦੀ ਵਿਚਾਰਧਾਰਾ ਅਨੁਸਾਰ ਆਤਮਿਕ ਸੁਤੰਤਰਤਾ ਨੂੰ ਸਮਾਜਿਕ ਸੁਤੰਤਰਤਾ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਲੋਕਾਈ ਵਿੱਚ ਰਾਜਸੀ, ਧਾਰਮਿਕ, ਸਮਾਜਿਕ ਤੇ ਸੱਭਿਆਚਾਰਕ ਅਧੋਗਤੀ ਨੂੰ ਅਨੁਭਵ ਕੀਤਾ ਅਤੇ ਇਸ ਨੂੰ ਦੂਰ ਕਰਨ ਲਈ ਨਿਰਮਲ ਪੰਥ ਦੀ ਨੀਂਹ ਰੱਖੀ। ਅਰਥਾਤ - ਮਾਰਿਆ ਸਿੱਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ ਅਤੇ - ਚਾਰ ਵਰਨ (ਬ੍ਰਾਹਮਣ-ਖੱਤਰੀ-ਵੈਸ਼-ਸੂਦਰ) ਗੁਰ ਸਿੱਖ ਕਰਿ ਗੁਰਮੁਖਿ ਸਚਾ ਪੰਥੁ ਚਲਾਇਆ (ਭਾਈ ਗੁਰਦਾਸ ਦੀਆਂ ਵਾਰਾਂ ਵਿੱਚੋਂ) ਗੁਰੂ ਨਾਨਕ ਪਾਤਸ਼ਾਹ ਨੇ ਇਕ ਨਵੇਂ ਧਰਮ ਦਾ ਮੁੱਢ ਬੰਨਿਆ ਜਿਸ ਨੂੰ ਭਾਈ ਗੁਰਦਾਸ ਨੇ ਤੀਸਰੇ ਪੰਥ ਦਾ ਨਾਉਂ ਦਿੱਤਾ। ਇਹ ਤੀਸਰਾ ਪੰਥ ਕਿਸੇ ਪਹਿਲੇ ਦੀ ਨਕਲ ਜਾਂ ਕਿਸੇ ਪੁਰਾਣੇ ਦਾ ਸੋਧਿਆ ਹੋਇਆ ਰੂਪ ਨਹੀਂ ਸੀ ਤੇ ਨਾ ਹੀ ਧਰਮਾਂ ਦਾ ਮਿਸ਼ਰਣ ਜਾਂ ਉਨ੍ਹਾਂ ਦੇ ਚੰਗੇ ਤੱਤਾਂ ਦਾ ਅਰਕ ਸੀ। ਇਹ ਆਪਣੇ ਆਪ ਵਿੱਚ ਮੁਕੰਮਲ ਸੀ, ਇਕ ਦਮ ਅਸਲੀ, ਮੌਲਿਕ ਤੇ ਸੁਤੰਤਰ। ਤੀਸਰੇ ਪੰਥ ਦੇ ਸੱਚ ਨੂੰ ਜੇਕਰ ਇਨ੍ਹਾਂ ਮੌਲਿਕ ਅਰਥਾਂ ਵਿੱਚ ਨਹੀਂ ਸਮਝਿਆ ਜਾਂਦਾ ਤਾਂ ਇਸ ਵਿੱਚੋਂ ਅਟਲ ਰੂਪ ਵਿੱਚ ਇਸ ਦੀ ਗਲਤ ਪੇਸ਼ਕਾਰੀ ਦੇ ਬਿਪਰ ਰੁਝਾਨ ਜਨਮ ਲੈਂਦੇ ਹਨ। (ਨੋਟ- ਪ੍ਰੀਤਮ ਸਿੰਘ ਦੀ ਇਹ ਗਲਤ ਪੇਸ਼ਕਾਰੀ ਹੀ ਹੈ ਕਿ ਪੰਜਾਬੀ ਸਮਾਜ ਦੇ ਉਨਤ ਹਿੱਸੇ ਤਿੰਨ ਜਾਤਾਂ ਬ੍ਰਾਹਮਣ, ਖੱਤਰੀ ਤੇ ਬਾਣੀਏ ਹਨ, ਕੁਝ ਸਿੱਖਾਂ ਦਾ ਪਿਛੋਕੜ ਹਾਲਾਂਕਿ ਬ੍ਰਾਹਮਣ ਤੇ ਬਾਣੀਆਂ ਜਾਤਾਂ ਵਿੱਚੋਂ ਹੈ ਇਸ ਕਰਕੇ ਬਿਪਰ ਰੁਝਾਨ ਜਨਮ ਲੈਂਦੇ ਹਨ, ਇਥੇ ਇਹ ਵੀ ਦੱਸਣਯੋਗ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਅਤੇ ਖੇਤੀ ਸਿੱਖ ਕਿਸਾਨ ਕਰਦੇ ਹਨ) ਸਿੱਖ ਧਰਮ ਦੀ ਰਾਜਨੀਤਕ ਤੇ ਧਾਰਮਿਕ ਰੁਚੀ ਦੇ ਸੰਗਮ ਦਾ ਨਾਂ ਪੰਥ ਹੈ। ਪੰਥ ਕੋਈ ਨਿਰੋਲ ਧਾਰਮਿਕ ਸੰਸਥਾ ਦਾ ਨਾਂ ਨਹੀਂ ਤੇ ਨਾ ਹੀ ਕਿਸੇ ਇਕ ਸਮੇਂ ਦੀ ਲੋੜ ਪੂਰਣ ਦਾ। ਪੰਥ ਉਨ੍ਹਾਂ ਮਰਜੀਵੜਿਆਂ ਦਾ ਇਕੱਠ ਹੈ, ਜਿਨ੍ਹਾਂ ਦੀਨ ਤੇ ਦੂਨੀ ਦੇ ਗੁਰੂ ਸਾਹਿਬਾਨ ਵੱਲੋਂ ਦਰਸਾਏ ਆਸ਼ਿਆਂ ਤੇ ਨਿਸ਼ਾਨਿਆਂ ਨੂੰ ਪ੍ਰਵਾਣ ਕਰ ਲਿਆ ਹੈ ਅਤੇ ਉਨ੍ਹਾਂ ਆਸ਼ਿਆਂ ਤੇ ਨਿਸ਼ਾਨਿਆਂ ਦੀ ਪੂਰਤੀ ਲਈ ਆਪਾ ਵਾਰਨ ਲਈ ਤੱਤਪਰ ਹਨ ਅਤੇ ਨਿੱਜੀ ਘਾਲਣਾ ਦੇ ਨਾਲ-ਨਾਲ ਸਮੂਹਿਕ ਘਾਲਣਾ ਕਰਨਾ ਵੀ ਆਪਣਾ ਫਰਜ ਸਮਝਦੇ ਹਨ। (ਪ੍ਰਿੰ: ਸਤਿਬੀਰ ਸਿੰਘ, ਖ਼ਾਲਸੇ ਦੀ ਵਾਸੀ ਪੁਸਤਕ)


ਅੰਤ ਵਿੱਚ ਜਸਵੰਤ ਸਿੰਘ ਕੰਵਲ ਦੀ ਪੁਸਤਕ ਹਾਲ ਮੁਰੀਦਾਂ ਦਾ ਵਿੱਚੋਂ ਵੀ ਇਹ ਇਕ ਹਵਾਲਾ ਦੇਣਾ ਕੁਥਾਂ ਨਹੀਂ ਹੋਵੇਗਾ: ਸਰਕਾਰ ਤੇ ਬ੍ਰਾਹਮਣਵਾਦੀ ਸੋਚ ਦੇ ਕਾਇਲ ਲਾਲਚ ਵੱਸ ਆਏ ਬੁੱਧੀਜੀਵੀਓ, ਆਪਣੀ ਲੱਛੇਦਾਰ ਭੁਲੇਖਾ ਪਾਊ ਸ਼ਬਦਾਵਲੀ ਵਰਤਕੇ ਲੋਕਾਂ ਨੂੰ ਧੋਖਾ ਨਾ ਦਿਉ। ਇਹ ਮਤਾਂ ਲੀਡਰਾਂ ਨੂੰ ਕੁਰਸੀਆਂ ਤਾਂ ਦੇ ਸਕਦੀਆਂ ਹਨ, ਪਰ ਲੋਕਾਂ ਦੇ ਗਲਾਂ ਵਿੱਚ ਗ਼ੁਲਾਮੀ ਦਾ ਪਟਾ ਵੀ ਜਰੂਰ ਪਾਉਂਦੀਆਂ ਹਨ। ਜਿਹੜੀ ਸੋਚ ਗ਼ੁਲਾਮੀ ਦਾ ਬੰਧਨ ਮਜ਼ਬੂਤ ਕਰਦੀ ਹੈ ਦੂਜੇ ਬੰਨੇ ਅਸਾਲਟ ਕਲਚਰ ਨੂੰ ਵੀ ਜਨਮ ਦਿੰਦੀ ਹੈ। ਗ਼ੁਲਾਮੀ ਦੇ ਵਿਰੁੱਧ ਘੋਲ ਨੂੰ ਕੁਦਰਤ ਜਨਮ ਦਿੰਦੀ ਹੈ। ਕੁਦਰਤ ਦਾ ਟਾਕਰਾ ਨਾ ਰਾਜਸੀ ਤਾਕਤ ਕਰ ਸਕਦੀ ਤੇ ਨਾ ਹੀ ਨਕਾਰੇ ਬੁੱਧੀਜੀਵੀਆਂ ਦੀ ਸੋਚ। ਸੋ ਜਨਤਾ ਮਹਾਨ ਹੈ, ਸੰਗਤ ਪ੍ਰਧਾਨ ਹੈ। ਸੋ ਸਰਬੱਤ ਦੇ ਭਲੇ ਲਈ ਜੱਦੋ ਜਹਿਦ ਨੂੰ ਆਪਣੇ ਵਰਗੀਆਂ ਘੱਟ-ਗਿਣਤੀ ਸ਼ਕਤੀਆਂ (ਨਾ ਕਿ ਉੱਚੀਆਂ ਜਾਤਾਂ) ਨੂੰ ਨਾਲ ਲੈ ਕੇ ਜਾਰੀ ਰੱਖਣਾ ਹੀ ਅੱਜ ਦੀ ਸਾਰਥਿਕ ਨੀਤੀ ਹੈ। ਭਾਈਚਾਰੇ ਦੀ ਬਰਾਬਰਤਾ ਤੇ ਸਾਂਝੀਵਾਲਤਾ ਸਾਡੇ ਨਗਾਰੇ ਦੀ ਪਹਿਲੀ ਤੇ ਆਖਰੀ ਚੋਟ ਹੈ ਜਿਹੜੀ ਬ੍ਰਾਹਮਣਵਾਦ ਨੂੰ ਚੁੱਭਦੀ ਹੈ। (ਹਵਾਲਾ ਪੁਸਤਕ ਹਾਲ ਮੁਰੀਦਾਂ ਦਾ ਪੰਨਾ 75 ਲੇਖਕ ਜਸਵੰਤ ਸਿੰਘ ਕੰਵਲ)

ਵਜ਼ੀਰੀਆਂ ਤੇ ਬਾਦਸ਼ਾਹੀਆਂ ਸਿੱਖੀ ਦਾ ਵਿਸ਼ਾ ਨਹੀਂ, ਬਾਦਸ਼ਾਹੀਆਂ ਸਿੱਖੀ ਦੇ ਦਰ ਉੱਤੇ ਝੁੱਕਦੀਆਂ ਤੇ ਚਰਨ ਬੰਦਨਾ ਕਰਦੀਆਂ ਹਨ। ਸਿੱਖੀ ਮਾਇਆਵਾਦ ਦੇ ਵਿਰੁੱਧ ਇਕ ਬਗਾਵਤ ਹੈ। ਇਹ ਸਾਂਝੀਵਾਲਤਾ ਦੀ ਉਪਦੇਸ਼ਿਕ ਹੈ। ਦੀਨ ਦੁਖੀਆਂ ਤੇ ਮਜਲੂਮਾਂ ਦੀ ਸਹਾਇਤਾ ਕਰਦਿਆਂ ਹੋਇਆਂ ਪ੍ਰਾਣਾਂ ਦੀ ਬਾਜ਼ੀ ਲੱਗ ਜਾਵੇ ਤਾਂ ਸਿੱਖ ਅੰਤਿਮ ਸਮੇਂ ਇਹੀ ਕਹੇਗਾ ਕਿ ਅਜਿਹਾ ਕਰਨਾ ਮੇਰਾ ਫ਼ਰਜ਼ ਸੀ। ਦਾਸ ਪ੍ਰੀਤਮ ਸਿੰਘ ਨੂੰ ਬੇਨਤੀ ਕਰੇਗਾ ਕਿ ਭਾਈ ਜੋਧ ਸਿੰਘ ਦੀ ਸੰਪਾਦਿਤ ਕੀਤੀ ਪੁਸਤਕ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਛਪੀ ਹੈ ਸਿੱਖੀ ਕੀ ਹੈ, ਜਰੂਰ ਪੜ੍ਹੋ ਜੇ ਹੋਰ ਸਿੱਖੀ ਬਾਰੇ ਪੂਰੀ ਜਾਣਕਾਰੀ ਲੈਣੀ ਚਾਹੁੰਦੇ ਤਾਂ ਭਾਈ_ਗੁਰਦਾਸ ਦੀਆਂ ਵਾਰਾਂ ਪੜ੍ਹਨ ਦੀ ਕ੍ਰਿਪਾਲਤਾ ਕਰਨੀ।

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

# ਕਰਤਾਰਪੁਰ ਲਾਂਘਾ ਮੁੜ ਖੋਲ੍ਹਿਆ ਜਾਵੇ

**ਪਲਵਿੰਦਰ ਸੋਹਲ**



ਪਿਛਲੇ ਸਾਲਾਂ ਵਿਚ ਇਸ ਲਾਂਘੇ ਵਿਚ ਗਏ ਲੋਕਾਂ ਦੀਆਂ ਗ਼ੈਰ-ਕਾਨੂੰਨੀ ਤੇ ਦੇਸ਼ ਵਿਰੋਧੀ ਕਾਰਵਾਈਆਂ ਸਾਹਮਣੇ ਨਹੀਂ ਆਈਆਂ ਹਨ। ਪੰਜਾਬ 'ਚ ਡੇਰਾ ਬਾਬਾ ਨਾਨਕ ਕਸਬੇ ਨੂੰ ਹੋਰ ਵਿਕਸਿਤ ਕਰਨ ਦੀ ਲੋੜ ਹੈ। ਅੰਮ੍ਰਿਤਸਰ, ਬਟਾਲਾ, ਡੇਰਾ ਬਾਬਾ ਨਾਨਕ ਨੂੰ ਇਕ ਧਾਰਮਿਕ ਗਲਿਆਰੇ ਦੇ ਤੌਰ 'ਤੇ ਵਿਕਸਿਤ ਕੀਤਾ ਜਾ ਸਕਦਾ ਹੈ। ਇਸ ਮੁੱਦੇ 'ਤੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ, ਸਭ ਧਾਰਮਿਕ ਸੰਸਥਾਵਾਂ ਤੇ ਸਾਰੇ ਸਿਆਸੀ ਦਲਾਂ ਨੂੰ ਇਕ ਵਫ਼ਦ ਦੇ ਤੌਰ 'ਤੇ ਵੀ ਕੇਂਦਰ ਸਰਕਾਰ ਤੱਕ ਪਹੁੰਚ ਕਰਕੇ ਇਸ ਲਾਂਘੇ ਨੂੰ ਦੁਬਾਰਾ ਖੋਲ੍ਹਣ ਲਈ ਬੇਨਤੀ ਕਰਨੀ ਚਾਹੀਦੀ ਹੈ।

ਉਸ ਸਮੇਂ ਕਰੋੜਾਂ ਲੋਕਾਂ ਦੀਆਂ ਅਰਦਾਸਾਂ ਨੂੰ ਬੂਰ ਪਿਆ ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮਭੂਮੀ ਪਾਕਿਸਤਾਨ ਸਥਿਤ ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨ ਕਰਨ ਦੀ ਭਾਰਤੀਆਂ ਨੂੰ ਨਵੰਬਰ 2019 ਵਿਚ ਖੁੱਲ੍ਹ ਮਿਲੀ ਸੀ। ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਇਤਿਹਾਸਕ ਫ਼ੈਸਲਾ ਲੈਂਦਿਆਂ ਭਾਰਤੀ ਪੰਜਾਬ ਤੋਂ ਮਹਿਜ਼ 3 ਕਿਲੋਮੀਟਰ ਦੂਰ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਤੱਕ ਭਾਰਤੀ ਸ਼ਰਧਾਲੂਆਂ ਲਈ ਇਕ ਲਾਂਘੇ ਦਾ ਨਿਰਮਾਣ ਕੀਤਾ ਸੀ ਅਤੇ ਭਾਰਤੀ ਪੰਜਾਬ ਵਿਚ ਸਥਿਤ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ 'ਚ ਸਥਿਤ ਗੁਰਦੁਆਰਾ ਸਾਹਿਬ ਤੱਕ ਲਾਂਘੇ ਦੀ ਬਹੁਤ ਵਧੀਆ ਉਸਾਰੀ ਕਰਵਾਈ ਸੀ। 9 ਨਵੰਬਰ, 2019 ਨੂੰ ਇਸ ਲਾਂਘੇ ਦੇ ਉਦਘਾਟਨ ਸਮੇਂ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਸਮੇਤ ਸਾਰੀ ਸਿਆਸੀ ਤੇ ਧਾਰਮਿਕ ਲੀਡਰਸ਼ਿਪ ਮੌਜੂਦ ਸਨ। ਇਹ ਇਕ ਇਤਿਹਾਸਕ ਪਲ ਸੀ। ਸੰਸਾਰ ਭਰ ਦੇ ਬਾਬੇ ਨਾਨਕ ਦੇ ਸ਼ਰਧਾਲੂਆਂ ਅਤੇ ਖ਼ਾਸ ਕਰਕੇ ਭਾਰਤੀ ਪੰਜਾਬ ਦੇ ਹਜ਼ਾਰਾਂ ਸ਼ਰਧਾਲੂਆਂ ਨੇ ਕੁਝ ਹੀ ਮਹੀਨਿਆਂ 'ਚ ਇਸ ਰੂਹਾਨੀ ਸਥਾਨ ਦੇ ਦਰਸ਼ਨ ਕੀਤੇ। ਪਰ 2020 'ਚ ਕੋਰੋਨਾ ਮਹਾਂਮਾਰੀ ਕਾਰਨ ਹੋਈ ਵਿਸ਼ਵਵਿਆਪੀ ਤਾਲਾਬੰਦੀ ਕਾਰਨ ਕਰਤਾਰਪੁਰ ਸਾਹਿਬ ਦਾ ਲਾਂਘਾ ਬੰਦ ਕਰ ਦਿੱਤਾ ਗਿਆ ਅਤੇ ਮਹਾਂਮਾਰੀ ਗੁਜ਼ਰਨ ਦੇ ਕਾਫ਼ੀ ਸਮੇਂ ਬਾਅਦ ਲਾਂਘੇ ਨੂੰ ਮੁੜ ਖੋਲ੍ਹਿਆ ਗਿਆ। ਇਸ ਤੋਂ ਬਾਅਦ ਫਿਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਇਸ ਪਾਵਨ ਸਥਾਨ ਦੇ ਦਰਸ਼ਨ ਕੀਤੇ।

ਪਰ ਲੰਘੀ 22 ਅਪ੍ਰੈਲ ਨੂੰ ਪਹਿਲਗਾਮ 'ਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਭਾਰਤ ਵਲੋਂ ਅੱਤਵਾਦ ਅਤੇ ਪਾਕਿਸਤਾਨ ਖ਼ਿਲਾਫ਼ ਸ਼ੁਰੂ ਕੀਤੇ 'ਆਪ੍ਰੇਸ਼ਨ ਸੰਧੂਰ' ਦੌਰਾਨ ਇਹ ਲਾਂਘਾ ਇਕ ਵਾਰ ਫਿਰ ਬੰਦ ਕਰ ਦਿੱਤਾ ਗਿਆ। ਚਾਰ ਦਿਨਾਂ ਦੇ ਫ਼ੌਜੀ ਟਕਰਾਅ ਤੋਂ ਬਾਅਦ 10 ਮਈ ਨੂੰ ਦੋਵਾਂ ਦੇਸ਼ਾਂ ਵਲੋਂ ਜੰਗਬੰਦੀ ਕਰ ਦਿੱਤੀ ਗਈ। ਉਸ ਤੋਂ ਬਾਅਦ ਹਾਲਾਤ ਹੌਲੀ-ਹੌਲੀ ਆਮ ਹੋ ਰਹੇ ਹਨ, ਹਾਲਾਂਕਿ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਘੱਟ ਨਹੀਂ ਰਿਹਾ। ਪਾਕਿਸਤਾਨ ਦੁਆਰਾ ਅੱਤਵਾਦੀ ਕਾਰਵਾਈਆਂ ਤੇ ਅੱਤਵਾਦੀ ਸੰਗਠਨਾਂ ਨੂੰ ਦਿੱਤਾ ਜਾ ਰਿਹਾ ਖੁੱਲ੍ਹਾ ਸਮਰਥਨ ਦੋਵਾਂ ਦੇਸ਼ਾਂ ਦਰਮਿਆਨ ਅਮਨ ਤੇ ਸ਼ਾਂਤੀ ਦੇ ਰਾਹ ਵਿਚ ਵੱਡੀ ਰੁਕਾਵਟ ਬਣ ਰਿਹਾ ਹੈ। ਭਾਰਤ ਸਰਕਾਰ ਦੁਆਰਾ ਕਿਸੇ ਵੀ ਅੱਤਵਾਦੀ ਹਮਲੇ ਦਾ ਸਖ਼ਤ ਜਵਾਬ ਦੇਣ ਲਈ 'ਆਪ੍ਰੇਸ਼ਨ ਸੰਧੂਰ' ਨੂੰ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ ਅਤੇ ਪਾਕਿਸਤਾਨ ਨਾਲ 'ਸਿੰਧੂ ਜਲ ਸਮਝੌਤਾ' ਰੱਦ ਕਰ ਦਿੱਤਾ ਗਿਆ ਹੈ। ਇਹ ਹਾਲਾਤ ਪੂਰੇ ਵਿਸ਼ਵ ਖ਼ਾਸ ਕਰਕੇ ਦੱਖਣੀ ਏਸ਼ੀਆਈ ਖਿੱਤੇ ਲਈ ਅਤਿ ਖ਼ਤਰਨਾਕ ਤੇ ਨੁਕਸਾਨਦਾਇਕ ਹਨ। ਅਜੋਕਾ ਯੁੱਗ ਯੁੱਧ ਦਾ ਨਹੀਂ, ਸਗੋਂ ਸ਼ਾਂਤੀ ਤੇ ਵਿਕਾਸ ਦਾ ਹੈ ਤੇ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੋ ਸਕਦੀ। ਜੰਗ ਵਿਚ ਸਿਰਫ਼ ਤੇ ਸਿਰਫ਼ ਤਬਾਹੀ ਦਾ ਮੰਜ਼ਰ ਹੀ ਪੈਦਾ ਹੁੰਦਾ ਹੈ। ਇਜ਼ਰਾਈਲ-ਫ਼ਿਲਸਤੀਨ ਅਤੇ ਰੂਸ-ਯੂਕਰੇਨ ਦਰਮਿਆਨ ਪਿਛਲੇ ਲੰਮੇ ਸਮੇਂ ਤੋਂ ਚੱਲ ਰਿਹਾ ਯੁੱਧ ਇਸੇ ਮੰਜ਼ਰ ਦੀ ਉਦਾਹਰਨ ਹੈ ਤੇ ਭਾਰਤ ਤੇ ਪਾਕਿਸਤਾਨ ਨੂੰ ਪ੍ਰਮਾਣੂ ਸ਼ਕਤੀ ਵਾਲੇ ਰਾਸ਼ਟਰ ਹੁੰਦਿਆਂ ਇਸ ਤੱਥ ਨੂੰ ਮੰਨਣਾ ਪਵੇਗਾ।

ਇਨ੍ਹਾਂ ਸਥਿਤੀਆਂ 'ਚ ਕਰਤਾਰਪੁਰ ਲਾਂਘਾ ਬੰਦ ਹੋਣ ਨਾਲ ਸਿੱਖ ਜਗਤ ਵਿਚ ਨਿਰਾਸ਼ਾ ਫੈਲ ਰਹੀ ਹੈ। ਇਸ ਸਥਾਨ ਦੇ ਦਰਸ਼ਨ ਲਈ ਸਿੱਖ ਸੰਗਤ ਰੋਜ਼ਾਨਾ ਅਰਦਾਸ ਕਰ ਰਹੀ ਹੈ। ਇਸ ਲਈ ਹੁਣ ਸਮੇਂ ਦੀ ਲੋੜ ਹੈ ਕਿ ਕਰਤਾਰਪੁਰ ਲਾਂਘੇ ਨੂੰ ਮੁੜ ਖੋਲ੍ਹਣ ਲਈ ਸ਼੍ਰੋਮਣੀ ਕਮੇਟੀ ਸਮੇਤ ਸਾਰੀਆਂ ਪੰਥਕ ਸੰਸਥਾਵਾਂ, ਸਿਆਸੀ ਦਲ, ਨੇਤਾ, ਲੇਖਕ, ਬੁੱਧੀਜੀਵੀ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਬੇਨਤੀ ਕਰਨ ਕਿ ਕਰਤਾਰਪੁਰ ਲਾਂਘਾ ਦੁਬਾਰਾ ਖੋਲ੍ਹ ਕੇ ਸ਼ਰਧਾਲੂਆਂ ਨੂੰ ਇਸ ਪਾਵਨ ਇਤਿਹਾਸਕ ਸਥਾਨ ਦੇ ਦਰਸ਼ਨ ਕਰਨ ਦੀ ਆਗਿਆ ਦਿੱਤੀ ਜਾਵੇ। ਇਸ ਸੰਬੰਧੀ ਸਭ ਨੂੰ ਮਿਲ ਕੇ ਕੇਂਦਰ ਸਰਕਾਰ ਕੋਲ ਬੇਨਤੀ ਕਰਨੀ ਚਾਹੀਦੀ ਹੈ। ਅਜਿਹੇ ਯਤਨਾਂ ਦੀ ਹੁਣ ਦੁਬਾਰਾ ਬਹੁਤ ਵੱਡੀ ਜ਼ਰੂਰਤ ਹੈ, ਕਿਉਂਕਿ 2019 ਤੋਂ ਪਹਿਲਾਂ ਵੀ ਤੇ ਬਾਅਦ ਵੀ ਕੁਝ ਤਾਕਤਾਂ ਇਸ ਲਾਂਘੇ ਨੂੰ ਖੋਲ੍ਹਣ ਦੇ ਵਿਰੁੱਧ ਸਨ। ਇਸੇ ਕਾਰਨ ਇਸ ਲਾਂਘੇ ਨੂੰ ਕਈ ਤਰ੍ਹਾਂ ਦੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਸੀ। ਪਰ ਪਾਕਿਸਤਾਨ ਦੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਚੜ੍ਹਦੇ ਪੰਜਾਬ ਦੇ ਉਸ ਸਮੇਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਯਤਨਾਂ ਸਦਕਾ ਸਿੱਖ ਪੰਥ ਦੀ ਇਹ ਚਿਰੋਕਣੀ ਮੰਗ ਪੂਰੀ ਹੋ ਗਈ ਸੀ। ਭਾਵੇਂ ਕਿ ਰਾਸ਼ਟਰੀ ਸੁਰੱਖਿਆ ਕਾਰਨ ਸਖ਼ਤੀ ਤੇ ਕਈ ਕਾਗਜ਼ੀ ਕਾਰਵਾਈਆਂ ਕਾਰਨ ਅਜੇ ਤੱਕ ਓਨੀ ਵੱਡੀ ਗਿਣਤੀ ਵਿਚ ਸ਼ਰਧਾਲੂ ਇਸ ਗੁਰਦੁਆਰਾ ਸਾਹਿਬ ਦੇ ਦਰਸ਼ਨ ਨਹੀਂ ਕਰ ਸਕੇ ਜਿੰਨੀ ਆਸ ਸੀ ਪਰ ਇਸ ਲਾਂਘੇ ਕਾਰਨ ਸਿੱਖ ਪੰਥ ਦੇ ਹਿਰਦਿਆਂ ਨੂੰ ਅਸੀਮ ਸੁੱਖ ਮਿਲਿਆ ਸੀ। ਇਹ ਲਾਂਘਾ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ 'ਤੇ ਜੰਮੀ ਨਫ਼ਰਤ ਦੀ ਬਰਫ਼ ਨੂੰ ਪਿਘਲਾਉਣ ਦਾ ਜ਼ਰੀਆ ਬਣਦਾ ਪ੍ਰਤੀਤ ਹੋ ਰਿਹਾ ਸੀ ਪਰ ਅਚਾਨਕ ਬਣੇ ਹਾਲਾਤ ਕਾਰਨ ਇਹ ਲਾਂਘਾ ਬੰਦ ਹੋ ਗਿਆ। ਪਾਕਿਸਤਾਨ ਦੀ ਨੀਅਤ ਤੇ ਨੀਤੀ ਨਿੰਦਣਯੋਗ ਹਨ। ਅੱਤਵਾਦ ਰਾਹੀਂ ਮਾਸੂਮਾਂ ਦਾ ਖ਼ੂਨ ਡੋਲ੍ਹਣਾ ਬਹੁਤ ਨਿੰਦਣਯੋਗ ਕਾਰਾ ਹੈ। ਪਾਕਿਸਤਾਨ ਨੂੰ ਆਪਣੀ ਇਹ ਨੀਤੀ ਬਦਲਣ ਦੀ ਲੋੜ ਹੈ ਤੇ ਇਸੇ ਵਿਚ ਹੀ ਉਸ ਦੀ ਭਲਾਈ ਹੈ। ਇਸ ਸਮੇਂ ਸੁਰੱਖਿਆ ਪੱਖੋਂ ਹਾਲਾਤ ਅਤਿ ਚੌਕਸੀ ਵਾਲੇ ਹਨ ਪਰ ਕਰੋੜਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਇਹ ਮਸਲਾ ਚੰਗੇ ਸੁਰੱਖਿਆ ਪ੍ਰਬੰਧ ਕਰਕੇ ਹੱਲ ਕੀਤਾ ਜਾ ਸਕਦਾ ਹੈ ਤੇ ਕਰਤਾਰਪੁਰ ਲਾਂਘਾ ਖੋਲ੍ਹਿਆ ਜਾ ਸਕਦਾ ਹੈ।

ਪਿਛਲੇ ਸਾਲਾਂ ਵਿਚ ਇਸ ਲਾਂਘੇ ਵਿਚ ਗਏ ਲੋਕਾਂ ਦੀਆਂ ਗ਼ੈਰ-ਕਾਨੂੰਨੀ ਤੇ ਦੇਸ਼ ਵਿਰੋਧੀ ਕਾਰਵਾਈਆਂ ਸਾਹਮਣੇ ਨਹੀਂ ਆਈਆਂ ਹਨ। ਪੰਜਾਬ 'ਚ ਡੇਰਾ ਬਾਬਾ ਨਾਨਕ ਕਸਬੇ ਨੂੰ ਹੋਰ ਵਿਕਸਿਤ ਕਰਨ ਦੀ ਲੋੜ ਹੈ। ਅੰਮ੍ਰਿਤਸਰ, ਬਟਾਲਾ, ਡੇਰਾ ਬਾਬਾ ਨਾਨਕ ਨੂੰ ਇਕ ਧਾਰਮਿਕ ਗਲਿਆਰੇ ਦੇ ਤੌਰ 'ਤੇ ਵਿਕਸਿਤ ਕੀਤਾ ਜਾ ਸਕਦਾ ਹੈ। ਇਸ ਮੁੱਦੇ 'ਤੇ ਪੰਜਾਬ ਸਰਕਾਰ, ਸ਼੍ਰੋਮਣੀ ਕਮੇਟੀ, ਸਭ ਧਾਰਮਿਕ ਸੰਸਥਾਵਾਂ ਤੇ ਸਾਰੇ ਸਿਆਸੀ ਦਲਾਂ ਨੂੰ ਇਕ ਵਫ਼ਦ ਦੇ ਤੌਰ 'ਤੇ ਵੀ ਕੇਂਦਰ ਸਰਕਾਰ ਤੱਕ ਪਹੁੰਚ ਕਰਕੇ ਇਸ ਲਾਂਘੇ ਨੂੰ ਦੁਬਾਰਾ ਖੋਲ੍ਹਣ ਲਈ ਬੇਨਤੀ ਕਰਨੀ ਚਾਹੀਦੀ ਹੈ। ਆਸ ਹੈ ਕਿ ਜਲਦ ਹੀ ਦੋਵਾਂ ਦੇਸ਼ਾਂ ਦੇ ਸੰਬੰਧ ਸੁਧਰਨਗੇ ਅਤੇ ਜਲਦ ਹੀ ਸੰਗਤ ਨੂੰ ਇਸ ਪਵਿੱਤਰ ਧਾਰਮਿਕ ਸਥਾਨ ਦੇ ਦਰਸ਼ਨਾਂ ਲਈ ਕਰਤਾਰਪੁਰ ਲਾਂਘਾ ਮੁੜ ਖੋਲ੍ਹ ਦਿੱਤਾ ਜਾਵੇਗਾ।

## ਦਰਬਾਰ ਸਾਹਿਬ ਸਮੂਹ ਵਿਖੇ ਭਾਈ ਜਿੰਦਾ ਤੇ ਭਾਈ ਸੁੱਖਾ ਦੀ 33ਵੀਂ ਬਰਸੀ ਉਤਸ਼ਾਹ ਨਾਲ ਮਨਾਈ



ਅੰਮ੍ਰਿਤਸਰ-ਭਾਰਤ ਦੀ ਤਤਕਾਲੀ ਕੇਂਦਰ ਸਰਕਾਰ ਵਲੋਂ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ 'ਤੇ ਜੂਨ 1984 'ਚ ਤੋਪਾਂ ਟੈਂਕਾਂ ਨਾਲ ਕੀਤੇ ਗਏ ਫ਼ੌਜੀ ਹਮਲੇ ਦੇ ਰੋਸ ਵਜੋਂ, ਇਸ ਫ਼ੌਜੀ ਹਮਲੇ ਦੀ ਅਗਵਾਈ ਕਰਨ ਵਾਲੇ ਭਾਰਤੀ ਫ਼ੌਜ ਦੇ ਜਨਰਲ ਏ. ਐੱਸ. ਵੈਦਿਆ ਨੂੰ ਪੁਣੇ ਵਿਖੇ ਗੋਲੀਆਂ ਦਾ ਨਿਸ਼ਾਨਾ ਬਣਾਉਣ ਉਪਰੰਤ ਸੰਨ੍ਹ 1992 ਵਿਚ ਫ਼ਾਂਸੀ ਦੇ ਤਖ਼ਤੇ 'ਤੇ ਝੂਲਦਿਆਂ ਮਹਾਨ ਸ਼ਹਾਦਤਾਂ ਦੇਣ ਵਾਲੇ ਕੌਮੀ ਸ਼ਹੀਦਾਂ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ 33ਵੀਂ ਬਰਸੀ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਤੇ ਸਿੱਖ ਜਥੇਬੰਦੀਆਂ ਵਲੋਂ ਸ਼ਹੀਦਾਂ ਦੇ ਪਰਿਵਾਰਾਂ ਦੇ ਸਹਿਯੋਗ ਨਾਲ ਉਤਸ਼ਾਹ ਸਹਿਤ ਮਨਾਈ ਗਈ। ਅਕਾਲ ਤਖ਼ਤ ਸਾਹਿਬ ਵਲੋਂ ਐਲਾਨੇ ਦੋਵਾਂ ਕੌਮੀ ਸ਼ਹੀਦਾਂ ਦੀ ਬਰਸੀ ਮੌਕੇ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਅਖੰਡ ਪਾਠ ਦੇ ਭੋਗ ਪਾਏ ਜਾਣ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਦੇਵ ਸਿੰਘ ਖ਼ਾਲਸਾ ਦੇ ਜਥੇ ਨੇ ਗੁਰਬਾਣੀ ਕੀਰਤਨ ਸਰਵਨ ਕਰਾਇਆ।

ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਕਿਹਾ ਕਿ ਭਾਈ ਜਿੰਦਾ ਤੇ ਭਾਈ ਸੁੱਖਾ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਕੌਮ ਖਾਤਰ ਸ਼ਹਾਦਤ ਪ੍ਰਾਪਤ ਕੀਤੀ।

ਇਸ ਮੌਕੇ ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ ਵਲੋਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਭਾਈ ਭੁਪਿੰਦਰ ਸਿੰਘ ਗਦਲੀ, ਭਾਈ ਨਿਰਮਲ ਸਿੰਘ, ਬੀਬੀ ਕੁਲਵੰਤ ਕੌਰ, ਬੀਬੀ ਸੁਰਜੀਤ ਕੌਰ ਸਮੇਤ ਹੋਰਨਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸ਼੍ਰੋਮਣੀ ਕਮੇਟੀ ਵਲੋਂ ਸਿਰਪਾਓ ਭੇਟ ਕਰਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਪੰਥ ਸੇਵਕ ਜਥੇਬੰਦੀ ਦੇ ਮੁਖੀ ਭਾਈ ਦਲਜੀਤ ਸਿੰਘ ਬਿੱਟੂ, ਸਰਬੱਤ ਖ਼ਾਲਸਾ ਸੰਮੇਲਨ ਨਾਲ ਸੰਬੰਧਿਤ ਭਾਈ ਜਰਨੈਲ ਸਿੰਘ ਸਖੀਰਾ, ਬੇਅੰਤ ਸਿੰਘ ਖਿਆਲਾ, ਹਵਾਰਾ ਕਮੇਟੀ ਵਲੋਂ ਮਹਾਂਬੀਰ ਸਿੰਘ ਸੁਲਤਾਨਵਿੰਡ ਤੇ ਹੋਰ ਸੰਗਤਾਂ ਹਾਜ਼ਰ ਸਨ।

# ਗੁਰਿਆਈ ਦਿਵਸ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ : 6 ਕੱਤਕ ਬਨਾਮ ਕੱਤਕ ਵਦੀ 9

**ਸਰਵਜੀਤ ਸਿੰਘ ਸੈਕਰਾਮੈਂਟੋ**



ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ, ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਧੁਮੱਕੜਸ਼ਾਹੀ ਕੈਲੰਡਰ ਮੁਤਾਬਕ, ਇਸ ਸਾਲ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਗੱਦੀ ਦਿਵਸ ਅਤੇ ਗੁਰੂ ਹਰਿਰਾਏ ਜੀ ਦਾ ਜੋਤੀ ਜੋਤ ਦਿਹਾੜਾ 30 ਅੱਸੂ (15 ਅਕਤੂਬਰ) ਦਾ ਦਰਜ ਹੈ। ਸਿੱਖ ਇਤਿਹਾਸ ਦੀਆਂ ਕਈ ਤਾਰੀਖਾਂ ਬਾਰੇ ਵਿਦਵਾਨਾਂ ਵਿੱਚ ਮੱਤ ਭੇਦ ਹਨ ਪਰ ਇਨ੍ਹਾਂ ਦੋਵਾਂ ਤਾਰੀਖਾਂ ਬਾਰੇ ਤਕਰੀਨ ਸਾਰੇ ਹੀ ਵਿਦਵਾਨ (ਇਕ-ਦੋ ਨੂੰ ਛੱਡ ਕੇ) ਸਹਿਮਤ ਹਨ। ਉਸ ਵੇਲੇ ਦੇ ਪ੍ਰਚਲਤ ਕੈਲੰਡਰ (ਚੰਦਰ-ਸੂਰਜੀ ਬਿਕ੍ਰਮੀ, ਸੂਰਜੀ ਸਿਧਾਂਤ, ਚੇਤ੍ਰਾਦੀ, ਪੂਰਨਮੰਤਾ) ਮੁਤਾਬਕ ਇਤਿਹਾਸ ਨਾਲ ਸਬੰਧਿਤ ਤਾਰੀਖਾਂ ਦੋਵੇਂ ਤਰ੍ਹਾਂ ਹੀ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਲਿਖੀਆਂ ਜਾਂਦੀਆਂ ਸਨ। ਪਰ ਦੋਹਾਂ ਵਿੱਚ ਫਰਕ ਬਹੁਤ ਹੈ। ਜੇ ਅਸੀਂ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਦੇ ਹਾਂ ਤਾਂ ਹਰ ਸਾਲ (ਸਾਲ ਭਾਵ 365 ਦਿਨ) ਉਸੇ ਪ੍ਰਵਿਸ਼ਟੇ ਨੂੰ ਆਵੇਗਾ। ਪਰ ਜੇ ਅਸੀਂ ਵਦੀ-ਸੁਦੀ ਨੂੰ ਮੁਖ ਰੱਖਦੇ ਹਾਂ ਤਾਂ ਇਹ ਦਿਹਾੜਾ ਦੋ-ਤਿੰਨ ਸਾਲ ਤਾਂ 354 ਦਿਨਾਂ ਪਿਛੋਂ, ਤੀਜੇ-ਚੋਥੇ ਸਾਲ 384 ਦਿਨਾਂ ਪਿਛੋਂ ਆਵੇਗਾ। ਭਾਵ ਪਿਛਲੇ ਸਾਲ ਤੋਂ 11 ਦਿਨ ਪਹਿਲਾ ਜਾਂ 18-19 ਦਿਨ ਪਿੱਛੋਂ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੱਜ-ਕੱਲ੍ਹ ਦੋਵਾਂ ਕੈਲੰਡਰਾਂ ਮੁਤਾਬਕ ਹੀ (354 ਦਿਨਾਂ ਵਾਲਾ ਸਾਲ ਅਤੇ 365 ਦਿਨਾਂ ਵਾਲਾ ਸਾਲ) ਕੈਲੰਡਰ ਛਾਪਦੀ ਹੈ। ਸਾਰੇ ਦਿਹਾੜੇ ਸੂਰਜੀ ਸਾਲ (365 ਦਿਨ) ਮੁਤਾਬਕ ਕਿਉਂ ਨਹੀਂ ਮਨਾ ਸਕਦੇ? ਇਸ ਸਵਾਲ ਦਾ ਤਸੱਲੀ ਬਖਸ਼ ਜਵਾਬ ਅੱਜ ਤੱਕ ਪੜ੍ਹਨ/ਸੁਨਣ ਨੂੰ ਨਹੀਂ ਮਿਲਿਆ।

ਸਿੱਖ ਇਤਿਹਾਸ ਦੇ ਸਾਰੇ ਵਸੀਲੇ ਇਕ ਮੱਤ ਹਨ ਕਿ ਗੁਰੂ ਹਰਿਰਾਏ ਜੀ 6 ਕੱਤਕ, ਕੱਤਕ ਵਦੀ 9 ਸੰਮਤ 1718 ਬਿਕ੍ਰਮੀ ਨੂੰ ਜੋਤੀ ਜੋਤ ਸਮਾਏ ਸਨ। ਇਸ ਦਿਨ ਹੀ ਗੁਰੂ ਹਰਿਕ੍ਰਿਸ਼ਨ ਜੀ ਗੁਰਤਾ ਗੱਦੀ 'ਤੇ ਬਿਰਾਜਮਾਨ ਹੋਏ ਸਨ। ਅੰਗਰੇਜਾਂ ਦੇ ਆਉਣ ਤੋਂ ਪਿਛੋਂ ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ 6 ਅਕਤੂਬਰ 1661 ਈ: (ਜੂਲੀਅਨ) ਲਿਖੀ ਗਈ।

ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਕੀਤੀ ਗਈ ਪੁਸਤਕ, 'ਗੁਰਮਤਿ ਗਿਆਨ' (ਦਰਜਾ ਦੂਜਾ) ਵਿੱਚ ਦੋਵੇਂ ਦਿਹਾੜਿਆਂ ਦੀ ਤਾਰੀਖ 6 ਅਕਤੂਬਰ 1661 ਈ: ਹੀ ਦਰਜ ਕੀਤੀ ਹੋਈ ਹੈ। ਸ਼੍ਰੋਮਣੀ ਕਮੇਟੀ ਦੀ ਵੈੱਬਸਾਇਟ ਉੱਪਰ, "Knowing that the end was near, Sri Guru Har Rai Ji installed his younger son Har Krishna as the Eighth Nanak and passed away on Kartik Vadi 9 (5 Kartik), Bikrami Samvat 1718, **( 6th October, 1661) at Kiratpur Sahib.(sgpc.net)** ਇਥੇ ਕੱਤਕ ਵਦੀ 9 ਸੰਮਤ 1718 ਬਿਕ੍ਰਮੀ ਅਤੇ 6 ਅਕਤੂਬਰ 1661 ਈ: (ਜੂਲੀਅਨ) ਤਾਂ ਸਹੀ ਹੈ ਪਰ 5 ਕੱਤਕ ਠੀਕ ਨਹੀਂ। ਇਥੇ 6 ਕੱਤਕ ਚਾਹੀਦਾ ਹੈ।

| ਸੰਮਤ ਨ:ਸ: | ਬਿਕ੍ਰਮੀ ਕੈਲੰਡਰ | ਨਾਨਕਸ਼ਾਹੀ ਕੈਲੰਡਰ |
|---|---|---|
| 548 | 9 ਕੱਤਕ | 6 ਕੱਤਕ |
| 549 | 28 ਅੱਸੂ | 6 ਕੱਤਕ |
| 550 | 17 ਕੱਤਕ | 6 ਕੱਤਕ |
| 551 | 6 ਕੱਤਕ | 6 ਕੱਤਕ |
| 552 | 24 ਕੱਤਕ | 6 ਕੱਤਕ |
| 553 | 14 ਕੱਤਕ | 6 ਕੱਤਕ |
| 554 | 3 ਕੱਤਕ | 6 ਕੱਤਕ |
| 555 | 21 ਕੱਤਕ | 6 ਕੱਤਕ |
| 556 | 9 ਕੱਤਕ | 6 ਕੱਤਕ |
| 557 | 30 ਅੱਸੂ | 6 ਕੱਤਕ |




ਸ਼੍ਰੋਮਣੀ ਕਮੇਟੀ ਦੀ ਡਾਰਿਰੀ 1965-66 (ਸਿੱਖ ਕੈਲੰਡਰ) ਵਿੱਚ ਗੁਰੂ ਹਰਿਰਾਏ ਜੀ ਦਾ ਜੋਤੀ ਜੋਤ ਦਿਹਾੜਾ 7 ਕੱਤਕ/6 ਅਕਤੂਬਰ ਦਰਜ ਹੈ। ਅਤੇ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰਗੱਦੀ ਦਿਵਸ, 6 ਕੱਤਕ 7 ਅਕਤੂਬਰ ਦਰਜ ਹੈ। ਸਿੱਖ ਡਾਇਰੀ 1969 ਵਿੱਚ ਇਹ ਦੋਵੇ ਦਿਹਾੜੇ 3 ਨਵੰਬਰ ਦੇ ਦਰਜ ਹਨ। 1969 ਈ: ਵਿੱਚ 3 ਨਵੰਬਰ ਵਾਲੇ ਦਿਨ ਕੱਤਕ ਵਦੀ 9 ਸੀ।

ਕੱਤਕ ਵਦੀ 9, ਕੱਤਕ ਪ੍ਰਵਿਸ਼ਟੇ 5 ਸੰਮਤ 1718 ਬਿ:, 6 ਅਕਤੂਬਰ ਸੰਨ 1661 ਈ: (ਖਾਲਸਾ ਡਾਇਰੀ 1975-76)

ਸ਼੍ਰੋਮਣੀ ਡਾਇਰੀ 1991 ਈ: ਜੋਤੀ ਜੋਤ ਗੁਰੂ ਹਰਿ ਰਾਇ ਜੀ ਕੱਤਕ ਵਦੀ 9, 6 ਅਕਤੂਬਰ ਹੀ ਦਰਜ ਹੈ ਪਰ ਗੁਰਗੱਦੀ ਦਿਵਸ ਗੁਰੂ ਹਰਿਕ੍ਰਿਸ਼ਨ ਜੀ ਕੱਤਕ ਵਦੀ 10 , 7 ਅਕਤੂਬਰ ਦਰਜ ਹੈ।

ਸ਼੍ਰੋਮਣੀ ਡਾਇਰੀ 1992 ਈ: ਵਿੱਚ ਜੋਤੀ ਜੋਤ ਗੁਰੂ ਹਰਿ ਰਾਇ ਜੀ ਕੱਤਕ ਵਦੀ 9, 6 ਅਕਤੂਬਰ ਹੀ ਦਰਜ ਹੈ ਪਰ ਗੁਰਗੱਦੀ ਦਿਵਸ ਗੁਰੂ ਹਰਿਕ੍ਰਿਸ਼ਨ ਜੀ ਕੱਤਕ ਵਦੀ 9, 7 ਅਕਤੂਬਰ ਦਰਜ ਹੈ।

ਨਾਨਕਸ਼ਾਹੀ ਕੈਲੰਡਰ ਦਾ ਬਿਨਾ ਕਿਸੇ ਖਾਸ ਕਾਰਨ ਦੇ, ਸਿਰਫ ਵਿਰੋਧ ਕਰਨ ਲਈ ਵਿਰੋਧ ਕਰਨ ਵਾਲਾ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਵੀ ਇਨ੍ਹਾਂ ਤਾਰੀਖਾਂ (6 ਕੱਤਕ, ਕੱਤਕ ਵਦੀ ਸੰਮਤ 1718 ਬਿਕ੍ਰਮੀ, 6 ਅਕਤੂਬਰ 1666 ਈ:) ਨਾਲ ਸਹਿਮਤ ਹੈ।

ਡਾ. ਸੁਖਦਿਆਨ ਸਿੰਘ ਲਿਖਦਾ ਹੈ, "ਪਰ ਗੁਰੂ ਹਰਿਰਾਇ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਛੋਟੇ ਪੁੱਤਰ ਹਰਿ ਕਰਿਸ਼ਨ ਜੀ ਨੂੰ ਆਪਣਾ ਉਤਰ ਅਧਿਕਾਰੀ ਥਾਪ ਦਿੱਤਾ। ਇਸ ਤਰ੍ਹਾਂ ਗੁਰੂ ਜੀ ਨੇ ਲੀਡਰਸ਼ਿਪ ਦਾ ਸੰਕਟ ਪੈਦਾ ਨਹੀਂ ਹੋਣ ਦਿੱਤਾ। ਇਸੇ ਸਮੇਂ ਦੌਰਾਨ ਗੁਰੂ ਹਰਿਰਾਇ ਜੀ 31 ਸਾਲਾਂ ਦੀ ਭਰ ਜੁਆਨੀ ਦੀ ਉਮਰ ਵਿੱਚ 6 ਅਕਤੂਬਰ 1661 ਈ: ਨੂੰ ਜੋਤੀ ਜੋਤ ਸਮਾ ਗਏ"। (ਪੰਨਾ 187)

ਡਾ. ਹਰਜਿੰਦਰ ਸਿੰਘ ਦਿਲਗੀਰ ਵੀ 6 ਅਕਤੂਬਰ 1661 ਈ: ਨਾਲ ਸਹਿਮਤ ਹੈ।

ਦਮਦਮੀ ਟਕਸਾਲ ਦੀ ਵੱਡ ਅਕਾਰੀ ਪੁਸਤਕ 'ਗੁਰਬਾਣੀ ਪਾਠ ਦਰਪਣ' ਵਿੱਚ ਕੱਤਕ ਵਦੀ 9 ਸੰਮਤ 1718 ਬਿਕ੍ਰਮੀ, ਤਾਂ ਠੀਕ ਹੈ ਪਰ ਹੋਰ ਬਹੁਤ ਸਾਰੀਆਂ ਤਾਰੀਖਾਂ ਵਾਗੂੰ, ਅੰਗਰੇਜੀ ਤਾਰੀਖ ਲਿਖਣ ਵੇਲੇ ਇਥੇ ਵੀ ਉਹੀ ਗਲਤੀ ਕੀਤੀ ਹੋਈ ਹੈ। ਕੱਤਕ ਵਦੀ 9 ਸੰਮਤ 1718 ਬਿਕ੍ਰਮੀ, 8 ਨਵੰਬਰ 1661 ਈ: ਲਿਖੀ ਹੋਈ ਹੈ। ਹੁਣ ਜੇ 8 ਨਵੰਬਰ 1661 ਈ: (ਜੂਲੀਅਨ) ਨੂੰ ਮੁੱਖ ਰੱਖ ਕੇ ਵੇਖੀਏ ਤਾਂ ਇਹ 9 ਮੱਘਰ, ਮੱਘਰ ਵਦੀ 12, ਸੰਮਤ 1718 ਬਿਕ੍ਰਮੀ, ਦਿਨ ਸ਼ੁੱਕਰਵਾਰ ਬਣਦੀ ਹੈ। ਅਜੇਹੀ ਗਲਤੀ ਟਕਸਾਲ ਸਮੇਤ ਹੋਰ ਵੀ ਬਹੁਤ ਸਾਰੇ ਲੇਖਕਾਂ ਨੇ ਕੀਤੀ। ਇਸ ਦਾ ਕਾਰਨ ਇਹ ਹੈ ਕਿ ਕੱਤਕ ਵਦੀ 9 ਨੂੰ ਅੰਗਰੇਜੀ ਤਾਰੀਖ ਵਿੱਚ ਬਦਲੀ ਕਰਨ ਵੇਲੇ ਮੌਜੂਦਾ ਸਾਲ ਦੀ ਜੰਤਰੀ ਨਹੀਂ, ਬਲਕਿ ਸੰਮਤ 1718 ਬਿਕ੍ਰਮੀ ਦੀ ਜੰਤਰੀ ਵੇਖਣੀ ਪਵੇਗੀ। ਇਹ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਜਦੋਂ 'ਗੁਰਬਾਣੀ ਪਾਠ ਦਰਪਣ' ਦੇ ਲਖਾਰੀ ਨੇ ਇਹ ਕਿਤਾਬ ਲਿਖੀ ਗਈ ਹੋਵੇਗੀ, ਉਨ੍ਹਾਂ ਉਸ ਸਾਲ ਦੀ ਜੰਤਰੀ ਵੇਖ ਲਈ ਹੋਵੇ। ਕੱਤਕ ਵਦੀ 9 ਵਾਲੇ ਦਿਨ 8 ਨਬੰਵਰ,1955 ਈ: ਵਿੱਚ ਆਈ ਸੀ। ਹੋ ਸਕਦਾ ਹੈ ਟਕਸਾਲ ਨੇ ਗੁਰਪ੍ਰਨਾਲੀ 1955 ਈ: ਵਿੱਚ ਤਿਆਰ ਕੀਤੀ ਹੋਵੇ।

ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਅਤੇ ਗੁਰੂ ਹਰਿਰਾਇ ਸਾਹਿਬ ਜੀ ਦਾ ਜੋਤੀ-ਜੋਤ ਪੁਰਬ ਬਿਕ੍ਰਮੀ ਕੈਲੰਡਰ ਅਤੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਸੰਮਤ ੫੪੮ ਤੋਂ ੫੫੭ ਦੌਰਾਨ ਹੇਠਾਂ ਦਿੱਤੇ ਟੇਬਲ ਅਨੁਸਾਰ ਆਇਆ :

ਡਾ ਤ੍ਰਿਲੋਚਨ ਸਿੰਘ ਜੀ ਲਿਖਦੇ ਹਨ, "A day before the Dussehra festival Guru Hari Rai announced that Hari Krishan would be installed his successor and the Eighth Guru of the Sikh Community, the next day. Early the next morning, Asu Vadi 10, Samvat 1718, 23rd September 1661 A.D. prayers were performed and a large congregation sang Psalms and Hymns for the joyful occasion. A special durbar was held in the place known as Takhat Asthan in Kiratpur...Thus Sri Hari Krishan was installed the Guru on 23rd September 1661"? (Life of Guru Hari Krishan, Page 86)

ਹੁਣ ਇਥੇ ਸਾਡੇ ਸਾਹਮਣੇ ਗੁਰੂ ਹਰਿਕ੍ਰਿਸ਼ਨ ਜੀ ਦੇ ਗੁਰਗੱਦੀ ਦਿਹਾੜੇ ਦੀ ਇਕ ਨਵੀ ਤਾਰੀਖ ਅੱਸੂ ਵਦੀ 10, ਸੰਮਤ 1718 ਬਿਕ੍ਰਮੀ 23 ਸਤੰਬਰ 1661 ਈ: (ਜੂਲੀਅਨ) ਆ ਗਈ ਹੈ। ਗੁਰੂ ਹਰਿਰਾਏ ਜੀ ਵੱਲੋਂ ਆਪਣੇ ਉੱਤਰ ਅਧਿਕਾਰੀ ਦਾ ਐਲਾਨ, ਦੁਸਹਿਰੇ ਤੋਂ ਇਕ ਦਿਨ ਪਹਿਲਾ ਭਾਵ ਅੱਸੂ ਵਦੀ 9, 22 ਸਤੰਬਰ 1661 ਈ: ਨੂੰ ਕੀਤਾ ਗਿਆ ਸੀ। ਹੁਣ ਜੇ ਅੱਸੂ ਵਦੀ 10 ਸੰਮਤ 1718 ਬਿਕ੍ਰਮੀ ਨੂੰ ਜੂਲੀਅਨ ਵਿੱਚ ਬਦਲੀ ਕਰੀਏ ਤਾਂ ਇਹ 8 ਸਤੰਬਰ ਬਣਦੀ 1661 ਈ: ਬਣਦੀ ਹੈ। ਜੇ 23 ਸਤੰਬਰ 1661 ਈ: (ਜੂਲੀਅਨ) ਨੂੰ ਬਿਕ੍ਰਮੀ ਵਿੱਚ ਬਦਲੀ ਕਰਿਏ ਤਾਂ ਇਹ ਅੱਸੂ ਸੁਦੀ 10 ਸੰਮਤ 1718 ਬਿਕ੍ਰਮੀ ਬਣਦੀ ਹੈ। ਇਥੇ ਡਾ. ਤ੍ਰਿਲੋਚਨ ਸਿੰਘ ਦੀ ਕੈਲੰਡਰ ਬਾਰੇ ਜਾਣਕਾਰੀ ਦਾ ਪਤਾ ਲਗਦਾ ਹੈ। ਉਹ ਅੱਸੂ ਵਦੀ 10 ਅਤੇ ਅੱਸੂ ਸੁਦੀ 10 ਦੇ ਅੰਤਰ ਨੂੰ ਸਮਝਣ ਤੋਂ ਅਸਮਰੱਥ ਹਨ। ਉਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਦੁਸਹਿਰਾ ਅੱਸੂ ਵਦੀ 10 ਨੂੰ ਹੁੰਦਾ ਹੈ ਜਾਂ ਅੱਸੂ ਸੁਦੀ 10 ਨੂੰ? ਹੁਣ ਇਥੇ ਇਕ ਹੋਰ ਸਵਾਲ ਆਹਣਮੇ ਆ ਕੜਾਂ ਹੋਇਆ ਹੈ ਕਿ ਅੱਸੂ ਵਦੀ 10 ਤੋਂ ਕੱਤਕ ਵਦੀ 9 ਤੀਕ, ਕਿਹੜੇ ਗੁਰੂ ਸਾਹਿਬ ਜੀ ਬਿਰਾਜਮਾਨ ਸਨ?

ਬਹੁਤ ਸਾਰੇ ਲੋਕ ਡਾ. ਤਰਲੋਚਨ ਸਿੰਘ ਨੂੰ ਵੱਡਾ ਇਤਿਹਾਸਕਾਰ ਮੰਨੀ ਬੈਠੇ ਹਨ ਅਤੇ ਉਨ੍ਹਾਂ ਦਾ ਪੁੱਤਰ ਹੋਣ ਦੇ ਨਾਤੇ ਤੁੱਕਾਕਾਰ ਅਨੁਰਾਗ ਸਿੰਘ ਵੀ ਆਪਣੇ ਆਪ ਨੂੰ ਖਾਨਦਾਨੀ ਇਤਿਹਾਸਕਾਰ ਹੋਣ ਦਾ ਭਰਮ ਪਾਲ੍ਹੀ ਬੈਠਾ ਹੈ। ਅਖੇ ਨਾਨਕਸ਼ਾਹੀ ਕੈਲੰਡਰ ਸਿੱਖ ਇਤਿਹਾਸ ਵਿਗਾੜ ਰਿਹਾ ਹੈ। ਹੁਣ ਸੂਝਵਾਨ ਸੱਜਣਾਂ ਲਈ ਸੋਚਣ ਦਾ ਵਿਸ਼ਾ ਹੈ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀਆਂ ਵਦੀ-ਸੁਦੀ ਦੀਆਂ ਤਿੱਥਾਂ ਦੇ ਅੰਤਰ ਤੋਂ ਕੋਰੇ ਪਰ ਇਸ ਨੂੰ 'ਗੁਰੂ ਸਾਹਿਬਾਂ ਵੱਲੋਂ ਸਥਾਪਤ ਕੀਤਾ ਮੂਲ ਸਿੱਖ ਕੈਲੰਡਰ' ਮੰਨਣ ਵਾਲੇ ਤੁੱਕਾਕਾਰਾਂ ਕਾਰਨ ਇਤਿਹਾਸ ਵਿਗੜ ਰਿਹਾ ਹੈ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਤੇ ਅਧਾਰਿਤ, ਨਾਨਕਸ਼ਾਹੀ ਕੈਲੰਡਰ ਕਾਰਨ?


ਉਪ੍ਰੋਤਕ ਸਾਰੇ ਹਵਾਲਿਆਂ ਵਿੱਚ (ਡਾ. ਤ੍ਰਿਲੋਚਨ ਸਿੰਘ ਤੋਂ ਬਿਨਾ) ਗੁਰਿਆਈ ਦਿਵਸ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਕੱਤਕ ਵਦੀ 9, 6 ਅਕਤੂਬਰ 1661 ਈ: ਤਾਰੀਖ ਸਾਂਝੀ ਹੈ। ਇਸੇ ਦਿਨ ਹੀ 6 ਕੱਤਕ ਸੀ। ਜੋ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਦਰਜ ਹੈ। ਦੱਸੋ ਕਿ ਇਤਿਹਾਸ ਕਿਵੇਂ ਵਿਗੜ ਗਿਆ? ਖਾਨਦਾਨੀ ਤੁਕਾਕਾਰਾ ਲਿਖਦਾ ਹੈ, "ਸ਼ੁਧ ਤਾਰੀਕਾਂ ਨੂੰ ਕਰੂਪ ਕਰਕੇ 15-18 ਦਿਨ੍ਹਾਂ ਦਾ ਫਰਕ ਪਾ ਦਿੱਤਾ ਹੈ" (ਮੂਲ ਸਿੱਖ ਕੈਲੰਡਰ - ਪੰਨਾ 9)

ਅੱਜ ਦਾ ਸਵਾਲ; ਜੇ ਹਰ ਸਾਲ ਸੂਰਜੀ ਕੈਲੰਡਰ ਮੁਤਾਬਕ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਗੁਰਿਆਈ ਦਿਵਸ ਅਤੇ ਗੁਰੂ ਹਰਿਰਾਏ ਜੀ ਦਾ ਜੋਤੀ ਜੋਤ ਦਿਹਾੜਾ, 6 ਕੱਤਕ ਨੂੰ ਹੀ ਮਨਾਇਆ ਜਾਵੇ ਤਾਂ ਗੁਰਮਿਤ ਅਤੇ ਇਤਿਹਾਸ ਦੇ ਕਿਹੜੇ ਨਿਯਮ ਦੀ ਅਵੱਗਿਆ ਹੁੰਦੀ ਹੈ? ਇਹ ਦੋਵੇਂ ਦਿਹਾੜੇ ਸੰਮਤ 551 ਨਾਨਕਸ਼ਾਹੀ ਵਿੱਚ 6 ਕੱਤਕ ਨੂੰ ਮਨਾਉਣ ਨਾਲ ਜੇ ਭੁਚਾਲ ਨਹੀਂ ਆਇਆ ਤਾਂ ਹਰ ਸਾਲ ਇਹ ਦਿਹਾੜੇ 6 ਕੱਤਕ ਨੂੰ ਮਨਾਉਣ ਨਾਲ ਕਿਹੜੀ ਸੁਨਾਮੀ ਆ ਜਾਵੇਗੀ?

* * * * * * * * *

# ਰਿਉੜੀਆਂ ਵੰਡਣਾ - ਚੌਣਾਵੀ ਰਿਸ਼ਵਤ

ਗੁਰਮੀਤ ਸਿੰਘ ਪਲਾਹੀ
9815802070





ਨਵੰਬਰ 2025 'ਚ ਬਿਹਾਰ 'ਚ ਵਿਧਾਨ ਸਭਾ ਚੋਣਾਂ ਹਨ। ਬਿਹਾਰ ਹੀ ਨਹੀਂ, ਸਮੁੱਚਾ ਦੇਸ਼ ਬਿਹਾਰ ਚੋਣਾਂ ਨੂੰ ਉਤਸੁਕਤਾ ਨਾਲ ਵੇਖ ਰਿਹਾ ਹੈ। ਬਿਹਾਰ ਦੇ ਬੈਂਕ ਖ਼ਾਤਿਆਂ 'ਚ ਬਹਾਰ ਵੇਖਣ ਨੂੰ ਮਿਲ ਰਹੀ ਹੈ। ਬਿਹਾਰ ਚ ਸੱਤਾਧਾਰੀਆਂ ਨੇ ਮੁਫ਼ਤ ਸੌਗਾਤਾਂ ਵੰਡਣ ਦਾ ਜਿਵੇਂ ਮੀਂਹ ਵਰ੍ਹਾ ਦਿੱਤਾ ਹੈ।

ਬਾਵਜੂਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਇਸ ਵਚਨ, ਕਥਨ ਦੇ, ਜੋ ਉਹਨਾਂ ਅਕਤੂਬਰ 2022 ਦੀਆਂ ਮੱਧ ਪ੍ਰਦੇਸ਼ ਦੀਆਂ ਚੋਣਾਂ 'ਚ ਆਪਣੇ ਮੁਖਾਰਬਿੰਦ ਤੋਂ ਉਚਰਿਆ ਸੀ ਕਿ ਰਿਉੜੀਆਂ ਵੰਡਣਾ ਖ਼ਤਰਨਾਕ ਪ੍ਰਵਿਰਤੀ ਹੈ। ਉਹਨਾਂ ਨੇ 62,000 ਕਰੋੜ ਰੁਪਏ ਦੀ ਲਾਗਤ ਵਾਲੀਆਂ ਨੌਜਵਾਨਾਂ ਵਾਸਤੇ ਵੱਖੋ-ਵੱਖਰੀਆਂ ਪਹਿਲਾਂ ਦਾ "ਸ਼ੁਭ ਆਰੰਭ" ਕੀਤਾ। ਜਿਸਦਾ ਤੁਰੰਤ ਲਾਭ ਚੋਣਾਂ 'ਚ ਹੋਏਗਾ। ਮੌਜੂਦਾ ਬਿਹਾਰ ਸਰਕਾਰ ਨੇ ਇਕ ਕਰੋੜ ਬਿਹਾਰੀ ਔਰਤਾਂ ਲਈ ਨਕਦ ਰਾਸ਼ੀ, ਗਰੈਜੂਏਟਾਂ ਲਈ 1000 ਰੁਪਏ ਮਾਸਿਕ ਭੱਤਾ, ਨਿਰਮਾਣ ਮਜ਼ਦੂਰਾਂ ਲਈ 5000 ਰੁਪਏ ਅਤੇ ਸਾਰੇ ਘਰਾਂ ਲਈ 125 ਯੂਨਿਟ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਅਤੇ ਬਜ਼ੁਰਗਾਂ ਨੂੰ ਦਿੱਤੀ ਜਾਣ ਵਾਲੀ ਪੈਨਸ਼ਨ 'ਚ ਚੋਖਾ ਵਾਧਾ ਕੀਤਾ। ਚੋਣਾਂ ਤੋਂ ਪਹਿਲਾਂ ਸੁਗਾਤਾਂ ਕੀ ਨੈਤਿਕ ਤੌਰ 'ਤੇ ਠੀਕ ਹਨ?

ਭਾਜਪਾ ਆਪਣੇ ਡਿਗਦੇ ਵਕਾਰ ਦੀ ਪੂਰਤੀ ਲਈ ਪਿਛਲੇ ਕੁਝ ਸਾਲਾਂ ਤੋਂ ਗਰੀਬ ਵੋਟਰਾਂ ਨੂੰ ਭਰਮਾਕੇ ਜਿੱਤ ਆਸਾਨ ਬਣਾ ਰਹੀ ਹੈ। ਪਿਛਲੇ ਤਿੰਨ ਸਾਲਾਂ ਵਿੱਚ ਮੱਧ ਪ੍ਰਦੇਸ਼ , ਛੱਤੀਸਗੜ੍ਹ, ਰਾਜਸਥਾਨ, ਹਰਿਆਣਾ ਅਤੇ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ 'ਚ ਰਿਉੜੀਆਂ ਵੰਡ ਕੇ ਹੀ ਇਸਨੇ ਸਫਲਤਾ ਹਾਸਿਲ ਕੀਤੀ। ਭਾਵੇਂ ਕਿ ਮੱਧ ਪ੍ਰਦੇਸ਼ 'ਚ ਖ਼ਾਸ ਕਰਕੇ ਆਰੰਭੀਆਂ ਯੋਜਨਾਵਾਂ ਦੀ ਚੋਣਾਂ ਤੋਂ ਦੋ ਵਰ੍ਹੇ ਬਾਅਦ ਜਿਵੇਂ ਫੂਕ ਹੀ ਨਿਕਲ ਗਈ ਹੈ।

ਲੋਕਤੰਤਰ ਵਿੱਚ ਸਿਆਸੀ ਸ਼ਕਤੀ ਪ੍ਰਦਰਸ਼ਨ ਲਈ ਜੋ ਇੱਕ ਨਵੀਂ ਚੁਣੌਤੀ ਉਭਰ ਰਹੀ ਹੈ, ਉਹ ਰਿਉੜੀਆਂ ਵੰਡਣ ਦੀ ਘੋਸ਼ਣਾ ਅਤੇ ਉਸਨੂੰ ਤੁਰੰਤ ਲਾਗੂ ਕਰਨਾ ਹੈ ਅਤੇ ਇਹ ਚੁਣੌਤੀ ਹਰ ਚੋਣ ਵੇਲੇ ਵਧਦੀ ਜਾ ਰਹੀ ਹੈ।

ਸੂਬਾ ਅਤੇ ਕੇਂਦਰ 'ਚ ਹਾਕਮ ਧਿਰਾਂ ਵਿਰੋਧੀ ਦਲਾਂ ਦੇ ਮੁਕਾਬਲੇ ਚੋਣਾਂ ਦੌਰਾਨ ਮੁਫ਼ਤ ਤੋਹਫੇ ਵੰਡਣ 'ਚ ਅੱਵਲ ਹਨ। ਹਾਕਮ ਧਿਰ ਸਰਵਜਨਕ ਧਨ ਅਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਲਿਆਣਕਾਰੀ ਪ੍ਰੋਗਰਾਮ ਸ਼ੁਰੂ ਕਰਨ ਦਾ ਮੌਜੂਦਾ ਪ੍ਰੋਗਰਾਮਾਂ ਦਾ ਫੈਲਾਅ ਕਰਨ ਲਈ ਕਰ ਸਕਦਾ ਹੈ ਅਤੇ ਤੁਰੰਤ ਲਾਗੂ ਵੀ ਕਰ ਸਕਦਾ ਹੈ। ਇਸ ਮਾਮਲੇ 'ਚ ਵਿਰੋਧੀ ਧਿਰ ਫਾਡੀ ਰਹਿੰਦੀਆਂ ਹਨ, ਕਿਉਂਕਿ ਉਹਨਾਂ ਕੋਲ ਸਾਧਨ ਸੀਮਤ ਹਨ ਅਤੇ ਦੇਸ਼ 'ਚ ਭਾਜਪਾ ਸਰਕਾਰ ਹੈ, ਜਿਹੜੀ ਹਰ ਚੋਣ ਵੇਲੇ ਵੱਡੀਆਂ ਸੌਗਾਤਾਂ ਐਲਾਨਦੀ ਹੈ। ਨਵੇਂ ਪ੍ਰਜੈਕਟਾਂ ਦਾ ਉਦਘਾਟਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਰਦੇ ਹਨ।

ਕਲਿਆਣਕਾਰੀ ਯੋਜਨਾਵਾਂ ਜਿਹਨਾਂ ਵਿੱਚ ਮੁਫ਼ਤ, ਨਕਦ ਰਾਸ਼ੀ ਵੰਡਣਾ, ਕਰਜ਼ਾ ਮੁਆਫ਼ੀ ਅਤੇ ਗੈਸ ਸਿਲੰਡਰ ਦੇਣਾ, ਲਾਡਲੀ ਬਹਿਨਾ ਯੋਜਨਾ ਦੀ ਮਦਦ ਨਾਲ ਹਾਕਮਾਂ ਨੇ 2023 'ਚ ਮੱਧ ਪ੍ਰਦੇਸ਼ ਜਿੱਤਿਆ। ਮਹਾਰਾਸ਼ਟਰ 'ਚ ਮੌਜੂਦਾ ਸਰਕਾਰ ਨੇ ਵਿਧਾਨ ਸਭਾ ਚੋਣਾਂ ਵੇਲੇ ਨਕਦ ਰਾਸ਼ੀ ਵੰਡ ਜਰੀਏ 18,225 ਕਰੋੜ ਰੁਪਏ ਲੋਕਾਂ ਨੂੰ ਵੰਡੇ।

ਹਰਿਆਣਾ 'ਚ 5000 ਕਰੋੜ, ਮਹਾਰਾਸ਼ਟਰਾ 'ਚ 36000 ਕਰੋੜ ਦੀਆਂ ਯੋਜਨਾਵਾਂ ਦੀ ਘੋਸ਼ਣਾ ਕੀਤੀ ਗਈ। ਕੁੱਲ ਮਿਲਾਕੇ 70,000 ਕਰੋੜ ਦੀਆਂ ਹਨ ਇਹ ਯੋਜਨਾਵਾਂ । ਇਹ ਯੋਜਨਾਵਾਂ ਰਾਜਗ (ਭਾਜਪਾ ਅਤੇ ਭਾਈਵਾਲਾਂ) ਵੱਲੋਂ ਦਿੱਤੀਆਂ ਗਈਆਂ ਜਦ ਕਿ ਵਿਰੋਧੀ ਦਲ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੇ ਵੀ ਪੰਜਾਬ, ਹਿਮਾਚਲ ਪ੍ਰਦੇਸ਼, ਕਰਨਾਟਕ ਅਤੇ ਤਿਲੰਗਾਣਾ ਆਦਿ ਵਿੱਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਚਲਾ ਰਹੇ ਹਨ। ਰਾਜਸਥਾਨ, ਛੱਤੀਸਗੜ੍ਹ ਅਤੇ ਤਿਲੰਗਾਣਾ ਵਿੱਚ ਤਤਕਾਲੀ ਸੱਤਾਧਾਰੀਆਂ ਨੇ ਰਿਉੜੀਆਂ ਵੰਡੀਆਂ ਪਰ ਉਹ ਚੋਣਾਂ 'ਚ ਜਿੱਤ ਨਾ ਸਕੇ।

2010 ਸਾਲ ਰਿਉੜੀਆਂ ਵੰਡਣ ਲਈ ਮਹੱਤਵਪੂਰਨ ਗਿਣਿਆ ਜਾਂਦਾ ਹੈ, ਕਿਉਂਕਿ ਉਸ ਵੇਲੇ ਇਹ ਤੋਹਫੇ ਵੰਡਣਾ ਤਮਿਲਨਾਡੂ ਅਤੇ ਆਂਧਰਾ ਪ੍ਰਦੇਸ਼ (ਦੱਖਣ ਵਿੱਚ) ਸ਼ੁਰੂ ਹੋਇਆ, ਜਿੱਥੇ ਮੁਫ਼ਤ ਲੈਪਟਾਪ ਜਾਂ ਸੋਨਾ ਵੰਡਣ ਦੀ ਪਰੰਪਰਾ ਸ਼ੁਰੂ ਹੋਈ।

ਮੁਫ਼ਤ ਰਿਉੜੀਆਂ ਅਰਥਾਤ ਚੋਣਾਂ ਦੇ ਉਪਹਾਰ ਨੂੰ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਨਵੀਆਂ ਉਚਾਈਆਂ 'ਤੇ ਪਹੁੰਚਾਇਆ। ਇੱਕ ਪਾਸੇ ਅਰਥ ਸ਼ਾਸਤਰੀ ਅਤੇ ਨੀਤੀਵੇਤਾ 'ਰਿਉੜੀ ਵੰਡ' ਦੀ ਸਖ਼ਤ ਆਲੋਚਨਾ ਕਰਦੇ ਹਨ, ਜਦ ਕਿ ਨੇਤਾ ਲੋਕ ਵੋਟਰਾਂ ਲਈ ਇਹੋ ਜਿਹੀਆਂ ਮੁਫ਼ਤ ਸੁਵਿਧਾਵਾਂ ਦੇਣ ਦੀ ਵਕਾਲਤ ਕਰਦੇ ਹਨ, ਕਿਉਂਕਿ ਇਸ ਨਾਲ ਉਹਨਾਂ ਦਾ ਵੋਟ ਬੈਂਕ ਵਧਦਾ ਹੈ।

ਸਿਆਸੀ ਧਿਰਾਂ ਵੱਲੋਂ ਆਰੰਭੀ ਮੁਫ਼ਤ ਉਪਹਾਰਾਂ ਦੀ ਭੇਡ-ਚਾਲ ਕਲਿਆਣਕਾਰੀ ਯੋਜਨਾਵਾਂ ਸਿਹਤ ਸੇਵਾ, ਸਿੱਖਿਆ, ਬੁਨਿਆਦੀ ਢਾਂਚੇ ਅਤੇ ਵਿਕਾਸ ਦੀਆਂ ਯੋਜਨਾਵਾਂ ਉੱਤੇ ਉਲਟ ਅਸਰ ਪਾਉਂਦੀਆਂ ਹਨ। ਇਹ ਯੋਜਨਾਵਾਂ ਜਿੱਥੇ ਬਜਟ 'ਤੇ ਸੰਕਟ ਪਾਉਂਦੀਆਂ ਹਨ, ਉੱਥੇ ਲੋੜੋਂ ਵੱਧ ਖਰਚੇ ਦਾ ਕਾਰਨ ਵੀ ਬਣਦੀਆਂ ਹਨ।

ਦਿੱਲੀ ਸਥਿਤ ਇੱਕ ਐਨ.ਜੀ.ਓ. ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਦੇ ਅਨੁਸਾਰ 42 ਫ਼ੀਸਦੀ ਤੋਂ ਜਿਆਦਾ ਵੋਟਰ ਕਿਸੇ ਵਿਸ਼ੇਸ਼ ਉਮੀਦਵਾਰ ਨੂੰ ਵੋਟ ਦੇਣ ਦੇ ਪਿੱਛੇ ਉਮੀਦਵਾਰ ਵੱਲੋਂ ਕਲਿਆਣਕਾਰੀ ਯੋਜਨਾਵਾਂ ਦਾ ਲਾਹਾ ਲੈਣ ਦੀ ਥਾਂ ਨਕਦੀ ਸ਼ਰਾਬ ਅਤੇ ਮੁਫ਼ਤ ਤੋਹਫਿਆਂ ਨੂੰ ਤਰਜੀਹ ਦਿੰਦੇ ਹਨ।

ਰਾਜ ਦੇ ਧਨ ਦਾ ਵੱਡਾ ਹਿੱਸਾ ਚੁੱਕੇ ਹੋਏ ਕਰਜ਼ੇ ਦਾ ਭੁਗਤਾਨ ਕਰਨ, ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਸਬਸਿਡੀਆਂ, ਸਿਹਤ ਸਿੱਖਿਆ, ਸਮਾਜ ਸੁਰੱਖਿਆ ਅਜਿਹੀਆਂ ਯੋਜਨਾਵਾਂ 'ਤੇ ਖ਼ਰਚਿਆ ਜਾਂਦਾ ਹੈ। ਕਾਫ਼ੀ ਹਿੱਸਾ ਮੁਫ਼ਤ ਯੋਜਨਾਵਾਂ 'ਤੇ ਚਲਿਆ ਜਾਂਦਾ ਹੈ।

ਕਿਆਸ ਕਰੋ ਦਿੱਲੀ ਦੇ 47 ਲੱਖ ਉਪਭੋਗਤਾਵਾਂ ਨੂੰ ਬਿਜਲੀ ਸਬਸਿਡੀ ਮਿਲਦੀ ਸੀ, ਜਿਸ ਵਿੱਚੋਂ 30 ਲੱਖ ਲੋਕਾਂ ਨੂੰ ਪੂਰੀ ਤਰ੍ਹਾਂ ਮੁਫ਼ਤ ਬਿਜਲੀ ਦਿੱਤੀ ਜਾਂਦੀ ਸੀ ਅਤੇ 17 ਲੱਖ ਲੋਕ ਅੱਧਾ ਬਿੱਲ ਦਿੰਦੇ ਸਨ। ਜਿਸ ਦੀ ਵੱਧ ਤੋਂ ਵੱਧ ਰਾਸ਼ੀ 800 ਰੁਪਏ ਸੀ। ਪੰਜਾਬ ਵਿੱਚ ਵੀ ਬਿਜਲੀ ਸੁਵਿਧਾ ਮੁਫ਼ਤ ਹੈ ਤੇ ਔਰਤਾਂ ਲਈ ਸਰਕਾਰੀ ਬੱਸ ਸਫਰ ਮੁਫ਼ਤ ਹੈ। ਇਸ ਉੱਤੇ ਰਾਜ ਦੇ ਸਰਕਾਰੀ ਖਜ਼ਾਨੇ ਦਾ 16 ਫ਼ੀਸਦੀ ਤੋਂ ਜਿਆਦਾ ਖਰਚ ਹੁੰਦਾ ਹੈ।

ਚੋਣਾਂ ਵਿੱਚ ਮੁਫ਼ਤ ਰਿਉੜੀਆਂ ਵੰਡਣਾ ਲਗਾਤਾਰ ਵੱਧ ਰਿਹਾ ਹੈ। ਖ਼ਾਸ ਕਰਕੇ ਉਨ੍ਹਾਂ ਸੂਬਿਆਂ 'ਚ ਵੱਧ ਜਿੱਥੇ ਅਨਪੜ੍ਹ, ਗਰੀਬ, ਹੱਕਾਂ ਪ੍ਰਤੀ ਨਾ-ਜਾਗਰੂਕ ਲੋਕਾਂ ਦੀ ਗਿਣਤੀ ਵੱਧ ਹੈ। ਯਕੀਨ ਕਰਨਾ ਮੁਸ਼ਕਿਲ ਹੈ ਪਰ ਇਹ ਸੱਚ ਸੀ ਕਿ ਬਿਹਾਰ ਆਰਥਿਕ ਤੌਰ 'ਤੇ ਕਰਨਾਟਕ ਅਤੇ ਗੁਜਰਾਤ ਤੋਂ ਵੀ ਅੱਗੇ ਸੀ। ਇਹ ਗੱਲ 1960 ਦੇ ਦਹਾਕੇ ਦੀ ਹੈ। ਪਰ ਵੱਡਾ ਸੱਚ ਅੱਜ ਇਹ ਹੈ ਕਿ ਬਿਹਾਰ ਹੁਣ ਦੇਸ਼ ਦਾ ਸਭ ਤੋਂ ਗਰੀਬ ਸੂਬਾ ਹੈ। ਜਿੱਥੇ ਵੋਟਾਂ ਦੀ ਖ਼ਰੀਦੋ-ਫਰੋਖਤ , ਧੱਕੇ-ਧੌਂਸ ਨਾਲ ਵੋਟਾਂ ਤਾਂ ਲਈਆਂ ਹੀ ਜਾਂਦੀਆਂ ਹਨ, ਜਾਤ ਦੇ ਨਾਮ 'ਤੇ ਵੋਟਾਂ ਤਾਂ ਪੈਂਦੀਆਂ ਹੀ ਹਨ। ਉੱਥੇ ਲੋਕਾਂ ਨੂੰ ਭਰਮਾਉਣ ਲਈ ਰਿਉੜੀਆਂ ਵੰਡਣਾ ਅਤੇ ਪ੍ਰਾਪਤ ਕਰਨਾ ਆਮ ਗੱਲ ਹੈ।

ਮੁਫ਼ਤ ਤੋਹਫਿਆਂ ਦਾ ਅਸਰ ਚੋਣ ਨਤੀਜਿਆਂ 'ਤੇ ਪੈਣਾ ਸੁਭਾਵਿਕ ਹੈ। ਮਹਾਰਾਸ਼ਟਰ ਵਿੱਚ "ਮਾਝੀ ਲੜਕੀ ਬਹਿਨ ਯੋਜਨਾ" ਹਾਕਮਾਂ ਲਈ ਫ਼ਇਦੇਮੰਦ ਸਾਬਤ ਹੋਈ। ਔਰਤਾਂ ਦੀਆਂ ਲੰਮੀਆਂ ਕਤਾਰਾਂ ਨੇ ਇਹ ਸਾਫ਼ ਕਰ ਦਿੱਤਾ ਕਿ ਪੇਂਡੂ ਖੇਤਰਾਂ ਵਿੱਚ ਭਾਰੀ ਸੰਖਿਆ 'ਚ ਔਰਤਾਂ ਵੋਟ ਬੂਥਾਂ 'ਚ ਵੋਟ ਦੇਣ ਪੁੱਜੀਆਂ। ਇਸ ਯੋਜਨਾ 'ਚ 2100 ਰੁਪਏ ਪ੍ਰਤੀ ਮਹੀਨਾ ਪ੍ਰਾਪਤ ਕਰਨ ਲਈ 2.47 ਕਰੋੜ ਔਰਤਾਂ ਲਾਭਪਾਤਰੀਆਂ ਸਨ।

ਸੁਪਰੀਮ ਕੋਰਟ ਨੇ ਚੋਣਾਂ ਤੋਂ ਪਹਿਲਾਂ ਸਿਆਸੀ ਦਲਾਂ ਵੱਲੋਂ ਮੁਫ਼ਤ ਤੋਹਫ਼ੇ ਦੇਣ ਦੇ ਵਾਇਦੇ ਉੱਤੇ ਕਿਹਾ ਕਿ ਅਸੀਂ ਕੁਝ ਲੋਕਾਂ ਨੂੰ ਪਰਜੀਵੀਆਂ (ਮੁਫ਼ਤ ਖੋਰਿਆਂ) ਦਾ ਵਰਗ ਬਣਾ ਰਹੇ ਹਾਂ। ਅਦਾਲਤ ਦੇ ਅਨੁਸਾਰ ਇਸ ਤਰ੍ਹਾਂ ਦੇ ਤੋਹਫੇ ਕੁਝ ਲੋਕਾਂ ਨੂੰ ਰੁਜ਼ਗਾਰ ਲੱਭਣ, ਮੁੱਖ ਧਾਰਾ ਵਿੱਚ ਸ਼ਾਮਿਲ ਹੋਣ ਅਤੇ ਰਾਸ਼ਟਰੀ ਵਿਕਾਸ ਵਿੱਚ ਯੋਗਦਾਨ ਦੇਣ ਦੇ ਮੌਕਿਆਂ ਤੋਂ ਵੰਚਿਤ ਕਰ ਦਿੰਦੇ ਹਨ।

ਅਸਲ ਚ ਮੁਫ਼ਤ ਉਪਹਾਰ ਰਿਜ਼ਰਵ ਬੈਂਕ ਆਫ਼ ਇੰਡੀਆ ਅਨੁਸਾਰ ਇੱਕ ਇਹੋ ਜਿਹੀ ਸਰਵਜਨਕ ਕਲਿਆਣਕਾਰੀ ਯੋਜਨਾ ਹੈ, ਜਿਸ ਦੇ ਤਹਿਤ ਮੁਫ਼ਤ ਵਿੱਚ ਚੀਜ਼ਾਂ ਜਾਂ ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਹਾਲਾਂਕਿ ਚੋਣ ਆਯੋਗ ਨੇ ਇਸ ਨੂੰ ਪ੍ਰਭਾਸ਼ਿਤ ਨਹੀਂ ਕੀਤਾ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਮੁਫ਼ਤ ਸੁਵਿਧਾਵਾਂ ਦੇਣ ਨਾਲ ਰਾਜ ਦੀ ਵਿੱਤੀ ਸਥਿਤੀ ਵਿਗੜਦੀ ਹੈ। ਜਿਵੇਂ ਕਿ ਪੰਜਾਬ 'ਚ ਹੋ ਰਿਹਾ ਹੈ। ਵਿਕਾਸ ਕਾਰਜ ਰੁੱਕ ਜਾਂਦੇ ਹਨ। ਨਾਗਰਿਕਾਂ ਨੂੰ ਦੇਣ ਯੋਗ ਜ਼ਰੂਰੀ ਸੇਵਾਵਾਂ ਚ ਵੱਡੀ ਰੁਕਾਵਟ ਪੈਂਦੀ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਦੀ ਚੋਣ ਕਮਿਸ਼ਨ ਨੇ ਇਸ ਮਾਮਲੇ 'ਚ ਲਗਭਗ ਚੁੱਪੀ ਕਿਉਂ ਵੱਟੀ ਹੋਈ ਹੈ? ਚੋਣ ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਆਪਣੇ ਚੋਣ ਮਨੋਰਥ ਪੱਤਰ ਵਿੱਚ ਇੱਕੋ ਸਵਾਲ ਉਠਾਇਆ ਕਿ ਉਹ ਇਹ ਘੋਸ਼ਣਾਵਾਂ ਨੂੰ ਪੂਰੇ ਕਰਨ ਲਈ ਜੁਗਾੜ ਕਿਵੇਂ ਕਰਨਗੇ? ਪਰ ਇਸਨੂੰ ਰੋਕਣ ਲਈ ਕੋਈ ਕਦਮ ਨਹੀਂ ਪੁੱਟੇ ਜਾ ਰਹੇ। ਹਾਲਾਂਕਿ ਰਿਜ਼ਰਵ ਬੈਂਕ ਆਫ਼ ਇੰਡੀਆ ਸਰਕਾਰ ਨੂੰ ਜਿਤਾ ਰਹੀ ਹੈ ਕਿ ਲੋੜੋਂ ਵੱਧ ਮੁਫ਼ਤ ਯੋਜਨਾਵਾਂ 'ਤੇ ਹੋਣ ਵਾਲੇ ਖ਼ਰਚੇ ਨਾਲ ਸਰਕਾਰੀ ਖਜ਼ਾਨੇ 'ਤੇ ਪੈਣ ਵਾਲਾ ਬੋਝ ਚੁੱਕਿਆ ਨਹੀਂ ਜਾਏਗਾ, ਜਿਸ ਨਾਲ ਖਜ਼ਾਨਾ ਘਟੇਗਾ ਅਤੇ ਕਰਜ਼ਾ ਹੋਰ ਵਧੇਗਾ। ਇਸ ਦੀ ਕੀਮਤ ਆਮਦਨ ਟੈਕਸ ਦੇਣ ਵਾਲੇ ਜਾਂ ਹੋਰ ਟੈਕਸ ਵਾਲਿਆਂ ਨੂੰ ਚੁਕਾਉਣੀ ਪਵੇਗੀ।

ਲੋੜ ਹੈ ਵੋਟਾਂ ਖ਼ਾਤਰ ਜਾਰੀ ਮੁਫ਼ਤ ਸੁਵਿਧਾਵਾਂ ਰੋਕੀਆਂ ਜਾਣ। ਚੋਣ ਮਨੋਰਥ ਪੱਤਰਾਂ ਪ੍ਰਤੀ ਸਿਆਸੀ ਪਾਰਟੀਆਂ ਦੀ ਜਵਾਬਦੇਹੀ ਵਧਾਈ ਜਾਵੇ। ਨਹੀਂ ਤਾਂ ਮੁਫ਼ਤ ਸੁਵਿਧਾਵਾਂ ਦੇਸ਼ ਦੇ ਅਰਥਚਾਰੇ ਨੂੰ ਤਬਾਹ ਕਰ ਦੇਣਗੀਆਂ ਅਤੇ ਇਸਦੀ ਸਿੱਧੀ ਜ਼ੁੰਮੇਵਾਰੀ ਸਿੱਧੀ ਸਿਆਸਤਦਾਨਾਂ ਅਤੇ ਹਾਕਮਾਂ ਦੀ ਹੋਵੇਗੀ।

ਚੋਣਾਂ ਦੇ ਮਨੋਰਥ ਪੱਤਰਾਂ ਸੰਬੰਧੀ ਮੁਫ਼ਤ ਸੁਵਿਧਾਵਾਂ ਨੂੰ ਮਦਰਾਸ ਹਾਈ ਕੋਰਟ ਵਿੱਚ ਪ੍ਰਸਿੱਧ ਵਕੀਲ ਸੁਬਰਾਮਨੀਅਮ ਬਾਲਾ ਜੀ ਨੇ ਚੋਣ ਅਪਰਾਧ ਕਿਹਾ ਅਤੇ ਨਾਲ ਹੀ ਕਿਹਾ ਕਿ ਇਹ ਸੰਵਿਧਾਨਿਕ ਪ੍ਰਵਾਧਾਨ ਦੇ ਵਿਰੁੱਧ ਹੈ ਅਤੇ ਇਹ ਵੀ ਕਿਹਾ ਕਿ ਜਨ ਪ੍ਰਤੀਨਿਧ ਐਕਟ ਦੀ ਧਾਰਾ 123 ਦੇ ਤਹਿਤ ਚੌਣਾਵੀ ਰਿਸ਼ਵਤ ਹੈ।

# ਇਸ਼ਟਮੀਤ ਸਿੰਘ ਫੁੱਲ ਅਤੇ ਫੁੱਲ ਪਰਿਵਾਰ ਵੱਲੋਂ ਸਮੂੰਹ ਜਗਤ ਨੂੰ ਬੰਦੀਛੋੜ ਦਿਵਸ ਦੀਆਂ ਵਧਾਈਆਂ

## ਸ: ਬਲਦੇਵ ਸਿੰਘ ਫੁੱਲ, ਸ: ਇਸ਼ਟਮੀਤ ਸਿੰਘ ਫੁੱਲ ਅਤੇ ਸ: ਤਰਨਜੀਤ ਸਿੰਘ ਫੁੱਲ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਾਊਥਾਲ ਦੇ ਪ੍ਰਬੰਧ ਦੀ ਸੇਵਾ ਸ਼ੇਰ ਗਰੁੱਪ ਨੂੰ ਬਖਸ਼ਣ ਲਈ ਵਾਹਿਗੁਰੂ ਜੀ ਦਾ ਸ਼ੁਕਰਾਨਾ ਅਤੇ ਸੰਗਤਾਂ ਦਾ ਹਾਰਦਿਕ ਧੰਨਵਾਦ



ਸ: ਦੀਦਾਰ ਸਿੰਘ ਰੰਧਾਵਾ
ਚੇਅਰਮੈਨ, ਸ਼ੇਰ ਗਰੁੱਪ ਸਾਊਥਾਲ




ਇਸ਼ਟਮੀਤ ਸਿੰਘ ਫੁੱਲ ਐਗਜ਼ੈਕਟਿਵ ਮੈਂਬਰ ਸਿੰਘ ਸਭਾ ਸਾਊਥਾਲ



ਸ: ਗੁਰਮੇਲ ਸਿੰਘ ਮੱਲੀ, ਮੁੱਖ
ਸੇਵਾਦਾਰ, ਸਿੰਘ ਸਭਾ ਸਾਊਥਾਲ




ਤਸਵੀਰ ਵਿੱਚ ਬਲਦੇਵ ਸਿੰਘ ਫੁੱਲ, ਇਸ਼ਟਮੀਤ ਸਿੰਘ ਫੁੱਲ, ਤਰਨਜੀਤ ਸਿੰਘ ਫੁੱਲ, ਗੁਰਮੇਲ ਸਿੰਘ ਮੱਲੀ, ਦੀਦਾਰ ਸਿੰਘ ਰੰਧਾਵਾ ਅਤੇ ਕੈਪਟਨ ਤਜਿੰਦਰ ਸਿੰਘ ਨਜ਼ਰ ਆ ਰਹੇ ਹਨ। ਸਾਊਥਾਲ ਦੀਆਂ ਸੰਗਤਾਂ ਵੱਲੋਂ ਸ਼ੇਰ ਗਰੁੱਪ ਨੂੰ ਅਗਲੇ ਤਿੰਨ ਸਾਲਾਂ ਲਈ ਸਿੰਘ ਸਭਾ ਦੀ ਸੇਵਾ ਬਖਸ਼ਣ ਵਾਸਤੇ ਸੰਗਤਾਂ ਦਾ ਹਾਰਦਿਕ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਾਨ ਕੋਟ ਸ਼ੁਕਰਾਨਾ ਕੀਤਾ ਜਾਂਦਾ ਹੈ।



**ਸ਼ੇਰ ਗਰੁੱਪ** ਸਾਊਥਾਲ ਦੇ ਜੇਤੂ ਮੈਂਬਰ: ਉੱਪਰ ਖੱਬੇ ਤੋਂ ਪਹਿਲੀ ਕਤਾਰ, ਗੁਰਮੇਲ ਸਿੰਘ ਮੱਲੀ, ਹਰਜੀਤ ਸਿੰਘ, ਸੁਰਿੰਦਰ ਸਿੰਘ ਢੱਟ, ਗੁਰਬਚਨ ਸਿੰਘ ਅਠਵਾਲ, ਬਲਜਿੰਦਰ ਸਿੰਘ ਹੰਸਰਾ, ਸੁਰਜੀਤ ਕੌਰ ਬਾਸੀ, ਕਮਲਪ੍ਰੀਤ ਕੌਰ, ਦੂਜੀ ਕਤਾਰ: ਕਿਰਨਜੀਤ ਕੌਰ, ਸ਼ਰਨਬੀਰ ਸਿੰਘ ਮੂਨ ਸੰਘਾ, ਜੈ ਸਿਮਰਨ ਸਿੰਘ, ਮਨਜੀਤ ਸਿੰਘ, ਸਤਨਾਮ ਸਿੰਘ ਚੌਹਾਨ, ਜਸਵੰਤ ਸਿੰਘ ਮੰਡ, ਕੇਵਲ ਸਿੰਘ ਰਣਦੇਵਾ, ਤੀਜੀ ਕਤਾਰ: ਗੁਰਦੀਪ ਸਿੰਘ, ਜੋਗਿੰਦਰ ਸਿੰਘ, ਇਸ਼ਟਮੀਤ ਸਿੰਘ ਫੁੱਲ, ਅਜਮੇਰ ਸਿੰਘ ਵਿਰਦੀ, ਪਰਮਜੀਤ ਸਿੰਘ ਧਾਲੀਵਾਲ, ਅਮਰੀਕ ਸਿੰਘ, ਗੁਲਜ਼ਾਰ ਸਿੰਘ ਚਤਰੱਥ

## ਜਾਰੀ ਕਰਤਾ: ਫੁੱਲ ਇੰਪਾਇਰ ਲਿਮਟਡ ਅਤੇ ਸਮੂਹ ਫੁੱਲ ਪਰਿਵਾਰ

Happy Diwali

# MANAK SOLICITORS

ਸਭ ਨੂੰ ਦੀਵਾਲੀ ਮੁਬਾਰਕ



**Jasdeep Singh Jandu LL.B (Hons.) - Jas**

Head of Wills & Probate & Powers of Attorney

Jas joined this firm as a Trainee Solicitor in September 2007 and now leads one of our Private Client Departments. Jas's clear, practical advice ensures your wishes are protected and your loved ones are cared for as you wish, giving you lasting peace of mind.

Contact Jas on telephone 020 8464 7432 or by email jas@manaksolicitors.co.uk for personal and confidential advice and support today.

**Orpington I Gravesend I Sevenoaks I Biggin Hill I Bromley**



manaksolicitors.co.uk

01689 870 769

reviewsolicitors Excellent


Lexcel Legal Practice Quality Mark Law Society Accredited



Rajbir Singh Manak MA (Hons)

Surinder Singh Manak LLB (Hons)

# ਸਿਹਤ ਤੇ ਸੁੰਦਰਤਾ



## ਬਹੁਤੇ ਪ੍ਰੋਸੈਸਡ ਖਾਣਿਆਂ ਦਾ ਵੱਧਦਾ ਖ਼ਤਰਾ: ਮੋਟਾਪੇ ਤੋਂ ਦਿਲ ਦੀ ਬਿਮਾਰੀ ਦਾ ਵਧਦਾ ਹੈ ਖਤਰਾ

ਵਾਸ਼ਿੰਗਟਨ-ਅੱਜ ਦੇ ਦੌਰ ਵਿੱਚ ਲੋਕਾਂ ਨੇ ਪ੍ਰੋਸੈਸਡ ਖ਼ੁਰਾਕੀ ਪਦਾਰਥਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਹੈ। ਚਾਹੇ ਸੋਡਾ ਹੋਵੇ, ਚਿਪਸ ਹੋਣ ਜਾਂ ਹੋਰ ਤਰ੍ਹਾਂ ਦੇ ਸਨੈਕਸ, ਇਹ ਚੀਜ਼ਾਂ ਨਸ਼ਾ ਕਰਨ ਵਾਲੇ (ਐਡਿਕਟਿਵ) ਮਿਸ਼ਰਣਾਂ ਨਾਲ ਭਰੀਆਂ ਹੁੰਦੀਆਂ ਹਨ ਅਤੇ ਇਨ੍ਹਾਂ ਵਿੱਚ ਪੋਸ਼ਕ ਤੱਤ ਬਹੁਤ ਘੱਟ ਮਾਤਰਾ ਵਿੱਚ ਹੁੰਦੇ ਹਨ। ਇੱਕ ਖੋਜ ਮੁਤਾਬਕ, ਅਮਰੀਕਾ ਵਿੱਚ ਇੱਕ ਬਾਲਗ ਦੀ ਖ਼ੁਰਾਕ ਦਾ ਤਕਰੀਬਨ 60 ਫ਼ੀਸਦੀ ਅਤੇ ਬੱਚਿਆਂ ਦੀ ਖ਼ੁਰਾਕ ਦਾ 70 ਫ਼ੀਸਦੀ ਹਿੱਸਾ ਅਜਿਹੇ ਪ੍ਰੋਸੈਸਡ ਭੋਜਨਾਂ 'ਤੇ ਆਧਾਰਿਤ ਹੈ।

ਖੋਜੀਆਂ ਨੇ ਕੀਤਾ ਵੱਡਾ ਖੁਲਾਸਾ: ਸੋਜ ਅਤੇ ਦਿਲ ਦੀਆਂ ਬਿਮਾਰੀਆਂ ਦਾ ਮੁੱਖ ਸੰਕੇਤਕ-ਫਲੋਰੀਡਾ ਐਟਲਾਂਟਿਕ ਯੂਨੀਵਰਸਿਟੀ ਦੇ ਚਾਰਲਸ ਈ. ਸ਼ਿਮਟ ਕਾਲਜ ਆਫ਼ ਮੈਡੀਸਿਨ ਦੀ ਖੋਜ ਨੇ ਇੱਕ ਅਹਿਮ ਗੱਲ ਸਾਹਮਣੇ ਲਿਆਂਦੀ ਹੈ। ਉਹ ਲੋਕ ਜੋ ਪ੍ਰੋਸੈਸਡ ਖਾਣਿਆਂ ਦੀ ਜ਼ਿਆਦਾ ਵਰਤੋਂ ਕਰਦੇ ਹਨ, ਉਨ੍ਹਾਂ ਦੇ ਸਰੀਰ ਵਿੱਚ ਉੱਚ ਸੰਵੇਦਨਸ਼ੀਲਤਾ ਸੀ-ਰਿਐਕਟਿਵ ਪ੍ਰੋਟੀਨ (ਐੱਚਐੱਸ-ਸੀਆਰਪੀ) ਦਾ ਪੱਧਰ ਕਾਫ਼ੀ ਵੱਧ ਜਾਂਦਾ ਹੈ। ਇਹ ਪ੍ਰੋਟੀਨ ਸਰੀਰ ਵਿੱਚ ਸੋਜ ਅਤੇ ਦਿਲ ਦੀਆਂ ਬਿਮਾਰੀਆਂ ਦਾ ਇੱਕ ਅਹਿਮ ਸੰਕੇਤਕ ਮੰਨਿਆ ਜਾਂਦਾ ਹੈ। ਇਹ ਅਧਿਐਨ ਅਮੇਰਿਕਨ ਜਰਨਲ ਆਫ਼ ਮੈਡੀਸਿਨ ਵਿੱਚ ਛਾਪਿਆ ਗਿਆ ਹੈ।



ਦਿਲ ਦੀ ਬਿਮਾਰੀ ਦਾ ਖ਼ਤਰਾ 11 ਫ਼ੀਸਦੀ ਵਧਿਆ: ਵੱਧ ਖਾਣ ਵਾਲਿਆਂ ਲਈ ਚਿੰਤਾ-ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਜ਼ਿਆਦਾ ਪ੍ਰੋਸੈਸਡ ਖ਼ੁਰਾਕੀ ਪਦਾਰਥ ਖਾਣ ਵਾਲੇ ਸਮੂਹ ਵਿੱਚ ਐੱਚਐੱਸ-ਸੀਆਰਪੀ ਪੱਧਰ ਵਧਣ ਦੀ ਸੰਭਾਵਨਾ, ਸਭ ਤੋਂ ਘੱਟ ਖਾਣ ਵਾਲੇ ਸਮੂਹ ਦੇ ਮੁਕਾਬਲੇ 11 ਫ਼ੀਸਦੀ ਜ਼ਿਆਦਾ ਸੀ। ਖੋਜੀਆਂ ਨੇ ਉਮਰ, ਲਿੰਗ, ਸਿਗਰਟਨੋਸ਼ੀ ਅਤੇ ਸਰੀਰਕ ਸਰਗਰਮੀ ਵਰਗੇ ਕਾਰਕਾਂ ਨੂੰ ਧਿਆਨ ਵਿੱਚ ਰੱਖ ਕੇ ਇਹ ਨਤੀਜਾ ਕੱਢਿਆ ਹੈ। ਜ਼ਿਆਦਾ ਵਰਤੋਂ ਕਰਨ ਵਾਲੇ ਉਮੀਦਵਾਰਾਂ ਨੇ ਰੋਜ਼ਾਨਾ ਕੈਲੋਰੀ ਦਾ ਔਸਤਨ 35 ਫ਼ੀਸਦੀ ਹਿੱਸਾ ਪ੍ਰੋਸੈਸਡ ਖਾਣਿਆਂ ਤੋਂ ਲਿਆ।

ਸਿਹਤ ਨੂੰ ਹੋਰ ਵੀ ਨੁਕਸਾਨ: ਕੈਂਸਰ, ਮਾਨਸਿਕ ਸਮੱਸਿਆਵਾਂ ਅਤੇ ਸਮੇਂ ਤੋਂ ਪਹਿਲਾਂ ਮੌਤ !-ਇਨ੍ਹਾਂ ਖ਼ੁਰਾਕੀ ਪਦਾਰਥਾਂ ਦੀ ਜ਼ਿਆਦਾ ਵਰਤੋਂ ਸਿਰਫ਼ ਮੋਟਾਪੇ ਅਤੇ ਦਿਲ ਦੀਆਂ ਬਿਮਾਰੀਆਂ ਤੱਕ ਹੀ ਸੀਮਤ ਨਹੀਂ ਹੈ। ਖੋਜ ਅਨੁਸਾਰ, ਇਹ ਕੈਂਸਰ, ਮੈਟਾਬੋਲਿਕ ਬਿਮਾਰੀਆਂ, ਮਾਨਸਿਕ ਸਿਹਤ ਸਮੱਸਿਆਵਾਂ ਅਤੇ ਇੱਥੋਂ ਤੱਕ ਕਿ ਸਮੇਂ ਤੋਂ ਪਹਿਲਾਂ ਮੌਤ ਦੇ ਖ਼ਤਰੇ ਨਾਲ ਵੀ ਜੁੜਿਆ ਹੋਇਆ ਹੈ। ਇਸ ਲਈ, ਲੋਕਾਂ ਨੂੰ ਆਪਣੀ ਖ਼ੁਰਾਕ ਪ੍ਰਤੀ ਸੁਚੇਤ ਹੋਣ ਦੀ ਬੇਹੱਦ ਜ਼ਰੂਰਤ ਹੈ।

## ਨੌਜਵਾਨਾਂ ਵਿਚ ਅਪੈਂਡਿਕਸ ਕੈਂਸਰ ਦਾ ਵਧਦਾ ਖਤਰਾ, ਜੀਵਨਸ਼ੈਲੀ ਜ਼ਿੰਮੇਵਾਰ

ਵਾਸ਼ਿੰਗਟਨ-ਐਨਲਸ ਆਫ ਇੰਟਰਨਲ ਮੈਡੀਸਿਨ ਵਿੱਚ ਪ੍ਰਕਾਸ਼ਿਤ ਇੱਕ ਖੋਜ ਨੇ ਖੁਲਾਸਾ ਕੀਤਾ ਹੈ ਕਿ 1970 ਦੇ ਦਹਾਕੇ ਤੋਂ ਬਾਅਦ ਜਨਮੇ ਨੌਜਵਾਨਾਂ ਵਿੱਚ ਅਪੈਂਡਿਕਸ ਕੈਂਸਰ ਦੇ ਮਾਮਲਿਆਂ ਵਿੱਚ ਨਾਟਕੀ ਵਾਧਾ ਹੋਇਆ ਹੈ। ਪਹਿਲਾਂ ਬਜ਼ੁਰਗਾਂ ਵਿੱਚ ਦੇਖਿਆ ਜਾਣ ਵਾਲਾ ਇਹ ਕੈਂਸਰ ਹੁਣ 30-40 ਸਾਲ ਦੀ ਉਮਰ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ। ਖੋਜ ਅਨੁਸਾਰ, 1940 ਦੇ ਦਹਾਕੇ ਦੇ ਮੁਕਾਬਲੇ ਨੌਜਵਾਨ ਪੀੜ੍ਹੀ ਵਿੱਚ ਇਸ ਦੇ ਮਾਮਲੇ ਤਿੰਨ ਤੋਂ ਚਾਰ ਗੁਣਾ ਵਧੇ ਹਨ। ਇਸ ਦੇ ਪਿੱਛੇ ਜੀਵਨਸ਼ੈਲੀ ਅਤੇ ਵਾਤਾਵਰਣ ਵਿੱਚ ਬਦਲਾਅ ਮੁੱਖ ਕਾਰਨ ਮੰਨੇ ਜਾ ਰਹੇ ਹਨ। ਮੋਟਾਪਾ, ਪ੍ਰੋਸੈਸਡ ਭੋਜਨ, ਮਿੱਠੇ ਪੀਣ ਵਾਲੇ ਪਦਾਰਥ ਅਤੇ ਰੈੱਡ ਮੀਟ ਦਾ ਸੇਵਨ, ਸਰੀਰਕ ਅਕਿਰਿਆਸ਼ੀਲਤਾ ਵਰਗੇ ਕਾਰਕ ਇਸ ਦੇ ਜੋਖਮ ਨੂੰ ਵਧਾ ਰਹੇ ਹਨ। ਅਪੈਂਡਿਕਸ ਕੈਂਸਰ ਦਾ ਪਤਾ ਲਗਾਉਣਾ ਔਖਾ ਹੈ ਕਿਉਂਕਿ ਇਸ ਦੇ ਲੱਛਣ ਅਸਪਸ਼ਟ ਹੁੰਦੇ ਹਨ, ਜਿਵੇਂ ਹਲਕਾ ਢਿੱਡ ਦਰਦ ਜਾਂ ਸੋਜ। ਜ਼ਿਆਦਾਤਰ ਮਾਮਲਿਆਂ ਦਾ ਪਤਾ ਅਪੈਂਡੀਸਾਈਟਿਸ ਦੇ ਆਪ੍ਰੇਸ਼ਨ ਤੋਂ ਬਾਅਦ ਹੀ ਲੱਗਦਾ ਹੈ, ਜਦੋਂ ਇਲਾਜ ਲਈ ਦੇਰ ਹੋ ਜਾਂਦੀ ਹੈ।



## * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਟਰੰਪ ਦੀਆਂ ਆਸਾਂ ਨੂੰ ਬੂਰ ਨਾ ਪਿਆ, ਨੋਬਲ ਸ਼ਾਂਤੀ ਪੁਰਸਕਾਰ ਨਾ ਮਿਲਿਆ- ਇਕ ਖ਼ਬਰ**

-ਰੰਨ ਅੱਡੀਆਂ ਕੂਚਦੀ ਮਰ ਗਈ, ਬਾਂਕਾਂ ਨਾ ਜੁੜੀਆਂ।

***ਪਾਕਿ ਤੋਂ ਨਸ਼ਾ ਤਸਕਰੀ ਦੇਸ਼ ਲਈ ਗੰਭੀਰ ਖ਼ਤਰਾ- ਹਾਈ ਕੋਰਟ**

-ਹਾਈਕੋਰਟ ਜੀ, ਜਿਹੜਾ ਬੰਦਰਗਾਹਾਂ 'ਤੇ ਨਸ਼ਾ ਆਉਂਦਾ ਉਸ ਦੀ ਗੱਲ ਵੀ ਕਰੋ।



***ਭਈਆਂ ਨੇ ਸਿੱਖ ਨੌਜੁਆਨ ਨੂੰ ਕੁੱਟ ਮਾਰ ਕਰ ਕੇ ਨਹਿਰ 'ਚ ਸੁੱਟਿਆ- ਇਕ ਖ਼ਬਰ**

-ਉਹ ਦਿਨ ਗਏ ਜਦੋਂ ਭਈਏ ਸਿਰਫ਼ ਝੋਨਾ ਲਾਉਣ ਹੀ ਪੰਜਾਬ 'ਚ ਆਉਂਦੇ ਸਨ।



***ਭਾਜਪਾ ਸ਼ਾਸਤ ਪ੍ਰਦੇਸ਼ਾਂ ਵਿਚ ਦਲਿਤਾਂ ਉੱਪਰ ਅੱਤਿਆਚਾਰ ਸਿਖਰਾਂ 'ਤੇ- ਹਰਪਾਲ ਸਿੰਘ ਚੀਮਾ**

-ਜੇ ਇਹ ਨਹੀਂ ਕਰਨਾ ਤਾਂ ਫੇਰ ਹਿੰਦੂ ਰਾਸ਼ਟਰ ਸਿਰ 'ਚ ਮਾਰਨਾ ਉਨ੍ਹੀਂ।

***ਚੀਨੀ ਔਰਤ ਨਾਲ ਪਿਆਰ ਕਰਨ ਬਦਲੇ ਅਮਰੀਕੀ ਡਿਪਲੋਮੈਟ ਦੀ ਨੌਕਰੀ ਗਈ- ਇਕ ਖ਼ਬਰ**

-ਨਾਲੇ ਰੰਨ ਗਈ ਨਾਲੇ ਕੰਨ ਪਾਟੇ, ਏਸ ਇਸ਼ਕ ਥੀਂ ਨਫ਼ਾ ਕੀ ਖੱਟਿਆ ਸੂ।



***ਤਿੰਨ ਸਾਲਾਂ 'ਚ ਲਏ ਕਰਜ਼ੇ ਬਾਰੇ ਵ੍ਹਾਈਟ ਪੇਪਰ ਜਾਰੀ ਕਰੇ ਪੰਜਾਬ ਸਰਕਾਰ- ਪਰਗਟ ਸਿੰਘ**

-ਕਿਹੜੇ ਯਾਰ ਦਾ ਗੁਤਾਵਾ ਕੀਤਾ, ਅੱਖ ਵਿਚ ਕੱਖ ਪੈ ਗਿਆ।



***ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ- ਰਾਜਪਾਲ ਕਟਾਰੀਆ**

-ਜਨਾਬ ਨਿੱਘ ਤਾਂ ਉੱਪਰਲੇ ਪੰਜ ਸੱਤ ਫ਼ੀਸਦੀ ਹੀ ਮਾਣ ਰਹੇ ਹਨ ਬਾਕੀ ਵਿਚਾਰੇ ਤਾਂ ਠੁਰ ਠੁਰ ਹੀ ਕਰਦੇ ਐ।

***ਗੁਰਦੁਆਰੇ ਦੀ ਪ੍ਰਧਾਨਗੀ ਨੂੰ ਲੈ ਕੇ ਚੱਲੀਆਂ ਤਲਵਾਰਾਂ- ਇਕ ਖ਼ਬਰ**

-ਸ਼ਰਮ ਇਨ੍ਹਾਂ ਨੂੰ ਬਿਲਕੁਲ ਆਂਵਦੀ ਨਹੀਂ, ਚੌਧਰ ਪ੍ਰਧਾਨਗੀ ਦੀ ਦਿਲੋਂ ਜਾਂਵਦੀ ਨਹੀਂ।



***ਅਦਾਲਤੀ ਕਾਰਵਾਈ ਦੌਰਾਨ ਵਕੀਲ ਨੇ ਚੀਫ਼ ਜਸਟਿਸ ਗਵਈ ਉਤੇ ਜੁੱਤੀ ਸੁੱਟਣ ਦੀ ਕੋਸ਼ਿਸ਼ ਕੀਤੀ- ਇਕ ਖ਼ਬਰ**

-ਏਸ 'ਸਵਰਣ' ਪਾਸੋਂ ਸਹਿਨ ਨਹੀਂ ਹੋਇਆ ਕਿ ਇਨ੍ਹਾਂ ਦਾ ਗੰਦ ਚੁੱਕਣ ਵਾਲਾ ਟੀਸੀ ਦੀ ਕੁਰਸੀ 'ਤੇ ਬੈਠਾ ਹੋਵੇ।



***ਪੰਜਾਬ ਅਤੇ 'ਆਪ' ਸਰਕਾਰ ਦੇ ਟਕਰਾਅ ਕਾਰਨ ਪੰਜਾਬ ਦੇ ਸਿਹਤ ਮਿਸ਼ਨ ਦੇ ਫੰਡ ਰੁਕੇ- ਪਰਗਟ ਸਿੰਘ**

-ਦੋ ਝੋਟੇ ਜਦੋਂ ਭਿੜਦੇ ਐ ਤਾਂ ਵਿਚਾਰਾ ਮਿੱਧਿਆ ਤਾਂ ਘਾਹ ਹੀ ਜਾਂਦੈ।



***ਭਾਰਤ ਦੀ ਅਰਥਵਿਵਸਥਾ 'ਚ ਭਾਈਵਾਲ ਬਣਨ ਲਈ ਬਰਤਾਨੀਆ ਤਿਆਰ- ਕੀਰ ਸਟਾਰਮਰ**

-ਬੋਤਾ ਬੰਨ੍ਹ ਜੰਡੀਆਂ ਦੀ ਛਾਂਵੇਂ, ਆ ਜਾ ਦੋਵੇਂ ਤਾਸ਼ ਖੇਡੀਏ।



***ਪੰਜਾਬ ਦੀ ਪਰਾਲੀ ਦਾ ਪ੍ਰਦੂਸ਼ਣ ਹਰਿਆਣਾ ਛੱਡ ਕੇ ਦਿੱਲੀ ਕਿਵੇਂ ਜਾ ਸਕਦੈ? ਮੇਰੀ ਸਮਝ 'ਚ ਨਹੀਂ ਆਉਂਦਾ- ਜਸਟਿਸ ਅਗਰਵਾਲ**

-ਜਸਟਿਸ ਸਾਹਿਬ ਇਹ ਤੁਹਾਡੇ ਸਮਝ ਨਹੀਂ ਆਉਣਾ, ਇਹ 'ਮੈਂ ਨਾ ਮਾਨੂੰ' ਵਾਲਿਆਂ ਨੂੰ ਹੀ ਸਮਝ ਆਉਂਦੈ।



***ਕੇਂਦਰੀ ਕਾਨੂੰਨ ਮੰਤਰੀ ਮੇਘਵਾਲ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ-ਇਕ ਖ਼ਬਰ**

-ਬੋਤਾ ਯਾਰ ਦਾ ਨਜ਼ਰ ਨਾ ਆਵੇ, ਉਡਦੀ ਧੂੜ ਦਿਸੇ।



***ਹਰਿਆਣਾ ਕਮੇਟੀ ਦੇ 17 ਮੈਂਬਰਾਂ ਨੇ ਪ੍ਰਧਾਨ ਝੀਂਡਾ ਤੋਂ ਆਪਣਾ ਸਮਰਥਨ ਵਾਪਸ ਲਿਆ- ਇਕ ਖ਼ਬਰ**

-ਯਾਰੀ ਲੱਗੀ ਤੋਂ ਲਵਾ 'ਤੇ ਤਖ਼ਤੇ, ਟੁੱਟੀ ਤੋਂ ਚੁਗਾਠ ਪੁੱਟ ਲਈ।



***ਮਹਿਬੂਬਾ ਮੁਫ਼ਤੀ ਨੇ ਤਾਲਿਬਾਨ ਨੂੰ 'ਗਲੇ ਲਗਾਉਣ ਲਈ' ਭਾਜਪਾ ਸਰਕਾਰ ਦੀ ਕੀਤੀ ਨਿੰਦਾ- ਇਕ ਖ਼ਬਰ**

-ਵੇ ਘਰ ਤੇਲਣ ਦੇ, ਤੇਰਾ ਚਾਦਰਾ ਖੜਕੇ।

***ਕੌਮੀ ਸਰਹੱਦ ਨਾਲ ਲਗਦੇ ਚੋਣ ਬੂਥਾਂ 'ਤੇ ਸੁਰੱਖਿਆ ਕੀਤੀ ਸਖ਼ਤ- ਚੋਣ ਕਮਿਸ਼ਨ**

-ਤਾਂ ਕਿ ਕਿਧਰੇ ਲਾਹੌਰ ਵਾਲੇ ਵੋਟਾਂ ਨਾ ਖੋਹ ਕੇ ਲੈ ਜਾਣ।

-ਡਾ: ਜਸਬੀਰ ਸਿੰਘ ਸਰਨਾ
-ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਅੰਮ੍ਰਿਤਸਰ ਦੇ ਗੁਰਦੁਆਰੇ

**19. ਗੁਰਦੁਆਰਾ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਜੀ:**

ਇਹ ਗੁਰਦੁਆਰਾ ਛੋਟਾ ਜਿਹਾ ਇਕ ਤੰਗ ਬਜ਼ਾਰ ਵਿੱਚ ਅਕਾਲ ਬੁੰਗੇ ਦੇ ਪਿੱਛੇ ਹੈ। ਇਹ ਗੁਰਦੁਆਰਾ ਬਾਬਾ ਗੁਰਬਖ਼ਸ਼ ਸਿੰਘ ਅਤੇ ਉਨ੍ਹਾਂ ਦੇ 29 ਸਿੰਘਾਂ ਦੀ ਬਹਾਦਰੀ ਦੀ ਦਾਸਤਾਨ ਦੀ ਯਾਦ ਦਿਲਾਉਂਦਾ ਹੈ, ਜਿਨ੍ਹਾਂ ਦਸੰਬਰ 1764 ਵਿੱਚ ਦੁਰਾਨੀ ਦੇ ਹਮਲੇ ਨੂੰ ਠੱਲ੍ਹ ਪਾਈ ਸੀ। ਇਨ੍ਹਾਂ ਸਾਰੇ ਸਿੰਘਾਂ ਨੇ ਇਕ ਇਕ ਕਰਕੇ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੀ ਰੱਖਿਆ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਸੀ। ਰੋਜ਼ ਗੁਰਬਾਣੀ ਦਾ ਪ੍ਰਵਾਹ ਚੱਲਦਾ ਹੈ। ਹਰ ਵਰ੍ਹੇ ਇਨ੍ਹਾਂ ਦੇ ਸ਼ਹੀਦੀ ਜੋੜ-ਮੇਲੇ 'ਤੇ ਭਾਰੀ ਰੌਣਕਾਂ ਹੁੰਦੀਆਂ ਹਨ।

**20.ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ:**

ਇਹ ਗੁਰਦੁਆਰਾ ਲੋਹਗੜ੍ਹ ਦਰਵਾਜ਼ੇ ਦੇ ਅੰਦਰ ਕਿਲ੍ਹਾ ਲੋਹਗੜ੍ਹ ਵਿੱਚ ਹੈ। ਅੰਮ੍ਰਿਤਸਰ ਸ਼ਹਿਰ ਦੇ ਕੁੱਲ 13 ਦਰਵਾਜ਼ੇ ਹਨ। ਇਹ ਕਿਲ੍ਹਾ ਸਿੱਖ ਧਰਮ ਦਾ ਪਹਿਲਾ ਕਿਲ੍ਹਾ ਹੈ ਜੋ ਗੁਰੂ ਹਰਿਗੋਬਿੰਦ ਸਾਹਿਬ ਮੀਰੀ-ਪੀਰੀ ਦੇ ਪਾਤਸ਼ਾਹ ਨੇ 1618 ਵਿੱਚ ਅੰਮ੍ਰਿਤਸਰ ਦੀ ਰੱਖਿਆ ਲਈ ਬਣਾਇਆ ਸੀ। ਇਸੇ ਥਾਂ ਪ੍ਰਮੁੱਖ ਜੰਗ ਅੰਮ੍ਰਿਤਸਰ, ਗੁਰੂ ਸਾਹਿਬ ਤੇ ਸ਼ਾਹੀ ਫੌਜਾਂ ਦੀ ਮੁਖਲਸ ਖਾਨ ਹੇਠ ਮਈ 1629 ਨੂੰ ਹੋਈ। ਪਿੰਡ ਕੋਹਾਲਾ ਤੋਂ ਲੈ ਕੇ ਖ਼ਾਲਸਾ ਕਾਲਜ, ਪਿੱਪਲੀ ਸਾਹਿਬ ਅਤੇ ਲੋਹਗੜ੍ਹ ਤੱਕ ਮੈਦਾਨਿ ਜੰਗ ਬਣ ਗਿਆ। ਇਸੇ ਜੰਗ ਵਿੱਚ ਭਾਈ ਬਿਧੀ ਚੰਦ ਨੇ ਮੁਖਲਸ ਖਾਨ ਨੂੰ ਮਾਰ ਮੁਕਾਇਆ ਸੀ। ਗੁਰੂ ਸਾਹਿਬ ਦੀ ਜਿੱਤ ਹੋਈ।

ਗੁਰੂ ਸਾਹਿਬ ਨੇ ਲੋਹਗੜ੍ਹ ਵਿਖੇ ਲੱਕੜ ਦੀ ਬੇਰੀ ਵਿੱਚ ਮਘੋਰਾ ਕਰਕੇ ਬਾਰੂਦ ਭਰ ਕੇ ਤੋਪ ਵਾਂਗ ਚਲਾਇਆ। ਖ਼ਾਲਸੇ ਦਾ ਪਹਿਲਾ ਕਿਲ੍ਹਾ ਅਤੇ ਬੇਰੀ ਦੀ ਲੱਕੜ ਦੀ ਤੋਪ ਪਹਿਲੀ ਤੋਪ ਹੈ ਜੋ ਅਜੇ ਤੱਕ ਇਸ ਥਾਂ ਸੁਰੱਖਿਅਤ ਰੱਖੀ ਗਈ ਹੈ। ਇਥੇ ਗੁਰੂ ਸਾਹਿਬ ਦੀਆਂ ਦੋ ਢਾਈ-ਫੁੱਟੀਆਂ ਸ੍ਰੀ ਸਾਹਿਬ ਵੀ ਹਨ। ਇਕ ਪੁਰਾਤਨ ਖੂਹ ਵੀ ਹੈ। ਅਜੋਕੀ ਗੁਰਦੁਆਰਾ ਇਮਾਰਤ ਉਸੇ ਕਿਲ੍ਹੇ ਦੇ ਟਿੱਲ੍ਹੇ 'ਤੇ ਉਸਾਰੀ ਗਈ ਹੈ, ਜਿਸ ਨੂੰ ਅਹਿਮਦ ਸ਼ਾਹ ਦੁਰਾਨੀ ਨੇ ਆਪਣੇ ਇਕ ਹਮਲੇ ਸਮੇਂ 18ਵੀਂ ਸਦੀ ਦੇ ਅੱਧ ਵਿੱਚ ਢਾਹ-ਢੇਰੀ ਕਰ ਦਿੱਤਾ ਸੀ। ਲੋਹਗੜ੍ਹ ਗੇਟ ਸ਼ਹਿਰ ਦੀ ਦੀਵਾਰ ਅੰਦਰ ਮਹਾਰਾਜਾ ਰਣਜੀਤ ਸਿੰਘ ਨੇ ਬਣਾਇਆ ਸੀ।

ਅੰਮ੍ਰਿਤਸਰ ਸਾਹਿਬ ਦੇ ਗੁਰਦੁਆਰਿਆਂ ਦਾ ਇਹ ਸੰਖੇਪ ਇਤਿਹਾਸ ਸੀ। 1984 ਦੇ ਸਿੰਘ ਸ਼ਹੀਦਾਂ ਜਿਨ੍ਹਾਂ ਅਕਾਲ ਤਖ਼ਤ ਸਾਹਿਬ ਦੀ ਰੱਖਿਆ ਲਈ ਸ਼ਹੀਦੀਆਂ ਪ੍ਰਾਪਤ ਕੀਤੀਆਂ, ਉਨ੍ਹਾਂ ਦੀ ਯਾਦਗਾਰ ਬਣਾਉਣੀ ਸਮੇਂ ਦੀ ਅਹਿਮ ਮੰਗ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਪਾਸੇ ਵੱਲ ਰਚਨਾਤਮਕ ਭੂਮਿਕਾ ਨਿਭਾਉਣੀ




ਚਾਹੀਦੀ ਹੈ।

**ਪੁਸਤਕ ਸੂਚੀ:-**

1. ਠਾਕਰ ਸਿੰਘ, ਗਿਆਨੀ- ਸ੍ਰੀ ਗੁਰ-ਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਕਾਨ੍ਹ ਸਿੰਘ ਨਾਭਾ-ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
4. ਹਰਬੰਸ ਸਿੰਘ (ਸੰ:)- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998
5. ਪ੍ਰਤਾਪ ਸਿੰਘ, ਗਿ.- ਅੰਮ੍ਰਿਤਸਰ ਸਿਫ਼ਤੀ ਦਾ ਘਰ, ਅੰਮ੍ਰਿਤਸਰ, ਛਾਪ 1977
6. ਗਿਆਨ ਸਿੰਘ ਗਿਆਨੀ- ਤਵਾਰੀਖ ਸ੍ਰੀ ਅੰਮ੍ਰਿਤਸਰ, ਅੰਮ੍ਰਿਤਸਰ, ਛਾਪ 1977
7. ਦੱਤਾ ਵੀ.ਐਨ.- ਅੰਮ੍ਰਿਤਸਰ ਪਾਸਟ ਐਂਡ ਪ੍ਰੈਜ਼ੰਟ, ਅੰਮ੍ਰਿਤਸਰ, 1967
8. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫ਼ਰੈਂਸ ਬੁੱਕ, ਕੈਨੇਡਾ, 1997
9. ਮਦਨਜੀਤ ਕੌਰ, ਪ੍ਰੋ.- ਦੀ ਗੋਲਡਨ ਟੈਂਪਲ, ਅੰਮ੍ਰਿਤਸਰ, 1977
10. ਸਤਨਾਮ ਸਿੰਘ- ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਅੰਮ੍ਰਿਤਸਰ, 1996

## ਇਆਲੀ ਕਲਾਂ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਇਕ ਪਿੰਡ ਇਆਲੀ ਕਲਾਂ ਆਉਂਦਾ ਹੈ। ਇਹ ਲੁਧਿਆਣਾ ਸ਼ਹਿਰ ਤੋਂ 12 ਕਿਲੋਮੀਟਰ ਪੱਛਮ ਵੱਲ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਮਹਿਰਾਜ ਦੀ ਲੜਾਈ (1634) ਬਾਅਦ ਕਰਤਾਰਪੁਰ ਜਾਣ ਸਮੇਂ ਕੁਝ ਦੇਰ ਠਹਿਰੇ ਸਨ।

ਮੁਕਾਮੀ ਰਿਵਾਇਤ ਅਨੁਸਾਰ, ਇਕ ਉੱਚਾ ਥੜ੍ਹਾ ਭਾਈ ਬਿਧੀ ਚੰਦ ਅਤੇ ਹੋਰ ਗੁਰਸਿੱਖਾਂ ਵੱਲੋਂ ਉਸਾਰਿਆ ਗਿਆ। ਇਸੇ ਕਾਰਨ ਗੁਰਦੁਆਰੇ ਦਾ ਨਾਂ ਥੜ੍ਹਾ ਸਾਹਿਬ ਪ੍ਰਸਿੱਧ ਹੋ ਗਿਆ। ਇਹ ਗੁਰਦੁਆਰਾ ਪਹਿਲਾਂ ਉਦਾਸੀਆਂ ਦੇ ਪ੍ਰਬੰਧ ਹੇਠ ਸੀ ਪਰ ਬਾਅਦ ਵਿੱਚ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ। ਇਹ ਗੁਰਦੁਆਰਾ ਨੋਟੀਫਾਈਡ ਹੈ ਜੋ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਅਤੇ ਇਥੋਂ ਦਾ ਪ੍ਰਬੰਧ ਨਾਮਜ਼ਦ ਕਮੇਟੀ ਚਲਾ ਰਹੀ ਹੈ। ਅਜੋਕੀ ਇਮਾਰਤ ਪੁਰਾਣੀ ਥਾਂ 'ਤੇ ਹੀ ਦੋ ਮੀਟਰ ਉੱਚੀ ਧਰਤ ਤੋਂ 1953 ਵਿੱਚ ਬਣਾਈ ਗਈ ਹੈ। ਇਹ ਗੁਰਦੁਆਰਾ ਚੱਕਰ ਕਮਰਾ-ਨੁਮਾ ਸੰਗਮਰਮਰ ਦੇ ਫਰਸ਼ ਨਾਲ ਸਜਿਆ ਹੈ ਅਤੇ ਅੱਠ ਗੁੰਬਦਾਂ ਵਾਲਾ ਕਮਰਾ ਉਪਰ ਬਣਿਆ ਹੈ। ਇਕ ਸੋਨੇ ਦੀ ਗਾਗਰ ਗੁੰਬਦ ਉਪਰ ਨਜ਼ਰੀਂ ਪੈਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪਹਿਲੀ ਮੰਜ਼ਿਲ 'ਤੇ ਹੀ ਕੀਤਾ ਜਾਂਦਾ ਹੈ। ਬਾਅਦ ਵਿੱਚ 1960 ਵਿੱਚ ਇਕ ਮੁਰੱਬਾ ਹਾਲ ਦਾ ਵਿਸਥਾਰ ਕੀਤਾ ਗਿਆ।

ਗੁਰਦੁਆਰਾ ਸਾਹਿਬ ਦੇ ਸਾਹਮਣੇ ਪਿੰਡ ਦੀ ਗਲੀ ਕੋਲ ਉਹ ਤਬੇਲਾ ਵੀ ਮੌਜੂਦ ਹੈ ਜਿਥੇ ਗੁਰੂ ਸਾਹਿਬ ਆਪਣਾ ਘੋੜਾ ਦਿਲਬਾਗ ਰੱਖਦੇ ਸਨ। ਮੁਕਾਮੀ ਕਮੇਟੀ ਗੁਰਦੁਆਰੇ ਦਾ ਪ੍ਰਬੰਧ ਕਰਦੀ ਹੈ ਸਾਰੇ ਪ੍ਰਮੁੱਖ ਗੁਰਪੁਰਬਾਂ 'ਤੇ ਭਾਰੀ ਜੋੜ-ਮੇਲਾ ਲੱਗਦਾ ਹੈ, ਖਾਸ ਕਰ ਪੋਹ ਦੇ ਮਹੀਨੇ। ਪਿੰਡ ਵੱਲੋਂ ਹੀ ਗੁਰਦੁਆਰੇ ਸਾਹਿਬ ਨਾਲ 16 ਹੈਕਟੇਅਰ ਜ਼ਮੀਨ ਲੱਗੀ ਹੋਈ ਹੈ।

**ਪੁਸਤਕ ਸੂਚੀ:-**

1. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

## ਇਕੁਲਾਹਾ

ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਪਿੰਡ ਇਕੁਲਾਹਾ ਆਉਂਦਾ ਹੈ। ਖੰਨੇ ਤੋਂ 6 ਕਿਲੋਮੀਟਰ ਦੂਰ ਦੱਖਣ ਪੱਛਮ ਵੱਲ ਹੈ। ਖੰਨੇ ਦਾ ਅਕਸ਼ਾਸ਼ 300-42 ਅਤੇ ਰੇਖਾਸ਼ 760-13 ਹੈ। ਇਸ ਪਿੰਡ ਦੇ ਲਹਿੰਦੇ ਵੱਲ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਹੈ। ਗੁਰੂ ਸਾਹਿਬ ਧਮੋਟ ਵੱਲੋਂ ਸੈਂਟੀ ਵੱਲ ਜਾਣ ਸਮੇਂ ਇਥੇ ਠਹਿਰੇ ਸਨ। ਇਸ ਗੁਰ-ਦੁਆਰੇ ਦੀ ਇਮਾਰਤ ਕਾਫ਼ੀ ਸਮੇਂ ਬਾਅਦ ਬਣੀ ਹੈ। ਇਮਾਰਤ ਦੀ ਸੇਵਾ ਭਾਈ ਰਲਾ ਸਿੰਘ ਨੇ 1907-08 ਵਿੱਚ ਕੀਤੀ ਜੋ ਅਫ਼ਰੀਕਾ ਵਿੱਚ ਮੁਲਾਜ਼ਮ ਸਨ। ਅਫ਼ਰੀਕਾ ਰਹਿਣ ਦੌਰਾਨ ਹੀ ਉਨ੍ਹਾਂ ਨੂੰ ਅਕਾਲ ਪੁਰਖ ਵੱਲੋਂ ਪ੍ਰੇਰਨਾ ਹੋਈ ਉਨ੍ਹਾਂ ਇਕੁਲਾਹੇ ਆ ਕੇ ਗੁਰਦੁਆਰੇ ਦੀ ਇਮਾਰਤ ਦਾ ਨਿਰਮਾਣ ਕੀਤਾ ਪਰ 1933 ਤੱਕ ਇਹ ਇਮਾਰਤ ਮੁਕੰਮਲ ਨਾ ਹੋ ਸਕੀ। ਭਾਈ ਸਾਹਿਬ ਤੋਂ ਬਾਅਦ ਮਾਈ ਗੁਲਾਬ ਕੌਰ (ਮਹਾਨ ਕੋਸ਼ ਦੇ ਲੇਖਕ ਨੇ ਇਸ ਦਾ ਨਾਂ ਮਹਿਤਾਬ ਕੌਰ ਲਿਖਿਆ ਹੈ) ਅਤੇ ਨਗਰ ਨਿਵਾਸੀਆਂ ਦੇ ਉੱਦਮ ਨਾਲ ਕਮਰੇ ਦੀ ਸ਼ਕਲ ਦਾ ਬਣ ਗਿਆ। ਅੱਜ ਕੱਲ੍ਹ ਇਸ ਗੁਰਦੁਆਰੇ ਨੂੰ ਗੁਰਦੁਆਰਾ ਗੁਰੂਸਰ ਪਾਤਸ਼ਾਹੀ ਛੇਵੀਂ ਆਖਿਆ ਜਾਂਦਾ ਹੈ। ਇਸ ਵਿੱਚ ਇਕ ਵੱਡਾ ਹਾਲ ਨੁਮਾ ਕਮਰਾ ਹੈ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਸ ਦੇ ਨਾਲ ਹੀ ਇਕ ਹੋਰ ਮੁਰੱਬਾ ਕਮਰਾ ਹੈ ਜਿਸ ਨੂੰ ਮੰਜੀ ਸਾਹਿਬ ਆਖਿਆ ਜਾਂਦਾ ਹੈ ਜਿਥੇ ਬੈਠ ਕੇ ਗੁਰੂ ਸਾਹਿਬ ਸੰਗਤਾਂ ਵਿੱਚ ਪ੍ਰਚਾਰ ਕਰਦੇ ਸਨ। ਇਕ ਹੋਰ ਕਮਰਾ ਤਹਿਖਾਨੇ ਵਜੋਂ ਮੌਜੂਦ ਹੈ। ਕੇਸਰੀ ਨਿਸ਼ਾਨ ਸਾਹਿਬ 100 ਫੁੱਟ ਉੱਚਾ, ਮੰਜੀ ਸਾਹਿਬ ਦੇ ਕੋਲ 3 ਮਈ 1978 ਨੂੰ ਉਸਾਰਿਆ ਗਿਆ ਹੈ। ਰੋਜ਼ ਗੁਰਦੁਆਰੇ ਵਿੱਚ ਕਥਾ-ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਸਾਰੇ ਗੁਰਪੁਰਬ ਮਨਾਏ ਜਾਂਦੇ ਹਨ ਅਤੇ ਸਾਲਾਨਾ ਜੋੜ-ਮੇਲਾ 20 ਵਿਸਾਖ (ਮਈ ਦੇ ਸ਼ੁਰੂ ਵਿੱਚ) ਨੂੰ ਜੁੜਦਾ ਹੈ। ਗੁਰੂ ਸਾਹਿਬ ਇਸ ਪਿੰਡ ਵਿੱਚ 1632 ਨੂੰ ਆਏ ਸਨ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਨਾਮਜ਼ਦ ਕਮੇਟੀ ਰਾਹੀਂ ਕਰਦੀ ਹੈ। ਪਿੰਡ ਦੇ ਨੌਜਵਾਨ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਗੁਰਦੁਆਰੇ ਨਾਲ 10 ਹੈਕਟੇਅਰ ਜ਼ਮੀਨ ਲੱਗੀ ਹੋਈ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990
2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998

## ਈਸੜੂ

ਈਸੜੂ ਨੂੰ ਈਸੜ ਵੀ ਆਖਦੇ ਹਨ। ਪੰਜਾਬ ਦੇ ਜ਼ਿਲ੍ਹਾ ਲੁਧਿਆਣਾ ਵਿੱਚ ਈਸੜੂ ਪਿੰਡ ਆਉਂਦਾ ਹੈ, ਜੋ ਖੰਨਾ ਤੋਂ 13 ਕਿਲੋਮੀਟਰ ਦੂਰ ਦੱਖਣ ਪੱਛਮ ਵੱਲ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦਾ ਗੁਰਦੁਆਰਾ ਪਾਤਸ਼ਾਹੀ ਛੇਵੀਂ ਹੈ। ਇਸ ਪਿੰਡ ਵਿੱਚ ਗੁਰੂ ਸਾਹਿਬ ਦੇ ਪਵਿੱਤਰ ਕਦਮ ਪਏ ਹਨ। ਅਜੋਕੀ ਇਮਾਰਤ 1955-56 ਵਿੱਚ ਪੁਰਾਣੀ ਇਮਾਰਤ ਦੀ ਥਾਂ 'ਤੇ ਹੀ ਬਣਾਈ ਗਈ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਪਹਿਲਾਂ ਮਹੰਤਾਂ ਕੋਲ ਸੀ ਪਰ ਬਾਅਦ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ। ਇਹ ਗੁਰਦੁਆਰਾ ਨੋਟੀਫਾਈਡ ਹੈ ਜੋ ਗੁਰ-ਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ ਅਤੇ ਇਸ ਦਾ ਪ੍ਰਬੰਧ ਨਾਮਜ਼ਦ ਕਮੇਟੀ ਚਲਾ ਰਹੀ ਹੈ। ਰੋਜ਼ ਕਥਾ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਬਿਕਰਮੀ ਮਹੀਨੇ ਦੀ ਪਹਿਲੀ ਨੂੰ ਭਾਰੀ ਜੋੜ-ਮੇਲਾ ਹੁੰਦਾ ਹੈ।

ਪੁਸਤਕ ਸੂਚੀ:-

1. ਕਾਨ੍ਹ ਸਿੰਘ ਨਾਭਾ- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

ਬਾਕੀ ਅਗਲੇ ਹਫ਼ਤੇ ਪੜ੍ਹੋ

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ–15**


**ਸਤਿਗੁਰਾਂ ਨੇ ਕੋਈ ਖਿਆਲ, ਰੂਹਾਨੀਅਤ ਅਤੇ ਸਮਾਜਿਕ ਸੂਝ ਤੇ ਹੋਰ ਕਿਸੇ ਕਿਸਮ ਦਾ, ਕਬੀਰ ਜੀ ਜਾਂ ਕਿਸੇ ਹੋਰ ਤੋਂ ਨਹੀਂ ਲਿਆ । ਉਨ੍ਹਾਂ ਜੋ ਪ੍ਰਾਪਤ ਕੀਤਾ ਸੀ, ਉਹ ਤੱਤ ਨਿਰੰਜਨ, ਪਾਰ ਬ੍ਰਹਮ ਪ੍ਰਮੇਸ਼ਰ ਦੀ ਬਖ਼ਸ਼ਿਸ਼ ਦੇ ਰੂਪ ਵਿੱਚ ਧੁਰੋਂ ਲਿਆ ਸੀ । ਬ੍ਰਹਮ ਤੁਲ ਗੁਰੂ ਨਾਨਕ ਜੀ, ਆਪਣੇ ਖਿਆਲ ਆਪ ਬਣਾਉਂਦੇ ਸਨ, ਆਪਣੇ ਸਿਧਾਂਤ ਖੁਦ ਰੂਪਮਾਨ ਕਰਦੇ ਸਨ। ਗੁਰੂ ਨਾਨਕ ਜੀ ਦਾ ਜੀਵਨ ਘਟਨਾਵਾਂ ਦਾ ਵੇਰਵਾ ਦੇਖੀਏ, ਉਨ੍ਹਾਂ ਦੀ ਬਾਣੀ ਵਿਚਾਰੀਏ ਤਾਂ ਇਹ ਸਾਫ਼ ਸਾਬਤ ਹੁੰਦਾ ਹੈ। ਭਗਤਾਂ ਅਤੇ ਸਤਿਗੁਰੂ ਜੀ ਦਾ ਇਹੋ ਭੇਦ ਹੈ ।**

ਰਾਮਾਨੰਦ ਜੀ ਦੀ ਆਪਣੀ ਰਚਨਾ ਰਾਮਾਨੁਜ ਪਧਤੀ ਵਿੱਚ ਆਪਣੇ ਆਪ ਨੂੰ ਚੌਧਵੀਂ ਪੀੜ੍ਹੀ ਵਿੱਚ ਰਾਮਾਨੁਜ ਤੋਂ ਪਿੱਛੋਂ ਹੋਣਾ ਪ੍ਰਮਾਣਿਤ ਹੈ। ਰਾਮਾਨੰਦ ਜੀ ਦਾ ਚਲਾਣਾ ਸ਼ੁਕਲਾ ਜੀ ਅਤੇ ਬਲਦੇਵ ਉਪਾਧਯ ਜੀ ਨੇ (ਭਾਗਵਤ ਸੰਪਰਦਾਏ ਗ੍ਰੰਥ ਵਿੱਚ) 1580 ਸੰਮਤ ਚਲਾਣੇ ਦਾ ਮੰਨਿਆ ਹੈ। ਏਹੋ ਸਮਾਂ ਗੁਰੂ ਨਾਨਕ ਜੀ ਦਾ (ਚਲਾਣਾ 1597 ਸੰਮਤ) ਹੈ। ਕਬੀਰ ਜੀ ਦਾ ਚਲਾਣਾ ਬੇਸ਼ੱਕ ਰਾਮਾਨੰਦ ਜੀ ਪਿੱਛੋਂ ਭੀ ਹੋ ਸਕਦਾ ਹੈ। ਪਰ ਅਸੀਂ ਉਨ੍ਹਾਂ ਦਾ ਚਲਾਣਾ ਸੰਮਤ 1575 ਹੀ ਮੰਨ ਲਿਆ ਹੈ। ਇਸ ਅਨੁਸਾਰ ਕਬੀਰ ਜੀ ਨੇ ਗੁਰੂ ਨਾਨਕ ਜੀ ਤੋਂ 20–21 ਕੁ ਵਰ੍ਹੇ ਪਹਿਲਾਂ ਚਲਾਣਾ ਕੀਤਾ।

ਇੰਝ ਨਿਰਸੰਸੇ ਹੀ ਕਬੀਰ ਜੀ ਅਤੇ ਰਵਿਦਾਸ ਜੀ ਸਮਕਾਲੀ ਸਨ। ਰਵਿਦਾਸ ਜੀ ਅਤੇ ਮੀਰਾਂ ਬਾਈ ਦੇ ਮੇਲ ਦਾ ਪ੍ਰਸੰਗ ਭੀ ਅਰਥ ਰੱਖਦਾ ਹੈ। ਰਵਿਦਾਸ ਜੀ ਕਬੀਰ ਜੀ ਨਾਲ ਸਲਾਹ ਕਰਨ ਜਾਂਦੇ ਹਨ ਕਿ ਪੰਡੇ ਦੁਖੀ ਹੋਣਗੇ, ਰਵਿਦਾਸ ਚਮਾਰ ਤੋਂ ਮੀਰਾਂ ਨੇ ਕਿਉਂ ਦੀਖਿਆ ਲਈ। ਕਿਸੇ ਵੀ ਤਰ੍ਹਾਂ ਮੀਰਾਂ ਦਾ ਸਮਾਂ 1555 ਸੰਮਤ ਤੋਂ ਪਹਿਲਾਂ ਦਾ ਨਹੀਂ ਇਸ ਪਿੱਛੋਂ ਜਨਮ ਹੋਣ ਦੀਆਂ ਲਿਖਤਾਂ ਜ਼ਰੂਰ ਮਿਲਦੀਆਂ ਹਨ, ਏਨ੍ਹਾਂ ਰਾਜਿਸਥਾਨੀ ਰਾਣੀਆਂ ਦੇ ਸਮੇਂ ਤੋਂ ਪਹਿਲਾਂ ਰਵਿਦਾਸ ਜੀ ਦਾ ਸਮਾਂ ਕਲਪਿਆ ਭੀ ਨਹੀਂ ਜਾ ਸਕਦਾ। ਕਬੀਰ ਰਵਿਦਾਸ ਦੀ ਚਰਚਾ ਦਾ ਇਹ ਪੁਰਾਤਨ ਗੁਟਕਾ ਨਾਗਰੀ ਪ੍ਰਚਾਰਨੀ ਸਭਾ ਕਾਸ਼ੀ ਵਿੱਚ ਪ੍ਰਾਪਤ ਹੈ। ਜਿਸ ਤੋਂ ਰਾਮਾਨੰਦ, ਕਬੀਰ, ਰਵਿਦਾਸ, ਸੈਣ, ਮੀਰਾਂ ਬਾਈ ਦੇ ਸਮੇਂ ਦਾ ਨਿਰਣੈ ਹੋ ਜਾਂਦਾ ਹੈ।

ਕਬੀਰ ਜੀ ਨਾਲ ਗੁਰੂ ਨਾਨਕ ਜੀ ਦਾ ਕਈ ਵਾਰ ਮੇਲ ਹੋਣ ਦੇ ਲੇਖ ਕਬੀਰ ਪੰਥੀ ਗ੍ਰੰਥਾਂ ਵਿੱਚ ਆਉਂਦੇ ਹਨ। ਕਬੀਰ ਜੀ ਦੇ ਪਹਿਲੇ ਚੇਲੇ ਧਰਮ ਦਾਸ ਦੀਆਂ ਲਿਖਤਾਂ ਤੋਂ ਇਹ ਵਿਰਤਾਂਤ ਸ਼ੁਰੂ ਹੁੰਦੇ ਹਨ। ਕਬੀਰ ਮਨਸੂਰ ਆਦਿ ਹੋਰ ਗ੍ਰੰਥਾਂ ਨੇ ਵੀ ਕਈ ਵਾਰ ਮੇਲ ਹੋਇਆ ਮੰਨਿਆ ਹੈ।

ਕਬੀਰ ਜੀ ਦਾ ਮੇਲ ਗੁਰੂ ਨਾਨਕ ਜੀ ਨਾਲ ਮਗਹਰ ਅਤੇ ਬਨਾਰਸ ਹੋਣ ਦੇ ਜ਼ਿਕਰ ਹਨ। ਕਈ ਵਿਦਵਾਨਾਂ ਨੇ ਕਬੀਰ ਜੀ ਗੁਰੂ ਨਾਨਕ ਨੂੰ ਪੰਜਾਬ ਵਿੱਚ ਮਿਲੇ ਭੀ ਲਿਖਿਆ ਹੈ। ਗੋਬਿੰਦ ਤ੍ਰਿਗੁਣਾਇਤ ਜੀ ਦੇ ਕਥਨ ਮੁਤਾਬਕ ਇਹ ਭੀ ਗਲਤ ਨਹੀਂ। ਕਬੀਰ ਜੀ ਪਹਿਲਾਂ, ਮੁਸਲਮਾਨੀ ਸ਼ਰ੍ਹਾ ਪਾਲਦੇ ਹੋਏ ਹੱਜ ਯਾਤਰਾ ਉੱਤੇ ਮੱਕੇ ਜਾਂਦੇ, ਪੰਜਾਬ ਵਿੱਚੋਂ ਲੰਘਦੇ ਰਹੇ, ਜਿਸ ਕਰਕੇ ਕਬੀਰ ਜੀ ਉੱਤੇ ਪੰਜਾਬੀ ਬੋਲੀ ਦਾ ਪ੍ਰਭਾਵ ਪਿਆ। ਕਬੀਰ ਦੀ ਬਾਣੀ ਉੱਤੇ ਪੰਜਾਬੀ ਦੇ ਪ੍ਰਭਾਵ ਦੇਖਕੇ ਸਿਆਮ ਸੁੰਦਰ ਦਾਸ ਜੀ ਭੂਮਿਕਾ ਕਬੀਰ ਗ੍ਰੰਥਾਵਲੀ ਵਿੱਚ ਆਉਂਦੇ ਪੰਜਾਬੀ ਰੰਗ ਨੂੰ ਦੇਖਕੇ ਸਟਪਟਾਏ ਸਨ। ਸਭ ਤੋਂ ਵੱਧ ਹੈਰਾਨੀ ਹਿੰਦੀ ਵਿਦਵਾਨਾਂ ਨੂੰ ਉਦੋਂ ਹੋਈ ਜਦੋਂ ਉਨ੍ਹਾਂ ਕਬੀਰ ਜੀ ਦਾ ਚੌਤੀਸਾ, ਜੋ ਕਬੀਰ ਬੀਜਕ ਵਿੱਚ ਦੇਖਿਆ, (ਬਾਵਨ ਅੱਖਰੀ) ਦੇ ਹਰ ਪਦੇ ਦਾ ਮੁੱਢਲਾ ਅੱਖਰ ਗੁਰਮੁੱਖੀ ਉਚਾਰਨ ਵਾਲਾ, ਕੱਕਾ, ਖੱਖਾ, ਗੱਗਾ, ਦੇ ਰੂਪ ਵਿੱਚ ਪੜ੍ਹਿਆ। ਇਸ ਸੂਰਜ ਵਾਂਗ ਚਮਕਦੇ ਸੱਚ ਦਾ ਕਿਸੇ ਪਾਸ ਭੀ ਕੋਈ ਜਵਾਬ ਨਹੀਂ। ਸਿਵਾਏ ਇਸਦੇ ਕਿ ਗੁਰੂ ਨਾਨਕ ਪੱਧਤੀ ਦੀ ਮੂਲ ਵਸਤੂ ਗੁਰੂ ਜੀ ਤੋਂ ਪ੍ਰਾਪਤ ਹੋਈ। ਗੁਰੂ ਨਾਨਕ ਜੀ ਦੀ ਆਪਣੀ ਰਚਨਾ ਪੱਟੀ ਲਿਖੀ ਗੁਰਮੁੱਖੀ ਦਾ ਪਹਿਲਾ ਰੂਪ ਹੈ। ਗੁਰਮੁੱਖੀ ਦੇ ਸਾਰੇ ਅੱਖਰਾਂ ਨੂੰ ਅਧਿਆਤਮ ਉਪਦੇਸ਼ਾਂ ਦਾ ਅਧਾਰ ਬਣਾਇਆ। ਗੁਰੂ ਨਾਨਕ ਜੀ ਦੀ ਆਸਾ ਰਾਗ ਵਿੱਚ ਪੱਟੀ ਵਿੱਚ ਏਨ੍ਹਾਂ ਅੱਖਰਾਂ ਦੇ ਉਚਾਰਨ ਦੀ ਰੀਸ ਹੈ ਜਿਸ ਨੂੰ ਹਿੰਦੀ ਵਾਲੇ ਅਨੁਕਰਣ ਕਹਿੰਦੇ ਹਨ। ਬਾਵਨ ਅੱਖਰੀ ਕਬੀਰ ਜੀ ਦੇ ਉਹੋ ਅੱਖਰ ਤੇ ਰਚਨਾ ਦਾ ਉਹੋ ਜਿਹਾ ਹੀ ਅਧਾਰ ਹੋਣਾ, ਜਿਹੋ ਜਿਹੀ ਗੁਰੂ ਨਾਨਕ ਜੀ ਦੀ ਪੱਟੀ ਦਾ ਹੈ, ਨਾਲ ਹੀ ਕੱਕਾ, ਖੱਖਾ, ਗੱਗਾ, ਘੱਘਾ ਦੇ ਰੂਪ ਵਿੱਚ ਉਚਾਰਨ ਦਾ ਮਿਲਣਾ, ਗੁਰੂ ਨਾਨਕ ਜੀ ਤੋਂ ਪ੍ਰਭਾਵਤ ਹੋਣ ਦੇ ਸਾਫ ਸਪੱਸ਼ਟ ਅਤੇ ਅਕੱਟ ਪ੍ਰਮਾਣ ਹਨ। ਦੋਵਾਂ ਹਸਤੀਆਂ ਦੀਆਂ ਰਚਨਾਵਾਂ ਦੀਆਂ ਤੁਕਾਂ ਤੇ ਖਿਆਲਾਂ ਦੀਆਂ ਸਾਂਝਾਂ ਅਤੇ ਮੇਲ ਵਾਲੇ ਅਧਾਰਾਂ ਦੀ ਪੜਤਾਲ ਪਹਿਲੀ ਸੋਚ ਦਾ ਪਾਸਾ ਪਲਟ ਦਿੰਦਾ ਹੈ। ਗੁਰੂ ਨਾਨਕ ਜੀ ਨੂੰ ਕਬੀਰ ਜੀ ਤੋਂ ਪ੍ਰਭਾਵਤ ਹੋਇਆਂ ਕਹਿਣ ਵਾਲੇ, ਦੱਸਣ ਕਿ ਕੀ ਇਹ ਗੁਰਮੁੱਖੀ ਦੀ ਪੱਟੀ ਗੁਰੂ ਨਾਨਕ ਜੀ ਨੇ ਕਬੀਰ ਜੀ ਤੋਂ ਕਾਸ਼ੀ ਵਿੱਚ ਜਾਕੇ ਪੜ੍ਹੀ ਸੀ ? ਜਾਂ ਕਿ ਕਬੀਰ ਜੀ ਦੀ




ਰਚਨਾ ਵਿੱਚ, ਜਿਵੇਂ ਹੋਰ ਅਨੇਕਾਂ ਜੀਵਨ ਪਲਟਾ ਦੇਣ ਵਾਲੇ ਪ੍ਰਮਾਣ ਹਨ, ਗੁਰੂ ਜੀ ਦੀਆਂ ਸਿੱਖਿਆਵਾਂ ਕਬੀਰ ਜੀ ਨੇ ਮੰਨੀਆਂ, ਉਨ੍ਹਾਂ ਵਾਂਗ ਇਹ ਉਚਾਰਨ ਗੁਰੂ ਨਾਨਕ ਜੀ ਦੀ ਸੰਗਤ ਤੇ ਮੇਲ ਦਾ ਫਲ ਹੈ ?

ਇਸ ਪੋਥੀ ਵਿੱਚ ਅਜਿਹੇ ਮਸਲਿਆਂ ਉੱਤੇ ਖੁੱਲ੍ਹੀ ਚਰਚਾ ਕੀਤੀ ਗਈ ਹੈ। ਅਜਿਹੇ ਅਕੱਟ ਸਬੂਤਾਂ ਨਾਲ ਵੰਗਾਰਿਆ ਹੈ। ਕਬੀਰ ਜੀ ਤੋਂ ਗੁਰੂ ਨਾਨਕ ਜੀ ਨੇ ਕੋਈ ਜੁਗਤ ਨਹੀਂ ਸਿੱਖੀ, ਨਾ ਗੁਰੂ ਜੀ ਨੂੰ ਕਿਸੇ ਤੋਂ ਕੁਝ ਸਿੱਖਣ ਦੀ ਲੋੜ ਸੀ। ਸਗੋਂ ਕਬੀਰ ਜੀ ਨੂੰ ਜੁਗਤਾਂ ਦੱਸੀਆਂ। ਕੁੰਡਲਨੀ ਸੁਲਝਾਉਣ ਦੀ ਸਹਿਜਮਈ ਜੁਗਤ ਦੱਸੀ, ਸਮਦ੍ਰਿਸ਼ਟੀ ਗੁਰੂ ਨਾਨਕ ਜੀ ਦੀ ਦਿੱਤੀ ਦੋਵਾਂ ਦੀ ਚਰਚਾ ਅਤੇ ਬਾਣੀ ਤੋਂ ਸਪੱਸ਼ਟ ਹੈ।


ਸਤਿਗੁਰਾਂ ਨੇ ਕੋਈ ਖਿਆਲ, ਰੂਹਾਨੀਅਤ ਅਤੇ ਸਮਾਜਿਕ ਸੂਝ ਤੇ ਹੋਰ ਕਿਸੇ ਕਿਸਮ ਦਾ, ਕਬੀਰ ਜੀ ਜਾਂ ਕਿਸੇ ਹੋਰ ਤੋਂ ਨਹੀਂ ਲਿਆ। ਉਨ੍ਹਾਂ ਜੋ ਪ੍ਰਾਪਤ ਕੀਤਾ ਸੀ, ਉਹ ਤੱਤ ਨਿਰੰਜਨ, ਪਾਰ ਬ੍ਰਹਮ ਪ੍ਰਮੇਸ਼ਰ ਦੀ ਬਖ਼ਸ਼ਿਸ਼ ਦੇ ਰੂਪ ਵਿੱਚ ਧੁਰੋਂ ਲਿਆ ਸੀ। ਬ੍ਰਹਮ ਤੁਲ ਗੁਰੂ ਨਾਨਕ ਜੀ, ਆਪਣੇ ਖਿਆਲ ਆਪ ਬਣਾਉਂਦੇ ਸਨ, ਆਪਣੇ ਸਿਧਾਂਤ ਖੁਦ ਰੂਪਮਾਨ ਕਰਦੇ ਸਨ। ਗੁਰੂ ਨਾਨਕ ਜੀ ਦਾ ਜੀਵਨ ਘਟਨਾਵਾਂ ਦਾ ਵੇਰਵਾ ਦੇਖੀਏ, ਉਨ੍ਹਾਂ ਦੀ ਬਾਣੀ ਵਿਚਾਰੀਏ ਤਾਂ ਇਹ ਸਾਫ਼ ਸਾਬਤ ਹੁੰਦਾ ਹੈ। ਭਗਤਾਂ ਅਤੇ ਸਤਿਗੁਰੂ ਜੀ ਦਾ ਇਹੋ ਭੇਦ ਹੈ। ਸਤਿਗੁਰੂ ਜੀ ਭਗਤਾਂ ਵਾਂਗ ਵਿਕਾਸ ਦੇ ਮਾਰਗ ਉੱਤੇ ਮੰਜ਼ਲਾਂ ਚੜ੍ਹਦੇ ਹੋਏ ਅਵਤਾਰਪ੍ਰਸਤੀ–ਦੇਵੀ ਦੇਵ ਅਰਾਧਦੇ ਹੋਏ ਅਧਿਆਤਮਕ ਸਿਖਰਾਂ ਉੱਤੇ ਨਹੀਂ ਪੁੱਜੇ। ਸਤਿਗੁਰਾਂ ਦੀ ਹਸਤੀ ਅਕਾਲ ਪੁਰਖ ਨਾਲ ਅਭੇਦ ਸੀ। ਦਾਦੂ ਪੰਥੀ ਮਹਾਤਮਾ ਇਹ ਸੱਚ, ਹੁਲਾਸ ਨਾਲ ਪ੍ਰਵਾਨ ਕਰਕੇ ਪ੍ਰਚਾਰਦੇ ਹਨ।

ਸਤਿਗੁਰੂ ਜੀ ਕਹਿੰਦੇ ਹਨ, ਮੈਨੂੰ ਸੱਚੇ ਦੀ ਹਜੂਰੀ ਤੋਂ ਸ਼ਾਖਸ਼ਾਤ ਹੁਕਮ ਪ੍ਰਾਪਤ ਹੋਇਆ। ਮੈਨੂੰ ਬੇਕਾਰ ਨੂੰ ਸੱਚੇ ਨੇ ਸੱਚੀ ਕਾਰੇ ਲਾਇਆ। ਔਝੜ ਪਈ ਲੁਕਾਈ ਨੂੰ ਜਿਥੇ ਸੱਚੇ ਮਾਰਗ ਦੇ ਰਾਹ ਦਿਖਾਉਣ ਦਾ ਹੁਕਮ ਹੋਇਆ। ਸੱਚੀ ਸਿਫ਼ਤ ਦਾ ਸੱਚਾ ਅੰਮ੍ਰਿਤ ਰੱਸ ਵੰਡੋ ਸਤਿਨਾਮ ਦਾ ਚਕਰ ਫਿਰਾਓ।

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

**ਜਥੇਦਾਰ ਮਹਿੰਦਰ ਸਿੰਘ ਖਹਿਰਾ ਵੱਲੋਂ**


**ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਸਮੂਹ ਜਗਤ ਨੂੰ ਲੱਖ ਲੱਖ ਵਧਾਈਆਂ**




**ਇਹ ਕਿਤਾਬ ਮੰਗਵਾਉਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ ਜੀ:**

**ਇਥੇ ਆ ਕੇ ਕਿਤਾਬ ਖਰੀਦਣ ਦੀ ਕੀਮਤ = £7**
**ਡਾਕ ਰਾਹੀਂ ਕਿਤਾਬ ਮੰਗਵਾਉਣ ਦੀ ਕੀਮਤ = £10**

**ਜਥੇਦਾਰ ਮਹਿੰਦਰ ਸਿੰਘ ਖਹਿਰਾ – 07989 927477**
**ਸ: ਜਗਜੀਤ ਸਿੰਘ ਅਕਾਲ ਚੈਨਲ – 0121 551 1011**
**ਪੰਜਾਬ ਟਾਈਮਜ਼ ਡਰਬੀ – 07966 388388**



**ਜਥੇਦਾਰ ਮਹਿੰਦਰ ਸਿੰਘ ਖਹਿਰਾ, ਕਵੈਂਟਰੀ**

## ਤਲਾਕ

ਜੱਜ ਸਾਹਮਣੇ ਕੇਸ ਇੱਕ, ਬੜਾ ਅਨੋਖਾ ਆਇਆ,
ਇੱਕ ਜੋੜੇ ਨੇ ਤਲਾਕ, ਇੱਕ ਦੂਜੇ ਤੋਂ ਲੈਣਾ ਚਾਹਿਆ।

ਝਗੜਾ ਬੜਾ ਸੀ ਘਰ ਵਿੱਚ, ਕਾਫੀ ਦੇਰ ਤੋਂ ਚੱਲਦਾ,
ਲੱਭਦਾ ਨਹੀਂ ਸੀ ਹੱਲ, ਨਿੱਤ ਝਗੜੇ ਦੀ ਗੱਲ ਦਾ।

ਲੰਘ ਗਏ ਸਨ ਸਾਲ ਕਈ, ਦੋਨਾਂ ਨੂੰ ਲੜਦੇ,
ਰਿਸ਼ਤੇਦਾਰ ਵੀ ਥੱਕ ਗਏ, ਸਨ ਮਿੰਨਤਾਂ ਕਰਦੇ।

ਜੱਜ ਨੇ ਜਾਣਨੀ ਚਾਹੀ, ਪਹਿਲਾਂ ਬੀਬੀ ਦੀ ਕਹਾਣੀ,
ਕਿਵੇਂ ਪਿਆਰ ਵਿੱਚ ਨਫ਼ਰਤ, ਵੜ ਗਈ ਬੀਬੀ ਰਾਣੀ?

ਰੋ ਰੋ ਕੇ ਬੀਬੀ ਨੇ ਦੱਸਣਾ, ਹਾਲ ਸ਼ੁਰੂ ਜਾਂ ਕੀਤਾ,
ਝਗੜੇ ਦੀ ਫੇਰ ਜੜ੍ਹ ਦਾ, ਖੁਲ੍ਹਣ ਲੱਗਿਆ ਫੀਤਾ ਫੀਤਾ।

ਬੀਬੀ ਆਖੇ ਘਰ ਵਿੱਚ, ਮੇਰੀ ਬਿੱਲੀ ਹੈ ਬੜੀ ਔਖੀ,
ਇਸ ਦਾ ਕੁੱਤਾ ਰਹਿਣ ਨਹੀਂ, ਦਿੰਦਾ ਉਸਨੂੰ ਸੌਖੀ।

ਹਰ ਰੋਜ਼ ਉਹ ਭੌਂਕ ਭੌਂਕ, ਬਿੱਲੀ ਨੂੰ ਖਾਣ ਨੂੰ ਪੈਂਦਾ,
ਬਿੱਲੀ ਦਾ ਖਾਣਾ ਵੀ ਖਾਣੋਂ, ਪਿੱਛੇ ਨਹੀਂ ਉਹ ਰਹਿੰਦਾ।

ਪਤੀ ਮੇਰਾ ਕੁੱਤੇ ਨੂੰ, ਕਦੀ ਵੀ ਰੋਕੇ ਨਾ ਟੋਕੇ,
ਅੱਧੀ ਰਹਿ ਗਈ ਬਿੱਲੀ, ਮੇਰੀ ਨਿੱਤ ਲੈ ਲੈ ਹੌਕੇ।

ਜੱਜ ਨੇ ਫੇਰ ਪਤੀ ਤੋਂ, ਉਸ ਦੀ ਵੀ ਸੁਣਨੀ ਚਾਹੀ,
ਦੱਸ ਭਾਈ ਬਿੱਲੀ ਤੋਂ, ਕਿਹੜੀ ਹੋ ਰਹੀ ਕੁਤਾਹੀ?

ਪਤੀ ਆਖਿਆ ਵਿਆਹ ਤੋਂ ਪਹਿਲਾਂ, ਕੁੱਤਾ ਸੀ ਇਹ ਮੇਰਾ,
ਮੇਰੀ ਪਤਨੀ ਵੀ ਉਸ ਨਾਲ, ਕਰਦੀ ਸੀ ਲਾਡ ਬਥੇਰਾ।

ਪਤਾ ਨਹੀਂ ਕਿਉਂ ਫੇਰ ਇਹ, ਝਗੜਾ ਕਰਨ ਲੱਗ ਪਈ,
ਅਚਾਨਕ ਇਸ ਦੀ ਨਜ਼ਰ, ਨਫ਼ਰਤ ਦੇ ਨਾਲ ਭਰ ਗਈ।

ਕਹਿਣ ਲੱਗੀ ਇਹ ਤੇਰਾ ਕੁੱਤਾ, ਸਾਂਝੇ ਖਰਚ ਤੇ ਪਲਦਾ,
ਮੇਰੀ ਤਨਖਾਹ ਦੇ ਵਿੱਚੋਂ ਵੀ, ਇਸ ਦਾ ਖਰਚਾ ਚੱਲਦਾ।

ਇਸੇ ਲਈ ਇਹ ਜਾਣ ਕੇ, ਬਿੱਲੀ ਖਰੀਦ ਲਿਆਈ,
ਜਿਸ ਦੇ ਨਾਲ ਘਰ ਦੇ ਵਿੱਚ, ਵਧ ਗਈ ਹੋਰ ਲੜਾਈ।

ਆਉਂਦਿਆਂ ਹੀ ਇਹ ਬਿੱਲੀ, ਕੁੱਤੇ ਤੇ ਝਪਟਣ ਲੱਗ ਪਈ,
ਕੁੱਤੇ ਵਲੋਂ ਵੀ ਜਵਾਬੀ ਕਾਰਵਾਈ, ਫੇਰ ਹੋਵਣ ਲੱਗ ਪਈ।

ਹੁਣ ਨਾ ਤਾਂ ਬਿੱਲੀ ਕੁੱਤੇ ਤੋਂ, ਕਦੀ ਵੀ ਪਿੱਛੇ ਹਟਦੀ,
ਨਾ ਹੀ ਇਹ ਤਲਾਕ ਤੋਂ ਘੱਟ, ਕੋਈ ਗੱਲ ਹੈ ਕਰਦੀ।


ਸਾਡੇ ਪਿਆਰ ਦੇ ਦੁਸ਼ਮਣ, ਬਣ ਗਏ ਨੇ ਬਿੱਲੀ ਕੁੱਤਾ,
ਵਧਦਾ ਵਧਦਾ ਝਗੜਾ ਸਾਡਾ, ਹਾਲੇ ਤੱਕ ਨਹੀਂ ਮੁੱਕਾ।

ਹੁਣ ਕੇ ਸਾਰੀ ਕਹਾਣੀ, ਜੱਜ ਸਿਰ ਫੜ ਕੇ ਬਹਿ ਗਿਆ,
ਤਲਾਕ ਤੇ ਮਾਰ ਕੇ ਘੁੱਗੀ, ਅਨੋਖੀ ਹੀ ਗੱਲ ਕਹਿ ਗਿਆ।

ਇਨਸਾਨੀ ਰਿਸ਼ਤਿਆਂ ਉੱਤੇ, ਹੋ ਗਏ ਜਾਨਵਰ ਭਾਰੂ,
ਇਸ ਦੀ ਕੀਮਤ ਸਭਿਆਚਾਰ, ਹੁਣ ਵੱਡੀ ਹੀ ਤਾਰੂ।

ਜੇ ਹੁਣ ਘਰਾਂ ਵਿੱਚ, ਬਿੱਲੀਆਂ ਅਤੇ ਕੁੱਤੇ ਹੀ ਰਹਿਣਗੇ,
ਫੇਰ ਕਿੱਥੋਂ ਆਉਣਗੇ ਬੱਚੇ, ਜੋ? ਬੀਬੀ ਭਾਪਾ ਕਹਿਣਗੇ?

**ਰਵਿੰਦਰ ਸਿੰਘ ਕੁੰਦਰਾ**
**ਕੌਵੈਂਟਰੀ ਯੂ ਕੇ**






## ਖੁਦਕੁਸ਼ੀਆਂ

ਛੈਲ-ਛਬੀਲੇ ਗੱਭਰੂ, ਇੱਜ਼ਤਾਂ ਦੇ ਰਖਵਾਲੇ ਨੇ,
ਮਸਤੀ ਦੇ ਵਿੱਚ ਖੀਵੇ, ਅਣਖੀ ਤੇ ਮਤਵਾਲੇ ਨੇ,
ਸ਼ੁਹਰਤਾਂ ਵਾਲੇ ਪੱਲੇ, ਬੰਨ੍ਹੀ ਇਹ ਬਰਬਾਦੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਸ਼ੇਰ-ਏ-ਪੰਜਾਬ ਦਾ ਸਾਥੀ, ਤੇ ਨਲਉਏ ਦਾ ਸਾਨੀ ਤੂੰ,
ਵਹਿਣ 'ਅਟਕ' ਦੇ ਰੋਕੇ, ਬਣ ਸੂਰਾ ਲਾਸਾਨੀ ਤੂੰ,
ਮਿੱਟੀ ਦੇ ਵਿੱਚ ਰੋਲ਼ੀ, ਸ਼ਾਹੀ ਸ਼ਾਨ ਨਵਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਮਾਣਮੱਤਾ ਤੇਰਾ ਵਿਰਸਾ, ਕਦਰਾਂ ਕੀਮਤਾਂ ਪੱਲੇ ਨੇ,
ਬਹੁ-ਅਕਲਾਂ ਵਾਲੇ ਜਿਹੜੇ, ਤੇਰੇ ਮੂਹਰੇ ਝੱਲੇ ਨੇ,
ਜੋ ਮਰਦਾਨੇ ਛੇੜੀ, ਭੁੱਲਿਆਂ ਤਰਜ਼ ਰਬਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਸੂਰਮਗਤੀ, ਸ਼ਹਾਦਤ, ਗੈਰਤ ਦੇ ਵਣਜਾਰਿਆ ਓ,
ਮੌਤ ਨੂੰ ਕਰੇਂ ਮਖੌਲਾਂ, ਯੋਧੇ-ਬੀਰ ਦੁਲਾਰਿਆ ਓ,
ਬੇਪ੍ਰਵਾਹੀਆਂ ਕਰਕੇ, ਰੋਲ਼ੀ ਉਮਰ ਸ਼ਬਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਲੱਖ ਤਸੀਹੇ ਝੱਲੇਂ, 'ਹੱਦ ਦੀ ਰਾਖੀ ਕਰਦਾਂ ਤੂੰ,
ਅੰਨਦਾਤਾ ਕਹਿਲਾਵੇਂ, ਭੁੱਖਿਆਂ ਦਾ ਢਿੱਡ ਭਰਦਾ ਤੂੰ,
ਛਾਈ ਪਲੱਤਣ ਮੁੱਖ ਤੇ, ਖੁਰਿਆ ਰੰਗ ਮਤਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਚਾਦਰ ਤੋਂ ਵੱਧ ਕਾਹਤੋਂ, ਐਵੇਂ ਪੈਰ ਪਸਾਰੇਂ ਤੂੰ,
ਕਰਜ਼ੇ ਦੀ ਪੰਡ ਚੁੱਕ ਕੇ, ਆਪਣੀ ਅਕਲ ਵਿਸਾਰੇਂ ਤੂੰ,
ਅਕਲ ਦਾ ਪੱਲਾ ਫੜ ਲੈ, ਕਰਦੈਂ ਖੇਹ-ਖਰਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਹੋਈ ਮੁਥਾਜ ਜਵਾਨੀ, ਨਸ਼ੇ-ਅਫੀਮਾਂ, ਭੁੱਕੀਆਂ ਦੀ,
ਐਵੇਂ ਡੌਂਡੀ ਪਿੱਟਦੈਂ, ਫੋਕੀਆਂ ਸ਼ਾਨਾਂ ਉੱਚੀਆਂ ਦੀ,
ਜ਼ਹਿਰੀ ਘੋਲੂ ਪੀ ਕੇ, ਹੋਇਆਂ ਫਿਰੇਂ ਸ਼ਰਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਡੱਕਾ ਨਾ ਕਰੇਂ ਦੂਹਰਾ, ਲੋੜਦਾਂ ਜੀਵਨ ਸੁੱਖਾਂ ਦੇ,
ਹਰ ਵਿਹੜੇ ਵਿੱਚ ਨਾਚ ਹੈ, ਤਾਂਹੀ ਨੰਗਾਂ ਭੁੱਖਾਂ ਦੇ,
ਬੰਨ੍ਹ ਉਜਾੜੇ ਪੱਲੇ, ਭੁੱਲਿਆਂ ਅਕਲ ਦੀ ਚਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥

ਸਾਦਾ ਜੀਵਨ ਜੀ ਕੇ, ਢੋਲਾ-ਮਾਹੀਆ ਗਾਉਂਦਾ ਜਾਹ,
ਫੋਕੀ ਸ਼ੋਅ-ਬੋਅ ਛੱਡ ਕੇ, ਸੱਚੇ ਕਰਮ ਕਮਾਉਂਦਾ ਜਾਹ,
ਨਛੱਤਰ ਭੋਗਲ ਵਾਂਗੂੰ, ਜਿੰਦ ਦੀ ਕਰੇਂ ਖਰਾਬੀ ਕਿਉਂ।
ਖੁਦਕੁਸ਼ੀਆਂ ਦੇ ਰਾਹੇ ਪੈ ਗਿਆ ਵੀਰ ਪੰਜਾਬੀ ਕਿਉਂ॥



**ਨਛੱਤਰ ਸਿੰਘ ਭੋਗਲ**
**"ਭਾਖੜੀਆਣਾ"** (ਯੂ.ਕੇ.)

## ਕਵਿਤਾ

ਅੰਬਰਾਂ ਉੱਤੇ ਚਮਕਣ ਤਾਰੇ ਐਧਰ ਵੀ ਤੇ ਓਧਰ ਵੀ
ਇਕੋ ਵਰਗੇ ਹੈਣ ਨਜ਼ਾਰੇ ਐਧਰ ਵੀ ਤੇ ਓਧਰ ਵੀ

ਦੋਨਾਂ ਪਾਸੇ ਇਕੋ ਜਿਹੇ ਹਾਲਾਤ ਵਿਚਾਰੇ ਲੋਕਾਂ ਦੇ
ਰੋ-ਰੋ ਮਾੜੇ ਕਰਨ ਗੁਜ਼ਾਰੇ ਐਧਰ ਵੀ ਤੇ ਓਧਰ ਵੀ

ਚੜ੍ਹਦੇ ਲਹਿੰਦੇ ਦੋਵੇਂ ਪਾਸੇ ਅਣਖਾਂ ਸੂਲੀ ਚੜ੍ਹੀਆਂ ਨੇ
ਸੁਫ਼ਨੇ ਹੋਗੇ ਮਿੱਟੀ ਗਾਰੇ ਐਧਰ ਵੀ ਤੇ ਓਧਰ ਵੀ

ਸੱਤਰ ਸਾਲ ਤੋਂ ਅੱਖੀਆਂ ਦੇ ਵਿੱਚ ਹੰਝੂ ਚੱਕੀ ਫਿਰਦੇ ਆਂ
ਕੋਈ ਨਈਂ ਦੇਂਦਾ ਖ਼ਾਬ ਉਧਾਰੇ ਐਧਰ ਵੀ ਤੇ ਓਧਰ ਵੀ


**ਜ਼ਖ਼ਮਾਂ ਦੀ ਫ਼ਸਲ ਵੀ ਉਹ ਇਕ ਦਿਨ ਆਪਣੇ ਹੱਥੀਂ ਵੱਢਣਗੇ**
ਨਫ਼ਰਤ ਦੇ ਜਿਸ ਬੀਜ ਖਿਲਾਰੇ ਐਧਰ ਵੀ ਤੇ ਓਧਰ ਵੀ

ਮੌਜਾਂ ਮਾਣਦੇ ਪਏ ਨੇ ਬੁਸ਼ਰਾ ਹਾਕਮ ਦੋਵੇਂ ਪਾਸਿਆਂ ਦੇ
ਖ਼ਲਕਤ ਦੇ ਲਈ ਨਿੱਤ ਖ਼ਸਾਰੇ ਐਧਰ ਵੀ ਤੇ ਓਧਰ ਵੀ

**-ਬੁਸ਼ਰਾ ਨਾਜ਼**

## ਤੁਸੀਂ ਖੇਤਾਂ ਦੇ ਮਾਲਕ


**ਮਹਿੰਦਰ ਸਿੰਘ ਮਾਨ**



**ਜੋ ਕਿਸਾਨ ਖੇਤਾਂ 'ਚ ਪਰਾਲੀ ਨੂੰ ਅੱਗ ਲਾਉਂਦੇ ਨੇ,**
**ਉਹ ਆਪਣਾ ਤੇ ਹੋਰਾਂ ਦਾ ਨੁਕਸਾਨ ਕਰਾਉਂਦੇ ਨੇ।**
**ਅੱਗ ਨਾਲ ਜ਼ਮੀਨ ਦੇ ਕੀਮਤੀ ਤੱਤ ਨਸ਼ਟ ਹੋ ਜਾਣ,**
**ਉਨ੍ਹਾਂ ਦੇ ਮਿੱਤਰ ਜੀਵ ਮਰਿਆਂ ਵਾਂਗ ਹੋ ਜਾਣ।**
**ਨਾਲ ਦੀਆਂ ਫਸਲਾਂ ਦਾ ਚੋਖਾ ਨੁਕਸਾਨ ਹੋ ਜਾਵੇ,**
**ਖੇਤਾਂ 'ਚ ਪਹਿਲਾਂ ਵਰਗੀ ਚੰਗੀ ਫਸਲ ਨਾ ਹੋਵੇ।**
**ਧੂੰਏਂ ਨਾਲ ਰਾਹੀਆਂ ਨੂੰ ਸਾਹ ਲੈਣਾ ਔਖਾ ਹੋ ਜਾਵੇ,**
**ਇਹ ਉਨ੍ਹਾਂ ਦੀਆਂ ਅੱਖਾਂ ਤੇ ਵੀ ਮਾੜਾ ਅਸਰ ਪਾਵੇ।**
**ਇਹ ਉੱਤੇ ਚੜ੍ਹ ਕੇ ਵਾਤਾਵਰਣ ਪ੍ਰਦੂਸ਼ਿਤ ਕਰ ਜਾਵੇ,**
**ਵਾਤਾਵਰਣ ਠੀਕ ਹੋਣ ਨੂੰ ਕਾਫੀ ਸਮਾਂ ਲੱਗ ਜਾਵੇ।**
**ਪਰਾਲੀ ਨੂੰ ਮਿੱਟੀ 'ਚ ਰਲਾਉਣ ਲਈ ਹੰਭਲਾ ਮਾਰੋ,**
**ਆਪਣਾ ਤੇ ਹੋਰਾਂ ਦਾ ਨੁਕਸਾਨ ਹੋਣ ਤੋਂ ਰੋਕ ਲਉ।**
**ਤੁਸੀਂ ਖੇਤਾਂ ਦੇ ਮਾਲਕ, ਇਹ ਤੁਹਾਡੇ ਹੀ ਰਹਿਣੇ,**
**ਤੁਹਾਨੂੰ ਇਹ ਚੱਜ ਨਾਲ 'ਮਾਨਾ' ਸੰਭਾਲਣੇ ਹੀ ਪੈਣੇ।**

## ਬੌਡੀ-ਲੈਂਗੁਏਜ਼

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਜੇ ਦੇਖਦੇ ਹਲਕੀ ਜਿਹੀ 'ਭਾਫ' ਕਿਧਰੇ
ਅੱਗ ਬਾਲ ਕੇ 'ਭਾਂਬੜ' ਬਣਾਇ ਦਿੰਦੇ।
'ਹੋਈ' ਦੱਸਕੇ ਕਿਸੇ 'ਅਣਹੋਈ' ਤਾਈਂ
ਗੱਲਾਂ ਇੱਕ ਦੀਆਂ ਚਾਰ ਸੁਣਾਇ ਦਿੰਦੇ।
'ਖਾਲੀ ਕੁਰਸੀਆਂ' ਦੀ ਫੋਟੋ ਛਾਪ ਕੇ ਜੀ
ਗਿਣਤੀ 'ਕੱਠ ਵਿਚ ਘੱਟ ਗਿਣਾਇ ਦਿੰਦੇ।
'ਸੁਰਖੀ ਚੱਕਵੀਂ' ਲਾਇ ਕੇ 'ਖਬਰ' ਉੱਤੇ
ਤਾਣਾ ਕੁਫਰ ਦਾ ਲੰਬਾ 'ਤਣਾਇ' ਦਿੰਦੇ।
ਵਿਊਜ਼ ਲਾਈਕ ਕਮੈਂਟਾਂ ਲਈ ਤੜਫਦੇ ਨੇ
ਹੁਣ ਲੋਕਾਂ ਦੀ ਨਜ਼ਰ ਵਿਚ ਜਾਹਰ ਹੋ ਗਏ।
ਲਿਖਣੀ ਠੀਕ ਮਾਂ-ਬੋਲੀ ਕਈ ਜਾਣਦੇ ਨਾ
'ਬੌਡੀ-ਲੈਂਗੁਏਜ਼' ਪੜ੍ਹਨ ਦੇ ਮਾਹਰ ਹੋ ਗਏ!
-ਤਰਲੋਚਨ ਸਿੰਘ ਦੁਪਾਲ ਪੁਰ

# ਜੌਹਰ-ਏ-ਸ਼ਮਸ਼ੀਰ ਸਮਾਗਮ ਦੀ ਸ੍ਰੀ ਅੰਮ੍ਰਿਤਸਰ ਵਿਖੇ ਧੂਮ ਮਚਾਈ

**✪ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਸਮਾਗਮ ✪ ਖਾਲਸਾ ਨੇ ਗਤਕਾ ਖੇਡ ਦੇ ਮਾਹਿਰਾਂ ਨੂੰ ਸਨਮਾਨਿਤ ਕੀਤਾ**











ਅੰਮ੍ਰਿਤਸਰ-ਸ੍ਰੀ ਅੰਮ੍ਰਿਤਸਰ ਸਾਹਿਬ - ਬੀਤੇ ਦਿਨੀਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਹੋਏ "ਜੌਹਰ-ਏ-ਸ਼ਮਸ਼ੀਰ" ਸਮਾਗਮ ਨੇ ਸਿੱਖ ਸਭਿਆਚਾਰ ਅਤੇ ਗਤਕਾ ਖੇਡ ਦੀ ਰੌਣਕ ਨੂੰ ਹੋਰ ਵਧਾਇਆ। ਇਸ ਸਮਾਗਮ ਵਿੱਚ 201 ਪ੍ਰਤੀਯੋਗੀਆਂ ਨੇ ਹਿੱਸਾ ਲਿਆ, ਜੋਕਿ ਇੱਕ ਵੱਡੀ ਗਿਣਤੀ ਸੀ। ਇਹ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਸੀ। ਇਸ ਮੌਕੇ ਬੰਬਈ ਵਿਖੇ ਜਾਗ੍ਰਤੀ ਯਾਤਰਾ ਦੌਰਾਨ ਸਿੰਘ ਸਾਹਿਬਾਨ, ਨਿਹੰਗ ਸਿੰਘ ਮੁੱਖੀਆਂ, ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਮੁਖ ਜਥੇਦਾਰ ਪਰਮਿੰਦਰ ਪਾਲ ਸਿੰਘ ਖਾਲਸਾ ਨੇ ਆਪਣੇ ਜਥੇ ਸਮੇਤ ਅਤੇ ਹੋਰ ਧਾਰਮਿਕ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ।

ਭਾਈ ਪ੍ਰਿਤਪਾਲ ਸਿੰਘ ਜੀ ਜਲੰਧਰ ਵਾਲਿਆਂ ਨੇ ਮਿਹਨਤ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਅਧਾਰਿਤ 500 ਸਵਾਲ-ਜਵਾਬ ਤਿਆਰ ਕੀਤੇ, ਜੋ ਸੰਗਤਾਂ ਨੂੰ ਪੁੱਛੇ ਗਏ। ਸਹੀ ਜਵਾਬ ਦੇਣ ਵਾਲਿਆਂ ਨੂੰ ਸ਼ਸਤਰ ਇਨਾਮ ਵਜੋਂ ਦਿੱਤੇ ਗਏ।

ਗਤਕਾ ਖੇਤਰ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਉਣ ਵਾਲੇ ਮਾਸਟਰ ਗੁਰਚਰਨ ਸਿੰਘ ਜੀ ਦਿੱਲੀ ਅਤੇ ਮਾਸਟਰ ਜਗਤ ਸਿੰਘ ਜੀ ਪਟਿਆਲਾ ਨੂੰ "ਸ਼੍ਰੋਮਣੀ ਗਤਕਾ ਰਤਨ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ, ਭਾਈ ਮਨਵਿੰਦਰ ਸਿੰਘ ਜੀ ਸ੍ਰੀ ਅੰਮ੍ਰਿਤਸਰ, ਬੀਬਾ ਗੁਰਵਿੰਦਰ ਕੌਰ ਜੀ ਸੁਲਤਾਨਪੁਰ ਲੋਧੀ, ਭਾਈ ਇੰਦਰਪਾਲ ਸਿੰਘ ਜੀ ਅੰਬਾਲਾ, ਭਾਈ ਗੁਰਚਰਨ ਸਿੰਘ ਜੀ ਬੰਗਲੌਰ ਅਤੇ ਭਾਈ ਭੁਪਿੰਦਰ ਸਿੰਘ ਜੀ ਪਾਉਂਟਾ ਸਾਹਿਬ ਨੂੰ "ਗਤਕਾ ਰਤਨ ਐਵਾਰਡ" ਨਾਲ ਨਿਵਾਜਿਆ ਗਿਆ।

ਗਤਕਾ ਖੇਤਰ ਦੀ ਪੁਰਾਤਨ ਮਰਿਯਾਦਾ ਅਨੁਸਾਰ, ਭਾਈ ਜਤਿੰਦਰ ਸਿੰਘ ਜੀ ਜੈਪੁਰ, ਭਾਈ ਦਲਵਿੰਦਰ ਸਿੰਘ ਜੀ ਇੰਗਲੈਂਡ, ਭਾਈ ਹਰਪ੍ਰੀਤ ਸਿੰਘ ਜੀ, ਭਾਈ ਦਿਲਬਾਗ ਸਿੰਘ ਜੀ ਅਤੇ ਭਾਈ ਸੁਖਦੇਵ ਸਿੰਘ ਜੀਸ੍ਰੀ ਅੰਮ੍ਰਿਤਸਰ ਨੂੰ ਗਤਕਾ ਅਖਾੜੇ ਲਾਉਣ ਦੀ ਸੇਵਾ ਲਈ ਦਸਤਾਰਾਂ ਸਜਾ ਕੇ ਸਨਮਾਨਿਤ ਕੀਤਾ ਗਿਆ।

ਸਮਾਗਮ ਵਿੱਚ ਜੱਥੇਦਾਰ ਪਰਮਿੰਦਰਪਾਲ ਸਿੰਘ ਜੀ ਖਾਲਸਾ, ਮੁਖ ਜਥੇਦਾਰ, ਸਿੱਖ ਸੇਵਕ ਸੋਸਾਇਟੀ (ਇੰਟਰਨੈਸ਼ਨਲ) ਜਲੰਧਰ ਅਤੇ ਉਨ੍ਹਾਂ ਦੀ ਟੀਮ ਨੇ ਜੇਤੂ ਖਿਡਾਰੀਆਂ ਨੂੰ ਸਨਮਾਨ ਚਿੰਨ੍ਹ ਅਤੇ ਪੂਰਨ ਸਹਿਯੋਗ ਦਿੱਤਾ। ਖਾਲਸਾ ਨੇ ਜੌਹਰ-ਏ-ਸ਼ਮਸ਼ੀਰ ਸਮਾਗਮ ਦੀ ਤਾਰੀਫ ਕਰਦਿਆਂ ਕਿਹਾ ਕਿ "ਇਹ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਤਾਬਦੀ ਦਿਹਾੜੇ ਨੂੰ ਸਮਰਪਿਤ ਇੱਕ ਸ਼ਾਨਦਾਰ ਪਹਿਲਕਦਮੀ ਹੈ, ਜਿਸ ਨੇ ਸਿੱਖ ਵਿਰਸੇ ਅਤੇ ਗਤਕਾ ਖੇਡ ਦੀ ਸਾਂਭ-ਸੰਭਾਲ ਨੂੰ ਮਜ਼ਬੂਤ ਕੀਤਾ। 201 ਪ੍ਰਤੀਯੋਗੀਆਂ ਦੀ ਸ਼ਮੂਲੀਅਤ ਅਤੇ ਸੰਗਤਾਂ ਦਾ ਜੋਸ਼ ਵੇਖ ਕੇ ਮਨ ਅਨੰਦਿਤ ਹੋਇਆ। ਉਨ੍ਹਾਂ ਕਿਹਾ ਸਿੱਖ ਸੇਵਕ ਸੋਸਾਇਟੀ ਅਜਿਹੇ ਉੱਦਮਾਂ ਦਾ ਹਮੇਸ਼ਾ ਸਹਿਯੋਗ ਕਰੇਗੀ।"

ਇਸ ਮੌਕੈ ਸਰਦਾਰ ਹਰਮਿੰਦਰ ਸਿੰਘ ਜੀ ਚਾਹਲ ਲੁਧਿਆਣਾ, ਭਾਈ ਜਗਜੀਤ ਸਿੰਘ ਜੀ ਕੈਨੇਡਾ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਇੰਗਲੈਂਡ ਸਮੇਤ ਕਈ ਸ਼ਖਸੀਅਤਾਂ ਨੇ ਆਰਥਿਕ ਸਹਾਇਤਾ ਪ੍ਰਦਾਨ ਕੀਤੀ। ਬਾਬਾ ਪ੍ਰੀਤਮ ਸਿੰਘ ਜੀ ਗੁਰੂ ਕਾ ਤਾਲ, ਆਗਰਾ ਵੱਲੋਂ ਭਾਈ ਜੋਗਾ ਸਿੰਘ ਜੀ ਨੂੰ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਤੋਪਾਂ ਦੇ ਕੇ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਨੇ ਸਿੱਖ ਵਿਰਸੇ ਅਤੇ ਗਤਕਾ ਖੇਡ ਦੀ ਸਾਂਭ-ਸੰਭਾਲ ਦੀ ਮਿਸਾਲ ਕਾਇਮ ਕੀਤੀ।

**ਪੰਜਾਬ ਦੀ ਸਿਆਸਤ 'ਚ ਵੱਡੀ ਹਲਚਲ**

## ਕੀ ਅਕਾਲੀ ਦਲ ਪੁਨਰ ਸੁਰਜੀਤੀ ਅਕਾਲੀ ਦਲ ਵਾਰਿਸ ਪੰਜਾਬ ਗਠਜੋੜ ਨਾਲ ਗਠਜੋੜ ਕਰੇਗਾ



ਨਾਭਾ-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਗੱਠਜੋੜ ਨੂੰ ਲੈ ਕੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਸਾਡਾ ਪਹਿਲਾ ਫੌਕਸ ਪਾਰਟੀ ਨੂੰ ਤੱਕੜਾ ਕਰਨ 'ਤੇ ਹੈ। ਆਗਾਮੀ ਵਿਧਾਨ ਸਭਾ ਚੋਣਾਂ ਵਿਚ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਨਾਲ ਸਮਝੌਤਾ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਹ ਫ਼ੈਸਲਾ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਰਨਾ ਹੈ ਪਰ ਪਹਿਲਾਂ ਅਸੀਂ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਾਂ ਇਸ ਤੋਂ ਬਾਅਦ ਹੀ ਕੋਈ ਫੈ ਲਿਆ ਜਾਵੇਗਾ ਕਿ ਕਿਸ ਪਾਰਟੀ ਨਾਲ ਸਮਝੌਤਾ ਕਰਨਾ ਹੈ।

ਤਰਨਤਾਰਨ ਜ਼ਿਮਨੀ ਚੋਣ ਨੂੰ ਲੈ ਕੇ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਉਨ੍ਹਾਂ ਦੇ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਸਭ ਤੋਂ ਪਹਿਲਾਂ ਇਹ ਫੈਸਲਾ ਕੀਤਾ ਸੀ ਕਿ ਪੰਥ ਨੂੰ ਮੁੱਖ ਰੱਖਦੇ ਹੋਏ ਪਾਰਟੀ ਸੰਦੀਪ ਸਿੰਘ ਦੇ ਪਰਿਵਾਰ ਦਾ ਸਾਥ ਦੇਵੇਗੀ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤੀ ਨੂੰ ਮਜ਼ਬੂਤ ਕੀਤਾ ਜਾਵੇ, ਇਹੋ ਅਜਿਹੀ ਪਾਰਟੀ ਹੈ ਜੋ ਪੰਥ ਪ੍ਰਤੀ ਦ੍ਰਿੜ ਇਰਾਦੇ ਨਾਲ ਰਾਜਨੀਤੀ ਵਿਚ ਉਤਰੀ ਹੈ।

– ਲੇਖਕ –
ਇਕਬਾਲ ਸਿੰਘ ਲਾਲਪੁਰਾ
ਫੋਨ: 91 97800 03333



# WHY INDIA NEEDS POLICE REFORM



A Haryana cadre IPS officer, Y. Puran Kumar, with about twenty-four years of service, committed suicide a few days ago. His autopsy was delayed because, in his note, he alleged bias and framing in a corruption case by his Director General of Police. In another case, an ASI ended his life, accusing an Inspector General of corruption. In Ludhiana, an ASI died in an accidental firing, while reports suggested that a DSP extorted more than one crore rupees from a private citizen. All these tragic incidents were reported in a single day, revealing the deep moral and institutional crisis within the police force.

A police officer in uniform represents the authority of the State and the trust of the people. According to the Punjab Police Rules of 1934, framed under British rule, the guiding principle was clear: it is the duty of all law-abiding citizens to maintain peace and arrest criminals, and the police and magistracy exist to help the public in fulfilling this general responsibility. It also emphasised that police officers should be regarded as wise and impartial friends — protectors of life and property. This spirit of public service and integrity was once the foundation of policing, but that moral base has gradually eroded.

The British had reorganised the police on the pattern of Ireland and England through the Police Commission of 1860, separating the armed functions from the civil police. The 1902–03 Police Commission again recommended a people-friendly civil police. Maharaja Darbhanga, a member of the Commission, raised the issue of equality between British officers of the Imperial Police and Indian Deputy Superintendents, marking one of the earliest demands for dignity and fairness within the service. In 1925, the Lumsden Committee on Police Reforms identified corruption, administrative confusion, and the overlapping roles of the magistracy and the police. While the British committed atrocities such as the Jallianwala Bagh massacre, they rarely allowed custodial deaths or fake encounters after arrest. Their intelligence system was strong, with meticulous reporting from the village level upward. Promotions were based on merit, and outstanding performance was recognised. There was little tolerance for corruption or political servility.

After Independence, the first major effort toward police reform was made by the Janata Party government in 1977 through the Dharamvir Committee. The report was submitted just as the Congress government under Smt. Indira Gandhi returned to power, and it was quietly shelved. Decades later, the Supreme Court of India had to intervene and direct all states to frame new Police Acts to replace the 1861 Act. The old British law was often criticised as draconian, but few had actually read it. Once, in a television debate, I challenged anyone to identify a single draconian clause in that Act, offering five lakh rupees as a reward. None could. The 1861 Act, though old, was clear, structured, and based on accountability. It was not perfect, but it was far more rational than the patchwork of arbitrary orders that have replaced it today.

In seventy-eight years of independence, neither the Centre nor most states have framed or implemented modern, uniform police rules. Instead, the vacuum is filled by ad hoc orders, political interference, and arbitrary decision-making. Having served the police for almost thirty-eight years, I have seen this transformation first-hand. In the early 1970s, most officers were honest to the core — friends of the victims and a terror to criminals. They had the courage to refuse wrong orders from senior in department or even from politicians. Their pay was modest, but society respected them for their integrity. Those trained under British supervision carried a sense of honour and dignity. That generation retired by the late 1980s, taking with them the values of discipline and self-respect that once defined the force.

The Emergency of 1975–77 marked a turning point. Some officers bent to political pressure and committed excesses, though many remained neutral. Over time, that neutrality gave way to opportunism. The British had designed a balanced system with fewer but better-paid officers. In 1934, a constable earned 17 rupees a month when gold was 18 rupees per tola, while the Inspector General of Police earned 2,500 rupees, a princely salary ensuring dignity and independence. There was one Inspector General per state, assisted by a few deputies, each personally responsible for the law and order of his jurisdiction.

Today, the trend is the reverse — more officers, less pay, and little accountability. A state may have 25 officers of DGP or ADGP rank, with dozens of Inspectors General performing duties far below their status. Prestige now depends on posting, not rank. Postings are often driven by political influence rather than merit. This imbalance has eroded the old hierarchy and discipline, where even the most senior officer in service commanded natural respect. The problem is not the shortage of officers but the oversupply of compromised ones. In pursuit of comfortable postings, some compromise integrity, following verbal orders that have no legal or moral basis. Policing has become a career of convenience instead of a mission of service.

The new Police Acts drafted by various states are either impractical or unimplemented. Many accountability commissions are headed by retired judges or bureaucrats who have little practical understanding of police work. These institutions often become a burden on the exchequer rather than instruments of reform. Justice A. N. Mulla of the Allahabad High Court once described the police as “criminals in uniform,” a harsh judgment born of public frustration. Since then, similar observations have been made by other courts, but governments respond with silence or symbolic committees. The problem lies not in law alone but in the loss of spirit.

The British defined the policeman as a “friend of the public in uniform.” Sadly, in many places today, he has become a source of fear. Law-abiding citizens hesitate to enter a police station, while criminals enjoy political protection. When a police officer compromises his duty, he becomes a lawbreaker himself. The recent suicides of trained officers, experts in weapons and strategy, cannot be seen merely as personal tragedies. They are signs of a collapsing internal culture where self-respect, justice, and grievance mechanisms have vanished.

A democracy cannot function with a demoralised or politically enslaved police force. When honest officers are sidelined and corruption is rewarded, the rule of law collapses. The solution is not in slogans but in decisive reform. India must move from colonial control to constitutional policing — fewer officers, better training, better pay, and freedom from political manipulation. The chain of command must be respected; promotions must be based on merit; and accountability must be transparent and impartial.

Training should focus not only on weapons and law but also on empathy, ethics, and community service. The police must rediscover the spirit of seva — service — that is central to Indian tradition. The uniform must again become a symbol of protection for the weak and fear for the criminal. The Supreme Court’s directives on police reforms should be implemented in letter and spirit, not kept in cold storage. Without sincere reform, the rule of law will remain a slogan, and the nation’s moral fabric will continue to weaken.

The police, once considered the pride of the nation, can regain its glory if only we restore dignity, discipline, and integrity to its ranks. Let us act before it is too late — to save both the society and the police force itself.

Dr. Iqbal Singh Lalpura
Former Chairman, National
Commission for Minorities

# ਰੂਸ-ਪਾਕਿਸਤਾਨ ਅਭਿਆਸ ਨੇ ਭਾਰਤੀ ਸਰਹੱਦਾਂ ਤੇ ਚੁਣੌਤੀ ਵਧਾਈ

✪ ਪੁਤਿਨ ਦੇ ਦੌਰੇ ਵਿੱਚ ਰਹੱਸਮਈ ਰਵੱਈਆ ? ✪ ਰੂਸ-ਪਾਕਿਸਤਾਨ ਸਾਂਝਾ ਅਭਿਆਸ: ਪੁਤਿਨ ਦੀ ਭਾਰਤ ਨੀਤੀ 'ਤੇ ਸਵਾਲੀਆ ਨਿਸ਼ਾਨ ✪ ਦਰੂਜ਼ਬਾ 2025: ਰੂਸ ਦੀ ਪਾਕਿਸਤਾਨ ਨਾਲ ਨੇੜਤਾ, ਭਾਰਤ ਦੀ ਵਧਦੀ ਚਿੰਤਾ ✪ ਵਫ਼ਾਦਾਰੀ ਜਾਂ ਰਣਨੀਤੀ ? ਰੂਸ-ਪਾਕਿਸਤਾਨ ਅਭਿਆਸ ਨੇ ਭਾਰਤ 'ਚ ਮਚਾਈ ਹਲਚਲ ✪ ਭਾਰਤ ਦੀ ਰਣਨੀਤਕ ਚੁਣੌਤੀ: ਰੂਸ-ਪਾਕਿਸਤਾਨ ਸਹਿਯੋਗ ਦਾ ਅਸਰ





## ਵਿਸ਼ੇਸ਼ ਰਿਪੋਟ

ਬਘੇਲ ਸਿੰਘ ਧਾਲੀਵਾਲ



ਵਿਸ਼ਵ ਅੰਤਰਰਾਸ਼ਟਰੀ ਸੰਬੰਧਾਂ ਵਿੱਚ ਨਵੇਂ ਮੋੜ ਆ ਰਹੇ ਹਨ। ਇੱਕ ਪਾਸੇ ਵਲਾਦੀਮੀਰ ਪੁਤਿਨ ਦਾ ਭਾਰਤ ਦੌਰਾ ਨੇੜੇ ਆ ਰਿਹਾ ਹੈ, ਜਿੱਥੇ ਦੋਹਾਂ ਦੇਸ਼ਾਂ ਵਿਚਕਾਰ ਰੱਖਿਆ ਤਕਨਾਲੋਜੀ ਅਤੇ ਊਰਜਾ ਸਹਿਯੋਗ ਤੇ ਚਰਚਾ ਹੋਣ ਵਾਲੀ ਹੈ, ਉੱਧਰ ਰੂਸੀ ਫੌਜ ਨੇ ਪਾਕਿਸਤਾਨ ਨਾਲ 'ਦਰੂਜ਼ਬਾ 2025' ਨਾਂ ਦਾ ਸਾਂਝਾ ਯੁੱਧ ਅਭਿਆਸ ਕੀਤਾ ਹੈ। ਇਸ ਅਭਿਆਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਰੂਸੀ ਅਤੇ ਪਾਕਿਸਤਾਨੀ ਜਵਾਨਾਂ ਨੂੰ ਸਾਂਝੇ ਤੌਰ ਉਪਰ ਅਭਿਆਸ ਕਰਦੇ ਦਿਖਾਇਆ ਗਿਆ ਹੈ। ਇਹ ਕੌਮਾਂਤਰੀ ਦ੍ਰਿਸ਼ ਭਾਰਤ ਲਈ ਸੰਕਟ ਦਾ ਵਿਸ਼ਾ ਬਣ ਗਿਆ ਹੈ ਸੁਆਲ ਇਹ ਹੈ- ਕੀ ਰੂਸ ਭਾਰਤ ਨਾਲ ਧੋਖਾ ਕਰ ਰਿਹਾ ਹੈ ? ਫਿਰ ਦੁਨੀਆਂ ਵਿਚ ਭਾਰਤ ਦਾ ਵਿਸ਼ਵਾਸਯੋਗ ਮਿੱਤਰ ਕੌਣ ਹੈ ?

ਰੂਸੀ ਰੱਖਿਆ ਮੰਤਰਾਲੇ ਨੇ ਇਸ ਅਭਿਆਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਅਨੁਸਾਰ, ਇਹ ਅਭਿਆਸ ਰੂਸ ਦੇ ਦੱਖਣੀ ਫੌਜੀ ਜ਼ਿਲ੍ਹੇ ਵਿੱਚ ਹੋਇਆ, ਜਿੱਥੇ ਅੰਤਰਰਾਸ਼ਟਰੀ ਅੱਤਵਾਦ ਵਿਰੋਧੀ ਕਾਰਵਾਈਆਂ ਤੇ ਧਿਆਨ ਕੇਂਦ੍ਰਿਤ ਕੀਤਾ ਗਿਆ। ਇਸ ਵਿਚ ਲਗਭਗ 200 ਜਵਾਨਾਂ ਨੇ ਹਿੱਸਾ ਲਿਆ। ਰੂਸੀ ਅਧਿਕਾਰੀਆਂ ਨੇ ਕਿਹਾ ਕਿ ਇਹ ਸਹਿਯੋਗ ਦੋਹਾਂ ਦੇਸ਼ਾਂ ਵਿਚਕਾਰ ਫੌਜੀ ਗਠਜੋੜ ਨੂੰ ਮਜ਼ਬੂਤ ਕਰਨ ਲਈ ਹੈ, ਪਰ ਭਾਰਤ ਵਿੱਚ ਇਸ ਨੂੰ ਰਾਜਨੀਤਕ ਚਾਲ ਤੇ ਸੰਕਟ ਵਜੋਂ ਵੇਖਿਆ ਜਾ ਰਿਹਾ ਹੈ।

ਇਹ ਅਭਿਆਸ 2016 ਤੋਂ ਚੱਲ ਰਿਹਾ ਹੈ ਅਤੇ ਹਰ ਸਾਲ ਬਦਲਵੇਂ ਦੇਸ਼ਾਂ ਦੀ ਧਰਤੀ ਤੇ ਹੁੰਦਾ ਰਿਹਾ ਹੈ। ਇਸ ਵਾਰ ਰੂਸ ਵਿੱਚ ਹੋਣ ਕਾਰਨ ਇਸ ਨੂੰ ਵਿਸ਼ੇਸ਼ ਮਹੱਤਵ ਮਿਲਿਆ ਹੈ। ਪਿਛਲੇ ਸਾਲਾਂ ਵਿੱਚ ਵੀ ਅਜਿਹੇ ਅਭਿਆਸ ਹੋਏ ਹਨ, ਜਿਵੇਂ ਦਰੂਜ਼ਬਾ-ਜ਼ੀਗੀ ਜੋ ਸਤੰਬਰ 2025 ਵਿੱਚ ਪਾਕਿਸਤਾਨ ਦੇ ਨੈਸ਼ਨਲ ਕਾਊਂਟਰ ਟੈਰਰਿਜ਼ਮ ਸੈਂਟਰ ਪਾਬੀ ਵਿੱਚ ਹੋਇਆ ਸੀ। ਉੱਥੇ ਡਰੋਨ ਯੁੱਧ, ਸ਼ਹਿਰੀ ਹਮਲਿਆਂ ਅਤੇ ਵਿਸਫੋਟਕ ਉਪਕਰਣਾਂ ਵਿਰੁੱਧ ਕਾਰਵਾਈਆਂ ਤੇ ਜ਼ੋਰ ਦਿੱਤਾ ਗਿਆ। ਪਾਕਿਸਤਾਨੀ ਫੌਜ ਨੇ ਇਸ ਨੂੰ ਆਪਣੀ ਰਣਨੀਤਕ ਤਿਆਰੀ ਨੂੰ ਸੁਧਾਰਨ ਵਾਲਾ ਕਦਮ ਦੱਸਿਆ, ਜਦਕਿ ਰੂਸ ਨੇ ਇਸ ਨੂੰ ਵਿਸ਼ਵ ਅੱਤਵਾਦ ਨਾਲ ਲੜਨ ਵਿੱਚ ਸਾਂਝੇਦਾਰੀ ਵਜੋਂ ਪੇਸ਼ ਕੀਤਾ।

ਪਰ ਭਾਰਤ ਲਈ ਇਹ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਪੁਤਿਨ ਦੇ ਭਾਰਤ ਦੌਰੇ ਦੀਆਂ ਤਿਆਰੀਆਂ ਦੌਰਾਨ ਰੂਸ ਨੇ ਭਾਰਤ ਨੂੰ ਐਸ-400 ਮਿਜ਼ਾਈਲ ਸਿਸਟਮ ਅਤੇ ਬ੍ਰਹਮੋਸ ਮਿਸਾਈਲਾਂ ਵਰਗੀਆਂ ਤਕਨੀਕਾਂ ਨਾਲ ਮਜ਼ਬੂਤ ਕਰਨ ਦਾ ਵਾਅਦਾ ਕੀਤਾ ਹੈ। ਭਾਰਤ-ਰੂਸ ਸੰਬੰਧ ਮਿਤਰਾਨਾ ਲੰਬੇ ਸਮੇਂ ਤੋਂ ਚੱਲ ਰਹੇ ਹਨ। ਪਰ ਹੁਣ ਰੂਸ ਦੀ ਪਾਕਿਸਤਾਨ ਨਾਲ ਦੋਸਤੀ ਵਧ ਰਹੀ ਹੈ। ਪਾਕਿਸਤਾਨ,ਚੀਨ ਅਤੇ ਈਰਾਨ ਦੇਸ਼ਾਂ ਦੇ ਸਾਂਝੇ ਨੌਸੈਨਿਕ ਅਭਿਆਸ ਵੀ ਹੋ ਚੁੱਕੇ ਹਨ। ਭਾਰਤੀ ਵਿਸ਼ਲੇਸ਼ਕਾਂ ਅਨੁਸਾਰ, ਇਹ ਰੂਸ ਦੀ ਨਿਰਪੱਖ ਵਿਦੇਸ਼ ਨੀਤੀ ਹੈ, ਜੋ ਆਪਣੇ ਹਿੱਤਾਂ ਅਨੁਸਾਰ ਸਾਰਿਆਂ ਨਾਲ ਸੰਬੰਧ ਰੱਖਦਾ ਹੈ। ਪਰ ਕੀ ਇਹ ਭਾਰਤ ਲਈ ਨਵਾਂ ਸੰਕਟ ਨਹੀਂ ਹੈ ?

ਸੋਸ਼ਲ ਮੀਡੀਆ ਤੇ ਇਹਨਾਂ ਤਸਵੀਰਾਂ ਨੇ ਹਲਚਲ ਮਚਾ ਦਿੱਤੀ ਹੈ। ਟਵਿੱਟਰ (ਐਕਸ) ਤੇ ਹਜ਼ਾਰਾਂ ਪੋਸਟਾਂ ਵਿੱਚ ਭਾਰਤੀ ਯੂਜ਼ਰ ਪੁੱਛ ਰਹੇ ਹਨ - "ਕੀ ਪੁਤਿਨ ਭਾਰਤ ਨਾਲ ਧੋਖਾ ਕਰ ਰਹੇ ਹਨ ?" ਇਸ ਵਿਵਾਦ ਨੇ ਭਾਰਤ ਵਿੱਚ ਰਾਜਨੀਤਕ ਚਰਚਾਵਾਂ ਨੂੰ ਹਵਾ ਦਿੱਤੀ ਹੈ, ਜਿੱਥੇ ਵਿਰੋਧੀ ਧਿਰਾਂ ਨੇ ਸਰਕਾਰ ਨੂੰ ਪੁੱਛਿਆ ਹੈ ਕਿ ਰੂਸ ਨਾਲ ਨਵੇਂ ਸਮਝੌਤੇ ਕਿਉਂ ਨਹੀਂ ਕੀਤੇ ਜਾ ਰਹੇ।

ਭਾਰਤ ਇਸ ਸਮੇਂ ਸੰਕਟਾਂ ਵਿਚਕਾਰ ਵਿੱਚ ਫਸਿਆ ਹੋਇਆ ਲੱਗ ਰਿਹਾ ਹੈ। ਅਮਰੀਕਾ, ਕੈਨੇਡਾ ਨਾਲ ਤਣਾਅ, ਚੀਨ ਨਾਲ ਸਰਹੱਦੀ ਵਿਵਾਦ ਅਤੇ ਹੁਣ ਰੂਸ ਦਾ ਪਾਕਿਸਤਾਨ ਵੱਲ ਝੁਕਾਅ - ਭਾਰਤ ਲਈ ਸਮਸਿਆ ਬਣਿਆ ਹੋਇਆ ਹੈ। ਇਸ ਦੌਰਾਨ। ਭਾਰਤ ਨੂੰ ਆਪਣੀ ਰਣਨੀਤਕ ਸਥਿਤੀ ਬਾਰੇ ਸੋਚਣਾ ਪੈ ਰਿਹਾ ਹੈ।

### ਕੀ ਭਾਰਤ ਇਕੱਲਾ ਪੈ ਗਿਆ ਹੈ ?

ਨਹੀਂ, ਕਿਉਂਕਿ ਅਮਰੀਕਾ ਨਾਲ ਕੋਆਡ ਅਤੇ ਇੰਡੋ-ਪੈਸਿਫਿਕ ਗਠਜੋੜ ਮਜ਼ਬੂਤ ਹਨ, ਫਰਾਂਸ ਨਾਲ ਰਾਫੇਲ ਜਹਾਜ਼ਾਂ ਦੇ ਸੌਦੇ ਚੱਲ ਰਹੇ ਹਨ ਅਤੇ ਇਜ਼ਰਾਈਲ ਨਾਲ ਤਕਨੀਕ ਸਾਂਝੀ ਹੋ ਰਹੀ ਹੈ। ਇਸ ਤੋਂ ਇਲਾਵਾ, ਭਾਰਤ ਨੇ ਆਪਣੀ ਰੱਖਿਆ ਉਦਯੋਗ ਨੂੰ ਵਧਾਇਆ ਹੈ - ਤੇਜਸ ਲੜਾਕੂ ਜਹਾਜ਼, ਅਰਜੁਨ ਟੈਂਕ ਅਤੇ ਬ੍ਰਹਮੋਸ ਮਿਸਾਈਲਾਂ ਵਰਗੀਆਂ ਸਵਦੇਸ਼ੀ ਚੀਜ਼ਾਂ ਨਾਲ ਆਪਣੀ ਤਾਕਤ ਵਧਾਈ ਹੈ। ਇੱਕ ਰੱਖਿਆ ਮਾਹਿਰ ਨੇ ਕਿਹਾ, "ਭਾਰਤ ਨੂੰ ਹੁਣ ਡਿਪਲੋਮੇਸੀ ਤੋਂ ਕੰਮ ਲੈਣਾ ਹੋਵੇਗਾ। ਰੂਸ ਤੇ ਨਿਰਭਰਤਾ ਘਟਾਈਏ ਅਤੇ ਆਪਣੀ ਆਤਮਨਿਰਭਰਤਾ ਨੂੰ ਵਧਾਈਏ।"

ਇਸ ਅਭਿਆਸ ਨੇ ਖੇਤਰੀ ਸੁਰੱਖਿਆ ਨੂੰ ਨਵਾਂ ਰੰਗ ਦਿੱਤਾ ਹੈ। ਪਾਕਿਸਤਾਨ ਲਈ ਇਹ ਚੀਨ-ਰੂਸ ਗਠਜੋੜ ਨਾਲ ਜੁੜਨ ਦਾ ਸੁਨਹਿਰੀ ਮੌਕਾ ਹੈ, ਜੋ ਅੱਤਵਾਦ ਅਤੇ ਅੰਦਰੂਨੀ ਖਤਰਿਆਂ ਨਾਲ ਲੜਨ ਵਿੱਚ ਮਦਦ ਕਰੇਗਾ। ਪਰ ਭਾਰਤ ਲਈ ਇਹ ਚੇਤਾਵਨੀ ਹੈ ਕਿ ਵਿਸ਼ਵ ਰਾਜਨੀਤੀ ਵਿੱਚ ਕੋਈ ਸਥਾਈ ਮਿੱਤਰ ਨਹੀਂ ਹੁੰਦੇ। ਪੁਤਿਨ ਦੇ ਦੌਰੇ ਵਿੱਚ ਭਾਰਤ ਨੂੰ ਰੂਸ ਨਾਲ ਖੁੱਲ੍ਹ ਕੇ ਗੱਲ ਕਰਨੀ ਪਵੇਗੀ - ਕੀ ਇਹ ਸਹਿਯੋਗ ਸੀਮਤ ਰੱਖਿਆ ਜਾਵੇਗਾ ਜਾਂ ਭਾਰਤ ਤੋਂ ਵਧ ਤਰਜੀਹ ਦਿੱਤੀ ਜਾਵੇਗੀ ? ਅੰਤਰਰਾਸ਼ਟਰੀ ਮਾਹਿਰਾਂ ਅਨੁਸਾਰ, ਰੂਸ ਆਪਣੇ ਆਰਥਿਕ ਹਿੱਤਾਂ ਲਈ ਅਜਿਹੇ ਕਦਮ ਚੁਣਦਾ ਰਹੇਗਾ, ਪਰ ਭਾਰਤ-ਰੂਸ ਗਠਜੋੜ ਅਜੇ ਵੀ ਮਜ਼ਬੂਤ ਹੈ।

ਫਿਰ ਵੀ, ਇਹ ਘਟਨਾ ਭਾਰਤ ਨੂੰ ਆਪਣੇ ਬਦਲਾਂ ਬਾਰੇ ਸੋਚਣ ਤੇ ਮਜਬੂਰ ਕਰ ਰਹੀ ਹੈ। ਕੀ ਭਾਰਤ ਹੁਣ ਨਵੇਂ ਗਠਜੋੜ ਬਣਾਵੇਗਾ ? ਇਸ ਦਾ ਭਵਿੱਖ ਵਿੱਚ ਜਵਾਬ ਮਿਲੇਗਾ।

## ਅਫ਼ਗਾਨ ਵਿਦੇਸ਼ ਮੰਤਰੀ ਮੁੱਤਾਕੀ ਦਾ ਸੱਦਾ: ਸਿੱਖ-ਹਿੰਦੂ ਵਤਨ ਪਰਤਣ, ਜਾਇਦਾਦ-ਸੁਰੱਖਿਆ ਦਾ ਭਰੋਸਾ

ਅੰਮ੍ਰਿਤਸਰ-ਅਫ਼ਗਾਨਿਸਤਾਨ ਦੇ ਵਿਦੇਸ਼ ਮੰਤਰੀ ਅਮੀਰ ਖ਼ਾਨ ਮੁੱਤਾਕੀ ਨੇ ਦਿੱਲੀ ਸਥਿਤ ਅਫ਼ਗਾਨ ਹਾਈ ਕਮਿਸ਼ਨ ਵਿਚ ਅਫ਼ਗਾਨ ਸਿੱਖ ਅਤੇ ਹਿੰਦੂ ਵਫ਼ਦ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਵਤਨ ਪਰਤਣ ਦਾ ਸੱਦਾ ਦਿੱਤਾ। ਮੁੱਤਾਕੀ ਨੇ ਸਿੱਖਾਂ-ਹਿੰਦੂਆਂ ਨੂੰ ਅਫ਼ਗਾਨਿਸਤਾਨ ਦੇ "ਮਹਿਕਦਾਰ ਫੁੱਲ" ਦੱਸਦਿਆਂ ਜਾਇਦਾਦ ਅਧਿਕਾਰਾਂ ਦੀ ਬਹਾਲੀ, ਗੁਰਦੁਆਰਿਆਂ-ਮੰਦਰਾਂ ਦੀ ਸੁਰੱਖਿਆ ਅਤੇ ਕਾਰੋਬਾਰ ਸ਼ੁਰੂ ਕਰਨ ਲਈ ਸਹਾਇਤਾ ਦਾ ਵਾਅਦਾ ਕੀਤਾ।



ਮੁਲਾਕਾਤ ਵਿਚ ਜਗਜੀਤ ਸਿੰਘ ਸੰਨੀ ਖੁਰਾਣਾ, ਪ੍ਰਤਾਪ ਸਿੰਘ, ਕੁਲਜੀਤ ਸਿੰਘ, ਮਨਮੋਹਨ ਸਿੰਘ ਸਮੇਤ ਕਈ ਅਫ਼ਗਾਨ ਸਿੱਖ-ਹਿੰਦੂ ਹਾਜ਼ਰ ਸਨ। ਵਫ਼ਦ ਨੇ ਮੁੱਤਾਕੀ ਨੂੰ ਅਫ਼ਗਾਨ ਪਗੜੀ, ਸ਼ਾਲ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ। ਮੁੱਤਾਕੀ ਨੇ ਕਿਹਾ ਕਿ ਅਫ਼ਗਾਨ ਸਿੱਖ-ਹਿੰਦੂਆਂ ਦੀ ਪਛਾਣ ਸਦਾ "ਅਫ਼ਗਾਨ" ਰਹੇਗੀ। ਸੰਨੀ ਖੁਰਾਣਾ ਮੁਤਾਬਕ, 1970 'ਚ ਅਫ਼ਗਾਨਿਸਤਾਨ 'ਚ 8 ਲੱਖ ਸਿੱਖ-ਹਿੰਦੂ ਸਨ, ਪਰ 2020 ਵਿਚ ਸਿਰਫ਼ 700 ਰਹਿ ਗਏ। ਅੱਜ ਕਾਬੁਲ-ਜਲਾਲਾਬਾਦ ਵਿਚ ਕੁਝ ਸਿੱਖ-ਹਿੰਦੂ ਹੀ ਬਚੇ ਹਨ, ਜਦਕਿ ਕਈ ਦਿੱਲੀ ਵਿਚ ਰਹਿੰਦੇ ਹਨ।

# ਅਮਰੀਕਾ-ਚੀਨ ਵਪਾਰ ਯੁੱਧ ਹੋਇਆ ਤਿੱਖਾ : ਟਰੰਪ ਦਾ 100% ਟੈਰਿਫ ਐਲਾਨ, ਚੀਨ ਵਲੋਂ ਤਿੱਖਾ ਜਵਾਬ

**ਖਾਸ ਖਬਰ**

## ✪ ਦੁਰਲੱਭ ਖਣਿਜਾਂ ਦੀ ਜੰਗ : ਚੀਨ ਉਪਰ ਪਾਬੰਦੀਆਂ ਨੇ ਅਮਰੀਕਾ ਨੂੰ ਲਲਕਾਰਿਆ
## ✪ ਗਲੋਬਲ ਅਰਥਵਿਵਸਥਾ ਖਤਰੇ ਵਿਚ : ਅਮਰੀਕੀ ਟੈਰਿਫ ਨਾਲ ਸਪਲਾਈ ਚੇਨ 'ਤੇ ਸੰਕਟ ਵਧਿਆ



ਵਾਸ਼ਿੰਗਟਨ-ਦੁਨੀਆਂ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ ਅਮਰੀਕਾ ਅਤੇ ਚੀਨ ਵਿਚਕਾਰ ਵਪਾਰਕ ਤਣਾਅ ਨੇ ਫਿਰ ਤੋਂ ਤੇਜ਼ੀ ਫੜ ਲਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ਵੱਲੋਂ ਦੁਰਲੱਭ ਖਣਿਜਾਂ 'ਤੇ ਨਵੀਆਂ ਨਿਰਯਾਤ ਪਾਬੰਦੀਆਂ ਨੂੰ 'ਹਮਲਾਵਰ ਅਤੇ ਵਿਰੋਧੀ' ਕਦਮ ਦੱਸਿਆ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ 1 ਨਵੰਬਰ 2025 ਤੋਂ ਚੀਨ ਤੋਂ ਆਉਣ ਵਾਲੀਆਂ ਸਾਰੀਆਂ ਵਸਤਾਂ 'ਤੇ ਵਾਧੂ 100 ਫੀਸਦੀ ਟੈਕਸ ਲਾਇਆ ਜਾਵੇਗਾ। ਇਹ ਟੈਰਿਫ ਪਹਿਲਾਂ ਤੋਂ ਲਾਗੂ ਟੈਕਸਾਂ ਤੋਂ ਇਲਾਵਾ ਹੋਵੇਗਾ, ਜਿਸ ਨਾਲ ਅਮਰੀਕਾ-ਚੀਨ ਵਪਾਰ ਨੂੰ ਡੂੰਘਾ ਝਟਕਾ ਲੱਗ ਸਕਦਾ ਹੈ। ਚੀਨ ਨੇ ਇਸ ਅਮਰੀਕਨ ਨੀਤੀ ਨੂੰ 'ਡਬਲ ਸਟੈਂਡਰਡ' ਅਤੇ 'ਧੌਂਸ ਜਮਾਉਣ ਵਾਲੀ' ਦੱਸ ਕੇ ਤਿੱਖੀ ਆਲੋਚਨਾ ਕੀਤੀ ਹੈ ਅਤੇ ਕਿਹਾ ਹੈ ਕਿ ਉਹ ਵਪਾਰ ਯੁੱਧ ਨਹੀਂ ਚਾਹੁੰਦੇ ਪਰ ਇਸ ਤੋਂ ਡਰਦੇ ਵੀ ਨਹੀਂ। ਮਾਹਿਰਾਂ ਮੁਤਾਬਕ, ਇਹ ਟਕਰਾਅ ਗਲੋਬਲ ਸਪਲਾਈ ਚੇਨ ਵਿਚ ਰੁਕਾਵਟ ਬਣ ਸਕਦਾ ਹੈ ਅਤੇ ਦੁਨੀਆਂ ਭਰ ਦੇ ਅਰਥਚਾਰਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਇਹ ਸਾਰਾ ਵਿਵਾਦ ਚੀਨ ਵੱਲੋਂ 10 ਅਕਤੂਬਰ ਨੂੰ ਜਾਰੀ ਕੀਤੇ ਗਏ ਨਵੇਂ ਨਿਯਮਾਂ ਨਾਲ ਸ਼ੁਰੂ ਹੋਇਆ। ਚੀਨੀ ਵਪਾਰ ਮੰਤਰਾਲੇ ਨੇ ਦੁਰਲੱਭ ਧਰਤੀ ਖਣਿਜਾਂ ਦੇ ਨਿਰਯਾਤ 'ਤੇ ਸਖਤ ਪਾਬੰਦੀਆਂ ਲਗਾਈਆਂ ਹਨ, ਜਿਸ ਵਿੱਚ ਵਿਦੇਸ਼ੀ ਕੰਪਨੀਆਂ ਨੂੰ ਚੀਨੀ ਉਤਪਾਦਾਂ ਵਿੱਚ 0.1 ਫੀਸਦੀ ਵੀ ਚੀਨੀ ਰੇਅਰ ਅਰਥ ਵਾਲੇ ਤੱਤ ਹੋਣ 'ਤੇ ਵਿਸ਼ੇਸ਼ ਲਾਇਸੈਂਸ ਲੈਣਾ ਪਵੇਗਾ। ਇਸ ਤੋਂ ਇਲਾਵਾ, ਖਣਨ, ਪਿਘਲਾਉਣ ਅਤੇ ਰੀਸਾਈਕਲਿੰਗ ਤਕਨੀਕਾਂ ਦੇ ਨਿਰਯਾਤ 'ਤੇ ਵੀ ਨਿਯੰਤਰਣ ਹਨ ਅਤੇ ਫੌਜੀ ਵਰਤੋਂ ਵਾਲੇ ਉਤਪਾਦਾਂ ਨੂੰ ਬਿਲਕੁਲ ਨਿਰਯਾਤ ਨਹੀਂ ਕੀਤਾ ਜਾਵੇਗਾ। ਚੀਨ ਨੇ ਇਸ ਨੂੰ 'ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਜਾਇਜ਼' ਦੱਸਿਆ ਹੈ ਅਤੇ ਕਿਹਾ ਹੈ ਕਿ ਇਸ ਨਾਲ ਗਲੋਬਲ ਸਪਲਾਈ ਚੇਨਾਂ 'ਤੇ ਬਹੁਤ ਘੱਟ ਅਸਰ ਪਵੇਗਾ।

ਪਰ ਅਮਰੀਕਾ ਲਈ ਇਹ ਚੀਨ ਦਾ 'ਅਰਥਵਿਵਸਥਾ ਵਾਲੇ ਹਥਿਆਰ' ਵਾਂਗ ਬਣ ਗਿਆ ਹੈ, ਕਿਉਂਕਿ ਚੀਨ ਦੁਨੀਆਂ ਦੇ 70 ਫੀਸਦੀ ਤੋਂ ਵੱਧ ਖਣਿਜਾਂ ਦੀ ਸਪਲਾਈ ਕਰਦਾ ਹੈ। ਇਹ ਖਣਿਜ ਚਿੱਪਾਂ, ਬੈਟਰੀਆਂ, ਇਲੈਕਟ੍ਰਾਨਿਕਸ ਅਤੇ ਰੱਖਿਆ ਉਪਕਰਣਾਂ ਲਈ ਬਹੁਤ ਜ਼ਰੂਰੀ ਹਨ।

ਟਰੰਪ ਨੇ ਇਸ 'ਪਾਬੰਦੀ' ਨੂੰ ਚੀਨ ਦਾ 'ਬਹੁਤ ਹਮਲਾਵਰ ਰੁਖ' ਕਿਹਾ ਅਤੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟਰੁਥ ਸੋਸ਼ਲ 'ਤੇ ਪੋਸਟ ਕਰਕੇ ਐਲਾਨ ਕੀਤਾ। ਉਨ੍ਹਾਂ ਲਿਖਿਆ, "1 ਨਵੰਬਰ 2025 ਤੋਂ (ਜਾਂ ਚੀਨ ਵੱਲੋਂ ਹੋਰ ਕਾਰਵਾਈ ਹੋਣ 'ਤੇ ਪਹਿਲਾਂ), ਅਮਰੀਕਾ ਚੀਨ 'ਤੇ 100 ਫੀਸਦੀ ਟੈਰਿਫ ਲਗਾਏਗਾ, ਜੋ ਪਹਿਲਾਂ ਲਾਗੂ ਟੈਰਿਫਾਂ ਤੋਂ ਵੱਖਰਾ ਹੋਵੇਗਾ।" ਟਰੰਪ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਆਪਣੀ ਆਉਣ ਵਾਲੀ ਮੀਟਿੰਗ ਨੂੰ ਵੀ ਰੱਦ ਕਰਨ ਦਾ ਸੰਕੇਤ ਦਿੱਤਾ, ਜੋ ਏਸ਼ੀਆ-ਪ੍ਰਸ਼ਾਂਤ ਅਰਥਿਕ ਸਹਿਯੋਗ ਫੋਰਮ (ਏਪੀਈਸੀ) ਵਿੱਚ ਹੋਣੀ ਸੀ। ਬਾਅਦ ਵਿੱਚ ਪੱਤਰਕਾਰਾਂ ਨੂੰ ਉਨ੍ਹਾਂ ਨੇ ਕਿਹਾ, "ਮੈਂ ਮੀਟਿੰਗ ਰੱਦ ਨਹੀਂ ਕੀਤੀ, ਪਰ ਅਸੀਂ ਵੇਖਾਂਗੇ ਕੀ ਹੁੰਦਾ ਹੈ।" ਇਸ ਐਲਾਨ ਨਾਲ ਅਮਰੀਕੀ ਸਟਾਕ ਮਾਰਕੀਟ ਵਿੱਚ ਹਲਚਲ ਮਚ ਗਈ ਅਤੇ 2 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੋਇਆ, ਜਦਕਿ ਐੱਸ ਅਤੇ ਪੀ 500 ਇੰਡੈਕਸ 2 ਫੀਸਦੀ ਡਿੱਗ ਗਿਆ।

ਚੀਨ ਨੇ ਟਰੰਪ ਦੇ ਇਸ ਕਦਮ ਨੂੰ 'ਧਮਕੀ ਤੇ ਧੌਂਸ ਵਾਲਾ ਦੱਸਿਆ ਹੈ। ਵਪਾਰ ਮੰਤਰਾਲੇ ਦੇ ਬੁਲਾਰੇ ਨੇ ਕਿਹਾ, "ਅਮਰੀਕਾ ਰਾਸ਼ਟਰੀ ਸੁਰੱਖਿਆ ਦੇ ਨਾਂ 'ਤੇ ਪੱਖਪਾਤੀ ਕਦਮ ਚੁੱਕ ਰਿਹਾ ਹੈ। ਉਨ੍ਹਾਂ ਦੀ 3,000 ਤੋਂ ਵੱਧ ਵਸਤੂਆਂ ਵਾਲੀ ਨਿਯੰਤਰਣ ਸੂਚੀ ਸਾਡੀ ਤੋਂ ਤਿੰਨ ਗੁਣਾ ਲੰਮੀ ਹੈ। ਅਸੀਂ ਟੈਰਿਫ ਯੁੱਧ ਨਹੀਂ ਚਾਹੁੰਦੇ, ਪਰ ਡਰਦੇ ਵੀ ਨਹੀਂ।" ਚੀਨ ਨੇ ਅਮਰੀਕੀ ਚਿੱਪ ਨਿਰਮਾਤਾ ਕੁਆਲਕਾਮ 'ਤੇ ਐਂਟੀਟ੍ਰੱਸਟ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ ਅਤੇ 14 ਅਕਤੂਬਰ ਤੋਂ ਅਮਰੀਕੀ ਜਹਾਜ਼ਾਂ 'ਤੇ ਪੋਰਟ ਟੈਰਿਫ ਵੀ ਲਗਾਉਣ ਦਾ ਐਲਾਨ ਕੀਤਾ ਹੈ। ਚੀਨੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ' ਅਮਰੀਕੀ ਟੈਰਿਫਾਂ ਨੂੰ ਬਰਾਬਰ ਜਵਾਬ ਦੇਣਗੇ।

ਇਹ ਤਣਾਅ ਨਵਾਂ ਨਹੀਂ ਹੈ। ਅਮਰੀਕਾ ਅਤੇ ਚੀਨ ਵਿਚਕਾਰ ਵਪਾਰ ਯੁੱਧ 2018 ਤੋਂ ਚੱਲ ਰਿਹਾ ਹੈ, ਪਰ 2025 ਵਿੱਚ ਇਹ ਫਿਰ ਭੜਕ ਗਿਆ ਹੈ। ਮਈ ਵਿੱਚ ਜੇਨੇਵਾ, ਜੂਨ ਵਿੱਚ ਲੰਡਨ, ਜੁਲਾਈ ਵਿੱਚ ਸਟਾਕਹੋਮ ਅਤੇ ਸਤੰਬਰ ਵਿੱਚ ਮੈਡਰਿਡ ਵਿੱਚ ਗੱਲਬਾਤ ਹੋਈ ਸੀ, ਜਿੱਥੇ ਟਿਕਟਾਕ ਵਰਗੇ ਮੁੱਦਿਆਂ 'ਤੇ ਸਹਿਮਤੀ ਬਣੀ। ਪਰ ਰੇਅਰ ਅਰਥ ਨੇ ਨਵਾਂ ਵਿਵਾਦ ਵੱਲ ਧੱਕ ਦਿੱਤਾ। 2022 ਵਿੱਚ ਅਮਰੀਕਾ-ਚੀਨ ਵਪਾਰ 758.4 ਬਿਲੀਅਨ ਡਾਲਰ ਸੀ, ਜਿਸ ਵਿੱਚ ਅਮਰੀਕਾ ਨੇ ਚੀਨ ਤੋਂ 536.8 ਬਿਲੀਅਨ ਡਾਲਰ ਦੀਆਂ ਚੀਜ਼ਾਂ ਖਰੀਦੀਆਂ ਅਤੇ 121.7 ਬਿਲੀਅਨ ਦੀਆਂ ਵੇਚੀਆਂ। ਅਮਰੀਕਾ ਚੀਨ ਤੋਂ ਇਲੈਕਟ੍ਰਾਨਿਕਸ, ਮਸ਼ੀਨਰੀ, ਫਰਨੀਚਰ, ਖਿਡੌਣੇ, ਕੱਪੜੇ ਅਤੇ ਪਲਾਸਟਿਕ ਖਰੀਦਦਾ ਹੈ। ਇਸੇ ਤਰ੍ਹਾਂ, ਚੀਨ ਅਮਰੀਕੀ ਖੇਤੀਬਾੜੀ ਉਤਪਾਦਾਂ ਅਤੇ ਤਕਨੀਕੀ ਵਸਤਾਂ ਖਰੀਦਦਾ ਹੈ। ਪਰ ਟੈਰਿਫਾਂ ਨਾਲ ਇਹ ਵਪਾਰ ਘਟ ਰਿਹਾ ਹੈ - 2025 ਦੇ ਪਹਿਲੇ ਸੱਤ ਮਹੀਨਿਆਂ ਵਿੱਚ ਅਮਰੀਕੀ ਦਰਾਮਦ 194 ਬਿਲੀਅਨ ਡਾਲਰ ਰਹੀ, ਜੋ ਪਿਛਲੇ ਸਾਲ ਤੋਂ ਘੱਟ ਹੈ।

ਇਸ ਵਪਾਰ ਯੁੱਧ ਦਾ ਪ੍ਰਭਾਵ ਸਿਰਫ਼ ਦੋਹਾਂ ਦੇਸ਼ਾਂ ਤੱਕ ਸੀਮਤ ਨਹੀਂ। ਚੀਨ ਦੇ ਰੇਅਰ ਅਰਥ ਨਿਯੰਤਰਣ ਨਾਲ ਅਮਰੀਕੀ ਉਦਯੋਗਾਂ ਨੂੰ ਚਿੱਪ ਅਤੇ ਬੈਟਰੀ ਬਣਾਉਣ ਵਿੱਚ ਮੁਸ਼ਕਲ ਹੋਵੇਗੀ, ਜੋ ਇਲੈਕਟ੍ਰਿਕ ਵਾਹਨਾਂ ਅਤੇ ਰੱਖਿਆ ਉਪਕਰਣਾਂ ਨੂੰ ਪ੍ਰਭਾਵਿਤ ਕਰੇਗਾ। ਟਰੰਪ ਦੇ ਟੈਰਿਫ ਨਾਲ ਚੀਨੀ ਉਤਪਾਦਾਂ ਦੀ ਕੀਮਤ ਵਧੇਗੀ, ਜਿਸ ਨਾਲ ਅਮਰੀਕੀ ਉਪਭੋਗਤਾ ਨੂੰ ਮਹਿੰਗਾਈ ਦਾ ਸਾਹਮਣਾ ਕਰਨਾ ਪਵੇਗਾ। ਗਲੋਬਲ ਪੱਧਰ 'ਤੇ, ਇਹ ਸਪਲਾਈ ਚੇਨ ਵਿਚ ਰੁਕਾਵਟ ਬਣੇਗਾ - ਭਾਰਤ, ਵਿਅਤਨਾਮ ਅਤੇ ਮੈਕਸੀਕੋ ਵਰਗੇ ਦੇਸ਼ਾਂ ਨੂੰ ਫਾਇਦਾ ਹੋ ਸਕਦਾ ਹੈ ਜੋ ਵਿਕਲਪੀ ਨਿਰਮਾਣ ਕੇਂਦਰ ਬਣਨਗੇ, ਪਰ ਯੂਰਪ ਅਤੇ ਏਸ਼ੀਆ ਨੂੰ ਨੁਕਸਾਨ ਹੋਵੇਗਾ। ਮਾਹਿਰਾਂ ਅਨੁਸਾਰ, ਜੇ ਇਹ ਯੁੱਧ ਲੰਮਾ ਚੱਲਿਆ ਤਾਂ ਗਲੋਬਲ ਜੀਡੀਪੀ ਵਿੱਚ 2 ਫੀਸਦੀ ਘਾਟਾ ਹੋ ਸਕਦਾ ਹੈ ਅਤੇ ਸਟਾਕ ਮਾਰਕੀਟਾਂ ਵਿੱਚ ਅਸਥਿਰਤਾ ਵਧੇਗੀ। ਇਸ ਕਾਰਣ ਕ੍ਰਿਪਟੋਕਰੰਸੀ ਵਰਗੇ ਬਾਜ਼ਾਰ ਵੀ ਉੱਪਰ-ਹੇਠਾਂ ਹੋ ਰਹੇ ਹਨ, ਪਰ ਬਿਟਕਾਇਨ ਵਿੱਚ 20 ਫੀਸਦੀ ਵਾਧਾ ਹੋਇਆ ਹੈ।

ਟਰੰਪ ਪ੍ਰਸ਼ਾਸਨ ਨੇ ਪਹਿਲਾਂ ਵੀ ਭਾਰਤ, ਮੈਕਸੀਕੋ ਅਤੇ ਕੈਨੇਡਾ 'ਤੇ ਟੈਰਿਫਾਂ ਨਾਲ ਦਬਾਅ ਪਾਇਆ ਹੈ।ਅਮਰੀਕੀ ਵਪਾਰ ਰਾਜਨੀਤੀ ਨੂੰ ਮੁੜ ਵਿਚਾਰਨ ਦੀ ਲੋੜ ਹੈ, ਕਿਉਂਕਿ ਚੀਨ ਵੀ ਆਪਣੇ ਬੈਲਟ ਐਂਡ ਰੋਡ ਪ੍ਰੋਜੈਕਟ ਨਾਲ ਨਵੇਂ ਬਾਜ਼ਾਰ ਲੱਭ ਰਿਹਾ ਹੈ। ਦੋਹਾਂ ਦੇਸ਼ਾਂ ਨੂੰ ਗੱਲਬਾਤ ਦਾ ਰਾਹ ਖੋਜਣਾ ਚਾਹੀਦਾ ਹੈ, ਨਹੀਂ ਤਾਂ ਇਹ ਯੁੱਧ ਦੁਨੀਆਂ ਨੂੰ ਮੰਦੀ ਵੱਲ ਧੱਕੇਗਾ।

## ਬੀ ਬੀ ਐੱਮ ਬੀ ਵਿਚੋਂ ਘਟੇਗੀ ਪੰਜਾਬ ਦੀ ਅਹਿਮੀਅਤ, ਕੇਂਦਰ ਵਲੋਂ ਪੰਜਾਬ ਨਾਲ ਵਿਤਕਰਾ

ਚੰਡੀਗੜ੍ਹ-ਕੇਂਦਰ ਸਰਕਾਰ ਨੇ ਹੁਣ ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚ ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਨੂੰ ਵੀ ਪੱਕੀ ਪ੍ਰਤੀਨਿਧਤਾ ਦੇਣ ਦੀ ਪ੍ਰਕਿਰਿਆ ਵਿੱਢ ਦਿੱਤੀ ਹੈ। ਪਹਿਲੇ ਪੜਾਅ ਵਿਚ ਕੇਂਦਰ ਸਰਕਾਰ ਨੇ ਪੰਜਾਬ ਤੇ ਹਰਿਆਣਾ ਦੀ ਬੀ ਬੀ ਐੱਮ ਬੀ ਵਿਚੋਂ ਸਥਾਈ ਮੈਂਬਰੀ ਨੂੰ ਖੁੰਢਾ ਕੀਤਾ ਅਤੇ ਹੁਣ ਦੂਸਰੇ ਸੂਬਿਆਂ ਨੂੰ ਵੀ ਪੰਜਾਬ ਦੇ ਬਰਾਬਰ ਪੱਕੀ ਹਿੱਸੇਦਾਰੀ ਦੇਣ ਦਾ ਰਾਹ ਖੋਲ੍ਹ ਦਿੱਤਾ ਹੈ; ਹਾਲਾਂਕਿ ਪੰਜਾਬ ਬੀ ਬੀ ਐੱਮ ਬੀ ਦਾ ਸਭ ਤੋਂ ਵੱਧ ਖਰਚਾ ਝੱਲਦਾ ਹੈ। ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਬੀ ਬੀ ਐੱਮ ਬੀ ਦਾ ਮਾਮੂਲੀ ਖਰਚਾ ਚੁੱਕਦੇ ਹਨ; ਇਨ੍ਹਾਂ ਦੋਵੇਂ ਸੂਬਿਆਂ ਨੂੰ ਅਧਿਕਾਰ ਹੁਣ ਪੰਜਾਬ ਦੇ ਬਰਾਬਰ ਦੇਣ ਦੀ ਤਿਆਰੀ ਹੈ। ਉੱਤਰੀ ਜ਼ੋਨਲ ਕੌਂਸਲ ਦੀਆਂ ਮੀਟਿੰਗਾਂ 'ਚ ਰਾਜਸਥਾਨ ਤੇ ਹਿਮਾਚਲ ਪ੍ਰਦੇਸ਼ ਬੀ ਬੀ ਐੱਮ ਬੀ 'ਚ ਪੱਕੀ ਪ੍ਰਤੀਨਿਧਤਾ ਲੈਣ ਦੀ ਕਈ ਵਾਰ ਮੰਗ ਉਠਾ ਚੁੱਕੇ ਹਨ ਪਰ ਪੰਜਾਬ ਦੇ ਸਖ਼ਤ ਵਿਰੋਧ ਕਾਰਨ ਕੇਂਦਰ ਦੀ ਕੋਈ ਵਾਹ ਨਹੀਂ ਚੱਲ ਸਕੀ ਸੀ। ਆਖ਼ਰ ਹੁਣ ਕੇਂਦਰ ਨੇ ਪੰਜਾਬ ਦੇ ਬਰਾਬਰ ਦੂਸਰੇ ਸੂਬਿਆਂ ਨੂੰ ਖੜ੍ਹਾ ਕਰ ਦਿੱਤਾ ਹੈ। ਕੇਂਦਰੀ ਬਿਜਲੀ ਮੰਤਰਾਲੇ ਨੇ 10 ਅਕਤੂਬਰ ਨੂੰ ਪੰਜਾਬ ਸਮੇਤ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਸਰਕਾਰ ਨੂੰ ਪੱਤਰ ਭੇਜ ਕੇ ਨਵੀਂ ਪ੍ਰਕਿਰਿਆ ਤੋਂ ਜਾਣੂ ਕਰਾਇਆ ਹੈ। ਪੱਤਰ ਅਨੁਸਾਰ ਪੰਜਾਬ ਪੁਨਰਗਠਨ ਐਕਟ'1966 ਦੀ ਧਾਰਾ 79 (2)(ਏ) 'ਚ ਸੋਧ ਕਰਨ ਦੀ ਤਜਵੀਜ਼ ਤਿਆਰ ਕੀਤੀ ਗਈ ਹੈ, ਜਿਸ ਤਹਿਤ ਬੀ ਬੀ ਐੱਮ ਬੀ 'ਚ ਮੈਂਬਰਾਂ ਦੀ ਗਿਣਤੀ ਚਾਰ ਹੋ ਜਾਵੇਗੀ; ਪਹਿਲਾਂ ਪੰਜਾਬ ਤੇ ਹਰਿਆਣਾ ਹੀ ਪੱਕੇ ਮੈਂਬਰ ਸਨ। ਪੰਜਾਬ 'ਚੋਂ ਮੈਂਬਰ (ਪਾਵਰ) ਅਤੇ ਹਰਿਆਣਾ 'ਚੋਂ ਮੈਂਬਰ (ਸਿੰਜਾਈ) ਪੱਕੇ ਤੌਰ 'ਤੇ ਤਾਇਨਾਤ ਹੁੰਦੇ ਰਹੇ ਹਨ।



# ਪਖੰਡੀ ਬਾਬੇ, ਤਾਂਤਰਿਕ, ਪੁਜਾਰੀ ਹੁਣ ਰਾਜਨੀਤੀ ਦਾ ਹਿੱਸਾ ਕਿਉਂ ਬਣਨ ਲੱਗੇ

**ਚਮਕੌਰ ਸਿੰਘ ਕੈਰਵੇ**

ਕਿਸੇ ਵੀ ਗੱਲ ’ਤੇ ਬਿਨਾਂ ਸੋਚੇ ਸਮਝੇ, ਬਿਨਾਂ ਆਪਣਾ ਦਿਮਾਗ ਵਰਤੇ ਯਕੀਨ ਕਰ ਲੈਣਾ ਹੀ ਅਸਲ ਵਿੱਚ ਅੰਧਵਿਸ਼ਵਾਸੀ ਹੋਣ ਦੀ ਨਿਸ਼ਾਨੀ ਹੈ। ਅੱਜ ਦੇ ਇਸ ਟੈਕਨਾਲੋਜੀ ਤੇ ਵਿਗਿਆਨ ਦੇ ਯੁਗ ਵਿੱਚ ਭਾਰਤ ਵਿੱਚ ਅਨਪੜ੍ਹ ਅਤੇ ਪੜ੍ਹੇ ਲਿਖੇ, ਦੋਨੋਂ ਹੀ ਤਰ੍ਹਾਂ ਦੇ ਅੰਧਵਿਸ਼ਵਾਸੀ ਲੋਕ ਪਾਏ ਜਾਂਦੇ ਹਨ। ਵਹਿਮ ਭਰਮ ਅਤੇ ਅੰਧਵਿਸ਼ਵਾਸ ਹੀ ਸਾਡੇ ਦੇਸ਼ ਦੀ ਤਰੱਕੀ ਵਿੱਚ ਸਭ ਤੋਂ ਵੱਡੇ ਰੋੜੇ ਹਨ। ਵਹਿਮ ਭਰਮ ਅਤੇ ਅੰਧਵਿਸ਼ਵਾਸ ਦੀ ਅਵਸਥਾ ਵਿੱਚ ਮਨੁੱਖ ਦੀ ਸੋਚਣ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ ਤੇ ?ਉਹ ਬਿਨਾਂ ਤਰਕ, ਬਿਨਾਂ ਵਿਚਾਰ ਕੀਤੇ ਕਿਸੇ ਵੀ ਗੱਲ ਨੂੰ ਸੱਚ ਮੰਨ ਲੈਂਦਾ ਹੈ। ਅਜੋਕੇ ਸਮੇਂ ਵਿੱਚ ਸਾਨੂੰ ਹਰ ਪਿੰਡ ਹਰ ਸ਼ਹਿਰ ਵਿੱਚ ਪਖੰਡੀ ਬਾਬੇ, ਸਾਧੂ, ਸੰਤ, ਤਾਂਤਰਿਕ, ਪੁਜਾਰੀ ਮਿਲ ਜਾਣਗੇ। ਇਹ ਭੋਲੇ ਭਾਲੇ ਲੋਕਾਂ ਨੂੰ ਆਸਥਾ ਦੀ ਆੜ ਵਿੱਚ ਅਜਿਹੇ ਵਹਿਮਾਂ ਭਰਮਾਂ ਅਤੇ ਅੰਧਵਿਸ਼ਵਾਸ਼ਾਂ ਵਿੱਚ ਪਾ ਦਿੰਦੇ ਹਨ, ਜਿੱਥੋਂ ਨਿਕਲਣਾ ਲੋਕਾਂ ਲਈ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਅੰਧਵਿਸ਼ਵਾਸੀ ਬਣਿਆ ਮਨੁੱਖ ਮਾਨਸਿਕ ਤੌਰ ’ਤੇ ਕਮਜ਼ੋਰ ਅਤੇ ਬਿਮਾਰ ਵੀ ਹੋ ਜਾਂਦਾ ਹੈ।

ਅਖੌਤੀ ਸਾਧ, ਬਾਬੇ, ਤਾਂਤਰਿਕ ਲੋਕਾਂ ਨੂੰ ਜਾਦੂ ਟੂਣੇ ਨਾਲ ਆਤਮਾ-ਪ੍ਰਮਾਤਮਾ, ਪਿਛਲਾ ਜਨਮ, ਸਵਰਗ, ਨਰਕ, ਯਮਰਾਜ, ਭੂਤ ਪ੍ਰੇਤ ਵਰਗੇ ਵਹਿਮਾਂ ਭਰਮਾਂ ਵਿੱਚ ਪਾ ਕੇ ਖੂਬ ਲੁੱਟਦੇ ਹਨ। ਇਹ ਲਾਣਾ ਦੁੱਖਾਂ ਤਕਲੀਫਾਂ ਤੋਂ ਛੁਟਕਾਰਾ, ਆਰਥਿਕ ਲਾਭ, ਸ਼ਾਦੀ, ਪ੍ਰੇਮ ਵਿਆਹ, ਨੌਕਰੀ ਆਦਿ ਸਮੱਸਿਆਵਾਂ ਦਾ ਮਿੰਟਾਂ ਵਿੱਚ ਹੱਲ ਕਰਨ ਲਈ ਆਪਣੀਆਂ ਦੁਕਾਨਾਂ ਖੋਲ੍ਹੀ ਬੈਠਾ ਹੈ। ਇਹ ਗ੍ਰਹਿ ਚੱਕਰਾਂ ਵਿੱਚੋਂ ਕੱਢਣ ਲਈ ਮੋਟੀ ਰਕਮ ਵਸੂਲਦੇ ਹਨ। ਇੱਥੋਂ ਤਕ ਕਿ ਪਖੰਡੀ ਬਾਬੇ, ਤਾਂਤਰਿਕ ਮਾਸੂਮ ਬੱਚਿਆਂ ਨੂੰ ਬਲੀ ਦੇ ਨਾਂ ’ਤੇ ਕਤਲ ਵੀ ਕਰ ਦਿੰਦੇ ਹਨ। ਇਹੋ ਜਿਹੀਆਂ ਵਾਰਦਾਤਾਂ ਬਿਹਾਰ, ਯੂਪੀ ਵਰਗੇ ਸੂਬਿਆਂ ਵਿੱਚ ਦੇਖਣ ਨੂੰ ਮਿਲ ਜਾਂਦੀਆਂ ਹਨ। ਵਿਗਿਆਨ ਨੂੰ ਪੂਰੇ ਬ੍ਰਹਿਮੰਡ ਵਿੱਚ ਆਤਮਾ, ਪ੍ਰਮਾਤਮਾ, ਸਵਰਗ, ਨਰਕ, ਯਮਰਾਜ, ਭਟਕਦੀ ਆਤਮਾ ਆਦਿ ਦੀ ਹੋਂਦ ਦਾ ਅੱਜ ਤਕ ਕੋਈ ਵਿਗਿਆਨਕ ਸਬੂਤ ਨਹੀਂ ਮਿਲਿਆ ਹੈ। ਕੁਝ ਲੋਕ ਆਪ ਤਾਂ ਅੰਧਵਿਸ਼ਵਾਸੀ ਹੁੰਦੇ ਹੀ ਹਨ, ਨਾਲ ਆਪਣੇ



ਇੰਟਰਨੈੱਟ ਅਤੇ ਸੋਸ਼ਲ ਮੀਡੀਏ ਦੇ ਮਾਧਿਅਮ ਰਾਹੀਂ ਤਾਂਤਰਿਕਾਂ, ਪਖੰਡੀ ਬਾਬਿਆਂ ਨੇ ਲੋਕਾਂ ਤਕ ਆਪਣੀ ਪਹੁੰਚ ਵਧਾ ਲਈ ਹੈ। ਇਸ ਸਮੇਂ ਸਮੱਸਿਆਵਾਂ ਦਾ ਹੱਲ ਤੁਰੰਤ ਅਤੇ ਸਮੱਗਰੀ, ਜਨਮ ਕੁੰਡਲੀਆਂ ਕੋਰੀਅਰ ਰਾਹੀਂ ਭੇਜੀਆਂ ਜਾਣ ਲੱਗੀਆਂ ਹਨ ਅਤੇ ਭੇਟਾ ਵੀ ਆਨਲਾਈਨ ਹੋਣ ਲੱਗ ਗਈ ਹੈ। ਇਸ ਅੰਧਵਿਸ਼ਵਾਸ ਤੋਂ ਲੱਖਾਂ ਦਾ ਰੋਜ਼ਗਾਰ ਚੱਲ ਰਿਹਾ ਹੈ। ਹਰ ਰੋਜ਼ ਤਾਂਤਰਿਕਾਂ, ਜੋਤਸ਼ੀਆਂ ਦੇ ਇਸ਼ਤਿਹਾਰਾਂ ਦੁਆਰਾ ਕਈ ? ਅਖ਼ਬਾਰਾਂ ਅਤੇ ਮੈਗਜ਼ੀਨਾਂ ਲੱਖਾਂ ਰੁਪਏ ਕਮਾ ਰਹੇ ਹਨ। ਅੰਧ ਵਿਸ਼ਵਾਸ ਦਾ ਕਾਰੋਬਾਰ ਕਰਨ ਵਾਲੇ ਤਾਂਤਰਿਕ, ਪਖੰਡੀ ਬਾਬੇ ਅਤੇ ਪੁਜਾਰੀ ਲੋਕਾਂ ਦੀ ਅੰਧਵਿਸ਼ਵਾਸੀ ਸੋਚ ਸਦਕਾ ਖੁਦ ਐਸ਼ ਵਾਲੀ ਜ਼ਿੰਦਗੀ ਜਿਉਂਦੇ ਹਨ।

ਬੱਚਿਆਂ ਨੂੰ ਵੀ ਅੰਧਵਿਸ਼ਵਾਸੀ ਬਣਾ ਦਿੰਦੇ ਹਨ ਤੇ ਅੱਗੇ ਜਾਕੇ ਉਹਨਾਂ ਬੱਚਿਆਂ ਦਾ ਭਵਿੱਖ ਹਨੇਰ ਹੀ ਹੋਣਾ ਹੁੰਦਾ ਹੈ। ਇਸ ਸੰਸਾਰ ਵਿੱਚ 193 ਦੇਸ਼ ਹਨ। ਇਨ੍ਹਾਂ ਤ93 ਦੇਸ਼ਾਂ ਵਿੱਚੋਂ ਕੇਵਲ ਭਾਰਤ ਵਿੱਚ ਹੀ ਕਿਉਂ ਐਨੇ ਬਾਬੇ ਪਾਏ ਜਾਂਦੇ ਹਨ? ਸਿਰਫ ਅਨਪੜ੍ਹਤਾ ਅਤੇ ਅਗਿਆਨਤਾ ਦੇ ਕਾਰਨ। ਭਾਰਤ ਦੇ ਅਨਪੜ੍ਹ ਲੋਕਾਂ ਨੂੰ ਆਪਣੇ ਪਿੱਛੇ ਲਾਉਣਾ ਕੋਈ ਔਖਾ ਕੰਮ ਨਹੀਂ ਹੈ। ਪਖੰਡੀ ਬਾਬਿਆਂ ਦੁਆਰਾ ਬਿਮਾਰੀਆਂ ਦਾ ਇਲਾਜ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ ਜੋ ਕਿ ਬਿਲਕੁਲ ਇੱਕ ਧੋਖਾ ਹੈ। ਜੇਕਰ ਬਾਬੇ, ਤਾਂਤਰਿਕ ਹੀ ਬਿਮਾਰੀਆਂ ਦਾ ਇਲਾਜ ਕਰਨ ਲੱਗ ਜਾਣ ਤਾਂ ਡਾਕਟਰਾਂ ਨੂੰ ਇੰਨਾ ਪੜ੍ਹ ਲਿਖ ਕੇ ਡਿਗਰੀਆਂ ਲੈਣ ਦੀ ਕੀ ਲੋੜ ਹੈ। ਉਹ ਬੱਸ ਧਾਗਾ ਜਾਂ ਹਥੌਲਾ ਕਰਕੇ ਮਰੀਜ਼ ਨੂੰ ਕਹਿ ਦੇਣ ਕਿ ਜਾ, ਤੈਨੂੰ ਕਿਸੇ ਦਵਾਈ ਜਾਂ ਅਪਰੇਸ਼ਨ ਕਰਵਾਉਣ ਦੀ ਲੋੜ ਹੀ ਨਹੀਂ ਹੈ। ਅਨਪੜ੍ਹ ਗਰੀਬਾਂ ਨੂੰ ਇਹ ਬਾਬੇ ਖੂਬ ਲੁੱਟਦੇ ਹਨ।

ਸਾਡੇ ਲੋਕਾਂ ਦੀ ਇਹੋ ਜਿਹੀ ਮਾਨਸਿਕਤਾ ਹੋਈ ਪਈ ਹੈ ਕਿ ਉਹਨਾਂ ਨੂੰ ਸਹੀ ਅਤੇ ਗਲਤ ਦਾ ਪਤਾ ਹੀ ਨਹੀਂ ਲਗਦਾ। ਇਹੋ ਜਿਹੇ ਪਖੰਡੀ ਬਾਬੇ, ਤਾਂਤਰਿਕ ਗਰੀਬ ਅਤੇ ਅਨਪੜ੍ਹ ਲੋਕਾਂ ਨੂੰ ਗ੍ਰਹਿ ਚੱਕਰਾਂ ਵਿੱਚ ਪਾਕੇ ਉਹਨਾਂ ਦੇ ਦਿਮਾਗ ਨੂੰ ਅਪੰਗ ਬਣਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਹੈ। ਲੋਕਾਂ ਨੂੰ ਮੂਰਖ ਬਣਾਉਣ ਦਾ ਢੰਗ ਆਉਣਾ ਚਾਹੀਦਾ ਹੈ, ਲੋਕ ਝੱਟ ਮੂਰਖ ਬਣ ਜਾਂਦੇ ਹਨ, ਇਸ ਵਿੱਚ ਕੋਈ ਸ਼ੱਕ ਨਹੀਂ। ਅਸੀਂ ਭਾਰਤੀ ਆਪਣੇ ਦਿਮਾਗ ਤੋਂ ਜਮਾ ਹੀ ਕੰਮ ਨਹੀਂ ਲੈਂਦੇ। ਕਿਸੇ ਵੀ ਗੱਲ ਬਾਰੇ ਨਹੀਂ ਸੋਚਦੇ ਕਿ ਇਹ ਇੱਦਾਂ ਕਿਵੇਂ ਹੋ ਸਕਦਾ ਹੈ? ਦੈਵੀ ਸ਼ਕਤੀ ਹੁੰਦੀ ਕੀ ਹੈ? ਅਤੇ ਇਹ ਕਿਸੇ ਇਨਸਾਨ ਵਿੱਚ ਆ ਕਿਵੇਂ ਸਕਦੀ ਹੈ? ਬਹੁਤੇ ਪਖੰਡੀ ਬਾਬੇ, ਤਾਂਤਰਿਕ ਅਖ਼ਬਾਰਾਂ ਵਿੱਚ ਇਸ਼ਤਿਹਾਰ ਦਿੰਦੇ ਹਨ ਅਤੇ 24 ਘੰਟਿਆਂ ਵਿੱਚ ਹਰ ਸਮੱਸਿਆ ਦਾ ਹੱਲ ਕਰਨ ਦਾ ਦਾਅਵਾ ਕਰਦੇ ਹਨ। ਦੁੱਖਾਂ-ਤਕਲੀਫਾਂ, ਗੰਭੀਰ ਰੋਗ, ਸਮੱਸਿਆਵਾਂ ਨਾਲ ਘਿਰੇ ਹੋਏ ਲੋਕ ਸਹਿਜ ਹੀ ਇਨ੍ਹਾਂ ਬਾਬਿਆਂ, ਤਾਂਤਰਿਕਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਆਪਣਾ ਪੈਸਾ, ਘਰ ਬਾਰ ਅਤੇ ਕਈ ਵਾਰ ਆਪਣੀ ਆਬਰੂ ਵੀ ਲੁਟਾ ਬੈਠਦੇ ਹਨ।

ਜਿਸ ਸਮਾਜ ਵਿੱਚ ਅੰਧਵਿਸ਼ਵਾਸ ਜ਼ਿਆਦਾ ਹੁੰਦਾ ਹੈ ਉਹ ਸਮਾਜ ਤਰੱਕੀ ਨਹੀਂ ਕਰ ਸਕਦਾ। ਅੰਧ ਵਿਸ਼ਵਾਸ ਵਿੱਚ ਯਕੀਨ ਰੱਖਣ ਵਾਲਾ ਮਨੁੱਖ ਢਾਹੂ ਵਿਚਾਰਾਂ ਦਾ ਹੁੰਦਾ ਹੈ। ਇਹ ਭਾਰਤ ਦੀ ਤ੍ਰਾਸਦੀ ਹੈ ਕਿ ਅੱਜ 21 ਸਦੀ ਵਿੱਚ ਜਿੱਥੇ ਕਈ ਦੇਸ਼ ਨਵੀਂਆਂ ਨਵੀਆਂ ਖੋਜਾਂ ਕਰ ਰਹੇ ਹਨ, ਉੱਥੇ ਭਾਰਤ ਦੇ ਲੋਕ ਇਨ੍ਹਾਂ ਜੋਤਸ਼ੀਆਂ, ਤਾਂਤਰਿਕਾਂ, ਪਖੰਡੀ ਬਾਬਿਆਂ ਦੇ ਮਗਰ ਲੱਗੇ ਹੋਏ ਹਨ। ਅਸਲ ਵਿੱਚ ਕਾਲੇ ਇਲਮ, ਜਾਦੂ ਟੂਣੇ ਨਾਲ ਕਿਸੇ ਸਮੱਸਿਆ ਦਾ ਹੱਲ ਹੋ ਹੀ ਨਹੀਂ ਸਕਦਾ। ਪਰ ਅੱਜ ਦੀ ਹਕੀਕਤ ਇਹ ਹੈ ਕਿ ਅਜੋਕੇ ਸਮੇਂ ਵਿੱਚ ਵਿੱਦਿਆ ਦੇ ਪਸਾਰੇ ਦੇ ਬਾਵਜੂਦ ਵੀ ਇਨ੍ਹਾਂ ਅੰਧਵਿਸ਼ਵਾਸ਼ਾਂ ਦਾ ਘੇਰਾ ਹੋਰ ਵੱਡਾ ਹੋ ਗਿਆ ਹੈ।

ਇੰਟਰਨੈੱਟ ਅਤੇ ਸੋਸ਼ਲ ਮੀਡੀਏ ਦੇ ਮਾਧਿਅਮ ਰਾਹੀਂ ਤਾਂਤਰਿਕਾਂ, ਪਖੰਡੀ ਬਾਬਿਆਂ ਨੇ ਲੋਕਾਂ ਤਕ ਆਪਣੀ ਪਹੁੰਚ ਵਧਾ ਲਈ ਹੈ। ਇਸ ਸਮੇਂ ਸਮੱਸਿਆਵਾਂ ਦਾ ਹੱਲ ਤੁਰੰਤ ਅਤੇ ਸਮੱਗਰੀ, ਜਨਮ ਕੁੰਡਲੀਆਂ ਕੋਰੀਅਰ ਰਾਹੀਂ ਭੇਜੀਆਂ ਜਾਣ ਲੱਗੀਆਂ ਹਨ ਅਤੇ ਭੇਟਾ ਵੀ ਆਨਲਾਈਨ ਹੋਣ ਲੱਗ ਗਈ ਹੈ। ਇਸ ਅੰਧਵਿਸ਼ਵਾਸ ਤੋਂ ਲੱਖਾਂ ਦਾ ਰੋਜ਼ਗਾਰ ਚੱਲ ਰਿਹਾ ਹੈ। ਹਰ ਰੋਜ਼ ਤਾਂਤਰਿਕਾਂ, ਜੋਤਸ਼ੀਆਂ ਦੇ ਇਸ਼ਤਿਹਾਰਾਂ ਦੁਆਰਾ ਕਈ? ਅਖ਼ਬਾਰਾਂ ਅਤੇ ਮੈਗਜ਼ੀਨਾਂ ਲੱਖਾਂ ਰੁਪਏ ਕਮਾ ਰਹੇ ਹਨ। ਅੰਧ ਵਿਸ਼ਵਾਸ ਦਾ ਕਾਰੋਬਾਰ ਕਰਨ ਵਾਲੇ ਤਾਂਤਰਿਕ, ਪਖੰਡੀ ਬਾਬੇ ਅਤੇ ਪੁਜਾਰੀ ਲੋਕਾਂ ਦੀ ਅੰਧਵਿਸ਼ਵਾਸੀ ਸੋਚ ਸਦਕਾ ਖੁਦ ਐਸ਼ ਵਾਲੀ ਜ਼ਿੰਦਗੀ ਜਿਉਂਦੇ ਹਨ।

ਪਖੰਡੀ ਬਾਬੇ, ਤਾਂਤਰਿਕ, ਪੁਜਾਰੀ ਹੁਣ ਰਾਜਨੀਤੀ ਦਾ ਹਿੱਸਾ ਵੀ ਬਣਨ ਲੱਗੇ ਹਨ। ਘਰ-ਬਾਰ ਅਤੇ ਕਾਰੋਬਾਰ ਦੀ ਭਲਾਈ ਲਈ, ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਲੱਖਾਂ ਲੋਕ ਡੇਰਿਆਂ, ਸੰਪਰਦਾਵਾਂ ’ਤੇ ਸੇਵਾ ਕਰਦੇ ਦੇਖੇ ਜਾ ਸਕਦੇ ਹਨ। ਜਿੰਨਾ ਚਿਰ ਲੋਕਾਂ ਵਿੱਚ ਗਿਆਨ ਦਾ ਦੀਵਾ ਨਹੀਂ ਜਗਦਾ, ਇਹ ਅੰਧਵਿਸ਼ਵਾਸ ਖਤਮ ਨਹੀਂ ਹੋ ਸਕਦਾ। ਸਮੇਂ ਦੀ ਲੋੜ ਹੈ ਕਿ ਲੋਕਾਂ ਵਿੱਚ ਜਾਗਰੂਕਤਾ ਪੈਦਾ ਕੀਤੀ ਜਾਵੇ, ਤਦ ਹੀ ਅੰਧਵਿਸ਼ਵਾਸ਼ਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।



## ਯੂ.ਕੇ. ਦੇ ਵਰਕ ਵੀਜ਼ਾ ਲਈ ਅੰਗਰੇਜ਼ੀ ਟੈਸਟ ਲਾਜ਼ਮੀ

ਲੰਡਨ : ਯੂ.ਕੇ. ਦੇ ਵਰਕ ਵੀਜ਼ਾ ਲਈ ਅੰਗਰੇਜ਼ੀ ਦਾ ਨਵਾਂ ਟੈਸਟ ਲਾਗੂ ਕੀਤਾ ਗਿਆ ਹੈ ਜਿਸ ਨੂੰ ਪਾਸ ਕੀਤੇ ਬਗੈਰ ਅਰਜ਼ੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਜੀ ਹਾਂ, ਗ੍ਰਹਿ ਵਿਭਾਗ ਤੋਂ ਮਾਨਤਾ ਪ੍ਰਾਪਤ ਏਜੰਸੀਆਂ ਰਾਹੀਂ ਨਵਾਂ ਸਿਕਿਓਰ ਇੰਗਲਿਸ਼ ਲੈਂਗੁਏਜ ਟੈਸਟ ਲਿਆ ਜਾਵੇਗਾ ਅਤੇ ਇਸ ਤੋਂ ਬਾਅਦ ਹੀ ਸਕਿਲਡ ਵੀਜ਼ਾ ਸ਼੍ਰੇਣੀ ਅਧੀਨ ਅਰਜ਼ੀਆਂ ਅੱਗੇ ਵਧ ਸਕਣਗੀਆਂ। ਕੈਨੇਡੀਅਨ ਆਇਲਸ ਦੇ ਤਰਜ਼ ’ਤੇ ਅੰਗਰੇਜ਼ੀ ਚੰਗੀ ਤਰ੍ਹਾਂ ਬੋਲਣੀ, ਸੁਣਨੀ, ਪੜ੍ਹਨੀ ਅਤੇ ਲਿਖਣੀ ਲਾਜ਼ਮੀ ਕਰ ਦਿਤੀ ਗਈ ਹੈ ਅਤੇ ਨਵੇਂ ਨਿਯਮ 8 ਜਨਵਰੀ 2026 ਤੋਂ ਲਾਗੂ ਹੋਣਗੇ। ਯੂ.ਕੇ. ਦੇ ਗ੍ਰਹਿ ਵਿਭਾਗ ਮੁਤਾਬਕ ਪ੍ਰਵਾਸੀਆਂ ਨੂੰ ਸਥਾਨਕ ਸਮਾਜ ਦਾ ਹਿੱਸਾ ਬਣਾਉਣ ਦੇ ਮਕਸਦ ਤਹਿਤ ਨਵੀਆਂ ਸ਼ਰਤਾਂ ਲਾਗੂ ਕੀਤੀਆਂ ਜਾ ਰਹੀਆਂ ਹਨ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਦੱਸਿਆ ਕਿ ਯੂ.ਕੇ. ਦੀ ਤਰੱਕੀ ਵਿਚ ਯੋਗਦਾਨ ਪਾਉਣ ਦੇ ਇੱਛਕ ਲੋਕਾਂ ਦਾ ਹਮੇਸ਼ਾ ਸਵਾਗਤ ਹੁੰਦਾ ਆਇਆ ਹੈ ਪਰ ਅੰਗਰੇਜ਼ੀ ਵਿਚ ਕਮਜ਼ੋਰ ਲੋਕ ਬਣਦਾ ਯੋਗਦਾਨ ਪਾਉਣ ਤੋਂ ਖੁੰਝ ਜਾਂਦੇ ਹਨ। ਜੇ ਤੁਸੀਂ ਯੂ.ਕੇ. ਆਉਣਾ ਚਾਹੁੰਦੇ ਹੋ ਤਾਂ ਅੰਗਰੇਜ਼ੀ ਦਾ ਗਿਆਨ ਲਾਜ਼ਮੀ ਹੈ। ਦੂਜੇ ਪਾਸੇ ਸਟੱਡੀ ਵੀਜ਼ਾ ਫ਼ਰਸਤੁੱਤੇ ਯੂ.ਕੇ. ਆਉਣ ਵਾਲੇ ਵਿਦਿਆਰਥੀਆਂ ਲਈ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ ਗ੍ਰੈਜੁਏਟ ਲੈਵਲ ਦੀ ਜੌਬ ਲੱਭਣ ਵਾਸਤੇ ਮਿਲਦਾ 2 ਸਾਲ ਦਾ ਸਮਾਂ ਘਟਾ ਕੇ 18 ਮਹੀਨੇ ਕਰ ਦਿਤਾ ਗਿਆ ਹੈ। ਪੀ.ਐਚ.ਡੀ. ਲੈਵਲ ਦੇ ਗ੍ਰੈਜੁਏਟਸ ਲਈ ਤਿੰਨ ਸਾਲ ਦੀ ਮਿਆਦ ਜਾਰੀ ਰਹੇਗੀ।

# ਸ੍ਰੀ ਅੰਮ੍ਰਿਤਸਰ ਸਾਹਿਬ ਦਾ 450 ਸਾਲਾ ਸਥਾਪਨਾ ਦਿਵਸ ਕਿਵੇਂ ਮਨਾਈਏ ?

ਡਾਕਟਰ ਪਰਮਵੀਰ ਸਿੰਘ



ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦਾ 450ਵਾਂ ਸਥਾਪਨਾ ਦਿਵਸ ਮਨਾਉਣ ਲਈ ਯਤਨਸ਼ੀਲ ਹੈ। ਇਸ ਸੰਬੰਧੀ 24 ਮਈ ਤੇ 7 ਜੂਨ ਨੂੰ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਏ ਇਸ਼ਤਿਹਾਰਾਂ ਵਿਚ ਇਨ੍ਹਾਂ ਦਿਹਾੜਿਆਂ ਨੂੰ ਮਨਾਉਣ ਲਈ ਲੋਕਾਂ ਤੋਂ ਸੁਝਾਅ ਮੰਗੇ ਹਨ। ਸਰਕਾਰ ਨੇ ਸੁਝਾਅ ਭੇਜਣ ਲਈ ਵਟਸਐਪ ਨੰਬਰ ਅਤੇ ਈ-ਮੇਲ ਪਤੇ ਵੀ ਜਾਰੀ ਕੀਤੇ ਸਨ ਅਤੇ ਵਿਦਵਾਨਾਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਰਾਬਤਾ ਕਾਇਮ ਕਰਕੇ ਉਨ੍ਹਾਂ ਤੋਂ ਵੀ ਸੁਝਾਅ ਮੰਗੇ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਬਹੁਤ ਸੰਜੀਦਾ ਦਿਸ ਰਹੇ ਹਨ।

ਇਨ੍ਹਾਂ ਦੋਵੇਂ ਸ਼ਤਾਬਦੀਆਂ 'ਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਇਸੇ ਸਾਲ ਹੈ, ਗੁਰੂ ਗੋਬਿੰਦ ਸਿੰਘ ਜੀ ਦੇ ਗੁਰਿਆਈ ਦਿਵਸ ਦੀ ਸ਼ਤਾਬਦੀ ਵੀ ਇਸੇ ਸਾਲ ਆ ਰਹੀ ਹੈ। ਸ੍ਰੀ ਅੰਮਿ੍ਤਸਰ ਸਾਹਿਬ ਜੀ ਦਾ ਸਥਾਪਨਾ ਸ਼ਤਾਬਦੀ ਦਿਵਸ 2027 ਵਿਚ ਆਵੇਗਾ ਤੇ ਸਰਕਾਰ ਇਸ ਸ਼ਤਾਬਦੀ ਨੂੰ ਮਨਾਉਣ ਲਈ ਵੀ ਵਚਨਬੱਧ ਦਿਖਾਈ ਦੇ ਰਹੀ ਹੈ। ਸਰਕਾਰ ਵਲੋਂ ਸਮਾਂ ਰਹਿੰਦਿਆਂ ਕੁਝ ਕਾਰਜ ਸੰਪੂਰਨ ਕਰਨ ਲਈ ਪਹਿਲਾਂ ਤੋਂ ਹੀ ਯੋਜਨਾਬੰਦੀ ਕੀਤੀ ਜਾ ਰਹੀ ਹੈ, ਜੋ ਗੁਰੂ ਗੋਬਿੰਦ ਸਿੰਘ ਜੀ ਦੀ ਤੀਜੀ ਸ਼ਤਾਬਦੀ ਮੌਕੇ ਹੋਏ ਐਲਾਨਾਂ ਦੀ ਯਾਦ ਦਿਵਾਉਂਦੀ ਹੈ। ਜਨਵਰੀ 1967 ਵਿਚ ਪਟਨਾ ਸਾਹਿਬ ਵਿਖੇ ਹੋਏ ਸ਼ਤਾਬਦੀ ਸਮਾਗਮਾਂ ਮੌਕੇ ਐਲਾਨ ਹੋਇਆ ਸੀ ਕਿ ਗੁਰੂ ਨਾਨਕ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ 1969 ਵਿਚ ਆ ਰਿਹਾ ਹੈ ਅਤੇ ਉਸ ਤੋਂ ਪਹਿਲਾਂ ਕੁਝ ਮਹੱਤਵਪੂਰਨ ਕਾਰਜ ਕਰਨੇ ਜ਼ਰੂਰੀ ਹਨ। ਉਸ ਸਮੇਂ ਸਰਕਾਰ ਤੇ ਅਕਾਦਮਿਕ ਸੰਸਥਾਵਾਂ ਨੇ ਸਿਰਫ਼ ਐਲਾਨ ਨਹੀਂ ਕੀਤੇ, ਸਗੋਂ ਕਈ ਸ਼ਖ਼ਸੀਅਤਾਂ ਨੂੰ ਆਰਥਿਕ ਮਦਦ ਤੇ ਸਹੂਲਤਾਂ ਪ੍ਰਦਾਨ ਕੀਤੀਆਂ। ਜਿਸ ਦੇ ਸਿੱਟੇ ਵਜੋਂ ਡਾ. ਕਿਰਪਾਲ ਸਿੰਘ ਦੀ ਜਨਮ ਸਾਖੀ ਪਰੰਪਰਾ ਸਿਰਲੇਖ ਅਧੀਨ ਅਹਿਮ ਪੁਸਤਕ ਸਾਹਮਣੇ ਆਈ, ਜਿਸ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪੰਜਾਬ ਤੋਂ ਲੈ ਕੇ ਸ੍ਰੀਲੰਕਾ ਤੱਕ ਦੀਆਂ ਯਾਤਰਾਵਾਂ ਦੇ ਸਰਵੇਖਣ ਸ਼ਾਮਿਲ ਹਨ। ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਪੰਜਾਬੀ ਯੂਨੀਵਰਸਿਟੀ ਨੇ ਦੋ ਦਰਜਨ ਤੋਂ ਵਧੇਰੇ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਸਨ ਅਤੇ ਹੋਰ ਸੰਸਥਾਵਾਂ ਦੇ ਬਹੁਤ ਸਾਰੇ ਪ੍ਰੋਜੈਕਟ ਸਾਹਮਣੇ ਆਏ ਸਨਪ ਮੌਜੂਦਾ ਸਰਕਾਰ ਦੀ ਵੀ ਸ੍ਰੀ ਅੰਮਿ੍ਤਸਰ ਸਾਹਿਬ ਸੰਬੰਧੀ ਇਸੇ ਦ੍ਰਿਸ਼ਟੀ ਤੋਂ ਨਿਸ਼ਠਾ ਹੋਣੀ ਚਾਹੀਦੀ ਹੈ।

ਸ੍ਰੀ ਅੰਮਿ੍ਤਸਰ ਸਾਹਿਬ ਸਿੱਖ ਧਰਮ ਦਾ ਕੇਂਦਰੀ ਧਾਰਮਿਕ ਅਸਥਾਨ ਹੈ ਜੋ ਸ਼ਰਧਾ ਭਾਵਨਾ ਮੁਸਲਮਾਨਾਂ ਲਈ ਮੱਕੇ, ਯਹੂਦੀਆਂ ਲਈ ਯੇਰੂਸ਼ਲਮ, ਬੋਧੀਆਂ ਲਈ ਬੋਧ ਗਯਾ, ਹਿੰਦੂਆਂ ਲਈ ਬਨਾਰਸ ਦੀ ਹੈ, ਉਸੇ ਤਰ੍ਹਾਂ ਦੀ ਭਾਵਨਾਤਮਿਕ ਸਾਂਝ ਸਿੱਖਾਂ ਦੀ ਸ੍ਰੀ ਅੰਮਿ੍ਤਸਰ ਸਾਹਿਬ ਨਾਲ ਜੁੜੀ ਹੋਈ ਹੈ। ਸਿੱਖ ਇਸ ਨੂੰ 'ਗੁਰੂ ਕੀ ਨਗਰੀ' ਕਹਿ ਕੇ ਸ਼ਰਧਾ ਤੇ ਸਤਿਕਾਰ ਭੇਟ ਕਰਦੇ ਹਨ ਅਤੇ ਹਮੇਸ਼ਾ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਲਈ ਰੋਜ਼ਾਨਾ ਅਰਦਾਸ ਕਰਦੇ ਹਨਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਇਤਿਹਾਸਕ ਤੇ ਪਵਿੱਤਰ ਨਗਰੀ ਦਾ ਜ਼ਿਕਰ "ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ' ਤੇ 'ਅੰਮ੍ਰਿਤਸਰੁ ਸਿਫਤੀ ਦਾ ਘਰੁ" ਵਰਗੇ ਵਿਸ਼ੇਸ਼ਣਾਂ ਨਾਲ ਆਉਂਦਾ ਹੈ। ਭਾਵੇਂ ਬਾਦਸ਼ਾਹ ਅਕਬਰ ਵਲੋਂ ਇਸ ਨਗਰ ਦੀ ਜ਼ਮੀਨ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਸੁਪਤਨੀ ਗੁਰੂ ਰਾਮਦਾਸ ਜੀ ਨੂੰ ਦਾਨ ਕਰਨ ਬਾਰੇ ਕਿਹਾ ਜਾਂਦਾ ਹੈ, ਪਰ ਅੰਮਿ੍ਤਸਰ ਡਿਸਟ੍ਰਿਕਟ ਗਜ਼ਟੀਅਰ (1883-84) ਅਨੁਸਾਰ ਗੁਰੂ ਰਾਮਦਾਸ ਜੀ ਨੇ 1577 ਵਿਚ ਇਹ ਜ਼ਮੀਨ ਤੁੰਗ ਪਿੰਡ ਦੇ ਜ਼ਿਮੀਦਾਰਾਂ ਤੋਂ ਮੁੱਲ ਖਰੀਦੀ ਸੀ। ਇਸੇ ਸਾਲ ਗੁਰੂ ਜੀ ਨੇ ਸਰੋਵਰ ਦਾ ਟੱਕ ਲਗਾ ਕੇ ਇਸ ਨਗਰ ਦੀ ਨੀਂਹ ਰੱਖੀ ਸੀ। ਗੁਰੂ ਅਰਜਨ ਦੇਵ ਜੀ ਨੇ 1581 'ਚ ਸਰੋਵਰ ਦੀ ਕਾਰ ਸੇਵਾ ਸੰਪੂਰਨ ਹੋਣ ਬਾਅਦ ਇੱਥੇ ਹੀ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸੂਫ਼ੀ ਦਰਵੇਸ਼ ਸਾਈਂ ਮੀਆਂ ਮੀਰ ਜੀ ਕੋਲੋਂ ਰਖਵਾਈ ਸੀ।

ਉਨ੍ਹਾਂ 1604 ਵਿਚ ਨਵੀਂ ਉਸਾਰੀ ਇਮਾਰਤ (ਦਰਬਾਰ ਸਾਹਿਬ) ਵਿਖੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਸੀ ਇਸ ਸ਼ਹਿਰ ਨੂੰ ਚੱਕ ਗੁਰੂ, ਰਾਮਦਾਸਪੁਰ, ਚੱਕ ਰਾਮਦਾਸਪੁਰ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ, ਜੋ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਨਾਂਅ ਨਾਲ ਪ੍ਰਸਿੱਧ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਰ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ 'ਤੇ ਸੋਨਾ ਲਵਾਇਆ ਸੀ।

ਇਸ ਨਗਰ ਵਿਖੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਗੁਰਦੁਆਰਾ ਬਾਬਾ ਅਟੱਲ ਸਾਹਿਬ, ਗੁਰਦੁਆਰਾ ਗੁਰੂ ਕੇ ਮਹਿਲ, ਗੁਰਦੁਆਰਾ ਬੜ੍ਹਾ ਸਾਹਿਬ, ਸ਼ਹੀਦ ਗੰਜ ਬਾਬਾ ਦੀਪ ਸਿੰਘ ਜੀ, ਦਰਸ਼ਨੀ ਡਿਊੜੀ, ਰਾਮਸਰ, ਕੌਲਸਰ, ਬਿਬੇਕਸਰ, ਸੰਤੋਖਸਰ, ਲੋਹਗੜ੍ਹ ਆਦਿ ਅਨੇਕਾਂ ਅਸਥਾਨ ਸਿੱਖ ਸੰਗਤਾਂ ਦੀ ਸ਼ਰਧਾ ਦੇ ਕੇਂਦਰ ਹਨ। ਇਸ ਦੇ ਨਾਲ ਹੀ ਰਾਮਗੜ੍ਹੀਆ ਬੁੰਗਾ, ਖ਼ਾਲਸਾ ਕਾਲਜ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ, ਰਾਮ ਬਾਗ਼ ਆਦਿ ਇਸ ਨਗਰ ਦੀ ਸ਼ਾਨ ਹਨ। ਸ੍ਰੀ ਅੰਮ੍ਰਿਤਸਰ ਸਾਹਿਬ ਜੋ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦਾ ਹੈ ਅਤੇ ਦੇਸ਼-ਵੰਡ ਤੋਂ ਪਹਿਲਾਂ ਇਹ ਇਸ ਖਿੱਤੇ ਦਾ ਧਾਰਮਿਕ ਕੇਂਦਰ ਹੋਣ ਦੇ ਨਾਲ-ਨਾਲ ਪ੍ਰਮੁੱਖ ਤਜ਼ਾਰਤੀ ਕੇਂਦਰ ਵੀ ਸੀ। ਹੁਣ ਇੱਥੇ ਦੇਸ਼-ਵਿਦੇਸ਼ ਤੋਂ ਆਉਂਦੇ ਸੈਲਾਨੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੇ ਨਾਲ-ਨਾਲ ਜਲ੍ਹਿਆਂਵਾਲਾ ਬਾਗ ਤੇ ਅਟਾਰੀ ਸਰਹੱਦ 'ਤੇ ਸ਼ਾਮ ਸਮੇਂ ਹੋਣ ਵਾਲੇ 'ਬੀਟਿੰਗ ਰਿਟਰੀਟ' ਸਮਾਰੋਹ ਨੂੰ ਵੀ ਦੇਖਣ ਜਾਂਦੇ ਹਨ। ਅੰਮਿ੍ਤਸਰ ਵਿਚ ਯਾਤਰੂਆਂ ਦੀ ਦਿਨੋ-ਦਿਨ ਵਧਦੀ ਗਿਣਤੀ ਸ਼ਹਿਰ ਦੇ ਪ੍ਰਬੰਧਾਂ ਲਈ ਇਕ ਵੱਡੀ ਚੁਣੌਤੀ ਬਣ ਗਈ ਹੈ, ਜੋ ਪ੍ਰਬੰਧਾਂ ਦੇ ਸੁਧਾਰ ਲਈ ਪੰਜਾਬ ਸਰਕਾਰ ਦੇ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ।ਇੱਥੇ ਅਕਾਲੀ ਸਰਕਾਰ ਸਮੇਂ ਗੋਲਡਨ ਗੇਟ ਦੀ ਉਸਾਰੀ, ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਰਸਤੇ ਤੇ ਆਲੇ-ਦੁਆਲੇ ਨੂੰ ਸੁੰਦਰ ਦਿੱਖ ਪ੍ਰਦਾਨ ਕਰਨ ਦਾ ਕਾਰਜ ਹੋਇਆ ਹੈ।

ਅੰਮ੍ਰਿਤਸਰ ਦੀ ਹੋਂਦ ਸ੍ਰੀ ਹਰਿਮੰਦਰ ਸਾਹਿਬ ਨਾਲ ਜੁੜੀ ਹੋਈ ਹੈ, ਜਿਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈਪ ਅੰਮ੍ਰਿਤਸਰ ਆਉਣ ਵਾਲਾ ਹਰ ਵਿਅਕਤੀ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦੀ ਇੱਛਾ ਰੱਖਦਾ ਹੈ, ਇਸ ਪੱਖ ਤੋਂ ਸ਼ਹਿਰ ਦੇ ਵਿਕਾਸ ਲਈ ਸ਼੍ਰੋਮਣੀ ਕਮੇਟੀ ਦਾ ਸਹਿਯੋਗ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਕਈ ਵਾਰੀ ਸਿਆਸਤ ਭਾਰੂ ਹੋ ਜਾਣ ਕਰਕੇ ਸੰਸਥਾਵਾਂ ਦਾ ਆਪਸੀ ਤਾਲਮੇਲ ਨਾ ਹੋਣ ਕਾਰਨ ਵੱਡੇ ਸਮਾਗਮ ਵੀ ਰਸਮੀ ਜਿਹੇ ਹੋ ਕੇ ਰਹਿ ਜਾਂਦੇ ਹਨ। ਇਸ ਵਿਰੋਧ ਤੋਂ ਕਿਵੇਂ ਬਚਿਆ ਜਾਵੇ ? ਇਹ ਇਕ ਵੱਡਾ ਪ੍ਰਸ਼ਨ ਸਭ ਦੇ ਸਾਹਮਣੇ ਹੈ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਸਹੂਲਤਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਯਤਨਾਂ ਦੀ ਲੋੜ ਹੈ। ਸ਼ਹਿਰ ਦੇ ਰੇਲਵੇ ਸਟੇਸ਼ਨ ਤੇ ਬੱਸ ਸਟੈਂਡ 'ਤੇ ਉਤਰਨ ਵਾਲੇ ਯਾਤਰੂਆਂ ਨੂੰ ਸਹੂਲਤਾਂ ਦੇਣ ਲਈ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸੈਲਾਨੀਆਂ ਤੇ ਨਗਰ ਨਿਵਾਸੀਆਂ ਦੀ ਵੱਧਦੀ ਗਿਣਤੀ ਦੇ ਮੱਦੇਨਜ਼ਰ ਸ਼ਹਿਰ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਸਰਕਾਰਾਂ ਵਲੋਂ ਕੀਤੇ ਜਾਂਦੇ ਯਤਨ ਕੁਝ ਸਮੇਂ ਬਾਅਦ ਨਿਗੂਣੇ ਸਾਬਤ ਹੋ ਜਾਂਦੇ ਹਨ। ਸ੍ਰੀ ਦਰਬਾਰ ਸਾਹਿਬ ਵੱਲ ਜਾਂਦੇ ਰਸਤਿਆਂ ਨੂੰ ਹੋਰ ਖੁੱਲ੍ਹੇ ਕਰਨ ਦੀ ਲੋੜ ਹੈ। ਅੰਮ੍ਰਿਤਸਰ ਦੀ ਵਿਰਾਸਤ ਨੂੰ ਦਰਸਾਉਂਦਾ ਇਕ ਪੈਨੋਰਮਾ ਜਾਂ ਆਡੀਓ-ਵਿਜ਼ੂਅਲ ਪ੍ਰੋਗਰਾਮ ਤਿਆਰ ਕੀਤਾ ਜਾ ਸਕਦਾ ਹੈ, ਜੋ ਸੈਲਾਨੀਆਂ ਸਾਹਮਣੇ ਇਸ ਨਗਰ ਦਾ ਇਤਿਹਾਸ ਪੇਸ਼ ਕਰਕੇ ਉਨ੍ਹਾਂ ਦੀ ਯਾਤਰਾ ਨੂੰ ਹੋਰ ਵਧੇਰੇ ਆਕਰਸ਼ਕ ਤੇ ਖਿੱਚ ਭਰਪੂਰ ਬਣਾ ਸਕੇ। ਸ਼ਹਿਰ ਦੇ ਧਾਰਮਿਕ ਤੇ ਇਤਿਹਾਸਕ ਅਸਥਾਨਾਂ ਨੂੰ ਜੋੜਨ ਵਾਲਾ ਰੂਟ ਤਿਆਰ ਕੀਤਾ ਜਾਵੇ, ਜੋ ਸੈਲਾਨੀਆਂ ਨੂੰ ਸ਼ਹਿਰ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਪ੍ਰਦਾਨ ਕਰੇ। ਸ਼ਹਿਰ ਬਾਰੇ ਹਰ ਭਾਸ਼ਾ ਵਿਚ ਸੰਖੇਪ, ਸਰਲ ਅਤੇ ਪ੍ਰਮਾਣਿਕ ਜਾਣਕਾਰੀ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਤਿਆਰ ਕਰਨ ਦੀ ਲੋੜ ਹੈ, ਜੋ ਬਹੁਤ ਘੱਟ ਕੀਮਤ 'ਤੇ ਸੈਲਾਨੀਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ।

ਖੋਜ ਦੀ ਦ੍ਰਿਸ਼ਟੀ ਤੋਂ ਕਾਫੀ-ਟੇਬਲ ਪੁਸਤਕਾਂ ਵੀ ਤਿਆਰ ਕਰਵਾਈਆਂ ਜਾ ਸਕਦੀਆਂ ਹਨ। ਅੰਮਿ੍ਤਸਰ ਸ਼ਹਿਰ ਤੇ ਜ਼ਿਲ੍ਹੇ ਵਿਚ ਮੌਜੂਦ ਸੈਲਾਨੀ ਸਥਾਨਾਂ ਦਾ ਇਕ ਵੱਖਰਾ ਨਕਸ਼ਾ ਤਿਆਰ ਕਰਕੇ ਮੀਡੀਆ ਰਾਹੀਂ ਆਮ ਲੋਕਾਂ ਤੱਕ ਪਹੁੰਚਾਇਆ ਜਾਵੇ, ਤਾਂ ਕਿ ਛੁੱਟੀ ਵਾਲੇ ਦਿਨ ਇਨ੍ਹਾਂ ਥਾਵਾਂ ਦੀ ਰੌਣਕ ਵਧ ਸਕੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਰਕਾਰ ਤੋਂ ਇਸ ਨਗਰ ਨੂੰ ਪਵਿੱਤਰ ਸ਼ਹਿਰ ਜਾਂ 'ਵੈਟੀਕਨ ਸਿਟੀ' ਵਰਗਾ ਦਰਜਾ ਦੇਣ ਤੋਂ ਇਲਾਵਾ ਸ਼ਰਾਬ, ਮੀਟ ਤੇ ਤੰਬਾਕੂ ਦੀਆਂ ਦੁਕਾਨਾਂ ਬੰਦ ਕਰਨ ਦੀ ਮੰਗ ਕਰ ਚੁੱਕੀ ਹੈ। ਇੱਥੇ ਆਉਣ ਵਾਲੇ ਬਹੁਤੇ ਸ਼ਰਧਾਲੂਆਂ ਅਨੁਸਾਰ ਸ੍ਰੀ ਅੰਮ੍ਰਿਤਸਰ ਸਾਹਿਬ ਸਿਰਫ਼ ਇਕ ਨਗਰ ਨਹੀਂ, ਸਗੋਂ ਗੁਰੂ ਸਾਹਿਬਾਨ ਦੁਆਰਾ ਪੈਦਾ ਕੀਤੇ ਗਏ ਆਚਾਰ-ਵਿਹਾਰ ਦਾ ਕੇਂਦਰ ਵੀ ਹੈ ਅਤੇ ਇੱਥੇ ਹਰ ਹਾਲਤ ਵਿਚ ਮਰਿਆਦਾ ਕਾਇਮ ਰੱਖਣ ਦੀ ਲੋੜ ਹੈ। ਇਸ ਸ਼ਹਿਰ ਦੀ ਦਿੱਖ ਤੇ ਵਾਤਾਵਰਨ ਅਜਿਹਾ ਹੋਵੇ ਕਿ ਦਰਬਾਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਤੇ ਸੈਲਾਨੀਆਂ ਦੇ ਮਨਾਂ ਵਿਚ ਚੰਗਾ ਪ੍ਰਭਾਵ ਬਣ ਸਕੇ। ਸ਼ਹਿਰ ਦੇ ਬਾਜ਼ਾਰਾਂ 'ਚੋਂ ਵੀ ਸ੍ਰੀ ਹਰਿਮੰਦਰ ਸਾਹਿਬ ਦੇ ਸਿਧਾਂਤ ਤੇ ਵਿਹਾਰ ਦੀ ਝਲਕ ਨਜ਼ਰ ਆਉਣੀ ਚਾਹੀਦੀ ਹੈ। ਜੇਕਰ ਅੰਮ੍ਰਿਤਸਰ ਦੇ ਮੂਲ ਸੁਭਾਅ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਪ੍ਰਚਾਰਕ, ਵਿਦਵਾਨ, ਸੁਝਵਾਨ ਤੇ ਸਰਕਾਰ ਸਭ ਮਿਲ ਕੇ ਕੰਮ ਕਰਨਗੇ ਤਾਂ ਹੀ ਸ਼ਹਿਰ ਦੇ 450 ਸਾਲਾ ਸ਼ਤਾਬਦੀ ਸਮਾਗਮ ਸਾਰਥਕ ਹੋ ਸਕਣਗੇ।

-ਸਿੱਖ ਵਿਸ਼ਵ ਕੋਸ਼ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪੰਜਾਬ ਦਾ ਮਾਣ: ਡਾ. ਗੁਰਤੇਜ ਸੰਧੂ ਦੀਆਂ ਖੋਜਾਂ ਨੇ ਬਦਲੀ ਟੈਕਨਾਲੌਜੀ ਦੀ ਦੁਨੀਆਂ

ਖਾਸ ਖ਼ਬਰ

## ✪ ਮੈਮਰੀ ਚਿਪਸ ਦੀ ਕ੍ਰਾਂਤੀ ਨਾਲ ਸਮਾਰਟ ਅਤੇ ਸਸਤੀ ਤਕਨੀਕ ਦਿੱਤੀ

ਪੰਜਾਬ ਦੇ ਮਾਣਮੱਤੇ ਵਿਗਿਆਨੀ ਡਾ. ਗੁਰਤੇਜ ਸੰਧੂ ਨੇ ਆਪਣੀਆਂ ਅਨਗਿਣਤ ਖੋਜਾਂ ਨਾਲ ਨਾ ਸਿਰਫ਼ ਟੈਕਨਾਲੌਜੀ ਦੇ ਖੇਤਰ ਵਿੱਚ ਹਲਚਲ ਮਚਾਈ, ਸਗੋਂ ਦੁਨੀਆਂ ਭਰ ਦੇ ਲੋਕਾਂ ਦੀ ਜ਼ਿੰਦਗੀ ਨੂੰ ਸੌਖਾ ਅਤੇ ਸਮਾਰਟ ਬਣਾਇਆ। 1380 ਤੋਂ ਵੱਧ ਅਮਰੀਕੀ ਪੇਟੈਂਟਸ ਦੇ ਮਾਲਕ ਡਾ. ਸੰਧੂ ਨੇ ਮੈਮਰੀ ਚਿਪਸ ਨੂੰ ਛੋਟਾ, ਸਸਤਾ ਅਤੇ ਜ਼ਿਆਦਾ ਕੁਸ਼ਲ ਬਣਾਉਣ ਵਿੱਚ ਅਹਿਮ ਯੋਗਦਾਨ ਪਾਇਆ, ਜਿਸ ਨਾਲ ਅੱਜ ਅਸੀਂ ਆਪਣੇ ਸਮਾਰਟਫੋਨਜ਼ ਅਤੇ ਲੈਪਟਾਪਸ ਵਿੱਚ ਹਜ਼ਾਰਾਂ ਫੋਟੋਆਂ ਅਤੇ ਡਾਟਾ ਸਟੋਰ ਕਰ ਸਕਦੇ ਹਾਂ। ਮਾਈਕ੍ਰੋਨ ਟੈਕਨਾਲੌਜੀ ਵਿੱਚ ਪ੍ਰਿੰਸੀਪਲ ਫੈਲੋ ਅਤੇ ਕਾਰਪੋਰੇਟ ਵਾਈਸ ਪ੍ਰੈਜ਼ੀਡੈਂਟ ਵਜੋਂ ਸੇਵਾਵਾਂ ਨਿਭਾਉਂਦੇ ਹੋਏ, ਡਾ. ਸੰਧੂ ਨੇ ਨਾ ਸਿਰਫ਼ ਮਸ਼ਹੂਰ ਵਿਗਿਆਨੀ ਥਾਮਸ ਐਡੀਸਨ ਨੂੰ ਪੇਟੈਂਟਸ ਦੀ ਗਿਣਤੀ ਵਿੱਚ ਪਛਾੜਿਆ, ਸਗੋਂ ਪੰਜਾਬ ਦੇ ਨੌਜਵਾਨਾਂ ਲਈ ਵੀ ਪ੍ਰੇਰਨਾ ਦਾ ਸੋਮਾ ਬਣੇ।



### ਵਿਗਿਆਨ ਦੀ ਦੁਨੀਆਂ ਵਿੱਚ ਪੰਜਾਬ ਦਾ ਮਾਣ

ਡਾ. ਗੁਰਤੇਜ ਸੰਧੂ ਦਾ ਜਨਮ ਭਾਵੇਂ ਲੰਡਨ ਵਿੱਚ ਹੋਇਆ, ਪਰ ਉਨ੍ਹਾਂ ਦੀਆਂ ਜੜ੍ਹਾਂ ਪੰਜਾਬ ਨਾਲ ਡੂੰਘੀਆਂ ਜੁੜੀਆਂ ਹਨ। ਅੰਮ੍ਰਿਤਸਰ, ਪਟਿਆਲਾ ਅਤੇ ਚੰਡੀਗੜ੍ਹ ਵਿੱਚ ਬਚਪਨ ਬਤੀਤ ਕਰਦਿਆਂ ਉਨ੍ਹਾਂ ਨੂੰ ਆਪਣੇ ਮਾਪਿਆਂ, ਖਾਸ ਕਰਕੇ ਪਿਤਾ ਡਾ. ਸਰਜੀਤ ਸਿੰਘ ਸੰਧੂ, ਤੋਂ ਵਿਗਿਆਨ ਦੀ ਪ੍ਰੇਰਨਾ ਮਿਲੀ। ਉਨ੍ਹਾਂ ਦੇ ਪਿਤਾ ਨੇ ਕੈਮਿਸਟਰੀ ਵਿੱਚ ਪੀਐੱਚਡੀ ਕੀਤੀ ਸੀ, ਜਦਕਿ ਮਾਤਾ ਨੇ ਮਾਸਟਰਜ਼ ਦੀ ਡਿਗਰੀ ਹਾਸਲ ਕੀਤੀ। ਬਚਪਨ ਤੋਂ ਹੀ ਗੁਰਤੇਜ ਨੂੰ ਵਿਗਿਆਨ ਅਤੇ ਇੰਜੀਨੀਅਰਿੰਗ ਵੱਲ ਖਿੱਚ ਸੀ। ਉਹ ਦੱਸਦੇ ਹਨ, "ਮੈਂ 7-8 ਸਾਲ ਦੀ ਉਮਰ ਵਿੱਚ ਸਵਾਲ ਪੁੱਛਦਾ ਸੀ ਕਿ ਸਿਤਾਰੇ ਕੀ ਹੁੰਦੇ ਹਨ, ਲੋਕ ਮਰਦੇ ਕਿਉਂ ਹਨ? ਇਹ ਸਵਾਲ ਮੇਰੀ ਵਿਗਿਆਨ ਵੱਲ ਦਿਲਚਸਪੀ ਦਾ ਕਾਰਨ ਬਣੇ।"

ਉਨ੍ਹਾਂ ਨੇ ਆਈਆਈਟੀ ਦਿੱਲੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿੱਚ ਡਿਗਰੀ ਹਾਸਲ ਕੀਤੀ ਅਤੇ ਯੂਨੀਵਰਸਿਟੀ ਆਫ ਨਾਰਥ ਕੈਰੋਲੀਨਾ, ਚੈਪਰ ਹਿੱਲ ਤੋਂ ਪੀਐੱਚਡੀ ਪੂਰੀ ਕੀਤੀ। ਇਸ ਸਿੱਖਿਆ ਨੇ ਉਨ੍ਹਾਂ ਦੀ ਸੋਚ ਨੂੰ ਨਵਾਂ ਰੰਗ ਦਿੱਤਾ ਅਤੇ ਉਹ ਟੈਕਨਾਲੌਜੀ ਦੇ ਖੇਤਰ ਵਿੱਚ ਨਵੀਆਂ ਖੋਜਾਂ ਲਈ ਅੱਗੇ ਵਧੇ। 2018 ਵਿੱਚ ਉਨ੍ਹਾਂ ਨੂੰ ਆਈਈਈਈ ਐਂਡਰਿਊ ਐੱਸ ਗਰੋਵ ਐਵਾਰਡ ਅਤੇ ਪੰਜਾਬ ਯੂਨੀਵਰਸਿਟੀ ਵੱਲੋਂ ਵਿਗਿਆਨ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਜੋ ਭਾਰਤ ਦੀ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਪ੍ਰਦਾਨ ਕੀਤਾ।

### ਮੈਮਰੀ ਚਿਪਸ ਦੀ ਦੁਨੀਆਂ ਨੂੰ ਬਦਲਣ ਵਾਲੀਆਂ ਖੋਜਾਂ

ਡਾ. ਗੁਰਤੇਜ ਸੰਧੂ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਹੈ ਮੈਮਰੀ ਚਿਪਸ ਨੂੰ ਸਮਾਰਟ, ਸਸਤੀਆਂ ਅਤੇ ਜ਼ਿਆਦਾ ਸਮਰੱਥ ਬਣਾਉਣਾ। ਉਹ ਕਹਿੰਦੇ ਹਨ, "ਅਸੀਂ ਨੈਂਡ ਚਿਪਸ ਅਤੇ ਡੀਰੈਮ ਚਿਪਸ ਬਣਾਉਂਦੇ ਹਾਂ, ਜੋ ਸਮਾਰਟਫੋਨ, ਲੈਪਟਾਪ ਅਤੇ ਹੋਰ ਡਿਵਾਇਸਿਸ ਵਿੱਚ ਵਰਤੀਆਂ ਜਾਂਦੀਆਂ ਹਨ। ਜਦੋਂ ਮੈਂ 25 ਸਾਲ ਪਹਿਲਾਂ ਕੰਮ ਸ਼ੁਰੂ ਕੀਤਾ, ਉਦੋਂ ਚਿਪਸ ਮਹਿੰਗੀਆਂ ਅਤੇ ਘੱਟ ਸਮਰੱਥ ਸਨ। ਅਸੀਂ ਉਨ੍ਹਾਂ ਨੂੰ ਸੁਧਾਰਿਆ, ਜਿਸ ਨਾਲ ਅੱਜ ਇੱਕ ਛੋਟੀ ਜਿਹੀ ਚਿਪ ਵਿੱਚ ਲੱਖਾਂ ਫੋਟੋਆਂ ਅਤੇ ਡਾਟਾ ਸਟੋਰ ਕੀਤਾ ਜਾ ਸਕਦਾ ਹੈ।"

ਉਨ੍ਹਾਂ ਦੀਆਂ ਖੋਜਾਂ ਨੇ ਮੈਮਰੀ ਚਿਪਸ ਦੀ ਸਟੋਰੇਜ ਸਮਰੱਥਾ ਵਧਾਈ ਅਤੇ ਉਨ੍ਹਾਂ ਦੀ ਕੀਮਤ ਨੂੰ ਕਾਫੀ ਘਟਾਇਆ। ਨਤੀਜੇ ਵਜੋਂ, ਅੱਜ ਦੇ ਸਮਾਰਟਫੋਨ ਅਤੇ ਕੰਪਿਊਟਰ ਨਾ ਸਿਰਫ਼ ਸਸਤੇ ਹੋਏ, ਸਗੋਂ ਪਹਿਲਾਂ ਨਾਲੋਂ 100 ਗੁਣਾ ਜ਼ਿਆਦਾ ਤਾਕਤਵਰ ਵੀ ਹਨ। ਉਦਾਹਰਣ ਵਜੋਂ, ਜਿੱਥੇ ਪਹਿਲਾਂ ਇੱਕ ਕੰਪਿਊਟਰ ਦੋ ਕਮਰਿਆਂ ਵਿੱਚ ਅੜਦਾ ਸੀ, ਅੱਜ ਇੱਕ ਛੋਟੀ ਜਿਹੀ ਚਿਪ ਉਸ ਤੋਂ ਕਈ ਗੁਣਾ ਜ਼ਿਆਦਾ ਕੰਮ ਕਰ ਸਕਦੀ ਹੈ। ਇਹ ਸਭ ਡਾ. ਸੰਧੂ ਦੀਆਂ ਨਵੀਆਂ ਤਕਨੀਕਾਂ ਅਤੇ ਪੇਟੈਂਟਸ ਦਾ ਨਤੀਜਾ ਹੈ, ਜਿਨ੍ਹਾਂ ਨੇ ਟੈਕਨਾਲੌਜੀ ਨੂੰ ਹਰ ਵਿਅਕਤੀ ਦੀ ਪਹੁੰਚ ਵਿੱਚ ਲਿਆਂਦਾ।

### ਨਵੀਂ ਸੋਚ ਅਤੇ ਜਿਗਿਆਸਾ ਦੀ ਮਹੱਤਤਾ

ਡਾ. ਸੰਧੂ ਦੀ ਸਫਲਤਾ ਦਾ ਰਾਜ਼ ਹੈ ਉਨ੍ਹਾਂ ਦੀ ਜਿਗਿਆਸਾ ਅਤੇ ਨਵੀਂ ਸੋਚ। ਉਹ ਕਹਿੰਦੇ ਹਨ, "ਪੇਟੈਂਟਸ ਲਈ ਸੋਚਣ ਦੀ ਪ੍ਰੇਰਨਾ ਨਹੀਂ ਹੁੰਦੀ, ਸਗੋਂ ਸਮੱਸਿਆ ਦਾ ਹੱਲ ਲੱਭਣ ਦੀ ਚਾਹ ਹੁੰਦੀ ਹੈ। ਬੱਚੇ ਜਦੋਂ ਸਵਾਲ ਪੁੱਛਦੇ ਹਨ, ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।" ਉਨ੍ਹਾਂ ਦਾ ਮੰਨਣਾ ਹੈ ਕਿ ਹਰ ਵਿਅਕਤੀ ਵਿੱਚ ਹੁਨਰ ਹੁੰਦਾ ਹੈ, ਬਸ ਉਸ ਨੂੰ ਜਗਾਉਣ ਦੀ ਲੋੜ ਹੁੰਦੀ ਹੈ।

ਉਹ ਭਾਰਤ ਦੀ 'ਜੁਗਾੜ' ਸੰਸਕ੍ਰਿਤੀ ਦੀ ਵੀ ਸ਼ਲਾਘਾ ਕਰਦੇ ਹਨ, ਜਿਸ ਨੂੰ ਉਹ ਨਵੀਂ ਖੋਜ ਦਾ ਇੱਕ ਰੂਪ ਮੰਨਦੇ ਹਨ। ਉਨ੍ਹਾਂ ਮੁਤਾਬਕ, "ਜੁਗਾੜ ਅਸਲ ਵਿੱਚ ਨਵੀਆਂ ਸਮੱਸਿਆਵਾਂ ਦੇ ਨਵੇਂ ਹੱਲ ਲੱਭਣ ਦੀ ਕਲਾ ਹੈ।" ਉਨ੍ਹਾਂ ਦੀ ਸੋਚ ਹੈ ਕਿ ਵਿਗਿਆਨ ਅਤੇ ਇੰਜੀਨੀਅਰਿੰਗ ਦੀਆਂ ਸੀਮਾਵਾਂ ਨੂੰ ਸਮਝ ਕੇ ਹੀ ਨਵੀਆਂ ਖੋਜਾਂ ਸੰਭਵ ਹੁੰਦੀਆਂ ਹਨ। ਇਸ ਤਰ੍ਹਾਂ, ਉਨ੍ਹਾਂ ਨੇ ਹਰ ਸਮੱਸਿਆ ਨੂੰ ਇੱਕ ਮੌਕੇ ਵਜੋਂ ਵੇਖਿਆ ਅਤੇ ਨਵੇਂ ਤਰੀਕਿਆਂ ਨਾਲ ਉਸ ਦਾ ਹੱਲ ਲੱਭਿਆ।

### ਪੰਜਾਬ ਦੇ ਨੌਜਵਾਨਾਂ ਲਈ ਪ੍ਰੇਰਨਾ

ਡਾ. ਸੰਧੂ ਦਾ ਪੰਜਾਬ ਨਾਲ ਡੂੰਘਾ ਰਿਸ਼ਤਾ ਹੈ। ਉਹ ਕਹਿੰਦੇ ਹਨ, "ਪੰਜਾਬੀ ਹਰ ਖੇਤਰ ਵਿੱਚ ਅੱਗੇ ਹਨ, ਬਸ ਸਾਨੂੰ ਸਿੱਖਿਆ 'ਤੇ ਜ਼ੋਰ ਦੇਣ ਦੀ ਲੋੜ ਹੈ।" ਉਹ ਨੌਜਵਾਨਾਂ ਨੂੰ ਸੁਨੇਹਾ ਦਿੰਦੇ ਹਨ ਕਿ ਜੋ ਵਿਸ਼ਾ ਸਭ ਤੋਂ ਮੁਸ਼ਕਲ ਲੱਗੇ, ਉਸ ਵਿੱਚ ਜ਼ਿਆਦਾ ਮਿਹਨਤ ਕਰੋ। "ਮਿਹਨਤ ਦਾ ਕੋਈ ਬਦਲ ਨਹੀਂ। ਜੇ ਤੁਸੀਂ ਚੁਣੌਤੀਆਂ ਤੋਂ ਭੱਜੋਗੇ, ਤਾਂ ਕਾਮਯਾਬੀ ਮੁਸ਼ਕਲ ਹੈ।" ਉਹ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਬਾਰੇ ਵੀ ਗੱਲ ਕਰਦੇ ਹਨ ਅਤੇ ਕਹਿੰਦੇ ਹਨ, "ਟੈਕਨਾਲੌਜੀ ਤੋਂ ਡਰਨ ਦੀ ਲੋੜ ਨਹੀਂ। ਇਹ ਸਾਡੀ ਬਣਾਈ ਹੋਈ ਹੈ ਅਤੇ ਸਾਡੇ ਹੀ ਅਨੁਸਾਰ ਕੰਮ ਕਰਦੀ ਹੈ।" ਉਨ੍ਹਾਂ ਦਾ ਮੰਨਣਾ ਹੈ ਕਿ ਏਆਈ ਅਤੇ ਹੋਰ ਨਵੀਆਂ ਤਕਨੀਕਾਂ ਨੂੰ ਸਮਝ ਕੇ ਅਤੇ ਸਹੀ ਦਿਸ਼ਾ ਵਿੱਚ ਵਰਤ ਕੇ ਅਸੀਂ ਆਪਣੀ ਜ਼ਿੰਦਗੀ ਨੂੰ ਹੋਰ ਸੌਖੀ ਬਣਾ ਸਕਦੇ ਹਾਂ।

ਡਾ. ਗੁਰਤੇਜ ਸੰਧੂ ਦੀਆਂ ਖੋਜਾਂ ਨੇ ਨਾ ਸਿਰਫ਼ ਟੈਕਨਾਲੌਜੀ ਨੂੰ ਨਵੀਂ ਉਚਾਈਆਂ 'ਤੇ ਪਹੁੰਚਾਇਆ, ਸਗੋਂ ਉਨ੍ਹਾਂ ਨੇ ਪੰਜਾਬ ਦੇ ਨੌਜਵਾਨਾਂ ਨੂੰ ਸੁਪਨੇ ਵੇਖਣ ਅਤੇ ਮਿਹਨਤ ਨਾਲ ਉਨ੍ਹਾਂ ਨੂੰ ਪੂਰਾ ਕਰਨ ਦੀ ਪ੍ਰੇਰਨਾ ਵੀ ਦਿੱਤੀ। ਉਨ੍ਹਾਂ ਦੀ ਸਫਲਤਾ ਸਾਬਤ ਕਰਦੀ ਹੈ ਕਿ ਜਿਗਿਆਸਾ, ਮਿਹਨਤ ਅਤੇ ਨਵੀਂ ਸੋਚ ਨਾਲ ਕੋਈ ਵੀ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ।

# ਸ਼੍ਰੋਮਣੀ ਕਮੇਟੀ ਦਾ ਜਨਰਲ ਇਜਲਾਸ 3 ਨਵੰਬਰ ਨੂੰ, ਅਹੁਦੇਦਾਰਾਂ ਦੀ ਹੋਵੇਗੀ ਚੋਣ

## ✪ ਗੁਰੂ ਤੇਗ ਬਹਾਦਰ ਦਾ ਸ਼ਹੀਦੀ ਸ਼ਤਾਬਦੀ ਸਮਾਗਮ ਅਨੰਦਪੁਰ ਸਾਹਿਬ ਵਿਚ ਹੋਵੇਗਾ



ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦਾ ਸਾਲਾਨਾ ਜਨਰਲ ਇਜਲਾਸ 3 ਨਵੰਬਰ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਦੁਪਹਿਰ 12 ਵਜੇ ਹੋਵੇਗਾ, ਜਿਸ ਵਿੱਚ ਪ੍ਰਧਾਨ, ਸੀਨੀਅਰ ਅਤੇ ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਅਤੇ 11 ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਕੀਤੀ ਜਾਵੇਗੀ। ਇਹ ਐਲਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਮਗਰੋਂ ਕੀਤਾ। ਧਾਮੀ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ 350 ਸਾਲਾ ਗੁਰਿਆਈ ਸ਼ਤਾਬਦੀ ਸਮਾਗਮ 23 ਤੋਂ 29 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਣਗੇ, ਜਿਸ ਦਾ ਮੁੱਖ ਸਮਾਗਮ 25 ਨਵੰਬਰ ਨੂੰ ਸਜੇਗਾ। ਉਨ੍ਹਾਂ ਦਸਿਆ ਕਿ ਸੋਸ਼ਲ ਮੀਡੀਆ 'ਤੇ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਬੇਅਦਬੀ ਰੋਕਣ ਲਈ ਡਿਜ਼ੀਟਲ ਟਾਸਕ ਫੋਰਸ ਬਣੇਗੀ ਅਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਭਾਜਪਾ ਬਾਦਲ ਦਲ ਨਾਲ ਸਾਂਝ ਪਾਉਣ ਤੋਂ ਇਨਕਾਰੀ

## ✪ ਕਿਹਾ ਕਿ ਪੰਜਾਬ ਦੀਆਂ ਸਾਰੀਆਂ 117 ਸੀਟਾਂ 'ਤੇ ਇਕੱਲਿਆਂ ਚੋਣ ਲੜੇਗੀ

ਚੰਡੀਗੜ੍ਹ-ਅਕਾਲੀ ਸਿਆਸਤ ਦੀ ਚੌਥੀ ਪੀੜ੍ਹੀ ਨਾਲ ਸੰਬੰਧਿਤ ਤਿੰਨ ਵਾਰ ਪੰਜਾਬ ਦੇ ਕੈਬਨਿਟ ਮੰਤਰੀ ਰਹੇ ਸਵਰਗੀ ਰਣਧੀਰ ਸਿੰਘ ਚੀਮਾ ਦੇ ਪੁੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ ਆਪਣੇ ਸੈਂਕੜੇ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਿਲ ਹੋ ਗਏ। ਚੰਡੀਗੜ੍ਹ ਵਿਖੇ ਹੋਏ ਵਿਸ਼ੇਸ਼ ਸਮਾਰੋਹ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਅਤੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਉਨ੍ਹਾਂ ਨੂੰ ਪਾਰਟੀ ਦਾ ਪਟਕਾ ਪਾ ਕੇ ਭਾਜਪਾ ਪਰਿਵਾਰ ਵਿਚ ਸ਼ਾਮਿਲ ਕੀਤਾ। ਇਸ ਮੌਕੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸਪੱਸ਼ਟ ਕੀਤਾ ਹੈ ਕਿ ਭਾਜਪਾ ਕਿਸੇ ਵੀ ਹਾਲਾਤ ਵਿਚ ਸ਼੍ਰੋਮਣੀ ਅਕਾਲੀ ਦਲ ਨਾਲ ਮੁੜ ਗੱਠਜੋੜ ਨਹੀਂ ਕਰੇਗੀ, ਕਿਉਂਕਿ ਉਹ ਬੇਅਦਬੀ ਦੀ ਦੋਸ਼ੀ ਹੈ। ਕੇਂਦਰੀ ਰਾਜ ਮੰਤਰੀ ਬਿੱਟੂ ਨੇ ਇਸ ਮੌਕੇ ਇਹ ਵੀ ਐਲਾਨ ਕੀਤਾ ਕਿ ਭਾਜਪਾ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਇਕੱਲਿਆਂ ਚੋਣ ਲੜੇਗੀ

# ਪੰਜਾਬ ਦੀ ਧੀ ਰਾਜਬੀਰ ਕੌਰ ਦਸਤਾਰ ਦੀ ਸ਼ਾਨ: ਪਹਿਲੀ ਸਿੱਖ ਔਰਤ ਜੋ ਬਣੀ ਆਰਸੀਐਮਪੀ ਕੈਡਿਟ

## ○ ਥਾਂਦੇਵਾਲਾ ਤੋਂ ਕੈਨੇਡਾ: ਰਾਜਬੀਰ ਦੀ ਸੰਘਰਸ਼ਮਈ ਯਾਤਰਾ ○ ਕੈਨੇਡੀਅਨ ਅਖ਼ਬਾਰਾਂ ਦੀ ਚਰਚਾ ਬਣੀ ਰਾਜਬੀਰ ਦੀ ਪ੍ਰੇਰਨਾਦਾਇਕ ਕਹਾਣੀ

ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਥਾਂਦੇਵਾਲਾ ਵਿੱਚ ਜਨਮ ਲੈਣ ਵਾਲੀ ਰਾਜਬੀਰ ਕੌਰ ਨੇ ਆਪਣੀ ਅਟੱਲ ਮਿਹਨਤ ਅਤੇ ਲਗਨ ਨਾਲ ਨਾ ਸਿਰਫ਼ ਆਪਣੇ ਸੁਪਨੇ ਨੂੰ ਪੂਰਾ ਕੀਤਾ, ਸਗੋਂ ਪੂਰੇ ਪੰਜਾਬ ਅਤੇ ਸਿੱਖ ਪੰਥ ਦਾ ਵਿਦੇਸ਼ਾਂ ਵਿੱਚ ਨਾਮ ਰੋਸ਼ਨ ਕੀਤਾ । 35 ਸਾਲਾਂ ਦੀ ਰਾਜਬੀਰ ਨੇ ਕੈਨੇਡਾ ਦੀ ਪ੍ਰਸਿੱਧ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਵਿੱਚ ਕੈਡਿਟ ਵਜੋਂ ਭਰਤੀ ਹੋ ਕੇ ਇਤਿਹਾਸ ਰਚ ਦਿੱਤਾ ਹੈ। ਉਹ ਪਹਿਲੀ ਦਸਤਾਰਧਾਰੀ ਔਰਤ ਹੈ ਜੋ ਪੁਲਿਸ ਫੋਰਸ ਵਿੱਚ ਸ਼ਾਮਲ ਹੋਈ ਹੈ। ਰਾਜਬੀਰ ਦੇ ਪਿਤਾ ਇਕੱਤਰ ਸਿੰਘ, ਮਾਤਾ ਕੁਲਵਿੰਦਰ ਕੌਰ ਅਤੇ ਭਰਾ ਬੇਅੰਤ ਸਿੰਘ ਖਾਲਸਾ ਨੇ ਦੱਸਿਆ ਕਿ ਉਹਨਾਂ ਦੀ ਧੀ/ਭੈਣ ਨੇ ਪੰਥਕ ਸੋਚ ਤੇ ਮਰਿਆਦਾ ਨੂੰ ਕਦੇ ਨਹੀਂ ਛੱਡਿਆ ਅਤੇ ਅੱਜ ਉਸ ਨੇ ਵਿਸ਼ਵ ਪੱਧਰ ਤੇ ਸਿੱਖ ਪੰਥ ਨੂੰ ਚਮਕਾਇਆ ਹੈ।


ਆਰਸੀਐਮਪੀ ਦੇ ਅਧਿਕਾਰੀਆਂ ਨੇ ਉਸ ਨੂੰ ਯੂਨੀਫਾਰਮ ਹੈਂਡ ਓਵਰ ਕਰਦੇ ਸਮੇਂ ਹੀ ਦੱਸ ਦਿੱਤਾ ਕਿ ਉਹ ਪਹਿਲੀ ਦਸਤਾਰਧਾਰੀ ਔਰਤ ਹੈ। ਇਹ ਘਟਨਾ 1991 ਵਿੱਚ ਬਲਤੇਜ ਸਿੰਘ ਢਿੱਲੋਂ ਵੱਲੋਂ ਆਰਸੀਐਮਪੀ ਵਿੱਚ ਪਹਿਲੇ ਦਸਤਾਰਧਾਰੀ ਅਧਿਕਾਰੀ ਬਣਨ ਤੋਂ ਬਾਅਦ ਔਰਤਾਂ ਲਈ ਇੱਕ ਨਵਾਂ ਅਧਿਆਇ ਸਿਰਜਦੀ ਹੈ। ਰਾਜਬੀਰ ਦੀ ਇਸ ਸਫਲਤਾ ਨੇ ਸਿੱਖ ਨੌਜਵਾਨਾਂ ਵਿੱਚ ਉਤਸ਼ਾਹ ਪੈਦਾ ਕੀਤਾ ਹੈ ਅਤੇ ਉਹਨਾਂ ਨੂੰ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੀ ਪਛਾਣ ਨੂੰ ਸੰਭਾਲਣ ਲਈ ਪ੍ਰੇਰਿਤ ਕਰ ਰਿਹਾ ਹੈ। ਰਾਜਬੀਰ ਕੌਰ ਦਾ ਜਨਮ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਥਾਂਦੇਵਾਲਾ ਪਿੰਡ ਵਿੱਚ ਇੱਕ ਸਾਧਾਰਨ ਸਿੱਖ ਪਰਿਵਾਰ ਵਿੱਚ ਹੋਇਆ। ਉਸ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਹਾਸਲ ਕੀਤੀ ਸੀ, ਜਿੱਥੇ ਉਹ ਹਮੇਸ਼ਾ ਟਾਪਰ ਰਹੀ। ਛੇਵੀਂ ਕਲਾਸ ਤੱਕ ਪੜ੍ਹਾਈ ਕਰਨ ਤੋਂ ਬਾਅਦ, ਉਸ ਨੇ ਪੰਜਾਬ ਵਿੱਚ ਹੀ ਕੁਝ ਸਾਲ ਅਧਿਐਨ ਜਾਰੀ ਰੱਖਿਆ। ਉਸ ਦੇ ਮਾਪੇ ਇਕੱਤਰ ਸਿੰਘ ਅਤੇ ਕੁਲਵਿੰਦਰ ਕੌਰ ਇੱਕ ਛੋਟੇ ਜਿਹੇ ਖੇਤੀਬਾੜੀ ਵਾਲੇ ਪਰਿਵਾਰ ਨਾਲ ਸੀਮਤ ਸਨ, ਪਰ ਉਹਨਾਂ ਨੇ ਰਾਜਬੀਰ ਨੂੰ ਹਮੇਸ਼ਾ ਪੜ੍ਹਾਈ ਲਈ ਉਤਸ਼ਾਹਿਤ ਕੀਤਾ। ਰਾਜਬੀਰ ਨੂੰ ਬਚਪਨ ਤੋਂ ਹੀ ਪੁਲਿਸ ਸੇਵਾ ਵੱਲ ਝੁਕਾਅ ਸੀ। ਉਹ ਅਕਸਰ ਟੀਵੀ ਤੇ ਆਉਣ ਵਾਲੀਆਂ ਪੁਲਿਸ ਵਾਲੀਆਂ ਫਿਲਮਾਂ ਵੇਖ ਕੇ ਸੁਪਨੇ ਵੇਖਦੀ ਸੀ। ਉਸ ਨੇ ਆਪਣੇ ਸਕੂਲੀ ਦਿਨਾਂ ਵਿੱਚ ਹੀ ਫੈਸਲਾ ਕੀਤਾ ਕਿ ਉਹ ਭਵਿੱਖ ਵਿੱਚ ਪੀਸੀਐਸ ਜਾਂ ਪੀਪੀਐਸ ਅਧਿਕਾਰੀ ਬਣੇਗੀ, ਤਾਂ ਜੋ ਆਪਣੇ ਪਿੰਡ ਅਤੇ ਰਾਜ ਨੂੰ ਗੌਰਵ ਦੇ ਸਕੇ। 2016 ਵਿੱਚ, ਰਾਜਬੀਰ ਨੇ ਕੈਨੇਡਾ ਜਾਣ ਦਾ ਫੈਸਲਾ ਕੀਤਾ। ਉੱਥੇ ਪਹੁੰਚ ਕੇ ਉਸ ਨੂੰ ਸ਼ੁਰੂ ਵਿੱਚ ਬਹੁਤ ਸੰਘਰਸ਼ ਕਰਨ ਪਿਆ। ਉਹ ਵਾਲਮਾਰਟ ਵਿੱਚ ਕੈਸ਼ੀਅਰ ਵਜੋਂ ਨੌਕਰੀ ਕਰਦੀ ਰਹੀ, ਜਿੱਥੇ ਉਹ ਸਵੇਰੇ ਤੋਂ ਸ਼ਾਮ ਤੱਕ ਮਿਹਨਤ ਕਰਦੀ। ਪਰ ਉਸ ਨੇ ਆਪਣੇ ਸੁਪਨੇ ਨੂੰ ਨਹੀਂ ਛੱਡਿਆ। ਹਰ ਰੋਜ਼ ਨੌਕਰੀ ਤੋਂ ਬਾਅਦ, ਉਹ ਘਰ ਆ ਕੇ ਪੁਲਿਸ ਭਰਤੀ ਪ੍ਰੀਖਿਆ ਲਈ ਤਿਆਰੀ ਕਰਦੀ ਰਹੀ। ਉਸ ਨੇ ਅੰਗਰੇਜ਼ੀ ਭਾਸ਼ਾ, ਕਾਨੂੰਨੀ ਗਿਆਨ ਅਤੇ ਫਿਜ਼ੀਕਲ ਫਿਟਨੈੱਸ ਤੇ ਵਿਸ਼ੇਸ਼ ਧਿਆਨ ਦਿੱਤਾ। ਕੈਨੇਡਾ ਵਿੱਚ ਪਹੁੰਚਣ ਤੋਂ ਬਾਅਦ ਤਿੰਨ ਸਾਲਾਂ ਦੇ ਅੰਦਰ-ਅੰਦਰ ਉਹਨਾਂ ਨੂੰ ਨਾਗਰਿਕਤਾ ਵੀ ਮਿਲ ਗਈ, ਜੋ ਆਰਸੀਐਮਪੀ ਵਿੱਚ ਭਰਤੀ ਲਈ ਜ਼ਰੂਰੀ ਸੀ। ਰਾਜਬੀਰ ਨੇ ਦੱਸਿਆ ਕਿ ਉਸ ਨੇ ਕਦੇ ਵੀ ਆਪਣੀ ਦਸਤਾਰ ਨੂੰ ਲਈ ਕੋਈ ਸਮਝੌਤਾ ਨਹੀਂ ਕੀਤਾ। ਉਸ ਦੇ ਭਰਾ ਬੇਅੰਤ ਸਿੰਘ, ਜੋ ਪਿੰਡ ਵਿੱਚ ਡੇਅਰੀ ਫਾਰਮਿੰਗ ਕਰਦੇ ਹਨ, ਨੇ ਦੱਸਿਆ ਕਿ ਰਾਜਬੀਰ ਨੇ ਹਰ ਕਦਮ ਤੇ ਪਰਿਵਾਰ ਨੂੰ ਯਾਦ ਰੱਖਿਆ ਅਤੇ ਉਹਨਾਂ ਨੂੰ ਵੀ ਪੜ੍ਹਾਈ ਲਈ ਪ੍ਰੇਰਿਤ ਕੀਤਾ। ਇਹ ਯਾਤਰਾ ਰਾਜਬੀਰ ਲਈ ਆਸਾਨ ਨਹੀਂ ਸੀ, ਪਰ ਉਸ ਨੇ



ਹਰ ਚੁਣੌਤੀ ਨੂੰ ਚੰਗੇ ਤਰੀਕੇ ਨਾਲ ਪਾਰ ਕੀਤਾ। ਕੈਨੇਡਾ ਦੀ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰਸੀਐਮਪੀ) ਨੂੰ ਦੁਨੀਆਂ ਦੀ ਸਭ ਤੋਂ ਨੇਕਲੀ ਅਤੇ ਨਿਯਮਾਂ ਵਾਲੀ ਪੁਲਿਸ ਫੋਰਸ ਵਜੋਂ ਜਾਣਿਆ ਜਾਂਦਾ ਹੈ। ਇਹ ਫੋਰਸ ਨਾ ਸਿਰਫ਼ ਅਪਰਾਧ ਨਾਲ ਨਿਪਟਦੀ ਹੈ, ਸਗੋਂ ਕੈਨੇਡਾ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀ ਹੈ। ਰਾਜਬੀਰ ਨੂੰ ਸਸਕੈਚਵਨ ਪ੍ਰਾਂਤ ਵਿੱਚ ਆਰਸੀਐਮਪੀ ਦੇ ਟ੍ਰੇਨਿੰਗ ਡਿਪੋ ਵਿੱਚ ਭਰਤੀ ਕੀਤਾ ਗਿਆ ਸੀ, ਜਿੱਥੇ ਉਸ ਨੇ ਕੈਡਿਟ ਵਜੋਂ ਟ੍ਰੇਨਿੰਗ ਲਈ। ਇਹ ਟ੍ਰੇਨਿੰਗ ਛੇ ਮਹੀਨਿਆਂ ਦੀ ਹੁੰਦੀ ਹੈ, ਜਿਸ ਵਿੱਚ ਫਿਜ਼ੀਕਲ ਟੈਸਟ, ਹਥਿਆਰਾਂ ਦੀ ਐਂਟਰੀ, ਕਾਨੂੰਨੀ ਗਿਆਨ ਅਤੇ ਲੀਡਰਸ਼ਿਪ ਸਕਿੱਲਾਂ ਸ਼ਾਮਲ ਹੁੰਦੀਆਂ ਹਨ। ਰਾਜਬੀਰ ਨੇ ਭਰਤੀ ਪ੍ਰੀਖਿਆ ਵਿੱਚ ਬਹੁਤ ਚੰਗਾ ਪ੍ਰਦਰਸ਼ਨ ਕੀਤਾ ਅਤੇ ਅੰਤ ਵਿੱਚ ਉਸ ਨੂੰ ਯੂਨੀਫਾਰਮ ਹੈਂਡ ਓਵਰ ਕੀਤੀ ਗਈ।

ਆਰਸੀਐਮਪੀ ਦੇ ਅਧਿਕਾਰੀਆਂ ਨੇ ਰਾਜਬੀਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਫੋਰਸ ਵਿੱਚ ਵਿਭਿੰਨਤਾ ਨੂੰ ਵਧਾਉਣ ਵਾਲੀ ਇੱਕ ਮਹੱਤਵਪੂਰਨ ਕੜੀ ਹੈ। ਰਾਜਬੀਰ ਦੀ ਇਸ ਪ੍ਰਾਪਤੀ ਨੇ ਕੈਨੇਡਾ ਦੀਆਂ ਵੱਡੀਆਂ ਅਖ਼ਬਾਰਾਂ ਵਿੱਚ ਵੀ ਖੂਬ ਸੁਰਖੀਆਂ ਬਟੋਰੀਆਂ ਹਨ। ਸੀਬੀਸੀ ਅਤੇ ਗਲੋਬਲ ਨਿਊਜ਼ ਵਰਗੀਆਂ ਅਖ਼ਬਾਰਾਂ ਨੇ ਵੀ ਇਸ ਨੂੰ ਕਵਰ ਕੀਤਾ ਹੈ, ਜਿੱਥੇ ਸਿੱਖ ਭਾਈਚਾਰੇ ਦੀ ਵਧਦੀ ਭੂਮਿਕਾ ਅਤੇ ਚੜ੍ਹਦੀਕਲਾ ਉਪਰ ਚਾਨਣਾ ਪਾਇਆ ਗਿਆ ਹੈ। ਉਹਨਾਂ ਨੇ ਲਿਖਿਆ ਕਿ ਰਾਜਬੀਰ ਵਰਗੇ ਕਦਮ ਕੈਨੇਡਾ ਨੂੰ ਵਧੇਰੇ ਇਨਕਲੂਸਿਵ ਬਣਾਉਂਦੇ ਹਨ ਅਤੇ ਭਵਿੱਖ ਵਿੱਚ ਹੋਰ ਸਿੱਖ ਔਰਤਾਂ ਨੂੰ ਪ੍ਰੇਰਿਤ ਕਰਨਗੇ। ਟੋਰਾਂਟੋ ਸਟਾਰ ਨੇ ਇੱਕ ਐਡਿਟੋਰੀਅਲ ਵਿੱਚ ਕਿਹਾ ਕਿ ਇਹ ਘਟਨਾ ਧਾਰਮਿਕ ਆਗਿਆ ਨੂੰ ਸਨਮਾਨ ਦੇਣ ਵਾਲੀ ਨੀਤੀਆਂ ਦੀ ਜਿੱਤ ਹੈ। ਇਹ ਸਾਰੀਆਂ ਰਿਪੋਰਟਾਂ ਰਾਜਬੀਰ ਨੂੰ ਇੱਕ ਗਲੋਬਲ ਆਈਕਾਨ ਵਜੋਂ ਪੇਸ਼ ਕਰ ਰਹੀਆਂ ਹਨ । ਰਾਜਬੀਰ ਦੀ ਇਸ ਸਫਲਤਾ ਨਾ ਸਿਰਫ਼ ਉਸ ਦੇ ਪਰਿਵਾਰ ਅਤੇ ਪਿੰਡ ਲਈ, ਸਗੋਂ ਪੂਰੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਲਈ ਇੱਕ ਵੱਡੀ ਪ੍ਰੇਰਨਾ ਹੈ। ਇਸ ਪ੍ਰਾਪਤੀ ਨੇ ਪੰਜਾਬੀ ਨੌਜਵਾਨਾਂ ਨੂੰ ਵੀ ਉਤਸ਼ਾਹਿਤ ਕੀਤਾ ਹੈ ਕਿ ਉਹ ਵਿਦੇਸ਼ ਜਾ ਕੇ ਵੀ ਆਪਣੇ ਸੱਭਿਆਚਾਰ ਨੂੰ ਉਚਾ ਚੁਕਣ।

# ਇੰਗਲੈਂਡ ਦੇ ਇਤਿਹਾਸਕਾਰ ਐਸ. ਇੰਦਰਜੀਤ ਸਿੰਘ ਵੱਲੋਂ ਸਿੱਖ ਇਤਿਹਾਸ 'ਤੇ ਨਵੀਂ ਖੋਜ



ਲੰਡਨ- ਪ੍ਰਸਿੱਧ ਇਤਿਹਾਸਕਾਰ ਐਸ. ਇੰਦਰਜੀਤ ਸਿੰਘ, ਜੋ ਇੰਗਲੈਂਡ ਚ ਸਿੱਖ ਇਤਿਹਾਸ ਤੇ ਨਵੀਂ ਖੋਜ ਕਰ ਰਹੇ ਹਨ, ਨੇ ਹਾਲ ਹੀ ਵਿੱਚ ਇਕ ਹੋਰ ਮਹੱਤਵਪੂਰਨ ਯੋਗਦਾਨ ਪੇਸ਼ ਕੀਤਾ ਹੈ। ਉਹ ਲੰਬੇ ਸਮੇਂ ਤੋਂ ਸਿੱਖ ਇਤਿਹਾਸ ਨਾਲ ਜੁੜੀਆਂ ਗਲਤਫਹਿਮੀਆਂ ਅਤੇ ਕਥਾਵਾਂ ਨੂੰ ਤੱਥਾਂ ਦੇ ਆਧਾਰ ਤੇ ਸਹੀ ਕਰਨ ਲਈ ਕੰਮ ਕਰ ਰਹੇ ਹਨ। ਉਨ੍ਹਾਂ ਦੇ ਕਈ ਖੋਜ-ਲੇਖ ਪਹਿਲਾਂ ਹੀ ਵੱਖ-ਵੱਖ ਅਖ਼ਬਾਰਾਂ ਅਤੇ ਮੀਡੀਆ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ। ਉਨ੍ਹਾਂ ਦੀ ਤਾਜ਼ਾ ਖੋਜ ਵਿੱਚ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਬਾਰੇ ਇੱਕ ਕਵਿਤਾ ਦਾ ਪਤਾ ਲਗਾਇਆ ਹੈ, ਜੋ ਕਿ ਹਫੀਜ਼ ਜਲੰਧਰੀ, ਯਾਨੀ ਪਾਕਿਸਤਾਨ ਦੇ ਕੌਮੀ ਗੀਤ ਦੇ ਲੇਖਕ, ਵੱਲੋਂ ਲਿਖੀ ਗਈ ਸੀ। ਇਹ ਖੋਜ ਸਿੱਖ ਇਤਿਹਾਸ ਵਿੱਚ ਇਕ ਵਿਲੱਖਣ ਯੋਗਦਾਨ ਮੰਨੀ ਜਾ ਰਹੀ ਹੈ, ਕਿਉਂਕਿ ਇਸ ਨਾਲ ਇਤਿਹਾਸਕ ਪੱਤਰਕਾਰਤਾ ਅਤੇ ਸਾਂਝੀ ਵਿਰਾਸਤ ਦੇ ਨਵੇਂ ਪੱਖ ਖੁਲ੍ਹ ਰਹੇ ਹਨ। ਐਸ. ਇੰਦਰਜੀਤ ਸਿੰਘ ਨੇ ਆਪਣੇ ਈਮੇਲ ਰਾਹੀਂ ਇਹ ਜਾਣਕਾਰੀ ਸਾਂਝੀ ਕੀਤੀ ਹੈ, ਜਿਸਨੂੰ ਕਈ ਵਿਦਵਾਨਾਂ ਅਤੇ ਇਤਿਹਾਸ ਰੁਚੀ ਰੱਖਣ ਵਾਲਿਆਂ ਵੱਲੋਂ ਸਰਾਹਿਆ ਜਾ ਰਿਹਾ ਹੈ।


## CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ____________
SON / DAUGHTER / WIFE OF MR ____________
WHOSE PERMANENT ADDRESS IN INDIA IS ____________
____________
AND IS NOW LIVING AT ____________
____________ HEREBY GIVE NOTICE OF MY INTENTION
TO CHANGE MY NAME TO ____________
TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I, MAKHAN LAL S/O MR KAMALJEET SINGH WHOSE PERMANENT ADDRESS IN INDIA IS HOUSE NO. 612/6, GHARAMMI PATTI, SAMANA, PATIALA, PIN: 147101 PUNJAB AND NOW LIVING AT 9 SILVERTON ROAD, SMETHWICK, B677PH, UK HEREBY GIVE NOTICE OF MY INTENTION TO CHANGE MY NAME TO MAKHAN (GIVEN NAME) BHARDWAJ (SURNAME). (U)

Gurdwara Aid
Better Together


# ਗੁਰਦੁਆਰਾ ਏਡ ਦੇ ਸੇਵਾਦਾਰਾਂ ਵੱਲੋਂ ਸਮੂਹ ਜਗਤ ਨੂੰ ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

## ਨੌਰਥ ਈਸਟ ਗੁਰਦੁਆਰਾ ਸਰਜਰੀ 25 ਅਕਤੂਬਰ ਨੂੰ ਹੋਵੇਗੀ

**ਨੌਰਥ ਈਸਟ ਇੰਗਲੈਂਡ ਦੀਆਂ ਸੰਗਤਾਂ ਲਈ ਗੁਰਦੁਆਰਾ ਏਡ ਦੇ ਸੇਵਾਦਾਰਾਂ ਵੱਲੋਂ ਗੁਰਦੁਆਰਾ ਸਿੰਘ ਸਭਾ, ਗ੍ਰਾਂਟ ਸਟ੍ਰੀਟ, ਬ੍ਰੈਡਫੋਰਡ ਵਿਖੇ 25 ਅਕਤੂਬਰ 2025 ਦਿਨ ਸ਼ਨੀਵਾਰ ਨੂੰ 2:00 ਤੋਂ 4:00 ਵਜੇ ਤੱਕ ਸਰਜਰੀ ਲਾਈ ਜਾ ਰਹੀ ਹੈ।**

ਜਿਸ ਵਿੱਚ ਗੁਰਦੁਆਰਾ ਕਮੇਟੀਆਂ, ਟਰੱਸਟੀਆਂ, ਸੇਵਾਦਾਰਾਂ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਨੂੰ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਦਿੱਤੇ ਹੋਏ ਸਮੇਂ ਅਨੁਸਾਰ ਸਰਜਰੀ ਵਿੱਚ ਸ਼ਾਮਿਲ ਹੋ ਕੇ ਗੁਰਦੁਆਰਾ ਏਡ ਦੇ ਸੇਵਾਦਾਰਾਂ ਦੇ ਵਿਚਾਰ ਸੁਣੋ ਅਤੇ ਉਹਨਾਂ ਪਾਸੋਂ ਵੱਖ ਵੱਖ ਮਾਮਲਿਆਂ ਸਬੰਧੀ ਸਲਾਹ ਲੈ ਸਕਦੇ ਹੋ। **ਹੇਠਾਂ ਦਿੱਤੇ ਮੁੱਦਿਆਂ ਬਾਰੇ ਵੀ ਵਿਚਾਰ ਚਰਚਾ ਹੋਵੇਗੀ:**

* ਗੁਰਦੁਆਰਾ ਪ੍ਰਬੰਧ ਅਤੇ ਨੀਤੀਆਂ
* ਗੁਰਦੁਆਰਾ ਗਰੀਨ ਪ੍ਰੋਜੈਕਟ
* ਸੇਫ ਗਾਰਡਿੰਗ ਪ੍ਰੋਜੈਕਟ
* ਨਫਰਤੀ ਜੁਰਮ ਸਬੰਧੀ ਪ੍ਰਤੀਕਰਮ
* ਗੈਸ, ਬਿਜਲੀ ਆਦਿ ਦੇ ਬਿੱਲ ਘਟਾਉਣ ਬਾਰੇ




ਨੋਟ:- ਗੁਰਦੁਆਰਾ ਹੈਂਡ ਬੁੱਕ ਦੀ ਕਾਪੀ ਵੀ ਇਥੋਂ ਲੈ ਸਕਦੇ ਹੋ


## NORTH EAST GURDWARA SURGERY

**Practical support for Gurdwara committees, trustees, sewadars & community leaders**

**SATURDAY 25 OCTOBER 2025 2.00 - 4.00pm**

Join us for an afternoon of advice and support on key governance and operational issues for Gurdwaras

* Gurdwara Governance & Policies
* The Gurdwara Green Project
* Safeguarding Training
* Responding to Hate Crime
* Reducing Utility Bills & Costs




Collect your complimentary copy of the Gurdwara Handbook

@ Gurdwara Singh Sabha, Grant St, Bradford, BD3 9HD

**Please contact for more information:**
Web:www.GurdwaraAid.com
Email:Info@GurdwaraAid.org



Mandip Singh
07974 811298



Jagtar Singh Gill
07956 838413



Harvinder Singh
07775 770716

## ਬੰਦੀਛੋੜ ਦਿਵਸ ਤੇ ਦੀਵਾਲੀ ਦੀ ਸਮੂਹ ਜਗਤ ਨੂੰ ਲੱਖ ਲੱਖ ਵਧਾਈ

# ਪੰਜਾਬੀ ਹੱਟ Panjabi Hut

**ਖਾਸ ਖਾਸ ਮੌਕਿਆਂ ਤੇ ਸਾਡੀਆਂ ਵਿਸ਼ੇਸ਼ ਆਫਰਾਂ ਬਾਰੇ ਜਾਨਣ ਲਈ ਸੰਪਰਕ ਕਰੋ ਜੀ**


ਸ਼ੁੱਧ ਸ਼ਾਕਾਹਾਰੀ ਭੋਜਨ, ਭਾਰਤੀ ਮਠਿਆਈਆਂ ਅਤੇ ਸ਼ਾਕਾਹਾਰੀ ਲਜ਼ੀਜ਼ ਖਾਣਿਆਂ ਲਈ ਅੱਜ ਹੀ ਸੰਪਰਕ ਕਰੋ

*Pure Vegetarian Food & Indian Sweets*
PROPRIETOR : GUVINDERJIT SINGH




**SPECIALISE IN**
* Veggie Pizza
* Motichoor Ladoos
* Alsi Di Pini

**ਅਸੀਂ ਮਾਹਿਰ ਹਾਂ**
* ਵੈਜੀਟੇਰੀਅਨ ਪੀਜ਼ਾ
* ਮੋਤੀ ਚੂਰ ਦੇ ਲੱਡੂ
* ਅਲਸੀ ਦੀਆਂ ਪਿੰਨੀਆਂ



ਮੱਝਾਂ ਦੇ ਦੁੱਧ ਦੀ ਸਪੈਸ਼ਲ ਬਰਫ਼ੀ ਬਣਾਉਂਦੇ ਹਾਂ,







We can deliver your Catering

**ਪੰਜਾਬੀ ਹੱਟ ਕਵੈਂਟਰੀ Panjabi Hut** (PURE VEGETARIAN)

176 - 178 CLAY LANE, STOKE, COVENTRY CV2 4LX TEL:024 7663 6323 MOB:07737 039908




ਲੰਡਨ ਦੇ ਸਭ ਤੋਂ ਪੁਰਾਣੇ 'ਪੰਜਾਬ ਰੈਸਟੋਰੈਂਟ' ਵੱਲੋਂ

ਬੰਦੀਛੋੜ ਦਿਵਸ ਤੇ ਦੀਵਾਲੀ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ




ਵਧੀਆ ਅਤੇ ਸੁਆਦਿਸ਼ਟ ਖਾਣਿਆਂ ਲਈ ਪੰਜਾਬੀਆਂ ਦਾ ਸਭ ਤੋਂ ਮਸ਼ਹੂਰ ਰੈਸਟੋਰੈਂਟ





# Punjab™ 1946


## Distinctive North Indian Cuisine

ਤੁਹਾਡੇ ਆਰਡਰ ਮੁਤਾਬਕ ਅਸੀਂ ਡੱਬਾ ਬੰਦ ਤਾਜ਼ਾ ਖਾਣਾ ਵੀ ਪਹੁੰਚਾਉਂਦੇ ਹਾਂ

ਤਿੰਨਾਂ ਪੁਸ਼ਤਾਂ ਤੋਂ ਚੱਲ ਰਿਹਾ, ਸਿੱਖਾਂ ਦਾ ਇੰਗਲੈਂਡ ਵਿੱਚ ਪਹਿਲਾ ਰੈਸਟੋਰੈਂਟ ਹੈ ।

ਆਪ ਸੁਰੱਖਿਅਤ ਰਹੋ ਅਤੇ ਦੂਜਿਆਂ ਦੀ ਸੁਰੱਖਿਆ ਦਾ ਖਿਆਲ ਰੱਖੋ

Our award-winning menu combines traditional tandoori dishes with our Punjabi specialities to suit all tastes. The 'Acharri Gosht' made with pickled lamb has to be experienced at least once in a lifetime, the classic 'Kadu Pumpkin Sabhji' has a sumptuous mouth watering flavour and you can't miss Grandad's special 'Kali Daal'.




ਅਸੀਂ ਤੁਹਾਡੀ ਸੇਵਾ ਲਈ ਸੱਤੇ ਦਿਨ ਖੁੱਲ੍ਹੇ ਹਾਂ ਲੰਚ ਅਤੇ ਡਿਨਰ ਲਈ ਪਧਾਰੋ




Open 7 days for Lunch and Dinner
80 Neal Street Covent Garden WC2H 9PA
Tel 020 7836 9787 020 7240 9979 www.punjab.co.uk

**Covent Garden**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਕੀ ਪਾਕਿਸਤਾਨ ਅਮਰੀਕਾ ਦਾ ਗੁਲਾਮ ਬਣ ਜਾਵੇਗਾ ?

## ✪ ਅਮਰੀਕਾ ਦੀ ਨਜ਼ਰ ਪਾਕਿਸਤਾਨ ਦੇ ਖਣਿਜਾਂ ’ਤੇ, ਕੀ ਪਸਨੀ ਪੋਰਟ ਅਮਰੀਕਾ ਦੇ ਹੱਥ ਹੋਵੇਗਾ ?

ਇਸਲਾਮਾਬਾਦ-ਪਾਕਿਸਤਾਨ ਅਤੇ ਅਮਰੀਕਾ ਵਿਚਕਾਰ ਆਰਥਿਕ ਅਤੇ ਰਣਨੀਤਕ ਰਿਸ਼ਤੇ ਨਵਾਂ ਰੰਗ ਭਰ ਰਹੇ ਨੇ। ਇੱਕ ਵੱਡੇ ਸਮਝੌਤੇ ਨਾਲ ਪਾਕਿਸਤਾਨ ਨੇ ਰੇਅਰ ਅਰਥ ਮਿਨਰਲਜ਼ (ਦੁਰਲੱਭ ਧਰਤੀ ਖਣਿਜ) ਦੇ ਨਿਰਯਾਤ ਲਈ ਅਮਰੀਕਾ ਨਾਲ ਹੱਥ ਮਿਲਾਇਆ ਏ, ਜੋ ਅੱਗੇ ਚੱਲਣ ਵਾਲੇ ਸਾਲਾਂ ਵਿੱਚ ਦੋਹਾਂ ਦੇਸ਼ਾਂ ਦੀ ਅਰਥਵਿਵਸਥਾ ਅਤੇ ਰੱਖਿਆ ਨੀਤੀ ਨੂੰ ਡੂੰਘਾ ਅਸਰ ਪਾ ਸਕਦਾ ਏ। ਪਰ ਵਿਰੋਧੀ ਧਿਰਾਂ ਨੂੰ ਇਹ ਸ਼ੱਕ ਏ ਕਿ ਇਹ ਨੀਤੀ ਪਾਕਿਸਤਾਨੀ ਧਰਤੀ ਨੂੰ ਅਮਰੀਕੀ ਕਬਜ਼ੇ ਵਿੱਚ ਧੱਕਣ ਵਾਲੀ ਏ। ਸੁਆਲ ਇਹ ਹੈ ਕਿ ਕੀ ਪਾਕਿਸਤਾਨ ਅਮਰੀਕਾ ਦੇ ਹੱਥਾਂ ਵਿੱਚ ਚਲਾ ਜਾਵੇਗਾ ?



### ਪਹਿਲੀ ਖੇਪ ਅਮਰੀਕਾ ਨੂੰ ਭੇਜੀ ਗਈ

‘ਡੌਨ’ ਅਖ਼ਬਾਰ ਦੀ ਰਿਪੋਰਟ ਮੁਤਾਬਕ, ਅਮਰੀਕੀ ਕੰਪਨੀ ਯੂਐਸ ਸਟ੍ਰੈਟੇਜਿਕ ਮੈਟਲਜ਼ (ਯੂਐਸਐਸਐਮ) ਨੇ ਸਤੰਬਰ 2025 ਵਿੱਚ ਪਾਕਿਸਤਾਨ ਸਰਕਾਰ ਨਾਲ ਇੱਕ ਮੈਮੋਰੈਂਡਮ ਆਫ਼ ਅੰਡਰਸਟੈਂਡਿੰਗ (ਐਮਓਯੂ) ’ਤੇ ਦਸਤਖ਼ਤ ਕੀਤੇ ਸਨ। ਇਸ ਸਮਝੌਤੇ ਅਧੀਨ ਪਾਕਿਸਤਾਨ ਵਿੱਚੋਂ ਖਣਿਜ ਨਮੂਨਿਆਂ ਦੀ ਪਹਿਲੀ ਖੇਪ ਹੁਣ ਅਮਰੀਕਾ ਭੇਜ ਦਿੱਤੀ ਗਈ ਏ। ਯੂਐਸਐਸਐਮ ਨੇ ਪਾਕਿਸਤਾਨ ਵਿੱਚ ਖਣਿਜ ਪ੍ਰੋਸੈਸਿੰਗ ਅਤੇ ਵਿਕਾਸ ਕੇਂਦਰ ਬਣਾਉਣ ਲਈ ਲਗਭਗ 500 ਮਿਲੀਅਨ ਡਾਲਰ (ਲਗਭਗ 4,200 ਕਰੋੜ ਰੁਪਏ) ਦਾ ਨਿਵੇਸ਼ ਕਰਨ ਦੀ ਯੋਜਨਾ ਬਣਾਈ ਏ। ਇਹ ਖੇਪ 4 ਅਕਤੂਬਰ ਨੂੰ ਪਹੁੰਚੀ, ਜਿਸ ਨੂੰ ਯੂਐਸਐਸਐਮ ਨੇ ‘‘ਪਾਕਿਸਤਾਨ-ਅਮਰੀਕਾ ਰਣਨੀਤਕ ਸਾਂਝ ਵਿੱਚ ਇੱਕ ਮੀਲ ਪੱਥਰ’’ ਕਿਹਾ ਹੈ।

### ਕਿਹੜੇ ਖਣਿਜ ਭੇਜੇ ਗਏ ?

ਵਾਸ਼ਿੰਗਟਨ ਵਾਲੇ ਸੂਤਰਾਂ ਨੇ ਦੱਸਿਆ ਕਿ ਫਰੰਟੀਅਰ ਵਰਕਸ ਆਰਗੇਨਾਈਜ਼ੇਸ਼ਨ (ਐਫਡਬਲਿਊਓ) ਦੀ ਮਦਦ ਨਾਲ ਤਿਆਰ ਕੀਤੀ ਇਹ ਪਹਿਲੀ ਖੇਪ ਵਿੱਚ ਸੁਰਮਾ (ਐਂਟੀਮਨੀ), ਤਾਂਬਾ (ਕਾਪਰ ਕੰਸੈਂਟਰੇਟ) ਅਤੇ ਦੁਰਲੱਭ ਤੱਤ ਜਿਵੇਂ ਨਿਓਡੀਮੀਅਮ ਅਤੇ ਪ੍ਰੈਜ਼ੋਡੀਮੀਅਮ ਸ਼ਾਮਲ ਹਨ। ਇਹ ਕਦਮ ਪਾਕਿਸਤਾਨ ਨੂੰ ਵਿਸ਼ਵੀ ਖਣਿਜ ਸਪਲਾਈ ਚੇਨ ਨਾਲ ਜੋੜਨ ਵਾਲਾ ਵੱਡਾ ਬਦਲਾਅ ਹੋ ਸਕਦਾ ਏ, ਜੋ ਉਦਯੋਗਿਕ ਵਿਕਾਸ ਅਤੇ ਰਾਸ਼ਟਰੀ ਸੁਰੱਖਿਆ ਲਈ ਜ਼ਰੂਰੀ ਹੈ। ਅਮਰੀਕਾ ਲਈ ਇਹ ਸਾਂਝ ਚੀਨ ਵਰਗੇ ਦੇਸ਼ਾਂ ’ਤੇ ਨਿਰਭਰਤਾ ਘਟਾਏਗੀ, ਜੋ ਵਰਤਮਾਨ ਵਿੱਚ ਵਿਸ਼ਵੀ ਖਣਿਜ ਬਾਜ਼ਾਰ ਨੂੰ ਕੰਟਰੋਲ ਕਰਦੇ ਨੇ।

### ਪਾਕਿ ਫਿਰ ਅਮਰੀਕੇ ਦੇ ਕੰਟਰੋਲ ਵਿੱਚ ?

ਇਹ ਸਮਝੌਤਾ ਪਾਕਿਸਤਾਨ ਨੂੰ ਵਿਸ਼ਵੀ ਮਹੱਤਵਪੂਰਨ ਖਣਿਜ ਬਾਜ਼ਾਰ ਵਿੱਚ ਮਜ਼ਬੂਤ ਸਥਾਨ ਬਣਾਉਣ ਦਾ ਮੌਕਾ ਦੇਵੇਗਾ। ਇਸ ਨਾਲ ਅਰਬਾਂ ਡਾਲਰਾਂ ਦੀ ਕਮਾਈ, ਨੌਕਰੀਆਂ ਅਤੇ ਤਕਨੀਕੀ ਵਿਕਾਸ ਵਧੇਗਾ। ਪਾਕਿਸਤਾਨ ਦੇ ਖਣਿਜ ਭੰਡਾਰਾਂ ਦਾ ਅਨੁਮਾਨ 6 ਟ੍ਰਿਲੀਅਨ ਡਾਲਰ ਤੱਕ ਏ, ਜੋ ਇਸ ਨੂੰ ਕੁਦਰਤੀ ਸਰੋਤਾਂ ਵਾਲੇ ਦੇਸ਼ਾਂ ਵਿੱਚ ਅੱਗੇ ਰੱਖਦਾ ਏ। ਪਰ ਚਰਚਾ ਏ ਕਿ ਅਮਰੀਕਾ ਨੂੰ ਇਹ ਖਣਿਜ ਮਿਲਦੇ ਰਹਿਣਗੇ ਤਾਂ ਜੇ ਤੱਕ ਸਾਂਝ ਚੱਲੇਗੀ। ਦੂਜੇ ਪਾਸੇ, ਅਮਰੀਕਾ ਲਈ ਇਹ ਜ਼ਰੂਰੀ ਕੱਚੇ ਮਾਲ ਦੀ ਸਥਿਰ ਸਪਲਾਈ ਹੈ। ਪਰ ਕੀ ਇਹ ਸਾਂਝ ਪਾਕਿਸਤਾਨ ਨੂੰ ਫਿਰ ਅਮਰੀਕੀ ਗੁਲਾਮੀ ਵਿੱਚ ਬੰਨ੍ਹ ਦੇਵੇਗੀ ? ਇਹ ਸਵਾਲ ਉੱਠ ਰਹੇ ਨੇ।

### ਅਮਰੀਕਾ ਨੂੰ ਮਿਲੇਗਾ ਪਸਨੀ ਬੰਦਰਗਾਹ !

ਵਿਰੋਧੀ ਧਿਰ ਪਾਕਿਸਤਾਨ ਤਹ੍ਰੀਕ-ਏ-ਇਨਸਾਫ਼ (ਪੀਟੀਆਈ) ਨੇ ਇਸ ਸਮਝੌਤੇ ’ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਪਾਰਟੀ ਦੇ ਸਕੱਤਰ ਸ਼ੇਖ ਵਕਾਸ ਅਕਰਮ ਨੇ ਸਰਕਾਰ ਨੂੰ ‘‘ਵਾਸ਼ਿੰਗਟਨ ਨਾਲ ਹੋਏ ਗੁਪਤ ਸੌਦਿਆਂ ਦਾ ਪੂਰਾ ਵੇਰਵਾ’’ ਜਨਤਕ ਕਰਨ ਦੀ ਮੰਗ ਕੀਤੀ। ਉਹਨਾਂ ਨੇ ਇਲਜ਼ਾਮ ਲਾਇਆ ਕਿ ਅਜਿਹੇ ‘‘ਇੱਕ ਪਾਸੜ ਅਤੇ ਗੁਪਤ ਸਮਝੌਤੇ’’ ਪਹਿਲਾਂ ਹੀ ਅਸਥਿਰ ਦੇਸ਼ ਦੀ ਸਥਿਤੀ ਨੂੰ ਹੋਰ ਖਰਾਬ ਕਰ ਦੇਣਗੇ। ਉਹਨਾਂ ਨੇ ‘ਫਾਈਨੈਂਸ਼ੀਅਲ ਟਾਈਮਜ਼’ ਦੀ ਰਿਪੋਰਟ ਦਾ ਹਵਾਲਾ ਦਿੱਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਸਰਕਾਰ ਪਸਨੀ ਬੰਦਰਗਾਹ ਅਮਰੀਕਾ ਨੂੰ ਦੇਣ ਦੀ ਯੋਜਨਾ ਬਣਾ ਰਹੀ ਏ। ਫਾਈਨੈਂਸ਼ੀਅਲ ਟਾਈਮਜ਼ ਮੁਤਾਬਕ, ਪਾਕਿਸਤਾਨੀ ਫੌਜ ਦੇ ਮੁਖੀ ਫੀਲਡ ਮਾਰਸ਼ਲ ਅਸੀਮ ਮੁਨੀਰ ਦੇ ਸਲਾਹਕਾਰਾਂ ਨੇ ਅਮਰੀਕੀ ਅਧਿਕਾਰੀਆਂ ਨੂੰ ਪਸਨੀ ਵਿੱਚ ਇੱਕ ਡੀਪ-ਸੀ ਪੋਰਟ ਬਣਾਉਣ ਅਤੇ ਚਲਾਉਣ ਦਾ ਪ੍ਰਸਤਾਵ ਦਿੱਤਾ ਏ, ਜਿਸ ਦੀ ਲਾਗਤ 1.2 ਬਿਲੀਅਨ ਡਾਲਰ ਏ। ਇਹ ਪੋਰਟ ਖਣਿਜਾਂ ਨੂੰ ਐਕਸਪੋਰਟ ਕਰਨ ਲਈ ਹੋਵੇਗਾ, ਪਰ ਇਸ ਨਾਲ ਅਮਰੀਕਾ ਨੂੰ ਚੀਨ ਨੇੜੇ ਰਣਨੀਤਕ ਪਹੁੰਚ ਮਿਲ ਜਾਵੇਗੀ।

### ਅਕਰਮ ਨੇ ਪਰਦਾਫਾਸ਼ ਕੀਤਾ, ਫੌਜ ਨੇ ਦਿੱਤੀ ਸਫ਼ਾਈ

ਅਕਰਮ ਨੇ ਕਿਹਾ ਕਿ ਸੰਸਦ ਅਤੇ ਜਨਤਾ ਨੂੰ ਇਨ੍ਹਾਂ ਸਮਝੌਤਿਆਂ ਬਾਰੇ ਵਿਸ਼ਵਾਸ ਵਿੱਚ ਲੈਣਾ ਚਾਹੀਦਾ ਏ। ਉਹਨਾਂ ਨੇ ਚੇਤਾਵਨੀ ਦਿੱਤੀ ਕਿ ਪੀਟੀਆਈ ‘‘ਲੋਕਾਂ ਅਤੇ ਰਾਜ ਦੇ ਹਿੱਤਾਂ ਦੀ ਕੀਮਤ ’ਤੇ ਹੋਏ ਕਿਸੇ ਵੀ ਸਮਝੌਤੇ ਨੂੰ ਕਬੂਲ ਨਹੀਂ ਕਰੇਗੀ।’’ ਇਸ ਵਿਚਕਾਰ, ਪਾਕਿਸਤਾਨੀ ਫੌਜ ਦੇ ਸੂਤਰਾਂ ਨੇ ‘ਫਾਈਨੈਂਸ਼ੀਅਲ ਟਾਈਮਜ਼’ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ। ਉਹਨਾਂ ਨੇ ਕਿਹਾ ਕਿ ਇਹ ਪ੍ਰਸਤਾਵ ‘‘ਸਿਰਫ਼ ਇੱਕ ਵਪਾਰਕ ਵਿਚਾਰ ਸੀ, ਕੋਈ ਅਧਿਕਾਰਕ ਨੀਤੀ ਨਹੀਂ।’’ ਪਾਕਿਸਤਾਨੀ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਪਸਨੀ ਪੋਰਟ ਲਈ ਅਮਰੀਕਾ ਨੂੰ ਕੋਈ ਪਹੁੰਚ ਨਹੀਂ ਦਿੱਤੀ ਗਈ, ਅਤੇ ਇਹ ਅਫਵਾਹਾਂ ਸਨ।

### ਧਿਆਨ ਭਟਕਾਉਣ ਵਾਲੀ ਰਣਨੀਤੀ - ਅਕਰਮ

ਅਕਰਮ ਨੇ ਇਤਿਹਾਸ ਨਾਲ ਵੀ ਤੁਲਨਾ ਕੀਤੀ ਅਤੇ ਕਿਹਾ ਕਿ ਸਰਕਾਰ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੇ 1615 ਵਿੱਚ ਅੰਗਰੇਜ਼ਾਂ ਨੂੰ ਸੂਰਤ ਬੰਦਰਗਾਹ ’ਤੇ ਵਪਾਰਕ ਅਧਿਕਾਰ ਦੇਣ ਦੇ ਫ਼ੈਸਲੇ ਤੋਂ ਸਬਕ ਲੈਣਾ ਚਾਹੀਦਾ ਏ, ਜਿਸ ਨੇ ਭਾਰਤ ਵਿੱਚ ਔਪਨਿਵੇਸ਼ਕ ਨਿਯੰਤਰਣ ਦੀ ਨੀਂਹ ਰੱਖੀ। ਨਾਲ ਹੀ, ਉਹਨਾਂ ਨੇ ਇਲਜ਼ਾਮ ਲਾਇਆ ਕਿ ਪੀਪੀਪੀ ਅਤੇ ਪੀਐਮਐੱਲ-ਐੱਨ ਵਿਚਕਾਰ ਹਾਲੀਆਂ ਜਨਤਕ ਝਗੜੇ ਸਿਰਫ਼ ‘‘ਰਾਸ਼ਟਰੀ ਮੁੱਦਿਆਂ ਤੋਂ ਜਨਤਾ ਦਾ ਧਿਆਨ ਭਟਕਾਉਣ ਵਾਲੀ ਰਣਨੀਤੀ’’ ਨੇ। ‘ਡੌਨ’ ਦੀ ਰਿਪੋਰਟ ਮੁਤਾਬਕ, ਇਹ ਸਮਝੌਤਾ ਪਾਕਿਸਤਾਨ ਲਈ ਇੱਕ ਇਤਿਹਾਸਕ ਮੌਕਾ ਬਣ ਸਕਦਾ ਏ - ਬਸ਼ਰਤੇ ਪਾਰਦਰਸ਼ਤਾ ਅਤੇ ਰਾਸ਼ਟਰੀ ਹਿੱਤਾਂ ਦਾ ਧਿਆਨ ਰੱਖਿਆ ਜਾਵੇ। ਦੂਜੇ ਪਾਸੇ, ਜੇ ਵਿਰੋਧੀਆਂ ਦੀਆਂ ਚਿੰਤਾਵਾਂ ਸਹੀ ਸਾਬਤ ਹੋਈਆਂ, ਤਾਂ ਇਹ ਡੀਲ ਦੇਸ਼ ਦੀ ਸੰਪ੍ਰਭੂਤਾ ’ਤੇ ਗੰਭੀਰ ਸਵਾਲ ਉਭਾਰ ਸਕਦੀ ਏ।

# ਇਟਲੀ ਦੇ ਵੇਰੋਨਾ ਚ ਫਾਰਮ ਹਾਊਸ ਅੰਦਰ ਇੱਕ ਭਿਆਨਕ ਹਾਦਸੇ ਦੌਰਾਨ ਕਾਰਾਬਿਨੇਰੀ ਪੁਲਿਸ ਦੇ ਤਿੰਨ ਮੁਲਾਜ਼ਮਾਂ ਦੀ ਹੋਈ ਮੌਤ ਤੇ ਇੱਕ ਦਰਜਨ ਤੋਂ ਵੱਧ ਪ੍ਰਸ਼ਾਸਨਿਕ ਅਧਿਕਾਰੀਆਂ ਹੋਏ ਜਖਮੀ

## * ਪ੍ਰਧਾਨ ਮੰਤਰੀ ਸਮੇਤ ਦੇਸ਼ ਦੇ ਰਾਜਨੀਤਕ ਆਗੂਆਂ ਵਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ *





ਵੇਰੋਨਾ ਇਟਲੀ (ਗੁਰਸ਼ਰਨ ਸਿੰਘ ਸੋਨੀ) ਉੱਤਰੀ ਇਟਲੀ ਦੇ ਪ੍ਰਸਿੱਧ ਸ਼ਹਿਰ ਵੇਰੋਨਾ ਦੇ ਇਲਾਕੇ ਕੈਸਟਲ ਡੀ'ਅਜ਼ਾਨੋ ਵਿੱਚ ਬੀਤੇ ਦਿਨ ਇੱਕ ਨਿਕਾਸੀ ਕਾਰਜ ਦੌਰਾਨ ਹੋਏ ਧਮਾਕੇ ਤੋਂ ਬਾਅਦ ਤਿੰਨ ਕਾਰਾਬਿਨੇਰੀ ਦੇ ਮੁਲਾਜ਼ਮਾਂ ਦੇ ਦੁਖਦਾਈ ਲਾਪਤਾ ਹੋਣ ਅਤੇ ਹਥਿਆਰਬੰਦ ਸੈਨਾਵਾਂ, ਫਾਇਰਫਾਈਟਰਾਂ ਅਤੇ ਪੁਲਿਸ ਦੇ ਸੈਨਿਕਾਂ ਸਮੇਤ 13 ਹੋਰ ਲੋਕਾ ਦਾ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਈ ਹੈ । ਦੱਸਿਆ ਜਾ ਰਿਹਾ ਹੈ ਕਿ ਇਹ ਧਮਾਕਾ ਇਨ੍ਹਾਂ ਜ਼ਬਰਦਸਤ ਸੀ ਧਮਾਕੇ ਦੇ ਨਾਲ ਆਸ-ਪਾਸ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ । ਇਸ ਘਟਨਾ ਤੇ ਇਟਲੀ ਦੀ ਪ੍ਰਧਾਨ ਮੰਤਰੀ ਮੈਡਮ ਜੌਰਜੀਆਂ ਮੇਲੋਨੀ ਸਮੇਤ ਦੇਸ਼ ਦੇ ਰਾਜਨੀਤਿਕ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਸਾਰੇ ਦੇਸ਼ ਲਈ ਅਪਣੀਆਂ ਕੁਰਬਾਨੀਆਂ ਦੇਣ ਵਾਲੇ ਸੂਰਬੀਰ ਮੁਲਾਜ਼ਮਾਂ ਦੇ ਪਰਿਵਾਰਾਂ ਦੇ ਨਾਲ ਖੜ੍ਹੇ ਹਾਂ । ਪ੍ਰਧਾਨ ਮੰਤਰੀ ਨੇ ਕਿਹਾ ਸਾਡੀ ਸਰਕਾਰ ਦੀਆਂ ਸੰਵੇਦਨਾਵਾਂ ਪੀੜਤਾਂ ਦੇ ਪਰਿਵਾਰਾਂ ਨਾਲ ਹਨ। ਮੈਂ ਨਿੱਜੀ ਤੌਰ 'ਤੇ ਇੱਕ ਫ਼ੋਨ ਕਾਲ ਵਿੱਚ ਹਥਿਆਰਬੰਦ ਸੈਨਾਵਾਂ ਦੇ ਕਾਰਾਬਿਨੇਰੀ ਦੇ ਕਮਾਂਡਰ-ਇਨ-ਚੀਫ਼ ਨਾਲ ਇਸ ਘਟਨਾ ਦਾ ਦੁੱਖ ਪ੍ਰਗਟ ਕੀਤਾ ਹੈ। ਤੇ ਇਸ ਘਟਨਾ ਦੀ ਜਾਂਚ ਕਰਨ ਦੇ ਨਿਰਦੇਸ਼ ਵੀ ਦਿੱਤੇ ਹਨ ਉਨ੍ਹਾਂ ਕਿਹਾ ਹੈ ਕਿ ਇਸ ਘਟਨਾ ਵਿੱਚ ਜੋ ਦੋਸ਼ੀ ਪਾਇਆ ਜਾਵੇਗਾ ਉਸ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੇਸ਼ ਦੇ ਸਾਰੇ ਪੁਲਿਸ ਬਲਾਂ ਅਤੇ ਫਾਇਰਫਾਈਟਰਾਂ ਨੂੰ ਸਿਜਦਾ ਕਰਦਿਆਂ ਕਿਹਾ ਕਿ ਜੋ ਰਾਜ ਦੀ ਸੇਵਾ ਵਿੱਚ ਹਰ ਰੋਜ਼ ਸਮਰਪਣ ਅਤੇ ਹਿੰਮਤ ਨਾਲ ਕੰਮ ਕਰਦੇ ਹਨ ਦੇਸ਼ ਉਨ੍ਹਾਂ ਤੇ ਹਮੇਸ਼ਾ ਮਾਣ ਮਹਿਸੂਸ ਕਰਦਾ ਰਹੇਗਾ ।ਉਨ੍ਹਾਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ ਹੈ ਅਤੇ ਡਾਕਟਰੀ ਸਟਾਫ ਅਤੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਬਹੁਤ ਹੀ ਜਲਦੀ ਅਤੇ ਪੇਸ਼ੇਵਰਤਾ ਨਾਲ ਦਖਲ ਦਿੱਤਾ। ਇਸ ਹਾਦਸੇ ਵਿੱਚ ਮਰਨ ਵਾਲੇ ਕਾਰਾਬਿਨੇਰੀ ਅਫਸਰਾਂ ਮਾਰਕੋ ਪਿਫਾਰੀ, ਵੈਲੇਰੀਓ ਡਾਪਰਾ ਅਤੇ ਡੇਵਿਡ ਬਰਨਾਰਡੇਲੋ ਦੀ ਮੌਤ ਨਾਲ ਇਟਲੀ ਭਰ ਵਿੱਚ ਮਾਤਮ ਛਾਇਆ ਹੋਇਆ ਹੈ। ਜਿਕਰਯੋਗ ਹੈ ਕਿ ਪੁਲਿਸ ਵੱਲੋਂ ਬਰੀਕੀ ਜਾਂਚ ਤੇ ਛਾਣਬੀਣ ਮਗਰੋਂ ਤਿੰਨ ਭਰਾਵਾਂ ਨੂੰ ਇਸ ਘਟਨਾ ਨੂੰ ਅੰਜਾਮ ਦੇਣ ਦੇ ਦੋਸ਼ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ । ਦੂਜੇ ਪਾਸੇ ਪੁਲਿਸ ਮੁਲਜ਼ਮਾਂ ਤੋ ਪੁੱਛਗਿੱਛ ਕਰ ਰਹੀ ਹੈ ਕਿ ਉਨ੍ਹਾਂ ਦੇ ਇਸ ਘਟਨਾ ਨੂੰ ਅੰਜਾਮ ਦੇਣ ਪਿੱਛੇ ਕੀ ਕਾਰਨ ਸਨ ।

# ਭਾਰਤ ਵਿਚ ਡਿਜੀਟਲ ਧਰਮ ਦੀ ਪਰੰਪਰਾ ਆਸਥਾ ਜਾਂ ਵਪਾਰ ?

**ਨਿਊਜ਼ ਸਟੋਰੀ**

**○ ਡਿਜੀਟਲ ਦਾਨ ਭਗਤੀ ਅਨੁਸ਼ਠਾਨਾਂ ਦਾ ਸਫ਼ਰ ਕਿਉ ਸ਼ੁਰੂ ਹੋਇਆ ? ○ ਸਿੱਖ ਸਾਧਾਂ ਦੇ ਡੇਰਿਆਂ ਨੇ ਅਖੰਡ ਪਾਠਾਂ ਦੀ ਆਨਲਾਈਨ ਰੀਤ ਸ਼ੁਰੂ ਕੀਤੀ ○ ਕੀ ਆਨਲਾਈਨ ਗੁਰਮਤਿ ਪ੍ਰਚਾਰ ਨਾਲ ਸਿਖ ਸੰਗਤ ਸਿੱਖ ਧਰਮ ਨਾਲ ਜੁੜ ਸਕੇਗੀ**






ਭਾਰਤ ਵਿੱਚ ਧਰਮ ਅਤੇ ਆਸਥਾ ਦਾ ਜੀਵਨ ਨਾਲ ਡੂੰਘਾ ਸਬੰਧ ਰਿਹਾ ਹੈ। ਪ੍ਰਾਚੀਨ ਕਾਲ ਤੋਂ ਹੀ ਲੋਕ ਪੂਜਾ-ਪਾਠ, ਦਾਨ ਅਤੇ ਅਨੁਸ਼ਠਾਨਾਂ ਨਾਲ ਆਪਣੀ ਭਗਤੀ ਨੂੰ ਜ਼ਿੰਦਗੀ ਦਾ ਹਿੱਸਾ ਬਣਾਉਂਦੇ ਆ ਰਹੇ ਹਨ। ਪਰ ਅੱਜ ਦੇ ਡਿਜੀਟਲ ਯੁੱਗ ਵਿੱਚ ਇਹ ਸਭ ਕੁਝ ਸਮਾਰਟਫ਼ੋਨਾਂ ਅਤੇ ਐਪਸਸ ਵਿੱਚ ਸਮਾ ਗਿਆ ਹੈ। ਘਰ ਬੈਠੇ ਵਰਚੁਅਲ ਪੂਜਾ ਕਰੋ, ਆਨਲਾਈਨ ਦਾਨ ਦਿਓ, ਲਾਈਵ ਸਟ੍ਰੀਮਿੰਗ ਨਾਲ ਮੰਦਰਾਂ ਦੇ ਦਰਸ਼ਨ ਕਰੋ - ਇਹ ਸਭ ਹੁਣ ਆਮ ਹੋ ਗਿਆ ਹੈ। ਡਿਜੀਟਲ ਭਗਤੀ ਦੀ ਸ਼ੁਰੂਆਤ 2010 ਦੇ ਦਹਾਕੇ ਵਿੱਚ ਹੋਈ, ਜਦੋਂ ਸਮਾਰਟਫ਼ੋਨਾਂ ਅਤੇ ਇੰਟਰਨੈੱਟ ਨੇ ਭਾਰਤ ਵਿੱਚ ਗਿਣਤੀ ਵਧਾਈ। ਪਹਿਲੀ ਵਾਰ 2011 ਵਿੱਚ ਬੈਂਗਲੋਰ ਵਿੱਚ ਇੱਕ ਯੰਗ ਇਨਵੈਸਟਮੈਂਟ ਬੈਂਕਰ ਰਵੀ ਗੰਨੇ ਨੇ ਗੂਗਲ ਤੇ ਖੋਜਿਆ ਕਿ ਘਰ ਬੈਠੇ ਪੂਜਾ ਕਿਵੇਂ ਕਰਵਾਈ ਜਾਵੇ ? ਇਸ ਨੇ ਉਸ ਨੂੰ ਈ -ਪੂਜਾ ਨਾਮਕ ਕੰਪਨੀ ਬਣਾਈਤ, ਜੋ 15 ਡਾਲਰ ਵਿੱਚ ਮੰਦਰਾਂ ਵਿੱਚ ਪੂਜਾ ਕਰਵਾਉਂਦੀ ਸੀ। ਈਪੂਜਾ ਨੇ ਇਹ ਸੇਵਾ ਆਨਲਾਈਨ ਪਲੇਟਫਾਰਮ ਰਾਹੀਂ ਸ਼ੁਰੂ ਕੀਤੀ, ਜਿੱਥੇ ਲੋਕ ਐਪ ਜਾਂ ਵੈੱਬਸਾਈਟ ਰਾਹੀਂ ਬੁੱਕਿੰਗ ਕਰ ਸਕਦੇ ਸਨ।

ਇਸ ਤੋਂ ਬਾਅਦ ਡਿਜੀਟਲ ਭਗਤੀ ਨੇ ਰਫ਼ਤਾਰ ਤੇਜ਼ ਹੋਈ। 2020 ਵਿੱਚ ਕੋਵਿਡ-19 ਮਹਾਮਾਰੀ ਨੇ ਇਸ ਨੂੰ ਹੋਰ ਤੇਜ਼ ਕੀਤਾ। ਲੋਕ ਘਰਾਂ ਵਿੱਚ ਬੰਦ ਹੋ ਗਏ, ਮੰਦਰ ਬੰਦ ਹੋ ਗਏ, ਤਾਂ ਆਨਲਾਈਨ ਪੂਜਾ ਅਤੇ ਲਾਈਵ ਸਟ੍ਰੀਮਿੰਗ ਆਮ ਹੋ ਗਈ। ਇੱਕ ਰਿਪੋਰਟ ਮੁਤਾਬਕ, 2024 ਵਿੱਚ ਭਾਰਤ ਦੀ ਧਾਰਮਿਕ ਅਰਥਵਿਵਸਥਾ 65 ਅਰਬ ਡਾਲਰ ਦੀ ਸੀ, ਜੋ 2033 ਤੱਕ 135 ਅਰਬ ਡਾਲਰ ਹੋ ਜਾਵੇਗੀ। ਇਸ ਵਿੱਚ ਡਿਜੀਟਲ ਪੂਜਾ ਸੇਵਾਵਾਂ ਵਿਚ 703 ਫ਼ੀਸਦੀ ਵਾਧਾ ਹੋਇਆ ਹੈ। ਸਟਾਰਟਅਪਸ ਨੇ ਇਸ ਨੂੰ ਫ਼ਾਇਦੇ ਦਾ ਮੌਕਾ ਬਣਾਇਆ।

ਇੱਕ ਵੱਡਾ ਨਾਂ ਹੈ 'ਸ੍ਰੀ ਮੰਦਰ' ਐਪ, ਜੋ 2020 ਵਿੱਚ ਅਪਸਫ਼ੋਰ ਭਾਰਤ ਨਾਮਕ ਕੰਪਨੀ ਨੇ ਲਾਂਚ ਕੀਤਾ। ਇਸ ਦੇ ਸੀਈਓ ਪ੍ਰਸ਼ਾਂਤ ਸਚਨ ਨੇ ਕਿਹਾ ਕਿ ਉਹਨਾਂ ਦਾ ਮਕਸਦ ਆਸਥਾ ਨੂੰ ਤਕਨੀਕ ਨਾਲ ਜੋੜਨਾ ਹੈ। ਐਪ ਨੂੰ 4 ਕਰੋੜ ਤੋਂ ਵੱਧ ਲੋਕ ਡਾਊਨਲੋਡ ਕਰ ਚੁੱਕੇ ਹਨ ਅਤੇ 12 ਲੱਖ ਯੂਜ਼ਰਾਂ ਨੇ ਆਨਲਾਈਨ ਪ੍ਰਾਰਥਨਾ ਅਤੇ ਚੜ੍ਹਾਵੇ ਦਿਤੇ ਹਨ। ਇਹ ਵਾਰਾਣਸੀ, ਪ੍ਰਾਯਗਰਾਜ ਅਤੇ ਅਯੁਧਿਆ ਦੇ 50 ਤੋਂ ਵੱਧ ਮੰਦਰਾਂ ਨਾਲ ਜੁੜਿਆ ਹੈ। ਲੋਕ ਘਰ ਬੈਠੇ ਵੀਡੀਓ ਪੂਜਾ ਵੇਖ ਸਕਦੇ ਹਨ, ਦਾਨ ਦੇ ਸਕਦੇ ਹਨ ਅਤੇ ਪ੍ਰਸਾਦ ਘਰ ਪਹੁੰਚਾ ਸਕਦੇ ਹਨ। ਐਪ ਵਿੱਚ ਪੂਜਾ ਸਾਮਗਰੀ, ਗੰਗਾ ਜਲ ਅਤੇ ਯਾਤਰਾ ਪੈਕੇਜ ਵੀ ਬੁੱਕ ਕੀਤੇ ਜਾ ਸਕਦੇ ਹਨ।

ਹੋਰ ਸਟਾਰਟਅਪਸ ਵੀ ਉੱਭਰੇ ਹਨ। ਜਿਵੇਂ ਕਿ 'ਵਾਮਾ' ਅਤੇ 'ਡੇਵਧਾਮ' ਜੋ ਵਰਚੁਅਲ ਯੱਗ ਅਤੇ ਪਿਤਰਾਂ ਦੀ ਸ਼ਾਂਤੀ ਦਾ ਕਾਰਜ ਤੇ ਕਰਮਕਾਂਡ ਕਰਵਾਉਂਦੇ ਹਨ। 'ਅਸਟਰੋਟਾਕ' ਵਰਗੇ ਐਪਸ ਜੋਤਸ਼ੀਆਂ ਨੂੰ ਆਨਲਾਈਨ ਜੋੜਦੇ ਹਨ। ਇਹ ਸਭ ਭਾਰਤੀਆਂ ਲਈ ਵਰਦਾਨ ਹਨ ਜੋ ਵਿਦੇਸ਼ਾਂ ਵਿੱਚ ਰਹਿੰਦੇ ਹਨ। ਕੁਝ ਪ੍ਰਵਾਸੀ ਭਾਰਤੀ ਸੋਚਦੇ ਹਨ ਇਹ ਸਮਾਂ ਅਤੇ ਪੈਸੇ ਦੀ ਬਚਤ ਕਰਦਾ ਹੈ।

ਪਰ ਇਹ ਤਕਨੀਕੀ ਤਬਦੀਲੀ ਵਿਵਾਦ ਵੀ ਲਿਆਈ ਹੈ। ਕਈ ਲੋਕ ਕਹਿੰਦੇ ਹਨ ਕਿ ਵਰਚੁਅਲ ਪੂਜਾ ਵਿੱਚ ਉਹ ਤਰ੍ਹਾਂ ਦੀ ਪਵਿੱਤਰਤਾ ਨਹੀਂ ਜੋ ਮੰਦਰ ਵਿੱਚ ਮਿਲਦੀ ਹੈ। ਗੰਗਾ ਇਸ਼ਨਾਨ ਜਾਂ ਪੁਜਾਰੀ ਨਾਲ ਸਿੱਧੀ ਗੱਲ ਨਹੀਂ ਹੋ ਸਕਦੀ। ਪਰ ਮੰਦਰਾਂ ਨੇ ਵੀ ਇਸ ਨੂੰ ਅਪਣਾ ਲਿਆ ਹੈ। ਉਜਜੈਨ ਦੇ ਮੰਗਲਨਾਥ ਮੰਦਰ ਦੇ ਮਹੰਤ ਅਕਸ਼ੈ ਭਾਰਤੀ ਕਹਿੰਦੇ ਹਨ ਕਿ ਪਹਿਲਾਂ 20-30 ਪੂਜਾ ਹੁੰਦੀਆਂ ਸਨ, ਹੁਣ ਐਪ ਨਾਲ 300 ਤੋਂ ਵੱਧ ਹੋ ਜਾਂਦੀਆਂ ਹਨ। ਹਰਿਦਵਾਰ ਦੇ ਦੱਖਣ ਕਾਲੀ ਮੰਦਰ ਵਿੱਚ 'ਇੱਕ ਈਸ਼ਵਰ' ਐਪ ਲਾਂਚ ਹੋਇਆ ਹੈ ਜੋ ਘਰ ਬੈਠੇ ਆਰਤੀ ਵਿਖਾਉਂਦਾ ਹੈ।

## ਸਿੱਖ ਧਰਮ ਵਿੱਚ ਡਿਜੀਟਲ ਭਗਤੀ: ਗੁਰਬਾਣੀ ਨੂੰ ਐਪਸ਼ ਵਿੱਚ ਬੰਨ੍ਹਣ ਦੀ ਕੋਸ਼ਿਸ਼

ਸਿੱਖ ਧਰਮ ਵਿੱਚ ਭਗਤੀ ਦਾ ਅਰਥ ਹੈ ਵਾਹਿਗੁਰੂ ਨਾਲ ਸਿੱਧਾ ਜੁੜਨਾ, ਬਿਨਾਂ ਕਿਸੇ ਵਿਚਾਰੇ ਜਾਂ ਰਸਮਾਂ ਦੇ। ਗੁਰੂ ਨਾਨਕ ਦੇਵ ਜੀ ਨੇ ਫ਼ਲਸਫ਼ੇ ਨਾਲ ਸਮਾਜ ਨੂੰ ਜਾਗ੍ਰਿਤ ਕੀਤਾ, ਜਿੱਥੇ ਨਿਤਨੇਮ, ਸਿਮਰਨ, ਸੰਗਤ ਅਤੇ ਲੰਗਰ ਮੁੱਖ ਹਨ। ਪਰ ਅੱਜ ਕਈ ਵਾਰ ਇਹ ਰਸਮਾਂ ਬਣ ਗਈਆਂ ਹਨ, ਜਿਵੇਂ ਡੇਰੇ ਵਾਲੇ ਅਖੰਡ ਪਾਠ ਨੂੰ ਧੰਧੇ ਬਣਾ ਰਹੇ ਹਨ ਤੇ ਆਪਣੀ ਆਮਦਨ ਵਧਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਕਿਹਾ ਗਿਆ ਹੈ: "ਹਉ ਅਹੰਕਾਰੁ ਕਰੇ ਨਹੀ ਪਾਵੈ ॥ ਪਾਠ ਪੜੈ ਲੇ ਲੋਕ ਸੁਣਾਵੈ॥" - ਬਿਨਾਂ ਸਮਝੇ ਪਾਠ ਨਾਲ ਕੁਝ ਨਹੀਂ ਮਿਲਦਾ।

ਇਸ ਦੇ ਨਾਲ ਇਹ ਵੀ ਸਚ ਹੈ ਕਿ ਡਿਜੀਟਲ ਤਕਨੀਕ ਨੇ ਸਿੱਖ ਧਰਮ ਦੇ ਪ੍ਰਚਾਰ ਤੇ ਵਿਕਾਸ ਦਾ ਰਾਹ ਖੋਲ੍ਹਿਆ ਹੈ। ਇਸ ਦੀ ਸ਼ੁਰੂਆਤ 2000 ਦੇ ਦਹਾਕੇ ਵਿੱਚ ਹੋਈ ਸੀ, ਜਦੋਂ ਗੁਰਬਾਣੀ ਨੂੰ ਡਿਜਲੀਟਾਈਜ਼ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ। 2011 ਵਿੱਚ ਸਿੱਖ ਨੈਟ ਨੇ ਗੁਰਬਾਣੀ ਐਪਸਸ ਲਾਂਚ ਕੀਤੇ, ਜਿਵੇਂ ਨਿਤਨੇਮ ਗੁਟਕਾ, ਕੀਰਤਨ। ਇਹ ਐਪਸਸ ਗੁਰਮੁਖੀ ਵਿੱਚ ਬਾਣੀਆਂ ਪੜ੍ਹਨ, ਸੁਣਨ ਅਤੇ ਅਰਥ ਸਮਝਣ ਲਈ ਹਨ। ਉਦਾਹਰਨ ਲਈ, 'ਸਿੱਖ ਵਰਲਡ' ਐਪ ਵਿੱਚ ਲਾਈਵ ਕੀਰਤਨ ਹਰਿਮੰਦਰ ਸਾਹਿਬ ਤੋਂ ਸਟ੍ਰੀਮ ਹੁੰਦਾ ਹੈ, ਨਿਤਨੇਮ ਬਾਣੀਆਂ, ਹੁਕਮਨਾਮਾ ਅਤੇ ਗੁਰਦੁਆਰਾ ਲੋਕੇਸ਼ਨ ਫਾਈਂਡਰ ਹੈ। ਇਸ ਨੂੰ ਲੱਖਾਂ ਵਾਰ ਡਾਊਨਲੋਡ ਕੀਤਾ ਗਿਆ ਹੈ।

ਹੋਰ ਐਪਸ਼ ਵੀ ਹਨ ਜਿਵੇਂ 'ਸੁੰਦਰ ਗੁਟਕਾ', ਜੋ ਪੂਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਮੁਖੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਦਿੰਦਾ ਹੈ। 'ਸਿੱਖੀ ਵਾਈਬਜ਼' ਵਿੱਚ ਗੁਰੂ ਸਾਖੀਆਂ, ਬੇਬੀ ਨੇਮ ਅਤੇ ਗੁਰਦੁਆਰਾ ਡਾਇਰੈਕਟਰੀ ਹੈ। ਇਹ ਐਪਸ਼ ਵਿਦੇਸ਼ਾਂ ਵਿੱਚ ਰਹਿਣ ਵਾਲੇ ਸਿੱਖਾਂ ਲਈ ਵਰਦਾਨ ਹਨ, ਜੋ ਘਰ ਬੈਠੇ ਨਿਤਨੇਮ ਕਰ ਸਕਦੇ ਹਨ। 'ਸ਼੍ਰੋਮਣੀ ਕਮੇਟੀ ਨੇ ਡਿਜੀਟਲ ਪਲੇਟਫਾਰਮ ਬਣਾਇਆ ਹੈ, ਜਿੱਥੇ ਈ-ਟੈਂਡਰ, ਬੁੱਕਿੰਗ ਅਤੇ ਧਾਰਮਿਕ ਸੇਵਾਵਾਂ ਆਨਲਾਈਨ ਹਨ। ਪ੍ਰਵਾਸੀ ਸਿੱਖ ਆਧੁਨਿਕ ਸਰਾਵਾਂ। ਵਿਚ ਕਮਰੇ ਬੁਕ ਕਰ ਸਕਦੇ ਹਨ। ਦਰਬਾਰ ਸਾਹਿਬ ਤੋਂਆਨਲਾਈਨ ਕੀਰਤਨ ਸੁਣ ਸਕਦੇ ਹਨ। 'ਸਿੱਖਸ ਫ਼ਾਰ ਟੈਕਨਾਲੋਜੀ' ਵਰਗੀਆਂ ਸੰਸਥਾਵਾਂ ਵਿਕਾਸਸ਼ੀਲ ਖੇਤਰਾਂ ਵਿੱਚ ਤਕਨੀਕੀ ਸਿੱਖਿਆ ਦਿੰਦੀਆਂ ਹਨ।

ਡਿਜੀਟਲ ਭਗਤੀ ਨੇ ਆਸਥਾ ਨੂੰ ਵਿਸ਼ਵਵਿਆਪੀ ਬਣਾਇਆ ਹੈ, ਪਰ ਵਿਸ਼ਵਾਸ ਦਾ ਮੁੱਦਾ ਵੀ ਹੈ। ਕਈ ਲੋਕ ਡਰਦੇ ਹਨ ਕਿ ਐਪਸਸ ਰਾਹੀਂ ਪੈਸੇ ਲੁੱਟੇ ਜਾਣਗੇ ਜਾਂ ਰਸਮਾਂ ਨੂੰ ਘੱਟ ਕੀਤਾ ਜਾਵੇਗਾ। ਪਰ ਇਹ ਨਵੀਂ ਪੀੜ੍ਹੀ ਨੂੰ ਜੋੜ ਰਿਹਾ ਹੈ, ਜੋ ਬਿਜ਼ੀ ਲਾਈਫ਼ ਵਿੱਚ ਆਨਲਾਈਨ ਨਾਲ ਜੁੜਦੀ ਹੈ। ਸਿੱਖ ਧਰਮ ਵਿੱਚ ਵੀ ਇਹ ਚੱਲ ਰਿਹਾ ਹੈ, ਪਰ ਅਸਲ ਗਿਆਨ ਤੇ ਜ਼ੋਰ ਦੇਣਾ ਚਾਹੀਦਾ ਹੈ। ਭਵਿੱਖ ਵਿੱਚ ਏਆਈ ਨਾਲ ਵਰਚੁਅਲ ਗੁਰਦੁਆਰੇ ਤੇ ਲਾਈਵ ਕੀਰਤਨ ਵਧਣਗੇ। ਇਹ ਭਾਰਤੀ ਆਸਥਾ ਨੂੰ ਗਲੋਬਲ ਯੁਗ ਵਿੱਚ ਢਾਲ ਰਹੇ ਹਨ।





# ਅਮਰੀਕਾ ਅਜੇ ਵੀ ਭਾਰਤੀਆਂ ਦੀ ਪਹਿਲੀ ਪਸੰਦ ਕਿਉਂ ?

**ਖਾਸ ਖਬਰ**

## ✪ ਐਚ ਵਨ ਬੀ ਵੀਜ਼ਾ ਉਪਰ ਟਰੰਪ ਨੇ ਕਿਉਂ ਲਗਾਈ ਭਾਰੀ ਫੀਸ, ਨੌਕਰੀਆਂ ਦਾ ਸੰਕਟ ਕਿਉਂ ? ✪ ਵੀਜ਼ਾ ਰੁਕਾਵਟਾਂ ਦੇ ਬਾਵਜੂਦ ਅਮਰੀਕੀ ਸਿੱਖਿਆ ਦੀ ਚਮਕ ਬਰਕਰਾਰ

ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਵਿਵਾਦ ਅਜੇ ਵੀ ਜਾਰੀ ਹੈ। ਇਸ ਦੌਰਾਨ ਟਰੰਪ ਸਰਕਾਰ ਨੇ ਐਚ ਵਨ ਬੀ ਵੀਜ਼ਾ ਨੂੰ ਹੋਰ ਸਖ਼ਤ ਕਰ ਦਿੱਤਾ ਹੈ, ਜਿਸ ਨਾਲ ਨੌਕਰੀਆਂ ਲਈ ਸੰਕਟ ਵਧ ਗਿਆ ਹੈ। ਪਰ ਇਨ੍ਹਾਂ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਵੀ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਹਿਲੀ ਪਸੰਦ ਬਣਿਆ ਹੋਇਆ ਹੈ। 10 ਲੱਖ ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀਆਂ ਨਾਲ ਅਮਰੀਕਾ ਅੱਜ ਵੀ ਵਿਦੇਸ਼ੀ ਪੜ੍ਹਾਈ ਲਈ ਸਭ ਤੋਂ ਵੱਡਾ ਆਕਰਸ਼ਣ ਹੈ। ਦੁਨੀਆ ਭਰ ਤੋਂ ਵਿਦਿਆਰਥੀ ਇੱਥੇ ਅਧਿਐਨ, ਨਵੀਨਤਾ ਅਤੇ ਵਿਗਿਆਨਕ ਖੋਜ ਲਈ ਆਉਂਦੇ ਹਨ।

ਅਮਰੀਕਾ ਵਿੱਚ ਹਾਰਵਰਡ ਯੂਨੀਵਰਸਿਟੀ, ਮੈਸਾਚੂਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ, ਸਟੈਨਫੋਰਡ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਬਰਕਲੇ, ਪ੍ਰਿੰਸਟਨ ਅਤੇ ਯੇਲ ਯੂਨੀਵਰਸਿਟੀ ਵਰਗੇ ਦੁਨੀਆ ਦੇ ਸਭ ਤੋਂ ਟੌਪ ਰੈਂਕ ਵਾਲੇ ਸੰਸਥਾਨ ਹਨ। ਇਹ ਯੂਨੀਵਰਸਿਟੀਆਂ ਕਿਊ ਐਸ ਵਰਲਡ ਯੂਨੀਵਰਸਿਟੀ ਰੈਂਕਿੰਗ ਅਤੇ ਟਾਈਮਜ਼ ਹਾਇਰ ਐਜੂਕੇਸ਼ਨ ਵਰਗੀਆਂ ਗਲੋਬਲ ਰੈਂਕਿੰਗਾਂ ਵਿੱਚ ਹਮੇਸ਼ਾ ਟੌਪ ਤੇ ਰਹਿੰਦੀਆਂ ਹਨ। ਵਿਦਿਆਰਥੀਆਂ ਨੂੰ ਅਧਿਐਨ ਅਤੇ ਖੋਜ ਲਈ ਸਕਾਲਰਸ਼ਿਪ ਮਿਲਦੇ ਹਨ। ਸਰਕਾਰ ਵੱਲੋਂ ਯੂਨੀਵਰਸਿਟੀਆਂ ਨੂੰ ਖੋਜ ਲਈ ਕਰੋੜਾਂ ਡਾਲਰਾਂ ਦੀ ਗਰਾਂਟ ਮਿਲਦੀ ਹੈ। ਇਹ ਸਭ ਕੁਝ ਭਾਰਤੀ ਵਿਦਿਆਰਥੀਆਂ ਨੂੰ ਖਿੱਚਦਾ ਹੈ।

ਪਰ ਵੀਜ਼ਾ ਨਾਲ ਜੁੜੀਆਂ ਰੁਕਾਵਟਾਂ ਵੀ ਘੱਟ ਨਹੀਂ। ਰਾਸ਼ਟਰੀ ਸੁਰੱਖਿਆ ਅਤੇ ਅਮਰੀਕੀ ਨਾਗਰਿਕਾਂ ਲਈ ਨੌਕਰੀਆਂ ਵਧਾਉਣ ਦੇ ਨਾਂ ਤੇ ਟਰੰਪ ਪ੍ਰਸ਼ਾਸਨ ਦੀਆਂ ਨਵੀਆਂ ਪਾਲਿਸੀਆਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਮੁਸ਼ਕਲ ਬਣਾ ਦਿੱਤਾ ਹੈ। ਇਹਨਾਂ ਤਬਦੀਲੀਆਂ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਅਮਰੀਕਾ ਵਿੱਚ ਰਹਿਣ ਵਾਲੇ ਸਟੇਟਸ ਨੂੰ ਖ਼ਤਰੇ ਵਿੱਚ ਪਾ ਦਿੱਤਾ ਹੈ। ਪਰ ਫਿਰ ਵੀ ਜ਼ਿਆਦਾਤਰ ਲੋਕਾਂ ਦਾ ਮੰਨਣਾ ਹੈ ਕਿ ਉੱਚ ਸਿੱਖਿਆ ਲਈ ਅਮਰੀਕਾ ਹੀ ਸਭ ਤੋਂ ਵਧੀਆ ਬਦਲ ਹੈ। ਸਰਕਾਰੀ ਅੰਕੜਿਆਂ ਮੁਤਾਬਕ, ਵੀਜ਼ਾ ਰੁਕਾਵਟਾਂ ਕਾਰਨ ਅਗਸਤ 2025 ਵਿੱਚ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਵਿੱਚ ਸਭ ਤੋਂ ਵੱਧ 45 ਫੀਸਦੀ ਕਮੀ ਭਾਰਤੀ ਵਿਦਿਆਰਥੀਆਂ ਦੀ ਰਹੀ। ਇਸ ਨਾਲ ਭਾਰਤੀ ਵਿਦਿਆਰਥੀ ਕੈਨੇਡਾ, ਯੂਕੇ ਅਤੇ ਜਰਮਨੀ ਵਰਗੇ ਦੇਸ਼ਾਂ ਵੱਲ ਵੀ ਵੇਖ ਰਹੇ ਹਨ, ਪਰ ਅਮਰੀਕਾ ਦੀ ਚਮਕ ਅਜੇ ਵੀ ਘੱਟ ਨਹੀਂ ਹੋਈ।




ਭਾਰਤੀ ਵਿਦਿਆਰਥੀਆਂ ਦੀ ਰਾਏ ਵਿੱਚ, ਅਮਰੀਕਾ ਦੀ ਸਿੱਖਿਆ ਪ੍ਰਣਾਲੀ ਵਿਸ਼ਵ ਪੱਧਰੀ ਹੈ। ਇੱਥੇ ਸ਼ਠਓ (ਸਾਇੰਸ, ਟੈਕਨਾਲੋਜੀ, ਐਂਜੀਨੀਅਰਿੰਗ, ਮੈਥਸ) ਕੋਰਸਾਂ ਵਿੱਚ ਵਿਸ਼ਵਵਿਆਪੀ ਮੌਕੇ ਹਨ। ਗੂਗਲ, ਮਾਈਕ੍ਰੋਸਾਫਟ, ਅਮੇਜ਼ਨ ਅਤੇ ਟੈਸਲਾ ਵਰਗੀਆਂ ਕੰਪਨੀਆਂ ਨੇ ਭਾਰਤੀ ਟੈਲੰਟ ਨੂੰ ਹਮੇਸ਼ਾ ਅੱਗੇ ਵਧਾਇਆ ਹੈ।

2024-25 ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 3 ਲੱਖ ਤੋਂ ਵੱਧ ਸੀ, ਜੋ ਅੰਤਰਰਾਸ਼ਟਰੀ ਵਿਦਿਆਰਥੀਆਂ ਵਿੱਚੋਂ ਇੱਕ ਚੌਥਾਈ ਹੈ। ਪਰ 2025 ਵਿੱਚ ਵੀਜ਼ਾ ਅਪਰੂਵਲ ਰੇਟ ਵਿੱਚ 38 ਫੀਸਦੀ ਕਮੀ ਆਈ ਹੈ।

### ਐਚ ਵਨ ਬੀ ਵੀਜ਼ਾ ਬਾਰੇ ਟਰੰਪ ਨੇ ਭਾਰੀ ਫੀਸ ਕਿਉਂ ਲਗਾਈ

19 ਸਤੰਬਰ 2025 ਨੂੰ ਟਰੰਪ ਨੇ ਇੱਕ ਪ੍ਰਮੁਖ ਪ੍ਰਸ਼ਾਸਕੀ ਐਲਾਨ ਕੀਤਾ ਸੀ, ਜਿਸ ਵਿੱਚ ਨਵੇਂ ਐਚ ਵਨ ਬੀ ਵੀਜ਼ਾ ਪਟੀਸ਼ਨਾਂ ਲਈ 100,000 ਡਾਲਰ ਦੀ ਫੀਸ ਲਗਾਈ ਗਈ ਸੀ। ਇਹ ਫੀਸ 21 ਸਤੰਬਰ 2025 ਤੋਂ ਲਾਗੂ ਹੋ ਗਈ ਸੀ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਐਚ ਵਨ ਬੀ ਪ੍ਰੋਗਰਾਮ ਨੂੰ ਅਮਰੀਕੀ ਕਾਮਿਆਂ ਨੂੰ ਨੁਕਸਾਨ ਪਹੁੰਚਾਉਣ ਲਈ ਗਲਤ ਢੰਗ ਨਾਲ ਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਨੇ ਕਿਹਾ ਕਿ ਇਹ ਵੀਜ਼ਾ ਉੱਚ ਕੁਸ਼ਲ ਵਿਦੇਸ਼ੀ ਕਾਮਿਆਂ ਲਈ ਹੈ, ਪਰ ਕੁਝ ਕੰਪਨੀਆਂ ਇਸ ਨੂੰ ਸਸਤੇ ਅਤੇ ਘੱਟ ਕੁਸ਼ਲ ਮਜ਼ਦੂਰਾਂ ਨੂੰ ਲਿਆਉਣ ਲਈ ਵਰਤ ਰਹੀਆਂ ਹਨ, ਜਿਸ ਨਾਲ ਅਮਰੀਕੀ ਨੌਕਰੀਆਂ ਖ਼ਤਰੇ ਵਿੱਚ ਪੈ ਜਾਂਦੀਆਂ ਹਨ।

ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਸੀ ਕਿ ਇਹ ਫੀਸ ਸਿਰਫ਼ ਨਵੇਂ ਅਪਲਾਈ ਕਰਨ ਵਾਲਿਆਂ ਲਈ ਹੈ, ਜੋ ਅਮਰੀਕਾ ਦੇ ਬਾਹਰ ਹਨ। ਪੁਰਾਣੇ ਵੀਜ਼ਾ ਹੋਲਡਰਾਂ ਤੇ ਇਸ ਦਾ ਅਸਰ ਨਹੀਂ ਪਵੇਗਾ। ਪਰ ਇਹ ਫੈਸਲਾ ਟੈਕ ਇੰਡਸਟਰੀ ਲਈ ਵੱਡਾ ਝਟਕਾ ਸੀ। ਇੰਡੀਆ ਦੇ ਵਿਦੇਸ਼ ਮੰਤਰਾਲੇ ਨੇ ਵੀ ਇਸ ਬਾਰੇ ਚਿੰਤਾ ਜ਼ਾਹਰ ਕੀਤੀ ਸੀ ਅਤੇ ਕਿਹਾ ਸੀ ਕਿ ਇਹ ਅਮਰੀਕੀ ਇਨੋਵੇਸ਼ਨ ਨੂੰ ਨੁਕਸਾਨ ਪਹੁੰਚਾਏਗਾ।

ਇਸ ਨਾਲ ਅਮਰੀਕੀ ਆਰਥਿਕਤਾ ਨੂੰ ਵੀ ਝਟਕਾ ਲੱਗੇਗਾ। ਰਿਪੋਰਟਾਂ ਮੁਤਾਬਕ, 730,000 ਐਚ ਵਨ ਬੀ ਹੋਲਡਰ ਅਤੇ ਉਹਨਾਂ ਦੇ 550,000 ਨਿਰਭਰ ਵਿਅਕਤੀ ਅਮਰੀਕੀ ਆਰਥਿਕਤਾ ਨੂੰ 1.3 ਮਿਲੀਅਨ ਰੈਜ਼ੀਡੈਂਟਸ ਵਜੋਂ ਸਹਾਰਾ ਦਿੰਦੇ ਹਨ। ਇਹ ਲੋਕ ਟੈਕਸ ਅਦਾ ਕਰਦੇ ਹਨ ਅਤੇ ਵੱਡੀਆਂ ਕੰਪਨੀਆਂ ਨੂੰ ਚਲਾਉਂਦੇ ਹਨ। ਐਲਨ ਮਸਕ ਨੇ ਵੀ ਕਿਹਾ ਸੀ ਕਿ ਐਚ ਵਨ ਬੀ ਨੇ ਅਮਰੀਕਾ ਨੂੰ ਮਜ਼ਬੂਤ ਬਣਾਇਆ ਹੈ। ਪਰ ਟਰੰਪ ਦੀ ਇਸ ਪਾਲਿਸੀ ਕਾਰਣ ਟੈਲੰਟ ਨੂੰ ਜਰਮਨੀ ਜਾਂ ਕੈਨੇਡਾ ਵੱਲ ਵੱਲ ਜਾਣ ਦਾ ਡਰ ਹੈ।

ਪਰ ਇਹ ਸਭ ਹੋਣ ਤੇ ਵੀ ਭਾਰਤੀ ਵਿਦਿਆਰਥੀ ਅਮਰੀਕਾ ਨੂੰ ਛੱਡਣ ਨੂੰ ਤਿਆਰ ਨਹੀਂ। ਕਾਰਨ ਹੈ ਉੱਚ ਗੁਣਵੱਤਾ ਵਾਲੀ ਸਿੱਖਿਆ, ਵਿਸ਼ਵ ਪੱਧਰੀ ਰਿਸਰਚ ਅਤੇ ਨੌਕਰੀਆਂ ਦੇ ਮੌਕੇ। ਉਹਨਾਂ ਨੂੰ ਲੱਗਦਾ ਹੈ ਕਿ ਵੀਜ਼ਾ ਮੁਸ਼ਕਲਾਂ ਅਸਥਾਈ ਹਨ, ਪਰ ਅਮਰੀਕੀ ਡਿਗਰੀ ਜੀਵਨ ਬਦਲ ਦੇਂਦੀ ਹੈ।

# ਭਾਰਤ ਤੇ ਕੈਨੇਡਾ ਵਿਚਾਲੇ ਦੁਵੱਲੀ ਸਾਂਝੇਦਾਰੀ ਮਜਬੂਤ ਹੋਣ ਲੱਗੀ

## ✪ ਕੈਨੇਡਾ ਦੀ ਵਿਦੇਸ਼ ਮੰਤਰੀ ਵਲੋਂ ਪ੍ਰਧਾਨ ਮੰਤਰੀ ਮੋਦੀ ਅਤੇ ਜੈਸ਼ੰਕਰ ਨਾਲ ਮੁਲਾਕਾਤ

ਨਵੀਂ ਦਿੱਲੀ-ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਭਾਰਤ ਫੇਰੀ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੀ ਸਾਂਝੇਦਾਰੀ ਨੂੰ ਹੋਰ ਹੁਲਾਰਾ ਦੇਵੇਗੀ। ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਵਿਦੇਸ਼ ਮੰਤਰੀ ਆਨੰਦ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੀ ਫੇਰੀ ਦੁਵੱਲੇ ਸੰਬੰਧਾਂ ਨੂੰ ਨਵੀਂ ਊਰਜਾ ਦੇਵੇਗੀ। ਇਸ ਸਾਲ ਮਈ ਵਿਚ ਕੈਨੇਡਾ ਦੀ ਵਿਦੇਸ਼ ਮੰਤਰੀ ਬਣਨ ਤੋਂ ਬਾਅਦ ਅਨੀਤਾ ਆਨੰਦ ਦੀ ਇਹ ਪਹਿਲੀ ਭਾਰਤ ਯਾਤਰਾ ਹੈ।ਪੀ.ਐਮ.ਓ. ਮੁਤਾਬਿਕ ਪ੍ਰਧਾਨ ਮੰਤਰੀ ਮੋਦੀ ਨੇ ਜੂਨ 'ਚ ਜੀ-7 ਸੰਮੇਲਨ ਦੌਰਾਨ ਆਪਣੇ ਕੈਨੇਡਾ ਦੌਰੇ ਦੀ ਚਰਚਾ ਕੀਤੀ, ਜਿਸ 'ਚ ਉਨ੍ਹਾਂ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਨਾਲ 'ਬੇਹੱਦ ਲਾਭਕਾਰੀ' ਮੁਲਾਕਾਤ ਸੀ। ਇਸ ਮੌਕੇ ਪ੍ਰਧਾਨ ਮੰਤਰੀ ਨੇ ਕਿਹਾ ਕਿ ਵਪਾਰ, ਊਰਜਾ, ਤਕਨਾਲੋਜੀ, ਖੇਤੀਬਾੜੀ ਅਤੇ ਆਪਸੀ ਸੰਬੰਧਾਂ 'ਚ ਦੋਵਾਂ ਦੇਸ਼ਾਂ ਵਿਚਕਾਰ ਸਹਿਯੋਗ ਵਧਾਉਣਾ ਮਹੱਤਵਪੂਰਨ ਹੈ। ਮੋਦੀ ਨੇ ਕਾਰਨੀ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਉਹ ਹੋਰ ਮੀਟਿੰਗਾਂ ਦੀ ਉਮੀਦ ਕਰਦੇ ਹਨ। ਇਸ ਤੋਂ ਪਹਿਲਾਂ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਆਪਣੇ ਭਾਰਤੀ ਹਮਰੁਤਬਾ ਐਸ. ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਜੈਸ਼ੰਕਰ ਨੇ ਕਿਹਾ ਕਿ ਭਾਰਤ-ਕੈਨੇਡਾ ਦੁਵੱਲੇ ਸੰਬੰਧ ਪਿਛਲੇ ਦੋ ਮਹੀਨਿਆਂ ਵਿਚ ਲਗਾਤਾਰ ਅੱਗੇ ਵਧੇ ਹਨ। ਅਸੀਂ ਆਪਣੀ ਭਾਈਵਾਲੀ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਵਿਧੀਆਂ ਨੂੰ ਮੁੜ ਸ਼ੁਰੂ ਕਰਨ ਅਤੇ ਮਜ਼ਬੂਤ ਕਰਨ ਲਈ ਕੰਮ ਕਰ ਰਹੇ ਹਾਂ। ਜੈਸ਼ੰਕਰ ਨੇ ਕਿਹਾ ਕਿ ਦੋਵਾਂ ਧਿਰਾਂ ਨੇ ਇਸ ਮੀਟਿੰਗ ਵਿਚ ਆਪਸੀ ਸੰਬੰਧਾਂ ਨੂੰ ਹੋਰ ਅੱਗੇ ਵਧਾਉਣ ਲਈ ਇਕ ਉਤਸ਼ਾਹਜਨ ਖਾਕਾ ਤਿਆਰ ਕੀਤਾ ਹੈ, ਜੋ ਵਪਾਰ, ਨਿਵੇਸ਼, ਖੇਤੀਬਾੜੀ, ਵਿਗਿਆਨ ਅਤੇ ਤਕਨਾਲੋਜੀ,



ਸਿਵਲ ਪ੍ਰਮਾਣੂ ਸਹਿਯੋਗ, ਨਕਲੀ ਬੁੱਧੀ, ਮਹੱਤਵਪੂਰਨ ਖਣਿਜ ਤੇ ਊਰਜਾ ਸਮੇਤ ਵੱਖ-ਵੱਖ ਖੇਤਰਾਂ ਵਿਚ ਸਾਡੇ ਸਹਿਯੋਗ ਨੂੰ ਅੱਗੇ ਵਧਾਏਗਾ। ਮੈਨੂੰ ਖ਼ੁਸ਼ੀ ਹੈ ਕਿ ਦੋਵੇਂ ਹਾਈ ਕਮਿਸ਼ਨਰਾਂ ਨੇ ਆਪਣੀਆਂ-ਆਪਣੀਆਂ ਰਾਜਧਾਨੀਆਂ ਵਿਚ ਆਪਣੀਆਂ ਜ਼ਿੰਮੇਵਾਰੀਆਂ ਸੰਭਾਲ ਲਈਆਂ ਹਨ ਅਤੇ ਅੱਜ ਦੀਆਂ ਮੀਟਿੰਗਾਂ ਵਿਚ ਹਿੱਸਾ ਲੈ ਰਹੇ ਹਨ।

ਉਧਰ ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਆਨੰਦ ਨੇ ਕਿਹਾ ਕਿ ਅਸੀਂ ਅੱਜ ਨਵੀਂ ਦਿੱਲੀ ਵਿਚ ਤੁਹਾਡੇ ਨਾਲ ਕੈਨੇਡਾ-ਭਾਰਤ ਸੰਬੰਧਾਂ ਨੂੰ ਅੱਗੇ ਵਧਾਉਣ ਦੇ ਇਸ ਮੌਕੇ ਲਈ ਤਹਿ ਦਿਲੋਂ ਧੰਨਵਾਦੀ ਹਾਂ। ਪਹਿਲਾਂ ਮੈਂ 13 ਮਈ, ਜਦੋਂ ਮੈਨੂੰ ਕੈਨੇਡਾ ਦੀ ਵਿਦੇਸ਼ ਮੰਤਰੀ ਨਿਯੁਕਤ ਕੀਤਾ ਗਿਆ ਸੀ, ਤੋਂ ਸਾਡੀ ਗੱਲਬਾਤ ਲਈ ਤੁਹਾਡਾ ਧੰਨਵਾਦ ਕਰਨਾ ਚਾਹੁੰਦੀ ਹਾਂ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਕਾਰਨੀ ਕਨਾਨਾਸਕਿਸ ਵਿਚ ਜੀ-7 ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵਾਗਤ ਕਰਕੇ ਖੁਸ਼ ਹੋਏ, ਜਿੱਥੇ ਦੋਵਾਂ ਨੇਤਾਵਾਂ ਨੇ ਇਕ ਲਾਭਕਾਰੀ ਦੁਵੱਲੀ ਗੱਲਬਾਤ ਕੀਤੀ, ਜਿਸ ਨੇ ਅੱਜ ਸਾਡੀ ਚਰਚਾ ਨੂੰ ਸੇਧ ਦਿੱਤੀ ਹੈ ਅੱਜ ਅਸੀਂ ਭਾਰਤ-ਕੈਨੇਡਾ ਸਾਂਝੇ ਬਿਆਨ 'ਤੇ ਚਰਚਾ ਕਰਾਂਗੇ, ਜਿਸ 'ਚ ਕਈ ਮੁੱਦਿਆਂ ਨੂੰ ਸ਼ਾਮਿਲ ਕੀਤਾ ਜਾਵੇਗਾ ਜੋ ਸਾਡੇ ਦੁਵੱਲੇ ਸੰਬੰਧਾਂ ਨੂੰ ਹੋਰ ਵੀ ਉੱਚਾਈਆਂ ਤੱਕ ਉੱਚਾ ਚੁੱਕਣ ਦੇ ਕੰਮ ਨੂੰ ਅੱਗੇ ਵਧਾਉਣ ਵਿਚ ਮਦਦ ਕਰਨਗੇ।

# ਉਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ...

## ਸੱਥ ਚਰਚਾ

ਸ਼ਿਵਚਰਨ ਜੱਗੀ ਕੁੱਸਾ



"ਕੋਰੋਨਾ ਵਾਇਰਸ" ਦੀ ਦਹਿਸ਼ਤ ਹੋਣ ਕਾਰਨ ਉੱਤਰੀ ਲੰਡਨ ਦੀ "ਬਜ਼ੁਰਗ ਸਭਾ" ਦਾ ਮੀਟਿੰਗ ਹਾਲ ਕਈ ਹਫ਼ਤਿਆਂ ਤੋਂ ਸੁੰਨਾਂ "ਭਾਂਅ-ਭਾਂਅ" ਕਰ ਰਿਹਾ ਸੀ। ਮੀਟਿੰਗ ਹਾਲ ਗੁਰੂ ਘਰ ਦੀ ਵਿਸ਼ਾਲ ਇਮਾਰਤ ਦੀ ਇੱਕ ਨੁੱਕਰ ਵਿੱਚ ਹੀ ਸੀ। ਅੱਜ ਤਿੰਨ ਹਫ਼ਤਿਆਂ ਤੋਂ ਕੁੱਕੜਾਂ ਵਾਂਗ ਖੁੱਡਿਆਂ ਵਿੱਚ ਤਾੜੇ ਲੋਕ ਬਾਹਰ ਨਿਕਲੇ ਸਨ। ਮਸਾਂ ਸੁਖ ਦਾ ਸਾਹ ਆਇਆ ਸੀ। ਨਹੀਂ ਤਾਂ ਸਰਕਾਰ ਅਤੇ ਪ੍ਰਸ਼ਾਸਨ ਦੀਆਂ ਨਸੀਹਤਾਂ, ਪਾਬੰਦੀਆਂ ਨੇ ਲੋਕਾਂ ਦਾ ਘੰਡੀ ਵਿੱਚ ਸਾਹ ਰੋਕੀ ਰੱਖਿਆ ਸੀ। "ਕੋਰੋਨਾਂ - ਕੋਰੋਨਾਂ" ਸੁਣ ਕੇ ਲੋਕਾਂ ਦੇ ਕੰਨ ਪੱਕ ਗਏ ਸਨ। ਸਭਾ ਵਿੱਚੋਂ ਅਜੇ ਅਮਰੀਕ ਸਿੰਘ ਢਿੱਲੋਂ ਹੀ ਬਹੁੜਿਆ ਸੀ, ਬਾਕੀ ਬਜ਼ੁਰਗ ਮਿੱਤਰਾਂ ਦੇ ਪਹੁੰਚਣ ਦੀ ਉਸ ਨੂੰ "ਨਾਨਕਾ ਮੇਲ਼" ਵਾਂਗ ਉਡੀਕ ਸੀ। ਕੁਝ ਸਮੇਂ ਵਿੱਚ ਹੀ ਘਰਾਂ ਵਿੱਚ ਇਕਲਾਪੇ ਦੇ ਮਾਰੇ ਬਜ਼ੁਰਗ "ਆਹਣ" ਵਾਂਗ ਉਤਰ ਆਏ। ਉਹ ਇੱਕ-ਦੂਜੇ ਦੇ ਗਲ਼ ਲੱਗ-ਲੱਗ ਇਉਂ ਮਿਲ਼ ਰਹੇ ਸਨ, ਜਿਵੇਂ ਚੌਦਾਂ ਸਾਲ ਦਾ ਬਣਵਾਸ ਕੱਟ ਕੇ ਆਏ ਹੋਣ!

-"ਲੈ ਬਈ ਅੱਜ ਤਾਂ ਸੁੱਖ ਨਾ ਰੰਗ ਭਾਗ ਲੱਗ-ਗੇ...!"

-"ਤਾਂ ਹੀ ਤਾਂ ਸਿਆਣੇ ਕਹਿੰਦੇ ਐ, ਬਈ ਬੰਦਿਆਂ ਨਾਲ਼ ਈ ਰੌਣਕਾਂ ਹੁੰਦੀਐਂ...!"

-"ਸੁਣਾਓ ਜੀ ਢਿੱਲੋਂ ਸਾਅਬ, ਸਿਹਤਾਂ ਕਾਇਮ ਨੇ...?" ਦਿਲਬਾਗ ਸਿੰਘ ਚਾਹਲ ਨੇ ਆਉਣ ਸਾਰ ਅਮਰੀਕ ਸਿੰਘ ਢਿੱਲੋਂ ਨਾਲ਼ ਹੱਥ ਮਿਲ਼ਾਇਆ, ਜਿਵੇਂ ਕੋਈ ਸਿਆਸੀ ਸੰਧੀ ਕਰਨੀ ਹੋਵੇ।

-"ਜਮਾਂ ਈ ਲੋਟ ਐਂ ਚਾਹਲ ਸਾਅਬ, ਤੁਸੀਂ ਦੱਸੋ...?" ਅਮਰੀਕ ਸਿੰਘ ਢਿੱਲੋਂ ਦਾ ਬੋਲ ਦਿਲਬਾਗ ਸਿੰਘ ਚਾਹਲ ਨੂੰ "ਖੁੱਸਿਆ-ਖੁੱਸਿਆ" ਜਿਹਾ ਲੱਗਿਆ।

-"ਕਿਵੇਂ ਪੈਂਚਰ ਜੇ ਹੋਏ ਬੋਲਦੇ ਓਂ...? ਕਿਤੇ ਕਰੋਨਾ ਤਾਂ ਨੀ ਕਲੋਲ ਕਰ ਗਿਆ...?" ਚਾਹਲ ਨੇ ਵਿਅੰਗ ਕਸਿਆ।

-"ਜੇ ਕਰੋਨੇ ਨੇ ਕਲੋਲ ਕੀਤੀ ਹੁੰਦੀ, ਹੁਣ ਨੂੰ ਐਥੇ ਬੈਠੇ ਹੁੰਦੇ...? ਫ਼ੇਰ ਤਾਂ ਹੁਣ ਨੂੰ ਚੜ੍ਹ ਗਏ ਹੁੰਦੇ ਤੱਕੜ 'ਤੇ...!"

-"ਹੁਣ ਨੂੰ ਤਾਂ ਸਹਿਜ ਪਾਠ ਦਾ ਭੋਗ ਵੀ ਪੈ ਗਿਆ ਹੁੰਦਾ, ਚਾਹਲ ਸਾਅਬ...!" ਅਖਾੜਾ ਪਿੰਡ ਵਾਲ਼ੇ ਸ਼ਰਮਾਂ ਜੀ ਨੇ ਗੱਲ ਅੱਧ ਵਿੱਚ ਹੀ ਬੋਚ ਕੇ ਰੇਖ 'ਚ ਮੇਖ ਮਾਰੀ।

-"ਤੁਸੀਂ ਸੁਣਾਓ ਸ਼ਰਮਾਂ ਜੀ...?"

-"ਮੈਂ ਵੀ ਥੋੜੇ ਨਾਲ਼ ਈ ਆਂ...! ਮੈਂ ਕਿਹੜਾ ਝੰਡਾ ਚੱਕ ਕੇ ਪ੍ਰਲੋਕ ਚਲਿਆ ਜਾਣਾ ਸੀ...?" ਸ਼ਰਮਾਂ ਜੀ ਅੱਖਾਂ ਮੀਟ ਕੇ ਗੁੱਝਾ ਜਿਹਾ ਹੱਸ ਪਏ।

-"ਊਂ ਇੱਕ ਗੱਲ ਹੋਰ ਐ, ਸ਼ਰਮਾਂ ਜੀ...!" ਨੰਬਰਦਾਰ ਸਾਹਿਬ ਨੇ ਵਾਰੀ ਲਈ ਤਾਂ ਸਾਰੇ ਉਸ ਵੱਲ ਝਾਕਣ ਲੱਗ ਪਏ।

-"ਓਹ ਕਿਹੜੇ "ਸੀਲ" ਹੁੰਦੇ ਐ...?"



ਨੰਬਰਦਾਰ ਸਾਹਿਬ ਨੇ ਦਿਮਾਗ 'ਤੇ ਧੱਫਾ ਜਿਹਾ ਮਾਰਿਆ, ਜਿਵੇਂ "ਘਿਰੜ-ਘਿਰੜ" ਕਰਦੇ ਰੇਡੀਓ 'ਤੇ ਮਾਰੀਦੈ।

-"ਸੀਲ...??" ਸਾਰੇ ਹੈਰਾਨ ਜਿਹੇ ਹੋ ਕੇ ਨੰਬਰਦਾਰ ਵੱਲ ਝਾਕੇ।

-"ਸੰਘਰਸ਼-ਸ਼ੀਲ...?" ਦਿਲਬਾਗ ਸਿੰਘ ਚਾਹਲ ਨੇ ਜਮਾਤ ਦੇ "ਮੁਨੀਟਰ" ਵਾਂਗ ਪਹਿਲ ਕੀਤੀ।

-"ਓਏ ਕਾਹਨੂੰ...! ਇੱਕ ਹੋਰ "ਸੀਲ" ਹੁੰਦੇ ਐ, ਯਾਰ...!"

-"ਤਰਕਸ਼ੀਲ...?"

-"ਆਹ....! ਜਮਾਂ ਓਹੀ...!! ਤਰਕਸ਼ੀਲ...!! ਤਰਕਸ਼ੀਲ ਤੇ ਵਿਗਿਆਨੀ ਕਦੋਂ ਦੇ "ਗਲੋਬਲ ਵਾਰਮਿੰਗ" ਤੇ ਪ੍ਰਦੂਸ਼ਣ ਬਾਰੇ ਪਿੱਟੀ ਜਾਂਦੇ ਸੀ, ਕਿਸੇ ਨੇ ਕੰਨ ਈ ਨੀ ਸੀ ਕਰਿਆ, ਤੇ ਰੱਬ ਨੇ ਕੋਰੋਨਾ ਵਾਇਰਸ ਆਲ਼ਾ ਇੱਕੋ ਪੈਰ ਦੜੱਕਾ ਮਾਰਿਆ, ਵਾੜਤੇ ਨ੍ਹਾਂ ਲੋਕ ਭੇਡਾਂ ਬੱਕਰੀਆਂ ਮਾਂਗੂੰ ਘਰਾਂ 'ਚ...? ਕਾਰਾਂ ਬੱਸਾਂ ਦੀ ਤਾਂ ਗੱਲ ਛੱਡੋ, ਰੋਕਤੇ ਨ੍ਹਾਂ ਵੱਡੇ-ਵੱਡੇ ਜਹਾਜ ਤੇ ਸ਼ਿੱ

-"ਕਹਿੰਦੇ ਨੀ ਹੁੰਦੇ...? ਜਦੋਂ ਰੱਬ ਦਾ ਰੈਂਗੜਾ ਫ਼ਿਰਦੈ, 'ਵਾਜ ਨੀ ਕਰਦਾ...!" ਬਚਨ ਸਿਉਂ ਬੋਲਿਆ।

-"ਬਚਨ ਸਿਆਂ, ਤੂੰ ਆਬਦੀ ਹਰ ਗੱਲ 'ਚ ਰੱਬ ਆਲ਼ਾ ਫਾਨਾਂ ਨਾ ਠੋਕਿਆ ਕਰ...!" ਕਾਮਰੇਡ ਗੱਜਣ ਸਿਉਂ ਨੂੰ ਰੱਬ ਦੇ ਨਾਂ ਤੋਂ ਖਿਝ ਸੀ।

-"ਚੱਲ ਕੌਮਨਸ਼ਟਾ ਤੂੰ ਦੱਸ ਲੈ...? ਜੇ ਤੇਰੇ ਤੋਂ ਰੱਬ ਦੇ ਘਰ ਦੀ ਨੀ ਸੁਣੀ ਜਾਂਦੀ, ਤੂੰ ਕੋਈ ਜੱਗ ਦੀ ਸੁਣਾ ਲੈ...!" ਗਿਆਨੀ ਬੋਹੜ ਸਿੰਘ ਨੇ ਕਾਮਰੇਡ ਨੂੰ ਕਿਹਾ। ਉਹ ਮਜ਼ਾਕ ਨਾਲ਼ ਕਮਿਊਨਿਸਟਾਂ ਨੂੰ "ਕੌਮਨਸ਼ਟ" ਅਤੇ ਤਰਕਸ਼ੀਲਾਂ ਨੂੰ "ਨਰਕਸ਼ੀਲ" ਆਖਦਾ ਹੁੰਦਾ। ਪਰ ਉਸ ਦਾ ਕੋਈ ਗੁੱਸਾ ਨਾ ਕਰਦਾ। ਸਭਾ ਵਿੱਚ ਸਾਰੇ ਇੱਕ ਪ੍ਰੀਵਾਰ ਵਾਂਗ ਵਿਚਰਦੇ।

-"ਜਿੰਨ੍ਹਾਂ ਦੇ ਸਿਰ 'ਤੇ ਇੱਕ ਦੂਜੇ ਮੁਲਕ ਨੂੰ ਡਰਾਇਆ ਧਮਕਾਇਆ ਜਾਂਦਾ ਸੀ, ਕਿੱਥੇ ਗਏ ਦੁਨੀਆਂ ਦੇ ਆਫਰੇ ਮੁਲਕਾਂ ਦੇ ਪ੍ਰਮਾਣੂੰ ਹਥਿਆਰ, ਮਿਜ਼ਾਈਲਾਂ, ਤੇ ਅੱਗ ਲੱਗੜੇ ਲੜਾਕੂ ਜਹਾਜ਼...? ਆਬਦੀਆਂ-ਆਬਦੀਆਂ ਫ਼ੌਜਾਂ ਦੇ ਸਿਰ 'ਤੇ ਵੱਡੀਆਂ-ਵੱਡੀਆਂ ਟਾਹਰਾਂ ਮਾਰਨ ਵਾਲ਼ੇ ਦੇਸ਼ ਵੜ ਗਏ ਨ੍ਹਾਂ ਜਿੱਥੋਂ ਨਿਕਲ਼ੇ ਸੀ..? ਵੱਡਿਆਂ ਨਾਢੂ ਖਾਨਾਂ ਦੀ ਔਕਾਤ ਕੀ ਐ, ਕੁਦਰਤ ਨੇ ਮਿੰਟ 'ਚ ਸਾਹਮਣੇ ਦਿਖਾ-ਤੀ...! ਕੀ ਵੱਡਾ, ਕੀ ਛੋਟਾ, ਇੱਕ ਦੂਜੇ ਨੂੰ ਢਾਹੁੰਣ ਲਈ ਮੁੱਛ 'ਤੇ ਮੋਰ ਬਿਠਾਈ ਫ਼ਿਰਦੇ ਸੀ, ਹੁਣ ਦੇਖੋ ਕਿਵੇਂ ਡਰੇ ਕੁੱਤੇ ਮਾਂਗੂੰ ਚੱਡਿਆਂ 'ਚ ਪੂਛ ਦੇਈ ਫ਼ਿਰਦੇ ਐ...?"

-"ਪੈਸਾ ਬਣਾਉਣ ਤੇ ਅੱਗੇ ਨਿਕਲਣ ਦੀ ਅੰਨ੍ਹੀ ਦੌੜ 'ਚ ਅਸੀਂ ਕੁਦਰਤ ਨੂੰ ਤਾਂ ਟਿੱਲੇ ਆਲ਼ਾ ਸਾਧ ਈ ਸਮਝ ਲਿਆ ਸੀ, ਜਦੋਂ ਕੋਈ ਕੁਦਰਤ ਦੇ ਅਸੂਲਾਂ ਤੇ ਵਸੀਲਿਆਂ ਦਾ ਘਾਣ ਕਰਦੈ, ਤਾਂ ਕੁਦਰਤ ਇਉਂ ਈ ਨਾਸਾਂ ਪਰਨੇ ਮਾਰਦੀ ਐ...!" ਅਮਰੀਕ ਸਿੰਘ ਢਿੱਲੋਂ ਨੇ ਆਪਣੀ ਗੱਲ ਰੱਖੀ।

-"ਪਰ ਢਿੱਲੋਂ ਸਾਅਬ ਇੱਕ ਗੱਲ ਹੋਰ ਸੋਚਣ ਵਾਲ਼ੀ ਐ...!" ਸ਼ਰਮਾਂ ਜੀ ਨੇ ਮੁੜ ਗੱਲ ਤੋਰੀ।

-"ਕਿਹੜੀ...?" ਸਾਰੇ ਤੁੱਕਿਆਂ ਵੱਲ ਝਾਕਦੇ ਬੋਕ ਵਾਂਗ ਓਧਰ ਝਾਕਣ ਲੱਗ ਪਏ।

-"ਇੱਕ ਦੂਜੇ ਨੂੰ ਮਿਟਾਉਣ, ਜਾਂ ਖਤਮ ਕਰਨ ਵਾਸਤੇ ਅਸੀਂ ਅਰਬਾਂ ਖਰਬਾਂ ਡਾਲਰ, ਪੌਂਡ ਜਾਂ ਰੁਪਈਏ ਖਰਚ ਕਰੀ ਜਾਨੇ ਆਂ, ਪਰ ਆਪਣੀਆਂ ਅਗਲੀਆਂ ਪੀੜ੍ਹੀਆਂ ਦੇ ਬਚਾਅ ਲਈ ਅਸੀਂ ਇੱਕ ਵੀ ਹੀਲਾ ਕਰਨ ਬਾਰੇ ਨੀ ਸੋਚਦੇ...?"

-"ਗੱਲ ਸ਼ਰਮਾਂ ਜੀ ਦੀ ਲੱਖ ਰੁਪਈਏ ਦੀ ਐ...!" ਨੰਬਰਦਾਰ ਸਾਹਿਬ ਨੇ ਸ਼ਰਮਾਂ ਜੀ ਦੀ ਗੱਲ ਦੀ ਪ੍ਰੋੜਤਾ ਕੀਤੀ।

-"ਰੁੱਖ, ਪਾਣੀ, ਨਦੀਆਂ, ਪਹਾੜਾਂ ਦੀ ਅਹਿਮੀਅਤ ਭੁਲਾ ਕੇ ਅਸੀਂ ਆਪਹੁਦਰੇ ਬਣੇ ਹੋਏ ਸੀ, ਵਾਇਰਸ ਦੇ ਇੱਕ ਧੱਫੇ ਨੇ ਸਾਰੀ ਦੁਨੀਆਂ ਨੂੰ ਇੱਕ ਖੂੰਜੇ ਨੂੰ ਧੱਕ ਦਿੱਤਾ, ਸਾਰਾ ਸੰਸਾਰ ਇੱਕ ਵਾਇਰਸ ਅੱਗੇ ਬੇਵੱਸ ਹੋਇਆ ਬੈਠੈ ਕਿ ਨਹੀਂ...? ਜਿਹੜੇ ਘਰਾਂ ਅੱਗੇ ਪਹਿਲਾਂ "ਜੀ ਆਇਆਂ ਨੂੰ" ਦਾ ਫੱਟਾ ਲੱਗਿਆ ਹੁੰਦਾ ਸੀ, ਹੁਣ "ਅੰਦਰ ਆਉਣਾ ਸਖ਼ਤ ਮਨ੍ਹਾਂ ਹੈ" ਲਿਖਾਈ ਫ਼ਿਰਦੇ ਐ..!"

-"ਕੁਦਰਤ ਦੇ ਰੰਗ ਮਾਨਣ ਲਈ ਤਾਂ ਸਾਡੇ ਕੋਲ਼ੇ ਵਿਹਲ਼ ਈ ਨੀ ਸੀ...!"

-"ਇੱਕ ਗੱਲ ਹੋਰ ਵੀ ਸੋਚਣ ਆਲ਼ੀ ਐ ਮਿੱਤਰ ਪਿਆਰਿਓ...!" ਰਣਜੀਤ ਚੱਕ ਤਾਰੇਵਾਲ਼ ਨੇ ਹੋਰ ਨਵੀਂ ਗੱਲ ਸ਼ੁਰੂ ਕੀਤੀ।

-"ਕੋਰੋਨਾਂ ਦਾ ਡਰਾਮਾ ਖੜ੍ਹਾ ਕਰ ਕੇ ਸਟੌਕ ਮਾਰਕੀਟ ਬਿਲਕੁਲ ਹੇਠਾਂ ਸਿੱਟੀ ਗਈ। ਸਰਕਾਰਾਂ ਵੱਲੋਂ "ਬੇਲ-ਆਊਟ" ਲਈ ਬਿਲੀਅਨਜ਼ ਡਾਲਰ ਕੰਪਨੀਆਂ ਨੂੰ ਦਿੱਤੇ ਗਏ। ਇਸ ਮੌਕੇ ਦਾ ਲਾਹਾ ਲੈਂਦਿਆਂ ਦੁਨੀਆਂ ਦੀਆਂ ਮਹਾਂ ਪਾਵਰਾਂ ਨੇ ਪਿਛਲੇ ਦਰਵਾਜੇ ਰਾਹੀਂ ਦੋ ਟਰਿਲੀਅਨਜ਼ ਦੇ ਦਿੱਤੇ, ਸਟੌਕ ਖਰੀਦਿਆ, ਜਾਂ ਬੇਲ-ਆਊਟ ਕੀਤਾ? ਪਿਛਲੇ ਕੁਛ ਦਿਨਾਂ ਤੋਂ ਸਟੌਕ ਫ਼ੇਰ ਚੜ੍ਹਨ ਲੱਗ ਪਏ। ਅਗਲੇ ਦੋ-ਚਾਰ ਹਫ਼ਤੇ ਵਿੱਚ ਕੋਰੋਨਾਂ ਦੇ ਕੇਸ ਵੀ ਸਕਰੀਨਾਂ 'ਤੇ ਘੱਟ ਦਿਸਣ ਲੱਗ ਜਾਣਗੇ...! ਆਮ ਲੋਕਾਂ ਦਾ ਪੈਸਾ ਗੌਰਮਿੰਟਾਂ ਅਤੇ ਕਾਰਪੋਰੇਟਾਂ ਰਲ਼-ਮਿਲ਼ ਕੇ ਹਜ਼ਮ ਕਰ ਜਾਣਗੀਆਂ। ਇਸ ਕੋਰੋਨਾ ਡਰਾਮੇਂ ਤੋਂ ਬਾਅਦ ਲੋਕਾਂ ਦੀ ਜ਼ਿੰਦਗੀ ਹੋਰ ਔਖੀ ਹੋਊਗੀ, ਤੇ ਜਿਹੜੀ ਹੁਣ ਸੌ ਬਿਲੀਅਨ ਦੀ ਕੰਪਨੀ ਐਂ, ਉਹ ਡੇਢ੍ਹ ਸੌ ਬਿਲੀਅਨ ਦੀ ਹੋ ਜਾਊਗੀ। ਲੋਕ ਜਾਨ ਬਚੀ ਕਰ ਕੇ ਰੱਬ ਦਾ ਸ਼ੁਕਰ ਕਰਨਗੇ, ਤੇ ਇਹ ਠੱਗ ਵਣਜਾਰੇ ਉਹਨਾਂ ਭੋਲ਼ੇ ਲੋਕਾਂ ਨੂੰ ਦੇਖ ਕੇ ਅੰਦਰੇ-ਅੰਦਰ ਹੱਸਣਗੇ ਤੇ ਕੱਛਾਂ ਵਜਾਉਣਗੇ, ਬਈ ਇਹ ਤਾਂ ਪੈਦਾ ਈ ਲੁੱਟੇ ਜਾਣ ਲਈ ਹੋਏ ਨੇ, ਇਹਨਾਂ ਨੂੰ ਜਿਵੇਂ ਮਰਜ਼ੀ ਐ ਧਰ ਕੇ ਠੱਗੋ, ਇਹਨਾਂ ਲਾਈਲੱਗਾਂ ਨੇ ਕਿਹੜਾ ਬੋਲਣੈ...? ਇਹ ਤਾਂ ਮੋਮ ਦੇ ਨੱਕ ਐ, ਜਿੱਧਰ ਮਰਜ਼ੀ ਐ, ਮੋੜ ਲਓ...!"

-"ਇਹਨਾਂ ਗੱਲਾਂ ਨੂੰ ਡੂੰਘਾਈ ਨਾਲ਼ ਸਮਝੂ ਕੌਣ, ਤੇ ਇਤਬਾਰ ਕੌਣ ਕਰੂ...?" ਸ਼ਰਮਾਂ ਜੀ ਨੇ ਉਦਾਸੀ ਅਤੇ ਨਿਰਾਸ਼ਤਾ ਦੇ ਆਲਮ ਵਿੱਚ ਸਿਰ ਫ਼ੇਰਿਆ।

-"ਇਹਦਾ ਮਤਲਬ ਅਸੀਂ ਸਾਰੇ ਬੱਠਲ਼ ਸਿਰੇ ਈ ਤੁਰੇ ਫ਼ਿਰਦੇ ਆਂ...?" ਨਿਰੰਜਣ ਸਿੰਘ ਪੁਕਾਰ ਉਠਿਆ।

-"ਸਰਕਾਰਾਂ, ਪੂੰਜੀਪਤੀ ਤੇ ਕਾਰਪੋਰੇਟ ਤਾਂ ਸਾਨੂੰ ਇਹੀ ਸਮਝ ਰਹੇ ਆ...!" ਰਣਜੀਤ ਚੱਕ ਤਾਰੇਵਾਲ਼ ਨੇ ਉਤਰ ਦਿੱਤਾ।

-"ਪਰ ਮੈਂ ਸਹੇ ਤੋਂ ਵੱਧ ਪਹੇ ਨੂੰ ਰੋਨੈ...!"

..."ਓਹ ਕਿਵੇਂ...?"

-"ਦੁਨੀਆਂ ਭਰ ਦੇ ਲੋਕਾਂ ਨੇ ਕੋਰੋਨਾ ਦਾ ਕਹਿਰ ਝੱਲਿਆ ਤੇ ਝੱਲ ਵੀ ਰਹੇ ਐ, ਪਰ ਕੋਰੋਨੇ ਦੇ ਸੰਤਾਪ ਤੋਂ ਬਾਅਦ ਅਗਲੀਆਂ ਵੱਡੀਆਂ ਮੁਸ਼ਕਿਲਾਂ, ਆਰਥਿਕ ਮੰਦਹਾਲੀ ਤੇ ਭੁੱਖਮਰੀ ਵੀ ਸਿਰ 'ਤੇ ਆ ਖੜ੍ਹਨੀਐਂ....! "ਬਰੈਗਜ਼ਿੱਟ" ਦੇ ਹੱਕ ਵਿਚ ਢੰਡੋਰਾ ਪਿੱਟਣ ਵਾਲਿਆਂ ਨੂੰ ਹੁਣ ਸੁਰਤ ਜ਼ਰੂਰ ਆਈ ਹੋਊ,

ਬਾਕੀ ਹਿਸਾ ਸਫ਼ਾ 65 ਤੇ ਪੜ੍ਹੋ

64 ਸਫ਼ੇ ਦੀ ਬਾਕੀ

ਬਈ ਪੂਰਬੀ ਯੂਰਪ ਵਿੱਚੋਂ ਕਾਮੇਂ ਰੁਕ ਜਾਣ ਕਾਰਨ ਕਿਸੇ ਹੱਦ ਤੱਕ ਕੰਮ ਖੜ੍ਹੇ ਐ ਕਿ ਨਹੀਂ ਖੜ੍ਹੇ..? ਤੇ ਇੱਕ ਹੋਰ ਵੱਡਾ ਖ਼ਤਰਾ ਲੱਗਭੱਗ ਸੱਤ ਕਰੋੜ ਘਰ-ਘਾਟ ਛੱਡ ਕੇ ਰਿਫ਼ਿਊਜੀ ਕੈਂਪਾਂ ਵਿਚ ਰਹਿ ਰਹੇ ਲੋਕਾਂ ਦਾ ਐ, ਜੋ ਦੁਨੀਆਂ ਦੇ ਹਰ ਖਿੱਤੇ 'ਚ ਨੇ..! ਜਿਹਨਾਂ ਕੋਲ਼ ਹੱਥ ਧੋਣ ਲਈ ਸਾਫ਼ ਪਾਣੀ ਤੱਕ ਵੀ ਨਹੀਂ, ਉਹਨਾਂ ਨੂੰ ਗੌਰਮਿੰਟਾਂ ਕਿਹੜੇ ਖਾਤੇ 'ਚ ਪਾਉਣਗੀਆਂ...? ਸਭ ਤੋਂ ਵੱਡਾ ਖ਼ਤਰਾ ਤੇ ਵੰਗਾਰ ਤਾਂ ਉਹ ਲੋਕ ਬਣਨਗੇ...!" ਰਣਜੀਤ ਚੱਕ ਤਾਰੇਵਾਲ਼ ਹਰ ਵਾਰ ਫ਼ਿਲਾਸਫ਼ਰਾਂ ਵਾਂਗ ਗੱਲ ਕਰਦਾ ਅਤੇ ਆਪਣੀ ਗਜ ਵਰਗੀ ਉਂਗਲ਼ ਅਗਲੇ ਦੀਆਂ ਨਾਸਾਂ 'ਚ ਦੇਣ ਤੱਕ ਜਾਂਦਾ।

-"ਪੰਜਾਬ 'ਵਿਚ ਪੁਲ਼ਸ ਨੇ ਦੇਖ ਲਓ ਲੋਕਾਂ ਨਾਲ਼ ਕੀ ਵਰਤਾਓ ਕੀਤਾ-!" ਬਚਨ ਸਿੰਘ ਨੇ ਗੱਲ ਦੀ ਸ਼ਿਸ਼ਤ ਮੁੜ ਪੰਜਾਬ ਵੱਲ ਸਿੰਨ੍ਹੀ।

-"ਯਾਰ ਲੋਕ ਕਿਹੜਾ ਟਿਕਦੇ ਸੀ..? ਜਦੋਂ ਕਰਫ਼ਿਊ ਲਾ ਈ ਦਿੱਤਾ, ਚੁੱਪ ਕਰ ਕੇ ਘਰੇ ਬੈਠਦੇ, ਬਾਹਰ ਜਾ ਕੇ ਕੜਛ ਮਾਂਜਣਾਂ ਸੀ...?"

-"ਨਿੱਤ ਦਿਹਾੜੀ ਕਰ ਕੇ ਖਾਣ ਵਾਲ਼ੇ ਘਰਾਂ ਵਿਚ ਕਿਵੇਂ ਬਹਿੰਦੇ..? ਭੁੱਖੇ ਜੁਆਕ ਕਿਤੇ ਜਰੇ ਜਾਂਦੇ ਐ..?"

-"ਨਾਲ਼ੇ ਚਿੱਟਾ ਵੇਚਣ, ਜਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲ਼ਿਆਂ ਦੇ ਤਾਂ ਪੁਲ਼ਸ ਨੇ ਛਿੱਤਰ ਫੇਰਿਆ ਨਾ...? ਹੁਣ ਗਰੀਬ ਤੇ ਮਜਬੂਰ ਦਿਹਾੜੀਦਾਰਾਂ ਨੂੰ ਫੜ-ਫੜ ਕੁੱਟੀ ਜਾਂਦੇ ਸੀ...! ਸੁਆਦ ਤਾਂ ਫੇਰ ਸੀ, ਜੇ ਵੱਡੇ ਮਗਰਮੱਛਾਂ ਦੇ ਝਾਂਬਾ ਫੇਰਦੇ...!"

-"ਇਸ ਕੋਰੋਨਾ ਵਾਇਰਸ ਨਾਲ਼ ਦੁਨੀਆਂ 'ਚ ਬਹੁਤ ਵੱਡਾ ਬਦਲਾਓ, ਜਾਗਰਤੀ ਤੇ ਇਨਕਲਾਬ ਜ਼ਰੂਰ ਆਊ..!"

-"ਸਭ ਤੋਂ ਵੱਡੀ ਬਿਜਲੀ ਤਾਂ ਹੁਣ ਸਾਧ ਲਾਣੇਂ 'ਤੇ ਡਿੱਗੂ...!" ਡਾਕਟਰ ਪਰਮਜੀਤ ਧੰਜੂ ਬੋਲਿਆ।

-"ਡਿੱਗਣੀ ਈ ਐਂ..! ਹੁਣ ਕਿਸੇ ਸਾਧ ਨੇ ਸ਼ਕਤੀ ਦਿਖਾਈ...?" ਬਾਬਾ ਬਖਤੌਰਾ ਬੱਗੀਆਂ ਮੁੱਛਾਂ ਵਿੱਚੋਂ ਮੁਛਕੜੀਏਂ ਹੱਸਿਆ।

-"ਸਾਧ ਲਾਣੇ ਨੇ ਵੀ ਦੁਨੀਆਂ ਦਾ ਵਿਸ਼ਵਾਸ ਗੁਆ ਲਿਆ...! ਹੁਣ ਲੋਕ ਸੁਆਲ ਕਰਿਆ ਕਰਨਗੇ, ਬਈ ਬਾਬਾ ਜੀ, ਤੁਸੀਂ ਕਰੋਨੇ ਵੇਲ਼ੇ ਕਿੱਥੇ ਸੀ...? ਦੱਸੋ ਕੀ ਉਤਰ ਦੇਣਗੇ...? ਬਈ ਅਸੀਂ ਕੁਬੇਰ ਪਰਬਤ 'ਤੇ ਤਪੱਸਿਆ ਕਰਨ ਗਏ ਵੇ ਸੀ...?" ਪਰਮਜੀਤ ਰਤਨਪਾਲ ਦੇ ਕਹਿਣ 'ਤੇ ਹਾਸੜ ਪੈ ਗਈ।

-"ਲਓ ਜੀ ਕਵੀ ਸਾਅਬ ਵੀ ਆਗੇ...!" ਕਿਸੇ ਨੇ ਕਵੀ ਨੂੰ ਅੰਦਰ ਆਉਂਦਿਆਂ ਦੇਖ ਕੇ ਕਿਹਾ।

-"ਆਓ ਜੀ ਲੇਖਕ ਜੀ, ਜੀ ਆਇਆਂ ਨੂੰ...!"

-"ਹੁਣ ਇਹਨਾਂ ਦੀ ਕਵਿਤਾ ਦਾ ਰੁੱਖ ਵੀ ਬਦਲ-ਜੂ...!"

-"ਓਹ ਕਿਵੇਂ...?"

-"ਅੱਗੇ ਲਿਖਦੇ ਸੀ, "ਤੇਰੀ ਆਈ ਮੈਂ ਮਰਜਾਂ, ਤੇਰਾ ਵਾਲ਼ ਵਿੰਗਾ ਨਾ ਹੋਵੇ...!" ...ਤੇ ਹੁਣ ਲਿਖਿਆ ਕਰਨਗੇ; "ਮਿਲਣੇ ਨੂੰ ਛੱਡ ਸੋਹਣੀਏਂ, ਕਿਤੇ ਮੈਨੂੰ ਵੀ ਕਰੋਨਾਂ ਨਾ ਕਰਾਦੀਂ...!"

-"ਮਿਲਣੇ ਨੂੰ ਛੱਡ ਬੱਲੀਏ, ਕਿਤੇ ਪੁੜਿਆਂ 'ਚ ਡਾਗਾਂ ਨਾ ਪੁਆਦੀਂ...!"

ਹਾਸੜ ਪੈ ਗਈ।

-"ਕਵੀ ਸਾਅਬ, ਮੂੰਹ 'ਤੇ ਨੀਲ ਜੇ ਪਏ ਲੱਗਦੇ ਐ...?"

-"ਘਰਵਾਲ਼ੀ ਨੂੰ ਕਵਿਤਾਵਾਂ ਸੁਣਾਉਂਦਾ ਹੋਊ, ਤੇ ਅਗਲੀ ਨੇ ਅੱਕ ਕੇ ਦੇਤਾ ਹੋਊ ਗੋਲਡ ਮੈਡਲ...?"

-"ਕਵਿਤਾ ਸੁਣਾਉਣੋਂ ਕਿਹੜਾ ਬਾਜ ਆਉਂਦੇ ਐ...? ਪਿੰਡ ਉਜੜਿਆ ਜਾਵੇ, ਤੇ ਕਮਲ਼ੀ ਨੂੰ ਕੱਤਣ ਦੀ, ਚਾਹੇ ਦੁਨੀਆਂ ਕਿੱਡੀ ਵੀ ਮੁਸੀਬਤ ਵਿਚ ਫ਼ਸੀ ਹੋਵੇ, ਇਹ ਆਬਦਾ ਤੂੰਬਾ ਖੜਕਾਉਣ ਲੱਗ ਜਾਂਦੇ ਐ...!"

ਹਾਸਾ ਫ਼ੇਰ ਉਚਾ ਉਠਿਆ।

-"ਲੇਖਕ ਸਾਅਬ, ਮੈਂ ਇੱਕ ਦਿਨ ਥੋਡੇ ਘਰੇ ਗਿਆ ਸੀ, ਤੁਸੀਂ ਮਿਲ਼ੇ ਨੀ...?"

-"ਮੈਂ ਤਾਂ ਕਿਤੇ ਗਿਆ ਈ ਨੀ, ਘਰੇ ਈ ਸੀ...!"

-"ਦਿਸੇ ਤਾਂ ਕਿਤੇ ਹੈਨ੍ਹੀ...?"

-"ਭਾਂਡੇ ਧੋਂਦੇ ਹੋਣੇ ਐਂ...? ਘਰੇ ਬੈਠੇ ਸਾਰੇ ਟੱਬਰ ਦੇ ਬਰਤਨ ਕਿਹੜਾ ਥੋੜ੍ਹੇ ਹੁੰਦੇ ਐ...?" ਢਿੱਲੋਂ "ਖੀਂ-ਖੀਂ" ਕਰ ਕੇ ਹੱਸਿਆ, "ਜਾਂ ਰਜਾਈਆਂ ਦੇ ਛਾੜ ਬਦਲਦੇ ਹੋਣੇ ਐਂ...!"

ਫ਼ੇਰ ਹਾਸੜ ਪੈ ਗਈ।

-"ਜਰਮਨੀ ਦੇ ਕਿਸੇ ਸਾਇੰਸਦਾਨ ਨੇ ਇੱਕ ਵਾਰ ਜਾਨਵਰਾਂ ਦੀ ਅਕਲ ਨੂੰ ਕਸਵੱਟੀ 'ਤੇ ਨਾਪਿਆ ਸੀ, ਕਿ ਉਹ ਕਿੰਨੇ "ਲਫ਼ਜ਼" ਬਣਾ ਸਕਦੇ ਨੇ, ਇਸ ਆਧਾਰ 'ਤੇ ਉਸ ਨੇ ਨਿਰਣਾ ਕੀਤਾ ਕਿ ਪਾਲਤੂ ਬਿੱਲੀ ਸਭ ਤੋਂ "ਕਮ-ਅਕਲ" ਐ, ਕਿਉਂਕਿ ਉਹ ਸਿਰਫ਼ 128 "ਲਫ਼ਜ਼" ਹੀ ਬਣਾ ਸਕਦੀ ਐ, ਪਰ ਸਾਡੇ ਹਿੰਦੋਸਤਾਨੀਆਂ ਦੇ ਮੁਕਾਬਲੇ ਬਿੱਲੀ ਕਿਤੇ ਅਕਲਮੰਦ ਐ...!" ਖਿਝੇ ਕਵੀ ਨੇ ਜ਼ੁਬਾਨ ਖੋਲ੍ਹੀ ਤਾਂ ਉਸ ਦੇ ਕੱਛ 'ਚੋਂ ਕੱਢ ਕੇ ਮਾਰੇ ਮੂੰਗਲ਼ੇ 'ਤੇ ਸਾਰੇ ਦੰਗ ਰਹਿ ਗਏ।

-"ਇਹ ਕੀਹਦੇ 'ਤੇ ਤਵਾ ਠੋਕਤਾ ਲੇਖਕ ਜੀ...?" ਸ਼ਰਮਾਂ ਜੀ ਨੇ ਪੁੱਛਿਆ।

-"ਇਹ ਕੀਹਦੀ ਬੱਖਲ਼ 'ਚ ਮਾਰੀ...?" ਚਾਹਲ ਵੀ ਨਾਲ਼ ਹੀ ਬੋਲ ਉਠਿਆ।

-"ਕਿਤੇ ਹਿੰਦੋਸਤਾਨੀ ਥਾਲ਼ੀਆਂ ਖੜਕਾਉਣ ਲੱਗ ਜਾਂਦੇ ਐ, ਤੇ ਕਦੇ ਮੋਮਬੱਤੀਆਂ ਜਗਾਉਣ ਲੱਗ ਜਾਂਦੇ ਐ, ਜਦੋਂ ਨਿਰਦੋਸ਼ ਜਨਤਾ ਦੇ ਦੁਆਈਆਂ ਜਾਂ ਸਹੂਲਤਾਂ ਦੀ ਘਾਟ ਖੁਣੋਂ ਸਿਵੇ ਬਲ਼ਦੇ ਹੋਣ, ਓਦੋਂ ਮੋਮਬੱਤੀਆਂ ਨੀ ਬਾਲ਼ੀਆਂ ਜਾਂਦੀਆਂ..!"

-"ਓਹ ਤਾਂ ਜਿਵੇਂ ਨਰਿੰਦਰ ਭਾਈ ਮੋਦੀ ਜੀ ਕਹੀ ਜਾਂਦੇ ਐ, ਓਹੀ ਕਰੀ ਜਾਂਦੇ ਐ...!" ਨੰਬਰਦਾਰ ਵਿਅੰਗ ਨਾਲ਼ ਮੁਸਕੁਰਾਇਆ।

-"ਮੋਦੀ ਤਾਂ ਕਹੂਗਾ ਖੂਹ 'ਚ ਛਾਲ਼ ਮਾਰੋ, ਮਾਰੋਂਗੇ...?" ਕਵੀ ਭੱਠ ਵਾਂਗ ਤਪ ਗਿਆ।

-"ਕਵੀ ਜੀ ਨੂੰ ਠੰਢਾ ਪਾਣੀ ਪਿਆਓ, ਇਹ ਤਾਂ ਕੱਚਾ ਧੂੰਆਂ ਮਾਰਨ ਲੱਗਪੇ...!" ਬਚਨ ਸਿਓਂ ਨੇ ਮਨਜੀਤ ਸਿਓਂ ਨੂੰ ਕਿਹਾ।

-"ਧੂੰਆਂ ਮਾਰਾਂ ਨਾ...? ਕੋਈ ਆਬਦਾ ਦਿਮਾਗ ਤਾਂ ਵਰਤਦਾ ਈ ਨੀ, ਜੋ ਮੋਦੀ ਕਹੀ ਜਾਂਦੈ, ਪਿੱਛਲੱਗ ਜਨਤਾ ਓਹੀ ਮੰਨੀ ਜਾਂਦੀ ਐ...! ਮੈਨੂੰ ਇੱਕ ਗੱਲ ਦੱਸੋ...?"

-"...............।" ਸਾਰੇ ਚੁੱਪ ਸਨ।

-"ਦਮੇਂ, ਸਾਹ ਤੇ ਫ਼ੇਫ਼ੜਿਆਂ ਦੇ ਕੈਂਸਰ ਨਾਲ਼ ਹਿੰਦੋਸਤਾਨ 'ਚ ਅੱਗੇ ਕਿੰਨੇ ਲੋਕ ਮਰਦੇ ਸੀ...?"

-"ਲੱਖਾਂ ਮਰਦੇ ਸੀ....!"

-"...ਤੇ ਹੁਣ ਫ਼ੇਰ ਕੋਰੋਨਾਂ ਦੀਆਂ ਅੱਜ ਤੱਕ ਹੋਈਆਂ ਇੱਕ ਸੌ ਤੇ ਗਿਆਰਾਂ ਮੌਤਾਂ ਕਰ ਕੇ ਐਨਾਂ ਹੋ-ਹੱਲਾ ਕਿਉਂ...? ਐਦੂੰ ਜਾਅਦੇ ਤਾਂ ਲੋਕ ਕੈਂਸਰ ਤੇ ਕਾਲ਼ੇ ਪੀਲ਼ੀਏ ਨਾਲ਼ 'ਕੱਲੇ ਬਠਿੰਡੇ ਜਿਲ੍ਹੇ 'ਚ ਮਰ ਜਾਂਦੇ ਐ...! ਓਦੋਂ ਨੀ ਬੋਲਦੇ...!"

-"...............।"

-"ਜੇ ਇੱਕ ਸੌ ਗਿਆਰਾਂ ਮੌਤਾਂ ਹੋਈਐਂ, ਤਾਂ ਤਿੰਨ ਸੌ ਉਨੀ ਠੀਕ ਵੀ ਹੋਏ ਐ...! ਅੱਜ ਤੱਕ ਸੰਸਾਰ ਭਰ ਵਿੱਚ ਇੱਕ ਕਰੋੜ, ਤੀਹ ਲੱਖ, ਨੌਂ ਹਜ਼ਾਰ ਚਾਰ ਸੌ ਉਨਤਾਲ਼ੀ ਕੇਸ ਨੇ, ਇਹਨਾਂ 'ਚੋਂ ਦੋ ਲੱਖ ਤਿਹੱਤਰ ਹਜ਼ਾਰ ਪੰਜ ਸੌ ਛਿਆਲ਼ੀ ਠੀਕ ਹੋਏ, ਤੇ ਬਹੱਤਰ ਹਜ਼ਾਰ ਛੇ ਸੌ ਅਠੱਤੀ ਮੌਤਾਂ ਹੋਈਆਂ, ਕੀ ਦੁਨੀਆਂ ਨੂੰ ਕੋਈ ਸਬੂਤ ਦਿੱਤਾ ਗਿਆ ਕਿ ਇਹ ਮੌਤਾਂ ਕੋਰੋਨਾਂ ਨਾਲ਼ ਹੀ ਹੋਈਐਂ...? ਟੀ ਬੀ, ਨਮੂਨੀਏਂ, ਸਾਹ, ਦਮੇਂ ਜਾਂ ਫ਼ੇਫ਼ੜਿਆਂ ਦੇ ਕੈਂਸਰ ਨਾਲ਼ ਵੀ ਹੋ ਸਕਦੀਐਂ...? ਕਿਸੇ ਨੇ ਕੋਈ ਪੋਸਟ ਮਾਰਟਮ ਹੁੰਦਾ ਦੇਖਿਆ...? ਕੋਈ ਰਿਪੋਰਟ ਦੇਖੀ...?? ਇਹ ਤਾਂ ਸਾਰੀ ਦੁਨੀਆਂ ਨੂੰ ਡਰਾਉਣ ਲਈ ਇਹਨਾਂ ਮੌਤਾਂ ਨੂੰ ਕੋਰੋਨਾਂ ਦੇ ਖਾਤੇ ਵਿਚ ਪਾ ਕੇ ਹਊਆ ਬਣਾਇਆ ਜਾ ਰਿਹੈ...!"

-"ਪਰ ਜਿਹੜੇ ਠੱਗਾਂ ਨੇ ਲਾਹਾ ਲੈਣੈਂ, ਉਹਨਾਂ ਨੇ ਇਸ ਮੁਸੀਬਤ ਦਾ ਵੀ ਲੈ ਲੈਣੈਂ, ਚਾਹੇ ਠੱਗ ਛੋਟਾ, ਚਾਹੇ ਵੱਡੈ...! ਠੱਗਾਂ ਦਾ ਕੋਈ ਦੀਨ-ਧਰਮ ਜਾਂ ਇਮਾਨ ਥੋੜ੍ਹੋ ਹੁੰਦੈ...? ਠੱਗ ਤਾਂ ਸ਼ੈਤਾਨ ਦੀ ਨਸਲ 'ਚੋਂ ਹੁੰਦੈ..!"

-"ਜੇ ਕਿਸੇ ਅਮੀਰ ਦਾ ਸਕਾ-ਸਬੰਧੀ ਬਿਮਾਰ ਹੁੰਦਾ ਸੀ, ਝੱਟ ਅਮਰੀਕਾ ਲੈ ਵੱਜਦੇ ਸੀ, ਅਮਰੀਕਾ ਸਾਲ਼ਿਆਂ ਨੇ ਬਾਹਰਲਾ ਘਰ ਬਣਾਇਆ ਪਿਆ ਸੀ, ਹੁਣ ਦੱਸੋ ਕਿੱਥੇ ਲੈ ਕੇ ਜਾਣਗੇ..? ਕਰਤੇ ਨਾ ਸਾਰੇ ਰਾਹ ਬੰਦ, ਭੱਜੋ ਕਿੱਧਰ ਭੱਜਦੇ ਐਂ...?"

-"ਹੋਰ ਗੱਲਾਂ ਛੱਡੋ...! ਜਿੰਨਾਂ ਪ੍ਰਦੂਸ਼ਣ ਐਹਨ੍ਹਾਂ ਦਸਾਂ ਦਿਨਾਂ 'ਚ ਖਤਮ ਹੋ ਗਿਆ, ਸਰਕਾਰਾਂ ਅੱਧੀ ਸਦੀ ਵਿਚ ਖਤਮ ਨੀ ਸੀ ਕਰ ਸਕਦੀਆਂ..! ਹੈ ਨ੍ਹਾਂ ਕੁਦਰਤ ਦਾ ਕ੍ਰਿਸ਼ਮਾਂ..?"

-"ਮੈਂ ਤਾਂ ਕਹਿੰਨੈਂ ਬਈ ਦੁਨੀਆਂ ਭਰ ਦੀਆਂ ਤਮਾਮ ਸਰਕਾਰਾਂ ਨੂੰ ਮਿਲ਼ ਕੇ ਸਾਲ 'ਚ ਦੋ ਹਫ਼ਤੇ "ਲੌਕ-ਡਾਊਨ" ਕਰਨਾ ਚਾਹੀਦੈ, ਤਾਂ ਕਿ ਸੰਸਾਰ ਭਰ ਦੇ ਦੇਸ਼ਾਂ ਦਾ ਵਾਤਾਵਰਣ ਸ਼ੁੱਧ ਰਹੇ...!" ਦਿਲਬਾਗ ਸਿੰਘ ਚਾਹਲ ਨੇ ਕਿਹਾ।

-"ਵਾਤਾਵਰਣ ਇਹਨਾਂ ਨੇ ਸੁਆਹ ਸ਼ੁੱਧ ਰਹਿਣ ਦੇਣੈ...? ਆਹ "ਫ਼ਾਈਵ-ਜੀ" ਦੇ ਨਵੇਂ ਟਾਵਰਾਂ ਕਰ ਕੇ ਲੰਡਨ ਏਰੀਏ 'ਚ ਕਿੰਨੇ ਪੰਛੀ ਮਰੇ ਐ...?"

-"ਅਜੇ ਤਾਂ "ਟੈਸਟਿੰਗ" ਈ ਚੱਲ ਰਹੀ ਐ, ਜਦੋਂ ਟਾਵਰ ਚੱਲ ਪਏ, ਫ਼ੇਰ ਕੀ ਹੋਊ..?"

-"ਫ਼ੇਰ ਅਗਲੀ ਤਬਾਹੀ...! ਇਹ ਨਵੀਆਂ ਤਕਨੀਕਾਂ ਲਿਆ-ਲਿਆ ਕੇ ਨਵੇਂ ਕੰਡੇ ਬੀਜਦੇ ਐ, ਅਗਲੀ ਪੀੜ੍ਹੀ ਨੂੰ ਤਾਂ ਨਿੱਤ ਮੁਹਿੰਮਾਂ ਹੋਣਗੀਆਂ...! ਜੀਹਦੀਆਂ ਤਰੰਗਾਂ ਨਾਲ਼ ਵਿਚਾਰੇ ਪੰਛੀ ਫੁੜਕ-ਫੁੜਕ ਡਿੱਗੀ ਜਾਂਦੇ ਐ, ਕੀ ਗਰੰਟੀ ਐ ਬਈ ਬੰਦੇ ਦਾ ਨੁਕਸਾਨ ਨਹੀਂ ਹੋਊ..?"

-"ਯਾਰ ਕੋਰੋਨਾਂ ਵਾਇਰਸ ਕਰ ਕੇ ਮੇਰੇ ਦਿਮਾਗ 'ਚ ਇੱਕ ਹੋਰ ਗੱਲ ਆਉਂਦੀ ਐ...!" ਰਣਜੀਤ ਚੱਕ ਤਾਰੇਵਾਲ਼ ਫ਼ੇਰ ਹੌਂਗਣਾਂ ਛੁੱਟਣ ਵਾਂਗ ਬੋਲਿਆ।

-"ਉਹ ਕੀ...?"

-"ਹੋ ਸਕਦੈ ਮੈਂ ਗਲਤ ਹੋਵਾਂ...? ਜਿਹੜਾ ਮੀਡੀਆ ਰੌਲ਼ਾ ਪਾਈ ਜਾਂਦਾ ਸੀ, ਬਈ ਸੱਤਰ ਸਾਲ ਤੋਂ ਉਪਰ ਦੇ ਬਜ਼ੁਰਗਾਂ ਦੀ ਜ਼ਿਆਦਾ ਮੌਤ ਹੋਊਗੀ, ਕਿਉਂਕਿ ਉਹਨਾਂ ਦਾ "ਇਮਿਊਨ ਸਿਸਟਮ" ਕਮਜ਼ੋਰ ਹੋਣ ਕਾਰਨ ਉਹ ਬਿਮਾਰੀ ਨਾਲ਼ ਲੜਨ ਦੇ ਪੂਰੇ ਸਮਰੱਥ ਨੀ, ਪਰ ਕੀ ਇਹ ਸੱਤਰ-ਅੱਸੀ ਸਾਲ ਦੇ ਬੁੜ੍ਹਿਆਂ ਨੂੰ ਗੱਡੀ ਚਾੜ੍ਹਨ ਦਾ ਪ੍ਰੋਗਰਾਮ ਤਾਂ ਨੀ ਸੀ..?"

-"............।" ਸਾਰੇ ਤ੍ਰਹਿ ਕੇ ਉਸ ਵੱਲ ਝਾਕੇ। ਜਿਵੇਂ ਰਣਜੀਤ ਚੱਕ ਤਾਰੇਵਾਲ਼ ਉਹਨਾਂ ਦੀ ਮੌਤ ਦਾ ਵਾਰੰਟ ਫ਼ੜੀ ਬੈਠਾ ਸੀ।

-"ਗੌਰਮਿੰਟਾਂ ਨੂੰ ਬਜ਼ੁਰਗਾਂ ਦਾ ਫ਼ਾਇਦਾ ਤਾਂ ਕੋਈ ਹੈਨ੍ਹੀ...! ਉਹ ਸੋਚਦੇ ਹੋਣਗੇ ਬਈ ਇਹ ਬਜੁਰਗ ਲਾਣਾ ਬੈਠਾ ਪੈਨਸ਼ਨਾਂ ਖਾਈ ਜਾਂਦੈ ਤੇ ਦੁਆਈਆਂ ਲੈ-ਲੈ ਆਰਥਿਕ ਨੁਕਸਾਨ ਕਰੀ ਜਾਂਦੈ...! ਕਈ "ਕੇਅਰ-ਹੋਮ" 'ਚ ਪਤੰਦਰ ਬਣ ਕੇ ਸੇਵਾ ਕਰਵਾਈ ਜਾਂਦੇ ਐ, ਤੇ ਖਜ਼ਾਨੇ 'ਤੇ ਬੋਝ ਬਣੇ ਬੈਠੇ ਐ, ਇਹਨਾਂ ਦਾ ਨੰਬਰ ਲਾ ਕੇ, ਇਹਨਾਂ ਦੇ ਮੰਜੇ ਵਿਹਲੇ ਕਰੋ...!"

-"ਅਸੀਂ ਆਬਦੀ ਪੈਨਸ਼ਨ ਤੇ ਬੀਮਾਂ ਤਨਖਾਹਾਂ 'ਚੋਂ ਕਟਵਾਉਂਦੇ ਰਹੇ ਆਂ, ਇਹ ਤਾਂ ਫ਼ੇਰ ਹਿਟਲਰ ਆਲ਼ੀਆਂ ਗੱਲਾਂ 'ਤੇ ਆਗੇ...?"

-"ਹੋਰ ਘੱਟ ਗੁਜ਼ਾਰਨਗੇ...? ਆਪਣੇ ਆਲ਼ੇ ਕਿਹੜਾ ਘੱਟ ਐ, ਉਹ ਵੀ ਬੁੜ੍ਹੇ ਦਾ ਮੰਜਾ ਪਸ਼ੂਆਂ ਆਲ਼ੇ ਵਾੜੇ 'ਚ ਜਾ ਡਾਹੁੰਦੇ ਐ, ਬਈ ਘਰੇ ਬੈਠਾ ਬੋਲਣੋਂ ਨੀ ਹਟਦਾ ਤੇ ਨਿਘੋਚਾਂ ਕੱਢੀ ਜਾਂਦੈ...!"

-"ਚਲੋ ਛੱਡੋ...! ਸਿਆਣੇ ਕਹਿੰਦੇ ਹੁੰਦੇ ਐ; ਉਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ...!" ਬਚਨ ਸਿੰਘ ਨੇ ਕਿਹਾ।

-"ਕਰਤਾਰੋਂ ਨਹੀਂ, ਹੁਣ ਤਾਂ ਲੋਕ ਸਰਕਾਰੋਂ ਵੱਧ ਡਰਨਗੇ ਜੀ...! ਚਲੋ ਆਪਾਂ ਚੱਲ ਕੇ ਲੰਗਰ ਛਕੀਏ, ਨਾਲ਼ੇ ਲੇਖਕ ਜੀ ਨੂੰ ਲੱਸੀ-ਲੁੱਸੀ ਪਿਆ ਕੇ ਠੰਢਾ ਕਰੀਏ...! ਇਹ ਤਾਂ ਪਤੰਦਰ ਊਂ ਈਂ ਡਰੈਗਨ ਵਾਂਗੂੰ ਅੱਗ ਕੱਢੀ ਜਾਂਦੇ..!" ਢਿੱਲੋਂ ਸਾਹਿਬ ਬੋਲੇ ਤਾਂ ਸਾਰੇ ਉਠ ਕੇ ਲੰਗਰ ਹਾਲ ਵੱਲ ਤੁਰ ਪਏ।...


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

01332 372 851

07966 388 388

# ਭਾਰਤੀ ਮੀਡੀਆ ਦਾ 100 ਸਾਲ ਦਾ ਸਫ਼ਰ

ਪ੍ਰੋ. ਕੁਲਬੀਰ ਸਿੰਘ
9417153513



ਭਾਰਤੀ ਮੀਡੀਆ ਦਾ 100 ਸਾਲ ਦਾ ਸਫ਼ਰ ਬੜਾ ਦਿਲਚਸਪ, ਬੜਾ ਮਹੱਤਵਪੂਰਨ, ਬੜਾ ਮਾਣਮੱਤਾ ਹੈ। ਸੌ ਸਾਲਾਂ ਦੌਰਾਨ ਇਸਨੇ ਅਨੇਮਾਂ ਉਤਰਾਅ ਚੜ੍ਹਾਅ ਵੇਖੇ ਜਿਨ੍ਹਾਂ ਵਿਚ ਅਖ਼ਬਾਰਾਂ ਤੋਂ ਆਰੰਭ ਹੋ ਕੇ ਡਿਜ਼ੀਟਲ ਯੁੱਗ ਤੱਕ ਦੀਆਂ ਤਬਦੀਲੀਆਂ ਸ਼ਾਮਲ ਹਨ। ਸ਼ੁਰੂਆਤ ਤੋਂ ਲੈ ਕੇ ਵਿਸ਼ਾਲ ਲੋਕਤੰਤਰ ਦੇ ਚੌਥੇ ਥੰਮ੍ਹ ਤੱਕ ਦੀ ਕਹਾਣੀ ਸ਼ਾਮਲ ਹੈ। ਭਾਰਤ ਵਿਚ ਪੱਤਰਕਾਰੀ ਦਾ ਆਰੰਭ 1780 ਵਿਚ ਦਾ ਬੰਗਲ ਗਜਟ ਨਾਲ ਹੋਇਆ। ਹਿੰਦੀ ਪੱਤਰਕਾਰੀ ਦੀ ਸ਼ੁਰੂਆਤ 1826 ਵਿਚ ਉਦੰਤ ਮਾਰਤੰਡ' ਨਾਲ ਹੋਈ। ਭੰਜਾਬੀ ਪੱਤਕਾਰੀ ਦਾ ਇਤਿਹਾਸਕ ਪਿਛੋਕੜ 1854 (ਦਾ ਪੰਜਾਬੀ) ਅਤੇ 1899 (ਖਾਲਸਾ ਸਮਾਚਾਰ) ਨਾਲ ਜਾ ਜੁੜਦਾ ਹੈ। ਪਰੰਤੂ ਅਜ਼ਾਦੀ ਦੀ ਲੜਾਈ ਦੌਰਾਨ ਅਤੇ ਜ਼ਿਲ੍ਹਿਆ ਵਾਲੇ ਬਾਗ ਦੀ ਘਟਨਾ ਉਪਰੰਤ ਨਿਭਾਈ ਭੂਮਿਕਾ ਨੇ ਭਾਰਤੀ ਮੀਡੀਆ ਨੂੰ ਰਾਸ਼ਟਰਵਾਦੀ ਭਾਵਨਾ ਅਤੇ ਰਾਸ਼ਟਰੀ ਚੇਤਨਾ ਨਾਲ ਓਤ ਪੋਤ ਕਰ ਦਿੱਤਾ।

ਅੰਗਰੇਜ਼ਾਂ ਦੁਆਰਾ ਕੀਤੀ ਗਈ ਸਖ਼ਤੀ ਤੇ ਮੈਂਬਰਸ਼ਿਪ ਦੇ ਬਾਵਜੂਦ ਬਹੁਤ ਸਾਰੇ ਸੰਪਾਦਕਾਂ ਅਤੇ ਅਖ਼ਬਾਰਾਂ ਨੇ ਸੱਚ ਲਿਖਣਾ ਅਤੇ ਸੱਚਾਈ ਦੇ ਰਾਹ 'ਤੇ ਚੱਲਣਾ ਜਾਰੀ ਰੱਖਿਆ ਤਾਂ ਇਸ ਨਾਲ ਜਿੱਥੇ ਅਜ਼ਾਦੀ ਲਈ ਸੰਘਰਸ਼ ਨੂੰ ਮਜ਼ਬੂਤ ਮਿਲੀ ਉਥੇ ਭਾਰਤੀ ਪੱਤਰਕਾਰੀ ਵੀ ਪ੍ਰੈਸ ਦੀ ਅਜ਼ਾਦੀ ਪ੍ਰਤੀ ਚੇਤੰਨ ਹੋ ਗਈ।

ਭਾਰਤ ਵਿਚ 70000 ਅਖ਼ਬਾਰਾਂ ਪ੍ਰਕਾਸ਼ਿਤ ਹੁੰਦੀਆਂ ਹਨ। ਇਸ ਨਾਲ ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਅਖ਼ਬਾਰਾਂ ਦਾ ਬਜ਼ਾਰ ਬਣ ਗਿਆ ਹੈ। ਹਜ਼ਾਰਾਂ ਟੈਲੀਵਿਜ਼ਨ ਚੈਨਲਾਂ ਦੀ ਭਰਮਾਰ ਵਿਚ ਨਿੱਜੀ ਚੈਨਲਾਂ ਦਾ ਬੋਲ ਬਾਲਾ ਹੈ। ਹਜ਼ਾਰਾਂ ਰੇਡੀਓ ਚੈਨਲ ਹਨ। ਆਨਲਾਈਨ ਮੀਡੀਆ ਦਿਨੋ ਦਿਨ ਵੱਧ ਫੁੱਲ ਰਿਹਾ ਹੈ। ਇੰਟਰਨੈਟ ਮੀਡੀਆ, ਸੋਸ਼ਲ ਮੀਡੀਆ, ਡਿਜ਼ੀਟਲ ਮੀਡੀਆ ਦੀ ਪੂਰੀ ਦੁਨੀਆਂ ਵਿਚ ਚਰਚਾ ਹੈ। ਤਕਨੀਕ ਨੇ, ਪੱਤਰਕਾਰਾਂ ਨੇ, ਸੰਪਾਦਕਾਂ ਨੇ, ਡਾਇਰੈਕਟਰਾਂ ਨੇ, ਮੀਡੀਆ ਕਰਮੀਆਂ ਨੇ, ਮਾਹਿਰਾਂ ਨੇ ਇਸਨੂੰ ਇਥੋਂ ਤੱਕ ਪਹੁੰਚਾਇਆ ਹੈ, ਮੌਜੂਦਾ ਆਕਾਰ ਦਿੱਤਾ ਹੈ।

ਰੇਡੀਓ, ਟੈਲੀਵਿਜ਼ਨ ਦੀ ਸ਼ੁਰੂਆਤ ਨਾਲ ਭਾਰਤੀ ਮੀਡੀਆ ਨੇ ਇਕ ਨਵੇਂ ਦਾਇਰੇ ਵਿਚ ਪ੍ਰਵੇਸ਼ ਕੀਤਾ। ਸਾਲ 1923 ਵਿਚ ਰੇਡੀਓ ਦਾ ਪ੍ਰਸਾਰਨ ਆਰੰਭ ਹੋਇਆ ਅਤੇ 1959 ਵਿਚ ਟੈਲੀਵਿਜ਼ਨ ਦੀ ਆਮਦ ਨਾਲ ਭਾਰਤੀ ਦਰਸ਼ਕਾਂ ਦੇ ਚਿਹਰੇ ਖਿੜ ਉੱਠੇ। ਭਾਵੇਂ ਭਾਰਤ ਵਿਚ ਰੇਡੀਓ ਦੀ ਕਹਾਣੀ ਬੜੀ ਲੰਮੀ, ਬੜੀ ਮਜ਼ਬੂਤ, ਬੜੀ ਕਾਰਗਰ, ਬੜੀ ਸਾਰਥਕ ਹੈ ਪਰ ਸਮੇਂ ਨਾਲ ਟੈਲੀਵਿਜ਼ਨ ਦਾ ਬੋਲਬਾਲਾ, ਦਬਦਬਾ ਵੱਧਦਾ ਗਿਆ। ਜਦ ਭਾਰਤੀ ਮੀਡੀਆ ਦੀ ਕਹਾਣੀ ਪੜ੍ਹਨ-ਫਿਰੋਲਣ ਲੱਗਦੇ ਹਾਂ ਤਾਂ ਪ੍ਰਿੰਟ ਮੀਡੀਆ, ਰੇਡੀਓ ਅਤੇ ਟੈਲੀਵਿਜ਼ਨ ਵਿਚੋਂ ਕੋਈ ਕਿਸੇ ਤੋਂ ਘੱਟ ਨਹੀਂ। ਤਿੰਨਾਂ ਦਾ ਦੇਸ਼ ਲਈ, ਸਮਾਜ ਲਈ, ਲੋਕਾਂ ਲਈ ਯੋਗਦਾਨ ਇਕ ਦੂਸਰੇ ਤੋਂ ਵੱਧ ਹੈ। ਲੰਮਾ ਸਮਾਂ ਇਹ ਜ਼ਿੰਮੇਵਾਰੀ ਰੇਡੀਓ ਨੇ ਨਿਭਾਈ। ਰੇਡੀਓ ਥੋੜ੍ਹਾ ਮੱਧਮ ਪਿਆ ਤਾਂ ਇਹ ਜ਼ਿੰਮੇਵਾਰੀ ਦੂਰਦਰਸ਼ਨ ਨੇ ਆਪਣੇ ਮੋਢਿਆਂ 'ਤੇ ਚੁੱਕ ਲਈ। ਅਖ਼ਬਾਰਾਂ ਤਾਂ ਆਰੰਭ ਤੋਂ ਅੱਜ ਤੱਕ ਇਹ ਜ਼ਿੰਮੇਵਾਰੀ ਲਗਾਤਾਰ ਨਿਭਾ ਹੀ ਰਹੀਆਂ ਹਨ। ਅਖ਼ਬਾਰਾਂ ਹੀ ਜਿਨ੍ਹਾਂ ਸਦਕਾ ਭਾਰਤੀ ਮੀਡੀਆ ਵਿਚ ਇਕ ਬੈਲੈਂਸ ਬਣਿਆ ਹੋਇਆ ਹੈ ਕਿਉਂਕਿ ਟੈਲੀਵਿਜ਼ਨ ਨਿਊਜ਼ ਚੈਨਲਾਂ ਨੇ ਮੀਡੀਆ ਦੀ ਮਰਯਾਦਾ ਨੂੰ ਲਾਂਭੇ ਧਰ ਕੇ ਆਪੋ ਆਪਣੀਆਂ ਮਰਜ਼ੀ ਮੁਤਾਬਕ ਚੈਨਲ ਚਲਾਉਣੇ ਆਰੰਭ ਕਰ ਦਿੱਤੇ ਹਨ। ਜਿਵੇ ਜਿਵੇਂ ਮੀਡੀਆ ਦਾ ਪ੍ਰਚਾਰ ਪ੍ਰਸਾਰ ਵੱਧ ਰਿਹਾ ਹੈ ਤਿਵੇਂ ਤਿਵੇਂ ਚੁਣੌਤੀਆਂ ਵੀ ਵੱਧਦੀਆਂ ਜਾ ਰਹੀਆਂ ਹਨ। ਡਿਜ਼ੀਟਲ ਕ੍ਰਾਂਤੀ ਆਪਣੇ ਆਪ ਵਿਚ ਇਕ ਚੁਣੌਤੀ ਹੈ। ਸਮਾਰਟ ਫੋਨ ਅਤੇ ਇੰਟਰਨੈੱਟ ਦੇ ਤਾਲਮੇਲ ਨੇ ਸੂਚਨਾ ਤੇ ਸਮੱਗਰੀ ਦੇ ਅੰਬਾਰ ਲਾ ਦਿੱਤੇ ਹਨ। ਭਾਸ਼ਾ ਕੋਈ ਵੀ ਹੋਵੇ ਸੂਚਨਾ ਤੇ ਸਮੱਗਰੀ ਦੀ ਕਮੀ ਨਹੀਂ ਰਹੀ। ਅਜੋਕੇ ਸਮਿਆਂ ਦਾ ਇਹ ਸੱਭ ਤੋਂ ਵੱਡਾ ਬਦਲਾਅ ਹੈ।

ਸਮਾਂ ਕੋਈ ਵੀ ਹੋਵੇ, ਹਾਲਾਤ ਕੋਈ ਵੀ ਹੋਣ ਮੀਡੀਆ ਦੇ ਮੋਢਿਆਂ 'ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਹਮੇਸ਼ਾ ਰਹਿੰਦੀ ਹੈ। ਅੱਜ ਮੀਡੀਆ ਦੀ ਪਹਿਲੀ ਤਰਜੀਹ ਟੀ.ਆਰ.ਪੀ. ਬਣ ਗਈ ਹੈ। ਉਹਦੇ ਲਈ ਤਰ੍ਹਾਂ-ਤਰ੍ਹਾਂ ਦੇ ਹੱਥ-ਕੰਡੇ ਅਪਣਾਏ ਜਾਣ ਲੱਗੇ ਹਨ। ਨਤੀਜੇ ਵਜੋਂ ਭਾਰਤੀ ਮੀਡੀਆ ਵੱਖ-ਵੱਖ ਗਰੁੱਪਾਂ, ਵੱਖ-ਵੱਖ ਧੜਿਆਂ ਵਿਚ ਵੰਡਿਆ ਗਿਆ ਹੈ। ਪਾਠਕ ਨੂੰ, ਦਰਸ਼ਕ ਨੂੰ, ਲੋਕਾਂ ਨੂੰ ਸਹੀ ਜਾਣਕਾਰੀ ਦੀ ਥਾਂ ਸਨਸਨੀਖੇਜ਼ ਖ਼ਬਰਾਂ ਪਰੋਸੀਆਂ ਜਾ ਰਹੀਆਂ ਹਨ। ਸਹੀ, ਸੰਤੁਲਿਤ ਤੇ ਨਿਰਪੱਖ ਖ਼ਬਰਾਂ ਬੀਤੇ ਦੀ ਗੱਲ ਹੋ ਗਈ ਹੈ। ਅਜੋਕੇ ਮੀਡੀਆ ਦੌਰ ਦਾ ਇਹ ਸੱਭ ਤੋਂ ਵੱਡਾ, ਸੱਭ ਤੋਂ ਵੱਧ ਪ੍ਰੇਸ਼ਾਨ ਕਰਨ ਵਾਲਾ ਦੁਖਾਂਤ ਹੈ।

ਭਾਵੇਂ ਇੰਟਰਨੈਟ ਮੀਡੀਆ ਪ੍ਰਗਟਾਵੇ ਦੀ ਅਜ਼ਾਦੀ ਨੂੰ ਨਵੀਆਂ ਉਚਾਈਆਂ 'ਤੇ ਲੈ ਗਿਆ ਹੈ ਪਰੰਤੂ ਇਸਦੀ ਦੁਰਵਰਤੋਂ ਅਤੇ ਬੇਤਹਾਸ਼ਾ ਗੈਰ-ਮਿਆਰੀ ਸਮੱਗਰੀ ਇਸਨੂੰ ਨਵੀਆਂ ਨਿਵਾਣਾਂ ਵੱਲ ਵੀ ਖਿੱਚ ਰਹੀ ਹੈ। ਇਸ ਸਮੱਸਿਆ ਕਾਰਨ ਜਿਥੇ ਨਿੱਜਤਾ ਦੇ ਅਧਿਕਾਰਾਂ 'ਤੇ ਸਵਾਲੀਆ ਚਿੰਨ੍ਹ ਲੱਗ ਗਏ ਹਨ ਉਥੇ ਸਮਾਜ ਲਈ ਵੀ ਅਨੇਕਾਂ ਚੁਣੌਤੀਆਂ ਪੈਦਾ ਹੋ ਗਈਆਂ ਹਨ।

ਅਖੀਰ ਵਿਚ ਕਿਹਾ ਜਾ ਸਕਦਾ ਹੈ ਕਿ ਭਾਰਤੀ ਮੀਡੀਆ ਦਾ ਬੀਤੇ 100 ਸਾਲ ਦਾ ਸਫ਼ਰ ਸਫ਼ਲਤਾ, ਸੰਘਰਸ਼, ਅਤੇ ਸਵੈਮਾਣ ਦੀ ਮਾਣਮੱਤੀ ਗਾਥਾ ਹੈ। ਸਫ਼ਲਤਾ, ਸੰਘਰਸ਼ ਤੇ ਸਵੈਮਾਣ ਦਾ ਇਹ ਸਫ਼ਰ ਅੱਜ ਵੀ ਜਾਰੀ ਹੈ ਪਰੰਤੂ ਸਮੁੱਚਾ ਦ੍ਰਿਸ਼ ਬਦਲ ਗਿਆ ਹੈ। ਅੱਜ ਇਕ ਪਾਸੇ ਇਸਨੇ ਮੀਡੀਆ ਮਰਯਾਦਾ ਨੂੰ ਨਿਭਾਉਣਾ ਹੈ ਦੂਸਰੇ ਪਾਸੇ ਆਪਣੀ ਹੋਂਦ ਦੀ ਲੜਾਈ ਲੜਨੀ ਹੈ। ਪੈਂਡਾ ਵੀ ਔਖਾ ਹੈ, ਮੰਜ਼ਿਲ ਵੀ ਦੂਰ ਹੈ।

# REQUEST FOR YOUR REFLECTIONS ON A CRITICAL NEW LEGAL ARGUMENT REGARDING OPERATION BLUE STAR

**KBS SIDHU, EX-IAS**

**"Astra inclinant, sed non obligant"**

Respected Members of the Panthic Intellectual Community, Waheguru Ji Ka Khalsa, Waheguru Ji Ki Fateh.

I write to you today with a deep sense of responsibility and urgency. In light of the recent remarks made by Mr. P. Chidambaram—remarks which, in my view, trivialise the gravity of Operation Blue Star and attempt to launder accountability—I felt compelled not only to respond emotionally and morally, but also to examine the matter through the lens of law.

For the first time in the public domain, I have put forward a clear legal argument: If Operation Blue Star was indeed—as widely acknowledged—an egregious and devastating act against the Sikh community, then why has the Republic of India not even registered a First Information Report (FIR) in 40 years?

This is not a symbolic question. It has serious constitutional and criminal law implications: An FIR is the minimum legal step in any serious cognizable offence.

Crimes of this magnitude carry no limitation period. Section 197 CrPC (sanction for prosecution) does NOT apply at the stage of FIR. The State—both Centre and Punjab—has failed in its most basic duty: to even begin a formal investigation.

Post-war Germany hunted down Nazi officials worldwide. India has not even opened a file. This omission cuts across parties and leaders—Congress, Akalis, and others. Even those who condemned Blue Star never initiated a legal process.

In the article, I propose: Registration of an FIR even today. A Special Investigation Team (SIT) with Supreme Court oversight.

A retired SC judge (non-Sikh, preferably from the South) to ensure impartiality. The onus of sanction (if required) to fall on the Union Government, since Punjab was under President's Rule.

A public prosecutor appointed not by the High Court, but by the Supreme Court of India, reflecting national sensitivity.

Why now?

Because insensitive public statements continue to reopen wounds. Because legal closure has never been attempted.

Because 2025 marks the 350th Martyrdom Anniversary of Guru Tegh Bahadur Ji, a moment demanding courage and moral clarity. Because justice delayed for 40 years is still justice worth pursuing.

This article is not written in anger—it is written in duty. As someone who served in Amritsar during the most sensitive years (Additional Deputy Commissioner 1990–92, Deputy Commissioner 1992–96, Project Director of the Golden Temple Galiara Project), I feel it is time to move beyond rhetoric to lawful action. I value your wisdom and your conscience deeply. I humbly request your comments, critiques, or support.

If this argument has merit, it deserves to become a Panthic—and national—demand. Once the article is published (imminently), I will share the link.

With respect and sincerity,

Karan Bir Singh Sidhu, IAS (Retd.)

Former Special Chief Secretary, Punjab

Former Deputy Commissioner, Amritsar (1992–96)


Former Additional Deputy Commissioner, Amritsar (1990–92)

Project Director, Golden Temple Beautification (Galiara) Project

Waheguru Ji Ka Khalsa, Waheguru Ji Ki Fateh.

# ਦੀਵਾਲੀ ਅਤੇ ਬੰਦੀ ਛੋੜ ਦਿਵਸ: ਰੌਸ਼ਨੀ, ਆਜ਼ਾਦੀ ਤੇ ਆਤਮਿਕ ਜਾਗਰਤੀ ਦਾ ਪਵਿੱਤਰ ਸੰਦੇਸ਼

**ਗੁਰਭਿੰਦਰ ਗੁਰੀ**
+447951 590424





ਭਾਰਤੀ ਸੰਸਕ੍ਰਿਤੀ ਵਿੱਚ ਦੀਵਾਲੀ ਸਿਰਫ਼ ਚਾਨਣਾਂ ਦਾ ਤਿਉਹਾਰ ਨਹੀਂ, ਸਗੋਂ ਅੰਧਕਾਰ ਉੱਤੇ ਰੌਸ਼ਨੀ ਦੀ ਜਿੱਤ, ਅਸੁਰਤਾ ਉੱਤੇ ਨੇਕੀ ਦੀ ਜਿੱਤ ਅਤੇ ਗੁਲਾਮੀ ਉੱਤੇ ਆਜ਼ਾਦੀ ਦਾ ਪ੍ਰਤੀਕ ਹੈ। ਇਹ ਤਿਉਹਾਰ ਭਾਵਨਾ, ਵਿਸ਼ਵਾਸ, ਤੇ ਆਤਮਿਕ ਸ਼ਕਤੀ ਦਾ ਪ੍ਰਤੀਕ ਹੈ। ਜਿਵੇਂ ਹਰ ਦੀਵਾ ਹਨੇਰੇ ਨੂੰ ਮਿਟਾਉਂਦਾ ਹੈ, ਤਿਵੇਂ ਹਰ ਚੰਗਾ ਵਿਚਾਰ ਦੁਨੀਆ ਵਿੱਚ ਉਮੀਦ ਦੀ ਰੌਸ਼ਨੀ ਫੈਲਾਉਂਦਾ ਹੈ।

ਦੀਵਾਲੀ ਦਾ ਇਤਿਹਾਸਕ ਪਿਛੋਕੜ- ਦੀਵਾਲੀ ਦੀਆਂ ਜੜ੍ਹਾਂ ਭਾਰਤ ਦੇ ਸਭ ਤੋਂ ਪ੍ਰਾਚੀਨ ਧਾਰਮਿਕ ਗ੍ਰੰਥਾਂ ਅਤੇ ਕਥਾਵਾਂ ਵਿੱਚ ਮਿਲਦੀਆਂ ਹਨ। ਸਭ ਤੋਂ ਪ੍ਰਸਿੱਧ ਕਥਾ ਰਾਮਾਇਣ ਨਾਲ ਜੁੜੀ ਹੈ। ਕਹਾਣੀ ਅਨੁਸਾਰ, ਭਗਵਾਨ ਰਾਮਚੰਦਰ ਜੀ ਨੇ 14 ਸਾਲਾਂ ਦਾ ਵਨਵਾਸ ਪੂਰਾ ਕਰਕੇ ਅਤੇ ਰਾਵਣ ਉੱਤੇ ਜਿੱਤ ਹਾਸਲ ਕਰਨ ਤੋਂ ਬਾਅਦ ਜਦੋਂ ਅਯੋਧਿਆ ਵਾਪਸੀ ਕੀਤੀ, ਤਾਂ ਅਯੋਧਿਆ ਵਾਸੀਆਂ ਨੇ ਖੁਸ਼ੀ ਵਿੱਚ ਸਾਰੇ ਸ਼ਹਿਰ ਨੂੰ ਦੀਵਿਆਂ ਨਾਲ ਚਾਨਣ ਕਰ ਦਿੱਤਾ। ਉਸ ਸਮੇਂ ਤੋਂ ਇਹ ਦਿਨ "ਦੀਪਾਵਲੀ" ਜਾਂ "ਦੀਵਾਲੀ" ਵਜੋਂ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸਾਨੂੰ ਸਦਾ ਯਾਦ ਦਿਵਾਉਂਦਾ ਹੈ ਕਿ ਜੀਵਨ ਵਿੱਚ ਕਿੰਨਾ ਵੀ ਹਨੇਰਾ ਆ ਜਾਵੇ, ਸੱਚਾਈ ਤੇ ਨੇਕੀ ਦੀ ਜਿੱਤ ਨਿਸ਼ਚਿਤ ਹੈ।

ਵੱਖ-ਵੱਖ ਧਰਮਾਂ ਵਿੱਚ ਦੀਵਾਲੀ ਦਾ ਮਹੱਤਵ-ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ, ਪਰ ਹਰੇਕ ਧਰਮ ਨੇ ਇਸ ਤਿਉਹਾਰ ਨੂੰ ਆਪਣੀ ਆਤਮਿਕ ਪਰੰਪਰਾ ਨਾਲ ਜੋੜਿਆ ਹੈ। ਹਿੰਦੂ ਧਰਮ ਵਿੱਚ ਦੀਵਾਲੀ ਰਾਮਚੰਦਰ ਜੀ ਦੀ ਵਾਪਸੀ ਨਾਲ ਜੋੜੀ ਜਾਂਦੀ ਹੈ। ਇਸ ਦਿਨ ਮਾਤਾ ਲਕਸ਼ਮੀ ਦੀ ਪੂਜਾ ਕੀਤੀ ਜਾਂਦੀ ਹੈ - ਧਨ, ਖੁਸ਼ਹਾਲੀ ਅਤੇ ਸੰਪੰਨਤਾ ਦੀ ਦੇਵੀ। ਲੋਕ ਵਿਸ਼ਵਾਸ ਕਰਦੇ ਹਨ ਕਿ ਜਿੱਥੇ ਸਫ਼ਾਈ, ਸ਼ਰਧਾ ਅਤੇ ਪਵਿੱਤਰਤਾ ਹੋਵੇ, ਉੱਥੇ ਮਾਂ ਲਕਸ਼ਮੀ ਆਉਂਦੀ ਹੈ।

ਜੈਨ ਧਰਮ ਵਿੱਚ-ਜੈਨ ਭਾਈਚਾਰੇ ਲਈ ਇਹ ਦਿਨ ਪਵਿੱਤਰ ਇਸ ਕਰਕੇ ਹੈ ਕਿ ਇਸ ਦਿਨ ਭਗਵਾਨ ਮਹਾਵੀਰ ਜੀ ਨੇ ਮੋਖਸ਼ ਪ੍ਰਾਪਤ ਕੀਤਾ ਸੀ। ਇਹ ਆਤਮਿਕ ਮੁਕਤੀ ਦਾ ਪ੍ਰਤੀਕ ਦਿਨ ਹੈ।

ਸਿੱਖ ਧਰਮ ਵਿੱਚ ਬੰਦੀ ਛੋੜ ਦਿਵਸ- ਸਿੱਖ ਇਤਿਹਾਸ ਵਿੱਚ ਇਹ ਦਿਨ "ਬੰਦੀ ਛੋੜ ਦਿਵਸ" ਵਜੋਂ ਮੰਨਿਆ ਜਾਂਦਾ ਹੈ, ਜੋ ਆਜ਼ਾਦੀ, ਨਿਆਂ ਅਤੇ ਦਇਆ ਦਾ ਪ੍ਰਤੀਕ ਹੈ। ਇਸ ਦਿਨ ਛੇਵੇਂ ਪਾਤਸ਼ਾਹ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲਿਯਰ ਦੇ ਕਿਲ੍ਹੇ ਦੀ ਕੈਦ ਤੋਂ ਰਿਹਾਈ ਮਿਲੀ ਸੀ।

ਬੰਦੀ ਛੋੜ ਦਿਵਸ ਦੀ ਇਤਿਹਾਸਕ ਘਟਨਾ-ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲਿਯਰ ਦੇ ਕਿਲ੍ਹੇ ਵਿੱਚ ਕੈਦ ਕਰ ਰੱਖਿਆ ਸੀ। ਉੱਥੇ ਕਈ ਹੋਰ ਹਿੰਦੂ ਰਾਜੇ ਵੀ ਕੈਦ ਸਨ, ਜਿਨ੍ਹਾਂ ਉੱਤੇ ਕੋਈ ਸਾਫ਼ ਦੋਸ਼ ਨਹੀਂ ਸੀ। ਜਦੋਂ ਬਾਦਸ਼ਾਹ ਨੇ ਗੁਰੂ ਸਾਹਿਬ ਜੀ ਨੂੰ ਰਿਹਾਈ ਦੇਣ ਦਾ ਹੁਕਮ ਦਿੱਤਾ, ਤਾਂ ਗੁਰੂ ਸਾਹਿਬ ਜੀ ਨੇ ਬੇਨਤੀ ਕੀਤੀ ਕਿ ਉਹ ਤਾਂ ਤਦੋਂ ਹੀ ਕਿਲ੍ਹੇ ਤੋਂ ਬਾਹਰ ਜਾਣਗੇ ਜਦੋਂ ਸਾਰੇ 52 ਰਾਜੇ ਵੀ ਰਿਹਾ ਕੀਤੇ ਜਾਣ। ਬਾਦਸ਼ਾਹ ਨੇ ਚਲਾਕੀ ਨਾਲ ਕਿਹਾ - "ਜਿੰਨੇ ਤੇਰੇ ਚੋਲੇ ਨਾਲ ਫੜੇ ਜਾ ਸਕਣ, ਉਹੀ ਰਿਹਾਈ ਪਾਉਣਗੇ।"

ਤਦ ਗੁਰੂ ਸਾਹਿਬ ਜੀ ਨੇ ਇੱਕ ਖਾਸ ਚੋਲਾ ਤਿਆਰ ਕਰਵਾਇਆ ਜਿਸ ਦੇ 52 ਫੁੱਲੇ ਸਿਲਾਏ ਗਏ। ਹਰੇਕ ਰਾਜਾ ਉਸ ਚੋਲੇ ਦੇ ਇਕ-ਇਕ ਫੁੱਲੇ ਨੂੰ ਫੜਕੇ ਕਿਲ੍ਹੇ ਤੋਂ ਬਾਹਰ ਨਿਕਲਿਆ। ਉਸ ਦਿਨ ਗੁਰੂ ਸਾਹਿਬ ਜੀ ਸਿਰਫ਼ ਆਪਣੇ ਲਈ ਨਹੀਂ, ਸਗੋਂ ਦੂਜਿਆਂ ਦੀ ਆਜ਼ਾਦੀ ਲਈ ਲੜਨ ਵਾਲੇ ਮਹਾਨ ਯੋਧੇ ਵਜੋਂ ਪ੍ਰਗਟ ਹੋਏ। ਇਹੀ ਕਾਰਨ ਹੈ ਕਿ ਸਿੱਖ ਜਗਤ ਵਿੱਚ ਇਸ ਦਿਨ ਨੂੰ "ਬੰਦੀ ਛੋੜ ਦਿਵਸ" ਵਜੋਂ ਮਨਾਇਆ ਜਾਂਦਾ ਹੈ।



ਸ਼੍ਰੀ ਹਰਿਮੰਦਰ ਸਾਹਿਬ ਦੀ ਰੌਸ਼ਨੀ- ਅੰਮ੍ਰਿਤਸਰ ਵਿੱਚ ਸ਼੍ਰੀ ਹਰਿਮੰਦਰ ਸਾਹਿਬ 'ਤੇ ਇਸ ਦਿਨ ਖਾਸ ਸ਼ਾਨ ਨਾਲ ਦੀਵੇ ਜਗਾਏ ਜਾਂਦੇ ਹਨ। ਹਜ਼ਾਰਾਂ ਸ਼ਰਧਾਲੂ ਇਸ ਪਵਿੱਤਰ ਥਾਂ 'ਤੇ ਦਰਸ਼ਨ ਕਰਨ ਆਉਂਦੇ ਹਨ। ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਦੀਵਿਆਂ ਦੀ ਰੌਸ਼ਨੀ ਦਾ ਪਰਛਾਵਾਂ ਇੱਕ ਆਤਮਿਕ ਅਨੁਭਵ ਪੈਦਾ ਕਰਦਾ ਹੈ, ਜਿਵੇਂ ਆਕਾਸ਼ ਤੋਂ ਤਾਰੇ ਧਰਤੀ 'ਤੇ ਉਤਰ ਆਏ ਹੋਣ। ਇਹ ਦ੍ਰਿਸ਼ ਦਿਲ ਨੂੰ ਸਿਰਫ਼ ਖੁਸ਼ੀ ਨਹੀਂ ਦਿੰਦਾ, ਸਗੋਂ ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਸੱਚੀ ਆਜ਼ਾਦੀ ਦਿਲ ਦੇ ਬੰਧਨਾਂ ਤੋਂ ਮੁਕਤੀ ਵਿੱਚ ਹੈ।

ਦੀਵਾਲੀ ਦੇ ਪੰਜ ਦਿਨ: ਰਿਵਾਜ ਤੇ ਰੰਗ- ਧਨਤੇਰਸ - ਧਨ ਤੇ ਸਿਹਤ ਦਾ ਤਿਉਹਾਰ, ਇਸ ਦਿਨ ਨਵੇਂ ਬਰਤਨ ਜਾਂ ਧਨ ਦੀ ਖਰੀਦ ਸ਼ੁਭ ਮੰਨੀ ਜਾਂਦੀ ਹੈ। ਨਰਕ ਚਤੁਰਦਸ਼ੀ (ਛੋਟੀ ਦੀਵਾਲੀ) - ਭਗਵਾਨ ਕ੍ਰਿਸ਼ਨ ਵੱਲੋਂ ਨਰਕਾਸੁਰ ਦੇ ਸੰਹਾਰ ਦੀ ਯਾਦ। ਦੀਵਾਲੀ ਦਾ ਮੁੱਖ ਦਿਨ - ਮਾਂ ਲਕਸ਼ਮੀ ਤੇ ਭਗਵਾਨ ਗਣੇਸ਼ ਦੀ ਪੂਜਾ, ਘਰਾਂ ਦੀ ਸਜਾਵਟ, ਦੀਵੇ ਤੇ ਖੁਸ਼ੀਆਂ।

ਗੋਵਰਧਨ ਪੂਜਾ-ਭਗਵਾਨ ਕ੍ਰਿਸ਼ਨ ਵੱਲੋਂ ਗੋਵਰਧਨ ਪਹਾੜ ਚੁੱਕਣ ਦੀ ਘਟਨਾ ਦੀ ਯਾਦ।

ਭਾਈ ਦੂਜ-ਭੈਣ-ਭਰਾ ਦੇ ਪਿਆਰ ਤੇ ਸੁਰੱਖਿਆ ਦਾ ਪ੍ਰਤੀਕ ਦਿਨ।

ਵਾਤਾਵਰਣਕ ਜ਼ਿੰਮੇਵਾਰੀ: ਗ੍ਰੀਨ ਦੀਵਾਲੀ-ਸਮਾਂ ਦੇ ਨਾਲ, ਦੀਵਾਲੀ ਦਾ ਰੂਪ ਵਾਤਾਵਰਣ ਲਈ ਚੁਣੌਤੀ ਬਣ ਗਿਆ ਹੈ। ਪਟਾਕਿਆਂ ਦੀ ਆਵਾਜ਼ ਤੇ ਧੂੰਏ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ। ਇਸ ਲਈ, ਅੱਜ ਦੀ ਜ਼ਰੂਰਤ ਹੈ ਕਿ ਅਸੀਂ ਗ੍ਰੀਨ ਦੀਵਾਲੀ ਮਨਾਈਏ - ਜਿੱਥੇ ਚਾਨਣ ਤਾਂ ਹੋਵੇ, ਪਰ ਪ੍ਰਦੂਸ਼ਣ ਨਾ ਹੋਵੇ। ਦੀਵੇ ਤੇ ਮੋਮਬੱਤੀਆਂ ਜਗਾਉਣਾ, ਦਰੱਖਤ ਲਗਾਉਣਾ, ਗਰੀਬਾਂ ਨਾਲ ਮਿੱਠਾਈ ਸਾਂਝੀ ਕਰਨਾ ਇਹ ਸੱਚੀ ਦੀਵਾਲੀ ਹੈ।

ਆਤਮਿਕ ਅਰਥ: ਚਾਨਣ ਬਾਹਰ ਨਹੀਂ, ਅੰਦਰ ਹੈ-ਦੀਵਾਲੀ ਸਾਨੂੰ ਸਿਖਾਉਂਦੀ ਹੈ ਕਿ ਰੌਸ਼ਨੀ ਸਿਰਫ਼ ਦੀਵਿਆਂ ਵਿੱਚ ਨਹੀਂ, ਸਗੋਂ ਮਨੁੱਖ ਦੇ ਅੰਦਰਲੇ ਚਾਨਣ ਵਿੱਚ ਹੈ। ਜੇਕਰ ਅਸੀਂ ਆਪਣੇ ਮਨ ਦੇ ਅੰਧਕਾਰ - ਲੋਭ, ਗੁੱਸੇ, ਈਰਖਾ, ਤੇ ਅਹੰਕਾਰ - ਨੂੰ ਮਿਟਾ ਦਈਏ, ਤਾਂ ਹਰ ਦਿਨ ਦੀਵਾਲੀ ਹੋ ਸਕਦੀ ਹੈ। ਬੰਦੀ ਛੋੜ ਦਿਵਸ ਵੀ ਇਹੀ ਸਿਖਾਉਂਦਾ ਹੈ - ਕਿ ਜਦੋਂ ਤੂੰ ਸਿਰਫ਼ ਆਪਣੇ ਲਈ ਨਹੀਂ, ਸਗੋਂ ਹੋਰਾਂ ਦੀ ਆਜ਼ਾਦੀ ਲਈ ਖੜ੍ਹਾ ਹੁੰਦਾ ਹੈਂ, ਤਦ ਤੂੰ ਅਸਲ ਵਿਚ ਚਾਨਣ ਦਾ ਦੀਵਾ ਬਣਦਾ ਹੈਂ।

ਸਮਾਜਕ ਇਕਤਾ ਦਾ ਪ੍ਰਤੀਕ-ਦੀਵਾਲੀ ਸਿਰਫ਼ ਧਾਰਮਿਕ ਤਿਉਹਾਰ ਨਹੀਂ, ਸਗੋਂ ਸਮਾਜਕ ਇਕਤਾ ਦਾ ਪ੍ਰਤੀਕ ਹੈ। ਇਸ ਦਿਨ ਹਰ ਧਰਮ, ਹਰ ਜਾਤ ਤੇ ਹਰ ਵਰਗ ਦੇ ਲੋਕ ਇਕੱਠੇ ਹੋਕੇ ਖੁਸ਼ੀ ਮਨਾਉਂਦੇ ਹਨ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਜੇ ਅਸੀਂ ਮਿਲਜੁਲ ਕੇ ਰਹੀਏ, ਤਾਂ ਦੁਨੀਆਂ ਦਾ ਹਰ ਕੋਨਾ ਚਾਨਣ ਨਾਲ ਭਰ ਸਕਦਾ ਹੈ।

ਬੰਦੀ ਛੋੜ ਦਾ ਅਸਲੀ ਅਰਥ-ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇਹ ਸੰਦੇਸ਼ ਸਦੀਵ ਪ੍ਰੇਰਨਾ ਦਿੰਦਾ ਹੈ ਕਿ ਮਨੁੱਖ ਦੀ ਅਸਲੀ ਜਿੱਤ ਦੂਜਿਆਂ ਨੂੰ ਬੰਧਨਾਂ ਤੋਂ ਆਜ਼ਾਦ ਕਰਾਉਣ ਵਿੱਚ ਹੈ। ਜਿਸ ਦਿਨ ਅਸੀਂ ਦੂਜਿਆਂ ਦੀ ਖੁਸ਼ੀ ਨੂੰ ਆਪਣੀ ਖੁਸ਼ੀ ਬਣਾਈਏ, ਉਹ ਦਿਨ ਹੀ ਅਸਲ ਦੀਵਾਲੀ ਤੇ ਬੰਦੀ ਛੋੜ ਦਿਵਸ ਹੈ।

ਦੀਵਾਲੀ ਤੇ ਬੰਦੀ ਛੋੜ ਦਿਵਸ ਸਿਰਫ਼ ਦੋ ਤਿਉਹਾਰ ਨਹੀਂ - ਇਹ ਜੀਵਨ ਦੇ ਦੋ ਅਸੂਲ ਹਨ:

ਰੌਸ਼ਨੀ ਅੰਧਕਾਰ ਨੂੰ ਮਿਟਾਉਂਦੀ ਹੈ, ਆਜ਼ਾਦੀ ਗੁਲਾਮੀ ਨੂੰ ਤੋੜਦੀ ਹੈ। ਜਦੋਂ ਅਸੀਂ ਆਪਣੇ ਅੰਦਰ ਦੀ ਰੌਸ਼ਨੀ ਜਗਾਉਂਦੇ ਹਾਂ ਤੇ ਹੋਰਾਂ ਦੀ ਜ਼ਿੰਦਗੀ ਵਿੱਚ ਚਾਨਣ ਕਰਦੇ ਹਾਂ, ਤਦ ਅਸੀਂ ਸੱਚੇ ਅਰਥਾਂ ਵਿੱਚ ਇਹ ਦਿਨ ਮਨਾਉਂਦੇ ਹਾਂ। ਅਸੀਂ ਸਾਰੇ ਮਿਲ ਕੇ ਇਹ ਪ੍ਰਣ ਕਰੀਏ ਕਿ - ਇਹ ਦੀਵਾਲੀ ਸਿਰਫ਼ ਘਰਾਂ ਦੀ ਨਹੀਂ, ਸਗੋਂ ਦਿਲਾਂ ਦੀ ਰੌਸ਼ਨੀ ਹੋਵੇ, ਤੇ ਹਰ ਬੰਦੀ ਛੋੜ ਦਿਵਸ ਸਾਨੂੰ ਮਨੁੱਖਤਾ ਦੀ ਆਜ਼ਾਦੀ ਦੀ ਯਾਦ ਦਿਵਾਵੇ।



# ਮੀਡੀਆ ਅਤੇ ਸਿਆਸਤ ਦੀ ਖਤਰਨਾਕ ਖੇਡ-ਡੀਪ ਸਟੇਟ

**ਸੰਦੀਪ ਕੁਮਾਰ**
7009807121



ਪਿਛਲੇ ਦਸ-ਬਾਰਾਂ ਸਾਲਾਂ ਵਿੱਚ ਭਾਰਤ ਨੇ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਿਆ ਹੈ। ਅਰਥਵਿਵਸਥਾ, ਤਕਨੀਕ, ਬੁਨਿਆਦੀ ਢਾਂਚਾ, ਅਤੇ ਅੰਤਰਰਾਸ਼ਟਰੀ ਸਬੰਧਾਂ ਵਿੱਚ ਭਾਰਤ ਦੀ ਪ੍ਰਗਤੀ ਨੇ ਦੁਨੀਆਂ ਦਾ ਧਿਆਨ ਖਿੱਚਿਆ ਹੈ। ਇਹ ਤਰੱਕੀ ਨਾ ਸਿਰ਼ਫ ਭਾਰਤੀ ਨਾਗਰਿਕਾਂ ਦੀ ਮਿਹਨਤ ਅਤੇ ਸਰਕਾਰ ਦੀਆਂ ਨੀਤੀਆਂ ਦਾ ਨਤੀਜਾ ਹੈ, ਸਗੋਂ ਇੱਕ ਸਥਿਰ ਅਤੇ ਦੂਰਦਰਸ਼ੀ ਲੀਡਰਸ਼ਿਪ ਦਾ ਵੀ ਪ੍ਰਮਾਣ ਹੈ। ਪਰ, ਇਸ ਸਫਲਤਾ ਦੇ ਨਾਲ-ਨਾਲ ਇੱਕ ਅਜਿਹੀ ਸਥਿਤੀ ਵੀ ਸਾਹਮਣੇ ਆਈ ਹੈ ਜਿੱਥੇ ਕੁਝ ਵਿਦੇਸ਼ੀ ਸ਼ਕਤੀਆਂ ਅਤੇ ਦੇਸ਼ ਦੇ ਅੰਦਰ ਦੀਆਂ ਕੁਝ ਰਾਜਨੀਤਿਕ ਤਾਕਤਾਂ ਭਾਰਤ ਦੀ ਇਸ ਤਰੱਕੀ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਵਿੱਚ ਲੱਗੀਆਂ ਹੋਈਆਂ ਹਨ। ਇਹਨਾਂ ਕੋਸ਼ਿਸ਼ਾਂ ਨੂੰ ਅਕਸਰ 'ਡੀਪ ਸਟੇਟ' ਦੇ ਸੰਕਲਪ ਨਾਲ ਜੋੜਿਆ ਜਾਂਦਾ ਹੈ, ਜੋ ਇੱਕ ਅਜਿਹੀ ਅਣਜਨਤਕ ਸੰਸਥਾਵਾਂ ਜਾਂ ਵਿਅਕਤੀਆਂ ਦੇ ਸਮੂਹ ਨੂੰ ਦਰਸਾਉਂਦਾ ਹੈ ਜੋ ਸਰਕਾਰੀ ਨੀਤੀਆਂ ਅਤੇ ਦੇਸ਼ ਦੇ ਵਿਕਾਸ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਦੇ ਹਨ।

ਡੀਪ ਸਟੇਟ ਦੀ ਧਾਰਨਾ ਸਭ ਤੋਂ ਪਹਿਲਾਂ ਪੱਛਮੀ ਦੇਸ਼ਾਂ, ਖਾਸਕਰ ਅਮਰੀਕਾ, ਵਿੱਚ ਚਰਚਾ ਵਿੱਚ ਆਈ। ਇਹ ਸੰਕਲਪ ਉਹਨਾਂ ਸੰਸਥਾਵਾਂ ਜਾਂ ਵਿਅਕਤੀਆਂ ਨੂੰ ਸੰਬੋਧਿਤ ਕਰਦਾ ਹੈ ਜੋ ਸਰਕਾਰ ਦੇ ਅੰਦਰ ਜਾਂ ਬਾਹਰ ਪਰਦੇ ਪਿੱਛੇ ਕੰਮ ਕਰਦੇ ਹਨ ਅਤੇ ਜਨਤਕ ਜਵਾਬਦੇਹੀ ਤੋਂ ਬਚਦੇ ਹੋਏ ਸੱਤਾ ਦੀਆਂ ਲੀਹਾਂ ਨੂੰ ਆਪਣੇ ਹਿੱਤ ਵਿੱਚ ਮੋੜਨ ਦੀ ਕੋਸ਼ਿਸ਼ ਕਰਦੇ ਹਨ। ਇਹ ਸੰਸਥਾਵਾਂ ਵਿੱਚ ਸਰਕਾਰੀ ਅਧਿਕਾਰੀ, ਖੁਫੀਆ ਏਜੰਸੀਆਂ, ਸੈਨਿਕ ਅਧਿਕਾਰੀ, ਵਪਾਰਕ ਸਮੂਹ ਜਾਂ ਮੀਡੀਆ ਦੇ ਕੁਝ ਹਿੱਸੇ ਸ਼ਾਮਲ ਹੋ ਸਕਦੇ ਹਨ। ਭਾਰਤ ਦੇ ਸੰਦਰਭ ਵਿੱਚ, ਡੀਪ ਸਟੇਟ ਨੂੰ ਅਕਸਰ ਅਜਿਹੀਆਂ ਸ਼ਕਤੀਆਂ ਨਾਲ ਜੋੜਿਆ ਜਾਂਦਾ ਹੈ ਜੋ ਦੇਸ਼ ਦੀ ਤਰੱਕੀ ਨੂੰ ਰੋਕਣ ਜਾਂ ਸਰਕਾਰੀ ਨੀਤੀਆਂ ਨੂੰ ਅਸਫਲ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਭਾਰਤ ਦੀ ਤਰੱਕੀ ਪਿਛਲੇ ਦਹਾਕੇ ਵਿੱਚ ਬਹੁਤ ਸਾਰੇ ਖੇਤਰਾਂ ਵਿੱਚ ਸਪੱਸ਼ਟ ਦਿਖਾਈ ਦਿੱਤੀ ਹੈ। ਅਰਥਵਿਵਸਥਾ ਵਿੱਚ ਸੁਧਾਰ, ਡਿਜੀਟਲ ਇੰਡੀਆ ਵਰਗੀਆਂ ਪਹਿਲਕਦਮੀਆਂ, ਸਵੱਛ ਭਾਰਤ ਅਭਿਆਨ ਤੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਮਜ਼ਬੂਤ ਸਥਿਤੀ ਨੇ ਦੁਨੀਆਂ ਨੂੰ ਦਿਖਾਇਆ ਹੈ ਕਿ ਭਾਰਤ ਇੱਕ ਮਹਾਨ ਸ਼ਕਤੀ ਵਜੋਂ ਉੱਭਰ ਰਿਹਾ ਹੈ। ਪਰ, ਇਸ ਤਰੱਕੀ ਨੇ ਕਈ ਅਜਿਹੀਆਂ ਸ਼ਕਤੀਆਂ ਨੂੰ ਪਰੇਸ਼ਾਨ ਕੀਤਾ ਹੈ ਜੋ ਚਾਹੁੰਦੀਆਂ ਹਨ ਕਿ ਭਾਰਤ ਇੱਕ ਵਿਕਾਸਸ਼ੀਲ ਦੇਸ਼ ਦੇ ਰੂਪ ਵਿੱਚ ਹੀ ਸੀਮਤ ਰਹੇ।

ਭਾਰਤ ਦੇ ਅੰਦਰ, ਵਿਰੋਧੀ ਧਿਰ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿੱਚ ਰਹੀ ਹੈ। ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਮੌਜੂਦਾ ਸਰਕਾਰ ਦੇਸ਼ ਦੇ ਵਿਕਾਸ ਲਈ ਕੋਈ ਵੱਡਾ ਫੈਸਲਾ ਲੈਂਦੀ ਹੈ, ਜਿਵੇਂ ਕਿ ਬੁਨਿਆਦੀ ਢਾਂਚੇ ਦਾ ਵਿਕਾਸ, ਅਰਥਵਿਵਸਥਾ ਸੁਧਾਰ, ਜਾਂ ਵਿਦੇਸ਼ ਨੀਤੀ ਨਾਲ ਜੁੜੇ ਮੁੱਦੇ, ਤਾਂ ਵਿਰੋਧੀ ਧਿਰ ਬਿਨਾਂ ਕਿਸੇ ਠੋਸ ਕਾਰਨ ਦੇ ਇਸ ਦਾ ਵਿਰੋਧ ਕਰਦੀ ਹੈ। ਇਹ ਵਿਰੋਧ ਕਈ ਵਾਰ ਸਰਕਾਰ ਦੀਆਂ ਨੀਤੀਆਂ ਨੂੰ ਅਸਫਲ ਕਰਨ ਦੀ ਕੋਸ਼ਿਸ਼ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ। ਇਸ ਦੇ ਪਿੱਛੇ ਇੱਕ ਸਿਆਸੀ ਮਕਸਦ ਹੋ ਸਕਦਾ ਹੈ। ਜੇਕਰ ਭਾਰਤ ਇਸੇ ਰਫਤਾਰ ਨਾਲ ਤਰੱਕੀ ਕਰਦਾ ਰਿਹਾ, ਤਾਂ ਮੌਜੂਦਾ ਸਰਕਾਰ ਦਾ ਜਨਤਕ ਸਮਰਥਨ ਵਧਦਾ ਜਾਵੇਗਾ, ਜਿਸ ਨਾਲ ਵਿਰੋਧੀ ਧਿਰ ਦੀ ਸੱਤਾ ਵਿੱਚ ਵਾਪਸੀ ਦੀਆਂ ਸੰਭਾਵਨਾਵਾਂ ਘਟਦੀਆਂ ਜਾਣਗੀਆਂ। ਇਸ ਤੋਂ ਇਲਾਵਾ, ਕੁਝ ਵਿਰੋਧੀ ਲੀਡਰਾਂ ਦੀ ਵਿਦੇਸ਼ੀ ਰਾਜਨੀਤਕ ਨੇਤਾਵਾਂ ਨਾਲ ਮੁਲਾਕਾਤਾਂ ਨੇ ਵੀ ਸਵਾਲ ਖੜ੍ਹੇ ਕੀਤੇ ਹਨ। ਅਜਿਹੇ ਮੌਕਿਆਂ 'ਤੇ ਉਹਨਾਂ ਨੇਤਾਵਾਂ ਨਾਲ ਮੁਲਾਕਾਤਾਂ ਦੇਖੀਆਂ ਗਈਆਂ ਹਨ ਜੋ ਭਾਰਤ ਦੀ ਤਰੱਕੀ ਨੂੰ ਰੋਕਣ ਜਾਂ ਭਾਰਤ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਹਨ। ਇਹ ਮੁਲਾਕਾਤਾਂ ਸਿਰ਼ਫ ਸਿਆਸੀ ਸੰਬੰਧਾਂ ਦੀ ਨੀਂਹ 'ਤੇ ਨਹੀਂ, ਸਗੋਂ ਇੱਕ ਵੱਡੀ ਸਾਜ਼ਿਸ਼ ਦੇ ਹਿੱਸੇ ਵਜੋਂ ਵੀ ਦੇਖੀਆਂ ਜਾਂਦੀਆਂ ਹਨ। 'ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ' ਵਾਲੀ ਕਹਾਵਤ ਇੱਥੇ ਸੱਚ ਜਾਪਦੀ ਹੈ। ਜਦੋਂ ਵਿਰੋਧੀ ਧਿਰ ਦੇ ਨੇਤਾ ਅਜਿਹੀਆਂ ਸ਼ਕਤੀਆਂ ਨਾਲ ਮਿਲਦੇ ਹਨ, ਤਾਂ ਇਹ ਸਵਾਲ ਉੱਠਦਾ ਹੈ ਕਿ ਕੀ ਉਹ ਦੇਸ਼ ਦੇ ਹਿੱਤਾਂ ਨੂੰ ਪਹਿਲ ਦਿੰਦੇ ਹਨ ਜਾਂ ਆਪਣੇ ਸਿਆਸੀ ਮਕਸਦਾਂ ਨੂੰ ਪਹਿਲ ਦਿੰਦੇ ਹਨ ?


ਡੀਪ ਸਟੇਟ ਦੀ ਕਾਰਵਾਈ ਦਾ ਇੱਕ ਅਹਿਮ ਹਿੱਸਾ ਮੀਡੀਆ ਅਤੇ ਸੋਸ਼ਲ ਮੀਡੀਆ ਦੇ ਜ਼ਰੀਏ ਵੀ ਸਾਹਮਣੇ ਆਉਂਦਾ ਹੈ। ਅੱਜ ਦੇ ਡਿਜੀਟਲ ਯੁੱਗ ਵਿੱਚ, ਜਿੱਥੇ ਸੋਸ਼ਲ ਮੀਡੀਆ ਜਨਤਕ ਵਿਚਾਰਧਾਰਾ ਨੂੰ ਪ੍ਰਭਾਵਿਤ ਕਰਨ ਦਾ ਸਭ ਤੋਂ ਵੱਡਾ ਸਾਧਨ ਹੈ, ਉੱਥੇ ਕੁਝ ਯੂਟਿਊਬਰ, ਪੱਤਰਕਾਰ ਅਤੇ ਸੋਸ਼ਲ ਮੀਡੀਆ ਪ੍ਰਭਾਵਕ ਅਜਿਹੀ ਸਮੱਗਰੀ ਪ੍ਰਕਾਸ਼ਿਤ ਕਰਦੇ ਹਨ ਜੋ ਸਰਕਾਰ ਅਤੇ ਦੇਸ਼ ਦੀ ਤਰੱਕੀ ਦੇ ਵਿਰੁੱਧ ਜਾਂਦੀ ਹੈ। ਇਹਨਾਂ ਵਿੱਚੋਂ ਕਈਆਂ ਨੂੰ ਵਿਦੇਸ਼ੀ ਸੰਸਥਾਵਾਂ ਜਾਂ ਸ਼ਕਤੀਆਂ ਤੋਂ ਵਿੱਤੀ ਸਹਾਇਤਾ ਮਿਲਣ ਦੀਆਂ ਅਫਵਾਹਾਂ ਵੀ ਸੁਣਾਈ ਦਿੰਦੀਆਂ ਹਨ। ਅਜਿਹੇ ਵਿਅਕਤੀ ਜਾਂ ਸਮੂਹ ਅਕਸਰ ਸਰਕਾਰ ਦੀਆਂ ਨੀਤੀਆਂ 'ਤੇ ਬਿਨਾਂ ਕਿਸੇ ਠੋਸ ਸਬੂਤ ਦੇ ਨਕਾਰਾਤਮਕ ਟਿੱਪਣੀਆਂ ਕਰਦੇ ਹਨ, ਜਿਸ ਨਾਲ ਜਨਤਕ ਵਿਚਾਰਧਾਰਾ ਵਿੱਚ ਭੰਬਲਭੂਸਾ ਪੈਦਾ ਹੁੰਦਾ ਹੈ। ਉਦਾਹਰਣ ਵਜੋਂ, ਜਦੋਂ ਸਰਕਾਰ ਨੇ ਖੇਤੀ ਸੁਧਾਰਾਂ ਜਾਂ ਵਪਾਰਕ ਨੀਤੀਆਂ ਨਾਲ ਜੁੜੇ ਕੁਝ ਫੈਸਲੇ ਲਏ, ਤਾਂ ਸੋਸ਼ਲ ਮੀਡੀਆ 'ਤੇ ਅਜਿਹੀਆਂ ਅਫਵਾਹਾਂ ਫੈਲਾਈਆਂ ਗਈਆਂ ਕਿ ਇਹ ਨੀਤੀਆਂ ਕਿਸਾਨਾਂ ਜਾਂ ਆਮ ਜਨਤਾ ਦੇ ਵਿਰੁੱਧ ਹਨ। ਇਹ ਅਫਵਾਹਾਂ ਅਕਸਰ ਸੰਗਠਿਤ ਤਰੀਕੇ ਨਾਲ ਫੈਲਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦੇਸ਼ੀ ਸੰਗਠਨਾਂ ਦੀ ਸ਼ਮੂਲੀਅਤ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਅਜਿਹੀਆਂ ਗਤੀਵਿਧੀਆਂ ਦਾ ਮਕਸਦ ਸਰਕਾਰ ਅਤੇ ਜਨਤਾ ਵਿਚਕਾਰ ਅਵਿਸ਼ਵਾਸ ਪੈਦਾ ਕਰਨਾ ਹੁੰਦਾ ਹੈ, ਜਿਸ ਨਾਲ ਦੇਸ਼ ਦੀ ਤਰੱਕੀ ਦੀ ਰਫਤਾਰ ਨੂੰ ਰੋਕਿਆ ਜਾ ਸਕੇ।

ਡੀਪ ਸਟੇਟ ਦੀ ਕਾਰਵਾਈ ਦਾ ਸਭ ਤੋਂ ਵੱਡਾ ਪਹਿਲੂ ਵਿਦੇਸ਼ੀ ਸ਼ਕਤੀਆਂ ਦੀ ਸ਼ਮੂਲੀਅਤ ਹੈ। ਕਈ ਅਜਿਹੇ ਦੇਸ਼ ਜਾਂ ਸੰਗਠਨ ਹਨ ਜੋ ਭਾਰਤ ਦੀ ਤਰੱਕੀ ਨੂੰ ਆਪਣੇ ਹਿੱਤਾਂ ਲਈ ਖਤਰਾ ਮੰਨਦੇ ਹਨ। ਇਹ ਸ਼ਕਤੀਆਂ ਅਕਸਰ ਅਜਿਹੇ ਵਿਅਕਤੀਆਂ ਜਾਂ ਸਮੂਹਾਂ ਨੂੰ ਵਿੱਤੀ ਜਾਂ ਹੋਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੀਆਂ ਹਨ ਜੋ ਦੇਸ਼ ਦੇ ਅੰਦਰ ਅਸਥਿਰਤਾ ਪੈਦਾ ਕਰ ਸਕਣ। ਇਹ ਸਹਾਇਤਾ ਕਈ ਰੂਪਾਂ ਵਿੱਚ ਹੋ ਸਕਦੀ ਹੈ-ਜਿਵੇਂ ਕਿ ਵਿੱਤੀ ਫੰਡਿੰਗ, ਸਿਆਸੀ ਸਮਰਥਨ ਜਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ। ਉਦਾਹਰਣ ਵਜੋਂ, ਕੁਝ ਵਿਦੇਸ਼ੀ ਗੈਰ-ਸਰਕਾਰੀ ਸੰਗਠਨ ਅਤੇ ਮੀਡੀਆ ਸੰਸਥਾਵਾਂ ਨੂੰ ਭਾਰਤ ਵਿਰੋਧੀ ਬਿਰਤਾਂਤ ਨੂੰ ਵਧਾਵਾ ਦੇਣ ਦੇ ਇਲਜ਼ਾਮ ਲੱਗੇ ਹਨ। ਇਹ ਸੰਸਥਾਵਾਂ ਅਕਸਰ ਅਜਿਹੇ ਮੁੱਦਿਆਂ ਨੂੰ ਉਛਾਲਦੀਆਂ ਹਨ ਜੋ ਸਰਕਾਰ ਦੀ ਭਾਵਨਾ ਨੂੰ ਨੁਕਸਾਨ ਪਹੁੰਚਾਉਂਦੇ ਹਨ, ਜਿਵੇਂ ਕਿ ਮਨੁੱਖੀ ਅਧਿਕਾਰ, ਵਾਤਾਵਰਣ ਜਾਂ ਧਾਰਮਿਕ ਮੁੱਦੇ। ਇਹ ਮੁੱਦੇ ਜਨਤਕ ਭਾਵਨਾਵਾਂ ਨੂੰ ਉਕਸਾਉਣ ਅਤੇ ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਖੜ੍ਹੇ ਕਰਨ ਦੇ ਉਦੇਸ਼ ਨਾਲ ਚੁੱਕੇ ਜਾਂਦੇ ਹਨ।

ਇਸ ਸਥਿਤੀ ਵਿੱਚ, ਜਨਤਕ ਜਾਗਰੂਕਤਾ ਅਤੇ ਸਰਕਾਰ ਦੀ ਸੁਚੇਤਤਾ ਸਭ ਤੋਂ ਅਹਿਮ ਹੈ। ਭਾਰਤ ਦੀ ਜਨਤਾ ਨੂੰ ਸਮਝਣਾ ਹੋਵੇਗਾ ਕਿ ਅਜਿਹੀਆਂ ਨਕਾਰਾਤਮਕ ਗਤੀਵਿਧੀਆਂ ਦਾ ਮਕਸਦ ਦੇਸ਼ ਦੀ ਤਰੱਕੀ ਨੂੰ ਰੋਕਣਾ ਹੈ। ਸੋਸ਼ਲ ਮੀਡੀਆ 'ਤੇ ਫੈਲਾਈਆਂ ਜਾਣ ਵਾਲੀਆਂ ਅਫਵਾਹਾਂ ਅਤੇ ਗਲਤ ਜਾਣਕਾਰੀਆਂ ਨੂੰ ਪਛਾਣਨ ਦੀ ਸਮਰੱਥਾ ਵਿਕਸਿਤ ਕਰਨੀ ਹੋਵੇਗੀ। ਸਰਕਾਰ ਨੂੰ ਵੀ ਅਜਿਹੀਆਂ ਸੰਸਥਾਵਾਂ ਅਤੇ ਵਿਅਕਤੀਆਂ 'ਤੇ ਨਜ਼ਰ ਰੱਖਣੀ ਹੋਵੇਗੀ ਜੋ ਵਿਦੇਸ਼ੀ ਸਹਾਇਤਾ ਨਾਲ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹਨ। ਇਸ ਦੇ ਨਾਲ ਹੀ, ਸਰਕਾਰ ਨੂੰ ਜਨਤਕ ਸੰਚਾਰ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਜਨਤਾ ਨੂੰ ਸਰਕਾਰੀ ਨੀਤੀਆਂ ਅਤੇ ਉਹਨਾਂ ਦੇ ਫਾਇਦਿਆਂ ਬਾਰੇ ਸਹੀ ਅਤੇ ਸਮੇਂ ਸਿਰ ਜਾਣਕਾਰੀ ਮਿਲਣੀ ਚਾਹੀਦੀ ਹੈ। ਇਹ ਜਾਣਕਾਰੀ ਸੋਸ਼ਲ ਮੀਡੀਆ ਅਤੇ ਰਵਾਇਤੀ ਮੀਡੀਆ ਦੋਵਾਂ ਦੇ ਜ਼ਰੀਏ ਪਹੁੰਚਾਈ ਜਾਣੀ ਚਾਹੀਦੀ, ਤਾਂ ਜੋ ਨਕਾਰਾਤਮਕ ਪ੍ਰਚਾਰ ਦਾ ਮੁਕਾਬਲਾ ਕੀਤਾ ਜਾ ਸਕੇ।

ਭਾਰਤ ਦੀ ਤਰੱਕੀ ਦੀ ਰਫਤਾਰ ਨੂੰ ਰੋਕਣ ਦੀਆਂ ਕੋਸ਼ਿਸ਼ਾਂ, ਚਾਹੇ ਉਹ ਵਿਰੋਧੀ ਧਿਰ ਦੀਆਂ ਸਿਆਸੀ ਰਣਨੀਤੀਆਂ ਦੇ ਰੂਪ ਵਿੱਚ ਹੋਣ, ਚਾਹੇ ਵਿਦੇਸ਼ੀ ਸ਼ਕਤੀਆਂ ਦੀਆਂ ਸਾਜ਼ਿਸ਼ਾਂ ਦੇ ਰੂਪ ਵਿੱਚ, ਡੀਪ ਸਟੇਟ ਦੀ ਕਾਰਵਾਈ ਦਾ ਹਿੱਸਾ ਹੋ ਸਕਦੀਆਂ ਹਨ। ਇਹ ਕਾਰਵਾਈਆਂ ਦੇਸ਼ ਦੇ ਅੰਦਰ ਅਸਥਿਰਤਾ ਪੈਦਾ ਕਰਨ, ਜਨਤਕ ਵਿਚਾਰਧਾਰਾ ਨੂੰ ਪ੍ਰਭਾਵਿਤ ਕਰਨ ਅਤੇ ਸਰਕਾਰ ਦੀਆਂ ਨੀਤੀਆਂ ਨੂੰ ਅਸਫਲ ਕਰਨ ਦੇ ਮਕਸਦ ਨਾਲ ਕੀਤੀਆਂ ਜਾਂਦੀਆਂ ਹਨ। ਪਰ, ਜੇਕਰ ਜਨਤਾ ਜਾਗਰੂਕ ਰਹੇ ਅਤੇ ਸਰਕਾਰ ਸੁਚੇਤਤਾ ਨਾਲ ਕੰਮ ਕਰੇ, ਤਾਂ ਅਜਿਹੀਆਂ ਸਾਜ਼ਿਸ਼ਾਂ ਨੂੰ ਨਾਕਾਮ ਕੀਤਾ ਜਾ ਸਕਦਾ ਹੈ। ਭਾਰਤ ਨੂੰ ਆਪਣੀ ਤਰੱਕੀ ਦੀ ਰਫਤਾਰ ਨੂੰ ਜਾਰੀ ਰੱਖਣ ਲਈ ਨਾ ਸਿਰ਼ਫ ਅੰਦਰੂਨੀ ਸਿਆਸੀ ਏਕਤਾ ਦੀ ਲੋੜ ਹੈ, ਸਗੋਂ ਵਿਦੇਸ਼ੀ ਸ਼ਕਤੀਆਂ ਦੀਆਂ ਸਾਜ਼ਿਸ਼ਾਂ ਨੂੰ ਸਮਝਣ ਅਤੇ ਉਹਨਾਂ ਦਾ ਮੁਕਾਬਲਾ ਕਰਨ ਦੀ ਵੀ ਜ਼ਰੂਰਤ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com




ਡੀਪ ਸਟੇਟ ਦੀ ਕਾਰਵਾਈ ਦਾ ਸਭ ਤੋਂ ਵੱਡਾ ਪਹਿਲੂ ਵਿਦੇਸ਼ੀ ਸ਼ਕਤੀਆਂ ਦੀ ਸ਼ਮੂਲੀਅਤ ਹੈ। ਕਈ ਅਜਿਹੇ ਦੇਸ਼ ਜਾਂ ਸੰਗਠਨ ਹਨ ਜੋ ਭਾਰਤ ਦੀ ਤਰੱਕੀ ਨੂੰ ਆਪਣੇ ਹਿੱਤਾਂ ਲਈ ਖਤਰਾ ਮੰਨਦੇ ਹਨ। ਇਹ ਸ਼ਕਤੀਆਂ ਅਕਸਰ ਅਜਿਹੇ ਵਿਅਕਤੀਆਂ ਜਾਂ ਸਮੂਹਾਂ ਨੂੰ ਵਿੱਤੀ ਜਾਂ ਹੋਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਦੀਆਂ ਹਨ ਜੋ ਦੇਸ਼ ਦੇ ਅੰਦਰ ਅਸਥਿਰਤਾ ਪੈਦਾ ਕਰ ਸਕਣ। ਇਹ ਸਹਾਇਤਾ ਕਈ ਰੂਪਾਂ ਵਿੱਚ ਹੋ ਸਕਦੀ ਹੈ-ਜਿਵੇਂ ਕਿ ਵਿੱਤੀ ਫੰਡਿੰਗ, ਸਿਆਸੀ ਸਮਰਥਨ ਜਾਂ ਸੋਸ਼ਲ ਮੀਡੀਆ 'ਤੇ ਪ੍ਰਚਾਰ। ਉਦਾਹਰਣ ਵਜੋਂ, ਕੁਝ ਵਿਦੇਸ਼ੀ ਗੈਰ-ਸਰਕਾਰੀ ਸੰਗਠਨ ਅਤੇ ਮੀਡੀਆ ਸੰਸਥਾਵਾਂ ਨੂੰ ਭਾਰਤ ਵਿਰੋਧੀ ਬਿਰਤਾਂਤ ਨੂੰ ਵਧਾਵਾ ਦੇਣ ਦੇ ਇਲਜ਼ਾਮ ਲੱਗੇ ਹਨ।

# ਰੌਸ਼ਨੀਆਂ ਦਾ ਤਿਉਹਾਰ ਦੀਵਾਲੀ

ਡਾ.ਪ੍ਰਿਤਪਾਲ ਸਿੰਘ ਮਹਿਰੋਕ
98885-10185



ਦੀਵਾਲੀ ਨੂੰ ਖੁਸ਼ੀਆਂ ਤੇ ਰੌਸ਼ਨੀਆਂ ਦੇ ਤਿਉਹਾਰ ਵਜੋਂ ਜਾਣਿਆਂ ਜਾਂਦਾ ਹੈ। ਇਹ ਭਾਰਤ ਦੇ ਪ੍ਰਮੁੱਖ ਤਿਉਹਾਰਾਂ ਵਿਚੋਂ ਇਕ ਹੈ ਜਿਸਨੂੰ ਪੂਰੇ ਦੇਸ਼ ਵਿਚ ਬਹੁਤ ਸ਼ਰਧਾ ਭਾਵਨਾ, ਸਤਿਕਾਰ, ਉਤਸ਼ਾਹ ਅਤੇ ਚਾਅ ਨਾਲ ਮਨਾਇਆ ਜਾਂਦਾ ਹੈ। ਮਨੁੱਖ ਦੇ ਸੰਘਰਸ਼, ਉਸਦੇ ਰਸਤਿਆਂ ਵਿਚ ਆਉਂਦੀਆਂ ਰਹੀਆਂ ਰੁਕਾਵਟਾਂ, ਉਸਦੀ ਲੰਮੀ ਜੱਦੋ-ਜਹਿਦ ਦੀ ਇਬਾਰਤ ਤੇ ਉਸਦੇ ਹਾਰਨ-ਜਿੱਤਣ ਦੀਆਂ ਗਾਥਾਵਾਂ ਉਸਦੇ ਸਿਰੜ ਜਿੰਨੀਆਂ ਹੀ ਪੁਰਾਣੀਆਂ ਹਨ। ਮਨੁੱਖ ਜਦੋਂ ਵੀ ਆਪਣੇ ਸੰਘਰਸ਼ ਦੀ ਯਾਤਰਾ ਵਿਚੋਂ ਜੇਤੂ ਬਣ ਕੇ ਨਿਕਲਦਾ ਹੈ ਤਾਂ ਆਪਣੀ ਜਿੱਤ ਦੇ ਅਵਸਰ 'ਤੇ ਉਹ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ ਤੇ ਰੱਜ ਕੇ ਜਸ਼ਨ ਮਨਾਉਂਦਾ ਹੈ। ਜਦੋਂ ਉਹ ਖੁਸ਼ੀ ਨੂੰ ਦੂਜਿਆਂ ਨਾਲ ਸਾਂਝਿਆਂ ਕਰਦਾ ਹੈ ਤਾਂ ਉਸਦੀ ਖੁਸ਼ੀ ਦੂਣ-ਸਵਾਈ ਹੋ ਜਾਂਦੀ ਹੈ। ਦੀਵਾਲੀ ਦਾ ਤਿਉਹਾਰ ਆਉਂਦਾ ਹੈ ਤਾਂ ਲੋਕ ਇਸ ਅਵਸਰ ਦੀਆਂ ਅਥਾਹ ਖੁਸ਼ੀਆਂ ਨੂੰ ਦੂਜਿਆਂ ਨਾਲ ਵੰਡਾਉਂਦੇ ਹਨ। ਰਲ-ਮਿਲ ਕੇ ਕਿਸੇ ਨਾ ਕਿਸੇ ਰੂਪ ਵਿਚ ਖੁਸ਼ੀਆਂ ਮਨਾਉਣ ਵਾਲਾ ਅਜਿਹਾ ਕੋਈ ਨਾ ਕੋਈ ਤਿਉਹਾਰ ਲਗ ਪਗ ਹਰੇਕ ਸਮਾਜ ਵਿਚ ਮਨਾਇਆ ਜਾਂਦਾ ਹੈ। ਮਨੁੱਖ ਆਪਣੀ ਸੰਪੰਨਤਾ ਦੇ ਜਸ਼ਨ ਮਨਾਉਂਦਾ ਹੈ ਤਾਂ ਉਹ ਖੁਸ਼ੀ ਵਿਚ ਫੁਲਿਆ ਨਹੀਂ ਸਮਾਉਂਦਾ।

ਦੀਵਾਲੀ ਦਾ ਤਿਉਹਾਰ ਮਨੁੱਖ ਲਈ ਕਈ ਤਰ੍ਹਾਂ ਦੇ ਸੁਨੇਹੇ ਲੈ ਕੇ ਆਉਂਦਾ ਹੈ। ਲੋਕ ਆਪਣੇ ਘਰਾਂ, ਦਫਤਰਾਂ, ਕਾਰੋਬਾਰੀ ਅਦਾਰਿਆਂ, ਸਾਂਝੇ ਅਸਥਾਨਾਂ, ਵਸਤੂਆਂ, ਵਸਤਰਾਂ ਤੇ ਹੋਰ ਵੀ ਬਹੁਤ ਕੁਝ ਦੀ ਸਫਾਈ ਕਰਦੇ ਹਨ। ਸਾਫ ਸੁਥਰਾ ਘਰ, ਦਫਤਰ, ਵਸਤਰ ਆਦਿ ਸਭ ਨੂੰ ਚੰਗੇ ਲੱਗਦੇ ਹਨ। ਇਸ ਮੌਕੇ 'ਤੇ ਮਨੁੱਖ ਨੂੰ ਉਜਵਲ ਵਿਚਾਰ ਧਾਰਨ ਕਰਨ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਵੀ ਕਰਨਾ ਚਾਹੀਦਾ ਹੈ। ਉਸ ਕੋਲ ਉਜਾਲਾ ਕਰਨ ਦੇ ਵਿਭਿੰਨ ਸਾਧਨ ਪ੍ਰਾਪਤ ਹਨ ਜੋ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਭਾਂਤ-ਸੁਭਾਂਤੀ ਮਹਿੰਗੀ ਤੋਂ ਮਹਿੰਗੀ ਆਤਿਸ਼ਬਾਜ਼ੀ ਹੈ,ਖਾਣ ਪੀਣ ਦੇ ਬੇਅੰਤ ਪਦਾਰਥ ਹਨ,ਰੰਗ ਤਮਾਸ਼ਿਆਂ ਤੇ ਖੁਸ਼ੀਆਂ ਮਨਾਉਣ ਦੇ ਅਨੇਕ ਸਾਧਨ ਹਨ।ਇਸੇ ਸੰਦਰਭ ਵਿਚ ਦੀਵਾਲੀ ਦੇ ਮਹੱਤਵ ਨੂੰ ਪਛਾਨਣ ਦੀ ਲੋੜ ਹੈ। ਦੀਵਾਲੀ ਦੀਆਂ ਬਹੁਰੰਗੀ ਰੌਸ਼ਨੀਆਂ ਦਾ ਮਤਲਬ ਇਹ ਲਿਆ ਜਾਣਾ ਚਾਹੀਦਾ ਹੈ ਕਿ ਮਨੁੱਖ ਹਨੇਰੇ ਤੋਂ ਪ੍ਰਕਾਸ਼ ਵੱਲ ਵਧਦਾ ਜਾਵੇ। ਹਨੇਰਾ ਵੀ ਤਾਂ ਜੀਵਨ ਦਾ ਇਕ ਹਿੱਸਾ ਹੈ... ਜਿਸਨੂੰ ਹਰ ਕੋਈ ਸਵੀਕਾਰ ਕਰਦਾ ਹੈ। ਮਨੁੱਖ ਦੀ ਇਕ ਵੱਡੀ ਪ੍ਰਾਪਤੀ ਇਹ ਹੈ ਕਿ ਹਨੇਰੇ ਨੂੰ ਦੂਰ ਕਰਨ ਦੀ ਕਲਾ ਵੀ ਮਨੁੱਖ ਕੋਲ ਹੈ।ਹਨੇਰੇ ਨੂੰ ਪਛੰਡਣ ਲਈ ਨਵੇਂ ਉਤਸ਼ਾਹ ਦੀ ਲੋੜ ਹੁੰਦੀ ਹੈ। ਨਵੇਂ ਦਿਸਹੱਦੇ ਛੂੰਹਦੇ ਰਹਿਣ ਦੀ ਇੱਛਾ ਸ਼ਕਤੀ ਰੱਖਣ ਵਾਲੇ ਸਮਾਜ ਨਵੀਂ ਨਵੇਲੀ ਰੌਸ਼ਨੀ ਦੀ ਤਲਾਸ਼ ਕਰ ਹੀ ਲੈਂਦੇ ਹਨ। ਅਜਿਹਾ ਕਰਕੇ ਉਹ ਆਪਣੀ ਹਰ ਦੀਵਾਲੀ ਰੌਸ਼ਨੀਆਂ ਨਾਲ ਭਰ ਸਕਦੇ ਹਨ। ਸਿਹਤਮੰਦ ਵਿਚਾਰ ਤਰੰਗਾਂ ਤੇ ਮਨੁੱਖ ਦੀ ਰੱਜਵੀਂ ਨੀਅਤ ਵਾਲੇ ਮਜ਼ਬੂਤ ਇਰਾਦੇ ਦੀਵਾਲੀ ਦਾ ਅਸਲ ਤੇ ਸਹੀ ਆਨੰਦ ਦੇ ਸਕਦੇ ਹਨ।



ਅਜੋਕੇ ਮਨੁੱਖ ਦੀਆਂ ਮਨੋ-ਗੁੰਥੀਆਂ ਦਾ ਜੰਜਾਲ ਉਸਨੂੰ ਰੌਸ਼ਨੀ ਤੋਂ ਦੂਰ ਲਿਜਾ ਰਿਹਾ ਹੈ। ਉਲਝਣਾਂ, ਤਣਾਓ, ਗੁੰਝਲਾਂ ਆਦਿ ਵਧ ਰਹੀਆਂ ਹਨ। ਕਦੇ ਅਜਿਹਾ ਸਮਾਂ ਵੀ ਆਉਂਦਾ ਹੈ ਕਿ ਛਿਨ-ਭੰਗਰ ਲਈ ਹਨੇਰੇ ਦੀ ਜਿੱਤ ਹੁੰਦੀ ਪ੍ਰਤੀਤ ਹੁੰਦੀ ਹੈ ਪਰੰਤੂ ਇਹ ਇਕ ਭੁਲਾਂਦਰਾ ਹੁੰਦਾ ਹੈ।ਰੌਸ਼ਨੀ ਕਰਨ,ਰੌਸ਼ਨੀ ਵਲ ਵਧਣ ਤੇ ਆਪਣੇ ਅੰਦਰ ਨੂੰ ਜਗਮਗਾਉਣ ਤੋਂ ਬਿਨਾਂ ਨਾ ਕਿਸੇ ਨੂੰ ਅਸਲ ਜਿੱਤ ਪ੍ਰਾਪਤ ਹੁੰਦੀ ਹੈ, ਨਾ ਹੁਲਾਸ, ਨਾ ਹੁਲਾਰਾ ਮਿਲਦਾ ਹੈ। ਦੀਵਾਲੀ ਦੇ ਇਸ ਸੰਦੇਸ਼ ਤੇ ਇਸ ਮਹੱਤਵ ਨੂੰ ਸਮਝਣ ਦੀ ਲੋੜ ਹੈ। ਦੀਵਾਲੀ ਦਾ ਉਤਸਵ ਮਹਾਨਤਾ ਅਤੇ ਪਵਿੱਤਰਤਾ ਦੇ ਜਿਨ੍ਹਾਂ ਆਦਰਸ਼ਾਂ ਨੂੰ ਮਿਥ ਕੇ ਪ੍ਰਾਰੰਭ ਹੋਇਆ ਹੋਵੇਗਾ, ਉਹ ਮਹੱਤਵ ਅਤੇ ਸੰਦੇਸ਼ ਅਸੀਂ ਭੁੱਲਦੇ ਜਾ ਰਹੇ ਹਾਂ ਪੈਸੇ, ਵਸੀਲਿਆਂ ਤੇ ਆਧੁਨਿਕਤਾ ਦੀ ਅੰਨ੍ਹੀ ਦੌੜ ਵਿਚ ਅਸੀਂ ਦੀਵਾਲੀ ਦੇ ਵਾਸਤਵਿਕ ਮਹੱਤਵ ਨੂੰ ਵਿਸਾਰ ਕੇ ਫੋਕੇ ਵਿਖਾਵੇ, ਖੋਖਲੀ ਸ਼ਾਨੋ-ਸ਼ੌਕਤ, ਇਸ ਤਿਉਹਾਰ ਨੂੰ ਇਕ ਮੌਕੇ ਵਜੋਂ ਵਰਤਣ ਦੀ ਉਡੀਕ ਅਤੇ ਫ਼ਜ਼ੂਲ ਕਿਸਮ ਦੇ ਆਡੰਬਰਾਂ ਵਿਚ ਉਲਝਦੇ ਜਾ ਰਹੇ ਹਾਂ।ਅਜਿਹੇ ਆਡੰਬਰ ਤੇ ਵਿਖਾਵਾ ਇਸ ਤਿਉਹਾਰ ਨੂੰ ਬਹੁਤ ਮਹਿੰਗਾ ਤੇ ਖਰਚੀਲਾ ਬਣਾ ਦਿੰਦੇ ਹਨ। ਖਰੀਦ ਕੇ ਜਾਂ ਕਿਰਾਏ 'ਤੇ ਲਿਆਂਦੇ ਬਿਜਲੀ ਦੇ ਬਹੁ ਰੰਗੇ ਬਲਬਾਂ ਨਾਲ ਘਰ ਨੂੰ ਸਜਾਉਣਾ ,ਬੱਚਿਆਂ ਲਈ ਨਵੇਂ ਕੱਪੜੇ ਖਰੀਦਣੇ, ਖਿਡਾਉਣੇ ਖਰੀਦਣੇ, ਵਿਤੋਂ ਬਾਹਰੀ ਅਣਲੋੜੀਂਦੀ ਆਤਿਸ਼ਬਾਜ਼ੀ ਖਰੀਦਣੀ, ਦੋਸਤਾਂ, ਰਿਸ਼ਤੇਦਾਰਾਂ, ਆਂਢ-ਗੁਆਂਢ ਨੂੰ ਰੱਖ ਰਖਾਓ ਲਈ ਮਹਿੰਗੇ ਤੋਹਫਿਆਂ ਦਾ ਦੇਣ-ਲੈਣ ਕਰਨਾ, ਘਰ ਨੂੰ ਅਣਲੋੜੀਂਦਾ ਰੰਗ-ਰੋਗਨ ਕਰਵਾਉਣਾ, ਬੱਚਿਆਂ ਦੀਆਂ ਮੰਗਾਂ ਦੀ ਲੰਮੀ ਸੂਚੀ ਨੂੰ ਪੂਰਿਆਂ ਕਰਨ ਲਈ ਪੂਰਾ ਤਾਣ ਲਾ ਦੇਣਾ ਆਦਿ ਦੀਵਾਲੀ ਦੇ ਅਵਸਰ 'ਤੇ ਅਜਿਹਾ ਕੁਝ ਕਰਨਾ ਜ਼ਰੂਰੀ ਸਮਝਿਆ ਜਾਣ ਲੱਗ ਪਿਆ ਹੈ।ਗਲਤ ਕਿਸਮ ਦੀ ਧਾਰਨਾ ਇਹ ਬਣ ਗਈ ਹੈ ਕਿ ਜੇ ਇਹ ਕੁਝ ਨਾ ਕੀਤਾ ਗਿਆ ਤਾਂ ਲੋਕ ਕੀ ਕਹਿਣਗੇ ? ਇਹ ਪ੍ਰਸ਼ਨ ਆਮ ਆਦਮੀ ਲਈ ਮੁਸ਼ਕਲਾਂ ਖੜ੍ਹੀਆਂ ਕਰਦਾ ਹੈ। ਅਸਲ ਵਿਚ ਅਣਕਿਆਸੀ ਮਹਿੰਗਾਈ ਦੇ ਇਸ ਸਮੇਂ ਵਿੱਚ ਸਾਧਾਰਨ ਆਦਮੀ ਲਈ ਦੀਵਾਲੀ ਮਨਾਉਣੀ ਮੁਸ਼ਕਲ ਵੀ ਹੋ ਗਈ ਹੈ ਤੇ ਪਹੁੰਚ ਤੋਂ ਬਾਹਰ ਵੀ। ਇਥੇ ਫਿਰ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਫੋਕਾ ਵਿਖਾਵਾ ਕਰਕੇ ਤੇ ਆਡੰਬਰ ਰਚ ਕੇ ਹੀ ਦੀਵਾਲੀ ਮਨਾਈ ਜਾ ਸਕਦੀ ਹੈ ? ਕੀ ਇਸ ਸਭ ਕੁਝ ਤੋਂ ਬਗੈਰ ਦੀਵਾਲੀ ਦੀਆਂ ਖੁਸ਼ੀਆਂ ਨਹੀਂ ਮਨਾਈਆਂ ਜਾ ਸਕਦੀਆਂ ? ਕੀ ਉਪਰੋਕਤ ਗੱਲਾਂ ਦੀ ਪੂਰਤੀ ਕਰਕੇ ਹੀ ਦੀਵਾਲੀ ਦੇ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ ? ਦੀਵਾਲੀ ਦੇ ਮਹੱਤਵ ਨੂੰ ਸਮਝਣ ਲਈ ਇਹ ਪ੍ਰਸ਼ਨ ਬੜੇ ਮਹੱਤਵਪੂਰਨ ਹਨ ਜਿਨ੍ਹਾਂ 'ਤੇ ਸੰਜੀਦਗੀ ਨਾਲ ਵਿਚਾਰ ਕਰਨੀ ਬਣਦੀ ਹੈ। ਚੀਜ਼ਾਂ ਦਾ ਖਿਲਾਰਾ ਪਾਉਣ, ਫ਼ਜ਼ੂਲਖਰਚੀ ਕਰਨ,ਖਾਹਮਖਾਹ ਅਣਲੋੜੀਂਦਾ ਵਿਖਾਵਾ ਕਰਨ, ਬੇਹਿਸਾਬੇ ਆਡੰਬਰ ਰਚਣ ਤੋਂ ਬਗੈਰ ਵੀ ਦੀਵਾਲੀ ਦੀਆਂ ਖੁਸ਼ੀਆਂ ਮਨਾਈਆਂ ਜਾ ਸਕਦੀਆਂ ਹਨ। ਆਤਿਸ਼ਬਾਜ਼ੀ ਨਾ ਚਲਾਈ ਜਾਵੇ ਜਾਂ ਘੱਟ ਤੋਂ ਘੱਟ ਪ੍ਰਤੀਕ ਮਾਤਰ ਚਲਾਈ ਜਾਵੇ ਤਾਂ ਅਸੀਂ ਹਵਾ ਦੇ ਪ੍ਰਦੂਸ਼ਣ ਦੇ ਨਾਲ ਨਾਲ ਸ਼ੋਰ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਆਪਣੀ ਭੂਮਿਕਾ ਨਿਭਾ ਰਹੇ ਹੋਵਾਂਗੇ। ਉਸ ਦਿਨ/ਰਾਤ ਵਤਾਵਰਣ ਵਿਚ ਜ਼ਹਿਰੀਲੀਆਂ ਗੈਸਾਂ ਰਲਣ ਦੀ ਮਾਤਰਾ ਨੂੰ ਕੁਝ ਹੱਦ ਤਕ ਘਟਾਇਆ ਜਾ ਸਕਦਾ ਹੈ। ਦੀਵਾਲੀ ਦੇ ਤਿਉਹਾਰ 'ਤੇ ਬਾਜ਼ਾਰਾਂ ਵਿਚ ਹਰੇਕ ਚੀਜ਼ ਦੀਆਂ ਕੀਮਤਾਂ ਵਧ ਜਾਂਦੀਆਂ ਹਨ। ਮੁੱਲ ਵੱਧ, ਵਸਤੂ ਘਟੀਆ। ਚੋਰ ਬਾਜ਼ਾਰੀ ਹੁੰਦੀ ਹੈ। ਕੀ ਲੋਕਾਂ ਵਲੋਂ ਖਰੀਦੀ ਜਾਣ ਵਾਲੀ ਚੀਜ਼ ਦੀ ਮੰਗ ਵਧ ਜਾਣ ਕਰਕੇ ਵੱਡੇ ਵਪਾਰੀਆਂ,ਕਾਰੋਬਾਰੀਆਂ ਤੇ ਛੋਟੇ ਦੁਕਾਨਦਾਰਾਂ ਵਲੋਂ ਮਹਿੰਗਾਈ ਵਧਾ ਦੇਣੀ ਸਰਾਸਰ ਲੁੱਟ ਅਤੇ ਮੌਕੇ ਦਾ ਅਣ-ਉਚਿਤ ਲਾਭ ਉਠਾਉਣਾ ਨਹੀਂ ? ਕੀ ਇਹੀ ਦੀਵਾਲੀ ਦਾ ਸੁਨੇਹਾ ਹੈ ? ਤਿਉਹਾਰਾਂ ਦੇ ਦਿਨੀਂ ਥਾਂ ਥਾਂ ਲੱਗੇ ਸੇਲ ਦੇ ਬੈਨਰ, ਫਲੈਕਸ, ਵੱਡੇ ਵੱਡੇ ਹੋਰਡਿੰਗਜ਼ ਤੇ ਹੋਰ ਮਾਧਿਅਮਾਂ ਰਾਹੀਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦੀਵਾਲੀ ਦੇ ਨਾਂ 'ਤੇ ਗਾਹਕਾਂ ਨਾਲ ਨਿਰਾ ਧੋਖਾ ਨਹੀਂ ?

ਕੁਝ ਲੋਕ ਦੀਵਾਲੀ ਦੇ ਅਵਸਰ 'ਤੇ ਲਛਮੀ ਦੀ ਪੂਜਾ ਕਰਦੇ ਹਨ। ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਲਛਮੀ ਦੀ ਪੂਜਾ ਨਾ ਕੀਤੇ ਜਾਣ ਦੀ ਸੂਰਤ ਵਿਚ ਉਹ ਨਾਰਾਜ਼ ਹੋ ਜਾਵੇਗੀ। ਗੱਲ ਵਿਸ਼ਵਾਸ ਦੀ ਹੈ। ਕਈ ਪ੍ਰਸ਼ਨ ਵੀ ਉੱਠਦੇ ਹਨ। ਅਜਿਹੇ ਵਿਚ ਦੌਲਤ ਦੇ ਖ਼ਜ਼ਾਨੇ ਕਿਵੇਂ ਭਰਨਗੇ ? ਕੀ ਫਿਰ ਲਛਮੀ ਪੂਜਾ ਸਵਾਰਥ ਹਿਤ ਨਹੀਂ ਕੀਤੀ ਜਾ ਰਹੀ ਹੁੰਦੀ ? ਜੇ ਸਵਾਲ ਖ਼ਜ਼ਾਨੇ ਭਰਪੂਰ ਕਰਨ ਤੇ ਪੈਸੇ ਨਾਲ ਮਾਲਾ ਮਾਲ ਹੋਣ ਦਾ ਹੈ ਤਾਂ ਸਪਸ਼ਟ ਹੈ ਕਿ ਇਸ ਪਿੱਛੇ ਵੀ ਮਨੁੱਖ ਦੀ ਖੁਦ.ਗਰਜ਼ੀ ਕੰਮ ਕਰ ਰਹੀ ਹੁੰਦੀ ਹੈ। ਜੇ ਦੀਵਾਲੀ ਵਾਲੇ ਦਿਨ ਜਾਂ ਰਾਤ ਸਮੇਂ ਧੰਨ ਦੌਲਤ ਦੀ ਪੂਜਾ ਹੀ ਕਰਨੀ ਹੈ, ਲੋਕਾਂ ਦੀ ਲੁੱਟ ਕਰਨੀ ਹੈ,ਸ਼ਰਾਬ ਜਾਂ ਹੋਰ ਨਸ਼ੇ ਪੀਣੇ ਖਾਣੇ ਹਨ,ਜੂਆ ਖੇਡਣਾ ਹੈ, ਲੱਚਰ ਗੀਤ ਵੇਖਣੇ/ਸੁਣਨੇ ਹਨ, ਉਨ੍ਹਾਂ ਦੀਆਂ ਧੁਨੀਆਂ/ਬੋਲਾਂ 'ਤੇ ਬੇਹੂਦਾ ਕਿਸਮ ਦੇ ਨਾਚ ਨੱਚਣੇ ਹਨ ਤਾਂ ਲੱਛਮੀ ਜਾਂ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਦਾ ਕੀ ਲਾਭ ? ਕੀ ਇਸੇ ਲਈ ਹੀ ਅਸੀਂ ਹਰੇਕ ਸਾਲ ਦੀਵਾਲੀ ਦੀ ਬੇਸਬਰੀ ਨਾਲ ਉਡੀਕ ਕਰਦੇ ਹਾਂ ?

ਸਾਡਾ ਧਾਰਮਿਕ ਵਿਰਸਾ ਬਹੁਤ ਮਹਾਨ ਹੈ। ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਗੁਰੂਆਂ, ਭਗਤਾਂ, ਸੰਤਾਂ, ਪੈਗੰਬਰਾਂ ਦੀਆਂ ਵਡਮੁੱਲੀਆਂ ਤੇ ਮਹਾਨ ਸਿੱਖਿਆਵਾਂ ਨੂੰ ਅਮਲ ਵਿਚ ਲਿਆਉਣ ਦਾ ਸੰਕਲਪ ਕਰਨਾ ਚਾਹੀਦਾ ਹੈ। ਪਹਿਲਾਂ ਕੀਤੇ ਹੋਏ ਸੰਕਲਪ ਨੂੰ ਦ੍ਰਿੜ੍ਹ ਕੀਤਾ ਜਾਣਾ ਚਾਹੀਦਾ ਹੈ। ਸਬਰ,ਸੰਤੋਖ, ਧੀਰਜ ਤੇ ਸੰਜਮ ਵਿਚ ਰਹਿ ਕੇ ਤਿਉਹਾਰ ਮਨਾਉਣ ਤੇ ਜੀਵਨ ਬਤੀਤ ਕਰਨ ਦਾ ਆਨੰਦ ਉਠਾਉਣਾ ਚਾਹੀਦਾ ਹੈ।

ਕੋਰੋਨਾ ਦੀ ਵਿਸ਼ਵ ਵਿਆਪੀ ਮਹਾਂਮਾਰੀ ਦੀ ਕਰੋਪੀ ਦੇ ਸਮੇਂ ਦੌਰਾਨ ਮਨੁੱਖ ਦੀਆਂ ਵਿਅਕਤੀਗਤ,ਸਮਾਜਿਕ ਤੇ ਸਮੂਹਿਕ ਜ਼ਿੰਮੇਵਾਰੀਆਂ ਵਧ ਗਈਆਂ ਸਨ। ਪਿਛਲੇ ਸਾਲਾਂ ਦੌਰਾਨ ਕੁਝ ਮੌਕਿਆਂ 'ਤੇ ਕਿਸਾਨ ਸਰਕਾਰਾਂ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੜਕਾਂ 'ਤੇ ਬੈਠਦਾ ਰਿਹਾ ਹੈ। ਇਸ ਸਾਲ ਪਿੱਛਲੇ ਮਹੀਨਿਆਂ ਦੌਰਾਨ ਪੰਜਾਬ ਸਮੇਤ ਦੇਸ਼ ਦੇ ਕੁਝ ਰਾਜ ਹੜ੍ਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ ਤੇ ਅਣਕਿਆਸਿਆ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। ਇਸ ਵਾਰ ਹੜ੍ਹਾਂ ਤੋਂ ਪੀੜਤ ਲੋਕਾਂ ਪ੍ਰਤੀ ਸੰਵੇਦਨਾ ਤੇ ਹਮਦਰਦੀ ਪ੍ਰਗਟ ਕਰਨ ਲਈ ਦੀਵਾਲੀ ਬਹੁਤ ਸੰਜਮ ਨਾਲ ਮਨਾਈ ਜਾਣੀ ਚਾਹੀਦੀ ਹੈ। ਦੀਵਾਲੀ ਦੇ ਅਵਸਰ 'ਤੇ ਹਾਦਸਿਆਂ ਤੋਂ ਅਤੇ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਅਣਗਹਿਲੀ ਵੀ ਨਹੀਂ ਵਰਤਣੀ ਚਾਹੀਦੀ। ਸਗੋਂ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ।ਅਜਿਹੀਆਂ ਸਥਿਤੀਆਂ ਵਿਚ ਸਵੈ ਜ਼ਾਬਤਾ ਬਣਾਈ ਰੱਖਣ ਦੀ ਵਧੇਰੇ ਲੋੜ ਹੈ।

ਇਕ ਹੋਰ ਪੱਖ ਇਹ ਕਿ ਰੁਜ਼ਗਾਰ ਦੇ ਮੌਕੇ ਘਟ ਰਹੇ ਹਨ। ਕਾਮਿਆਂ ਕੋਲੋਂ ਰੁਜ਼ਗਾਰ ਖੁਸ ਰਿਹਾ ਹੈ। ਬੇਰੁਜ਼ਗਾਰੀ ਤੇ ਮਹਿੰਗਾਈ ਵਧਦੀ ਜਾ ਰਹੀ ਹੈ। ਸਾਧਾਰਨ ਮਨੁੱਖ ਬੇਚੈਨ ਹੈ।ਕਿਸਾਨਾਂ, ਮਜਦੂਰਾਂ, ਘੱਟ ਤਨਖਾਹਾਂ 'ਤੇ ਕੰਮ ਕਰਦੇ ਤੇ ਕੱਚੇ ਮੁਲਾਜ਼ਮਾਂ ਦੇ ਭਵਿੱਖ ਦੀ ਅਨਿਸਚਿਤਤਾ,ਉਨ੍ਹਾਂ ਵਲੋਂ ਉਠਾਏ ਜਾ ਰਹੇ ਨੁਕਸਾਨ ਤੇ ਝੱਲੀਆਂ ਜਾ ਰਹੀਆਂ ਮੁਸੀਬਤਾਂ ਦਾ ਅਨੁਮਾਨ ਲਗਾਉਣਾ ਕਠਿਨ ਹੈ। ਇਸ ਸਮੇਂ ਤੇ ਇਨ੍ਹਾਂ ਹਾਲਤਾਂ ਵਿਚ ਤਿਉਹਾਰਾਂ ਦੇ ਮੌਕੇ 'ਤੇ ਬੇਹੱਦ ਸੰਜਮ ਵਰਤਣ ਦੀ ਲੋੜ ਹੈ। ਵਿਸ਼ੇਸ਼ ਕਰਕੇ ਦੀਵਾਲੀ ਦੇ ਤਿਉਹਾਰ 'ਤੇ ਮਨੁੱਖ ਨੂੰ ਸਵੈ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੋਵੇਗੀ। ਸਾਵਧਾਨੀਆਂ ਵਰਤ ਕੇ ਸੰਜਮਤਾ ਨਾਲ ਦੀਵਾਲੀ ਮਨਾਉਣ ਦੀ ਲੋੜ ਦੀ ਤੀਬਰਤਾ ਨੂੰ ਸਮਝਣਾ ਵੀ ਸਮੇਂ ਦੀ ਮੰਗ ਬਣ ਗਈ ਹੈ। ਇਨ੍ਹਾਂ ਕੁਝ ਗੱਲਾਂ 'ਤੇ ਗੌਰ ਕਰਕੇ ਅਸੀਂ ਦੀਵਾਲੀ ਦੇ ਮਹੱਤਵ ਨੂੰ ਬਿਹਤਰ ਸਮਝ ਸਕਦੇ ਹਾਂ ਤੇ ਦੀਵਾਲੀ ਨੂੰ ਯਾਦਗਾਰੀ ਤਿਉਹਾਰ ਬਣਾਉਣ ਵਿਚ ਆਪਣਾ ਬਣਦਾ ਹਿੱਸਾ ਪਾ ਸਕਦੇ ਹਾਂ।

*185-ਵਸੰਤ ਵਿਹਾਰ, ਡੀ.ਸੀ.
ਰੈਜ਼ੀਡੈਂਸ ਰੋਡ, ਹੁਸ਼ਿਆਰਪੁਰ -146 001*

## ਕਹਾਣੀ

**ਡਾ. ਸੰਦੀਪ ਸਿੰਘ ਮੁੰਡੇ**
ਮੋਬਾਈਲ 9413652646





# ਆਨਲਾਈਨ ਦੁਨੀਆ ਦਾ ਭੁਲੇਖਾ

ਰੁਪਿੰਦਰ, ਇੱਕ ਆਮ ਜਿਹੇ ਘਰ ਦੀ 16 ਵਰ੍ਹਿਆਂ ਦੀ ਮੁਟਿਆਰ, ਪੜ੍ਹਾਈ ਨੂੰ ਇੱਕ ਬੋਝ ਸਮਝਦੀ ਸੀ। ਇਸੇ ਕਰਕੇ ਉਸ ਨੇ 12 ਵੀਂ ਕਲਾਸ ਪਾਸ ਕਰਨ ਤੋਂ ਬਾਅਦ ਘਰ ਰਹਿ ਕੇ ਪ੍ਰਾਈਵੇਟ ਬੀਏ ਕਰਨੀ ਸ਼ੁਰੂ ਕੀਤੀ। ਉਸ ਨੂੰ ਪੜ੍ਹਾਈ ਤੋਂ ਵੱਧ ਆਨਲਾਈਨ ਗੇਮਾਂ ਦਾ ਸ਼ੌਂਕ ਸੀ, ਉਸ ਦੀ ਜ਼ਿੰਦਗੀ ਸਿਰਫ਼ ਘਰ ਦੀਆਂ ਚਾਰ ਦੀਵਾਰਾਂ ਅਤੇ ਮੋਬਾਈਲ ਫ਼ੋਨ ਦੀ ਛੋਟੀ ਜਿਹੀ ਸਕਰੀਨ ਦੇ ਦੁਆਲੇ ਘੁੰਮਦੀ ਸੀ। ਉਸ ਦੇ ਮਾਂ-ਪਿਓ ਉਸ ਦੀ ਇਸ ਬਦਲ ਰਹੀ ਆਦਤ ਤੋਂ ਬਹੁਤ ਚਿੰਤਤ ਸਨ। ਉਹ ਰੁਪਿੰਦਰ ਨੂੰ ਪੜ੍ਹਾਈ ਵੱਲ ਧਿਆਨ ਦੇਣ ਲਈ ਕਹਿੰਦੇ, ਪਰ ਉਹ ਰਾਤਾਂ ਨੂੰ ਵੀ ਜਾਗ ਕੇ ਆਨਲਾਈਨ ਗੇਮ ਖੇਡਦੀ ਰਹਿੰਦੀ। ਉਸ ਦਾ ਆਪਣੀ ਗੇਮ ਲਈ ਕੰਪਿਊਟਰ ਦੁਆਰਾ ਘੜਿਆ ਕਿਰਦਾਰ ਅਵਤਾਰ, ਇੱਕ ਬਹਾਦਰ ਯੋਧਾ ਸੀ, ਜਿਸ ਨੂੰ ਲੈ ਕੇ ਉਹ ਆਪਣੇ ਸਾਰੇ ਦੁੱਖ-ਦਰਦ ਭੁੱਲ ਜਾਂਦੀ।

ਇੱਕ ਰਾਤ ਆਨਲਾਈਨ ਗੇਮ ਖੇਡਦੇ ਹੋਏ, ਉਸ ਦੀ ਮੁਲਾਕਾਤ ਕਮਲ ਨਾਂ ਦੇ ਇੱਕ ਮੁੰਡੇ ਨਾਲ ਹੋਈ। ਕਮਲ ਨੇ ਵੀ ਆਪਣੇ ਅਵਤਾਰ ਨੂੰ ਇੱਕ ਰਾਜਕੁਮਾਰ ਵਾਂਗ ਬਣਾਇਆ ਹੋਇਆ ਸੀ। ਸ਼ੁਰੂ ਵਿੱਚ ਉਹਨਾਂ ਦੀ ਗੱਲਬਾਤ ਸਿਰਫ਼ ਗੇਮ ਤੱਕ ਸੀਮਤ ਸੀ। "ਹੈਲੋ ਵਾਰੀਅਰ! ਤੁਹਾਡਾ ਅਵਤਾਰ ਬਹੁਤ ਸ਼ਾਨਦਾਰ ਲੱਗ ਰਿਹਾ ਹੈ!" ਕਮਲ ਨੇ ਮੈਸੇਜ ਕੀਤਾ। ਰੁਪਿੰਦਰ ਨੇ ਮੁਸਕਰਾ ਕੇ ਜਵਾਬ ਦਿੱਤਾ, "ਧੰਨਵਾਦ! ਪਰ ਯਾਦ ਰੱਖਿਓ, ਤੁਹਾਡਾ ਰਾਜਕੁਮਾਰ ਮੇਰੇ ਯੋਧੇ ਅੱਗੇ ਹਾਰ ਜਾਵੇਗਾ। ਚੈਲੇਂਜ?" ਇਹ ਚੈਲੇਂਜ ਉਹਨਾਂ ਦੀ ਦੋਸਤੀ ਦੀ ਸ਼ੁਰੂਆਤ ਸੀ। ਫਿਰ ਉਹਨਾਂ ਨੇ ਆਪਣੇ ਮੋਬਾਈਲ ਨੰਬਰ ਇੱਕ-ਦੂਜੇ ਨਾਲ ਸਾਂਝੇ ਕੀਤੇ ਅਤੇ ਵੱਟਸਐਪ 'ਤੇ ਗੱਲਬਾਤ ਕਰਨ ਲੱਗੇ। ਹੌਲੀ-ਹੌਲੀ ਉਹਨਾਂ ਨੇ ਆਪਣੀਆਂ ਨਿੱਜੀ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਮਲ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਨੇ ਰੁਪਿੰਦਰ ਦੇ ਦਿਲ ਵਿੱਚ ਇੱਕ ਖ਼ਾਸ ਜਗ੍ਹਾ ਬਣਾ ਲਈ। ਕਮਲ ਗੱਲਾਂ ਗੱਲਾਂ ਵਿੱਚ ਆਪਣੇ ਪਿਆਰ ਦਾ ਇਜ਼ਹਾਰ ਕਰਦਾ ਅਤੇ ਕਹਿੰਦਾ ਕਿ ਉਹ ਦੋਵੇਂ ਇੱਕ ਦੂਜੇ ਲਈ ਹੀ ਬਣੇ ਹਨ।

"ਰੁਪਿੰਦਰ, ਤੂੰ ਮੇਰੀ ਜ਼ਿੰਦਗੀ ਵਿੱਚ ਨਵਾਂ ਰੰਗ ਭਰ ਦਿੱਤਾ ਹੈ," ਕਮਲ ਨੇ ਇੱਕ ਦਿਨ ਵੀਡੀਓ ਕਾਲ 'ਤੇ ਕਿਹਾ। "ਮੈਂ ਤੈਨੂੰ ਮਿਲਣਾ ਚਾਹੁੰਦਾ ਹਾਂ। ਮੈਂ ਲੁਧਿਆਣਾ ਰਹਿੰਦਾ ਹਾਂ, ਇੱਕ ਵਾਰ ਆ ਜਾ ਨਾ। ਮੈਂ ਸਭ ਕੁਝ ਤਿਆਰ ਕਰ ਲਵਾਂਗਾ।" ਰੁਪਿੰਦਰ ਦੇ ਮਨ ਵਿੱਚ ਇੱਕ ਭੁਲੱਕਾ ਰੰਗ ਚੜ੍ਹ ਗਿਆ। ਰੁਪਿੰਦਰ ਦੇ ਮਨ ਵਿੱਚ ਪਹਿਲਾਂ ਥੋੜ੍ਹਾ ਡਰ ਪੈਦਾ ਹੋਇਆ, ਪਰ ਕਮਲ ਦੀਆਂ ਗੱਲਾਂ ਨੇ ਉਸ ਨੂੰ ਯਕੀਨ ਦਿਵਾ ਦਿੱਤਾ। ਉਹ ਸੋਚਣ ਲੱਗੀ ਕਿ ਇਹ ਹੀ ਸੱਚਾ ਪਿਆਰ ਹੈ ਅਤੇ ਉਸਦੇ ਖਿਆਲਾਂ ਵਿੱਚ ਕਮਲ ਹੀ ਛਾਇਆ ਰਹਿੰਦਾ। ਪਰ ਇਸ ਬਾਬਤ ਉਸ ਨੇ ਆਪਣੇ ਘਰਦਿਆਂ ਨੂੰ ਕੁਝ ਵੀ ਨਾ ਦੱਸਣ ਦਾ ਫ਼ੈਸਲਾ ਕੀਤਾ।

ਇੱਕ ਸ਼ਾਮ ਰੁਪਿੰਦਰ ਨੇ ਆਪਣਾ ਇੱਕ ਛੋਟਾ ਜਿਹਾ ਬੈਗ ਤਿਆਰ ਕੀਤਾ। ਕੁਝ ਕੱਪੜੇ ਰੱਖੇ, ਪਰ ਪੈਸੇ ਨਹੀਂ ਲਏ ਅਤੇ ਮੋਬਾਈਲ ਵੀ ਨਾਲ ਨਹੀਂ ਚੁੱਕਿਆ, ਕਿਉਂਕਿ ਉਸ ਨੂੰ ਲੱਗਿਆ ਕਿ ਇਸ ਨਾਲ ਮਾਂ ਨੂੰ ਸ਼ੱਕ ਹੋ ਜਾਵੇਗਾ। ਸਹੇਲੀ ਦੇ ਘਰ ਜਾਣ ਦਾ ਬਹਾਨਾ ਬਣਾ ਕੇ ਉਸ ਨੇ ਸ਼ਾਮ 7 ਕੁ ਵਜੇ ਚੁੱਪ-ਚਾਪ ਘਰ ਛੱਡ ਦਿੱਤਾ। ਬੱਸ ਅੱਡੇ 'ਤੇ ਪਹੁੰਚ ਕੇ, ਉਹ ਲੁਧਿਆਣਾ ਜਾਣ ਵਾਲੀ ਬੱਸ ਵਿੱਚ ਬੈਠ ਗਈ। ਬੱਸ ਚੱਲ ਪਈ ਅਤੇ ਉਸ ਦਾ ਦਿਲ ਤੇਜ਼ੀ ਨਾਲ ਧੜਕਣ ਲੱਗਿਆ- ਇੱਕ ਪਾਸੇ ਘਰ ਛੱਡਣ ਦਾ ਡਰ ਸੀ ਅਤੇ ਦੂਜੇ ਪਾਸੇ ਕਮਲ ਨੂੰ ਮਿਲਣ ਦੀ ਬੇਤਾਬੀ।

ਕੁਝ ਦੇਰ ਬਾਅਦ ਬੱਸ ਦਾ ਕੰਡਕਟਰ ਸੰਤੋਖ ਸਿੰਘ ਉਸ ਕੋਲ ਆਇਆ। "ਬੇਟੀ, ਟਿਕਟ ਲਓ ?" ਉਸ ਨੇ ਨਰਮਾਈ ਨਾਲ ਕਿਹਾ। ਇਹ ਸੁਣ ਕੇ ਰੁਪਿੰਦਰ ਦਾ ਚਿਹਰਾ ਫਿੱਕਾ ਪੈ ਗਿਆ। ਉਸ ਨੇ ਸਿਰ ਨੀਵਾਂ ਕਰਕੇ ਕਿਹਾ, "ਅੰਕਲ ਜੀ, ਮੈਂ ਪੈਸੇ ਘਰ ਭੁੱਲ ਆਈ ਹਾਂ।" ਸੰਤੋਖ ਸਿੰਘ ਨੂੰ ਉਸ ਦੀ ਹਾਲਤ ਵੇਖ ਕੇ ਤਰਸ ਆ ਗਿਆ। "ਕੋਈ ਗੱਲ ਨਹੀਂ ਬੇਟੀ," ਉਸ ਨੇ ਕਿਹਾ। "ਬੈਠ ਜਾ। ਪਰ ਬੇਟੀ ਰਾਤ ਨੂੰ ਇਕੱਲੀ ਕਿੱਥੇ ਜਾ ਰਹੀ ਹੈ? ਘਰਦਿਆਂ ਨੂੰ ਪਤਾ ਹੈ ਕਿ?"

ਰੁਪਿੰਦਰ ਨੇ ਕੋਈ ਜੁਆਬ ਨਾ ਦਿੱਤਾ। ਕੰਡਕਟਰ ਸੰਤੋਖ ਸਿੰਘ ਨੂੰ ਸ਼ੱਕ ਹੋਇਆ, ਪਰ ਉਸ ਨੇ ਕੁਝ ਨਹੀਂ ਕਿਹਾ। ਰਾਤ ਦੇ ਗਿਆਰਾਂ ਵਜੇ ਬੱਸ ਅੱਡੇ 'ਤੇ ਪਹੁੰਚੀ ਤੇ ਸਾਰੀਆਂ ਸਵਾਰੀਆਂ ਆਪਣੇ-ਆਪਣੇ ਟਿਕਾਣੇ 'ਤੇ ਚਲੀਆਂ ਗਈਆਂ। ਡਰਾਈਵਰ ਅਤੇ ਕੰਡਕਟਰ ਬੱਸ ਅੱਡੇ ਦੇ ਇੱਕ ਪਾਸੇ ਬਣੇ ਥੜ੍ਹੇ 'ਤੇ ਸੌਣ ਦੀ ਤਿਆਰੀ ਵਿੱਚ ਸਨ। ਅਚਾਨਕ ਕੰਡਕਟਰ ਸੰਤੋਖ ਸਿੰਘ ਦੀ ਨਜ਼ਰ ਰੁਪਿੰਦਰ 'ਤੇ ਪਈ, ਜੋ ਬਹੁਤ ਪਰੇਸ਼ਾਨ ਜਾਪ ਰਹੀ ਸੀ। ਕੰਡਕਟਰ ਨੇ ਉਸ ਕੋਲ ਜਾ ਕੇ ਨਰਮੀ ਨਾਲ ਪੁੱਛਿਆ, "ਬੇਟੀ, ਕੀ ਗੱਲ ਹੈ? ਕਿਉਂ ਪਰੇਸ਼ਾਨ ਹੈਂ?" ਪਰ ਰੁਪਿੰਦਰ ਨੇ ਕੋਈ ਜਵਾਬ ਨਾ ਦਿੱਤਾ, ਬਸ ਸੁੰਨ ਬੈਠੀ ਰਹੀ। ਕੰਡਕਟਰ ਨੇ ਫਿਰ ਪੁੱਛਿਆ, "ਤੇਰੇ ਘਰ ਦਾ ਨੰਬਰ ਦੱਸ, ਮੈਂ ਗੱਲ ਕਰਵਾਉਂਦਾ ਹਾਂ।" ਰੁਪਿੰਦਰ ਨੇ ਸਿਰ ਹਿਲਾ ਕੇ ਨਾਂਹ ਕਰ ਦਿੱਤੀ। ਕੰਡਕਟਰ ਨੇ ਹਾਰ ਨਾ ਮੰਨੀ ਅਤੇ ਪੁੱਛਿਆ, "ਕਿਸੇ ਦਾ ਨੰਬਰ ਯਾਦ ਹੈ? ਕੋਈ ਦੋਸਤ ਜਾਂ ਰਿਸ਼ਤੇਦਾਰ?" ਲੰਬੀ ਚੁੱਪ ਤੋਂ ਬਾਅਦ ਰੁਪਿੰਦਰ ਨੇ ਕਿਹਾ, "ਮੈਨੂੰ ਕੋਈ ਨੰਬਰ ਯਾਦ ਨਹੀਂ।" ਉਹ ਅਜੇ ਵੀ ਕਮਲ ਦੇ ਝੂਠੇ ਪਿਆਰ ਵਿੱਚ ਫਸੀ ਹੋਈ ਸੀ ਅਤੇ ਉਸ ਨੂੰ ਲੱਗਿਆ ਕਿ ਉਹ ਅਜੇ ਵੀ ਉਸ ਨੂੰ ਮਿਲ ਸਕਦੀ ਹੈ। ਕੰਡਕਟਰ ਦਾ ਸ਼ੱਕ ਹੋਰ ਵਧ ਗਿਆ। ਉਸ ਨੇ ਰੁਪਿੰਦਰ ਦੇ ਹੱਥ ਵਿੱਚ ਫੜੇ ਇੱਕ ਕਾਗ਼ਜ਼ ਦੇ ਟੁਕੜੇ ਨੂੰ ਦੇਖਿਆ। ਉਸ 'ਤੇ ਕਮਲ ਦਾ ਫ਼ੋਨ ਨੰਬਰ ਲਿਖਿਆ ਸੀ। ਉਸ ਨੇ ਕਾਗ਼ਜ਼ ਫੜ ਕੇ ਆਪਣੇ ਫ਼ੋਨ ਤੋਂ ਉਸ ਨੰਬਰ 'ਤੇ ਫ਼ੋਨ ਮਿਲਾਇਆ।

"ਹੈਲੋ, ਕਮਲ ਬੋਲ ਰਿਹਾ ਹੈਂ?" ਕੰਡਕਟਰ ਨੇ ਪੁੱਛਿਆ। ਦੂਜੇ ਪਾਸਿਓਂ ਆਵਾਜ਼ ਆਈ, "ਹਾਂ, ਬੋਲੋ।" "ਮੈਂ ਬੱਸ ਦਾ ਕੰਡਕਟਰ ਹਾਂ, ਲੁਧਿਆਣਾ ਵਾਲੀ ਬੱਸ ਦਾ। ਇੱਕ ਕੁੜੀ ਤੁਹਾਡੇ ਘਰ ਆ ਰਹੀ ਹੈ, ਰੁਪਿੰਦਰ। ਉਸ ਨੂੰ ਆ ਕੇ ਲੈ ਜਾਓ, ਉਹ ਬਹੁਤ ਡਰੀ ਹੋਈ ਹੈ ਅਤੇ ਇੰਤਜ਼ਾਰ ਕਰ ਰਹੀ ਹੈ।" "ਕਿਹੜੀ ਰੁਪਿੰਦਰ? ਮੈਂ ਕਿਸੇ ਕੁੜੀ ਨੂੰ ਨਹੀਂ ਜਾਣਦਾ," ਇਹ ਕਹਿ ਕੇ ਕਮਲ ਨੇ ਫ਼ੋਨ ਕੱਟ ਦਿੱਤਾ। ਕੰਡਕਟਰ ਨੇ ਫਿਰ ਕਾਲ ਕੀਤੀ, ਪਰ ਫ਼ੋਨ ਬੰਦ ਹੋ ਗਿਆ।

ਹੁਣ ਰੁਪਿੰਦਰ ਦੇ ਮਨ ਵਿੱਚ ਡਰ ਦਾ ਇੱਕ ਤੂਫ਼ਾਨ ਉੱਠਣ ਲੱਗਾ। "ਇਹ ਕੀ ਹੋ ਰਿਹਾ ਹੈ? ਉਹ ਤਾਂ ਕਹਿੰਦਾ ਸੀ ਕਿ ਉਹ ਬੱਸ ਅੱਡੇ 'ਤੇ ਉਡੀਕ ਕਰੇਗਾ।" ਰੁਪਿੰਦਰ ਦੀਆਂ ਅੱਖਾਂ ਸਾਹਮਣੇ ਹਨੇਰਾ ਛਾ ਗਿਆ। ਜਿਸ ਸ਼ਖ਼ਸ ਲਈ ਉਸ ਨੇ ਆਪਣਾ ਘਰ ਛੱਡਿਆ, ਉਸ ਨੇ ਹੀ ਉਸ ਨੂੰ ਬੇਗਾਨਾ ਕਰ ਦਿੱਤਾ। ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਸ ਨੂੰ ਪਤਾ ਲੱਗ ਗਿਆ ਸੀ ਕਿ ਆਨਲਾਈਨ ਦੁਨੀਆ ਦਾ ਪਿਆਰ ਕਿੰਨਾ ਖੋਖਲਾ ਹੁੰਦਾ ਹੈ। ਹੁਣ ਰੁਪਿੰਦਰ ਨੂੰ ਕਮਲ ਦੀਆਂ ਸਾਰੀਆਂ ਗੱਲਾਂ, ਉਸ ਦੇ ਪਿਆਰ ਭਰੇ ਸ਼ਬਦ ਅਤੇ ਵਾਅਦੇ ਸਭ ਝੂਠੇ ਜਾਪਣ ਲੱਗੇ। ਉਸ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। "ਮੈਂ ਇਹ ਕੀ ਕਰ ਦਿੱਤਾ? ਮੈਂ ਆਪਣੇ ਮਾਪਿਆਂ ਨੂੰ ਬਿਨਾਂ ਦੱਸੇ ਘਰ ਛੱਡ ਦਿੱਤਾ। ਉਹ ਕਿੰਨੇ ਪਰੇਸ਼ਾਨ ਹੋਣਗੇ!" ਰੁਪਿੰਦਰ ਨੇ ਰੋਂਦੇ ਹੋਏ ਦੱਸਿਆ, "ਅੰਕਲ ਜੀ, ਉਹ ਮੁੰਡਾ...ਕਮਲ, ਜਿਸ ਨੇ ਮੈਨੂੰ ਧੋਖਾ ਦਿੱਤਾ ਹੈ। ਮੈਂ ਉਸ ਨੂੰ ਹੀ ਮਿਲਣ ਆ ਰਹੀ ਸੀ। ਮੈਥੋਂ ਬਹੁਤ ਵੱਡੀ ਗ਼ਲਤੀ ਹੋ ਗਈ ਹੈ, ਹੁਣ ਮੈਂ ਕੀ ਕਰਾਂ?" ਇਸ ਦੌਰਾਨ ਰੁਪਿੰਦਰ ਡਰ ਨਾਲ ਸਹਿਮ ਕੇ ਜ਼ੋਰ ਨਾਲ ਰੋਣ ਲੱਗੀ। ਕੰਡਕਟਰ ਨੇ ਨਰਮੀ ਨਾਲ ਸਮਝਾਇਆ, "ਚੰਗਾ, ਰੋ ਨਾ, ਅਸੀਂ ਹੁਣੇ ਹੱਲ ਕੱਢਦੇ ਹਾਂ।" ਫਿਰ ਉਸ ਨੇ ਰੁਪਿੰਦਰ ਦੀ ਮਾਂ ਦਾ ਨੰਬਰ ਪੁੱਛਿਆ ਅਤੇ ਉਸ ਨੂੰ ਫ਼ੋਨ ਕੀਤਾ। ਉਧਰੋਂ ਮਾਂ ਦੀ ਚਿੰਤਤ ਅਤੇ ਰੋਂਦੀ ਹੋਈ ਆਵਾਜ਼ ਸੁਣ ਕੇ ਉਸ ਦਾ ਦਿਲ ਟੁੱਟ ਗਿਆ। "ਰੁਪਿੰਦਰ! ਤੂੰ ਕਿੱਥੇ ਹੈਂ? ਅਸੀਂ ਤੈਨੂੰ ਲੱਭ ਰਹੇ ਹਾਂ! ਅਸੀਂ ਪੁਲਿਸ ਨੂੰ ਵੀ ਇਤਲਾਹ ਕਰ ਦਿੱਤੀ ਹੈ!"

ਰੁਪਿੰਦਰ ਨੇ ਰੋਂਦੇ ਹੋਏ ਕਿਹਾ, "ਮਾਂ, ਮੈਨੂੰ ਮਾਫ਼ ਕਰ ਦਿਓ। ਮੈਂ ਬਹੁਤ ਵੱਡੀ ਗ਼ਲਤੀ ਕਰ ਬੈਠੀ ਹਾਂ। ਮੈਂ ਲੁਧਿਆਣਾ ਬੱਸ ਅੱਡੇ 'ਤੇ ਹਾਂ, ਕੰਡਕਟਰ ਅੰਕਲ, ਮੇਰੀ ਮਦਦ ਕਰ ਰਹੇ ਨੇ। ਪਲੀਜ਼ ਆ ਜਾਓ।" ਮਾਂ ਨੇ ਰੋਂਦੇ ਹੋਏ ਕਿਹਾ, "ਬੇਟੀ, ਅਸੀਂ ਹੁਣੇ ਆ ਰਹੇ ਹਾਂ। ਬੱਸ ਉੱਥੇ ਹੀ ਰੁਕ ਜਾਵੀਂ। ਤੈਨੂੰ ਕੁਝ ਨਹੀਂ ਹੋਵੇਗਾ।" ਸਵੇਰ ਦੇ 4 ਕੁ ਵਜੇ ਤਕ ਰੁਪਿੰਦਰ ਦੇ ਮਾਤਾ-ਪਿਤਾ ਬੱਸ ਸਟੈਂਡ 'ਤੇ ਪਹੁੰਚ ਗਏ। ਰੁਪਿੰਦਰ ਨੂੰ ਵੇਖ ਕੇ ਮਾਂ ਨੇ ਭੱਜ ਕੇ ਉਸ ਨੂੰ ਗਲ ਨਾਲ ਲਾ ਲਿਆ। "ਮੇਰੀ ਸ਼ੇਰਨੀ, ਕਦੇ ਵੀ ਇਸ ਤਰ੍ਹਾਂ ਨਾ ਕਰੀਂ। ਅਸੀਂ ਤੇਰੇ ਨਾਲ ਹਾਂ ਨਾ।" ਪਾਪਾ ਨੇ ਸੰਤੋਖ ਸਿੰਘ ਦਾ ਹੱਥ ਫੜ ਕੇ ਧੰਨਵਾਦ ਕੀਤਾ। "ਭਰਾ ਜੀ, ਤੁਸੀਂ ਸਾਡੇ ਲਈ ਰੱਬ ਬਣ ਕੇ ਆਏ। ਇਸ ਬੇਟੀ ਨੂੰ ਵਾਪਸ ਲਿਆਉਣ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।" ਸੰਤੋਖ ਸਿੰਘ ਨੇ ਹੱਸ ਕੇ ਕਿਹਾ, "ਕੋਈ ਗੱਲ ਨਹੀਂ ਸਾਬ। ਇਹ ਤਾਂ ਸਾਡੀ ਬੇਟੀ ਵਾਂਗ ਹੈ। ਘਰ ਜਾ ਕੇ ਇਸ ਨੂੰ ਬਹੁਤ ਪਿਆਰ ਦਿਓ ਅਤੇ ਬੇਟੀ, ਯਾਦ ਰੱਖੀਂ, ਆਨਲਾਈਨ ਦੁਨੀਆ ਵਿੱਚ ਵੀ ਅਸਲੀ ਰਿਸ਼ਤਿਆਂ ਨੂੰ ਨਾ ਭੁੱਲੀਂ।"

ਘਰ ਵਾਪਸ ਆ ਕੇ, ਰੁਪਿੰਦਰ ਨੇ ਆਪਣਾ ਫ਼ੋਨ ਬੰਦ ਕਰ ਦਿੱਤਾ। ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਅਸਲ ਪਿਆਰ ਗੇਮਾਂ ਜਾਂ ਵਰਚੁਅਲ ਦੁਨੀਆ ਵਿੱਚ ਨਹੀਂ, ਬਲਕਿ ਆਪਣੇ ਪਰਿਵਾਰ ਦੇ ਨਿੱਘੇ ਅਤੇ ਸੁਰੱਖਿਅਤ ਮਾਹੌਲ ਵਿੱਚ ਹੁੰਦਾ ਹੈ। ਉਸ ਨੇ ਆਨਲਾਈਨ ਗੇਮਾਂ ਤੋਂ ਦੂਰੀ ਬਣਾ ਲਈ ਤੇ ਆਪਣੀ ਪੜ੍ਹਾਈ 'ਤੇ ਧਿਆਨ ਦੇਣਾ ਸ਼ੁਰੂ ਕੀਤਾ ਅਤੇ ਆਪਣੀ ਜ਼ਿੰਦਗੀ ਨੂੰ ਨਵੀਂ ਸੋਚ ਨਾਲ ਜੀਣਾ ਸ਼ੁਰੂ ਕੀਤਾ। ਉਸ ਨੇ ਮਾਂ ਨਾਲ ਰਾਤਾਂ ਨੂੰ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਆਪਣੇ ਪਾਪਾ ਨਾਲ ਵੀ ਆਪਣੇ ਮਨ ਦੀਆਂ ਗੱਲਾਂ ਸਾਂਝੀਆਂ ਕਰਨ ਲੱਗੀ। ਹੁਣ ਉਸ ਦਾ ਭੁਲੇਖਾ ਨਿਕਲ ਗਿਆ ਸੀ, ਉਸ ਨੂੰ ਜ਼ਿੰਦਗੀ ਦਾ ਇੱਕ ਅਨਮੋਲ ਸਬਕ ਮਿਲ ਗਿਆ ਸੀ ਕਿ ਅਸਲੀ ਖ਼ੁਸ਼ੀ ਅਤੇ ਪਿਆਰ ਹਮੇਸ਼ਾ ਸਾਡੇ ਆਪਣੇ ਲੋਕਾਂ ਵਿੱਚ ਹੀ ਹੁੰਦਾ ਹੈ।

*ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਪੀ.ਜੀ. ਕਾਲਜ, ਸੀ.ਸੀ. ਹੈੱਡ, ਸ੍ਰੀ ਗੰਗਾਨਗਰ*
*ਕਨਵੀਨਰ ਪੰਜਾਬੀ, ਮਹਾਰਾਜਾ ਗੰਗਾ ਸਿੰਘ ਯੂਨੀਵਰਸਿਟੀ, ਬੀਕਾਨੇਰ*

# ਯੂ-21 ਸਿੰਘਾਂ ਦੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲਿਆਂ ਵਿੱਚ ਹਰਮੀਤ ਸਿੰਘ ਬਣਿਆ ਚੈਂਪੀਅਨ ਤੇ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਖਾੜਾ ਨਿਊਯਾਰਕ ਦੀ ਰਹੀ ਝੰਡੀ

**✪ ਯੂ-21 ਬੀਬੀਆਂ ਦੀ ਕੈਟਾਗਰੀ ਵਿੱਚ ਗੁਰਵਿੰਦਰ ਕੋਰ, ਕੈਨਸਸ ਗੱਤਕਾ ਐਸੋਸੀਏਸ਼ਨ ਨੇ ਬਾਜੀ ਮਾਰੀ ਤੇ ਯੂ-17 ✪ ਐਮ.ਏ. ਗੱਤਕਾ ਐਸੋਸੀਏਸ਼ਨ ਯੂ-14 ਗੱਤਕਾ ਪ੍ਰਦਰਸ਼ਨੀ ਵਿੱਚ ਸਭ ਤੋਂ ਵੱਥ ਮੈਡਲ ਜਿੱਤਣ ਵਾਲੀ ਟੀਮ ਬਣੀ ✪ ਗੁਰੂ ਸਾਹਿਬਾਨਾਂ ਵਲੋਂ ਵਰੋਸਾਈ ਗੱਤਕਾ ਖੇਡ ਨੂੰ ਉਤਸ਼ਾਹਿਤ ਕਰਨ ਲਈ ਵੱਡੇ ਪੱਧਰ ਦੇ ਉਪਰਾਲਿਆ ਦੀ ਲੋੜ: ਕਲਵਿੰਦਰ ਸਿੰਘ ਫਰੀਜਨੋ, ਡਾ. ਦੀਪ ਸਿੰਘ**








ਨਿਊਯਾਰਕ-ਗੱਤਕਾ ਖੇਡ ਨੂੰ ਅਮਰੀਕਾ ਵਿੱਚ ਪ੍ਰਫੁਲਿੱਤ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਅਮਰੀਕਾ ਵਿੱਚ ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਖਾਲਸਾਈ ਜਾਹੋ-ਜਲਾਲ ਨਾਲ "ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ", 222-28-95 ਅਵੈਨਿਊ, ਕੁਇਨਜ ਵਿਲੇਜ ਨਿਊਯਾਰਕ ਦੇ ਉਚੇਚੇ ਸਹਿਯੋਗ ਨਾਲ ਕਰਵਾਈ ਗਈ ਚੈਂਪੀਅਨਸ਼ਿਪ ਵਿੱਚ ਬੀਬੀਆਂ ਅਤੇ ਸਿੰਘਾਂ ਦੀ ਵੱਖ -ਵੱਖ ਉਮਰ ਵਰਗ ਵਿੱਚ ਸੈਂਕੜੇ ਖਿਡਾਰੀਆ ਨੇ ਭਾਰ ਲਿਆ। ਜਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫੀ ਸਾਲਾਂ ਤੋਂ ਪੱਬਾਂ ਭਾਰ ਹੋ ਕੇ ਵੱਖ ਵੱਖ ਰਾਜਾਂ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚਾਰਾਜੋਈ ਕਰ ਰਹੀ ਹੈ।

ਤੀਜੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਵਿੱਚ ਜੇਤੂ ਟੀਮਾਂ ਤੇ ਖਿਡਾਰੀਆਂ ਅਤੇ ਸਮੂਹ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਪ੍ਰੰਬਧਕਾਂ ਵਲੋਂ ਉਚੇਚੀ ਵਧਾਈ ਦਿੱਤੀ ਗਈ। ਵਿਸਤਾਰ ਵਿੱਚ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਪ੍ਰਧਾਨ ਤੇ ਵਿਸ਼ਵ ਗੱਤਕਾ ਫੇਡਰੇਸ਼ਨ ਦੇ ਚੇਅਰਮੈਨ ਸ. ਕਲਵਿੰਦਰ ਸਿੰਘ ਫਰੀਜਨੋ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਵਿਸ਼ਵ ਗੱਤਕਾ ਫੇਡਰੇਸ਼ਨ ਵਲੋਂ ਸਾਂਝੇ ਤੋਰ ਤੇ ਜਾਣਕਾਰੀ ਦਿੰਦਿਆ ਆਖਿਆ ਹੈ ਕਿ ਇਸ ਸਾਲ ਦੇ ਨੈਸ਼ਨਲ ਗੱਤਕਾ ਮੁਕਾਬਲੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਤੇ ਗਏ ਸਨ।

ਸਿੰਗਲ ਸੋਟੀ ਸਿੰਘਾਂ ਦੇ 21 ਸਾਲ ਵਰਗ ਗਹਿਗਚ ਮੁਕਾਬਲਿਆਂ ਦੌਰਾਨ ਹਰਮੀਤ ਸਿੰਘ ਨਿਊਯਾਰਕ ਨੇ ਪਹਿਲੇ, ਮਨਦੀਪ ਸਿੰਘ ਦੂਜੇ ਤੇ ਸਨਦੀਪ ਸਿੰਘ- ਤਿੰਨੇ ਸ਼ਹੀਦ ਬਾਬਾ ਦੀਪ ਸਿੰਘ ਗੱਤਕਾ ਅਕਾੜਾ ਨੇ ਤੀਜੇ ਸਥਾਨ ਲਈ ਜਿੱਤ ਦਰਜ ਕਰਵਾਈ ਗਈ।

ਬੀਬੀਆਂ ਦੇ 21 ਸਾਲ ਵਰਗ ਦੇ ਸਿੰਗਲ ਸੋਟੀ ਦੇ ਮੁਕਾਬਲਿਆ ਦੌਰਾਨ ਗੁਰਵਿੰਦਰ ਕੌਰ ਕੈਨਸਸ ਗੱਤਕਾ ਐਸੋਸੀਏਸ਼ਨ ਨੇ ਪਹਿਲੇ, ਹਰਨੂਰ ਕੌਰ ਨਿਊਯਾਰਕ ਗੱਤਕਾ ਐਸੋਸੀਏਸ਼ਨ ਨੇ ਦੂਜੇ ਤੇ ਸ਼ਰਨ ਕੌਰ ਨਾਰਥ ਕੈਰੋਲੀਨਾ ਗੱਤਕਾ ਐਸੋਸੀਏਸ਼ਨ ਨੇ ਤੀਜੇ ਸਥਾਨ ਲਈ ਆਪਣੀ ਜਗ੍ਹਾਂ ਬਣਾਈ।

ਉਮਰ ਵਰਗ 17 ਸਾਲ ਸਿੰਘਾਂ ਦੇ ਮੁਕਾਬਲਿਆਂ ਦੋਰਾਨ ਪਹਿਲਾ ਸਥਾਨ ਮਨਪ੍ਰੀਤ ਸਿੰਘ ਨਿਊਯਾਰਕ ਗੱਤਕਾ ਐਸੋਸੀਏਸ਼ਨ, ਦੂਜਾ ਸਥਾਨ ਅਨਮੋਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ-ਦੌਵੇਂ ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ ਨੇ ਤੀਜੇ ਸਥਾਨ ਲਈ ਆਪਣੀ ਜਿੱਤ ਦਰਜ ਕਰਵਾਈ।

ਉਮਰ ਵਰਗ 17 ਸਾਲ ਬੀਬੀਆਂ ਦੇ ਮੁਕਾਬਲਿਆਂ ਦੋਰਾਨ ਪਹਿਲਾ ਸਥਾਨ ਬੀਬੀ ਔਨੀਤ ਕੌਰ-ਨਿਉਜਰਸੀ ਗੱਤਕਾ ਐਸੋਸੀਏਸ਼ਨ ਦੂਜਾ ਸਥਾਨ ਬੀਬੀ ਗੁਰਕੀਰਤ ਕੌਰ- ਕੈਨਸਸ ਗੱਤਕਾ ਐਸੋਸੀਏਸ਼ਨ ਅਤੇ ਸੀਰਤ ਕੌਰ ਪੈਨਸਲਵੇਨੀਆਂ ਨੇ ਵਧੀਆਂ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਿਲ ਕੀਤੀ।

ਉਮਰ ਵਰਗ 14 ਸਾਲ ਬੀਬੀਆਂ ਦੇ ਗੱਤਕਾ ਪ੍ਰਦਰਸ਼ਨੀ ਮੁਕਾਬਲਿਆਂ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਜਿੱਥੇ ਸੀਰਤ ਕੌਰ ਐਮ.ਏ, ਕੈਨਸਸ ਗੱਤਕਾ ਐਸੋਸੀਏਸ਼ਨ, ਸੋਨਮਪ੍ਰੀਤ ਕੌਰ ਦੋਵੇਂ ਨਿਊਯਾਰਕ ਗੱਤਕਾ ਐਸੋਸੀਏਸ਼ਨ ਅਤੇ ਏਰਲੀਨ ਕੌਰ ਨੇ ਕ੍ਰਮਵਾਰ ਪਹਿਲਾ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ ਉੱਥੇ ਹੀ ਸਿੰਘਾਂ ਦੇ ਮੁਕਾਬਲੇ ਵਿੱਚ ਹਰਜਾਪ ਸਿੰਘ, ਪੂਨੀਤ ਸਿੰਘ ਦੋਵੇਂ ਗੱਤਕਾ ਅਖਾੜਾ-ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਤੀਜੇ ਸਥਾਨ ਲਈ ਹਰਜਸ ਸਿੰਘ ਬਨਵੈਤ ਬਾਸਟਨ ਨੇ ਆਪਣੀ ਜਗ੍ਹਾ ਬਣਾਈ।

ਜੱਜਮੈਂਟ ਅਤੇ ਰੈਫਰੀ ਕੌਸ਼ਲ ਦੀ ਅਗਵਾਈ ਸ ਲਵਪ੍ਰੀਤ ਸਿੰਘ "ਅਮਨ" ਸਾਸਕਾਟੂਨ, ਕਨੈਡਾ, ਬੀਬਾ ਕਿਰਨਜੋਤ ਕੌਰ, ਹਰਭਜਨ ਸਿੰਘ ਨਾਰਥ ਕੈਰੋਲੀਨਾ, ਕਰਨਸ਼ੇਰ ਸਿੰਘ ਪੈਨਸਲਵੇਨੀਆ, ਸੁਜਾਨ ਸਿੰਘ ਸੀਨੀਅਰ ਰੈਫਰੀ ਅਮਰੀਕਾ, ਜਸਕੀਰਤ ਸਿੰਘ ਸੀਨੀਅਰ ਕੋਚ, ਭਾਈ ਗਗਨਦੀਪ ਸਿੰਘ ਅਖੰਡ ਕੀਰਤਨੀ ਜੱਥਾ ਅਤੇ ਟ੍ਰਸਟੀ ਸਿੱਖ ਕਲਚਰਲ ਸੋਸਾਇਟੀ, ਨਿਊਯਾਰਕ, ਭਾਈ ਦਲਬੀਰ ਸਿੰਘ ਅਖੰਡ ਕੀਰਤਨੀ ਜੱਥਾ, ਭਾਈ ਸਰਬਜੀਤ ਸਿੰਘ ਦਮਦਮੀ ਟਕਸਾਲ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ ਸਤਿੰਦਰਪਾਲ ਸਿੰਘ ਅਤੇ ਨਿਹੰਗ ਹਰਿੰਦਰ ਸਿੰਘ ਤੇ ਪ੍ਰਭਦੀਪ ਸਿੰਘ ਨਿਊਯਾਰਕ ਆਦਿ ਵਲੋਂ ਕੀਤੀ ਗਈ।

ਇਸ ਤੋਂ ਇਲਾਵਾ ਸ. ਅਮੀਤੋਜ ਸਿੰਘ ਨੂੰ ਫੇਅਰ ਪਲੇ ਐਵਾਰਡ ਅਤੇ ਨਾਰਥ ਕੈਰੋਲੀਨਾ ਦੀ ਸਮੁੱਚੀ ਟੀਮ ਨੂੰ ਫੇਅਰ ਪਲੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਗੁਰਨਮਨ ਸਿੰਘ ਪੈਨਸਲਵੇਨੀਆ ਅਤੇ ਹਰਨਿੱਧ ਕੌਰ ਨਿਊਯਾਰਕ ਨੂੰ ਸਿੰਘ ਅਤੇ ਬੀਬੀਆਂ ਦੀ ਵੱਖ-2 ਕੈਟੀਗਰੀਆਂ ਵਿੱਚ ਐਮਰਜਿੰਗ ਪਲੇਅਰ ਐਵਾਰਡ ਲਈ ਚੁਣਿਆ ਗਿਆ। ਬੈਸਟ ਪਲੇਅਰ ਲਈ ਗੁਰਨੂਰ ਸਿੰਘ ਨਿਊਯਾਰਕ ਅਤੇ ਨਾਰਥ ਕੈਰੋਲੀਨਾ ਤੋਂ ਬ੍ਰਹਮਲੀਨ ਕੌਰ ਦੀ ਚੋਣ ਕਰਕੇ ਸਨਮਾਨਿਤ ਕੀਤਾ ਗਿਆ। ਕੈਨਸਸ ਗੱਤਕਾ ਐਸੋਸੀਏਸ਼ਨ ਟੀਮ ਨੂੰ ਮੋਸਟ ਵੈਲਿਊਏਬਲ ਟੀਮ ਅਤੇ ਮਨਪ੍ਰੀਤ ਸਿੰਘ ਨਿਊਯਾਰਕ ਨੇ ਵਿਅਕਤੀ ਕੈਟਾਗਰੀ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਆਪਣੀ ਥਾਂ ਬਣਾਈ।


ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਦੇ ਇਨਾਮ ਵੰਡ ਪ੍ਰੋਗਰਾਮ ਦੋਰਾਨ ਕਲਵਿੰਦਰ ਸਿੰਘ ਕੈਲੀਫੋਰਨੀਆ, ਸ. ਸਵਰਨਜੀਤ ਸਿੰਘ ਕੌਂਸਲਮੈਨ ਨਾਰਵਿੱਚ ਸ਼ਹਿਰ ਕਨੈਕਟੀਕਟ, ਭਾਈ ਸੀਤਲ ਸਿੰਘ- ਸਿੱਖ ਕਲਚਰਲ ਸੋਸਾਇਟੀ-ਨਿਊਯਾਰਕ, ਡਾ. ਅਵਤਾਰ ਸਿੰਘ ਟੀਨਾ ਅਤੇ ਸਤਿਨਾਮ ਸਿੰਘ ਪਰਹਾਰ, ਡਾ. ਸੁਨੀਲ ਕਨਵਰ ਸਿੰਘ ਪੈਨਸਲਵੇਨੀਆ ਡਾ. ਹਰਪ੍ਰੀਤ ਕੋਰ ਕੁਮੈਂਟਟੇਟਰ, ਸ.ਮੋਨੀਦੰਰ ਸਿੰਘ ਡਾਇਰੈਕਟਰ ਯੁਨਾਈਟਿਡ ਸਿੱਖ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ,ਭਾਈ ਰਜਿੰਦਰ ਸਿੰਘ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਸੋਸਾਇਟੀ, ਸਰਬਜੀਤ ਸਿੰਘ- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਨਰਿੰਦਰ ਸਿੰਘ ਵਲੋਂ ਸ੍ਰੋਮਣੀ ਅਕਾਲੀ ਦਲ (ਮਾਨ), ਭਾਈ ਹਿਰਦੈਪਾਲ ਸਿੰਘ, ਹਰਮਿੰਦਰ ਸਿੰਘ ਆਹਲੂਵਾਲੀਆ ਤੇ ਗੁਰਤੇਜ ਸਿੰਘ ਧੰਜੂ-ਤਿੰਨੇ ਵਲੋ-ਵਰਲਡ ਸਿੱਖ ਪਾਰਲੀਮੈਂਟ, ਜਿੰਦਰ ਸਿੰਘ ਗੁਰਦੁਆਰਾ ਸਿੱਖ ਸੈਂਟਰ ਫਲਸਿੰਗ, ਡਾ.ਮਰੀਅਮ ਬੇਗਮ ਤੇ ਅਮਨਦੀਪ ਸਿੰਘ ਦੋਵੇਂ ਦੇਸੀ ਸੋਸਾਇਟੀ ਐਨ.ਵਾਈ.ਪੀ.ਡੀ. ਤੇ ਸਮੂਹ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਤੇ ਵਧਾਈ ਵੀ ਦਿੱਤੀ ਗਈ।

**********

## ਵਿਸ਼ਵ ਦੇ ਮਹਾਨ ਖਿਡਾਰੀ

# ਟੈਨਿਸ ਦਾ ਗਲੋਬਲ ਆਈਕੋਨ ਲੀਏਂਡਰ ਪੇਸ

ਪ੍ਰਿੰ. ਸਰਵਣ ਸਿੰਘ





ਲੀਏਂਡਰ ਐਂਡਰੀਅਨ ਪੇਸ ਭਾਰਤ ਦਾ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰੀ ਰਿਹਾ। ਉਹ 30 ਵਰ੍ਹੇ ਸਿਰੇ ਦੀ ਟੈਨਿਸ ਖੇਡਿਆ। ਉਸ ਨੂੰ ਟੈਨਿਸ ਦਾ ਗਲੋਬਲ ਆਈਕੋਨ ਕਿਹਾ ਜਾਂਦਾ ਸੀ। 1991 ’ਚ ਪੇਸ਼ਾਵਰ ਖਿਡਾਰੀ ਬਣ ਕੇ ਉਹ 2020 ਵਿਚ ਰਿਟਾਇਰ ਹੋਇਆ। ਇੰਜ ਉਹ 30 ਸਾਲ ਟੈਨਿਸ ਦਾ ਸਟਾਰ ਖਿਡਾਰੀ ਬਣਿਆ ਰਿਹਾ। ਉਹਦੀ ਜੈ ਜੈ ਕਾਰ ਕੁਲ ਦੁਨੀਆ ’ਚ ਹੋਈ। ਉਸ ਨੇ 20 ਸਲੈਮ ਟਾਈਟਲ ਜਿੱਤੇ। ਉਹ ਬਾਰਸੀਲੋਨਾ-1992 ਦੀਆਂ ਓਲੰਪਿਕ ਖੇਡਾਂ ਤੋਂ ਰੀਓ-2016 ਦੀਆਂ ਓਲੰਪਿਕ ਖੇਡਾਂ ਤਕ 7 ਵਾਰ ਟੈਨਿਸ ਮੁਕਾਬਲਿਆਂ ਦਾ ਭਾਗੀਦਾਰ ਬਣਿਆ। ਟੋਕੀਓ-2020 ਦੀਆਂ ਓਲੰਪਿਕ ਖੇਡਾਂ ਵਿਚ ਉਹ ਅੱਠਵੀਂ ਵਾਰ ਭਾਗ ਲੈਣ ਲਈ ਵੀ ਤਿਆਰੀ ਕਰ ਰਿਹਾ ਸੀ ਪਰ ਕੋਵਿਡ ਕਾਰਨ ਓਲੰਪਿਕ ਖੇਡਾਂ ਮੁਲਤਵੀ ਹੋ ਗਈਆਂ। ਉਸ ਨੇ ਓਲੰਪਿਕ ਖੇਡਾਂ, ਏਸ਼ਿਆਈ ਖੇਡਾਂ ਤੇ ਕਾਮਨਵੈਲਥ ਖੇਡਾਂ ਵਿਚ ਸਿਰਫ ਭਾਗ ਹੀ ਨਹੀਂ ਲਿਆ ਬਲਕਿ ਉਨ੍ਹਾਂ ਵਿਚੋਂ 10 ਮੈਡਲ ਵੀ ਜਿੱਤੇ। 5 ਗੋਲਡ ਮੈਡਲ ਤੇ 5 ਬ੍ਰਾਂਜ਼ ਮੈਡਲ! ਕੀ ਕਿਹਾ ਜਾਏ ਅਜਿਹੇ ਅਫਲਾਤੂਨ ਖਿਡਾਰੀ ਬਾਰੇ?

ਉਹ ਨਾ ਸਿਰਫ਼ ਭਾਰਤ ਜਾਂ ਏਸ਼ੀਆ ਦਾ ਟੈਨਿਸ ਸਟਾਰ ਸੀ ਬਲਕਿ ਪੂਰੇ ਵਿਸ਼ਵ ਦਾ ਟੈਨਿਸ ਸਟਾਰ ਮੰਨਿਆ ਜਾਂਦਾ ਸੀ। ਜਿਵੇਂ ਕ੍ਰਿਕਟ ਵਿਚ ਸਚਿਨ ਤੇਂਦੂਲਕਰ ਦੀ ਤੂਤੀ ਬੋਲਦੀ ਰਹੀ ਉਵੇਂ ਟੈਨਿਸ ਵਿਚ ਲੀਏਂਡਰ ਪੇਸ ਦੀ ਗੁੱਡੀ ਚੜ੍ਹੀ ਰਹੀ। ਇਹ ਵੱਖਰੀ ਗੱਲ ਕਿ ਭਾਰਤ ਵਿਚ ਕ੍ਰਿਕਟ ਦਾ ਕਰੇਜ਼ ਟੈਨਿਸ ਨਾਲੋਂ ਵਧੇਰੇ ਹੋਣ ਕਰਕੇ ਸਚਿਨ ਦੀ ਮਹਿਮਾ ਲੀਏਂਡਰ ਨਾਲੋਂ ਵਧੇਰੇ ਹੋਈ। ਸਚਿਨ ਨੂੰ ‘ਕ੍ਰਿਕਟ ਦਾ ਭਗਵਾਨ ਕਿਹਾ ਗਿਆ ਤੇ ਭਾਰਤ ਦਾ ਸਰਬਉੱਚ ਸਨਮਾਨ ‘ਭਾਰਤ ਰਤਨ ਭਾਰਤ ਦੇ ਖਿਡਾਰੀਆਂ ਵਿਚੋਂ ਕੇਵਲ ਸਚਿਨ ਤੇਂਦੂਲਕਰ ਨੂੰ ਹੀ ਦਿੱਤਾ ਗਿਆ। ਫਰਕ ਇਹੋ ਰਿਹਾ ਕਿ ਦੋਹਾਂ ਸਮਕਾਲੀ ਖਿਡਾਰੀਆਂ ’ਚੋਂ ਇਕ ਨੇ ਵਧੇਰੇ ਵੇਖੀ ਜਾਣ ਵਾਲੀ ਖੇਡ ਕ੍ਰਿਕਟ ਚੁਣ ਲਈ ਤੇ ਦੂਜੇ ਨੇ ਘੱਟ ਵੇਖੀ ਜਾਣ ਵਾਲੀ ਟੈਨਿਸ। ਸ਼ੁਕਰ ਹੈ ਕਿਤੇ ਆਪਣੇ ਬਾਪ ਵੇਸ ਵਾਂਗ ਹਾਕੀ ਨਹੀਂ ਸੀ ਚੁਣ ਬੈਠਾ। ਫੇਰ ਤਾਂ ਬਾਪ ਵਾਂਗ ਅਸਲੋਂ ਹੀ ਅਣਗਾਉਲੇ ਰਹਿ ਜਾਣਾ ਸੀ!

ਲੀਏਂਡਰ ਕੇਵਲ 17 ਸਾਲਾਂ ਦਾ ਸੀ ਜਦੋਂ ਵਿੰਬਲਡਨ ਜੂਨੀਅਰ ਦਾ ਖ਼ਿਤਾਬ ਜਿੱਤਿਆ। ਉਸ ਦੀ ਇਸ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਭਾਰਤ ਸਰਕਾਰ ਨੇ ਉਸ ਨੂੰ ਖੇਡਾਂ ਦਾ ਨਾਮੀ ਪੁਰਸਕਾਰ ‘ਅਰਜਨਾ ਅਵਾਰਡ ਦੇ ਦਿੱਤਾ। ਛੋਟੀ ਉਮਰ ਵਿਚ ਹੀ ਵੱਡਾ ਅਵਾਰਡ ਮਿਲਣ ਨਾਲ ਸੁਭਾਵਿਕ ਸੀ ਉਹਦਾ ਹੌਂਸਲਾ ਹੋਰ ਵਧ ਗਿਆ। 1992 ’ਚ ਉਹ ਬਾਰਸੀਲੋਨਾ ਦੀਆਂ ਓਲੰਪਿਕ ਖੇਡਾਂ ਲਈ ਭਾਰਤੀ ਟੀਮ ’ਚ ਚੁਣਿਆ ਗਿਆ। ਓਲੰਪਿਕ ਖੇਡਾਂ ਵਿਚ ਉਸ ਨੇ ਕਾਫੀ ਚੰਗੀ ਕਾਰਗੁਜ਼ਾਰੀ ਵਿਖਾਈ। ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ ਵਿਚ ਉਹ ਦੂਜੀ ਵਾਰ ਗਿਆ ਤਾਂ ਵਿਕਟਰੀ ਸਟੈਂਡ ਉਤੇ ਚੜ੍ਹਨ ਵਿਚ ਕਾਮਯਾਬ ਹੋ ਗਿਆ। ਉਥੇ ਉਸ ਨੇ ਕਾਂਸੀ ਦਾ ਤ਼ਗਮਾ ਜਿੱਤਿਆ। ਉਸ ਤੋਂ ਪਹਿਲਾਂ ਭਾਰਤ ਦਾ ਕੇਵਲ ਇਕੋ ਖਿਡਾਰੀ ਕੇ.ਡੀ. ਯਾਦਵ ਸੀ ਜੋ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਹੈਲਸਿੰਕੀ-1952 ਦੀਆਂ ਖੇਡਾਂ ਵਿਚੋਂ ਕਿਸੇ ਵਿਅਕਤੀਗਤ ਖੇਡ ’ਚ ਕਾਂਸੀ ਦਾ ਤ਼ਗਮਾ ਜਿੱਤਿਆ ਸੀ। ਭਾਰਤ ਸਰਕਾਰ ਵੱਲੋਂ ਉਸ ਨੂੰ 1996-97 ਦਾ ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ ਦਿੱਤਾ ਗਿਆ।

ਫਿਰ ਉਸ ਨੇ ਵਿਸ਼ਵ ਪੱਧਰ ’ਤੇ ਏਨੀਆਂ ਜਿੱਤਾਂ ਜਿੱਤੀਆਂ ਕਿ ਚਾਰੇ ਗ੍ਰੈਂਡ ਸਲੈਮ ਟੂਰਨਾਮੈਂਟਾਂ ਵਿਚ ‘ਬਹਿਜਾ ਬਹਿਜਾ ਕਰਵਾ ਦਿੱਤੀ। 2001 ਵਿਚ ਭਾਰਤ ਸਰਕਾਰ ਵੱਲੋਂ ਉਸ ਨੂੰ ‘ਪਦਮ ਸ੍ਰੀ ਪੁਰਸਕਾਰ ਨਾਲ ਨਿਵਾਜਿਆ ਗਿਆ। ਹੋਰ ਜਿੱਤਾਂ ਹਾਸਲ ਕੀਤੀਆਂ ਤਾਂ 2014 ਵਿਚ ਲੀਏਂਡਰ ਪੇਸ ਨੂੰ ‘ਪਦਮ ਭੂਸ਼ਨ ਪੁਰਸਕਾਰ ਭੇਟ ਕੀਤਾ ਗਿਆ। ਉਸ ਨੇ ਟੈਨਿਸ ਦੇ ਮੁਕਾਬਲਿਆਂ ਵਿਚ ਭਾਗ ਲੈਂਦਿਆਂ, ਲਗਭਗ ਸਾਰੀ ਦੁਨੀਆ ਗਾਹੀ ਤੇ ਵਿਸ਼ਵ ਨਾਗ੍ਰਿਕ ਬਣਿਆ। 2020 ਵਿਚ ਉਸ ਨੂੰ ਨੈਲਸਨ ਮੰਡੇਲਾ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਲੀਏਂਡਰ ਪੇਸ ਦਾ ਜਨਮ 17 ਜੂਨ 1973 ਨੂੰ ਪੱਛਮੀ ਬੰਗਾਲ ਦੇ ਸ਼ਹਿਰ ਕੋਲਕਾਤਾ ਵਿਚ ਹੋਇਆ। ਉਸ ਦਾ ਪਿਤਾ ਵੇਸ ਪੇਸ ਹਾਕੀ ਦਾ ਅੰਤਰਰਾਸ਼ਟਰੀ ਖਿਡਾਰੀ ਸੀ। ਉਸ ਨੇ ਮਿਊਨਿਖ ਦੀਆਂ ਓਲੰਪਿਕ ਖੇਡਾਂ ’ਚ ਭਾਰਤੀ ਹਾਕੀ ਟੀਮ ਵੱਲੋਂ ਭਾਗ ਲਿਆ ਸੀ ਜਿਥੇ ਭਾਰਤੀ ਟੀਮ ਨੇ ਕਾਂਸੀ ਦਾ ਤਗਮਾ ਜਿੱਤਿਆ। ਲੀਏਂਡਰ ਦੀ ਮਾਤਾ ਜੈਨੀਫਰ ਪੇਸ ਭਾਰਤੀ ਬਾਸਕਟਬਾਲ ਟੀਮ ਵੱਲੋਂ ਖੇਡਦੀ ਸੀ। 1980 ਵਿਚ ਉਹ ਏਸ਼ੀਆ ਬਾਸਕਟਬਾਲ ਚੈਂਪੀਅਨਸ਼ਿਪ ਵਿਚ ਭਾਰਤੀ ਬਾਸਕਟਬਾਲ ਟੀਮ ਦੀ ਕਪਤਾਨ ਸੀ। ਜੈਨੀਫਰ ਦਾ ਬਾਪ ਮਾਈਕਲ ਮਧੂਸੂਦਨ ਦੱਤਾ ਬੰਗਾਲੀ ਦਾ ਪ੍ਰਸਿੱਧ ਕਵੀ ਸੀ। ਉਨ੍ਹਾਂ ਦਾ ਪਰਿਵਾਰ ਧਰਮਾਂ ਦਾ ਮਿਲਗੋਭਾ ਪਰਿਵਾਰ ਹੈ ਜਿਵੇਂ ਭਾਰਤ ਦਾ ਸੈਕੂਲਰ ਸੰਵਿਧਾਨ ਹੈ।

ਖਿਡਾਰੀ ਪਰਿਵਾਰ ਦਾ ਜੰਮਪਲ ਹੋਣਾ ਲੀਏਂਡਰ ਪੇਸ ਦੇ ਏਨਾ ਰਾਸ ਆਇਆ ਕਿ ਉਸ ਨੇ ਨਾ ਸਿਰਫ਼ ਭਾਰਤ ਤੇ ਏਸ਼ੀਆ ਵਿਚ ਹੀ ਨਾਮਣਾ ਖੱਟਿਆ ਬਲਕਿ ਵਿਸ਼ਵ ਪੱਧਰ ’ਤੇ ਵੀ ਬੜਾ ਮਾਣ ਸਨਮਾਨ ਹਾਸਲ ਕੀਤਾ। ਉਸ ਦੀਆਂ ਡਬਲਜ਼ ਤੇ ਮਿਕਸਡ ਡਬਲਜ਼ ਦੀਆਂ ਏਨੀਆਂ ਜਿੱਤਾਂ ਹਨ ਕਿ ਉਹ ਵਿਸ਼ਵ ਦਾ ਪਹਿਲੀ ਕਤਾਰ ਦਾ ਟੈਨਿਸ ਖਿਡਾਰੀ ਮੰਨਿਆ ਜਾਂਦਾ ਰਿਹਾ। 2024 ਵਿਚ ਉਸ ਦਾ ਨਾਮ ਇੰਟਰਨੈਸ਼ਨਲ ਟੈਨਿਸ ਦੇ ਹਾਲ ਆਫ਼ ਫੇਮ ਵਿਚ ਸਥਾਪਿਤ ਕੀਤਾ ਗਿਆ।

ਉਸ ਨੂੰ ਟੈਨਿਸ ਦੀ ਗੁੜ੍ਹਤੀ ਮਿਲੀ ਸੀ। ਜਦੋਂ ਪੰਜ ਸਾਲਾਂ ਦਾ ਹੋਇਆ ਤਾਂ ਰੈਕਟ ਫੜ ਕੇ ਟੈਨਿਸ ਖੇਡਣ ਵੀ ਲੱਗ ਪਿਆ। ਸ਼ੌਕੀਆ ਟੈਨਿਸ ਖੇਡਣੀ ਭਾਵੇਂ ਉਸ ਨੇ ਕਲਕੱਤੇ ਤੋਂ ਸ਼ੁਰੂ ਕੀਤੀ ਸੀ ਪਰ ਵਧੀਆ ਕੋਚਿੰਗ ਲੈਣ ਲਈ ਉਸ ਨੂੰ ਕੋਲਕਾਤਾ ਛੱਡਣਾ ਪਿਆ। 1985 ਵਿਚ ਉਸ ਨੂੰ ਗੋਆ ਦੀ ਬਰਤਾਨੀਆ ਅੰਮ੍ਰਿਤਰਾਜ ਟੈਨਿਸ ਅਕੈਡਮੀ ਵਿਚ ਦਾਖਲ ਕਰਾ ਦਿੱਤਾ ਗਿਆ। ਉਥੇ ਉਸ ਦੇ ਕੋਚ ਡੇਵ ਓ ਮੀਰਾ ਨੇ ਉਹਦਾ ਖੇਡ ਕੈਰੀਅਰ ਬਣਾਉਣ ਵਿਚ ਵਿਸ਼ੇਸ਼ ਰੋਲ ਨਿਭਾਇਆ। ਬੇਸ਼ਕ ਟੈਨਿਸ ਦੀ ਖੇਡ ਉਸ ਦਾ ਕਾਫੀ ਸਮਾਂ ਲੈ ਲੈਂਦੀ ਸੀ ਪਰ ਲੀਏਂਡਰ ਪੜ੍ਹਨ ਵਿਚ ਵੀ ਪੂਰਾ ਹੁਸ਼ਿਆਰ ਰਿਹਾ। ਮੁੱਢਲੀ ਪੜ੍ਹਾਈ ਉਸ ਨੇ ਕੋਲਕਾਤਾ ਦੇ ਮਾਰਟੀਨੀਅਰ ਸਕੂਲ ਤੋਂ ਹਾਸਲ ਕੀਤੀ ਸੀ ਪਰ ਅਗਲੀ ਪੜ੍ਹਾਈ ਮਦਰਾਸ ਦੇ ਕ੍ਰਿਸ਼ਚੀਅਨ ਹਾਇਰ ਸੈਕੰਡਰੀ ਸਕੂਲ ਤੋਂ ਕੀਤੀ। ਫਿਰ ਉਚੇਰੀ ਪੜ੍ਹਾਈ ਲਈ ਉਹ ਕਲਕੱਤਾ ਯੂਨੀਵਰਸਿਟੀ ਦੇ ਸੇਂਟ ਜ਼ੇਵੀਅਰ ਕਾਲਜ ਵਿਚ ਦਾਖਲ ਹੋਇਆ। ਉਚੇਰੀ ਪੜ੍ਹਾਈ ਕਰਨ ਦੇ ਨਾਲ ਨਾਲ ਉਸ ਨੇ ਟੈਨਿਸ ਖੇਡਣੀ ਵੀ ਜਾਰੀ ਰੱਖੀ।

ਲੀਏਂਡਰ ਤੇ ਸਚਿਨ ਨੇ 1989-90 ਵਿਚ ਹੀ ਆਪੋ ਆਪਣੀ ਖੇਡ ’ਚ ਨਾਮਣਾ ਖੱਟਣਾ ਸ਼ੁਰੂ ਕਰ ਲਿਆ ਸੀ। ਫਿਰ ਭਾਰਤ ਦੇ ਇਹ ਦੋਹੇਂ ਮਹਾਨ ਖਿਡਾਰੀ ਆਪੋ ਆਪਣੀ ਖੇਡ ਦੀਆਂ ਲੰਮੀਆਂ ਪਾਰੀਆਂ ਖੇਡੇ। ਲੀਏਂਡਰ ਨੇ ਲਗਭਗ 30 ਸਾਲ ਅੰਤਰਰਾਸ਼ਟਰੀ ਟੈਨਿਸ ਮੁਕਾਬਲਿਆਂ ਵਿਚ ਭਾਗ ਲਿਆ। ਉਹ ਟੈਨਿਸ ਦੀ ਮੈਰਾਥਨ ਦੌੜ ਦਾ ਮਹਾਰਥੀ ਹੋ ਨਿਬੜਿਆ। 1990 ਵਿਚ ਉਹ ਟੈਨਿਸ ਦਾ ਪ੍ਰੋਫੈਸ਼ਨਲ ਖਿਡਾਰੀ ਬਣਿਆ ਸੀ। ਉਸ ਦੀ ਪਹਿਲੀ ਵੱਡੀ ਛਾਲ 17 ਸਾਲ ਦੀ ਉਮਰੇ ਵਿੰਬਲਡਨ ਦਾ ਜੂਨੀਅਰ ਖ਼ਿਤਾਬ ਜਿੱਤਣਾ ਸੀ। 1990 ਵਿਚ ਉਹ ਇੰਡੀਅਨ ਡੇਵਿਸ ਕੱਪ ਟੀਮ ਵਿਚ ਸ਼ਾਮਲ ਹੋਇਆ ਤੇ ਫਿਰ ਚੱਲ ਸੋ ਚੱਲ ਹੋ ਗਈ। ਉਹ ਸਿੰਗਲ ਵੀ ਖੇਡਦਾ ਰਿਹਾ ਤੇ ਡਬਲਜ਼ ਵੀ। ਦੁਨੀਆ ਦਾ ਸ਼ਾਇਦ ਹੀ ਕੋਈ ਵੱਡਾ ਵੱਕਾਰੀ ਟੈਨਿਸ ਟੂਰਨਾਮੈਂਟ ਹੋਵੇ ਜੋ ਉਹ ਖੇਡਿਆ ਨਾ ਹੋਵੇ। ਮਸਲਨ ਗ੍ਰੈਂਡ ਸਲੈਮ, ਵਰਲਡ ਟੂਰ ਫਾਈਨਲਜ਼, ਵਰਲਡ ਟੂਰ ਮਾਸਟਰਜ਼, ਏਟੀਪੀ ਚੈਲੇਂਜਰਜ਼, ਵਰਲਡ ਟੂਰ ਸੀਰੀਜ਼, ਡੇਵਿਸ ਕੱਪ, ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਓਲੰਪਿਕ ਖੇਡਾਂ। ਉਸ ਨੇ ਡੇਵਿਸ ਕੱਪ ਵਿਚ ਭਾਰਤੀ ਟੀਮਾਂ ਦੀ ਕਪਤਾਨੀ ਕੀਤੀ ਜਿਨ੍ਹਾਂ ’ਚ ਡੇਵਿਸ ਕੱਪ ਡਬਲਜ਼ ਦੇ 43 ਮੈਚ ਜਿੱਤੇ ਜੋ ਸਭ ਤੋਂ ਵੱਧ ਸਨ।

ਲੀਏਂਡਰ ਨੇ ਚਾਰੇ ਗ੍ਰੈਂਡ ਸਲੈਮ ਖੇਡਦਿਆਂ ਬੇਸ਼ਕ ਮਰਦਾਂ ਦੇ ਸਿੰਗਲਜ਼ ਮੁਕਾਬਲਿਆਂ ’ਚੋਂ ਕੋਈ ਖ਼ਿਤਾਬ ਨਹੀਂ ਜਿੱਤਿਆ ਪਰ ਭਾਰਤੀ ਟੈਨਿਸ ਨੂੰ ਵਿਸ਼ਵ ਪੱਧਰ ਤਕ ਪੁਚਾ ਦਿੱਤਾ। ਮਰਦਾਂ ਦੇ ਸਿੰਗਲਜ਼ ਮੁਕਾਬਲਿਆਂ ਵਿਚ ਭਾਗ ਲੈਂਦਿਆਂ ਉਹ ਆਸਟ੍ਰੇਲੀਅਨ ਓਪਨ ਵਿਚ 1997 ਤੇ 2000 ਦੇ ਦੂਜੇ ਗੇੜ ਵਿਚ ਪਹੁੰਚ ਗਿਆ ਸੀ। ਫ੍ਰੈਂਚ ਓਪਨ ਦੇ 1997 ਅਤੇ ਵਿੰਬਲਡਨ 2001 ਦੇ ਦੂਜੇ ਰਾਊਂਡ ਵਿਚ ਪਹੁੰਚ ਗਿਆ ਸੀ ਤੇ 2001 ਵਿਚ ਯੂ ਐਸ ਓਪਨ ਟੂਰਨਾਮੈਂਟ ਦੌਰਾਨ ਤੀਜੇ ਗੇੜ ਵਿਚ ਆਪਣੀ ਥਾਂ ਬਣਾ ਲਈ ਸੀ। ਉਸ ਦੇ ਸਿੰਗਲਜ਼ ਟੈਨਿਸ ਕੈਰੀਅਰ ਦੀ ਸਭ ਤੋਂ ਵੱਡੀ ਪ੍ਰਾਪਤੀ ਅਗੱਸਤ 1998 ਵਿਚ ਨਿਊ ਪੋਟ ਅਮਰੀਕਾ ਵਿਖੇ ਆਪਣਾ ਏਟੀਪੀ ਸਿੰਗਲਜ਼ ਖ਼ਿਤਾਬ ਜਿੱਤਣ ਨਾਲ ਹੋਈ ਸੀ। ਉਸ ਦੀ ਦੂਜੀ ਵੱਡੀ ਪ੍ਰਾਪਤੀ ਨਿਊ ਹੈਵਨ ਏਟੀਪੀ ਟੂਰਨਾਮੈਂਟ, ਪੇਨ ਪਾਈਲਟ ਇੰਟਰਨੈਸ਼ਨਲ ਸਿੰਗਲਜ਼ ਮੁਕਾਬਲੇ ਦੇ ਤੀਜੇ ਗੇੜ ਵਿਚ ਹੋਈ

ਬਾਕੀ ਹਿਸਾ ਸਫਾ 73 ਤੇ ਪੜ੍ਹੋ

### 72 ਸਫ਼ੇ ਦੀ ਬਾਕੀ

ਜੋ ਵਿੰਬਲਡਨ ਚੈਂਪੀਅਨ ਪੀਟ ਸੈਂਪਰਾਸ ਨੂੰ 6-3 ਤੇ 6-4 ਨਾਲ ਮਾਤ ਦੇ ਕੇ ਹਾਸਲ ਕੀਤੀ। ਇਸੇ ਤਰ੍ਹਾਂ 2000 ਵਿਚ ਇੰਡੀਅਨ ਵੇਲਜ਼ ਮਾਸਟਰਜ਼ ਸਿੰਗਲਜ਼ ਟੈਨਿਸ ਟੂਰਨਾਮੈਂਟ ਦੌਰਾਨ ਉਹ ਵਿਸ਼ਵ ਪ੍ਰਸਿੱਧ ਟੈਨਿਸ ਖਿਡਾਰੀ ਰੌਜਰ ਫੈਡਰਰ ਨੂੰ ਹਰਾ ਕੇ ਲੋਹੜਾ ਮਾਰ ਚੁੱਕਾ ਸੀ।

ਡਬਲਜ਼ ਤੇ ਮਿਕਸਡ ਡਬਲਜ਼ ਮੁਕਾਬਲਿਆਂ ਵਿਚ ਲੀਏਂਡਰ ਪੇਸ ਨੇ ਜੋ ਜਿੱਤਾਂ ਹਾਸਲ ਕੀਤੀਆਂ ਉਹ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਮਾਣ ਦਿਵਾਉਣ ਵਾਲੀਆਂ ਸਨ। ਉਸ ਦੀ ਤੇਜ਼ੀ, ਫੁਰਤੀ ਤੇ ‘ਵਾਲੀ-ਪਲੇਅ ਨੇ ਉਸ ਨੂੰ ਡਬਲਜ਼ ਟੈਨਿਸ ਦਾ ਬੇਮਿਸਾਲ ਖਿਡਾਰੀ ਬਣਾ ਦਿੱਤਾ ਸੀ। ਉਸ ਦੀ ਖੇਡ ਸ਼ੈਲੀ ਨਿਆਰੀ ਸੀ। ਲੀਏਂਡਰ ਨੂੰ ‘ਨੈੱਟ ਪਲੇਅ ਦਾ ਮਾਹਿਰ ਮੰਨਿਆ ਜਾਂਦਾ ਸੀ। ਉਸ ਦਾ ਜੋਸ਼, ਤੇਜ਼ ਰਫਤਾਰੀ, ਸ਼ਾਰਪ ਵੌਲੀ ਤੇ ਚੜ੍ਹ ਕੇ ਖੇਡਣਾ ਬੜੇ ਰੁਮਾਂਚਿਕ ਤੇ ਦਿਲਚਸਪ ਲੱਗਏ ਸਨ।

ਗ੍ਰੈਂਡ ਸਲੈਮ ਡਬਲਜ਼ ਮੁਕਾਬਲਿਆਂ ਦਾ ਉਹ ਸਭ ਤੋਂ ਸਫਲ ਖਿਡਾਰੀ ਰਿਹਾ। ਉਸ ਨੇ ਫਰੈਂਚ ਓਪਨ ਵਿਚ 1999, 2001 ਤੇ 2009 ਦੇ ਖ਼ਿਤਾਬ ਆਪਣੇ ਨਾਂ ਕਰ ਕੇ ਭਾਰਤ ਦਾ ਨਾਂ ਟੈਨਿਸ ਜਗਤ ਵਿਚ ਹੋਰ ਰੌਸ਼ਨ ਕੀਤਾ। ਉਸ ਨੇ ਯੂ ਐਸ ਓਪਨ ਖੇਡਦਿਆਂ 2006, 2009 ਤੇ 2013 ਵਿਚ ਵੀ ਜਿੱਤਾਂ ਹਾਸਲ ਕੀਤੀਆਂ। 2012 ਵਿਚ ਆਸਟ੍ਰੇਲੀਆ ਓਪਨ ਦਾ ਚੈਂਪੀਅਨ ਬਣਿਆ। ਟੈਨਿਸ ਦਾ ਸਭ ਤੋਂ ਵੱਕਾਰੀ ਟੂਰਨਾਮੈਂਟ ਵਿੰਬਲਡਨ ਜਿੱਤਣਾ ਵੀ ਉਹਦੇ ਹਿੱਸੇ ਆਇਆ। ਡਬਲਜ਼ ਵਿਚ ਉਸ ਦੀ ਦਰਜਾਬੰਦੀ ਕਈ ਵਾਰ ਅੱਵਲ ਨੰਬਰ ਰਹੀ।

ਉਸ ਦਾ ਗ੍ਰੈਂਡ ਸਲੈਮ ਮਿਕਸਡ ਡਬਲਜ਼ ਦਾ ਸਫ਼ਰ ਵੀ ਰੌਚਿਕ ਰਿਹਾ। ਉਸ ਨੇ ਅੰਤਰਰਾਸ਼ਟਰੀ ਪੱਧਰ ’ਤੇ ਆਪਣੀ ਮਿਕਸਡ ਡਬਲਜ਼ ਦੀ ਸ਼ੁਰੂਆਤ 2000 ਵਿਚ ਕੀਤੀ। 2003 ਵਿਚ ਵਿਸ਼ਵ ਦੀ ਤਜਰਬੇਕਾਰ ਟੈਨਿਸ ਖਿਡਾਰਨ ਮਾਰਟੀਨਾ ਨਵਰਾਤੀਲੋਵਾ ਨਾਲ ਆਸਟ੍ਰੇਲੀਅਨ ਓਪਨ ਅਤੇ ਵਿੰਬਲਡਨ ਜਿੱਤਿਆ। ਏਧਰ ਏਸ਼ਿਆਈ ਖੇਡਾਂ ਵਿਚ ਭਾਰਤ ਦੀ ਨਾਮਵਰ ਖਿਡਾਰਨ ਸਾਨੀਆ ਮਿਰਜ਼ਾ ਨਾਲ ਜੋੜੀ ਬਣਾ ਕੇ ਸੋਨ ਮੈਡਲ ਭਾਰਤ ਦੀ ਝੋਲੀ ਪਾਇਆ। ਫਿਰ ਉਸ ਨੇ 2009 ਵਿਚ ਲੁਕਾਸ ਡਲੋਹੀ ਨਾਲ ਮਿਲ ਕੇ ਖੇਡਦਿਆਂ ਫ੍ਰੈਂਚ ਤੇ ਯੂ ਐਸ ਓਪਨ ਦੇ ਖ਼ਿਤਾਬ ਆਪਣੇ ਨਾਂ ਕੀਤੇ। 2010 ਵੀ ਉਹਦੇ ਲਈ ਕਰਮਾਂ ਵਾਲਾ ਰਿਹਾ। ਉਸ ਨੇ ਕਾਰਾ ਬਲੈਕ ਨਾਲ ਮਿਲ ਕੇ ਆਸਟ੍ਰੇਲੀਅਨ ਓਪਨ ਮਿਕਸਡ ਡਬਲਜ਼ ਦਾ ਖ਼ਿਤਾਬ ਜਿੱਤਿਆ। ਫਿਰ ਉਸ ਨੇ ਰਾਡੇਕ ਸਟੇਪਨੇਕ ਨਾਲ ਭਾਈਵਾਲੀ ਕੀਤੀ ਤੇ ਉਸ ਜੋੜੀ ਨੇ 2013 ਵਿਚ ਯੂ ਐਸ ਓਪਨ ਟੂਰਨਾਮੈਂਟ ਜਿੱਤਿਆ। 2016 ਵਿਚ ਉਸ ਨੇ ਕਰੀਅਰ ਸਲੈਮ ਹਾਸਲ ਕੀਤਾ। ਉਦੋਂ ਉਸ ਨੇ ਵਿਸ਼ਵ ਦੀ ਪ੍ਰਸਿੱਧ ਟੈਨਿਸ ਖਿਡਾਰਨ ਮਾਰਟੀਨਾ ਹਿੰਗਜ਼ ਨਾਲ ਫ੍ਰੈਂਚ ਓਪਨ ਟੂਰਨਾਮੈਂਟ ਜਿੱਤਿਆ।

ਲੀਏਂਡਰ ਪੇਸ ਦੇ ਟੈਨਿਸ ਸਫਰ ਵਿਚ ਬੜੇ ਪਾਰਟਨਰ ਰਹੇ। ਜੇ ਸਾਰੇ ਗਿਣਨ ਲੱਗੀਏ ਤਾਂ ਗਿਣਤੀ 100 ਤੋਂ ਵੀ ਟੱਪ ਜਾਵੇਗੀ। ਪਰ ਜੋ ਜੋੜੀ ਮਹੇਸ਼ ਭੁਪਤੀ ਨਾਲ ਬਣੀ ਉਹ ਸਭ ਤੋਂ ਵੱਧ ਨਿਭੀ। ਉਸ ਜੋੜੀ ਨੇ ਭਾਰਤੀ ਟੈਨਿਸ ਨੂੰ ਤਕੜਾ ਹੁਲ੍ਹਾਰਾ ਦਿੱਤਾ। ਪੇਸ-ਭੂਪਤੀ ਜੋੜੀ ਦਾ ਨਾਂ ਡੇਵਿਸ ਕੱਪ ਮੈੱਨ ਡਬਲਜ਼ ਦੇ ਮੁਕਾਬਲਿਆਂ ’ਚ 24 ਸਾਲ ਗੂੰਜਦਾ ਰਿਹਾ। ਪੇਸ ਤੇ ਭੂਪਤੀ ਦੀ ਜੋੜੀ ਨੇ 1994 ਵਿਚ ਡਬਲਜ਼ ਦੀ ਸ਼ੁਰੂਆਤ ਕੀਤੀ ਸੀ ਤੇ ਜੋੜੀ ਦਾ ਨਾਂ ‘ਇੰਡੀਅਨ ਐਕਸਪ੍ਰੈਸ ਪੈ ਗਿਆ ਸੀ। 1997-1998 ਵਿਚ ‘ਇੰਡੀਅਨ ਐਕਸਪ੍ਰੈਸ ਨੇ ਏਟੀਪੀ ਪ੍ਰੋਫੈਸ਼ਨਲਜ਼ ਦੇ 6 ਟੂਰਨਾਮੈਂਟ ਜਿੱਤ ਕੇ ਟੈਨਿਸ ਜਗਤ ਵਿਚ ਸਨਸਨੀ ਫੈਲਾਅ ਦਿੱਤੀ ਸੀ। ਉਦੋਂ ਉਹ 8 ਟੂਰਨਾਮੈਂਟਾਂ ਦੇ ਫਾਈਨਲ ਖੇਡੇ ਸਨ। 1999 ਵਿਚ ਉਹੀ ਜੋੜੀ ਚਾਰੇ ਗ੍ਰੈਂਡ ਸਲੈਮ ਡਬਲਜ਼ ਟੂਰਨਾਮੈਂਟਾਂ ਦੇ ਫਾਈਨਲ ਵਿਚ ਜਾ ਪੁੱਜੀ ਸੀ। ਓਸੇ ਸਾਲ ਉਸ ਜੋੜੀ ਨੇ ਏਟੀਪੀ ਡਬਲਜ਼ ਰੈਂਕਿੰਗ ਦਾ ਪਹਿਲਾ ਸਥਾਨ ਹਾਸਲ ਕੀਤਾ ਸੀ।

2001 ਵਿਚ ਵੀ ਪੇਸ-ਭੂਪਤੀ ਜੋੜੀ ਨੇ ਫ੍ਰੈਂਚ ਓਪਨ ਡਬਲਜ਼ ਦਾ ਟਾਈਟਲ ਵੀ ਆਪਣੇ ਨਾਂ ਕੀਤਾ ਤੇ 2002 ਦੀਆਂ ਏਸ਼ਿਆਈ ਖੇਡਾਂ ’ਚੋਂ ਗੋਲਡ ਮੈਡਲ ਜਿੱਤਿਆ। ਫਿਰ ਉਨ੍ਹਾਂ ਵਿਚਕਾਰ ਮੱਤ-ਭੇਦ ਪੈਦਾ ਹੋ ਗਏ ਤੇ ਜੋੜੀ ਭੰਗ ਹੋ ਗਈ। ਫਿਰ ਦੇਸ਼ ਹਿੱਤ 2008 ਵਿਚ ਉਹ ਬੀਜਿੰਗ ਦੀਆਂ ਓਲੰਪਿਕ ਖੇਡਾਂ ’ਚ ਮੁੜ ਜੋੜੀ ਬਣਾ ਕੇ ਖੇਡੇ। ਪਰ ਪਹਿਲਾਂ ਵਾਲੀ ਗੱਲ ਨਾ ਬਣੀ ਅਤੇ ਕੁਆਟਰ ਫਾਈਨਲ ਵਿਚ ਰੋਜਰ ਫੈਡਰਰ ਤੇ ਸਟੈਨਿਸਲਾਸ ਵਾਵਰਿੰਕਾ ਦੀ ਜੋੜੀ ਤੋਂ ਹਾਰ ਕੇ ਮੁਕਾਬਲੇ ’ਚੋਂ ਬਾਹਰ ਹੋ ਗਏ। ਖੇਤਰ ਕੋਈ ਹੋਵੇ ਮੱਤ-ਭੇਦ ਵੱਡਿਆਂ ਵੱਡਿਆਂ ਨੂੰ ਲੈ ਬਹਿੰਦੇ ਹਨ। ਫਿਰ ਵੀ ਲੰਮਾ ਸਮਾਂ ਖੇਡਣ ਵਾਲੇ ਲਿਏਂਡਰ ਤੇ ਭੂਪਤੀ ਜੋੜੀ ਨੂੰ ਸਲਾਮ ਹੈ।

ਲੀਏਂਡਰ ਪੇਸ ਅੱਜ ਕੱਲ੍ਹ ਮੁੰਬਈ ਦਾ ਵਾਸੀ ਹੈ ਤੇ ਬੰਗਾਲ ਟੈਨਿਸ ਐਸੋਸੀਏਸ਼ਨ ਦਾ ਨਵਾਂ ਪ੍ਰਧਾਨ ਚੁਣਿਆ ਗਿਆ ਹੈ। ਮਹੇਸ਼ ਭੂਪਤੀ, ਰੋਹਨ ਬੋਪੰਨਾ ਤੇ ਸਾਈਨਾ ਮਿਰਜ਼ਾ ਉਹਦੇ ਸਮਕਾਲੀ ਖਿਡਾਰੀ ਰਹੇ ਹਨ। ਉਸ ਦਾ ਕੱਦ 5 ਫੁੱਟ 10 ਇੰਚ ਹੈ ਅਤੇ ਵਜ਼ਨ ਸਰਗਰਮ ਖੇਡ ਵੇਲੇ ਵੀ ਸਾਵਾਂ ਸੀ ਤੇ ਹੁਣ ਵੀ ਸਾਵਾਂ ਹੈ। ਨੈਣ ਨਕਸ਼ ਤਿੱਖੇ ਤੇ ਰਮਗ ਮੇਘਲਾ ਹੈ। ਉਸ ਦੀ ਪ੍ਰਾਈਜ਼ ਮਨੀ 8,587,586 ਡਾਲਰ ਹੈ। ਜਿਥੋਂ ਤਕ ਮੰਗਣਿਆਂ ਤੇ ਵਿਆਹ ਮੁਕਲਾਵਿਆਂ ਦੀ ਗੱਲ ਹੈ ਉਹ ਵੀ ਕਈ ਹੋਰਨਾਂ ਖਿਡਾਰੀਆਂ ਵਰਗਾ ਹੀ ਹੈ। ਵਿਆਹਿਆ ਵੀ ਗਿਆ ਤੇ ਸਮੇਂ ਸਮੇਂ ਪਾਰਟਨਰਾਂ ਵੀ ਬਣਦੀਆਂ ਗਈਆਂ। 2021 ਵਿਚ ਜ਼ੀ5 ਨੇ ਪੇਸ ਤੇ ਭੂਪਤੀ ਦੇ ਬਣਦੇ ਵਿਗੜਦੇ ਸੰਬੰਧਾਂ ਬਾਰੇ ਡਾਕੂਮੈਂਟਰੀ ਬਣਾਈ। ਲੀਏਂਡਰ ਪੇਸ ਨੇ ਅਸ਼ੋਕ ਕੋਹਲੀ ਨਾਲ ਮਿਲ ਕੇ ‘ਸੋਸ਼ਿਓ-ਪੁਲੀਟੀਕਲ ਫਿਲਮ ‘ਰਾਜਧਾਨੀ ਐਕਸਪ੍ਰੈਸ ਵੀ ਬਣਾਈ ਜਿਸ ਵਿਚ ਉਸ ਨੇ ਕੇਸ਼ਵ ਦਾ ਰੋਲ ਅਦਾ ਕੀਤਾ। ਗੀਤਾ ਸੇਠੀ ਤੇ ਪ੍ਰਕਾਸ਼ ਪਾਡੂਕੋਨੇ ਵੱਲੋਂ ਸਥਾਪਿਤ ‘ਓਲੰਪਿਕ ਗੋਲਡ ਕੁਇਸਟ ਨਾਂ ਦੀ ਫਾਊਂਡੇਸ਼ਨ, ਜੋ ਭਾਰਤ ਦੇ ਹੋਣਹਾਰ ਖਿਡਾਰੀਆਂ ਨੂੰ ਸਪੋਰਟ ਕਰਦੀ ਹੈ, 2010 ਤੋਂ ਲੀਏਂਡਰ ਵੀ ਉਹਦਾ ਡਾਇਰੈਕਟਰ ਹੈ। ਹਾਲੇ ਉਹ 52 ਸਾਲਾਂ ਦਾ ਹੋਇਐ ਤੇ ਉਸ ਤੋਂ ਹੋਰ ਵੀ ਵੱਡੀਆਂ ਆਸਾਂ ਹਨ। ਜੁਗ ਜੁਗ ਜੀਵੇ ਟੈਨਿਸ ਦਾ ਆਈਕੋਨਿਕ ਖਿਡਾਰੀ ਲੀਏਂਡਰ ਪੇਸ।

*principalsarwansingh@gmail.com*

## Celebrated Breastfeeding week 2025

### SELF-CARE TIPS ENCYCLOPEDIA



Dr. Anil Dheer
Columnist. Social activist and Certified by W.H.O – UNICEF
anil.dheer@yahoo.com
Health media Canada:

The theme is “Prioritising Breastfeeding-Create sustainable support systems” Breastfeeding is important because it provides babies with the ideal nutrition and protective antibodies they need to thrive, reducing risks of infections, allergies, and chronic diseases like obesity and diabetes later in life. For mothers, breastfeeding aids in postpartum recovery by promoting uterine contraction, helps with returning to a pre-pregnancy weight, and lowers the risk of breast and ovarian cancers. The process also fosters a unique emotional bond between mother and baby and can help with spacing births.

#### FOR THE BABY:

Ideal Nutrition: Breast milk contains the perfect balance of proteins, fats, carbohydrates, vitamins, and minerals, along with enzymes and hormones, to meet a baby's needs.

**Immune Protection:** It contains antibodies that protect against infections and diseases, and this protection can last a lifetime.

**Reduced Health Risks:** Breastfeeding lowers the risk of infections like ear infections, diarrhea, and stomach bugs, and also decreases the risk of developing asthma, obesity, leukemia, and type 1 and type 2 diabetes in the future.

Digestibility: Breast milk is easily digested by infants, promoting better gut health.

**Brain Development:** It supports healthy brain develo-pment and cognitive function.

#### FOR THE MOTHER:

**Postpartum Recovery:** Breastfeeding helps the uterus contract after birth, which reduces postpartum bleeding.




**Size does not matter :** The size of your breasts does not matter. Big or small, your breasts will make enough milk for your baby. Breasts start to get ready for baby very early in pregnancy. Your breasts can make colostrum once you are in your second trimester.

As soon as your baby is born, hormones tell your breasts to start making more milk. Your breasts will make as much milk as your baby needs. The more your baby breastfeeds – the more milk you will make!

**Weight Management:** It burns calories, which can help mothers return to their pre-pregnancy weight more quickly.

**Lower Disease Risk:** Mothers who breastfeed have a decreased risk of breast and ovarian cancers and may have a lower risk of osteoporosis.

**Builds a special bond :** The closeness and comfort of breastfeeding helps you bond with your baby. It is one of the many things you can do to build a secure and loving relationship. Cuddling your baby can help your baby be more trusting and confident as they grow older.

**Cost Savings:** Breastfeeding is a free and readily available feeding method, reducing healthcare costs for families.

#### GOOD FOR THE PLANET

Breastfeeding is good for your baby, for you and for the environment. Breast milk is made and delivered right to your baby - without any processing, chemical preservatives, packaging or waste.

# • ਪੰਜਾਬੀ ਫ਼ਿਲਮ ਦਰਪਣ •

## ਲਲਿਤ ਮਹਿਤਾ ਪਾਲੀਵੁੱਡ ਤੋਂ ਬਾਲੀਵੁੱਡ ਤੇ ਤੱਕ ਧੁੰਮ



"ਚੌਂਪਾਲ ਟੀਵੀ" ਤੇ ਆਈ ਫ਼ਿਲਮ "ਪਿੰਜਰਾ" ਨਾਲ ਨਿਰਮਾਤਾ ਲਲਿਤ ਮਹਿਤਾ ਪੰਜਾਬੀ ਓ ਟੀ ਟੀ ਬਜ਼ਾਰ ਵਿੱਚ ਛਾ ਗਏ ਤੇ ਮੁੰਬਈ ਵਿਖੇ ਆਪਣੀ ਆਰਵ ਪ੍ਰੋਡਕਸ਼ਨ ਵੱਲੋਂ "ਮਹਾਂ ਨਾਇਕ ਮਹਾਂ ਗਾਇਕ" ਸ਼ੋ ਹਿੱਟ ਰਿਹਾ ਜਿਸ ਵਿੱਚ ਇਸ਼ਿਤਾ ਵਿਸ਼ਵਕਰਮਾ ਤੇ ਸੁਦੇਸ਼ ਭੋਂਸਲੇ ਮੁੱਖ ਆਕਰਸ਼ਨ ਰਹੇ। ਅੱਜ ਕਲ ਲਲਿਤ ਮਹਿਤਾ ਆਸਟ੍ਰੇਲੀਆ ਨੇ ਜਿੱਥੇ ਓਹ ਤਿੰਨ ਸ਼ੋ ਮੈਲਬੋਰਨ ਤੇ ਦੋ ਹੋਰ ਥਾਵਾਂ ਤੇ ਕਰਵਾ ਰਹੇ ਹਨ। ਇੱਕ ਦਮ ਬਾਲੀਵੁੱਡ ਵਿੱਚ ਵੀ ਚਰਚਿਤ ਹੋਏ ਲਲਿਤ ਮਹਿਤਾ ਮਿਊਜ਼ਿਕ ਇੰਡਸਟਰੀ ਵਿੱਚ ਆਰਵ ਪ੍ਰੋਡਕਸ਼ਨ ਵੱਲੋਂ ਕਾਮਯਾਬ ਟਰੈਕ ਵੀ ਰਿਲੀਜ਼ ਕਰ ਰਹੇ ਹਨ। ਇੱਕ ਗੱਲ ਹੋਰ ਮਾਝੇ ਦੇ ਸਾਰੇ ਗਾਇਕ ਫ਼ਿਲਮ ਹਸਤੀ ਲਲਿਤ ਮਹਿਤਾ ਤੋਂ ਆਪਣੇ ਡਿਜ਼ਾਇਨ ਵੱਖ ਵੱਖ ਖੇਤਰਾਂ ਵਿੱਚ ਬਣਵਾ ਰਹੇ ਹਨ। ਲਲਿਤ ਮਹਿਤਾ ਨੇ ਕਿਹਾ ਫਿਲਹਾਲ ਓਹ ਬਹੁਤ ਵਿਸ਼ਵਾਸ ਨਾਲ ਆਖ ਰਹੇ ਨੇ ਕਿ ਜਲਦੀ ਫ਼ਿਲਮ ਸਟਾਰ ਦੇ ਸ਼ੋ ਓਹ ਸ਼ੁਰੂ ਕਰਨ ਜਾ ਰਹੇ ਨੇ ਗਾਇਕ ਕਲਾਕਾਰਾਂ ਦੇ ਟਰੈਕ ਓਹਨਾਂ ਦੀ ਆਰਵ ਪ੍ਰੋਡਕਸ਼ਨ ਪੇਸ਼ ਕਰ ਰਹੀ ਹੈ।

## ਰਮਨ ਗਿੱਲ ਕਨੇਡਾ ਵਿੱਚ ਹੋ ਰਹੀ ਬੱਲੇ ਬੱਲੇ



"ਫੁਕਰੇ" ਗਾਣੇ ਵਿੱਚ ਬੀਟ ਵੀ ਜ਼ਬਰਦਸਤ ਤੇ ਸਚਾਈ ਵੀ ਜ਼ਬਰਦਸਤ ਹੈ ਤੇ ਇਹ ਗੀਤ ਗਾਉਣ ਵਾਲੀ ਗਾਇਕਾ ਰਮਨ ਗਿੱਲ ਅੱਜ ਕਲ ਕਨੇਡਾ ਵਿੱਚ ਖ਼ੂਬ ਚਰਚਿਤ ਹੈ। ਰਮਨ ਜਿਸ ਵੀ ਥਾਂ ਤੇ ਕਨੇਡਾ ਸ਼ੋ ਕਰਦੀ ਹੈ ਹਿੱਟ ਰਹਿੰਦੇ ਹਨ। ਰਮਨ ਗਿੱਲ ਕੋਲ ਸੁੰਦਰਤਾ ਕਹਿਰ ਦੀ ਹੈ ਤੇ ਆਵਾਜ਼ ਤਿੱਖੀ ਤੇ ਮਿੱਠੀ ਹੈ। ਰਮਨ ਗਿੱਲ ਦੇ ਹਰੇਕ ਗੀਤ ਤੇ ਖ਼ੂਬ ਤਾੜੀਆਂ ਵੱਜ ਰਹੀਆਂ ਹਨ। ਰਮਨ ਗਿੱਲ ਦੇ ਕਨੇਡਾ ਸ਼ੋ ਸੋਸ਼ਿਲ ਮੀਡੀਆ ਵਿੱਚ ਚਰਚਿਤ ਹੋਣ ਕਾਰਨ ਫ਼ਿਲਮ ਨਗਰੀ ਤੋਂ ਰਮਨ ਗਿੱਲ ਨੂੰ ਜਲਦੀ ਅੱਛੀਆਂ ਪੇਸ਼ਕਸ਼ਾਂ ਆਓਣ ਦੀ ਪੱਕੀ ਉਮੀਦ ਹੈ। "ਬ੍ਰਾਂਡੇਡ ਜੱਟੀ" ਰਮਨ ਦਾ ਇੱਕ ਹੋਰ ਹਿੱਟ ਗੀਤ ਹੈ ਤੇ ਕਨੇਡਾ ਵਾਲੇ ਪੰਜਾਬੀ ਜਿਹੜੇ ਓਸ ਦੇ ਸ਼ੋ ਦੇਖਦੇ ਨੇ ਓਸਨੂੰ ਬ੍ਰਾਂਡੇਡ ਜੱਟੀ ਕਹਿ ਕਿ ਪੁਕਾਰਦੇ ਹਨ ਤੇ ਫਿਰ ਰਹੀਓ ਤਿਆਰ ਜਲਦੀ ਪਾਲੀਵੁੱਡ ਫ਼ਿਲਮਜ਼ ਵਿੱਚ ਆ ਰਹੀ ਹੈ ਰਮਨ ਗਿੱਲ। ਰਮਨ ਗਿੱਲ ਨੇ ਛੇ ਮਹੀਨਿਆਂ ਵਿੱਚ ਹੀ ਪੰਜਾਬੀ ਨਾਰੀ ਗਾਇਕੀ ਵਿੱਚ ਆਪਣੇ ਆਪ ਨੂੰ ਟੋਪ ਲਿਸਟ ਵਿੱਚ ਲਿਆਂਦਾ ਹੈ ਤੇ ਜਿਸ ਹਿਸਾਬ ਨਾਲ ਰਮਨ ਗਿੱਲ ਛਾ ਰਹੀ ਹੈ ਤੇ ਇੱਕ ਦੋ ਓਸ ਦੇ ਵੱਡੇ ਟਰੈਕ ਆ ਗਏ ਹਿੱਟ ਮਿਊਜ਼ਿਕ ਡਾਇਰੈਕਟਰ ਤੇ ਕੰਪਨੀ ਨਾਲ ਓਹ ਟੋਪ ਟੈਨ ਪੰਜਾਬੀ ਗਾਇਕਵਾਂ ਵਿੱਚ ਆ ਜਾਏਗੀ।

## ਬੰਨੀ ਸ਼ਰਮਾ ਨੇ ਕਿਹਾ ਮਲਕੀਤ ਸਿੰਘ ਦੀਆਂ ਬੋਲੀਆਂ "ਕੀ ਖਾਨੀ ਏਂ" ਸਦਾਬਹਾਰ



ਟੋਰਾਂਟੋ ਤੇ ਕਨੇਡਾ ਪੰਜਾਬੀ ਕਲਾਕਾਰ ਕੋਈ ਆਏ ਇੰਡੀਆ ਜਾਂ ਇਥੋਂ ਜਾਂ ਕਿਤੇ ਹੋਰ ਤੋਂ ਬੰਨੀ ਸ਼ਰਮਾ ਨਾਲ ਮੁਲਾਕਾਤ ਪੱਕੀ ਹੈ। ਆਖ਼ਿਰ ਪੰਜਾਬੀ ਮਿਊਜ਼ਿਕ ਇੰਡਸਟਰੀ ਦੀ ਹਸਤੀ ਨੇ ਬੰਨੀ ਸ਼ਰਮਾ ਜਿਹਨਾਂ ਟੀ ਸੀਰੀਜ਼ ਦੇ ਗੁਲਸ਼ਨ ਕੁਮਾਰ ਸਵਰਗੀ ਦੀ ਸੰਗਤ ਕੀਤੀ ਹੈ। ਇਧਰ ਗੋਲਡਨ ਸਟਾਰ ਮਲਕੀਤ ਸਿੰਘ ਨਾਲ ਓਹਨਾਂ ਦੇ ਰਿਸ਼ਤੇ ਪਰਿਵਾਰਕ ਨੇ ਤੇ ਮਲਕੀਤ ਸਿੰਘ ਨੇ ਨਵੇਂ ਟਰੈਕ ਨੂੰ ਪੰਜਾਬੀ ਬੋਲੀਆਂ ਵਾਲਾ ਬਣਾ ਦਿੱਤਾ ਜਿਹੜਾ ਡੀ ਜੇ ਤੇ ਵੱਜਣਾ ਸ਼ੁਰੂ ਹੈ। ਬੰਨੀ ਸ਼ਰਮਾ ਨੇ ਇਸ ਟਰੈਕ "ਕੀ ਖਾਨੀ ਏਂ" ਲਈ ਮਲਕੀਤ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਇੱਕ ਡੀ ਜੇ ਲਈ ਐਵਰਗਰੀਨ ਗੀਤ ਤੁਸੀਂ ਹੋਰ ਗਾ ਦਿੱਤਾ ਹੈ। ਮਲਕੀਤ ਸਿੰਘ ਨੇ ਕਿਹਾ ਆਪ ਲਿਖੀਆਂ ਇਹ ਬੋਲੀਆਂ ਲੋਕ ਬੋਲੀਆਂ ਹੀ ਬਣ ਗਈਆਂ ਨੇ ਸਮਝੋ ਤੇ ਬੰਨੀ ਸ਼ਰਮਾ ਦਾ ਧੰਨਵਾਦ ਜਿਹੜੇ ਪੰਜਾਬ ਰਹਿ ਕਿ ਵੀ ਸਰਗਰਮ ਤੇ ਟੋਰਾਂਟੋ ਵੀ ਜਿਹਨਾਂ ਆਪਣੇ ਆਪ ਨੂੰ ਪੰਜਾਬੀ ਕਲਾਕਾਰਾਂ ਦਾ ਮਨਪਸੰਦ ਪ੍ਰਮੋਟਰ ਸਥਾਪਿਤ ਕੀਤਾ ਹੈ ਤੇ ਕਨੇਡਾ ਵਿੱਚ ਪੰਜਾਬੀ ਬੋਲੀ ਦੇ ਮਿਊਜ਼ਿਕ ਨੂੰ ਉੱਚ ਮੁਕਾਮ ਦਿਵਾ ਰਹੇ ਨੇ ਸਵੀ ਹਿਮ ਦੇ ਪਿਤਾ ਬੰਨੀ ਸ਼ਰਮਾ ਤੇ ਇਸ ਸਭ ਦੀ ਪੰਜਾਬ ਬੈਠੇ ਜਰਨੈਲ ਘੁਮਾਣ ਨੂੰ ਬਹੁਤ ਖੁਸ਼ੀ ਹੁੰਦੀ ਹੈ।

## ਹਰਪਿੰਦਰ ਪਿਓਰੀ ਹੁਣ ਨਿਸ਼ਾਨਾ ਬਾਲੀਵੁੱਡ ਹੈ

ਥਰਮਲ ਪਲਾਂਟਾਂ ਲਾਗੇ ਰਹਿਣ ਵਾਲੇ ਆਖਦੇ ਨੇ ਵਿਗਿਆਨਕ ਟਾਈਪ ਹੁੰਦੇ ਨੇ ਖਾਸ ਕਰ ਇਧਰ ਕੰਮ ਕਰਨ ਵਾਲੇ ਪਰ ਹਰਪਿੰਦਰ ਪਿਓਰੀ ਉਲਟ ਓਹ ਤੇ ਕੋਮਲ ਦਿਲ ਕਲਾਕਾਰ ਨੇ ਅਭਿਨੇਤਾ ਹਨ। "ਸਿਰਨਾਵਾਂ" ਸਮੇਤ ਬਹੁਤ ਕੰਮ ਓਹਨਾਂ ਟੀਵੀ ਤੇ ਫ਼ਿਲਮ ਨਗਰੀ ਵਿੱਚ ਕੀਤਾ ਹੈ।



ਕੁੱਝ ਦੇਰ ਆਰਾਮ ਕਰਨ ਬਾਅਦ ਦੂਜੀ ਫ਼ਿਲਮ ਇੰਨਿੰਗ ਓਹਨਾਂ ਦੀ ਸ਼ੁਰੂ ਹੋਈ ਹੈ। ਸੁਭਾਅ ਦਰਿਆਦਿਲ ਤੇ ਆਦਤ ਸ਼ਾਂਤ ਹੋ ਕਿ ਐਕਟਿੰਗ ਕਰਨੀ ਤੇ ਸੈੱਟ ਤੇ ਦੂਜਿਆਂ ਤੋਂ ਸਿੱਖਣਾ ਤੇ ਹੱਸਦੇ ਖੇਡਦੇ ਰਹਿਣਾ। ਹੁਣ ਵੱਡੀ ਫ਼ਿਲਮ ਜਿਸ ਦੇ ਗੀਤ ਭੱਟੀ ਭੜੀਵਾਲਾ ਨੇ ਲਿਖੇ ਨੇ ਤੇ ਫਿਰੋਜ਼ ਖਾਨ ਨੇ ਗਾਏ ਵਿੱਚ ਓਹ ਹਨ। ਹਰਪਿੰਦਰ ਦੀ ਇਸ ਫ਼ਿਲਮ ਦਾ ਨਾਮ "ਦੂਜਾ ਰੱਬ" ਹੈ ਤੇ ਇਹ ਗੱਲ ਓਹ ਆਖਦੇ ਨੇ ਕਿ "ਦੂਜਾ ਰੱਬ" ਮੇਰੇ ਲਈ ਕਿਸਮਤਵਾਦੀ ਸੁਭਾਅ ਵੱਲ ਇਸ਼ਾਰਾ ਹੈ। ਜਯੋਤੀ ਅਰੋੜਾ ਜਿਹੀ ਨਾਇਕਾ ਤੇ ਅਮਰ ਨੂਰੀ ਨਾਲ ਕੰਮ ਮੇਰੀ ਤੇ ਹਰਪਿੰਦਰ ਪਿਓਰੀ ਆਖਦੇ ਨੇ ਕਿਸਮਤ ਉੱਘੜ ਗਈ ਹੈ। ਓਹਨਾਂ ਅਨੁਸਾਰ ਫਿਰ ਸਰਗਰਮ ਹੋ ਕਿ ਅੱਛਾ ਲੱਗਦਾ ਹੈ ਤੇ ਹੁਣ ਓਹ ਬਾਲੀਵੁੱਡ ਤੱਕ ਜਾਣਗੇ। ਰੰਗਮੰਚ ਕਲਾਕਾਰ ਹਰਪਿੰਦਰ ਨੇ ਇੱਕ ਦਿਨ ਨਾਮਵਰ ਐਕਟਰ ਬਣ ਜਾਣਾ ਹੈ ਕਿਉਂ ਕਿ ਕਿਸਮਤ ਓਸ ਨਾਲ ਹੈ ਤੇ ਐਕਟਰ ਓਹ ਲਾਜਵਾਬ ਹਨ।

## ਫੈਸ਼ਨ ਮਾਡਲ ਤੇ ਫਿਰ ਐਕਟਰ ਤੇ ਹੁਣ ਸਾਊਥ ਫ਼ਿਲਮਾਂ ਵੱਲ ਦਮਨ ਮਜੀਠੀਆ



ਗੁਰਦਾਸ ਮਾਨ ਦਾ ਗੀਤ "ਉਮਰਾਂ ਚ ਕੀ ਰੱਖਿਆ ਦਿਲ ਹੋਣਾ ਚਾਹੀਦਾ ਜਵਾਨ" ਸੱਠ ਸਾਲ ਦੇ ਦਮਨ ਮਜੀਠੀਆ ਨੇ ਸੱਚ ਕਰ ਦਿਖਾਇਆ ਹੈ ਤੇ ਖੁਸ਼ਖਬਰੀ ਹੈ ਦਮਨ ਮਜੀਠੀਆ ਲਈ ਜਿਹਨਾਂ ਨੇ ਦਿਨਾਂ ਵਿੱਚ ਹੀ ਫ਼ਿਲਮ ਨਗਰੀ ਵਿੱਚ ਆਪਣਾ ਰੁਤਬਾ ਬਣਾ ਲਿਆ ਹੈ ਤੇ ਦਿਨ ਪ੍ਰਤੀ ਦਿਨ ਓਹ ਐਕਟਿੰਗ ਜੀਵਨ ਨੂੰ ਨਿਖਾਰ ਰਹੇ ਹਨ। ਦਮਨ ਮਜੀਠੀਆ ਅੱਜ ਵੀ ਫੈਸ਼ਨ ਮਾਡਲ ਨੇ ਤੇ ਸ਼ੋ ਸਟਾਰ ਨੇ ਓਹਨਾਂ ਨੂੰ ਸਾਊਥ ਦੀ ਫ਼ਿਲਮ ਮਿਲੀ ਹੈ ਤੇ ਇਹ ਬਹੁਤ ਵੱਡੀ ਗੱਲ ਹੈ ਕਯੋਂ ਕਿ ਬਹੁਤ ਹੀ ਘੱਟ ਸਮੇਂ ਵਿੱਚ ਦਮਨ ਮਜੀਠੀਆ ਨੇ ਵੀਡੀਓ ਗਾਣੇ ਕਰ ਕਿ ਫ਼ਿਲਮਜ਼ ਤੇ ਵੈੱਬ ਸੀਰੀਜ਼ ਵਿੱਚ ਕੰਮ ਕਰਨਾ ਜ਼ਾਰੀ ਰੱਖਿਆ ਹੈ। ਬਿਨ ਕਿਸੇ ਫ਼ਿਲਮ ਬੈਕਗ੍ਰਾਉਂਡ ਤੇ ਪੰਜਾਹ ਤੋ ਉੱਪਰ ਉਮਰ ਵਿੱਚ ਜਿਸ ਤਰਾਂ ਦਮਨ ਮਜੀਠੀਆ ਤਰੱਕੀ ਕਰ ਰਹੇ ਨੇ ਲੱਗਦਾ ਓਹ ਸਾਊਥ ਸਟਾਰ ਅਜਿਥ ਕੁਮਾਰ ਦੀ ਤਰਾਂ ਨਾਮਵਰ ਹੋਣਗੇ। ਦਮਨ ਮਜੀਠੀਆ ਨੇ ਸਾਊਥ ਤੋਂ ਇੱਕ ਕਾਨਫਰੰਸ ਕਾਲ ਦੌਰਾਨ ਕਿਹਾ ਕਿ ਸਾਊਥ ਅੱਜ ਵਿਸ਼ਵ ਸਿਨੇਮਾ ਵਿੱਚ ਟੋਪ ਤੇ ਹੈ ਤੇ ਹਰੇਕ ਦੀ ਖਾਹਿਸ਼ ਅੱਗੇ ਬਾਲੀਵੁੱਡ ਫ਼ਿਲਮ ਕਰਨ ਦੀ ਹੁੰਦੀ ਏ ਤੇ ਅੱਜ ਕਲ ਸਾਊਥ ਫ਼ਿਲਮਾਂ ਲਈ ਹਰੇਕ ਚਾਹਤ ਰੱਖਦਾ ਹੈ। ਦਮਨ ਮਜੀਠੀਆ ਨੇ ਕਿਹਾ ਕਿ ਇਹ ਦੀਵਾਲੀ ਦਾ ਓਹਨਾਂ ਲਈ ਅਨਮੋਲ ਤੋਹਫ਼ਾ ਹੈ ਤੇ ਓਹਨਾਂ ਲਈ ਹੀ ਨਹੀਂ ਬਲ ਕਿ ਪੰਜਾਬੀ ਫ਼ਿਲਮਾਂ ਦੀ ਨਗਰੀ ਲਈ ਵੀ ਮਾਣ ਵਾਲੀ ਗੱਲ ਹੈ। ਦਮਨ ਮਜੀਠੀਆ ਨੇ ਕਿਹਾ ਕਿ ਓਹ ਜਲਦੀ ਹੀ ਸਾਊਥ ਦੀ ਫ਼ਿਲਮ ਬਾਬਤ ਆਪਣੇ ਵੱਲੋਂ ਪ੍ਰੈਸ ਮੀਡੀਆ ਨਾਲ ਮਿਲਣੀ ਕਰ ਵੇਰਵੇ ਦੇਣਗੇ। ਇਸ ਵੇਲੇ ਦਮਨ ਮਜੀਠੀਆ ਦੀ ਵੈੱਬ ਫ਼ਿਲਮ "ਪੌੜੀ" ਚੌਂਪਾਲ ਟੀਵੀ ਤੇ ਆਓਣ ਲਈ ਤਿਆਰ ਹੈ।? ਖਿਡਾਰਨ ਨੈਸ਼ਨਲ ਪੱਧਰ ਦੀ ਹਾਂ ਤਾਂ ਐਕਟ੍ਰੈਸ ਵੀ ਨੈਸ਼ਨਲ ਪੱਧਰ ਦੀ ਬਣੂੰ

## ਅਮਨਦੀਪ ਕੌਰ



ਨਾਭੇ ਦੀ ਜੱਟੀ ਤੇ ਹੁਸਨ ਦੀ ਹੱਟੀ ਅਮਨਦੀਪ ਕੌਰ, ਵਾਲੀਵਾਲ ਦੀ ਨੈਸ਼ਨਲ ਪੱਧਰ ਦੀ ਖਿਡਾਰਨ, ਕੋਚ ਅੰਤਰ ਰਾਸ਼ਟਰੀ ਪੱਧਰ ਤੇ ਨਾਂ ਕਿਉਂ ਕਿ ਅਮਨਦੀਪ ਦੀ ਟਰੇਂਡ ਕੀਤੀ ਹਰਜਿੰਦਰ ਕੌਰ ਕਾਮਨਵੈਲਥ ਖੇਡਾਂ ਵਿੱਚ ਚਾਂਦੀ ਤਮਗਾ ਜਿੱਤ ਗਈ ਹਾਲਾਂ ਕਿ ਪੰਜਾਬ ਸਰਕਾਰ ਨੂੰ ਸਿੱਖਿਆ ਵਿਭਾਗ ਤੇ ਪਟਿਆਲਾ ਪ੍ਰਸਾਸ਼ਨ ਨੇ ਸੂਚਿਤ ਨਹੀਂ ਕੀਤਾ ਕਿ ਐਡੇ ਵੱਡੇ ਖਿਡਾਰੀ ਪੈਦਾ ਕਰਨ ਵਾਲੀ ਅਮਨਦੀਪ ਕੌਰ ਵੀ ਸਨਮਾਨ ਦੀ ਹੱਕਦਾਰ ਹੈ। ਖੈਰ ਅਮਨਦੀਪ ਕੌਰ ਹੁਣ ਐਕਟਿੰਗ ਖੇਤਰ ਵਿਚ ਵੀ ਖ਼ੂਬ ਚਰਚਿਤ ਹੈ ਤੇ ਹਰਬੀਰ ਢੀਂਡਸਾ ਓਸ ਨੂੰ ਤਕਰੀਬਨ ਆਪਣੀ ਹਰ ਫ਼ਿਲਮ ਵਿੱਚ ਮੌਕਾ ਦੇ ਰਹੇ ਨੇ ਤੇ "ਪਿੰਡ ਦੀ ਕੁੜੀ" ਵਿੱਚ ਅਮਨ ਛਾ ਚੁੱਕੀ ਹੈ। ਅਮਨਦੀਪ ਕੌਰ ਸੁਭਾਅ ਦੂਜਿਆਂ ਦਾ ਭਲਾ, ਦਿਲ ਦਰਿਆ ਤੇ ਅਮਨਦੀਪ ਕੌਰ ਆਖਦੀ ਕਿ ਓਹ ਵੱਡੀਆਂ ਵੱਡੀਆਂ ਪੰਜਾਬੀ ਫ਼ਿਲਮਾਂ ਕਰਦੀ ਇੱਕ ਦਿਨ ਬਾਲੀਵੁੱਡ ਪਹੁੰਚ ਜਾਏਗੀ ਤੇ ਖੇਡਾਂ ਨਾਲ ਪਿਆਰ ਤਾਂ ਉਮਰਾਂ ਉਮਰਾਂ ਦਾ ਹੈ। ਹਰਬੀਰ ਸਿੰਘ ਢੀਂਡਸਾ ਅਮਨਦੀਪ ਕੌਰ ਨੂੰ ਨਾਮਵਰ ਐਕਟ੍ਰੈਸ ਬਣਾ ਸਕਦੇ ਨੇ ਤੇ ਬਾਲੀਵੁੱਡ ਵਿੱਚ ਅਮਨਦੀਪ ਕੌਰ ਲਈ ਰਾਹ ਲੱਭਣਾ ਸੌਖਾ ਕਰ ਸਕਦੇ ਹਨ।

-ਅੰਮ੍ਰਿਤ ਪਵਾਰ